Sri Guru Granth Sahib

ENGLISH & PUNJABI TRANSLATION

VOL.3

Publisher :

Shiromani Gurdwara Parbandhak Committee,

Amritsar

130/-

ੴ

SRI GURU GRANTH SAHIB

(English & Panjabi Translation)

Vol. 8

Translated by

MANMOHAN SINGH

SHIROMANI GURDWARA PARBANDHAK COMMITTEE, AMRITSAR

ALL RIGHTS RESERVED BY
THE SHIROMANI GURDWARA PARBANDHAK COMMITTEE, AMRITSAR.

No part of this book excluding the Original Gurbani may be reproduced in any form without permission in writing from the Shiromani Gurdwara Parbandhak Committee, except by a reviewer who wishes to quote brief passages in connection with a review.

August 2006 5000

Distributed in India and abroad by
The Shiromani Gurdwara Parbandhak Committee,
Teja Singh Samundari Hall, Golden Temple.
AMRITSAR.

PRINTED IN INDIA

Printed at:
Golden Offset Press (S.G.P.C.),
Gurdwara Sri Ramsar Sahib, Amritsar.

Dedicated

to my beloved wife

Sardarni Ajaib Kaur

through whose encouragement and service,

this Divine work

is accomplished.

ਤਤਕਰਾ CONTENTS
ਤੀਜੀ ਪੋਥੀ 3rd Volume

ਬਾਣੀ	ਪੰਜਾਬੀ	English	ਪੰਨਾ ਬੀੜ ੧੪੩੦ ਸਫੇ	Page Translation
ਰਾਗੁ ਆਸਾ	ਰਾਗੁ ਆਸਾ	Asa measure	੩੯੭	1157
ਅਸਟਪਦੀਆ	ਅਸਟਪਦੀਆ	Ashtpadis	੪੧੧	1362
ਬਿਰਹੜੇ	ਬਿਰਹੜੇ	Birharas	੪੩੧	1423
ਆਸਾ ਮਹਲਾ ੧ ਪੱਟੀ	ਪੱਟੀ ਪਹਿਲੀ ਪਾਤਿਸ਼ਾਹੀ	Patti Ist Guru	੪੩੨	1425
ਆਸਾ ਮਹਲਾ ੩ ਪੱਟੀ	ਪੱਟੀ ਤੀਜੀ ਪਾਤਿਸ਼ਾਹੀ	Patti 3rd Guru	੪੩੪	1433
ਛੰਤ	ਛੰਤ	Chhant	੪੩੫	1436
ਆਸਾ ਮਹਲਾ ੧ ਵਾਰ	ਆਸਾ ਦੀ ਵਾਰ ਪਹਿਲੀ ਪਾਤਿਸ਼ਾਹੀ	Asa-di-Var Ist Guru	੪੬੨	1525
ਬਾਣੀ ਭਗਤਾਂ ਕੀ	ਭਗਤਾਂ ਦੀ ਬਾਣੀ	The word of the saints	੪੭੪	1570
ਰਾਗੁ ਗੂਜਰੀ	ਗੂਜਰੀ ਰਾਗੁ	Gujri measure	੪੮੯	1614
ਅਸਟਪਦੀਆਂ	ਅਸਟਪਦੀਆਂ	Ashtapadis	੫੦੨	1657
ਗੂਜਰੀ ਕੀ ਵਾਰ ਮਹਲਾ ੩	ਵਾਰ ਗੂਜਰੀ ਤੀਜੀ ਪਾਤਿਸ਼ਾਹੀ	Var Gujri 3rd Guru	੫੦੮	1675
ਗੂਜਰੀ ਕੀ ਵਾਰ ਮਹਲਾ ੫	ਵਾਰ ਗੂਜਰੀ ਪੰਜਵੀਂ ਪਾਤਿਸ਼ਾਹੀ	Var Gujri 5th Guru	੫੧੭	1705
ਬਾਣੀ ਭਗਤਾਂ ਕੀ	ਭਗਤਾਂ ਕੀ ਬਾਣੀ	The word of the saints	੫੨੪	1729
ਰਾਗੁ ਦੇਵਗੰਧਾਰੀ	ਰਾਗੁ ਦੇਵਗੰਧਾਰੀ	Dev Gandhari measure	੫੨੭	1737

PREFACE

In the wake of partition of the country in 1947, the Divine Guru ingrained in me the intuition of translating Sri Guru Granth Sahib into English and Panjabi so that the meaning of each word in the text may be found in the versions concerned.

However, the actual work of translation was commenced at Nabha, where I was then staying as a refugee from Lyallpur, at 1 P.M. on 12. 4. 1948, the birthday of Khalsa Panth. The relevant hymn of the time from the Holi Sri Guru Granth Sahib reads as :

ਸਾਰਗ ਮਹਲਾ ੫ ॥

ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ ॥
ਪੇਖਿ ਆਇਓ ਸਰਬ ਥਾਨ ਦੇਸ ਪ੍ਰਿਅ ਰੋਮ ਨ ਸਮਸਰਿ ਲਾਗੈ ॥ ੧ ॥ ਰਹਾਉ ॥
ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ ॥
ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ ਲੋਭਾਂਗੈ ॥ ੧ ॥
ਗੁਣ ਨਿਧਾਨ ਮਨਮੋਹਨ ਲਾਲਨ ਸੁਖਦਾਈ ਸਰਬਾਂਗੈ ॥
ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥੨॥੫॥੨੮॥
(ਪੰਨਾ ੧੨੦੯)

By the Guru's Grace the entire work of translation was fully completed at 8 A.M. on 8.8. 1960, at Patiala and the order of the time from Sri Guru Granth Sahib reads as :

ਸੂਹੀ ਮਹਲਾ ੫ ॥

ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ ॥
ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ ॥ ੧ ॥ ਰਹਾਉ ॥
ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥
ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥ ੧ ॥
ਕਰਹੁ ਕ੍ਰਿਪਾ ਕਰੁਣਾਪਤੇ ਤੇਰੋ ਹਰਿ ਗੁਣ ਗਾਉ ॥
ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥ ੨ ॥ ੩ ॥ ੪੩ ॥
(ਪੰਨਾ ੭੪੫)

Thenceforth the revision of the manuscript has been taken in hand and I am doing my best to complete it at the earliest.

I have not adhered to the interpretation in conformity with the grammatical rules, or the principles enunciated in *Shabdarath*, but have taken the simpler view in harmony with Sikh faith and tenets. It is a single-handed effort and attempt with no extraneous financial or scholarly help from any quarter. Prior to commencing the printing of the first volume at the Manjit Printing and Publishing Co., Patiala, on 12.1.62, the auspicious occasion of the birthday of the Tenth Guru Gobind Singh, the blessings of Guru Teg Bahadar were invoked by means of an *Ardasa* at Gurdwara Dukhniwarn Sahib, Patiala for the success of the mission. The entire work shall be printed in eight volumes, covering about five thousand pages of the size and pattern of first volume which has already been got printed by me.

To facilitate the understanding of translation, the following points may kindly be borne in mind.

(i) To know the meaning of a particular word in the text, the corresponding numbers in English and Panjabi versions may be seen.

(ii) In case of compound words the number precedes the first part and succeeds the second one.

(iii) The corresponding numbers in the columns are at the end of the word or words concerned.

(iv) To make full sense, read either the words in the first pair or in the second pair of brackets. The words in the second pair denote the literal meaning.

(v) The sole number shown within dots in a line of text denotes the page of the edition of Sri Guru Granth Sahib having 1430 pages.

My endeavour, throughout, has been to be very faithful to the text and to avoid unnecessary dilations.

At my request made in May 1962, the Shiromani Gurdwara Parbandhak Committee, Amritsar has very kindly consented to print and sell all the eight volumes of this translation of Sri Guru Granth Sahib, at no prafit no loss basis, vide its resolution No. 596 of 30. 5. 1962. I take this opportunity to thank the S.G.P.C. heartily for the same and agree to the terms of aforesaid resolution with respectful feelings of indebtedness.

This rendering makes available to the S.G.P.C. the word for word version of the text into Panjabi and English. It is possible now to translate the text specially from English into Urdu, Hindi and other foreign languages. I earnestly beseech the S.G.P.C. to move in this direction as well, by securing the services of suitable persons and thereby earn the blessings of the Great Guru by propagating His faith and mission.

During this stupendous task I have mainiy consulted the following books and treatises, with whose help and guidance I have succeeded in my undertaking :

(i) The Sikh religion by Max Arthur Macauliffe.
(ii) Teeka of Sri Guru Granth Sahib (Faridkot).
(iii) Teeka Sri Guru Granth Sahib by Bhai Bishan Singh Gyani.
(iv) Shabd Ratnakar by Bhai Kahan Singh ji Nabha.
(v) Sri Guru Granth Kosh.
(vi) Sri Guru Bani Parkash.
(vii) English version of Sri Guru Granth Sahib by Dr. Gopal Singh (At revision stage only).
(viii) Dictionaries of various languages and descriptions.

Detailed information about the following would be printed in the 8th volume of this work,

(i) Glossary of technicel terms employed in the Sri Guru Granth Sahib.
(ii) Miscellaneous information.
(iii) Table of Contents and Index,
(iv) Addendum and Corrigendum.

By means of an *Ardasa* at the Golden Temple (Sri Harimandar Sahib) Amritsar at 12-00 Noon on 8.8.1962, I made humble offering of the first volume printed and other relevant records and papers unto the Great Guru and handed over the same to the S.G.P.C., as it is the only representative body of the Panth. May the Divine Guru grant it the power to accomplish the task it has taken upon itself.

Blessed, blessed is the Lord Guru who has very mercifully bestowed this unique service unto me, a meritless slave of His.

Village & P.O. Mohi,
District Ludhiana,
and
Village & P.O. Bhadaur,
District Sangrur.

MANMOHAN SINGH
Advocate,
Kothi No. 21, Sector 11-A,
Chandigarh.
December 31, 1964.

ACKNOWLEDGEMENT

It is my pleasure to record my gratitude to various persons for their generous spirit and wholehearted co-operation in reading the manuscripts.

M. S.

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

There is but one God. True is His Name, Creative and All-pervading His personality and Immortal His Form. He is without fear, without enmity, Unborn and Self-illumined. By the grace of the Guru He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚਾ ਹੈ ਉਸ ਦਾ ਨਾਮ, ਰਚਣਹਾਰ ਤੇ ਸਰਬ-ਬਿਆਪੀ ਉਸ ਦੀ ਵਿਅਕਤੀ ਅਤੇ ਅਵਿਨਾਸ਼ੀ ਉਸ ਦਾ ਸਰੂਪ। ਉਹ ਨਿੱਡਰ, ਕੀਨਾ-ਰਹਿਤ, ਅਜਨਮ ਅਤੇ ਸਵੈ-ਪਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।

ਰਾਗੁ ਆਸਾ ਮਹਲਾ ੧ ਘਰੁ ੧ ਸੋਦਰੁ ॥

Asa Measure, 1st Guru.
Sodar.

ਰਾਗ ਆਸਾ, ਪਹਿਲੀ ਪਾਤਸ਼ਾਹੀ।
ਸੋਦਰ।

ਸੋਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥

How like is that gate and how the mansion, sitting where-in, Thou takest care of all, O Lord.

ਉਹ ਦਰਵਾਜ਼ਾ ਕੇਹੋ ਜੇਹਾ ਹੈ ਅਤੇ ਉਹ ਮੰਦਰ ਕੈਸਾ, ਜਿਸ ਵਿਚ ਬੈਠ ਕੇ ਤੂੰ ਸਾਰਿਆਂ ਦੀ ਸੰਭਾਲ ਕਰਦਾ ਹੈਂ, ਹੇ ਸਾਂਈ!

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥

Countless musical instruments, of various types, resound there, and numerous there are the musicians.

ਬਹੁਤੀਆਂ ਕਿਸਮਾਂ ਦੇ ਅਣਗਿਣਤ ਸੰਗੀਤਕ ਸਾਜ਼ ਉਥੇ ਗੂੰਜਦੇ ਹਨ ਅਤੇ ਅਨੇਕਾਂ ਹੀ ਹਨ ਉਥੇ ਰਾਗ ਕਰਨ ਵਾਲੇ।

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥

Good many measures with their consorts, and good many minstrels hymn Thee.

ਅਨੇਕਾਂ ਤਰਾਨੇ ਆਪਣੀਆਂ ਰਾਗਣੀਆਂ ਸਮੇਤ ਤੇ ਅਨੇਕਾਂ ਹੀ ਰਾਗੀ ਤੇਰਾ ਜੱਸ ਗਾਉਂਦੇ ਹਨ।

ਗਾਵਨਿ ਤੁਧ ਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ ॥

Sing Thee the wind, the water and the fire, and the Righteous justice sings Thine praises at Thy door.

ਗਾਉਂਦੇ ਹਨ ਤੈਨੂੰ ਹਵਾ, ਜੱਲ, ਅੱਗ। ਅਤੇ ਧਰਮ ਰਾਜਾ ਤੇਰੇ ਬੂਹੇ ਉਤੇ ਤੇਰੀ ਕੀਰਤੀ ਗਾਇਨ ਕਰਦਾ ਹੈ।

ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥

Chitar Gupat, the recording angles, who know how to write and on the basis of whose scribed writ, the Righteous judge adjudicates, hymn Thee.

ਲਿਖਣ ਵਾਲੇ ਫ਼ਰਿਸ਼ਤੇ ਚਿਤ੍ਰ ਗੁਪਤ, ਜੋ ਲਿਖਣਾ ਜਾਣਦੇ ਹਨ ਅਤੇ ਜਿਨ੍ਹਾਂ ਦੀ ਲਿਖੀ ਹੋਈ ਲਿਖਤ ਦੇ ਅਧਾਰ ਉੱਤੇ ਧਰਮ ਰਾਜ ਨਿਆਇ ਕਰਦਾ ਹੈ, ਤੇਰਾ ਜੱਸ ਗਾਇਨ ਕਰਦੇ ਹਨ।

ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥

Shiva, Brahma and goddess, ever beautiful and adorned by Thee, hymn Thee.

ਤੇਰੇ ਸ਼ਿੰਗਾਰੇ ਹੋਏ ਸਦੀਵੀ ਸੁੰਦਰ ਮਹਾਂਦੇਉ, ਬਰਮਾ ਅਤੇ ਭਵਾਨੀ, ਤੈਨੂੰ ਗਾਇਨ ਕਰਦੇ ਹਨ।

ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥

Indras seated on their thrones, with the deities, at Thy gate, sing Thee.

ਆਪਣੇ ਤਖ਼ਤ ਉੱਤੇ ਬੈਠਾ ਹੋਇਆ ਇੰਦ੍ਰ, ਤੇਰੇ ਦਰਵਾਜ਼ੇ ਉੱਤੇ ਸੁਰਾਂ ਸਮੇਤ ਤੈਨੂੰ ਗਾਉਂਦਾ ਹੈ।

ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥

In their meditative mood, the perfect persons sing of Thee, and the saints, in their contemplation, sing as well.

ਆਪਣੀ ਧਿਆਨ ਅਵਸਥਾ ਅੰਦਰ ਪੂਰਨ ਪੁਰਸ਼ ਤੈਨੂੰ ਗਾਇਨ ਕਰਦੇ ਹਨ ਅਤੇ ਸੰਤ ਆਪਣੀ ਦਿਰਦ੍ਰਿਸ਼ਟੀ ਅੰਦਰ ਭੀ ਤੈਨੂੰ ਹੀ ਗਾਉਂਦੇ ਹਨ।

ਗਾਵਨ੍ਹਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥	The continent, the true and the patient sing Thine praises and the dauntless warriors hymn Thee.	ਕਾਮ ਚੇਸ਼ਟਾ ਰਹਿਤ, ਸੱਚੇ ਅਤੇ ਸੰਤੁਸ਼ਟ ਪੁਰਸ਼ ਤੇਰਾ ਜੱਸ ਗਾਉਂਦੇ ਹਨ ਅਤੇ ਨਿਧੜਕ ਯੋਧੇ ਤੇਰੀ ਹੀ ਪਰਸੰਸਾ ਕਰਦੇ ਹਨ ।
ਗਾਵਨ੍ਹਿ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ ॥	The scholars, the readers of the Vedas of all the ages, together with the (seven) supreme sages, exalt Thee.	ਸਾਰਿਆਂ ਯੁੱਗਾਂ ਦੇ ਵੇਦਾਂ ਨੂੰ ਵਾਚਣ ਵਾਲੇ, ਵਿਦਵਾਨ, ਸਮੇਤ (ਸੱਤੇ) ਸ੍ਰੋਮਣੀ ਰਿਸ਼ੀਆਂ ਦੇ, ਤੇਰੀ ਪਰਸੰਸਾ ਕਰਦੇ ਹਨ ।
ਗਾਵਨ੍ਹਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥	The captivating she-seraphs, who beguile the heart in paradise, this world and the nether regions, sing Thee.	ਮੋਹਤ ਕਰ ਲੈਣ ਵਾਲੀਆਂ ਪਰੀਆਂ, ਜੋ ਬਹਿਸ਼ਤ, ਇਸ ਲੋਕ ਅਤੇ ਪਾਤਾਲ ਅੰਦਰ ਦਿਲ ਨੂੰ ਛਲ ਲੈਂਦੀਆਂ ਹਨ, ਤੈਨੂੰ ਹੀ ਗਾਉਂਦੀਆ ਹਨ ।
ਗਾਵਨ੍ਹਿ ਤੁਧਨੋ ਰਤਨ ਉਪਾਏ ਤੇਰੇ ਜੇਤੇ ਅਠਸਠਿ ਤੀਰਥ ਨਾਲੇ ॥	The fourteen invaluable articles, created by Thee with sixty eight places of pilgrimage, hymn Thee.	ਤੇਰੇ ਰਚੇ ਹੋਏ ਚੌਦਾਂ ਅਮੋਲਕ ਪਦਾਰਥ, ਅਠਾਹਟ ਯਾਤ੍ਰਾ ਅਸਥਾਨਾਂ (ਤੀਰਥਾਂ) ਸਮੇਤ, ਤੇਰੀ ਕੀਰਤੀ ਕਰਦੇ ਹਨ ।
ਗਾਵਨ੍ਹਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥	The Supremely mighty warriors and Divine heroes sing Thee and the four sources of creation magnify Thee.	ਪਰਮ ਬਲਵਾਨ ਯੋਧੇ ਅਤੇ ਈਸ਼ਵਰੀ ਸੂਰਮੇ ਤੈਨੂੰ ਗਾਉਂਦੇ ਹਨ ਅਤੇ ਚਾਰੇ ਹੀ ਉਤਪਤੀ ਦੇ ਮੰਬੇ (ਸੋਮੇ) ਤੈਨੂੰ ਸਲਾਹੁੰਦੇ ਹਨ ।
ਗਾਵਨ੍ਹਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥	The continents, the worlds and the solar systems, created and installed by Thee, chant Thine glories.	ਤੇਰੇ ਹੱਥਾਂ ਦੇ ਰਚੇ ਅਤੇ ਅਸਥਾਪਨ ਕੀਤੇ ਹੋਏ ਬੱਰਿਆਜ਼ਮ, ਸੰਸਾਰ ਅਤੇ ਸੂਰਜ-ਬੰਧਾਨ ਤੇਰੀਆਂ ਹੀ ਬਜ਼ੁਰਗੀਆਂ ਅਲਾਪਦੇ ਹਨ ।
ਸੇਈ ਤੁਧਨੋ ਗਾਵਨ੍ਹਿ ਜੋ ਤੁਧੁ ਭਾਵਨ੍ਹਿ ਰਤੇ ਤੇਰੇ ਭਗਤ ਰਸਾਲੇ ॥	Thine saints, who are pleasing to Thee and who are steeped in the Name, the home of Nectar, also eulogise Thee.	ਤੈਂਡੇ ਸਾਧੂ, ਜਿਹੜੇ ਤੈਨੂੰ ਚੰਗੇ ਲਗਦੇ ਹਨ ਅਤੇ ਜੋ ਅੰਮ੍ਰਿਤ ਦੇ ਘਰ, ਤੇਰੇ ਨਾਮ, ਅੰਦਰ ਰੰਗੀਜੇ ਹਨ, ਉਹ ਭੀ ਤੈਨੂੰ ਸਲਾਹੁੰਦੇ ਹਨ ।
ਹੋਰਿ ਕੇਤੇ ਤੁਧਨੋ ਗਾਵਨ੍ਹਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥	Many others, whom I cannot recollect within my mind, sing Thee. How can Nanak think of them ?	ਹੋਰ ਬਹੁਤੇਰੇ ਜਿਨ੍ਹਾਂ ਨੂੰ ਮੈਂ ਆਪਣੇ ਮਨ ਅੰਦਰ ਚਿਤਵਨ ਨਹੀਂ ਕਰ ਸਕਦਾ, ਤੈਨੂੰ ਗਾਉਂਦੇ ਹਨ । ਨਾਨਕ ਉਨ੍ਹਾਂ ਦਾ ਕਿਸ ਤਰ੍ਹਾਂ ਖਿਆਲ ਕਰ ਸਕਦਾ ਹੈ ?
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥	That, that Lord is ever true. He is true and true is His Name.	ਉਹ, ਉਹ ਸ੍ਵਾਮੀ ਸਦੀਵ ਹੀ ਸੱਚਾ ਹੈ । ਉਹ ਸੱਤ ਹੈ, ਅਤੇ ਸੱਤ ਹੈ ਉਸ ਦਾ ਨਾਮ ।
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥	He, who created the creation, is and shall also be. He shall not depart when the creation shall disappear or depart.	ਜਿਸ ਨੇ ਸਿਸ਼ਟੀ ਸਾਜੀ ਹੈ, ਉਹ ਹੈ ਅਤੇ ਹੋਵੇਗਾ ਭੀ । ਜਦ ਸ੍ਰਿਸ਼ਟੀ ਅਲੋਪ ਹੋਊਗੀ ਜਾਂ ਜਾਊਗੀ, ਉਹ ਨਹੀਂ ਜਾਵੇਗਾ ।
ਰੰਗੀ ਰੰਗੀ ਭਾਤੀ	God, who fashioned the world has	ਵਾਹਿਗੁਰੂ, ਜਿਸ ਨੇ ਸੰਸਾਰ ਸਾਜਿਆ ਹੈ, ਨੇ ਮੁਖ਼ਤਲਿਫ਼

ਜਿਨਸੀ ਮਾਇਆ ਜਿਨਿ ਉਪਾਈ ॥	by diverse contrivances created the creation of various colours and kinds.	ਤਰੀਕਿਆਂ ਦੁਆਰਾ ਅਨੇਕਾਂ ਰੰਗਤਾਂ ਅਤੇ ਕਿਸਮਾਂ ਦੀ ਰਚਨਾ ਰਚੀ ਹੈ।
ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸਦੀ ਵਡਿਆਈ ॥	Having created the creation, He, as it pleases His honour, beholds His handi-work.	ਰਚਨਾ ਨੂੰ ਰਚ ਕੇ ਉਹ, ਜਿਸ ਤਰ੍ਹਾਂ ਉਸ ਮਹਾਰਾਜ ਨੂੰ ਚੰਗਾ ਲਗਦਾ ਹੈ, ਆਪਣੀ ਕੀਤੀ ਹੋਈ ਕਾਰੀਗਰੀ ਨੂੰ ਦੇਖਦਾ ਹੈ।
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥	Whatever pleases Him, He does that. To Him, no one can issue an order.	ਜਿਹੜਾ ਕੁੱਛ ਉਸ ਨੂੰ ਭਾਉਂਦਾ ਹੈ, ਉਹੀ ਉਹ ਕਰਦਾ ਹੈ। ਕੋਈ ਜਣਾ ਉਸ ਨੂੰ ਫ਼ਰਮਾਨ ਜਾਰੀ ਨਹੀਂ ਕਰ ਸਕਦਾ।
੩੪੮		
ਸੋ ਪਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ ॥੧॥੧॥	He is the King, the Emperor of kings. O Nanak! It behoves to remain subject to His will.	ਉਹ ਰਾਜਾ ਹੈ, ਰਾਜਿਆਂ ਦਾ ਮਹਾਰਾਜਾ। ਹੇ ਨਾਨਕ! ਉਸ ਦੀ ਰਜ਼ਾ ਦੇ ਤਾਬੇ ਰਹਿਣਾ ਬਣਦਾ ਹੈ।
ਆਸਾ ਮਹਲਾ ੪ ॥	Asa Measure, 4th Guru	ਰਾਗ ਆਸਾ, ਚਉਥੀ ਪਾਤਸ਼ਾਹੀ।
ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥	That Lord is pure. Lord God is sans stain. God is unapproachable, unintelligible (unfathomable) and unrivalled.	ਉਹ ਸੁਆਮੀ ਪਵਿੱਤ੍ਰ ਹੈ। ਵਾਹਿਗੁਰੂ ਸੁਆਮੀ ਬੇ-ਦਾਗ਼ (ਮਾਇਆ ਤੋਂ ਅਲੇਪ) ਹੈ। ਵਾਹਿਗੁਰੂ ਪਹੁੰਚ ਤੋਂ ਪਰੇ, ਸੋਚ ਸਮਝ ਤੋਂ ਉਚੇਰਾ ਅਤੇ ਲਾਸਾਨੀ ਹੈ।
ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥	All meditate, all meditate on Thee, O Reverend God, the True Creator.	ਸਾਰੇ ਸਿਮਰਨ ਕਰਦੇ ਹਨ, ਸਾਰੇ ਸਿਮਰਨ ਕਰਦੇ ਹਨ, ਤੇਰਾ ਹੇ ਮਾਣਨੀਯ ਵਾਹਿਗੁਰੂ ਸਚੇ ਕਰਤਾਰ!
ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥	All the creatures are Thine and Thou art the Donor of the living beings.	ਸਮੂਹ ਜੀਵ ਜੰਤੂ ਤੈਂਡੇ ਹਨ। ਤੂੰ ਪ੍ਰਾਣਧਾਰੀਆਂ ਦਾ ਦਾਤਾ ਹੈਂ।
ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣ ਹਾਰਾ ॥	O ye saints, meditate on God, the Dispeller of all the distresses.	ਤੁਸੀਂ ਹੇ ਸਾਧੂਓ! ਵਾਹਿਗੁਰੂ ਦਾ ਸਿਮਰਨ ਕਰੋ, ਜੋ ਸਮੂਹ ਦੁਖੜਿਆਂ ਨੂੰ ਦੂਰ ਕਰਨ ਵਾਲਾ ਹੈ।
ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧॥	God Himself is the Lord and Himself the servant. How insignificant the man is, O Nanak!	ਵਾਹਿਗੁਰੂ ਖ਼ੁਦ ਸੁਆਮੀ ਹੈ ਅਤੇ ਖ਼ੁਦ ਹੀ ਟਹਿਲੂਆ, ਇਨਸਾਨ ਕਿੰਨਾ ਨਾਚੀਜ਼ ਹੈ, ਹੇ ਨਾਨਕ!
ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥	Thou, O Venerable and Unique Lord (God), art uninterruptedly contained in all the hearts and everything.	ਤੂੰ, ਹੇ ਪੂਜਯ, ਅਤੇ ਅਦੁੱਤੀ ਵਾਹਿਗੁਰੂ ਸੁਆਮੀ, ਸਾਰਿਆਂ ਦਿਲਾਂ ਤੇ ਹਰ ਇਕਸ ਅੰਦਰ ਇਕਰਸ ਸਮਾਇਆ ਹੋਇਆ ਹੈਂ।
ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥	Some are the givers and some the mumpers. All these are Thine wonderful plays (ways of working).	ਕਈ ਸਖ਼ੀ ਹਨ ਅਤੇ ਕਈ ਮੰਗਤੇ। ਇਹ ਸਾਰੀਆਂ ਤੇਰੀਆਂ ਅਸਚਰਜ ਖੇਡਾਂ ਹਨ।

ਤੂੰ ਆਪੇ ਦਾਤਾ ਆਪੇ ਭੁਗਤਾ ਹਉ ਤੁਧੁ ਬਿਨੁ ਅਵਰੁ ਨ ਜਾਣਾ ॥	Thou Thyself art the Giver and Thyself the Enjoyer. Beside Thee, I know of none other.	ਤੂੰ ਆਪੇ ਹੀ ਦੇਣ ਵਾਲਾ ਹੈਂ ਅਤੇ ਆਪ ਹੀ ਭੋਗਣ ਵਾਲਾ । ਤੇਰੇ ਬਗੈਰ ਮੈਂ ਹੋਰ ਕਿਸੇ ਨੂੰ ਨਹੀਂ ਜਾਣਦਾ ।
ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥	Thou art the infinite and limitless Supreme Lord. What excellences of Thine should I narrate and recount ?	ਤੂੰ ਅਨੰਤ ਅਤੇ ਬੇ-ਓੜਕ ਸ਼ਰੋਮਣੀ ਸਾਹਿਬ ਹੈਂ । ਤੇਰੀਆਂ ਕਿਹੜੀਆਂ ਕਿਹੜੀਆਂ ਉਤਕ੍ਰਿਸ਼ਟਤਾਈਆਂ ਮੈਂ ਵਰਨਣ ਤੇ ਬਿਆਨ ਕਰਾਂ ।
ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ੍ ਕੁਰਬਾਣਾ ॥੨॥	Serf Nanak is a sacrifice unto those, who serve, who serve Thee, O Sire Lord.	ਨਫ਼ਰ ਨਾਮਕ ਉਨ੍ਹਾਂ ਉਤੋਂ ਬਲਿਹਾਰਨੇ ਜਾਂਦਾ ਹੈ, ਜਿਹੜੇ, ਹੇ ਸੁਆਮੀ ਮਹਾਰਾਜ, ਤੇਰੀ ਟਹਿਲ ਤੇ ਘਾਲ ਕਮਾਉਂਦੇ ਹਨ ।
ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖ ਵਾਸੀ ॥	Those who deliberate and ponder over Thee, O Sire Lord, those persons abide in peace in this world.	ਹੇ ਸੁਆਮੀ ਮਹਾਰਾਜ ! ਜੋ ਤੇਰਾ ਆਰਾਧਨ ਤੇ ਸਿਮਰਨ ਕਰਦੇ ਹਨ, ਉਹ ਪੁਰਸ਼ ਇਸ ਜਹਾਨ ਅੰਦਰ ਆਰਾਮ ਨਾਲ ਵਸਦੇ ਹਨ ।
ਸੇ ਮੁਕਤੁ ਸੇ ਮੁਕਤੁ ਭਏ ਜਿਨ੍ ਹਰਿ ਧਿਆਇਆ ਜੀਉ ਤਿਨ ਟੂਟੀ ਜਮ ਕੀ ਫਾਸੀ ॥	Emancipated and liberated are they, who remember Thee, O Sire God. Their death's noose is cut.	ਮੋਖਸ਼ ਅਤੇ ਬੰਦ-ਖਲਾਸ ਹਨ ਉਹ ਜੋ, ਹੇ ਵਾਹਿਗੁਰੂ ਮਹਾਰਾਜ, ਤੇਰਾ ਚਿੰਤਨ ਕਰਦੇ ਹਨ । ਉਨ੍ਹਾਂ ਦੀ ਮੌਤ ਦੀ ਫ਼ਾਹੀ ਕੱਟੀ ਜਾਂਦੀ ਹੈ ।
ਜਿਨ੍ ਨਿਰਭਉ ਜਿਨ੍ ਹਰਿ ਨਿਰਭਉ ਧਿਆਇਆ ਜੀਉ ਤਿਨ ਕਾ ਭਉ ਸਭੁ ਗਵਾਸੀ ॥	They who meditate on the Fearless. the Fearless Lord, all their fear is shaken off.	ਜੋ ਨਿੱਡਰ, ਨਿੱਡਰ ਪ੍ਰਭੂ ਦਾ ਆਰਾਧਨ ਕਰਦੇ ਹਨ, ਉਨ੍ਹਾਂ ਦਾ ਸਾਰਾ ਡਰ ਦੂਰ ਹੋ ਜਾਂਦਾ ਹੈ ।
ਜਿਨ੍ ਸੇਵਿਆ ਜਿਨ੍ ਸੇਵਿਆ ਮੇਰਾ ਹਰਿ ਜੀਉ ਤੇ ਹਰਿ ਹਰਿ ਰੂਪਿ ਸਮਾਸੀ॥	They who have served, they who have served my Sire God, they are absorbed in the personality of Lord God.	ਜਿਨ੍ਹਾਂ ਨੇ ਮੇਰੇ ਵਾਹਿਗੁਰੂ ਮਹਾਰਾਜ ਦੀ ਟਹਿਲ ਕਮਾਈ ਹੈ, ਟਹਿਲ ਕਮਾਈ ਹੈ, ਉਹ ਵਾਹਿਗੁਰੂ ਸੁਆਮੀ ਦੇ ਸਰੂਪ ਅੰਦਰ ਲੀਨ ਹੋ ਜਾਂਦੇ ਹਨ ।
ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀਉ ਜਨੁ ਨਾਨਕੁ ਤਿਨ ਬਲਿ ਜਾਸੀ ॥ ੩॥	Blest are they, blest are they, who have meditated on Sire God. Serf Nanak is devoted unto them.	ਮੁਬਾਰਕ ਹਨ ਉਹ, ਮੁਬਾਰਕ ਹਨ ਉਹ, ਜਿਨ੍ਹਾਂ ਨੇ ਵਾਹਿਗੁਰੂ ਮਹਾਰਾਜ ਦਾ ਆਰਾਧਨ ਕੀਤਾ ਹੈ । ਨਫ਼ਰ (ਦਾਸ) ਨਾਨਕ ਉਨ੍ਹਾਂ ਉਤੋਂ ਸਦਕੇ ਜਾਂਦਾ ਹੈ ।
ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬੇਅੰਤ ਬੇਅੰਤਾ ॥	Infinite and Innumerable treasures of Thine meditation, Thine devoted meditation, ever remain brimful.	ਤੈਂਡੇ ਸਿਮਰਨ, ਤੈਂਡੇ ਸਿਮਰਨ ਦੇ ਅਨੰਤ ਅਤੇ ਅਣ-ਗਣਿਤ ਖ਼ਜ਼ਾਨੇ ਸਦੀਵ ਹੀ ਪਰੀ-ਪੂਰਨ ਰਹਿੰਦੇ ਹਨ ।
ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥	In many and various ways, the numberless saints of Thine, saints of Thine, O God, praise Thee.	ਬਹੁਤੇ ਅਤੇ ਭਿੰਨ ਭਿੰਨ ਤਰੀਕਿਆਂ ਨਾਲ, ਬੇ-ਗਿਣਤ ਤੈਂਡੇ ਸਾਧੂ, ਹੇ ਵਾਹਿਗੁਰੂ ! ਤੇਰੀ ਸਿਫਤ ਸ਼ਲਾਘਾ ਕਰਦੇ ਹਨ ।

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥

Good many and several perform Thy worship, O endless God ! They practise penance and repeat Thy Name.

ਬਹੁਤ ਜ਼ਿਆਦਾ, ਬਹੁਤ ਬਹੁਤ ਤੈਂਡੀ ਉਪਾਸ਼ਨਾ ਕਰਦੇ ਹਨ ਹੇ ਹਦਬੰਨਾ-ਰਹਿਤ ਵਾਹਿਗੁਰੂ । ਉਹ ਤਪੱਸਿਆ ਸਾਧਦੇ ਹਨ ਅਤੇ ਤੇਰੇ ਨਾਮ ਨੂੰ ਉਚਾਰਦੇ ਹਨ ।

ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿੰਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥

Many, numerous men of Thine read good many Simirtis and Shashtras. They perform rituals and six religious rites.

ਤੈਂਡੇ ਘਣੇ ਅਤੇ ਕਈ ਬੰਦੇ ਬਹੁਤੀਆਂ ਸਿਮਰਤੀਆਂ ਅਤੇ ਸ਼ਾਸਤਰ ਵਾਚਦੇ ਹਨ । ਉਹ ਕਰਮ ਕਾਂਡ ਕਰਦੇ ਹਨ ਅਤੇ ਛੇ ਧਾਰਮਕ ਸੰਸਕਾਰ (ਵਿਦਿਆ ਪੜਨੀ ਪੜ੍ਹਾਉਣੀ ਯੱਗ ਕਰਨਾ ਕਰਾਉਣਾ ਅਤੇ ਦੇਣਾ ਤੇ ਲੈਣਾ) ਕਮਾਉਂਦੇ ਹਨ ।

ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥

Sublime are those saints, those saints, O Serf Nanak, who are pleasing to my Auspicious Master.

ਸ੍ਰੇਸ਼ਟ ਹਨ ਉਹ ਸੰਤ, ਉਹ ਸੰਤ, ਹੇ ਨਫ਼ਰ ਨਾਨਕ ! ਜਿਹੜੇ ਮੈਂਡੇ ਮੁਬਾਰਕ ਮਾਲਕ ਨੂੰ ਚੰਗੇ ਲਗਦੇ ਹਨ ।

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥

Thou art the Primal Being, the most exalted Creator, none else is as great as Thee.

ਤੂੰ ਪਰਾਪੂਰਬਲੀ ਹਸਤੀ, ਪਰਮ ਸ੍ਰੇਸ਼ਟ ਸਿਰਜਣਹਾਰ ਹੈਂ । ਤੈਂਡੇ ਜਿੱਡਾ ਵੱਡਾ ਹੋਰ ਕੋਈ ਨਹੀਂ ।

ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥

From age to age Thou art One and ever and ever Thou art identically the same. Such an ever-stable Creator Thou alone art, O Lord.

ਯੁੱਗਾਂ ਯੁੱਗਾਂ ਤੋਂ ਤੂੰ ਇੰਨ ਬਿੰਨ ਓਹੀ ਹੈਂ ਅਤੇ ਹਮੇਸ਼ਾ ਤੇ ਹਮੇਸ਼ਾ ਤੂੰ ਐਨ ਓਹੀ ਹੈਂ । ਐਹੋ ਜੇਹਾ ਸਦੀਵੀ-ਸਥਿਰ ਸਿਰਜਣਹਾਰ ਤੂੰ ਹੈਂ ।

ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥

Whatever Thou Thyself likest, that comes to pass and whatever Thyself Thou doest, that comes to pass.

ਜੋ ਕੁਛ ਤੈਨੂੰ ਖੁਦ ਚੰਗਾ ਲਗਦਾ ਹੈ, ਉਹ ਹੋ ਆਉਂਦਾ ਹੈ । ਜੋ ਤੂੰ ਆਪ ਕਰਦਾ ਹੈਂ, ਉਹ ਹੋ ਜਾਂਦਾ ਹੈ ।

ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥

Thou Thy-self created the whole Universe and having done so, Thou Thyself shalt destroy it.

ਤੂੰ ਆਪ ਹੀ ਸਾਰਾ ਆਲਮ ਰਚਿਆ ਹੈ ਅਤੇ ਸਾਜ ਕੇ ਤੂੰ ਆਪ ਹੀ ਸਾਰੇ ਨੂੰ ਨਾਸ ਕਰ ਦੇਵੇਂਗਾ ।

ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭ ਸੈ ਕਾ ਜਾਣੋਈ ॥੫॥੧॥੨॥

Slave Nanak sings the praises of the Sire Creator, who is the Knower of one and all.

ਗੋਲਾ ਨਾਨਕ, ਸਿਰਜਣਹਾਰ ਮਹਾਰਾਜ ਦਾ ਜੱਸ ਗਾਇਨ ਕਰਦਾ ਹੈ, ਜਿਹੜਾ ਸਾਰਿਆਂ ਦਾ ਜਾਨਣਹਾਰ ਹੈ ।

ੴ ਸਤਿਗੁਰ ਪ੍ਰਸਾਦਿ ॥

There is but one God. By the grace of the True Guru He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪਰਾਪਤ ਹੁੰਦਾ ਹੈ ।

ਰਾਗੁ ਆਸਾ ਮਹਲਾ ੧ ਚਉਪਦੇ ਘਰੁ ੨ ॥

Asa Measure. Ist Guru. Chaupde.

ਰਾਗ ਆਸਾ ਪਹਿਲੀ ਪਾਤਿਸ਼ਾਹੀ । ਚਉਪਦੇ ।

ਸੁਣਿ ਵਡਾ ਆਖੈ ਸਭ ਕੋਈ ॥ ਕੇਵਡੁ ਵਡਾ ਡੀਠਾ ਹੋਈ ॥

By hearing, everyone calls Thee great, O Lord. But one who has seen Thee knows how great Thou art.

ਸੁਣ ਸੁਣ ਕੇ ਹਰ ਕੋਈ ਤੈਨੂੰ ਵਿਸ਼ਾਲ (ਵੱਡਾ) ਆਖਦਾ ਹੈ । ਹੇ ਸੁਆਮੀ ! ਪਰ ਜਿਸ ਨੇ ਤੈਨੂੰ ਵੇਖਿਆ ਹੈ, ਉਹੀ ਜਾਣਦਾ ਹੈ ਕਿ ਤੂੰ ਕਿੱਡਾ ਕੁ ਵਿਸ਼ਾਲ ਹੈਂ ।

੩੪੯

ਕੀਮਤਿ ਪਾਇ ਨ ਕਹਿਆ ਜਾਇ ॥	None can appraise and narrate Thee.	ਕੋਈ ਤੇਰਾ ਨਾ ਹੀ ਮੁੱਲ ਪਾ ਸਕਦਾ ਹੈ ਤੇ ਨਾ ਹੀ ਤੈਨੂੰ ਬਿਆਨ ਕਰ ਸਕਦਾ ਹੈ।
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥	Thine describers remain absorbed in Thee.	ਤੈਨੂੰ ਵਰਨਣ ਕਰਨ ਵਾਲੇ ਤੇਰੇ ਅੰਦਰ ਲੀਨ ਰਹਿੰਦੇ ਹਨ।
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥	O, my great Master of Unfathomable depth, Thou art an ocean of excellences.	ਹੇ ਮੇਰੇ ਅਥਾਹ ਡੂੰਘਾਈ ਵਾਲੇ ਭਾਰੇ ਮਾਲਕ! ਤੂੰ ਉਤਕ੍ਰਿਸ਼ਟਤਾਈਆਂ (ਗੁਣਾਂ) ਦਾ ਸਮੁੰਦਰ ਹੈਂ।
ਕੋਈ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ਰਹਾਉ॥	None knows, how much and how great Thy expanse is. Pause.	ਕੋਈ ਨਹੀਂ ਜਾਣਦਾ ਤੇਰਾ ਕਿੰਨਾ ਜ਼ਿਆਦਾ ਅਤੇ ਕਿੰਨਾ ਵੱਡਾ ਵਿਸਥਾਰ ਹੈ। ਠਹਿਰਾਉ।
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥	Meeting together, all the contemplators have practised contemplation.	ਸਾਰੇ ਵਿਚਾਰਵਾਨਾਂ ਨੇ ਇਕੱਠੇ ਹੋ ਵੀਚਾਰ ਕੀਤੀ ਹੈ।
ਸਭ ਕੀਮਤਿ ਮਿਲਿ ਕੀਮਤਿ ਪਾਈ ॥	All the appraisers having met together and have appraised Thy worth.	ਸਮੂਹ ਮੁੱਲ ਪਾਉਣ ਵਾਲਿਆਂ ਨੇ ਇਕੱਤ੍ਰ ਹੋ ਕੇ ਤੇਰਾ ਮੁੱਲ ਪਾਇਆ ਹੈ।
ਗਿਆਨੀ ਧਿਆਨੀ ਗੁਰ ਗੁਰਹਾਈ ॥	The theologians, the visualisers and they who are the preachers of preachers have described Thee.	ਬ੍ਰਹਿਮਬੇਤਿਆਂ, ਬਿਰਤੀ ਜੋੜਣ ਵਾਲਿਆਂ ਅਤੇ ਪ੍ਰਚਾਰਕਾਂ ਦਿਆਂ ਪ੍ਰਚਾਰਕਾਂ ਨੇ ਤੈਨੂੰ ਬਿਆਨ ਕੀਤਾ ਹੈ।
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥	But, they cannot tell even an iota of Thine greatness.	(ਪ੍ਰੰਤੂ) ਉਹ ਤੇਰੀ ਮਹਾਨਤਾ ਨੂੰ ਇਕ ਭੋਰਾ ਭਰ ਵੀ ਨਹੀਂ ਦਸ ਸਕਦੇ।
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆਂ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥	All truths, all austerities, all goodnesses; and the magnificences of the miraculous men; without Thee none has ever attained such powers.	ਸਾਰੀਆਂ ਸਚਾਈਆਂ, ਸਾਰੀਆਂ ਕਰੜੀਆਂ ਘਾਲਣਾ, ਸਮੂਹ ਨੇਕੀਆਂ ਅਤੇ ਕਰਾਮਾਤੀ ਬੰਦਿਆਂ ਦੀਆਂ ਮਹਾਨਤਾਈਆਂ, ਤੇਰੇ ਬਾਝੋਂ ਕਦੇ ਕਿਸੇ ਨੂੰ ਐਸੀਆਂ ਤਾਕਤਾਂ ਪਰਾਪਤ ਨਹੀਂ ਹੋਈਆਂ।
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥	With Thine grace they are procured. No one can obstruct and stop their flow.	ਤੇਰੀ ਕਿਰਪਾ ਨਾਲ ਉਹ ਮਿਲਦੀਆਂ ਹਨ। ਕੋਈ ਜਣਾ ਉਨ੍ਹਾਂ ਦੇ ਵਹਾਉ ਨੂੰ ਠੱਲ੍ਹ ਕੇ ਬੰਦ ਨਹੀਂ ਕਰ ਸਕਦਾ।
ਆਖਣ ਵਾਲਾ ਕਿਆ ਬੇਚਾਰਾ ॥	What can the helpless utterer do ?	ਉਚਾਰਨ ਵਾਲਾ ਵਿਚਾਰਾ ਕੀ ਕਰ ਸਕਦਾ ਹੈ ?
ਸਿਫਤੀ ਭਰੇ ਤੇਰੇ ਭੰਡਾਰਾ ॥	Thine treasures are brimful with Thy praises.	ਤੇਰੇ ਖ਼ਜ਼ਾਨੇ ਤੇਰੀਆਂ ਕੀਰਤੀਆਂ ਨਾਲ ਲਬਾਲਬ ਹਨ।
ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ॥	Why should he, whom Thou givest, think of some, other means ?	ਜਿਸ ਨੂੰ ਤੂੰ ਦਿੰਦਾ ਹੈਂ, ਉਹ ਕਿਉਂ ਹੋਰ ਜ਼ਰੀਏ (ਸਾਧਨ) ਖ਼ਿਆਲ ਕਰੇ ?
ਨਾਨਕ ਸਚੁ ਸਵਾਰਣਹਾਰਾ ॥੪॥੧॥	O Nanak, the True One Himself is the embellisher.	ਹੇ ਨਾਨਕ! ਸਤਿਪੁਰਖ ਖੁਦ ਹੀ ਸ਼ਸ਼ੋਭਤ ਕਰਨ ਵਾਲਾ ਹੈ।

ਆਸਾ ਮਹਲਾ ੧ ॥	Asa Measure. Ist Guru.	ਰਾਗ ਆਸਾ ਪਹਿਲੀ ਪਾਤਿਸ਼ਾਹੀ ।
ਆਖਾ ਜੀਵਾ ਵਿਸਰੈ ਮਰਿ ਜਾਉ ॥	By repeating Thy Name I live. By forgetting it, I die.	ਤੇਰਾ ਨਾਮ ਉਚਾਰਨ ਕਰਨ ਨਾਲ ਮੈਂ ਜੀਉਂਦਾ ਹਾਂ ਅਤੇ ਇਸ ਨੂੰ ਭੁਲਾ ਕੇ ਮਰ ਵੰਞਦਾ ਹਾਂ ।
ਆਖਣਿ ਅਉਖਾ ਸਾਚਾ ਨਾਉ ॥	Difficult it is to repeat the True Name.	ਮੁਸ਼ਕਲ ਹੈ ਸਤਿਨਾਮ ਦਾ ਉਚਾਰਨ ਕਰਨਾ ।
ਸਾਚੇ ਨਾਮ ਕੀ ਲਾਗੈ ਭੂਖ ॥ ਤਿਤੁ ਭੂਖੈ ਖਾਇ ਚਲੀਅਹਿ ਦੂਖ ॥੧॥	If man feels appetite for the True Name, then, that appetite consumes his pains.	ਜੇਕਰ ਇਨਸਾਨ ਨੂੰ ਸਤਿਨਾਮ ਦੀ ਖੁਦਿਆ ਲਗ ਜਾਵੇ, ਤਾਂ ਉਹ ਭੁਖ ਉਸ ਦੇ ਦੁਖੜਿਆਂ ਨੂੰ ਖਾ ਜਾਂਦੀ ਹੈ ।
ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ਰਹਾਉ॥	True is the Lord and true is His Name. How can He, then, be forgotten, O my Mother ? Pause.	ਸੱਚਾ ਹੈ ਸੁਆਮੀ ਅਤੇ ਸੱਚਾ ਹੈ ਉਸ ਦਾ ਨਾਮ । ਉਹ ਕਿਸ ਤਰ੍ਹਾਂ ਭੁਲਾਇਆ ਜਾ ਸਕਦਾ ਹੈ, ਹੇ ਮੇਰੀ ਮਾਤਾ ? ਠਹਿਰਾਉ ।
ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥	Men have grown weary of recounting the greatness of the True Name, but have not been able to appraise even a jot of it.	ਇਨਸਾਨ ਸਚੇ ਨਾਮ ਦੀ ਬਜ਼ੁਰਗੀ ਨੂੰ ਬਿਆਨ ਕਰਦੇ ਹੋਏ ਹਾਰ ਹੁਟ ਗਏ ਹਨ ; ਪ੍ਰੰਤੂ, ਉਹ ਇਸ ਦੇ ਛਿਨ ਮਾਤ੍ਰ ਦਾ ਭੀ ਮੁੱਲ ਨਹੀਂ ਪਾ ਸਕਦੇ ।
ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥	Were all men to meet and glorify Thee, Thou would grow neither greater nor lesser.	ਜੇਕਰ ਸਮੂਹ ਇਨਸਾਨ ਮਿਲ ਕੇ ਤੇਰੀ ਪਰਸੰਸਾ ਕਰਨ, ਤਾਂ, ਤੂੰ ਨਾ ਹੀ ਹੋਰ ਵਿਸ਼ਾਲ ਹੋਵੇਂਗਾ ਅਤੇ ਨਾ ਹੀ ਘਟ ।
ਨਾਓਹੁ ਮਰੈ ਨ ਹੋਵੈ ਸੋਗੁ ॥	That Lord dies not, nor there is any mourning (on that account).	ਉਹ ਸਾਹਿਬ ਮਰਦਾ ਨਹੀਂ ਤੇ ਨਾ ਹੀ ਕੋਈ ਵਿਰਲਾਪ ਹੁੰਦਾ ਹੈ ।
ਦੇਂਦਾ ਰਹੈ ਨ ਚੂਕੈ ਭੋਗੁ ॥	He continues to give and His provisions never run short.	ਉਹ ਦੇਈ ਜਾਂਦਾ ਹੈ । ਉਸ ਦੇ ਰਾਸ਼ਨ ਕਦਾਚਿੱਤ ਨਹੀਂ ਮੁਕਦੇ ।
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥ ੩॥	This alone is His merit that like Him none else is. There has been none, nor there shall be any.	ਉਸ ਦੀ ਇਹ ਹੀ ਖ਼ੂਬੀ ਹੈ ਕਿ ਉਸ ਦੇ ਵਰਗਾ ਹੋਰ ਕੋਈ ਨਹੀਂ । ਨਾ ਕੋਈ ਹੋਇਆ ਹੈ ਅਤੇ ਨਾ ਹੀ ਕੋਈ ਹੋਵੇਗਾ ।
ਜੇਵਡੁ ਆਪਿ ਤੇਵਡ ਤੇਰੀ ਦਾਤਿ ॥	As great as Thou art, O Lord, so great are Thine gifts.	ਜਿੱਡਾ ਵੱਡਾ ਤੂੰ ਹੈਂ ਹੇ ਸਾਹਿਬ ! ਓਡੀਆਂ ਵੱਡੀਆਂ ਹਨ ਤੇਰੀਆਂ ਬਖਸ਼ਸ਼ਾਂ ।
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥	Thine is the personality, who makest the day and the night, too.	ਤੇਰੀ ਹੀ ਵਿਅਕਤੀ ਹੈ ਜੋ ਦਿਹੁੰ ਵੀ ਬਣਾਉਂਦੀ ਹੈ ਅਤੇ ਰਾਤ੍ਰੀ ਨੂੰ ਭੀ ।
ਖਸਮੁ ਵਿਸਾਰਹਿ ਤੇ ਕਮਜਾਤਿ ॥	Vile are they, who forget their Master.	ਅਧਮ (ਨੀਵੇਂ, ਮੰਦੇ) ਹਨ ਉਹ ਜੋ ਆਪਣੇ ਮਾਲਕ ਨੂੰ ਭੁਲਾਉਂਦੇ ਹਨ ।
ਨਾਨਕ ਨਾਵੈ ਬਾਝੁ ਸਨਾਤਿ ॥੪॥੨॥	O Nanak, without God's Name, the mortals are outcaste wretches.	ਹੇ ਨਾਨਕ ! ਰੱਬ ਦੇ ਨਾਮ ਦੇ ਬਗੈਰ ਪ੍ਰਾਣੀ ਛੇਕੇ ਹੋਏ ਨੀਚ ਹਨ ।
ਆਸਾ ਮਹਲਾ ੧ ॥	Asa Measure. Ist Guru.	ਰਾਗ ਆਸਾ ਪਹਿਲੀ ਪਾਤਸ਼ਾਹੀ ।

ਜੇ[81] ਦਰਿ[82] ਮਾਂਗਤੁ[83] ਕੂਕ[84] ਕਰੇ ਮਹਲੀ[85] ਖਸਮੁ ਸੁਣੇ ॥

If[81] a beggar[83] cries aloud[84] at the door[82], the Husband (God) hears it in His Mansion[85].

ਜੇਕਰ[81] ਭਿਖਾਰੀ[83] ਦਰਵਾਜ਼ੇ[82] ਤੇ ਸਦਾਅ[84] ਕਰੇ ਤਾਂ ਸੁਆਮੀ ਆਪਣੇ ਮੰਦਰ[85] ਅੰਦਰ ਇਸ ਨੂੰ ਸੁਣ ਲੈਂਦਾ ਹੈ।

ਭਾਵੈ ਧੀਰਕ[86] ਭਾਵੈ[87] ਧਕੇ[88] ਏਕ ਵਡਾਈ[89] ਦੇਇ[90] ॥੧॥

O Lord, grant[90] unto Thine beggar one honour[89]—either that of giving consolation[86] or[87] a push[88].

ਹੇ ਸੁਆਮੀ, ਆਪਣੇ ਮੰਗਤੇ ਨੂੰ ਇਕ ਇੱਜ਼ਤ[89] ਬਖ਼ਸ਼[90] : ਜਾਂ ਆਦਰ-ਦਿਲਾਸਾ[86] ਦੇਣ ਜਾਂ[87] ਧੱਕਾ[88] ਮਾਰਨ ਦੀ।

ਜਾਣਹੁ[91] ਜੋਤਿ[92] ਨ ਪੂਛਹੁ ਜਾਤੀ[93] ਆਗੈ[94] ਜਾਤਿ ਨ ਹੇ ॥੧॥ਰਹਾਉ॥

Recognise[91] Lord's light[92] within all and inquire not the caste[93], as there is no caste in the next world[94]. Pause.

ਸਾਰਿਆਂ ਅੰਦਰ ਪ੍ਰਭੂ ਦੇ ਪ੍ਰਕਾਸ਼[92] ਦੀ ਪਛਾਣ[91] ਕਰ ਅਤੇ ਜਾਤ ਵਰਨ[93] ਬਾਰੇ ਨਾ ਪੁਛ ਕਿਉਂਕਿ ਪਰਲੋਕ[94] ਵਿਚ ਕੋਈ ਜਾਤੀ ਨਹੀਂ। ਠਹਿਰਾਉ।

ਆਪਿ[95] ਕਰਾਏ ਆਪਿ ਕਰੇਇ ॥

The Lord acts Himself and Himself[95] causes to act.

ਸਾਂਈ ਖ਼ੁਦ ਹੀ ਕਰਦਾ ਹੈ ਅਤੇ ਖ਼ੁਦ[95] ਹੀ ਕਰਾਉਂਦਾ ਹੈ।

ਆਪਿ ਉਲਾਮੇ[96] ਚਿਤਿ ਧਰੇਇ[97] ॥

He Himself pays attention[97] to complaints[96].

ਉਹ ਆਪੇ ਹੀ ਸ਼ਿਕਵਾ-ਸ਼ਿਕਾਇਤਾਂ[96] ਵਲ ਧਿਆਨ[97] ਦਿੰਦਾ ਹੈ।

ਜਾ[98] ਤੂੰ ਕਰਣਹਾਰੁ[99] ਕਰਤਾਰੁ[100] ॥ ਕਿਆ[2] ਮੁਹਤਾਜੀ[3] ਕਿਆ[4] ਸੰਸਾਰੁ[5] ॥੨॥

Since[98], Thou, O Creator[100], art the doer[99], why[2] and what for[4], should I, then, owe subservience[3] to the world[5] ?

ਜਦ[98] ਤੂੰ ਹੇ ਸਿਰਜਣਹਾਰ[100] ! ਕਰਨ ਵਾਲਾ[99] ਹੈਂ, ਤਦ ਮੈਂ ਜਗਤ[5] ਦੀ ਮੁਥਾਜੀ[3] ਕਿਉਂ[2] ਤੇ ਕਾਹਦੇ[4] ਲਈ ਧਰਾਵਾਂ ?

ਆਪਿ ਉਪਾਏ[6] ਆਪੇ ਦੇਇ[7] ॥

Thou Thyself didst create[6] and Thyself doest bestow[7].

ਤੂੰ ਖ਼ੁਦ ਪੈਦਾ[6] ਕੀਤਾ ਹੈ ਅਤੇ ਖ਼ੁਦ ਹੀ ਦਿੰਦਾ[7] ਹੈਂ।

ਆਪੇ[8] ਦੁਰਮਤਿ[9] ਮਨਹਿ[10] ਕਰੇਇ ॥ ਗੁਰ ਪਰਸਾਦਿ[12] ਵਸੈ[13] ਮਨਿ ਆਇ[14] ॥ ਦੁਖੁ[15] ਅਨ੍ਹੇਰਾ[16] ਵਿਚਹੁ ਜਾਇ[17] ॥੩॥

Thou Thyself forbiddest[10] evil[8] inclinations[9]. By Guru's grace[12], when the Lord comes[14] to abide[13] in man's mind, his suffering[15] and darkness[16] flee[17] from within, then.

ਤੂੰ ਆਪ ਹੀ ਮੰਦੀਆਂ[8] ਵਾਸ਼ਨਾਂ[9] ਨੂੰ ਵਰਜਦਾ[10] ਹੈਂ। ਜਦ ਗੁਰ[1] ਦੀ ਰਹਿਮਤ[12] ਸਦਕਾ ਸਾਹਿਬ ਆ[14] ਕੇ ਬੰਦੇ ਦੇ ਚਿੱਤ ਵਿਚ ਟਿਕ[13] ਜਾਂਦਾ ਹੈ ਤਾਂ ਉਸ ਦੀ ਤਕਲੀਫ਼[15] ਅਤੇ ਅਨ੍ਹੇਰਾ[16] ਅੰਦਰੋਂ ਦੌੜ[17] ਜਾਂਦੇ ਹਨ।

ਸਾਚੁ ਪਿਆਰਾ ਆਪਿ ਕਰੇਇ[18] ॥

He Himself infuses[18] the love for truth.

ਉਹ ਖ਼ੁਦ ਹੀ ਅੰਦਰ ਸਚ ਲਈ ਪ੍ਰੀਤ ਫੂਕਦਾ[18] ਹੈ।

ਅਵਰੀ[19] ਕਉ ਸਾਚੁ ਨ ਦੇਇ[20] ॥

Unto others[19] He bestows[20] not truth.

ਹੋਰਨਾਂ[19] ਨੂੰ ਉਹ ਸੱਚ ਪਰਦੋਨ[20] ਨਹੀਂ ਕਰਦਾ।

ਜੇ ਕਿਸੈ ਦੇਇ[21] ਵਖਾਣੈ[22] ਨਾਨਕੁ ਆਗੈ[23] ਪੂਛ[24] ਨ ਲੇਇ[25] ॥੪॥੩॥

If He blesses[21] some one with truth, says[22] Nanak, He asks for[25] no account[24] from him here-after[23].

ਜੇਕਰ ਉਹ ਕਿਸੇ ਨੂੰ ਸੱਚ ਬਖ਼ਸ਼ਦਾ[21] ਹੈ, ਨਾਨਕ ਜੀ ਆਖਦੇ[22] ਹਨ, ਉਹ ਉਸ ਕੋਲੋਂ, ਮਗਰੋਂ[23] ਹਿਸਾਬ ਕਿਤਾਬ[24] ਨਹੀਂ ਮੰਗਦਾ[25]।

ਆਸਾ ਮਹਲਾ ੧ ॥

Asa Measure. Ist Guru.

ਰਾਗ ਆਸਾ ਪਹਿਲੀ ਪਾਤਿਸ਼ਾਹੀ।

ਤਾਲ[26] ਮਦੀਰੇ[27] ਘਟ[28] ਕੇ ਘਾਟ[29] ॥ ਢੋਲਕ[30]

The mind's[28] impulses[29] are like cymbals[26] and ankle-bells[27] and with

ਮਨ[28] ਦੇ ਸੰਕਲਪ[29] ਛੈਣੇ[26] ਅਤੇ ਘੁੰਗਰੂਆਂ[27] ਦੀ ਮਾਨੰਦ ਹਨ ਅਤੇ ਉਨ੍ਹਾਂ ਦੇ ਨਾਲ ਸੰਸਾਰ[31] ਦਾ ਢੋਲ[30]

ਦੁਨੀਆ[31] ਵਾਜਹਿ ਵਾਜ[32]॥	them, continually thumps[32] the drum[30] of the world[31].	ਇਕ ਰਸ ਵੱਜ ਰਿਹਾ[32] ਹੈ ।
ਨਾਰਦੁ ਨਾਚੈ[33] ਕਲਿ[34] ਕਾ ਭਾਉ[35] ॥	The hermits like Narad dance[33] under the influence[35] of the Darkage[34].	ਨਾਰਦ ਵਰਗੇ ਰਿਸ਼ੀ, ਕਲਜੁਗ[34] ਦੇ ਪਰਭਾਵ[35] ਹੇਠਾਂ ਨੱਚ[33] ਰਹੇ ਹਨ ।
ਜਤੀ[36] ਸਤੀ[37] ਕਹ[38] ਰਾਖਹਿ[39] ਪਾਉ[40] ॥੧॥	Where[38] can men of continence[36] and truth[37] place[39] their feet[40] ?	ਪ੍ਰਹੇਜ਼ਗਾਰ[36] ਅਤੇ ਸਚੇ[37] ਬੰਦੇ ਆਪਣੇ ਪੈਰ[40] ਕਿੱਥੇ[38] ਰਖਣ[39] ?
ਨਾਨਕ ਨਾਮ ਵਿਟਹੁ[41] ਕੁਰਬਾਣੁ[42] ॥	Unto[41] the Lord's Name, O Nanak, I am a sacrifice[42].	ਸਾਂਈ ਦੇ ਨਾਮ ਉਤੋਂ[41] ਨਾਨਕ ਘੋਲੀ[42] ਵੰਞਦਾ ਹੈ ।
ਅੰਧੀ[43] ਦੁਨੀਆ[44] ਸਾਹਿਬੁ ਜਾਣੁ[45] ॥੧॥ਰਹਾਉ॥	Blind[43] is the world[44] and all-seeing[45] is the Lord. Pause.	ਅੰਨ੍ਹਾ[43] ਹੈ ਸੰਸਾਰ[44] ਅਤੇ ਸਭ ਕੁਛ ਜਾਨਣਹਾਰ[45] ਹੈ ਸੁਆਮੀ ! ਠਹਿਰਾਉ ।
ਗੁਰੂ[46] ਪਾਸਹੁ ਫਿਰਿ[47] ਚੇਲਾ[48] ਖਾਇ ॥ ਤਾਮਿ[49] ਪਰੀਤਿ[50] ਵਸੈ[51] ਘਰਿ[52] ਆਇ ॥	The disciple[48], rather[47], feeds on his Master[46], and for the love[50] of bread[49] comes to dwell[51] in his home[52].	ਮੁਰਸ਼ਦ[46] ਪਾਸੋਂ, ਸਗੋਂ[47], ਮੁਰੀਦ[48] ਖਾਂਦਾ ਹੈ ਅਤੇ ਟੁੱਕਰ[49] ਦੇ ਪਿਆਰ[50] ਦੀ ਖ਼ਾਤਰ ਉਸ ਦੇ ਗ੍ਰਹਿ[52] ਵਿਚ ਆ ਰਹਿੰਦਾ[51] ਹੈ ।
੩੫੦		
ਜੇ[53] ਸਉ[54] ਵਰ੍ਹਿਆ[55] ਜੀਵਣ ਖਾਣੁ ॥ ਖਸਮ[56] ਪਛਾਣੈ ਸੋ[57]ਦਿਨੁ ਪਰਵਾਣੁ[58] ॥੨॥	If[53] man were to live and eat hundreds[54] of years[55], that[57] day alone would be acceptable[58], when he recognises the Lord[56].	ਜੇਕਰ[53] ਬੰਦਾ ਸੌ[54]ਕੜੇ[55] ਬਰਸ[55] ਜੀਉਂਦਾ ਅਤੇ ਖਾਂਦਾ ਰਹੇ, ਕੇਵਲ ਓਹੀ[57] ਦਿਹਾੜਾ ਕਬੂਲ[58] ਪਵੇਗਾ, ਜਦ ਉਹ ਸੁਆਮੀ[56] ਨੂੰ ਸਿੰਆਣਦਾ ਹੈ ।
ਦਰਸਨਿ[53*] ਦੇਖਿਐ ਦਇਆ[59] ਨ ਹੋਇ[60] ॥	Compassion[59] is not excited[60] by beholding the sight[58*]of the petitioner.	ਬੇਨਤੀ ਕਰਨ ਵਾਲੇ ਦਾ ਦੀਦਾਰ[58*] ਵੇਖਣ ਦੁਆਰਾ ਤਰਸ[59] ਨਹੀਂ ਆਉਂਦਾ[60] ।
ਲਏ[61] ਦਿਤੇ[62] ਵਿਣੁ ਰਹੈ ਨ ਕੋਇ ॥	There is no one, who receives[61] or bribes not[62].	ਐਹੋ ਜੇਹਾ ਕੋਈ ਨਹੀਂ ਜੋ ਵੱਢੀ 'ਲੈਂਦਾ[61] ਜਾਂ ਦਿੰਦਾ[62] ਨਹੀਂ ।
ਰਾਜਾ[63] ਨਿਆਉ[65] ਕਰੇ ਹਥਿ[66] ਹੋਇ ॥ ਕਹੈ ਖੁਦਾਇ[67] ਨ ਮਾਨੈ[68] ਕੋਇ ॥੩॥	The King[63] administers justice[65] only if his palm[66] is greased. In the Name of God[67] none is moved[68].	ਪਾਤਿਸ਼ਾਹ[63] ਓਦੋਂ ਇਨਸਾਫ਼[65] ਕਰਦਾ ਹੈ, ਜਦ ਉਸਦੀ ਤਲੀ[66] ਤੇ ਕੁਛ ਧਰ ਦਿੱਤਾ ਜਾਂਦਾ ਹੈ, ਅਤੇ ਰੱਬ[67] ਦੇ ਨਾਮ ਦੇ ਵਾਸਤੇ ਉਹ ਪਸੀਜਦਾ[68] ਨਹੀਂ ।
ਮਾਣਸ[69] ਮੂਰਤਿ[70] ਨਾਨਕੁ ਨਾਮੁ ॥	Nanak says that men are men[69] only in shape[70] and name.	ਨਾਨਕ, ਆਦਮੀ[69] ਕੇਵਲ ਸ਼ਕਲ[70] ਅਤੇ ਨਾਮ ਵਿਚ ਹੀ ਆਦਮੀ ਹਨ ;
ਕਰਣੀ[71] ਕੁਤਾ ਦਰਿ[72] ਫੁਰਮਾਨੁ[73] ॥	In deeds[71] they are dogs; this is the command[73] of the Lord's court[72].	ਅਮਲਾਂ[71] ਵਿਚ ਉਹ ਕੁੱਤੇ ਹਨ । ਪ੍ਰਭੂ ਦੀ ਦਰਗਾਹ[72] ਦਾ ਇਹ ਹੁਕਮ ਹੈ ।
ਗੁਰ ਪਰਸਾਦਿ[74] ਜਾਣੈ ਮਿਹਮਾਨੁ[75] ॥ ਤਾ[76] ਕਿਛੁ[76*] ਦਰਗਹ[77] ਪਾਵੈ ਮਾਨੁ[78] ॥੪॥੪॥	By Guru's grace[74], if man deems himself a guest[75] in this world, then[76] does he acquire some[76*] honour[78] in God's court[77].	ਗੁਰਾਂ ਦੀ ਦਇਆ[74] ਦੁਆਰਾ, ਜੇਕਰ ਬੰਦਾ ਇਸ ਜਹਾਨ ਅੰਦਰ ਆਪਣੇ ਆਪ ਨੂੰ ਪ੍ਰਾਹੁਣਾ[75] ਜਾਣ ਲਵੇ, ਤਦ[76] ਉਹ ਰੱਬ ਦੇ ਦਰਬਾਰ[77] ਅੰਦਰ ਕੁਝ[76*] ਇੱਜ਼ਤ[78] ਪਾ ਲੈਂਦਾ ਹੈ ।

ਆਸਾ ਮਹਲਾ ੧ ॥
ਜੇਤਾ[79] ਸਬਦੁ[80] ਸੁਰਤਿ[81] ਧੁਨਿ[82] ਤੇਤੀ[83] ਜੇਤਾ[84] ਰੂਪੁ[85] ਕਾਇਆ[86] ਤੇਰੀ ॥
ਤੂੰ ਆਪੇ ਰਸਨਾ[87] ਆਪੇ ਬਸਨਾ[91] ਅਵਰੁ ਨ ਦੂਜਾ[88] ਕਹਉ[89] ਮਾਈ[90] ॥੧॥
ਸਾਹਿਬੁ ਮੇਰਾ ਏਕੋ[92] ਹੈ ਏਕੋ ਹੈ ਭਾਈ[93] ਏਕੋ[94] ਹੈ ॥੧॥ਰਹਾਉ॥
ਆਪੇ ਮਾਰੇ[95] ਆਪੇ ਛੋਡੈ[96] ਆਪੇ ਲੇਵੈ ਦੇਇ ॥

ਆਪੇ ਵੇਖੈ[100] ਆਪੇ ਵਿਗਸੈ[97] ਆਪੇ ਨਦਰਿ[98] ਕਰੇਇ[99] ॥੨॥
ਜੋ ਕਿਛੁ[2] ਕਰਣਾ ਸੋ[3] ਕਰਿ ਰਹਿਆ ਅਵਰੁ[4] ਨ ਕਰਣਾ ਜਾਈ ॥
ਜੈਸਾ[5] ਵਰਤੈ[6] ਤੈਸੋ[7] ਕਹੀਐ[8] ਸਭ ਤੇਰੀ ਵਡਿਆਈ[9] ॥੩॥
ਕਲਿ[10] ਕਲਵਾਲੀ[12] ਮਾਇਆ[13] ਮਦੁ[14] ਮੀਠਾ[15] ਮਨੁ[18] ਮਤਵਾਲਾ[16] ਪੀਵਤੁ[17] ਰਹੈ ॥
ਆਪੇ ਰੂਪ[19] ਕਰੇ[20] ਬਹੁ[21] ਭਾਂਤੀ[22] ਨਾਨਕੁ ਬਪੁੜਾ[23] ਏਵ[24] ਕਹੈ ॥੪॥੫॥

ਆਸਾ ਮਹਲਾ ੧ ॥
ਵਾਜਾ[25] ਮਤਿ[26] ਪਖਾਵਜੁ[27] ਭਾਉ[28] ॥ ਹੋਇ ਅਨੰਦੁ[30] ਸਦਾ ਮਨਿ ਚਾਉ[29] ॥

Asa Measure. Ist Guru.

As much[79] is the sound[80] in the mind[81], that much[83] is Thy tune[82], O God, and all[84] the forms[85] are Thy body[86].

Thou Thyself art the tongue[87] and Thyself the nose[91], O Lord. Talk[89] not of any other[88], O my mother[90].

My Lord is but one[92]. He is one alone, O brother[93]. He is one in[94] one. Pause.

He Himself annihilates[95] and Himself releases[96]. He of Himself takes and of Himself gives.

He Himself beholds[100] and Himself rejoices[97]. He Himself casts[99] His merciful glance[98].

Whatever[2] He is to do, that[3] He is doing. None else[4] can do anything.

As[5] He acts[6], so[7] do I describe[8] Him. All greatness[9] is Thine, O Lord.

The Darkage[10] is the wine-vessel[12]. Mammon[13] is the sweet[15] wine[14] and the intoxicated[16] mind[18] continues to drink[17] it.

The Lord Himself assumes[20] many[21] kinds[22] of forms[19]. The Poor[23] Nanak says like this[24].

Asa Measure. Ist Guru.

Make intellect[26] thy organ[25] and love[28] thy tambourine[27]. By these joy[30] and buoyant pleasure[29] are ever produced in the mind.

ਰਾਗ ਆਸਾ ਪਹਿਲੀ ਪਾਤਸ਼ਾਹੀ
ਜਿੰਨੀ[79] ਆਵਾਜ਼[80] ਮਨ[81] ਵਿਚ ਹੈ, ਓਨਾਂ[83] ਹੀ ਤੇਰਾ ਤਰਾਨਾ[82] ਹੈ, ਹੇ ਵਾਹਿਗੁਰੂ ! ਤੇ ਸਾਰੇ[84] ਸਰੂਪ[85] ਤੇਰਾ ਹੀ ਸਰੀਰ[86] ਹਨ ।
ਤੂੰ ਆਪ ਜੀਭਾ[87] ਹੈਂ ਅਤੇ ਆਪ ਹੀ ਨੱਕ[91],ਹੇ ਸੁਆਮੀ। ਕਿਸੇ ਹੋਰਸ[88] ਦੀ ਗੱਲ[89] ਹੀ ਨਾ ਕਰ,ਹੇ ਮੇਰੀ ਮਾਤਾ[90]।

ਮੇਰਾ ਸੁਆਮੀ ਕੇਵਲ ਇੱਕ[92] ਹੈ । ਉਹ ਸਿਰਫ਼ ਇਕੱਲਾ ਹੀ ਆਪਣੇ ਆਪ ਵਰਗਾ ਹੈ, ਹੇ ਵੀਰ[93], ਇੱਕੋ ਇਕ[94] ਹੀ ਹੈ ਉਹ । ਠਹਿਰਾਉ ।
ਉਹ ਖ਼ੁਦ ਮਲੀਆਮੇਟ[95] ਕਰਦਾ ਹੈ । ਖ਼ੁਦ ਹੀ ਆਜ਼ਾਦ[96] ਕਰਦਾ ਹੈ । ਉਹ ਆਪ ਲੈਂਦਾ ਹੈ ਅਤੇ ਆਪ ਹੀ ਦਿੰਦਾ ਹੈ ।
ਉਹ ਖ਼ੁਦ ਦੇਖਦਾ[100] ਹੈ ਅਤੇ ਖ਼ੁਦ ਹੀ ਖ਼ੁਸ਼ ਹੁੰਦਾ[97] ਹੈ । ਉਹ ਆਪੇ ਹੀ ਆਪਣੀ ਮਿਹਰ ਦੀ ਨਿਗ੍ਹਾ[98]ਧਾਰਦਾ[99]ਹੈ।

ਜਿਹੜਾ ਕੁਝ[2] ਉਸ ਨੇ ਕਰਨਾ ਹੈ, ਉਸ[3] ਨੂੰ ਉਹ ਕਰ ਰਿਹਾ ਹੈ । ਹੋਰ[4] ਕੋਈ ਜਣਾ ਕੁਛ ਨਹੀਂ ਕਰ ਸਕਦਾ ।

ਜਿਸ ਤਰ੍ਹਾਂ[5] ਉਹ ਕਰਦਾ[6] ਹੈ, ਉਸੇ ਤਰ੍ਹਾਂ[7] ਹੀ ਮੈਂ ਉਸ ਨੂੰ ਵਰਨਣ ਕਰਦਾ[8] ਹਾਂ । ਸਾਰੀ ਵਿਸ਼ਾਲਤਾ[9] ਤੈਂਡੀ ਹੀ ਹੈ, ਹੇ ਸਾਹਿਬ !
ਕਲਜੁਗ[10] ਸ਼ਰਾਬ ਦੀ ਮੱਟੀ[12] ਹੈ । ਸੰਸਾਰੀ ਪਦਾਰਥ[13] ਮਿੱਠੀ[15] ਸ਼ਰਾਬ[14] ਹਨ, ਅਤੇ ਖੀਵਾ[16] ਮਨੂਆ[18] ਇਸ ਨੂੰ ਪੀਈ ਜਾਂਦਾ[17] ਹੈ ।

ਪ੍ਰਭੂ ਖ਼ੁਦ ਅਨੇਕਾਂ[21]ਕਿਸਮਾਂ[22]ਦੇ ਸਰੂਪ[19]ਧਾਰਨ ਕਰਦਾ[20] ਹੈ । ਗਰੀਬੜਾ[23] ਨਾਨਕ ਇਸ ਤਰ੍ਹਾਂ[24] ਆਖਦਾ ਹੈ ।

ਰਾਗ ਆਸਾ ਪਹਿਲੀ ਪਾਤਸ਼ਾਹੀ
ਅਕਲ[26] ਨੂੰ ਆਪਣਾ ਵਾਜਾ[25] ਅਤੇ ਪ੍ਰੀਤ[28] ਨੂੰ ਆਪਣੀ ਜੋੜੀ[27] ਬਣਾ । ਇਨ੍ਹਾਂ ਦੁਆਰਾ ਚਿੱਤ ਅੰਦਰ ਖ਼ੁਸ਼ੀ[30] ਤੇ ਸਦੀਵੀ ਉਮਾਹ[29] ਪੈਦਾ ਹੁੰਦਾ ਹੈ ।

ਏਹਾ ਭਗਤਿ[31] ਏਹੋ ਤਪ[32] ਤਾਉ[33] ॥
ਇਤੁ ਰੰਗਿ[34] ਨਾਚਹੁ[35] ਰਖਿ ਰਖਿ ਪਾਉ[36] ॥੧॥
ਪੂਰੇ ਤਾਲ[37] ਜਾਣੈ[38] ਸਾਲਾਹ[39] ॥ ਹੋਰੁ ਨਚਣਾ[40] ਖੁਸੀਆ[41] ਮਨ ਮਾਹ[42] ॥ ੧॥ਰਹਾਉ॥
ਸਤੁ[43] ਸੰਤੋਖੁ[47] ਵਜਹਿ[44] ਦੁਇ[45] ਤਾਲ[46] ॥
ਪੈਰੀ[48] ਵਾਜਾ[49] ਸਦਾ[50] ਨਿਹਾਲ[51] ॥
ਰਾਗੁ[52] ਨਾਦੁ[53] ਨਹੀ[54] ਦੂਜਾ ਭਾਉ[55] ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥
ਭਉ[56] ਫੇਰੀ[57] ਹੋਵੈ ਮਨ[58] ਚੀਤਿ[59] ॥ ਬਹਦਿਆ[60] ਉਠਦਿਆ[61]ਨੀਤਾ[62]ਨੀਤਿ॥
ਲੇਟਣਿ ਲੇਟਿ[63] ਜਾਣੈ[64] ਤਨੁ[65] ਸੁਆਹੁ[66] ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥
ਸਿਖ[67] ਸਭਾ[68] ਦੀਖਿਆ[69] ਕਾ ਭਾਉ[70] ॥

ਗੁਰਮੁਖਿ[71] ਸੁਣਣਾ[72] ਸਾਚਾ ਨਾਉ[73] ॥
ਨਾਨਕ ਆਖਣੁ[74] ਵੇਰਾ ਵੇਰ[75] ॥
ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬॥

ਆਸਾ ਮਹਲਾ ੧

ਪਉਣੁ[76] ਉਪਾਇ[77] ਧਰੀ[78] ਸਭ ਧਰਤੀ[79] ਜਲ[80]

This is the devotional service[31] and this the practice[33] of penance[32].
In this love[34], dance[35] thou, beating time with thine feet[36].
Deem[38] the praise[39] of the Lord as thy beating time[37]. Other dances[49] produce sensuous pleasure[41] in[42] the mind. Pause.
Play[44] truth[43] and contentment[47] as thine pair[45] of cymbals[46].
Make the perpetual[50] vision[51] of the Lord, thy ankle[48] bells[49].
Let the stilling[54] of duality[55] be thy music[52] and song[53].
In such an affection, dance thou by beating time with thy feet.
Ever[62] make the fear[56] of Lord in thy heart[58] and mind[59], whether sitting[60] or standing[61], thy gyrations[57].
To roll in dust[63] is to know[64] the body[65] as ashes[66].
In such an affection, dance thou by beating time with thine feet.
Thy audience[68] should be the disciples[67], who enshrine love[70] for instruction[69].

From the Guru[71], hear[72] thou the True Name[73].
Nanak, again and again[75] repeat[74] thou the Name of the Master.
In this love, dance thou, by beating time with thy feet.

Asa Measure. Ist Guru.

Having created[77] the air[76], the Lord supported[78] the whole earth[79] and

ਇਹ ਹੈ ਪ੍ਰੇਮਮਈ ਸੇਵਾ[31] ਅਤੇ ਏਹੀ ਤਪੱਸਿਆ[32] ਦਾ ਸਾਧਣਾ[33] ।
ਇਸ ਪਿਆਰ[34] ਅੰਦਰ ਤੂੰ ਆਪਣੇ ਪੈਰਾਂ[36] ਨਾਲ ਤਾਲ ਪੂਰ ਕੇ ਨਿਰਤਕਾਰੀ[35] ਕਰ ।
ਸੁਆਮੀ ਦੀ ਸਿਫ਼ਤ-ਸਲਾਘਾ[39] ਨੂੰ ਆਪਣੀ ਤਾਲ ਸੁਰ ਬੰਨ੍ਹਣੀ[37] ਸਮਝ[38]; ਹੋਰ ਨਾਚ[40] ਚਿੱਤ ਅੰਦਰ[42] ਭੋਗ-ਬਿਲਾਸ[41] ਪੈਦਾ ਕਰਦੇ ਹਨ । ਠਹਿਰਾਉ ।
ਆਪਣੇ ਛੈਣਿਆਂ[46] ਦੀ ਜੋੜੀ[45] ਵਜੋਂ,ਸੱਚ[43] ਅਤੇ ਸਬਰ-ਸਿਦਕ[47] ਦੀ ਕਮਾਈ[44] ਕਰ ।
ਸਾਹਿਬ ਦੇ ਸਦੀਵੀ[50] ਦੀਦਾਰ[51] ਨੂੰ ਆਪਣੇ ਪੈਰਾਂ[48] ਦੇ ਘੁੰਗਰੂ[49] ਬਣਾ ।
ਦਵੈਤ-ਭਾਵ[55] ਦੇ ਮਾਰਨ[54] ਨੂੰ ਆਪਣਾ ਤਰਾਨਾ[52] ਤੇ ਗੀਤ[53] ਸਮਝ ।
ਐਹੋ ਜੇਹੇ ਪ੍ਰੇਮ ਅੰਦਰ ਆਪਣੇ ਪੈਰਾਂ ਨਾਲ ਤਾਲ ਪੂਰ ਕੇ ਤੂੰ ਨਿਰਤਕਾਰੀ ਕਰ ।
ਬੈਠਦਿਆਂ[60] ਅਤੇ ਖਲੋਂਦਿਆਂ[61], ਆਪਣੇ ਦਿਲ[58] ਤੇ ਹਿਰਦੇ[59] ਅੰਦਰ ਸੁਆਮੀ ਦੇ ਹਮੇਸ਼ਾਂ[62] ਦੇ ਡਰ[56] ਨੂੰ ਆਪਣੇ ਚੱਕਰ ਕਟਣੇ[57] ਬਣਾ ।
ਸਰੀਰ[65] ਨੂੰ ਭਸਮ[66] ਜਾਨਣਾ[64] ਹੀ ਮਿੱਟੀ ਵਿਚ ਰੁਲਣਾ[63] ਹੈ ।
ਐਹੋ ਜਹੇ ਪ੍ਰੇਮ ਅੰਦਰ, ਆਪਣੇ ਪੈਰਾਂ ਨਾਲ ਤਾਲ ਪੂਰ ਕੇ ਤੂੰ ਨਿਰਤਕਾਰੀ ਕਰ ।
ਉਪਦੇਸ਼[69] ਨੂੰ ਪਿਆਰ[70] ਕਰਨ ਵਾਲੇ ਚੇਲੇ[67], ਤੇਰੀ ਮੰਡਲੀ[68] ਹੋਵੇ ।

ਗੁਰਾਂ ਦੇ ਪਾਸੋਂ[71] ਤੂੰ ਸਤਿਨਾਮ[73] ਨੂੰ ਸ੍ਰਵਣ ਕਰ[72] ।

ਨਾਨਕ, ਤੂੰ ਬਾਰੰਬਾਰ[75] ਮਾਲਕ ਦੇ ਨਾਮ ਦਾ ਉਚਾਰਨ[74] ਕਰ ।
ਇਸ ਪ੍ਰੀਤ ਅੰਦਰ ਆਪਣੇ ਪੈਰਾਂ ਨਾਲ ਤਾਲ ਪੂਰ ਕੇ ਤੂੰ ਨਿਰਤਕਾਰੀ ਕਰ ।

ਰਾਗ ਆਸਾ ਪਹਿਲੀ ਪਾਤਸ਼ਾਹੀ

ਹਵਾ[76] ਨੂੰ ਪੈਦਾ ਕਰਕੇ[77] ਸਾਂਈ ਨੇ ਸਾਰੀ ਜ਼ਮੀਨ[79] ਨੂੰ ਅਸਥਾਪਨ[78] ਕੀਤਾ ਅਤੇ ਪਾਣੀ[80] ਤੇ ਅੱਗ[81] ਨੂੰ ਨਿਯਮ

ਅਗਨੀ[81] ਕਾ ਬੰਧੁ[82]ਕੀਆ॥	bound[82] water[80] and fire[81] together into a system.	ਅੰਦਰ ਬੰਨ੍ਹਿਆ[82] ।
ਅੰਧੁਲੈ[83] [84]ਦਹਸਿਰਿ[85] ਮੂੰਡੁ[86] ਕਟਾਇਆ ਰਾਵਣੁ ਮਾਰਿ ਕਿਆ ਵਡਾ[87] ਭਇਆ ॥੧॥	The ten[84]-headed[85] blind[83] Ravan had his head[86] cut off but what greatness[87] was obtained by slaying him ?	ਦਸਾਂ[84] ਸੀਸਾਂ[85] ਵਾਲੇ ਅੰਨ੍ਹੇ[83] ਰਾਵਣ ਨੇ ਆਪਣੇ ਸੀਸ[86] ਕਟਵਾ ਲਏ; ਪ੍ਰੰਤੂ, ਉਸ ਨੂੰ ਮਾਰਨ ਦੁਆਰਾ ਕਿਹੜੀ ਵਡਿਆਈ[87] ਪਾ ਲਈ ?
ਕਿਆ ਉਪਮਾ[88] ਤੇਰੀ ਆਖੀ[89] ਜਾਇ ॥	What glory[88] of Thine, O Lord, can be uttered[89] ?	ਤੇਰੀ ਕਿਹੜੀ ਕੇਹੜੀ ਪ੍ਰਭਤਾ[88], ਹੇ ਸੁਆਮੀ, ਕਹੀ[89] ਜਾ ਸਕਦੀ ਹੈ ?
ਤੂੰ ਸਰਬੇ[90] ਪੂਰਿ ਰਹਿਆ[91] ਲਿਵ[92] ਲਾਇ[93] ॥੧॥ ਰਹਾਉ॥	Thou art fully pervading[91] every where[90] and bearest[93] love[92] to Thine creatures. Pause.	ਤੂੰ ਹਰ ਥਾਂ[90] ਪਰੀਪੂਰਨ[91] ਹੋ ਰਿਹਾ ਹੈਂ ਅਤੇ ਆਪਣੇ ਜੀਵ ਜੰਤੂਆਂ ਨੂੰ ਪਿਆਰ[92] ਕਰਦਾ[93] ਹੈਂ । ਠਹਿਰਾਉ ।
ਜੀਅ[94] ਉਪਾਇ[95]ਜੁਗਤਿ[96] ਹਥਿ[97] ਕੀਨੀ ਕਾਲੀ[98] ਨਥਿ[99] ਕਿਆ ਵਡਾ[100] ਭਇਆ ॥	O Lord, when Thou has created[95] the beings[94] and holdest in Thy hand[97] their destiny[96], it is no greatness[100] to put a ring[99] in the nose of black cobra (as done by Lord Krishna).	ਜੀਵਾਂ[94] ਨੂੰ ਪੈਦਾ[95] ਕਰ ਕੇ ਤੂੰ ਉਨ੍ਹਾਂ ਦੀ ਰਹਿਣੀ ਬਹਿਣੀ[96] ਆਪਣੇ ਹੱਥ[97] ਵਿਚ ਘੁੱਟ ਕੇ ਫੜੀ ਹੋਈ ਹੈ । ਕਾਲੇ ਸਰਪ[98] ਦੇ ਨੱਕ-ਨਕੇਲ[99] ਪਾ ਕੇ, ਕਿਹੜੀ ਮਹਾਨਤਾ[100] ਪ੍ਰਾਪਤ ਕਰ ਲਈ ?
ਕਿਸੁ ਤੂੰ ਪੁਰਖੁ[2] ਜੋਰੂ[3] ਕਉਣ ਕਹੀਐ ਸਰਬ[4] ਨਿਰੰਤਰਿ[5] ਰਵਿ ਰਹਿਆ[6] ॥੨॥	Whose Husband[2] art Thou ? Who is said to be Thy wife[3] ? Thou art uniformly[5] contained[6] amongst all[4].	ਤੂੰ ਕੀਹਦਾ ਖ਼ਸਮ[2] ਹੈਂ ? ਕਿਹੜੀ ਤੇਰੀ ਪਤਨੀ[3] ਆਖੀ ਜਾਣੀ ਹੈ ? ਤੂੰ ਸਾਰਿਆਂ[4] ਵਿਚ ਇਕਰਸ[5] ਰਮ[6] ਰਿਹਾ ਹੈਂ।
ਨਾਲਿ[7] ਕੁਟੰਬੁ[8] ਸਾਥਿ[9] ਵਰਦਾਤਾ[10]ਬ੍ਰਹਮਾ ਭਾਲਣ[12] ਸ੍ਰਿਸਟਿ[13] ਗਇਆ ॥	Brahma, the grantor of boons[10], with[9] his progeny[8] went into the lotus tube[7] to ascertain[12] the world's[13] extent.	ਮੁਰਾਦਾਂ ਬਖ਼ਸ਼ਣ ਵਾਲਾ[10] ਬ੍ਰਹਮਾ ਆਪਣੇ ਪ੍ਰਵਾਰ[8]ਸਮੇਤ[9] ਦੁਨੀਆਂ[13] ਦਾ ਵਿਸਥਾਰ ਮਲੂਮ[12] ਕਰਨ ਲਈ ਕੰਵਲ ਦੀ ਨਲਕੀ[7] ਅੰਦਰ ਗਿਆ ।
ਆਗੈ[14]ਅੰਤੁ[15] ਨ ਪਾਇਓ[17] ਤਾਕਾ[16] ਕੰਸੁ ਛੇਦਿ[18] ਕਿਆ ਵਡਾ ਭਇਆ ॥੩॥	Proceeding further[14], he could not find[17] the limit[15] thereof[16]. What glory was obtained by killing[18] Kans, the King ?	ਅਗੇ ਜਾ ਕੇ[14] ਉਸ ਨੂੰ ਉਸ ਦੇ[16] ਓੜਕ[15] ਦਾ ਪਤਾ[17] ਨਾ ਲੱਗਾ । ਕੰਸ ਨੂੰ ਮਾਰ ਕੇ[18] ਕੀ ਪ੍ਰਭਤਾ ਪ੍ਰਾਪਤ ਕੀਤੀ?
ਰਤਨ[19] ਉਪਾਇ[20] ਧਰੇ[21] ਖੀਰੁ[22] ਮਥਿਆ[23] ਹੋਰਿ ਭਖਲਾਏ[25] ਜਿ ਅਸੀ[26] ਕੀਆ[27] ॥	The Ocean of milk[22] was churned[23] and the gems[19] were produced[20] and brought forth[21]. The gods and demons indignantly roared[25], "We[26] have done[27] this."	ਦੂਧ[22] ਦਾ ਸਮੁੰਦਰ ਰਿੜਕਿਆ[23] ਗਿਆ ਅਤੇ ਅਮੋਲਕ ਪਦਾਰਥ[19] ਪੈਦਾ ਕਰਕੇ[20] ਬਾਹਰ ਕਢੇ[21] ਗਏ । ਦੇਵਤੇ ਤੇ ਦੈਂਤ ਹੋਰ[24] ਗੁੱਸੇ ਵਿਚ ਗੱਜ ਉਠੇ[25], ਕਿ "ਅਸਾਂ[26] ਨੇ ਇਹ ਕੀਤਾ[27] ਹੈ ।"
੩੫੧		
ਕਹੈ ਨਾਨਕੁ ਛਪੈ ਕਿਉ[29] ਛਪਿਆ[28] ਏਕੀ[30] ਏਕੀ ਵੰਡਿ ਦੀਆ[31] ॥੪॥੭॥	Says Nanak, by concealing[28] how[29] can the Lord be concealed ? He distributed[31] all the gems one by one[30].	ਗੁਰੂ ਜੀ ਆਖਦੇ ਹਨ, ਲੁਕਾਉਣ[28] ਦੁਆਰਾ ਸਾਹਿਬ ਕਿਸ ਤਰ੍ਹਾਂ[29] ਲੁਕਾਇਆ ਜਾ ਸਕਦਾ ਹੈ । ਇਕ ਇਕ ਕਰਕੇ[30] ਉਸ ਨੇ ਸਾਰੇ ਰਤਨ ਵੰਡ ਦਿੱਤੇ[31] ।

ਆਸਾ ਮਹਲਾ ੧ ॥
ਕਰਮ[32] ਕਰਤੂਤਿ[33] ਬੇਲਿ[34] ਬਿਸਥਾਰੀ[35] ਰਾਮ ਨਾਮੁ ਫਲੁ[36] ਹੂਆ ॥
ਤਿਸੁ[37] ਰੂਪੁ[38] ਨ ਰੇਖ[39] ਅਨਾਹਦੁ[40] ਵਾਜੈ[41] ਸਬਦੁ[42] ਨਿਰੰਜਨਿ[43] ਕੀਆ[44] ॥੧॥
ਕਰੇ ਵਖਿਆਣੁ[45] ਜਾਣੈ[56] ਜੇ ਕੋਈ[47] ॥

ਅੰਮ੍ਰਿਤੁ[48] ਪੀਵੈ[49] ਸੋਈ[50] ॥੧॥ਰਹਾਉ॥
ਜਿਨ੍ ਪੀਆ ਸੇ[51] ਮਸਤ[52] ਭਏ ਹੈ ਤੂਟੇ ਬੰਧਨ[53] ਫਾਹੇ[54] ॥
ਜੋਤੀ[55] ਜੋਤਿ[56] ਸਮਾਣੀ[57] ਭੀਤਰਿ[58] ਤਾ[59] ਛੋਡੇ[60] ਮਾਇਆ[61] ਕੇ ਲਾਹੇ[62] ॥੨॥
ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ[63] ਤੇਰੀ ਮਾਇਆ ॥
ਰਾਰੈ[64] ਰੂਪਿ[65] ਨਿਰਾਲਮੁ[66] ਬੈਠਾ[67] ਨਦਰਿ[68] ਕਰੇ[69] ਵਿਚਿ[70] ਛਾਇਆ[71] ॥੩॥

ਬੀਣਾ[72] ਸਬਦੁ[73] ਵਜਾਵੈ ਜੋਗੀ ਦਰਸਨਿ[74] ਰੂਪਿ[75] ਅਪਾਰਾ[76] ॥
ਸਬਦਿ[77] ਅਨਾਹਦਿ[78] ਸੋ[79] ਸਹੁ[80] ਰਾਤਾ[81] ਨਾਨਕੁ ਕਹੈ ਵਿਚਾਰਾ[82] ॥੪॥੮॥
ਆਸਾ ਮਹਲਾ ੧ ॥
ਮੈ ਗੁਣ[83] ਗਲਾ[84] ਕੇ ਸਿਰਿ[85] ਭਾਰ[86] ॥

Asa Measure. Ist Guru.
The vine[34] of good actions[32] and true character[33] is spread[35] out and it bears the fruit[36] of Lord's Name.
The[37] Name has no form[38] or outline[39] and it resounds[41] spontaneously[40]. Through the Name[42], the pure Lord[43] is revealed[44].
If[47] one understands[46] the Name, then, alone he can discourse[45] there-on.

He alone[50] quaffs[49] the Nectar[48] (of the Name). Pause.
They[51], who taste ambrosia are elated[52] and their bonds[53] and halters[54] are cut off.
When man's light[56] blends[57] in[58] the Divine Light[55], then[59] greed[62] for mammon[61] is ended[60].
Amongst all lights, I behold Thy form. All the worlds[63] are Thine wealth.
Amidst various forms[65] and their disputes[64] He sits[67] aloof[66] and casts[69] His merciful glance[68] even on those, who are engrossed[70] in spiritual ignorance[71].
The Yogi who plays on the flute[72] of God's Name[73], sees the sight[74] of the infinitely[76] beautiful[75] Lord.
Sayeth Nanak, the meak[82], that He[79], the Lord[80], is absorbed[81] in the celestial strain[78] of the Name[77].

Asa Measure. Ist Guru.
The virtue[83] in me is that, on my head[85] I carry the load[86] of talking[84].

ਰਾਗ ਆਸਾ ਪਹਿਲੀ ਪਾਤਸ਼ਾਹੀ ।
ਚੰਗੇ ਅਮਲਾਂ[32] ਅਤੇ ਸਚੇ ਚਾਲ-ਚਲਨ[33] ਦੀ ਬੇਲ[34] ਫੈਲਰੀ[35] ਹੋਈ ਹੈ ਅਤੇ ਇਸ ਨੂੰ ਸੁਆਮੀ ਦੇ ਨਾਮ ਦਾ ਮੇਵਾ[36] ਲਗਿਆ ਹੋਇਆ ਹੈ ।
ਉਸ[37] ਨਾਮ ਦਾ ਕੋਈ ਸਰੂਪ[38] ਜਾਂ ਨੁਹਾਰ[39] ਨਹੀਂ । ਇਹ ਸੁਤੇ ਸਿਧ[40] ਗੂੰਜਦਾ ਹੈ । ਨਾਮ[42] ਦੇ ਰਾਹੀਂ ਹੀ ਪਵਿੱਤ੍ਰ ਪ੍ਰਭੂ[43] ਪ੍ਰਗਟ ਹੁੰਦਾ[44] ਹੈ ।

ਜੇਕਰ[47] ਇਨਸਾਨ ਨਾਮ ਨੂੰ ਸਮਝੇ[46],ਕੇਵਲ ਤਦ ਹੀ ਉਹ ਇਸ ਦੀ ਵਿਆਖਿਆ[45] ਕਰ ਸਕਦਾ ਹੈ; ਅਤੇ

ਕੇਵਲ ਓਹੀ[50] ਸੁਧ ਅੰਮ੍ਰਿਤ ਰਸ[48] ਨੂੰ ਪਾਨ[49] ਕਰਦਾ ਹੈ । ਠਹਿਰਾਉ ।
ਜੋ ਆਬਿ-ਹਿਯਾਤ ਨੂੰ ਚੱਖਦੇ ਹਨ,ਉਹ[51] ਪਰਮ ਪ੍ਰਸੰਨ[52] ਹੋ ਜਾਂਦੇ ਹਨ । ਉਨ੍ਹਾਂ ਦੇ ਜੂੜ[53] ਅਤੇ ਫਾਂਸੀਆਂ[54] ਕੱਟੀਆਂ ਜਾਂਦੀਆਂ ਹਨ ।
ਜਦ ਮਨੁੱਖੀ ਨੂਰ[56]ਰੱਬੀ ਨੂਰ[55]ਅੰਦਰ[58] ਲੀਨ[57]ਹੋ ਜਾਂਦਾ ਹੈ, ਤਦ[59] ਧਨ-ਦੌਲਤ[61] ਦੀ ਲਾਲਸਾ[62]ਮੁੱਕ[60]ਜਾਂਦੀ ਹੈ।
ਸਾਰੀਆਂ ਰੋਸ਼ਨੀਆਂ ਅੰਦਰ ਮੈਂ ਤੇਰਾ ਸਰੂਪ ਦੇਖਦਾ ਹਾਂ। ਸਾਰੇ ਜਹਾਨ[63] ਤੇਰੀ ਦੌਲਤ ਹਨ ।

ਅਨੇਕਾਂ ਸਰੂਪਾਂ[65] ਅਤੇ ਉਨ੍ਹਾਂ ਦਿਆਂ ਝਗੜਿਆਂ[64] ਅੰਦਰ ਉਹ ਨਿਰਲੇਪ[66] ਵਿਚਰਦਾ[67] ਹੈ । ਆਤਮਕ ਅਗਿਆਨਤਾ[71] ਅੰਦਰ ਖ਼ੱਚਤ[70],ਹੋਇਆਂ ਉੱਤੇ ਵੀ ਉਹ ਆਪਣੀ ਮਿਹਰ ਦੀ ਨਿਗ੍ਹਾ[68] ਧਾਰਦਾ[69] ਹੈ ।
ਯੋਗੀ ਜੋ ਰੱਬ ਦੇ ਨਾਮ[73] ਦੀ ਬੰਸਰੀ[72] ਵਜਾਉਂਦਾ ਹੈ, ਉਹ ਬਿਅੰਤ[76] ਸੁੰਦਰ[75] ਸੁਆਮੀ ਦਾ ਦੀਦਾਰ[74] ਦੇਖ ਲੈਂਦਾ ਹੈ ।
ਮਸਕੀਨ[82] ਨਾਨਕ ਆਖਦਾ ਹੈ : ਉਹ[79] ਸਾਹਿਬ[80]ਨਾਮ[77] ਦੇ ਬੈਕੁੰਠੀ ਕੀਰਤਨ[78] ਅੰਦਰ ਲੀਨ[81] ਹੈ ।

ਰਾਗ ਆਸਾ ਪਹਿਲੀ ਪਾਤਸ਼ਾਹੀ
ਮੇਰੀ ਖੂਬੀ[83] ਇਹ ਹੈ ਕਿ ਆਪਣੇ ਸੀਸ[85] ਉਤੇ ਮੈਂ ਵਾਧੂ ਗੱਲਾਂ ਬਾਤਾਂ[84] ਕਰਨ ਦਾ ਬੋਝ[86] ਚੁੱਕਿਆ ਹੋਇਆ ਹੈ ।

ਗਲੀ ਗਲਾ ਸਿਰਜਣ-ਹਾਰ[87] ॥	The most excellent of all the talks is the talk of the Creator[87].	ਕਰਤਾਰ[87] ਦਾ ਬਚਨ ਬਿਲਾਸ,ਸਾਰਿਆਂ ਬਚਨ ਬਿਲਾਸਾਂ ਵਿਚੋਂ ਪਰਮ ਸ੍ਰੇਸ਼ਟ ਹੈ।
ਖਾਣਾ ਪੀਣਾ ਹਸਣਾ ਬਾਦਿ[88] ॥ ਜਬ ਲਗੁ[89] ਰਿਦੈ[90] ਨ ਆਵਹਿ ਯਾਦਿ[91] ॥੧॥	Vain[88] is eating, drinking and laughing, unless[89] one remembers[91] not the Lord in his mind[90].	ਜਦ ਤਾਈਂ[89] ਆਪਣੇ ਚਿੱਤ[90] ਅੰਦਰ ਉਸ ਨੂੰ ਸਾਂਈ ਚੇਤੇ[91] ਨਹੀਂ, ਆਉਂਦਾ ਆਦਮੀ ਦਾ ਖਾਣ, ਪੀਣ ਤੇ ਹੱਸਣ ਬੇਫਾਇਦਾ[88] ਹੈ।
ਤਉ[92] ਪਰਵਾਹ[93] ਕੇਹੀ[94] ਕਿਆ[95] ਕੀਜੈ ॥ ਜਨਮਿ ਜਨਮਿ[96] ਕਿਛੁ[97] ਲੀਜੀ[98] ਲੀਜੈ[99] ॥੧॥ਰਹਾਉ॥	If man, throughout his entire life[96] gathers[99] Name, the thing[97] worth having[98], then[92], what[94] for and why[95] should he heed[93] aught else ? Pause.	ਜੇਕਰ ਆਪਣੀ ਸਮੂਹ ਆਰਬਲਾ[96] ਵਿੱਚ ਬੰਦਾ, ਹਾਸਲ ਕਰਨਯੋਗ[98] ਚੀਜ਼[97], ਨਾਮ ਨੂੰ ਇਕੱਤ੍ਰ[99] ਕਰੇ, ਤਾਂ[92] ਉਹ ਕਾਹਦੇ[94]ਲਈ ਅਤੇ ਕਿਉਂ[95]ਕਿਸੇ ਹੋਰਸ ਦੀ ਮੁਫ਼ੰਦਗੀ[93] ਧਰਾਵੇ। ਠਹਿਰਾਉ।
ਮਨ ਕੀ ਮਤਿ[100] ਮਤਾਗਲੁ[2] ਮਤਾ[3] ॥	Mind's intellect[100] is like a drunk[3] elephant[2].	ਮਨ ਦੀ ਅਕਲ[100] ਨਸ਼ਈ[3] ਹਾਥੀ[2] ਵਰਗੀ ਹੈ।
ਜੋ ਕਿਛੁ[4] ਬੋਲੀਐ[5] ਸਭੁ[6] ਖਤੋ ਖਤਾ[7] ॥	Whatever[4] one utters[5], is all[6] utterly erroneous of the erroneous[7].	ਜਿਹੜਾ ਕੁਛ[4] ਅਸੀਂ ਆਖਦੇ[5] ਹਾਂ ਉਹ ਸਾਰਾ[6] ਗ਼ਲਤਾਂ ਦਾ ਗ਼ਲਤ[7] ਹੈ।
ਕਿਆ ਮੁਹੁ[8] ਲੈ ਕੀਚੈ ਅਰਦਾਸਿ[9] ॥ ਪਾਪੁ[10] ਪੁੰਨੁ[12] ਦੁਇ[15] ਸਾਖੀ[13] ਪਾਸਿ[14] ॥੨॥	With what face[8] should we make the supplication[9], when both[15] vice[10] and virtue[12] are close at hand[14] as witnesses[13] ?	ਕਿਹੜਾ ਮੂੰਹ[8] ਲੈ ਕੇ ਅਸੀਂ ਬੇਨਤੀ[9] ਕਰੀਏ, ਜਦ ਕਿ ਗੁਨਾਹ[10] ਤੇ ਗੁਣ[12] ਦੋਨੇ[15], ਗਵਾਹਾਂ[13] ਵਜੋਂ, ਨੇੜੇ[14] ਹੀ ਹਨ।
ਜੈਸਾ[15*]ਤੂੰ ਕਰਹਿ[16] ਤੈਸਾ[17] ਕੋ ਹੋਇ ॥	As[15*] Thou makest[16] any one, so[17] does he become.	ਜੇਹੋ ਜੇਹਾ[15*] ਤੂੰ ਕਿਸੇ ਨੂੰ ਬਣਾਉਂਦਾ[16] ਹੈਂ,ਉਹੋ[17]ਜੇਹਾ ਉਹ ਹੋ ਜਾਂਦਾ ਹੈ।
ਤੁਝ ਬਿਨੁ[18] ਦੂਜਾ ਨਾਹੀ ਕੋਇ ॥	Without[18] Thee, is not there any other.	ਤੇਰੇ ਬਗੈਰ[18] ਹੋਰ ਕੋਈ ਦੂਸਰਾ ਨਹੀਂ।
ਜੇਹੀ ਤੂੰ ਮਤਿ[19] ਦੇਹਿ ਤੇਹੀ ਕੋ ਪਾਵੈ ॥	As is the understanding[19] Thou givest any one, the like-wise he receives.	ਜੇਹੋ ਜੇਹੀ ਸਮਝ[19] ਤੂੰ ਕਿਸੇ ਨੂੰ ਦਿੰਦਾ ਹੈਂ, ਉਹੋ ਜੇਹੀ ਹੀ ਉਹ ਹਾਸਲ ਕਰਦਾ ਹੈ।
ਤੁਧੁ ਆਪੇ ਭਾਵੈ[20] ਤਿਵੈ ਚਲਾਵੈ[21] ॥੩॥	As it pleases[20] Thee, so do Thou drivest[21] the man.	ਜਿਸ ਤਰ੍ਹਾਂ ਤੈਨੂੰ ਚੰਗਾ[20] ਲਗਦਾ ਹੈ, ਉਸੇ ਤਰ੍ਹਾਂ ਤੂੰ ਬੰਦੇ ਨੂੰ ਤੋਰਦਾ[21] ਹੈਂ।
ਰਾਗ[22] ਰਤਨ[23] ਪਰੀਆ[24] ਪਰਵਾਰ[25*] ॥	The Divine music[22] with its consorts[24] and family[25*] is a gem[23].	ਆਪਣੀਆਂ ਰਾਗਣੀਆਂ[24] ਤੇ ਵੰਸ਼[25*] ਸਮੇਤ ਈਸ਼ਵਰੀ ਕੀਰਤਨ[22] ਇਕ ਜਵੇਹਰ[23] ਹੈ।
ਤਿਸੁ[25] ਵਿਚਿ[26] ਉਪਜੈ[27] ਅੰਮ੍ਰਿਤੁ ਸਾਰ[28] ॥	From within[26] that[25], the essence[28] of ambrosia is produced[27].	ਉਸ[25] ਦੇ ਵਿੱਚੋਂ[26] ਸੁੱਧਾਰਸ ਦਾ ਜੌਹਰ[28] ਉਤਪੰਨ[27] ਹੁੰਦਾ ਹੈ।
ਨਾਨਕ ਕਰਤੇ[29] ਕਾ ਇਹੁ ਧਨੁ ਮਾਲੁ[30] ॥	Nanak, this is the wealth and property[30] of the Creator[29].	ਨਾਨਕ, ਇਹ ਸਿਰਜਣਹਾਰ[29] ਦੀ ਦੌਲਤ ਅਤੇ ਜਾਇਦਾਦ[30] ਹੈ।

ਜੇ ਕੋ ਬੂਝੈ[31] ਏਹੁ ਬੀਚਾਰੁ[32] ॥੪॥੯॥

If one were to understand[31], this is the quintersence[32].

ਕੀ ਕੋਈ ਐਸਾ ਜਣਾ ਹੈ, ਜੋ ਇਸ ਨੁਕਤੇ, ਨਜ਼ਰੀਏ[32] ਨੂੰ ਸਮਝਦਾ[31] ਹੈ ।

ਆਸਾ ਮਹਲਾ ੧ ॥

Asa Measure. Ist Guru.

ਰਾਗ ਆਸਾ ਪਹਿਲੀ ਪਾਤਸ਼ਾਹੀ

ਕਰਿ ਕਿਰਪਾ[33] ਅਪਨੈ ਘਰਿ[34] ਆਇਆ ਤਾ[35] ਮਿਲਿ[36] ਸਖੀਆ[37] ਕਾਜੁ[38] ਰਚਾਇਆ ॥

When through His kindness[33], the Bridegroom came to my house[34], then[35], meeting together[36], my girl-friends arranged for the marriage[38].

ਜਦ ਆਪਣੀ ਮਿਹਰ[33] ਰਾਹੀਂ ਕੰਤ ਮੇਰੇ ਧਾਮ[34] ਵਿੱਚ ਆ ਗਿਆ, ਤਦ[35], ਮੇਰੀਆਂ ਸਹੇਲੀਆਂ[37] ਨੇ, ਇਕੱਠੇ[36] ਹੋ ਕੇ, ਵਿਆਹ[38] ਦਾ ਪ੍ਰਬੰਧ ਕੀਤਾ ।

ਖੇਲੁ[39] ਦੇਖਿ ਮਨਿ ਅਨਦੁ[40] ਭਇਆ ਸਹੁ[41] ਵੀਆਹਣ ਆਇਆ ॥੧॥

Seeing this play[39], my mind became happy[40]. My Groom[41], the Lord, has come to wed me.

ਇਸ ਖੇਡ[39] ਨੂੰ ਵੇਖ ਕੇ ਮੇਰਾ ਚਿੱਤ ਪ੍ਰਸੰਨ[40] ਹੋ ਗਿਆ ਹੈ । ਮੇਰਾ ਹਰੀ ਲਾੜ੍ਹਾ[41] ਮੈਨੂੰ ਵਿਆਹਣ ਲਈ ਆਇਆ ਹੈ ।

ਗਾਵਹੁ ਗਾਵਹੁ ਕਾਮਣੀ[42] ਬਿਬੇਕ[43] ਬੀਚਾਰੁ[44] ॥

Sing, sing, O ladies[42], the songs of wisdom[43] and reflection[44].

ਗਾਇਨ ਕਰੋ,ਗਾਇਨ ਕਰੋ, ਹੇ ਇਸਤ੍ਰੀਓ[42] ! ਸਿਆਣਪ[43] ਅਤੇ ਸੋਚ ਵੀਚਾਰ[44] ਦੇ ਗੀਤ ।

ਹਮਰੈ ਘਰਿ[48] ਆਇਆ ਜਗ[17] ਜੀਵਨੁ[45] ਭਤਾਰੁ[46] ॥੧॥ਰਹਾਉ॥

Into my home[48], has come my Spouse[46], the Life[45] of the world[47]. Pause.

ਮੇਰੇ ਗ੍ਰਹਿ[48] ਅੰਦਰ ਜਗਤ[47] ਦੀ ਜਿੰਦ[45] ਜਾਨ, ਮੇਰਾ ਕੰਤ[46], ਆਇਆ ਹੈ । ਠਹਿਰਾਉ ।

ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ[47*] ਮਿਲਿਆ ਤਾਂ[49] ਜਾਨਿਆ[48]॥

When through the Guru, I was wedded, and I met my Spouse[47*], then[49], I did recognise[48] Him.

ਗੁਰਾਂ ਦੇ ਰਾਹੀਂ ਮੇਰਾ ਵੀਵਾਹ ਹੋ ਗਿਆ । ਜਦ ਮੈਂ ਆਪਣੇ ਕੰਤ[47*] ਨੂੰ ਮਿਲ ਪਿਆ, ਤਦ[49] ਮੈਂ ਉਸ ਨੂੰ ਸਿੰਆਣ[48] ਲਿਆ ।

ਤਿਹੁ ਲੋਕਾ[50] ਮਹਿ ਸਬਦੁ[51] ਰਵਿਆ[52] ਹੈ ਆਪੁ[53] ਗਇਆ[54] ਮਨੁ ਮਾਨਿਆ[55] ॥੨॥

His Name[51] pervades[52] the three worlds[50], and when my pride[53] was stilled[54], my mind became happy[55].

ਉਸ ਦਾ ਨਾਮ[51] ਤਿੰਨਾਂ ਜਹਾਨਾਂ[50] ਅੰਦਰ ਵੱਸ[52] ਰਿਹਾ ਹੈ । ਜਦ ਮੇਰਾ ਹੰਕਾਰ[53] ਨਵਿਰਤ[54] ਹੋ ਗਿਆ, ਮੇਰਾ ਚਿੱਤ ਪ੍ਰਸੰਨ ਹੋ ਗਿਆ[55] ।

ਆਪਣਾ ਕਾਰਜੁ[56] ਆਪਿ ਸਵਾਰੇ[57] ਹੋਰਨਿ[58] ਕਾਰਜੁ ਨ ਹੋਈ ॥

His own affair[56] the Lord Himself arranges[57]. This affair cannot be arranged by any other.

ਆਪਣਾ ਕੰਮ[56], ਸੁਆਮੀ ਆਪ ਹੀ ਰਾਸ[57] ਕਰਦਾ ਹੈ । ਇਹ ਕੰਮ ਕਿਸੇ ਹੋਰਸ[58] ਪਾਸੋਂ ਰਾਸ ਨਹੀਂ ਹੋ ਸਕਦਾ।

ਜਿਤੁ ਕਾਰਜਿ[59] ਸਤੁ[60] ਸੰਤੋਖੁ[61] ਦਇਆ[62] ਧਰਮੁ[63] ਹੈ ਗੁਰਮੁਖਿ[64] ਬੂਝੈ[65] ਕੋਈ[66] ॥੩॥

Through the[64] Guru, some rare person[66] understands[65] this marriage[59], by which truth[60], contentment[61], mercy[62] and faith[63] are produced.

ਗੁਰਾਂ[64] ਦੇ ਰਾਹੀਂ ਕੋਈ ਵਿਰਲਾ ਪੁਰਸ[66] ਹੀ ਇਸ ਵਿਵਾਹ[59] ਨੂੰ ਸਮਝਦਾ[65] ਹੈ,ਜਿਸ ਦੁਆਰਾ ਸਚ[60],ਸਬਰ-ਸਿਦਕ[61] ਰਹਿਮ[62] ਤੇ ਈਮਾਨ[63] ਪੈਦਾ ਹੁੰਦੇ ਹਨ ।

ਭਨਤਿ[67] ਨਾਨਕੁ ਸਭਨਾ ਕਾ ਪਿਰੁ[68] ਏਕੋ[69] ਸੋਇ[70] ॥

Says[67] Nanak, that[70] Lord alone[69] is the Spouse[68] of all.

ਗੁਰੂ ਜੀ ਆਖਦੇ[67] ਹਨ, ਕੇਵਲ[69] ਓਹੀ[70] ਸੁਆਮੀ ਹੀ ਸਾਰਿਆਂ ਦਾ ਕੰਤ[68] ਹੈ ।

ਜਿਸਨੋ ਨਦਰਿ[71] ਕਰੇ[72]

She[73], on whom He casts[72] His

ਜਿਸ ਉੱਤੇ ਉਹ ਹਰੀ-ਕੰਤ ਆਪਣੀ ਮਿਹਰ[71] ਦੀ

ਸਾ[73] ਸੋਹਾਗਣਿ[74] ਹੋਇ ॥ ੪॥੧੦॥	merciful[71] glance, becomes a blessed wife[74].	ਨਜ਼ਰ ਧਾਰਦਾ[72] ਹੈ, ਉਹ[73] ਅਨੰਦ ਮਾਣਨ ਵਾਲੀ ਪਤਨੀ[74] ਹੋ ਜਾਂਦੀ ਹੈ।
ਆਸਾ ਮਹਲਾ ੧ ॥	Asa Measure. Ist Guru.	ਰਾਗ ਆਸਾ ਪਹਿਲੀ ਪਾਤਸ਼ਾਹੀ
ਗ੍ਰਿਹੁ[75] ਬਨੁ[76] ਸਮਸਰਿ[77] ਸਹਜਿ ਸੁਭਾਇ[78] ॥	Home[75] and forest[76] are alike[77] for him, who abides in equipoise[78].	ਉਹ ਜੋ ਅਡੋਲਤਾ[78] ਅੰਦਰ ਵਸਦਾ ਹੈ, ਉਸ ਦੇ ਲਈ ਘਰ[75] ਅਤੇ ਜੰਗਲ[76] ਇਕਸਾਰ[77] ਹਨ।
ਦੁਰਮਤਿ[79] ਗਤੁ ਭਈ[80] ਕੀਰਤਿ[81] ਠਾਇ[82] ॥	His evil intellect[79] departs[80] and God's praise[81] takes its place[82].	ਉਸਦੀ ਮੰਦੀ ਅਕਲ[79] ਦੂਰ[80] ਹੋ ਜਾਂਦੀ ਹੈ ਅਤੇਵਾਹਿਗੁਰੂ ਦੀ ਸਿਫਤ ਸ਼ਲਾਘਾ[81] ਉਸ ਦੀ ਜਗ੍ਹਾ[82] ਮੱਲ ਲੈਂਦੀ ਹੈ।
ਸਚ ਪਉੜੀ[83] ਸਾਚਉ[85] ਮੁਖਿ[84] ਨਾਂਉ ॥	To utter the True[85] Name with the mouth[84], is the true ladder[83] to ascend to the Lord.	ਮੂੰਹ[84] ਦੇ ਨਾਲ ਸੱਚੇ[85] ਨਾਮ ਦਾ ਉਚਾਰਨ ਕਰਨਾ, ਸਾਂਈ ਕੋਲ ਅਪੜਨ ਲਈ ਸੱਚੀ ਸੀੜ੍ਹੀ[83] ਹੈ।
੩੫੨		
ਸਤਿਗੁਰੁ ਸੇਵਿ ਪਾਏ[88] ਨਿਜ[86] ਥਾਉ[87] ॥੧॥	By serving the True Guru, man finds[88] his own[86] place[87].	ਸੱਚੇ ਗੁਰਾਂ ਦੀ ਟਹਿਲ ਕਮਾਉਣ ਦੁਆਰਾ ਬੰਦਾ ਆਪਣੀ[86] ਨਿੱਜ ਦੀ ਜਗ੍ਹਾ[87] ਲਭ[88] ਲੈਂਦਾ ਹੈ।
ਮਨ[88*] ਚੂਰੇ[89] ਖਟੂ[90] ਦਰਸਨ[91] ਜਾਣੂ[92] ॥	Slaying[89] of one's self[88*] is the knowledge[92] of the six[90] Shashtras[91].	ਆਪਣੇ ਆਪ[88*] ਦਾ ਮਾਰਨਾ[89]ਹੀ ਛਿਆਂ[90] ਸ਼ਾਸਤਰਾਂ[91] ਦਾ ਗਿਆਨ[92] ਹੈ।
ਸਰਬ[93] ਜੋਤਿ[94] ਪੂਰਨ[95] ਭਗਵਾਨੁ[96] ॥੧॥ਰਹਾਉ॥	The light[94] of the Lord[96] is fully pervading[95] all[93]. Pause.	ਪ੍ਰਭੂ[96] ਦਾ ਪ੍ਰਕਾਸ਼[94] ਸਾਰਿਆਂ[93] ਅੰਦਰ ਪਰੀਪੂਰਨ[95] ਹੋ ਰਿਹਾ ਹੈ। ਠਹਿਰਾਉ।
ਅਧਿਕ[97] ਤਿਆਸ[98] ਭੇਖ[99] ਬਹੁ[100] ਕਰੈ[2] ॥	Excessive[97] thirst[98] (of mammon), makes man adopt[2] many[100] religious garbs[99].	ਮਾਇਆ ਦੀ ਘਣੇਰੀ[97] ਤੇਹ[98], ਬੰਦੇ ਪਾਸੋਂ ਬਹੁਤੇ[100] ਮਜ਼ਹਬੀ ਪਹਿਰਾਵੇ[99] ਧਾਰਨ[2] ਕਰਵਾਉਂਦੀ ਹੈ।
ਦੂਖੁ[3] ਬਿਖਿਆ[4] ਸੁਖੁ[5] ਤਨਿ[6] ਪਰਹਰੈ[7] ॥	The pain[3] of sin[4] destroys the body[6] comforts[5].	ਪਾਪ[4] ਦੀ ਪੀੜ[3] ਦੇਹ[6] ਦੇ ਆਰਾਮ[5] ਨੂੰ ਨਸ਼ਟ[7] ਕਰ ਦਿੰਦੀ ਹੈ।
ਕਾਮੁ[8] ਕ੍ਰੋਧੁ[9] ਅੰਤਰਿ[10] ਧਨੁ[12] ਹਿਰੈ[13] ॥	Lust[8] and wrath[9] steal away[13] the wealth[12] of the soul[10].	ਵਿਸ਼ਾ[8] ਅਤੇ ਗੁੱਸਾ[9] ਆਤਮਾ[10] ਦੀ ਦੌਲਤ[12] ਨੂੰ ਚੁਰਾ ਲੈ ਜਾਂਦੇ[13] ਹਨ।
ਦੁਬਿਧਾ[14] ਛੋਡਿ[15] ਨਾਮਿ ਨਿਸਤਰੈ[16] ॥੨॥	By abandoning[15] duality[14], man is saved[16] by repeating God's Name.	ਦਵੈਤ ਭਾਵ[14] ਨੂੰ ਤਿਆਗ[15] ਕੇ, ਇਨਸਾਨ ਰੱਬ ਦੇ ਨਾਮ ਦਾ ਉਚਾਰਨ ਕਰਨ ਦੁਆਰਾ ਬਚ[16] ਜਾਂਦਾ ਹੈ।
ਸਿਫਤਿ[17] ਸਲਾਹਣੂ[18] ਸਹਜ[19] ਅਨੰਦ[20] ॥	In Lord's praise[17] and admiration[18] is Divine[19] bliss[20].	ਸੁਆਮੀ ਦੀ ਕੀਰਤੀ[17] ਤੇ ਉਪਮਾ[18] ਅੰਦਰ ਹੀ ਈਸ਼ਵਰੀ[19] ਖੁਸ਼ੀ[20] ਹੈ।
ਸਖਾ[21] ਸੈਨੁ[22] ਪ੍ਰੇਮੁ[23] ਗੋਬਿੰਦ[24] ॥	Lord's[24] love[23] is mortals friend[21] and relation[22].	ਪ੍ਰਭੂ[24] ਦੀ ਪ੍ਰੀਤ[23] ਪ੍ਰਾਣੀ ਦੀ ਮਿੱਤ੍ਰ[21] ਤੇ ਸਨਬੰਧੀ[22]ਹੈ।
ਆਪੇ ਕਰੇ[25] ਆਪੇ ਬਖਸਿੰਦੁ[26] ॥	God Himself is the Doer[25] and Himself the Pardoner[26].	ਹਰੀ ਆਪ ਸਭ ਕੁਝ ਕਰਨ ਵਾਲਾ[25] ਅਤੇ ਆਪ ਹੀ ਮਾਫ਼ੀ ਦੇਣਹਾਰ[26] ਹੈ।
ਤਨੁ[27] ਮਨੁ[28] ਹਰਿ ਪਹਿ[29] ਆਗੈ[30] ਜਿੰਦੁ[31] ॥੩॥	My body[27] and soul[28] are at God's disposal[29] and my life[31] is at His command[30].	ਮੇਰੀ ਦੇਹ[27] ਤੇ ਆਤਮਾ[28] ਵਾਹਿਗੁਰੂ ਦੀ ਹਜ਼ੂਰੀ[29]ਵਿੱਚ ਹਨ, ਅਤੇ ਮੇਰੀ ਜਿੰਦੜੀ[31] ਉਸ ਦੇ ਹੁਕਮ[30] ਅਧੀਨ।

ਝੂਠ[32] ਵਿਕਾਰੁ[33] ਮਹਾ[34] ਦੂਖੁ[35] ਦੇਹ[36] ॥	Falsehood[32] and vice[33] cause[30] great[34] annoyance[35].	ਕੂੜ[32] ਅਤੇ ਬਦੀ[33] ਬੜੀ[34] ਤਕਲੀਫ਼[35] ਦਿੰਦੇ ਹਨ।
ਭੇਖ[37] ਵਰਨ[38] ਦੀਸਹਿ[39] ਸਭਿ ਖੇਹ[40] ॥	All the false religious garbs[37] and castes[38] look[39] like dust[40].	ਸਾਰੇ ਸੰਪਰਦਾਈ ਬਾਣੇ[37] ਅਤੇ ਜਾਤਾਂ[38] ਮਿੱਟੀ[40] ਦੀ ਮਾਨਿੰਦ ਦਿਸਦੇ[39] ਹਨ।
ਜੋ ਉਪਜੈ[41] ਸੋ[42] ਆਵੈ ਜਾਇ ॥	He[42], who is born[41], continues coming and going.	ਜੋ ਜੰਮਿਆ[41] ਹੈ, ਉਹ[42] ਆਉਂਦਾ ਤੇ ਜਾਂਦਾ ਰਹਿੰਦਾ ਹੈ।
ਨਾਨਕ ਅਸਥਿਰੁ[43] ਨਾਮੁ[44] ਰਜਾਇ[45] ॥੪॥੧੧॥	O Nanak, Lord's[44] will[45] alone is eternal[43].	ਹੇ ਨਾਨਕ, ਕੇਵਲ ਸਾਹਿਬ[44] ਦਾ ਭਾਣਾ[45] ਹੀ ਅਮਰ[43] ਹੈ।
ਆਸਾ ਮਹਲਾ ੧॥	Asa Measure Ist Guru.	ਰਾਗ ਆਸਾ ਪਹਿਲੀ ਪਾਤਸ਼ਾਹੀ
ਏਕੋ[46] ਸਰਵਰੁ[47] ਕਮਲ[48] ਅਨੂਪ[49] ॥	In the tank[47] is the unique[46] and beautiful[49] lotus[48].	ਤਾਲਾਬ[47] ਵਿਚ ਅਦੁੱਤੀ[46] ਅਤੇ ਸੁੰਦਰ[49] ਕੰਵਲ[48] ਹੈ।
ਸਦਾ[50] ਬਿਗਾਸੈ[51] ਪਰਮਲ[52] ਰੂਪ[53] ॥	It ever[50] blooms[51] and is of the pure[52] form[53].	ਇਹ ਸਦੀਵ[50] ਹੀ ਖਿੜਦਾ[51] ਹੈ ਅਤੇ ਪਵਿੱਤ੍ਰ[52] ਸਰੂਪ[53] ਵਾਲਾ ਹੈ।
ਊਜਲ[54] ਮੋਤੀ[55] ਚੂਗਹਿ[56] ਹੰਸ[57] ॥	The swan[57] picks[56] up bright[54] jewels[55].	ਰਾਜ ਹੰਸ[57] ਉਜਲੇ[54] ਜਵਾਹਰਾਤ[55] ਚੁਗਦਾ[56] ਹੈ।
ਸਰਬ[58] ਕਲਾ[59] [60]ਜਗਦੀਸੈ[61] ਅੰਸ[62] ॥੧॥	He is akin[62] to the All[58] powerful[59] Lord[61] of the Universe[60].	ਉਹ ਸਮੂਹ[58] ਸ਼ਕਤੀਵਾਨ[59] ਸ੍ਰਿਸ਼ਟੀ[60] ਦੇ ਸੁਆਮੀ[61] ਦਾ ਇਕ ਅੰਗ[62] ਹੈ।
ਜੋ[63] ਦੀਸੈ ਸੋ[64] ਉਪਜੈ[65] ਬਿਨਸੈ[66] ॥	Who-so-ever[63] is seen, he[64] is subject to birth[65] and death[66].	ਜਿਹੜਾ ਕੋਈ[63] ਦਿਸਦਾ ਹੈ, ਉਹ[64] ਜੰਮਣ[65] ਤੇ ਮਰਨ[66] ਦੇ ਅਧੀਨ ਹੈ।
ਬਿਨੁ[67] ਜਲ[68] ਸਰਵਰਿ[69] ਕਮਲੁ ਨ ਦੀਸੈ ॥੧॥ ਰਹਾਉ ॥	In the tank[69] without[67] water[68], the lotus is not seen. Pause.	ਪਾਣੀ[68] ਤੋਂ ਸਖਣੇ[67] ਤਾਲਾਬ[69] ਅੰਦਰ ਕੰਵਲ ਨਹੀਂ ਦਿਸਦਾ। ਠਹਿਰਾਉ।
ਬਿਰਲਾ[70] ਬੂਝੈ[71] ਪਾਵੈ[72] ਭੇਦੁ ॥[73] ॥	Some rare one[70] knows[71] and understands[72] this secret[73].	ਕੋਈ ਟਾਂਵਾਂ ਜਣਾ[70] ਹੀ ਇਸ ਭੇਤ[73] ਨੂੰ ਜਾਣਦਾ[71] ਤੇ ਸਮਝਦਾ[72] ਹੈ।
ਸਾਖਾ[74] ਤੀਨਿ ਕਹੈ[75] ਨਿਤ[76] ਬੇਦੁ ॥	The Vedas, ever[76] talk[75] of three branches[74].	ਵੇਦ, ਸਦਾ[76] ਹੀ ਤਿੰਨਾਂ ਟਹਿਣੀਆਂ[74] ਦਾ ਜ਼ਿਕਰ ਕਰਦੇ[75] ਹਨ।
ਨਾਦ[77] ਬਿੰਦ[78] ਕੀ ਸੁਰਤਿ[79] ਸਮਾਇ[80] ॥	He, who merges[80] into the knowledge[79] of the Absolute[77] and Relative[78]	ਜੋ ਨਿਰਗੁਣ[77] ਅਤੇ ਸਰਗੁਣ[78] ਪ੍ਰਭੂ ਦੀ ਗਿਆਤ[79] ਅੰਦਰ ਲੀਨ[80] ਹੁੰਦਾ ਹੈ,
ਸਤਿਗੁਰੁ ਸੇਵਿ[81] [82]ਪਰਮਪਦੁ[83] ਪਾਇ ॥੨॥	Lord, obtains the supreme[82] status[83] by serving[81] the True Guru.	ਉਹ ਸੱਚੇ ਗੁਰਾਂ ਦੀ ਟਹਿਲ ਕਮਾ[81] ਕੇ, ਮਹਾਨ[82] ਮਰਤਬੇ[83] ਨੂੰ ਪਾ ਲੈਂਦਾ ਹੈ।
ਮੁਕਤੋ[84] ਰਾਤਉ[85] ਰੰਗਿ[86] ਰਵਾਂਤਉ[87] ॥	He, who is imbued[85] with Lord's love[86] and utters[87] His Name, is emancipated[84].	ਜੋ ਪ੍ਰਭੂ ਦੀ ਪ੍ਰੀਤ[86] ਨਾਲ ਰੰਗਿਆ[85] ਹੈ, ਅਤੇ ਉਸ ਦੇ ਨਾਮ ਦਾ ਉਚਾਰਨ ਕਰਦਾ[87] ਹੈ, ਉਹ ਮੁਕਤ[84] ਹੋ ਜਾਂਦਾ ਹੈ।
ਰਾਜਨ[85] ਰਾਜਿ ਸਦਾ ਬਿਗਸਾਂਤਉ[89] ॥	He is the King of Kings[88] and ever, blossoms[89].	ਉਹ ਪਾਤਿਸ਼ਾਹਾਂ ਦਾ ਪਾਤਸ਼ਾਹ[88] ਹੈ ਅਤੇ ਹਮੇਸ਼ਾ ਖਿੜਿਆ[89] ਰਹਿੰਦਾ ਹੈ।

ਜਿਸੁ ਤੂੰ ਰਾਖਹਿ[90] ਕਿਰਪਾ[91] ਧਾਰਿ[92]॥ ਬੂਡਤ[93] ਪਾਹਨ[94] ਤਾਰਹਿ[95] ਤਾਰਿ[96] ॥੩॥

He, whom Thou preservest[90] by showing[92] Thy mercy[91], O Floater[96], though he be a sinking[93] stone[94], him Thou floatest across[95].

ਆਪਣੀ ਮਿਹਰ[91] ਕਰਕੇ[92],ਜਿਸ ਨੂੰ ਤੂੰ ਬਚਾਉਂਦਾ[90] ਹੈਂ, ਹੇ ਤਾਰਨਵਾਲੇ[96] ! ਭਾਵੇਂ ਉਹ ਡੁਬਦਾ[93] ਹੋਇਆ ਪੱਥਰ[94] ਹੋਵੇ, ਉਸ ਨੂੰ ਤੂੰ ਪਾਰ ਕਰ ਦਿੰਦਾ[95] ਹੈਂ ।

[97]ਤ੍ਰਿਭਵਣ[98] ਮਹਿ[99] ਜੋਤਿ[100] ਤ੍ਰਿਭਵਣ ਮਹਿ ਜਾਣਿਆ[2] ॥

In[99] the three[97] worlds[98] is Thine Light[100] and I realise[2] Thee permeating the three worlds.

ਤਿੰਨਾਂ[97] ਜਹਾਨਾਂ[98] ਅੰਦਰ[99] ਤੇਰਾ ਪਰਕਾਸ਼[100] ਹੈ ਅਤੇ ਮੈਂ ਤੈਨੂੰ ਤਿੰਨਾਂ ਜਹਾਨਾਂ ਅੰਦਰ ਵਿਆਪਕ ਅਨੁਭਵ[2] ਕਰਦਾ ਹਾਂ ।

ਉਲਟਿ[3] ਭਈ ਘਰੁ[4] ਘਰ[5] ਮਹਿ ਆਣਿਆ[6] ॥

By turning[3] my attention from mammon, I have brought[6] myself[4] within my home[5] (self-realization).

ਸੰਸਾਰ ਵਲੋਂ ਮੋੜਾ ਪਾ ਕੇ[3] ਮੈਂ ਆਪਣੇ ਆਪੇ[4] ਨੂੰ ਆਪਣੇ ਹਿਰਦੇ-ਘਰ[5] ਵਿਚ ਲੈ ਆਂਦਾ[6] ਹੈ ।

[13]ਅਹਿਨਿਸਿ[14] ਭਗਤਿ[7] ਕਰੇ[8] ਲਿਵ[9] ਲਾਇ ॥ ਨਾਨਕੁ ਤਿਨ ਕੈ ਲਾਗੈ[10] ਪਾਇ[12] ॥੪॥੧੨॥

Nanak falls[10] at the feet[12] of him, who immersed in love[9], day[13] and night[14], performs Lord's devotional service[7].

ਨਾਨਕ ਉਸ ਦੇ ਪੈਰੀਂ[12] ਪੈਂਦਾ[10] ਹੈ ਜੋ ਪ੍ਰੇਮ[9] ਅੰਦਰ ਭਿੱਜਾ ਦਿਹੁੰ[13] ਰੈਣ[14] ਪ੍ਰਭੂ ਦੀ ਭਗਤੀ[17] ਕਮਾਉਂਦਾ ਹੈ ।

ਆਸਾ ਮਹਲਾ ੧॥

Asa Measure Ist Guru.

ਰਾਗ ਆਸਾ ਪਹਿਲੀ ਪਾਤਿਸ਼ਾਹੀ

ਗੁਰਮਤਿ[15] ਸਾਚੀ ਹੁਜਤਿ[16] ਦੂਰਿ ॥

On receiving the Guru's true instruction[15], man's cavilling[16] departs.

ਗੁਰਾਂ ਦੀ ਸੱਚੀ ਸਿੱਖਿਆ[15] ਪਰਾਪਤ ਕਰਕੇ, ਇਨਸਾਨ ਦੀ ਢੁੱਚਰਬਾਜੀ[16] ਦੂਰ ਹੋ ਜਾਂਦੀ ਹੈ ।

ਬਹੁਤੁ[17] ਸਿਆਣਪ[18] ਲਾਗੈ[19] ਧੂਰਿ[20] ॥

Through excessive[17] cleverness[18], the dust[20] of sin clings[19] to the mortal.

ਖਰੀ[17] ਚਤੁਰਾਈ[18] ਰਾਹੀਂ ਪ੍ਰਾਣੀ ਨੂੰ ਪਾਪਾਂ ਦੀ ਖੇਹ[20] ਚਿਮੜ[19] ਜਾਂਦੀ ਹੈ ।

ਲਾਗੀ ਮੈਲੁ ਮਿਟੈ[21] ਸਚ ਨਾਇ[22] ॥

By the Lord's True Name[22] is removed[21] the dust of attachment.

ਸਾਹਿਬ ਦੇ ਸਚੇ ਨਾਮ[22] ਦੁਆਰਾ ਲੱਗੀ ਹੋਈ ਖੇਹ ਲਹਿ ਜਾਂਦੀ[21] ਹੈ ।

ਗੁਰ ਪਰਸਾਦਿ[23] ਰਹੈ ਲਿਵ[24] ਲਾਇ ॥੧॥

By Guru's favour[23], the mortal remains drenched in the love[24] of the True Name.

ਗੁਰਾਂ ਦੀ ਦਇਆ ਦੁਆਰਾ[23] ਜੀਵ ਸਤਿਨਾਮ ਦੀ ਪ੍ਰੀਤ[24] ਅੰਦਰ ਗੱਚ ਰਹਿੰਦਾ ਹੈ ।

ਹੈ ਹਜੂਰਿ[25] ਹਾਜਰੁ[26] ਅਰਦਾਸਿ[27] ॥

The Lord is just present[25]. Make supplication[27] in His presence[26].

ਸੁਆਮੀ ਹਾਜ਼ਰ ਨਾਜ਼ਰ[25] ਹੈ । ਉਸ ਦੀ ਹਜ਼ੂਰੀ[26] ਅੰਦਰ ਪ੍ਰਾਰਥਨਾ[27] ਕਰ ।

ਦੁਖੁ[28] ਸੁਖੁ[29] ਸਾਚੁ ਕਰਤੇ[30] ਪ੍ਰਭ ਪਾਸਿ[31] ॥੧॥ਰਹਾਉ॥

Woe[28] and weal[29] are in the hand[31] of Lord, the True Creator[30]. Pause.

ਗ਼ਮੀ[28] ਤੇ ਖ਼ੁਸ਼ੀ[29] ਸੱਚੇ ਸਿਰਜਣਹਾਰ[30] ਸੁਆਮੀ ਦੇ ਹੱਥ[31] ਵਿਚ ਹਨ । ਠਹਿਰਾਉ ।

ਕੂੜੁ[32] ਕਮਾਵੈ[33] ਆਵੈ ਜਾਵੈ[34] ॥

He, who practices[33] falsehood[32] continues coming and going[34] (dying and taking birth).

ਜੋ ਝੂਠ[12] ਦੀ ਕਮਾਈ ਕਰਦਾ[31] ਹੈ, ਉਹ ਆਉਂਦਾ ਤੇ ਜਾਂਦਾ ਰਹਿੰਦਾ[34] ਹੈ ।

ਕਹਣਿ[35] ਕਥਨਿ[36] ਵਾਰਾ[37] ਨਹੀ ਆਵੈ ॥

By merely saying[35] and describing[36], the man finds not His limit.

ਆਖਣ[35] ਤੇ ਬਿਆਨ ਕਰਨ ਦੁਆਰਾ[36] ਆਵਾ ਗਉਣ ਦੇ ਓੜਕ[37] ਦਾ ਪਤਾ ਨਹੀਂ ਲੱਗਦਾ ।

ਕਿਆ[40] ਦੇਖਾ[38] ਸੂਝ ਬੂਝ[39] ਨ ਪਾਵੈ ॥

Whatsoever[40] has he seen[38], he attains not understanding[39].

ਉਸ ਨੂੰ ਕੀ[40] ਵਿਖਾਲੀ[38] ਦੇ ਗਿਆ ਹੈ ? ਉਹ ਕੁਝ ਭੀ ਸੋਚ ਸਮਝ[39] ਨਹੀਂ ਕਰਦਾ ।

ਬਿਨੁ ਨਾਵੈ ਮਨਿ ਤ੍ਰਿਪਤਿ[41] ਨ ਆਵੈ ॥੨॥	Without the Name, appeasement[41] enters not the man's mind.	ਨਾਮ ਦੇ ਬਗੈਰ ਮਨੁਸ਼ ਦੇ ਮਨ ਵਿਚ ਰੱਜ[41] ਨਹੀਂ ਆਉਂਦਾ ।
ਜੋ ਜਨਮੇ[42] ਸੇ[43] ਰੋਗਿ[44] ਵਿਆਪੇ[45] ॥ ਹਉਮੈ[46] ਮਾਇਆ[47] ਦੂਖਿ[48] ਸੰਤਾਪੇ[46] ॥	They[43], who are born[42], are engrossed[46] in disease[44], and are tortured[49] by the pain[48] of mammon's[47] pride[48].	ਜਿਹੜੇ ਪੈਦਾ ਹੋਏ[42] ਹਨ, ਉਹ[43] ਬੀਮਾਰੀ[44] ਅੰਦਰ ਮੁਬਤਲਾ[45] ਹਨ ਅਤੇ ਮੋਹਨੀ[47] ਦੀ ਹੰਗਤਾ[46] ਦੀ ਪੀੜ[48] ਦੇ ਦੁਖੀ[49] ਕੀਤੇ ਹੋਏ ਹਨ ।
ਸੇ[50] ਜਨ[51] ਬਾਚੇ[52] ਜੋ ਪ੍ਰਭਿ ਰਾਖੇ[53] ॥	Only those[50] persons[51], are saved[52], whom the Lord preserves[53].	ਜਿਨ੍ਹਾਂ[50] ਪੁਰਸ਼ਾਂ[51] ਨੂੰ ਸੁਆਮੀ ਰਖਦਾ[53] ਹੈ, ਉਹ ਬਚ ਜਾਂਦੇ ਹਨ[52] ।
ਸਤਿਗੁਰੁ ਸੇਵਿ[54] ਅੰਮ੍ਰਿਤ[55] ਰਸੁ[56] ਚਾਖੇ[57] ॥੩॥	By serving[54] the True Guru, they quaff[57] the immortalising[55] Nectar[56].	ਸਚੇ ਗੁਰਾਂ ਦੀ ਘਾਲ ਕਮਾ ਕੇ[54] ਉਹ ਸੁਰਜੀਤ ਕਰਨ-ਹਾਰ[55] ਆਬਿ-ਹਿਯਾਤ[56] ਪਾਨ ਕਰਦੇ[57] ਹਨ ।
ਚਲਤਉ[58] ਮਨੁ ਰਾਖੈ[59] ਅੰਮ੍ਰਿਤੁ ਚਾਖੈ[60] ॥	He, who restrains[59] his unstable[58] mind, tastes[60] ambrosia.	ਜੋ ਆਪਣੇ ਚੰਚਲ[58] ਮਨੂਏ ਨੂੰ ਹੋੜ ਰਖਦਾ[59] ਹੈ, ਉਹ ਸੁਧਾਰਸ ਚੱਖਦਾ[60] ਹੈ ।
ਸਤਿਗੁਰ ਸੇਵਿ[63] ਅੰਮ੍ਰਿਤ[60*] ਸਬਦੂ[61] ਭਾਖੈ[62] ॥	By serving upon[63] the Satguru, man cherishes[62] the ambrosial[60*] Gurbani[61].	ਸਤਿਗੁਰਾਂ ਦੀ ਟਹਿਲ ਕਮਾਉਣ ਦੁਆਰਾ[63], ਇਨਸਾਨ ਜੀਅਦਾਨ ਬਖਸ਼ਣਵਾਲੀ[60*] ਗੁਰਬਾਣੀ[61] ਨੂੰ ਪਿਆਰ[62] ਕਰਦਾ ਹੈ ।
ਸਾਚੈ ਸਬਦਿ ਮੁਕਤਿ[64] ਗਤਿ[65] ਪਾਏ ॥ ਨਾਨਕ ਵਿਚਹੁ[66] ਆਪੁ[67] ਗਵਾਏ[68] ॥੪॥੧੩॥	Through the True word of the Guru (Gurbani), one obtains the dignity[65] of salvation[64], And then, O Nanak, he loses[68] self-conceit[67] from within[66].	ਸੱਚੀ ਗੁਰਬਾਣੀ ਰਾਹੀਂ ਜੀਵ ਮੋਖ਼ਸ਼[64] ਦੇ ਮਰਤਬੇ[65] ਨੂੰ ਪ੍ਰਾਪਤ ਕਰ ਲੈਂਦਾ ਹੈ, ਅਤੇ ਤਦ, ਹੇ ਨਾਨਕ ! ਉਸ ਦੇ ਅੰਦਰੋਂ[66] ਸਵੈ-ਹੰਗਤਾ[67] ਦੂਰ ਹੋ ਜਾਂਦੀ[68] ਹੈ ।
ਆਸਾ ਮਹਲਾ ੧ ॥	Asa Measure Ist Guru.	ਰਾਗ ਆਸਾ ਪਹਿਲੀ ਪਾਤਸ਼ਾਹੀ
ਜੋ[69] ਤਿਨਿ[70] ਕੀਆ[71] ਸੋ[72] ਸਚੁ ਥੀਆ[73] ॥	Whatever,[69]He[70], the Lord, has done[71] has[72] come out true.	ਜਿਸ ਕਿਸੇ[69] ਨੂੰ ਉਹ[70] ਸੁਆਮੀ ਪੂਰਨ ਕਰਦਾ ਹੈ[71], ਉਹ[72] ਸੱਚਾ ਹੋ ਵੰਞਦਾ[73] ਹੈ ।
ਅੰਮ੍ਰਿਤ ਨਾਮੁ ਸਤਿਗੁਰਿ ਦੀਆ[74] ॥	The True Guru gives[74] the man Nectareous Name.	ਉਸ ਨੂੰ ਸਚੇ ਗੁਰਦੇਵ ਜੀ ਅੰਮ੍ਰਿਤਸਈ ਨਾਮ ਦਿੰਦੇ[74] ਹਨ ।
ਹਿਰਦੈ[75] ਨਾਮੁ ਨਾਹੀ ਮਨਿ[76] ਭੰਗੁ[77] ॥ ਅਨ[78] ਦਿਨੁ ਨਾਲਿ ਪਿਆਰੇ[79] ਸੰਗੁ[80] ॥੧॥	With the Name in his heart[75], he mentally[76] separates[77] not from Him. And night[78] and day abides in the association[80] of his Beloved[79].	ਆਪਣੇ ਦਿਲ[75] ਅੰਦਰ ਨਾਮ ਸਹਿਤ, ਉਹ ਰਾਤ[78] ਦਿਨ ਆਪਣੇ ਪ੍ਰੀਤਮ[79] ਦੀ ਸੰਗਤਿ[80] ਅੰਦਰ ਵਸਦਾ ਹੈ ਅਤੇ ਮਾਨਸਕ ਤੌਰ ਤੇ[76] ਉਸ ਨਾਲੋਂ ਵੱਖਰਾ[77] ਨਹੀਂ ਹੁੰਦਾ ।
ਹਰਿ ਜੀਉ[81] ਰਾਖਹੁ[82] ਅਪਨੀ ਸਰਣਾਈ[83] ॥	O reverened[81] God, keep[82] me under Thine protection[83].	ਹੇ ਮਾਣਨੀਯ[81] ਵਾਹਿਗੁਰੂ ! ਮੈਨੂੰ ਆਪਣੀ ਪਨਾਹ[83] ਹੇਠਾਂ ਰੱਖ[82] ।
੩੫੩		
ਗੁਰ ਪਰਸਾਦੀ[84] ਹਰਿ ਰਸੁ[85] ਪਾਇਆ ਨਾਮੁ	By Guru's favour[84], I have obtained God's elixir[85], and received[88] the nine	ਗੁਰਾਂ ਦੀ ਰਹਿਮਤ ਸਦਕਾ[84] ਮੈਂ ਵਾਹਿਗੁਰੂ ਦੇ ਅੰਮ੍ਰਿਤ[85] ਨੂੰ ਪਾਇਆ ਹੈ ਅਤੇ ਨਾਮ ਦੀ ਦੌਲਤ[86] ਦੇ ਨੌਂਵਾਂ

ਪਦਾਰਥੁ[86] ਨਉ ਨਿਧਿ[87] ਪਾਈ[88] ॥੧॥ ਰਹਾਉ ॥

treasures[87] of the wealth[86] of the Name. Pause.

ਖ਼ਜ਼ਾਨਿਆਂ[87] ਨੂੰ ਪ੍ਰਾਪਤ[88] ਕੀਤਾ ਹੈ। ਠਹਿਰਾਉ।

ਕਰਮ[89] ਧਰਮ[90] ਸਚੁ[91] ਸਾਚਾ ਨਾਉ[92] ॥ ਤਾਕੈ[92*] ਸਦ[93] ਬਲਿਹਾਰੈ[94] ਜਾਉ ॥

Those, whose actions[89] and faith[90] lie in the True Name[92] of the True One[91], Unto them[92*] I am ever[93] a sacrifice[94].

ਜਿਨ੍ਹਾਂ ਦੇ ਅਮਲ[89] ਅਤੇ ਇਸ਼ਟ[90], ਸਤਿ ਪੁਰਖ[91] ਦਾ ਸੱਚਾ ਨਾਮ[92] ਹੀ ਹੈ, ਉਨ੍ਹਾਂ[92*] ਉੱਤੋਂ ਹਮੇਸ਼ਾ[93] ਮੈਂ ਘੋਲੀ ਵੰਞਦਾ[94] ਹਾਂ।

ਜੋ ਹਰਿ ਰਾਤੇ[95] ਸੇ[96] ਜਨ[97] ਪਰਵਾਣੁ[98] ॥

Acceptable[98] become the[96] persons[97], who are imbued[95] with the Lord.

ਕਬੂਲ[98] ਪੈ ਜਾਂਦੇ ਹਨ ਉਹ[96] ਪੁਰਸ਼[97], ਜਿਹੜੇ ਪ੍ਰਭੂ ਨਾਲ ਰੰਗੀਜੇ[95] ਹਨ।

ਤਿਨ[99] ਕੀ ਸੰਗਤਿ[100] ਪਰਮ[2] ਨਿਧਾਨੁ[3] ॥੨॥

In their[99] association[100] supreme[2] wealth[3] is attained.

ਉਨ੍ਹਾਂ[99] ਦੇ ਮੇਲ ਮਿਲਾਪ[100] ਅੰਦਰ ਮਹਾਨ[2] ਪਦਾਰਥ[3] ਪ੍ਰਾਪਤ ਹੁੰਦਾ ਹੈ।

ਹਰਿ ਵਰੁ[4] ਜਿਨਿ ਪਾਇਆ ਧਨ[5] ਨਾਰੀ[6] ॥ ਹਰਿ ਸਿਉ ਰਾਤੀ[7] ਸਬਦੁ[8] ਵੀਚਾਰੀ[9] ॥

Blessed[6] is the bride[6], who has obtained God as her Spouse[4]. She ponders[9] over the Name[8] and is blended[7] with God.

ਮੁਬਾਰਕ[6] ਹੈ ਉਹ ਪਤਨੀ[6], ਜਿਸ ਨੂੰ ਵਾਹਿਗੁਰੂ ਆਪਣੇ ਪਤੀ[4] ਵਜੋਂ ਪ੍ਰਾਪਤ ਹੋਇਆ ਹੈ। ਉਹ ਨਾਮ[8] ਦਾ ਸਿਮਰਨ[9] ਕਰਦੀ ਹੈ ਅਤੇ ਰੱਬ ਨਾਲ ਅਭੇਦ[7] ਹੋ ਜਾਂਦੀ ਹੈ।

ਆਪਿ[10] ਤਰੈ[12] ਸੰਗਤਿ[13] ਕੁਲ[14] ਤਾਰੈ[15] ॥

She not only is herself[10] emancipated[12] but also saves[15] the entire[14] assemblage[13].

ਉਹ ਨਾ ਕੇਵਲ ਖੁਦ[10] ਹੀ ਬੰਦ-ਖ਼ਲਾਸ[12] ਹੈ, ਸਗੋਂ [14]ਸਭਨਾਂ[13] ਨੂੰ ਭੀ ਪਾਰ[15] ਕਰ ਦਿੰਦੀ ਹੈ।

ਸਤਿਗੁਰੁ ਸੇਵਿ ਤਤੁ[16] ਵੀਚਾਰੈ[17] ॥੩॥

She serves the True Guru and deliberates[17] over the reality[16].

ਉਹ ਸਚੇ ਗੁਰਾਂ ਦੀ ਘਾਲ ਕਮਾਉਂਦੀ ਹੈ ਅਤੇ ਅਸਲੀ-ਅਤ[16] ਨੂੰ ਸੋਚਦੀ ਸਮਝਦੀ[17] ਹੈ।

ਹਮਰੀ ਜਾਤਿ ਪਤਿ[18] ਸਚੁ ਨਾਉ ॥

The True Name is my caste and honour[18].

ਸੱਚਾ ਨਾਮ ਮੇਰੀ ਜਾਤੀ ਅਤੇ ਇੱਜ਼ਤ[18] ਹੈ।

ਕਰਮ[19] ਧਰਮ[20] ਸੰਜਮੁ[21] ਸਤ[22] ਭਾਉ[23] ॥

Love[23] of truth[22] is my rituals[19], faith[20] and self-control[21].

ਸੱਚ[22] ਦਾ ਪਿਆਰ[23] ਹੀ ਮੇਰੇ ਕਰਮ ਕਾਂਡ[19], ਈਮਾਨ[20] ਅਤੇ ਸਵੈ-ਸਾਧਨਾ[21] ਹੈ।

ਨਾਨਕ ਬਖਸੇ[24] ਪੂਛ[25] ਨ ਹੋਇ ॥

Nanak, he, whom the Lord forgives[24], is not called to account[25].

ਨਾਨਕ, ਜਿਸ ਨੂੰ ਸਾਹਿਬ ਮਾਫ਼ ਕਰ ਦਿੰਦਾ ਹੈ[24], ਉਸ ਪਾਸੋਂ ਕੋਈ ਹਿਸਾਬ ਕਿਤਾਬ[25] ਨਹੀਂ ਲਿਆ ਜਾਂਦਾ।

ਦੂਜਾ[26] ਮੇਟੇ[27] ਏਕੋ[28] ਸੋਇ[29] ॥੪॥੧੪॥

He[29], the Lord alone[28], effaces[27] duality[26].

ਕੇਵਲ[28] ਉਹ[29] ਸੁਆਮੀ ਹੀ ਦਵੈਤ-ਭਾਵ[26] ਨੂੰ ਨਾਸ[27] ਕਰਦਾ ਹੈ।

ਆਸਾ ਮਹਲਾ ੧ ॥

Asa Measure Ist Guru.

ਰਾਗ ਆਸਾ ਪਹਿਲੀ ਪਾਤਸ਼ਾਹੀ

ਇਕਿ[30] ਆਵਹਿ[31] ਇਕਿ ਜਾਵਹਿ[32] ਆਈ[33] ॥

Some[30] are born[31], and some having been born[33], die away[32].

ਕੋਈ[30] ਜੰਮਦੇ[31] ਹਨ ਅਤੇ ਕਈ ਜੰਮ[33] ਕੇ ਮਰ ਜਾਂਦੇ[32] ਹਨ।

ਇਕਿ ਹਰਿ[34] ਰਾਤੇ ਰਹਹਿ ਸਮਾਈ[35] ॥

Imbued[34] with the Lord, some remain absorbed[35] in Him.

ਸਾਹਿਬ ਨਾਲ ਰੰਗੀਜੇ[34] ਹੋਏ, ਕਈ ਉਸ ਅੰਦਰ ਲੀਨ[35] ਰਹਿੰਦੇ ਹਨ।

ਇਕਿ ਧਰਨਿ[36] ਗਗਨ[37] ਮਹਿ[38] ਠਉਰ[39] ਨ ਪਾਵਹਿ॥

Some get no resting place[39] on earth[36] or in[38] sky[37].

ਕਈਆਂ ਨੂੰ ਜ਼ਮੀਨ[36] ਤੇ ਅਸਮਾਨ[37] ਵਿਚ[38] ਕੋਈ ਆਰਾਮ ਦੀ ਥਾਂ[39] ਨਹੀਂ ਮਿਲਦੀ।

ਸੇ[40] ਕਰਮਹੀਣ[41] ਹਰਿ ਨਾਮੁ ਨ ਧਿਆਵਹਿ[42] ॥੧॥

They[40], the unfortunate ones[41], remember[42] not God's Name.

ਉਹ[40] ਨਿਕਰਮਣ[41], ਵਾਹਿਗੁਰੂ ਦੇ ਨਾਮ ਦਾ ਸਿਮਰਨ[42] ਨਹੀਂ ਕਰਦੇ।

ਗੁਰ ਪੂਰੇ[43] ਤੇ[44] ਗਤਿ[45] ਮਿਤਿ[46] ਪਾਈ ॥

From[44] the Perfect[43] Guru, the way[46] to salvation[45] is obtained.

ਪੂਰਨ[43] ਗੁਰਾਂ ਪਾਸੋਂ[44] ਮੁਕਤੀ[45] ਦਾ ਰਸਤਾ[46] ਪ੍ਰਾਪਤ ਹੁੰਦਾ ਹੈ ।

ਇਹੁ ਸੰਸਾਰੁ[47] [48]ਬਿਖੁ ਵਤ[49] ਅਤਿ[50] [51]ਭਉਜਲੁ[50*] ਗੁਰ ਸਬਦੀ[51*] ਹਰਿ ਪਾਰਿ ਲੰਘਾਈ[52] ॥੧॥ਰਹਾਉ॥

This world[47], an exceedingly[50] terrible[51] ocean[50*], is like[49] poison[48] and by means of Gurbani[51*], the Lord makes the man to cross[52] it. Pause.

ਪਰਮ[50] ਭਿਆਨਕ[51] ਸਮੁੰਦ੍ਰ[50*], ਇਹ ਜਗਤ[47], ਜ਼ਹਿਰ[48] ਵਰਗਾ[49] ਹੈ । ਗੁਰਬਾਣੀ[51*] ਦੇ ਜ਼ਰੀਏ ਪ੍ਰਭੂ, ਪ੍ਰਾਣੀ ਦਾ ਇਸ ਤੋਂ ਪਾਰ ਉਤਾਰਾ[52] ਕਰ ਦਿੰਦਾ ਹੈ । ਠਹਿਰਾਉ ।

ਜਿਨ੍ਹ ਕਉ ਆਪਿ ਲਏ ਪ੍ਰਭੁ ਮੇਲਿ ॥ ਤਿਨ[53] ਕਉ ਕਾਲੁ[54] ਨ ਸਾਕੈ ਪੇਲਿ[55] ॥

They, whom the Lord unites with Himself, them[53], the death[54] cannot crush[55].

ਜਿਨ੍ਹਾਂ ਨੂੰ ਸੁਆਮੀ ਆਪਣੇ ਨਾਲ ਮਿਲਾ ਲੈਂਦਾ ਹੈ, ਉਨ੍ਹਾਂ ਨੂੰ[53] ਮੌਤ[54] ਕੁਚਲ[55] ਨਹੀਂ ਸਕਦੀ ।

ਗੁਰਮੁਖਿ[56] ਨਿਰਮਲ[57] ਰਹਹਿ ਪਿਆਰੇ[58] ॥ ਜਿਉ[59] ਜਲ[60] ਅੰਭ[61] ਊਪਰਿ[62] ਕਮਲ[63] ਨਿਰਾਰੇ[64] ॥੨॥

The sweet[58] Guru-wards[56], remain unsoiled[57], as[59] is the lotus[63], which remains unaffected[64] in[61] and on[62] water[60].

ਮਿਠੜੇ[58] ਗੁਰੂ-ਸਮਰਪਣ[56], ਕੰਵਲ[63] ਦੀ ਮਾਨੰਦ[59] ਸਵੱਛ[57] ਰਹਿੰਦੇ ਹਨ ਜੋ ਪਾਣੀ[60] ਦੇ ਵਿਚ[61] ਅਤੇ ਉੱਤੇ[62] ਨਿਰਲੇਪ[64] ਵਿਚਰਦਾ ਹੈ ।

ਬੁਰਾ[65] ਭਲਾ[66] ਕਹੁ[67] ਕਿਸਨੋ[72] ਕਹੀਐ[73] ॥

Say[67], whom[72] should we call[73] good[66] and whom bad[65], when the Lord[69] is seen[68] amongst all.

ਦੱਸੋ[67] ਅਸੀਂ ਕੀਹਨੂੰ[72] ਚੰਗਾ[66] ਜਾਂ ਮੰਦਾ[65] ਆਖੀਏ[73], ਜਦ ਸਾਂਈ[69] ਸਾਰਿਆਂ ਅੰਦਰ ਨਿਗ੍ਹਾ ਆਉਂਦਾ[68] ਹੈ ।

ਦੀਸੈ[68] ਬ੍ਰਹਮੁ[69] ਗੁਰਮੁਖਿ[70] ਸਚੁਲਹੀਐ[71] ॥ ਅਕਥੁ[74] ਕਥਉ[75] ਗੁਰਮਤਿ[76] ਵੀਚਾਰੁ[77] ॥

It is through the Guru[70], that the truth is known[71]. I utter[75] the Unutterable Lord[74] and ponder[77] on the Guru's instruction[76].

ਮੈਂ ਗੁਰਾਂ ਦੇ ਰਾਹੀਂ[70] ਸੱਚ ਨੂੰ ਜਾਣਦਾ[71], ਅਕਹਿ ਪ੍ਰਭੂ[74] ਨੂੰ ਬਿਆਨ ਕਰਦਾ[75] ਅਤੇ ਗੁਰਾਂ ਦੇ ਉਪਦੇਸ਼[76] ਨੂੰ ਸੋਚਦਾਂ ਸਮਝਦਾ[77] ਹਾਂ ।

ਮਿਲਿ[78] ਗੁਰ ਸੰਗਤਿ[79] ਪਾਵਉ[80] ਪਾਰੁ[81] ॥੩॥

I associate[78] with Guru's congregation[79] and fathom[80] the Lord's limits[81].

ਮੈਂ ਗੁਰਾਂ ਦੀ ਸਾਧ ਸੰਗਤ[79] ਨਾਲ ਜੁੜ ਕੇ[78] ਸੁਆਮੀ ਦੇ ਓੜਕ[81] ਦੀ ਖੋਜ-ਭਾਲ[80] ਕਰਦਾ ਹਾਂ ।

ਸਾਸਤ ਬੇਦ ਸਿੰਮ੍ਰਿਤਿ ਬਹੁ[82] ਭੇਦ[83] ॥ ਅਠਸਠਿ[84] ਮਜਨੁ[85] ਹਰਿ ਰਸੁ[86] ਰੇਦ[87] ॥

The knowledge of the many[82] secrets[83] of Shashtras, Vedas and Simirtis and bathing[85] at sixty eight[84] holy places lies in enshrining God's elixir[86] in the mind[87].

ਵਾਹਿਗੁਰੂ ਦੇ ਅੰਮ੍ਰਿਤ[86] ਦਾ ਚਿੱਤ[87] ਅੰਦਰ ਟਿਕਾਉਣਾ ਹੀ ਸ਼ਾਸਤਰਾਂ, ਵੇਦਾਂ ਅਤੇ ਸਿਮਰਤੀਆ ਦੇ ਬਹੁਤੇ[82] ਭੇਤਾਂ[83] ਦੀ ਗਿਆਤ ਅਤੇ ਅਠਾਹਟ[84] ਤੀਰਥਾਂ ਦਾ ਇਸ਼ਨਾਨ[85] ਹੈ ।

ਗੁਰਮੁਖਿ[88] ਨਿਰਮਲੁ[90] ਮੈਲੁ[91] ਨ ਲਾਗੈ[92] ॥ ਨਾਨਕ ਹਿਰਦੈ[83] ਨਾਮੁ ਵਡੇ[94] ਧੁਰਿ[95] ਭਾਗੈ[96] ॥ ੪॥੧੫॥

Pure[90] are the Guru-wards[88]. No filth[91] attaches[92] to them.

By virtue of the primal[95] greatest[94] good luck[96], O Nanak, God's Name abides in the heart[93].

ਪਵਿੱਤ੍ਰ[90] ਹਨ ਗੁਰੂ ਸਮਰੱਪਣ[88] ਸਿੱਖ । ਉਨ੍ਹਾਂ ਨੂੰ ਕੋਈ ਗਿਲਾਜ਼ਤ[91] ਨਹੀਂ ਚਿਮੜਦੀ[92] ।

ਮੁੱਢ[95] ਦੀ ਭਾਰੀ[94] ਚੰਗੀ ਕਿਸਮਤ[96] ਦੀ ਬਦੌਲਤ, ਹੇ ਨਾਨਕ ! ਵਾਹਿਗੁਰੂ ਦਾ ਨਾਮ ਦਿਲ[93] ਅੰਦਰ ਵਸਦਾ ਹੈ।

ਆਸਾ ਮਹਲਾ ੧ ॥

Asa Measure Ist Guru.

ਰਾਗ ਆਸਾ ਪਹਿਲੀ ਪਾਤਸਾਹੀ ।

ਨਿਵਿ ਨਿਵਿ[97] ਪਾਇ[98] ਲਗਉ[99] ਗੁਰ ਅਪੁਨੇ

Bowing and bowing[97] low, I fall[99] at the feet[98] of my Guru, by whose

ਨਿਉਂ ਨਿਉਂ[97] ਕੇ ਮੈਂ ਆਪਣੇ ਗੁਰਾਂ ਦੇ ਪੈਰਾਂ[98] ਉੱਤੇ ਡਿਗਦਾ[98] ਹਾਂ, ਜਿਨ੍ਹਾਂ ਦੀ ਦਇਆ ਦੁਆਰਾ ਮੈਂ ਸਰਬ-

ਆਤਮ ਰਾਮੁ[100] ਨਿਹਾਰਿਆ[2] ॥

grace, I have seen[2] the Omnipresent soul[100].

ਵਿਆਪਕ ਰੂਹ[100] ਨੂੰ ਵੇਖ ਲਿਆ[2] ਹੈ ।

ਕਰਤ ਬੀਚਾਰੁ[3] ਹਿਰਦੈ[4] ਹਰਿ ਰਵਿਆ[5] ਹਿਰਦੈ[6] ਦੇਖਿ[7] ਬੀਚਾਰਿਆ[8] ॥੧॥

See[7] and ascertain[8] within thy mind[6], that through meditation[3] God abides[5] in the heart[4].

ਵੇਖ[7] ਅਤੇ ਆਪਣੇ ਚਿੱਤ[6] ਅੰਦਰ ਨਿਰਣਯ[8] ਕਰ ਕਿ ਸਿਮਰਨ[3] ਰਾਹੀਂ ਵਾਹਿਗੁਰੂ ਦਿਲ[4] ਵਿਚ ਆ ਵਸਦਾ[5] ਹੈ ।

ਬੋਲਹੁ[9] ਰਾਮੁ[10] ਕਰੇ ਨਿਸਤਾਰਾ[12] ॥

Utter[9] thou the Lord's Name[10], which shall redeem[12] thee.

ਤੂੰ ਸੁਆਮੀ ਦੇ ਨਾਮ[10] ਦਾ ਉਚਾਰਨ[9] ਕਰ ਜੋ ਤੇਰਾ ਪਾਰ ਉਤਾਰਾ[12] ਕਰ ਦੇਵੇਗਾ ।

ਗੁਰ ਪਰਸਾਦਿ[13] ਰਤਨੁ[14] ਹਰਿ ਲਾਭੈ[15] ਮਿਟੈ[16] ਅਗਿਆਨੁ[17] ਹੋਇ ਉਜੀਆਰਾ[18]॥੧॥ਰਹਾਉ॥

By Guru's grace[13], God, the jewel[14], is found[15], wherewith ignorance[17] is dispelled[16], and the Divine light shines[18]. Pause.

ਗੁਰਾਂ ਦੀ ਰਹਿਮਤ[13] ਸਦਕਾ, ਵਾਹਿਗੁਰੂ ਹੀਰਾ[14], ਲਭਦਾ[15] ਹੈ ਜਿਸ ਦੇ ਨਾਲ ਬੇਸਮਝੀ[17] ਦੂਰ[16] ਹੋ ਜਾਂਦੀ ਹੈ ਅਤੇ ਰਬੀ ਨੂਰ ਰੋਸ਼ਨ[18] ਹੋ ਜਾਂਦਾ ਹੈ । ਠਹਿਰਾਉ ।

ਰਵਨੀ[19] ਰਵੈ[20] ਬੰਧਨ[21] ਨਹੀ ਤੂਟਹਿ[22] ਵਿਚਿ[23] ਹਉਮੈ[24] ਭਰਮੁ[25] ਨ ਜਾਈ[26] ॥

By mere utterance[20] with the tongue[19], the bonds[21] are not broken[22], and pride[24] and doubt[25] depart[26] not from within[23].

ਕੇਵਲ ਜੀਭ[19] ਨਾਲ ਉਚਾਰਨ[20] ਕਰਨ ਦੁਆਰਾ ਜੂੜ[21] ਨਹੀਂ ਵੱਢੇ[22] ਜਾਂਦੇ ਅਤੇ ਅੰਦਰੋਂ[23] ਹੰਕਾਰ[24] ਅਤੇ ਸੰਦੇਹ[25] ਦੂਰ[26] ਨਹੀਂ ਹੁੰਦੇ ।

ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾਕੋ[28] ਲੇਖੈ ਪਾਈ[29]॥ ੨ ॥

When man meets the True Guru, his egotism departs and it is only then[28], that he becomes fruitful[29].

ਜਦ ਆਦਮੀ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ, ਤਦ ਉਸ ਦਾ ਵਹਿਮ ਦੂਰ ਹੋ ਜਾਂਦਾ ਹੈ । ਕੇਵਲ ਤਦੋਂ[28] ਹੀ ਉਹ ਸਫਲ ਹੁੰਦਾ[29] ਹੈ ।

ਹਰਿ ਹਰਿ ਨਾਮੁ ਭਗਤਿ[30] ਪ੍ਰਿਅ[31] ਪ੍ਰੀਤਮੁ[32] ਸੁਖ ਸਾਗਰੁ[33] [34]ਉਰਧਾਰੇ[35] ॥

Lord God's Name is sweet[31] and dear[32] to the Saints[30]. It is an ocean[33] of peace to be enshrined[35] in the mind[34].

ਵਾਹਿਗੁਰੂ ਸੁਆਮੀ ਦਾ ਨਾਮ ਸੰਤਾਂ[30] ਨੂੰ ਮਿਠੜਾ[31] ਤੇ ਪਿਆਰਾ[32] ਲੱਗਦਾ ਹੈ, ਚਿੱਤ[34] ਅੰਦਰ ਟਿਕਾਉਣ[35] ਲਈ ਇਹ ਆਰਾਮ ਦਾ ਸਮੁੰਦਰ[33] ਹੈ ।

ਭਗਤਿ[36] ਵਛਲੁ[37] ਜਗ[43] ਜੀਵਨੁ[44] ਦਾਤਾ[38] ਮਤਿ[39] ਗੁਰਮਤਿ[40] ਹਰਿ[42] ਨਿਸਤਾਰੇ[41] ॥੩॥

The Lover[37] of His devotees[36], the Life[44] of the world[43] and the Munificent[38] Master[42], saves[41] the mortal, who subordinates his intellect[39] to Guru's instruction[40].

ਆਪਣੇ ਅਨੁਰਾਗੀਆਂ[36] ਦਾ ਪਿਆਰ[37] ਅਤੇ ਸੰਸਾਰ[43] ਦੀ ਜਿੰਦ ਜਾਨ[44], ਦਇਆਲੂ[38] ਮਾਲਕ[42], ਉਸ ਪ੍ਰਾਣੀ ਨੂੰ ਤਾਰ ਦਿੰਦਾ ਹੈ ਜੋ ਆਪਣੀ ਅਕਲ[39] ਨੂੰ ਗੁਰਾਂ ਦੀ ਸਿਖਮੱਤ[40] ਤਾਬੇ ਕਰਦਾ ਹੈ ।

ਮਨ ਸਿਉ ਜੂਝਿ[45] ਮਰੈ ਪ੍ਰਭੁ ਪਾਏ ਮਨਸਾ[46] ਮਨਹਿ[47] ਸਮਾਏ[48] ॥

He, who dies fighting[45] against his mind,obtains the Lord and his desire[46] is nipped[48] in the mind[47].

ਜੋ ਆਪਣੇ ਮਨੂਏ ਨਾਲ ਲੜਦਾ[45] ਮਰ ਜਾਂਦਾ ਹੈ, ਉਹ ਸਾਂਈ ਨੂੰ ਪਾ ਲੈਂਦਾ ਹੈ,ਉਸ ਦੀ ਖ਼ਾਹਿਸ਼[46] ਮਨ[47] ਅੰਦਰ ਹੀ ਮਿੱਟ ਜਾਂਦੀ[48] ਹੈ ।

ਨਾਨਕ ਕ੍ਰਿਪਾ[49] ਕਰੇ ਜਗ ਜੀਵਨੁ[53] ਸਹਜ[50] ਭਾਇ ਲਿਵ[51] ਲਾਏ[52] ॥੪॥੧੬॥

Nanak, if God, the Life of the world[53], shows mercy[49], the mortal imbibes[52] love[51] for Him in the natural way[50].

ਨਾਨਕ, ਜੇਕਰ ਜਗਤ ਦੀ ਜਿੰਦ ਜਾਨ[53], ਵਾਹਿਗੁਰੂ, ਮਿਹਰ[49] ਧਾਰੇ, ਤਾਂ ਪ੍ਰਾਣੀ ਦਾ, ਕੁਦਰਤੀ ਤੌਰ[50] ਉਤੇ ਉਸ ਨਾਲ ਪਿਆਰ[51] ਪੈ ਜਾਂਦਾ[52] ਹੈ ।

ਆਸਾ ਮਹਲਾ ੧ ॥

Asa Measure Ist Guru.

ਰਾਗ ਆਸਾ ਪਹਿਲੀ ਪਾਤਸ਼ਾਹੀ ॥

ਕਿਸ ਕਉ[54] ਕਹਹਿ[55] ਸੁਣਾਵਹਿ[58] ਕਿਸ ਕਉ ਕਿਸੁ ਸਮਝਾਵਹਿ[56] ਸਮਝਿ[57] ਰਹੇ ॥

Whom[54] else do they speak[55] to, to whom do they preach[58] and whom do they instruct[56]? They have understood themselves.

ਉਹ ਹੋਰ ਕਿਸ ਨੂੰ[54] ਆਖਦੇ[55] ਹਨ, ਕਿਸ ਨੂੰ ਪ੍ਰਚਾਰਦੇ[58] ਹਨ, ਅਤੇ ਕਿਸ ਨੂੰ ਸਿਖ ਮੱਤ[56] ਦਿੰਦੇ ਹਨ ? ਉਨ੍ਹਾਂ ਨੇ ਆਪਣੇ ਆਪ ਨੂੰ ਸਮਝ ਲਿਆ ਹੈ ।

੩੫੪

ਕਿਸੈ ਪੜਾਵਹਿ ਪੜਿ[59] ਗੁਣਿ[60] ਬੂਝੈ[61] ਸਤਿਗੁਰ ਸਬਦਿ[62] ਸੰਤੋਖਿ[63] ਰਹੇ[64] ॥ ੧ ॥

Whom do they teach? Through study[59], they have realised[61] Lord's excellences[60]. By True Guru's instruction[62], they abide[64] in contentment[63].

ਉਹ ਕਿਸ ਨੂੰ ਪੜ੍ਹਾਉਂਦੇ ਹਨ ? ਪੜ੍ਹਾਈ[59] ਰਾਹੀਂ ਉਹਨਾਂ ਨੇ ਸਾਂਈ ਦੀਆਂ ਸ੍ਰੇਸ਼ਟਤਾਈਆਂ[60] ਅਨੁਭਵ[61] ਕਰ ਲਈਆਂ ਹਨ । ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ,[62] ਉਹ ਸੰਤੁਸ਼ਟਤਾ[63] ਅੰਦਰ ਵਸਦੇ[64] ਹਨ ।

ਐਸਾ[65] ਗੁਰਮਤਿ[66] ਰਮਤੁ[67] ਸਰੀਰਾ[68] ॥ ਹਰਿ ਭਜੁ[69] ਮੇਰੇ ਮਨ[70] ਗਹਿਰ ਗੰਭੀਰਾ[71] ॥੧॥ਰਹਾਉ॥

O my soul[70], by Guru's instruction[66] remember[69] such[65] Lord, who is contained[67] in all the bodies[68], and who is very deep[71] Pause.

ਹੇ ਮੇਰੀ ਜਿੰਦੜੀਏ[70] ! ਗੁਰਾਂ ਦੇ ਉਪਦੇਸ਼[66] ਦੁਆਰਾ ਤੂੰ ਐਹੋ ਜੇਹੇ[65] ਸਾਹਿਬ ਦਾ ਸਿਮਰਨ[69] ਕਰ, ਜੋ ਸਾਰੀਆਂ ਦੇਹਾਂ[68] ਅੰਦਰ ਰਮਿਆਂ[67] ਹੋਇਆ ਤੇ ਬਹੁਤ ਹੀ[71] ਡੂੰਘਾ ਹੈ । ਠਹਿਰਾਉ ।

ਅਨਤ[72] ਤਰੰਗ[73] ਭਗਤਿ[74] ਹਰਿ ਰੰਗਾ[75] ॥

In service[74] and love[75] of God, there are many[72] joy-waves[73].

ਵਾਹਿਗੁਰੂ ਦੀ ਸੇਵਾ[74] ਪ੍ਰੀਤ[75] ਅੰਦਰ ਘਣੇਰੀਆਂ[72] ਖੁਸ਼ੀ ਦੀਆਂ ਲਹਿਰਾਂ[73] ਹਨ ।

ਅਨਦਿਨੁ[76] ਸੂਚੇ[77] ਹਰਿ ਗੁਣ[78] ਸੰਗਾ[79] ॥

He, who keeps the company[79] of God's praises[78], ever[76], remains pure[77].

ਜਿਸ ਨੂੰ ਵਾਹਿਗੁਰੂ ਦੀ ਸਿਫਤ ਸਾਲਾਹ[78] ਦੀ ਸੰਗਤ[79] ਪ੍ਰਾਪਤ ਹੈ, ਉਹ ਹਮੇਸ਼ਾ[76] ਹੀ ਪਵਿੱਤ੍ਰ[77] ਹੈ ।

ਮਿਥਿਆ[80] ਜਨਮੁ[81] ਸਾਕਤ[82] ਸੰਸਾਰਾ[83] ॥

Vain[80] is the birth[81] of mammon-worshipper[82] in this world[83].

ਇਸ ਜਹਾਨ[83] ਅੰਦਰ ਮਾਇਆ ਦੇ ਉਪਾਸ਼ਕ[82] ਦਾ ਜੰਮਣਾ[81] ਬੇਫਾਇਦਾ[80] ਹੈ ।

ਰਾਮ ਭਗਤਿ[84] ਜਨੁ[85] ਰਹੈ ਨਿਰਾਰਾ[86] ॥੨॥

Detached[86] remains the man[85], dedicated to Lord's service[84].

ਸਾਹਿਬ ਦੀ ਸੇਵਾ[84] ਦੇ ਸਮਰਪਣ ਹੋਇਆ ਹੋਇਆ ਬੰਦਾ[85] ਨਿਰਲੇਪ[86] ਰਹਿੰਦਾ ਹੈ ।

ਸੂਚੀ[87] ਕਾਇਆ[88] ਹਰਿ ਗੁਣ[89] ਗਾਇਆ ॥

Sanctified[87] is the body[88] which sings God's praise[89].

ਪਵਿੱਤ੍ਰ[87] ਹੈ ਉਹ ਦੇਹ[88] ਜੋ ਵਾਹਿਗੁਰੂ ਦਾ ਜੱਸ[89] ਗਾਇਨ ਕਰਦੀ ਹੈ ।

ਆਤਮੁ[90] ਚੀਨਿ[91] ਰਹੈ ਲਿਵ[92] ਲਾਇਆ[93] ॥

Remembering[91] God in the mind[90], man remains absorbed[93] in His love[92].

ਆਪਣੇ ਚਿੱਤ[90] ਅੰਦਰ ਵਾਹਿਗੁਰੂ ਨੂੰ ਚੇਤੇ ਕਰ[91] ਕੇ,ਇਹ ਉਸ ਦੀ ਪ੍ਰੀਤ[92] ਅੰਦਰ ਲੀਨ[93] ਰਹਿੰਦੀ ਹੈ ।

ਆਦਿ[94] ਅਪਾਰੁ[95] ਅਪਰੰਪਰੁ[96] ਹੀਰਾ[97] ॥

The Lord is the beginning[94] of all, Infinite[95],the Remotest of the remote[96] and Invaluable.

ਸਾਹਿਬ ਸਾਰਿਆਂ ਦਾ ਆਰੰਭ[94], ਬੇਅੰਤ[95],ਦੂਰੇਡਿਆਂ ਦਾ ਪਰਮ ਦੂਰੇਡਾ[96] ਅਤੇ ਅਮੋਲਕ[97] ਹੈ ।

ਲਾਲਿ[98] ਰਤਾ[99] ਮੇਰਾ ਮਨੁ ਧੀਰਾ[100] ॥੩॥

With that Beloved[98] my mind is imbued[99] and content[100].

ਉਸ ਪ੍ਰੀਤਮ[98] ਨਾਲ ਮੇਰਾ ਚਿੱਤ ਰੰਗੀਜਿਆ[99] ਤੇ ਸੰਤੁਸ਼ਟ[100] ਹੋਇਆ ਹੋਇਆ ਹੈ ।

ਕਥਨੀ[2] ਕਹਹਿ ਕਹਹਿ[3] ਸੇ[4] ਮੂਏ[5] ॥

They[4], who only utter and say[3], are really dead[5].

ਜੋ ਕੇਵਲ ਜ਼ਬਾਨੀ ਕਹਾਣੀਆਂ[2] ਕਹਿੰਦੇ ਤੇ ਆਖਦੇ[3] ਹਨ, ਉਹ[4] ਅਸਲ ਵਿਚ ਮਰੇ ਹੋਏ ਹਨ[5] ।

ਸੋ[6] ਪ੍ਰਭੁ ਦੂਰਿ[7] ਨਾਹੀ ਪ੍ਰਭੁ ਤੂੰ ਹੈ[8] ॥

He[6], the Lord is not far-off[7]. Thou, O Lord, art[8] close at hand.

ਉਹ[6] ਸੁਆਮੀ ਦੂਰੇਡੇ[7] ਨਹੀਂ । ਤੂੰ, ਹੇ ਸੁਆਮੀ, ਐਨ ਨੇੜੇ ਹੀ ਹੈਂ[8] ।

ਸਭੁ ਜਗੁ ਦੇਖਿਆ[9] ਮਾਇਆ[10] ਛਾਇਆ[12] ॥	I have found[9] the entire world enveloped[12] by mammon[10].	ਮੈਂ ਸਾਰੇ ਜਹਾਨ ਨੂੰ ਮੋਹਨੀ[10] ਮਾਇਆ ਨਾਲ ਲਪੇਟਿਆਂ[12] ਹੋਇਆ ਵੇਖਿਆ[9] ਹੈ।
ਨਾਨਕ ਗੁਰਮਤਿ[13] ਨਾਮੁ ਧਿਆਇਆ[14] ॥੪॥੧੭॥	Nanak, by Guru's instruction[13], I have meditated[14] on the Name.	ਨਾਨਕ, ਗੁਰਾਂ ਦੇ ਉਪਦੇਸ਼[13] ਦੁਆਰਾ ਮੈਂ ਨਾਮ ਦਾ ਸਿਮਰਨ[14] ਕੀਤਾ ਹੈ।
ਆਸਾ ਮਹਲਾ ੧ ਤਿਤੁਕਾ ॥	Asa Measure Ist Guru.	ਰਾਗ ਆਸਾ ਪਹਿਲੀ ਪਾਤਸ਼ਾਹੀ
ਕੋਈ ਭੀਖਕੁ[15] ਭੀਖਿਆ[16] ਖਾਇ ॥ ਕੋਈ ਰਾਜਾ ਰਹਿਆ ਸਮਾਇ[17] ॥	One is a beggar[15], who lives on charity[16], and one a King, who remains absorbed[17] in himself.	ਕੋਈ ਮੰਗਤਾ[15] ਹੈ, ਜੋ ਮੰਗ ਪਿੰਨ[16] ਕੇ ਖਾਂਦਾ ਹੈ ਅਤੇ ਕੋਈ ਪਾਤਸ਼ਾਹ, ਜੋ ਆਪਣੇ ਆਪ ਵਿਚ ਲੀਨ[17] ਰਹਿੰਦਾ ਹੈ।
ਕਿਸਹੀ ਮਾਨੁ[18] ਕਿਸੈ ਅਪਮਾਨੁ[19] ॥	One receives honour[18] and the other dishonour[19].	ਕਿਸੇ ਨੂੰ ਇੱਜ਼ਤ[18] ਮਿਲਦੀ ਹੈ, ਕਿਸੇ ਨੂੰ ਬੇਇੱਜ਼ਤੀ[19]।
ਢਾਹਿ[20] ਉਸਾਰੇ[21] ਧਰੇ ਧਿਆਨੁ[22] ॥	The Lord destroys[20] and creates[21], and keeps all in His mind[22].	ਸੁਆਮੀ ਨਾਸ[20] ਕਰਦਾ ਹੈ, ਰਚਦਾ[21] ਹੈ ਅਤੇ ਸਾਰਿਆਂ ਨੂੰ ਆਪਣੇ ਖਿਆਲ[22] ਵਿਚ ਰੱਖਦਾ ਹੈ।
ਤੁਝ ਤੇ ਵਡਾ[23] ਨਾਹੀ ਕੋਇ ॥	Than Thee, none is greater[23], O Lord.	ਤੇਰੇ ਨਾਲੋਂ ਵਿਸ਼ਾਲ[23] ਕੋਈ ਨਹੀਂ, ਹੇ ਪ੍ਰਭੂ !
ਕਿਸੁ ਵੇਖਾਲੀ[24] ਚੰਗਾ[25] ਹੋਇ ॥੧॥	Whom should I present[24] to Thee? Who is better[25] than Thee ?	ਮੈਂ ਕਿਸ ਨੂੰ ਤੇਰੇ ਮੂਹਰੇ ਪੇਸ਼ ਕਰਾਂ[24], ਜੋ ਤੇਰੇ ਨਾਲੋਂ ਅੱਛਾ[25] ਹੈ ?
ਮੈ ਤਾਂ ਨਾਮੁ ਤੇਰਾ ਆਧਾਰੁ[26] ॥	My support[26] is Thy Name alone.	ਮੇਰਾ ਆਸਰਾ[26] ਕੇਵਲ ਤੇਰਾ ਨਾਮ ਹੀ ਹੈ।
ਤੂੰ ਦਾਤਾ[27] ਕਰਣਹਾਰੁ[28] ਕਰਤਾਰੁ[29] ॥੧॥ਰਹਾਉ॥	Thou art the Bestower[27], Doer[28] and the Creator[29]. Pause.	ਤੂੰ ਦਾਨ ਦੇਣਹਾਰ[27], ਕਾਰਜ ਸਾਧਣ ਵਾਲਾ[28] ਅਤੇ ਸਿਰਜਣਹਾਰ[29] ਹੈਂ। ਠਹਿਰਾਉ।
ਵਾਟ[30] ਨ ਪਾਵਉ ਵੀਗਾ[31] ਜਾਉ ॥	I walk not Thy way[30] and follow a zigzag[31] (wrong) path.	ਮੈਂ ਤੇਰੇ ਰਸਤੇ[30] ਨਹੀਂ ਟੁਰਦਾ ਅਤੇ ਟੇਢੇ[31] ਰਾਹੇ ਜਾਂਦਾ ਹਾਂ।
ਦਰਗਹ[32] ਬੈਸਣ[33] ਨਾਹੀ ਥਾਉ[34] ॥	Consequently, I get no room[34] to sit[33] in God's court[32].	ਰੱਬ ਦੇ ਦਰਬਾਰ[32] ਅੰਦਰ ਮੈਨੂੰ ਬਹਿਣ[33] ਲਈ ਕੋਈ ਥਾਂ[34] ਨਹੀਂ ਮਿਲਦੀ।
ਮਨ[35] ਕਾ ਅੰਧੁਲਾ[36] ਮਾਇਆ[37] ਕਾ ਬੰਧੁ[38] ॥	I am mentally[35] blind[36] and fettered[38] by mammon[37]. The wall[42] of my body is ever[41] wearing off[39] and getting weak[40].	ਮੈਂ ਮਾਨਸਕ ਤੌਰ[35] ਤੇ ਅੰਨ੍ਹਾ[36] ਹਾਂ ਅਤੇ ਮੋਹਨੀ[37] ਦਾ ਨਰੜਿਆ ਹੋਇਆ[38] ਹਾਂ,ਅਤੇ ਮੇਰੀ ਦੇਹਿ ਦੀ ਦੀਵਾਰ[42] ਸਦਾ[41] ਹੀ ਨਾਸ[39] ਤੇ ਕਮਜ਼ੋਰ[40] ਹੋ ਰਹੀ ਹੈ।
ਖੀਨਿ[39] ਖਰਾਬੁ[40] ਹੋਵੈ ਨਿਤ[41] ਕੰਧੁ[42] ॥		
ਖਾਣ ਜੀਵਣ[43] ਕੀ ਬਹੁਤੀ[44] ਆਸ[45] ॥ ਲੇਖੈ[46] ਤੇਰੈ ਸਾਸ[47] ਗਿਰਾਸ[48] ॥੨॥	Thou cherisheth high[44] hope[45] to eat and to live longer[43], but thou knowest not that thine breaths[47] and morsels[48] are already counted[46].	ਤੂੰ ਖਾਣ ਅਤੇ ਵਧੇਰਾ ਜੀਉਣ[43] ਦੀ ਭਾਰੀ[44] ਉਮੇਦ[45] ਬੰਨ੍ਹੀ ਹੋਈ ਹੈ, ਪਰ ਤੂੰ ਜਾਣਦਾ ਨਹੀਂ ਕਿ ਤੇਰੇ ਸਾਹ[47] ਅਤੇ ਬੁਰਕੀਆਂ[48] ਅਗੇ ਗਿਣੀਆਂ[46] ਹੋਈਆਂ ਹਨ।
ਅਹਿਨਿਸਿ[49] ਅੰਧੁਲੇ[50] ਦੀਪਕੁ[51] ਦੇਇ[52] ॥	O Lord, ever[49] grant[50] light[51] to the blind man[50] and take care[56] of him.	ਹੇ ਸੁਆਮੀ ! ਮੁਨਾਖੇ ਮਨੁੱਖ[50] ਨੂੰ, ਸਦਾ[49] ਹੀ ਚਾਨਣ[51] ਬਖਸ਼[52] ਅਤੇ ਉਸ ਦਾ ਫ਼ਿਕਰ ਕਰ[56] ਜੋ ਭਿਆਨਕ[53]

[53]ਭਉਜਲ[54] ਡੂਬਤ[55] ਚਿੰਤ ਕਰੇਇ[56] ॥	who is drowning[55] in the terrible[53] world ocean[54].	ਸੰਸਾਰ-ਸਮੁੰਦਰ[54] ਅੰਦਰ ਡੁੱਬ[55] ਰਿਹਾ ਹੈ ।
ਕਹਹਿ ਸੁਣਹਿ ਜੋ ਮਾਨਹਿ ਨਾਉ ॥ ਹਉ ਬਲਿਹਾਰੈ[57] ਤਾਕੈ[58] ਜਾਉ ॥	I am a sacrifice[57] unto them[58], who utter, hear and believe in the Name.	ਮੈਂ ਉਨ੍ਹਾਂ[58] ਉੱਤੋਂ ਕੁਰਬਾਨ[57] ਜਾਂਦਾ ਹਾਂ, ਜੋ ਨਾਮ ਦਾ ਉਚਾਰਣ, ਸ੍ਰਵਣ ਅਤੇ ਮੰਨਣ ਕਰਦੇ ਹਨ ।
ਨਾਨਕੁ ਏਕ ਕਹੈ ਅਰਦਾਸਿ[59] ॥ ਜੀਉ[60] ਪਿੰਡੁ[61] ਸਭੁ ਤੇਰੈ ਪਾਸਿ[62] ॥ ੩॥	Nanak makes one supplication[59], that his soul[60] and body[61] are all at Thy disposal[62], O Lord.	ਨਾਨਕ ਇਕ ਬੇਨਤੀ[59] ਕਰਦਾ ਹੈ ਕਿ ਉਸ ਦੀ ਆਤਮਾ[60] ਅਤੇ ਦੇਹਿ[61] ਸਾਰੇ ਤੇਰੇ ਹਵਾਲੇ[62] ਹਨ, ਹੇ ਸੁਆਮੀ !
ਜਾਂ ਤੂੰ ਦੇਹਿ[63] ਜਪੀ[64] ਤੇਰਾ ਨਾਉ ॥	If Thou so grantest[63], I shall repeat[64] Thy Name.	ਜੇ ਦੇਵੇਂ[63] ਤਾਂ ਮੈਂ ਤੇਰੇ ਨਾਮ ਦਾ ਜਾਪ[64] ਕਰਾਂਗਾ ।
ਦਰਗਹ[65] ਬੈਸਣੁ[66] ਹੋਵੈ ਥਾਉ[67] ॥ ਜਾਂ[68] ਤੁਧੁ ਭਾਵੈ[69] ਤਾ[70] ਦੁਰਮਤਿ[71] ਜਾਇ[72] ॥ ਗਿਆਨੁ[73] ਰਤਨੁ[74] ਮਨਿ ਵਸੈ[75] ਆਇ ॥	Thus shall I secure room[67] to sit[66] in God's court[65]. When[68] Thou willest[69], then[70] evil-intellect[71] is eliminated[72], and the jewel[74] of Divine knowledge[73], comes and abides[75] in the mind.	ਇਸ ਤਰ੍ਹਾਂ ਮੈਂ ਰੱਬ ਦੇ ਦਰਬਾਰ[65] ਅੰਦਰ ਬਹਿਣ[66] ਨੂੰ ਥਾਂ[67] ਪਾ ਲਵਾਂਗਾ । ਜਦ[68] ਤੈਨੂੰ ਚੰਗਾ ਲਗਦਾ[69] ਹੈ, ਤਦ[70], ਮੰਦੀ ਅਕਲ[71] ਦੂਰ ਹੋ ਜਾਂਦੀ[72] ਹੈ ਅਤੇ ਬ੍ਰਹਿਮ ਵੀਚਾਰ[73] ਦਾ ਹੀਰਾ[74] ਆ ਕੇ ਚਿੱਤ ਅੰਦਰ ਟਿੱਕ ਜਾਂਦਾ[75] ਹੈ ।
ਨਦਰਿ[76] ਕਰੇ[82] ਤਾ[77] ਸਤਿਗੁਰੁ ਮਿਲੈ॥ਪ੍ਰਣਵਤਿ[78] ਨਾਨਕੁ [79]ਭਵਜਲੁ[80] ਤਰੈ[81] ॥੪॥੧੮॥	Prays[78] Nanak, if the Lord casts[82] His merciful glance[76], then[77], man meets the True Guru, and crosses[81] the dreadful world-ocean.	ਨਾਨਕ ਪ੍ਰਾਰਥਨਾ ਕਰਦਾ[78] ਹੈ, ਜੇਕਰ ਸੁਆਮੀ ਆਪਣੀ ਮਿਹਰ ਦੀ ਨਜਰ[76] ਧਾਰੇ[82], ਤਦ[77] ਆਦਮੀ ਸਚੇ ਗੁਰਾਂ ਨੂੰ ਮਿਲ ਪੈਂਦਾ ਹੈ ਅਤੇ ਭਿਅਨਕ[79] ਸੰਸਾਰ ਸਮੁੰਦਰ[80] ਤੋਂ ਪਾਰ ਹੋ ਜਾਂਦਾ[81] ਹੈ ।
ਆਸਾ ਮਹਲਾ ੧ ਪੰਚਪਦੇ ॥	Asa Measure Ist Guru. Panchpade.	ਰਾਗ ਆਸਾ ਪਹਿਲੀ ਪਾਤਸ਼ਾਹੀ ਪੰਚਪਦੇ ॥
ਦੁਧ[83] ਬਿਨੁ ਧੇਨੁ[83*] ਪੰਖ[84] ਬਿਨੁ ਪੰਖੀ[85] ਜਲ[86] ਬਿਨੁ ਉਤਭੁਜ[87] ਕਾਮਿ[88] ਨਾਹੀ॥	A cow[83*] without milk[83], a bird[85] without wings[84] and vegetation[87] without water[86] are of no avail[88].	ਦੁਧ[83] ਤੋਂ ਬਿਨਾਂ ਗਾਂ[83*], ਪਰਾਂ[84] ਤੋਂ ਬਗੈਰ ਪਰਿੰਦਾ[85] ਅਤੇ ਪਾਣੀ[86] ਤੋਂ ਬਗੈਰ ਬਨਾਸਪਤੀ[87] ਕਿਸੇ ਕੰਮ ਨਹੀਂ[82] ।
ਕਿਆ ਸੁਲਤਾਨੁ[89]ਸਲਾਮ[90] ਵਿਹੂਣਾ[91] ਅੰਧੀ[92] ਕੋਠੀ[93] ਤੇਰਾ ਨਾਮੁ ਨਾਹੀ ॥੧॥	What is a King[89] without[91] salutation[90] ? Dark[92] is the soul-chamber[93] without Thy Name.	ਪਰਣਾਮ[90] ਦੇ ਬਾਝੋਂ[91] ਪਾਤਸ਼ਾਹ[89] ਕੀ ਹੈ ? ਏਸੇ ਤਰ੍ਹਾਂ ਤੇਰੇ ਨਾਮ ਦੇ ਬਾਝੋਂ ਆਤਮਾ ਦੀ ਕੋਠੜੀ[93] ਅਨ੍ਹੇਰ[92] ਘੁੱਪ ਹੈ ।
ਕੀ ਵਿਸਰਹਿ[94] ਦੁਖੁ[95] ਬਹੁਤਾ ਲਾਗੈ ॥ ਦੁਖੁ ਲਾਗੈ[96] ਤੂੰ ਵਿਸਰੁ ਨਾਹੀ॥ ੧॥ਰਹਾਉ॥	Why should I forget[94] Thee, without whom I suffer muoh pain[95] ? Forsake me not my Lord, because I (without Thee) set afflicted[96] with pain. Pause.	ਮੈਂ ਤੈਨੂੰ ਕਿਉਂ ਭੁਲਾਵਾਂ[94], ਜਿਸ ਦੇ ਬਾਝੋਂ ਮੈਨੂੰ ਬਹੁਤ ਤਕਲੀਫ਼[95] ਹੁੰਦੀ ਹੈ ? ਮੇਰੇ ਸੁਆਮੀ, ਮੈਨੂੰ ਨਾ ਵਿਸਾਰ; ਕਿਉਂ ਜੋ ਮੈਨੂੰ ਕਸ਼ਟ ਹੁੰਦਾ[96] ਹੈ । ਠਹਿਰਾਉ ।
ਅਖੀ[97] ਅੰਧੁ[98] ਜੀਭ ਰਸੁ[99] ਨਾਹੀ ਕੰਨੀ ਪਵਣੁ[100] ਨ ਵਾਜੈ[2] ॥	Man's eyes[97] grow blind[98], his tongue loses its taste[99] and his ears hear[2] not the sound[100].	ਆਦਮੀ ਦੇ ਨੇਤ੍ਰ[97] ਅੰਨ੍ਹੇ[98] ਹੋ ਜਾਂਦੇ ਹਨ, ਜੀਭ ਦਾ ਸੁਆਦ[99] ਮਾਰਿਆ ਜਾਂਦਾ ਹੈ ਅਤੇ ਉਸ ਦੇ ਕੰਨ ਅਵਾਜ਼[100] ਨਹੀਂ ਸੁਣਦੇ[2] ।

ਚਰਣੀ[3] ਚਲੈ[4] ਪਜੂਤਾ[5] ਆਗੈ[6] ਵਿਣੁ[10] ਸੇਵਾ[7] ਫਲ[8] ਲਾਗੇ[9] ॥੨॥	He walks[4] with his feet[3] only when supported[5] and led[6] by another. Such are the fruits[8] that life bears[9] sans[10] service[7].	ਕਿਸੇ ਦੇ ਅੱਗੋਂ[6] ਆਸਰਾ[5] ਦਿੱਤਿਆ ਹੋਇਆਂ ਹੀ, ਉਹ ਪੈਰਾਂ[3] ਨਾਲ ਤੁਰਦਾ[4] ਹੈ। ਬਗੈਰ[10] ਟਹਿਲ[7] ਸੇਵਾ ਦੇ ਐਹੋ ਜੇਹੇ ਮੇਵੇ[8] ਜੀਵਨ ਨੂੰ ਲਗਦੇ[9] ਹਨ।
ਅਖਰ[12] ਬਿਰਖ[13] ਬਾਗ[14] ਭੁਇ[15] ਚੋਖੀ[16] ਸਿੰਚਿਤ[12] ਭਾਉ[18] ਕਰੇਹੀ ॥	In the spacious[16] farm[15] of thy heart's garden[14], grow the plant[13] of Guru's teaching[12] and irrigate[17] it with Lord's love[18].	ਆਪਣੇ ਦਿਲ ਦੀ ਬਗੀਚੀ[14] ਦੇ ਖੁੱਲ੍ਹੇ[16] ਖੇਤ[15] ਅੰਦਰ ਗੁਰਾਂ ਦੇ ਉਪਦੇਸ਼[12] ਦਾ ਪੌਦਾ[13] ਪੌਦਾ ਕਰ, ਅਤੇ ਇਸ ਨੂੰ ਪ੍ਰਭੂ ਦੀ ਪ੍ਰੀਤ[18] ਨਾਲ ਸਿੰਞ[17]।
ਸਭਨਾ[19] ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ[20] ਕੈਸੇ[21] ਲੇਹੀ[22] ॥੩॥	All[19] the trees bear the fruit of the Name of One God. Without His grace[20] how[21] can man obtain[22] it ?	ਸਾਰਿਆਂ[19] ਪੌਦਿਆਂ ਨੂੰ ਇੱਕ ਹਰੀ ਦੇ ਨਾਮ ਦਾ ਮੇਵਾ ਲੱਗਿਆ ਹੈ। ਉਸ ਦੀ ਮਿਹਰ[20] ਬਿਨਾਂ ਬੰਦਾ ਇਸ ਨੂੰ ਕਿਸ ਤਰ੍ਹਾਂ[21] ਪਾ ਸਕਦਾ[22] ਹੈ ?
ਜੇਤੇ[23] ਜੀਅ[24] ਤੇਤੇ[25] ਸਭਿ ਤੇਰੇ ਵਿਣੁ ਸੇਵਾ[26] ਫਲੁ[27] ਕਿਸੈ ਨਾਹੀ ॥	As many[23] are the living beings[24], so many[25] are Thine. Without service[26] none obtains any reward[27].	ਜਿੰਨੇ[23] ਪ੍ਰਾਨ ਧਾਰੀ[24] ਹਨ, ਉੱਨੇ[25] ਹੀ ਤੇਰੇ ਹਨ। ਘਾਲ ਸੇਵਾ[26] ਦੇ ਬਾਝੋਂ ਕਿਸੇ ਨੂੰ ਭੀ ਫਲ[27] ਪਰਾਪਤ ਨਹੀਂ ਹੁੰਦਾ।
ਦੁਖੁ[28] ਸੁਖੁ[29] ਭਾਣਾ[30] ਤੇਰਾ ਹੋਵੈ ॥ ਵਿਣੁ ਨਾਵੈ ਜੀਉ[31] ਰਹੈ ਨਾਹੀ ॥੪॥	Woe[28] and weal[29] are in Thy will[30]. Without the Name life[31] exists not.	ਗ਼ਮੀ[28] ਤੇ ਖ਼ੁਸ਼ੀ[29] ਤੇਰੀ ਰਜ਼ਾ[30] ਅੰਦਰ ਹੈ। ਨਾਮ ਦੇ ਬਾਝੋਂ ਜੀਵਨ[31] ਨਹੀਂ ਰਹਿੰਦਾ।
ਮਤਿ[32] ਵਿਚਿ[33] ਮਰਣੁ[34] ਜੀਵਣੁ[35] ਹੋਰੁ[36] ਕੈਸਾ[37] ਜਾ[38] ਜੀਵਾ ਤਾਂ[39] ਜੁਗਤਿ[40] ਨਾਹੀ ॥	To die[34] by[33] Guru's instruction[32] is the true life[35]. How[37] can there be life otherwise[36] ? If[38] I live otherwise, then[39] that is not the right way[40].	ਗੁਰਾਂ ਦੇ ਉਪਦੇਸ਼[32] ਦੁਆਰਾ[33] ਮਰਨਾ[34] ਹੀ ਸੱਚੀ ਜ਼ਿੰਦਗੀ[35] ਹੈ। ਦੂਜੀ ਤਰ੍ਹਾਂ[36], ਕਿਸ ਤਰ੍ਹਾਂ[37] ਜੀਵਨ ਹੋ ਸਕਦਾ ਹੈ ? ਜੇਕਰ[38] ਮੈਂ ਹੋਰਸ ਤਰ੍ਹਾਂ ਜੀਉਂਦਾ ਹਾਂ, ਤਦ[39] ਉਹ ਦਰੁਸਤ ਤਰੀਕਾ[40] ਨਹੀਂ।
੩੫੫		
ਕਹੈ ਨਾਨਕੁ ਜੀਵਾਲੇ[41] ਜੀਆ[42] ਜਹ[43] ਭਾਵੈ[44] ਤਹ[45] ਰਾਖੁ ਤੁਹੀ ॥ ੫ ॥ ੧੯ ॥	Says Nanak, the Lord grants life[41] to the sentient beings[42]. Keep me Thou, O Lord, there[45], where[43] Thou willest[44].	ਗੁਰੂ ਜੀ ਆਖਦੇ ਹਨ, ਪ੍ਰਭੂ ਪ੍ਰਾਣਧਾਰੀਆਂ[42] ਨੂੰ ਜੀਵਨ ਬਖ਼ਸ਼ਦਾ[41] ਹੈ। ਹੇ ਪ੍ਰਭੂ, ਮੈਨੂੰ ਉਥੇ[45] ਰੱਖ, ਜਿਥੇ[43] ਤੈਨੂੰ ਚੰਗਾ ਲਗਦਾ[44] ਹੈ।
ਆਸਾ ਮਹਲਾ ੧ ॥	Asa Measure Ist Guru.	ਰਾਗ ਆਸਾ ਪਹਿਲੀ ਪਾਤਸ਼ਾਹੀ
ਕਾਇਆ[46] ਬ੍ਰਹਮਾ[47] ਮਨੁ[48] ਹੈ ਧੋਤੀ ਗਿਆਨੁ[50] ਜਨੇਊ[51] ਧਿਆਨੁ[52] ਕੁਸਪਾਤੀ[53] ॥	I make my body[46] the Brahman[47], the heart[48] the lion-cloth[49], Divine Knowledge[50] the sacred thread[51] and meditation[52] the leaves of spear grass[53].	ਮੈਂ ਆਪਣੇ ਤਨ[46] ਨੂੰ ਬ੍ਰਹਮਨ[47], ਦਿਲ[48] ਨੂੰ ਧੋਤੀ[49], ਗਿਆਨ[50] ਨੂੰ ਜਨੇਊ[51] ਅਤੇ ਪ੍ਰਭੂ-ਧਿਆਨ[52] (ਸਿਮਰਨ) ਨੂੰ ਦੱਭ ਦੇ ਪੱਤੇ[53] ਬਣਾਉਂਦਾ ਹਾਂ।
ਹਰਿਨਾਮਾ ਜਸੁ[54] ਜਾਚਉ[55] ਨਾਉ[56] ॥	In place of bath[56] at holies, I beg[55] for God's Name and praise[54].	ਤੀਰਥਾਂ ਉੱਤੇ ਇਸ਼ਨਾਨ[56] ਦੀ ਥਾਂ ਮੈਂ ਵਾਹਿਗੁਰੂ ਦਾ ਨਾਮ ਅਤੇ ਸਿਫ਼ਤ ਸ਼ਲਾਘਾ[54] ਮੰਗਦਾ[55] ਹਾਂ।

ਗੁਰ ਪਰਸਾਦੀ[57] ਬ੍ਰਹਮਿ[58] ਸਮਾਉ[59] ॥੧॥	By Guru's favour[57] I shall merge[59] into the Lord[58].	ਗੁਰਾਂ ਦੀ ਰਹਿਮਤ ਸਦਕਾ[57], ਮੈਂ ਪ੍ਰਭੂ[58] ਅੰਦਰ ਲੀਨ[59] ਹੋ ਜਾਵਾਂਗਾ।
ਪਾਂਡੇ ਐਸਾ[30] ਬ੍ਰਹਮ ਬੀਚਾਰੁ[61] ॥ ਨਾਮੇ ਸੁਚਿ[62] ਨਾਮੋ ਪੜਉ[63] ਨਾਮੇ ਚਜੁ[64] ਆਚਾਰੁ[65] ॥੧॥ਰਹਾਉ॥	O Pandit, so[60] meditate[61] on the Lord that His Name may be thy purification[62], His Name thy learning[63], His Name thy wisdom[64] and way of life[65]. Pause.	ਹੇ ਪੰਡਿਤ ! ਐਸ ਤਰ੍ਹਾਂ[60] ਪ੍ਰਭੂ ਦਾ ਸਿਮਰਨ[61] ਕਰ ਕਿ ਉਸ ਦਾ ਨਾਮ ਤੇਰੀ ਪਵਿੱਤ੍ਰਤਾ[62], ਉਸ ਦਾ ਨਾਮ ਤੇਰੀ ਪੜ੍ਹਾਈ[63], ਉਸ ਦਾ ਨਾਮ ਤੇਰੀ ਸਿਆਣਪ[64] ਅਤੇ ਜੀਵਨ-ਰਹੁ-ਰੀਤੀ[65] ਹੋਵੇ। ਠਹਿਰਾਉ।
ਬਾਹਰਿ[66] ਜਨੇਊ[69]ਜਿਚਰੁ[67] ਜੋਤਿ[68] ਹੈ ਨਾਲਿ ॥	The outer[66] janeu (sacred thread)[69] lasts so long as[67] there is Divine light[68] within Thee.	ਬਾਹਰਲਾ[66] ਜੰਞੂ[69] ਤਦ ਤਾਂਈ ਰਹਿੰਦਾ ਹੈ,ਜਦ ਤੋੜੀ[67] ਈਸ਼ਵਰੀ ਪਰਕਾਸ਼[68] ਤੇਰੇ ਅੰਦਰ ਹੈ।
ਧੋਤੀ ਟਿਕਾ[71] ਨਾਮੁ ਸਮਾਲਿ[70] ॥	Make the remembrance[70] of the Name thy lion-cloth and frontal[71] mark.	ਨਾਮ ਦੇ ਸਿਮਰਨ[70] ਨੂੰ ਆਪਣੇ ਤੇੜ ਦੀ ਚਾਦਰ ਅਤੇ ਤਿਲਕ[71] ਬਣਾ।
ਐਥੈ[72] ਓਥੈ[73] ਨਿਬਹੀ[74] ਨਾਲਿ ॥	The Name alone shall stand by[74] thee here[72] and hereafter[73].	ਕੇਵਲ ਨਾਮ ਹੀ ਏਥੇ[72] ਅਤੇ ਓਥੇ[73] ਤੇਰਾ ਪੱਖ ਪੂਰੇਗਾ[74]।
ਵਿਣੁ ਨਾਵੈ ਹੋਰਿ[75] ਕਰਮ[76] ਨ ਭਾਲਿ[77] ॥੨॥	Search[77] for no other[75] deeds[76], but the Name.	ਨਾਮ ਦੇ ਬਗੈਰ, ਹੋਰਸ[75] ਅਮਲਾਂ[76] ਦੀ ਖੋਜ ਭਾਲ[77] ਨਾ ਕਰ।
ਪੂਜਾ[78] ਪ੍ਰੇਮ[79] ਮਾਇਆ[80] ਪਰਜਾਲਿ[81] ॥	Worship[78] the Lord with love[79], and burn[81] thy desire for wealth[80].	ਪ੍ਰਭੂ ਦੇ ਪਿਆਰ[79] ਨਾਲ ਉਪਾਸ਼ਨਾ[78] ਕਰ ਤੇ ਧਨ-ਦੌਲਤ[80] ਦੀ ਖ਼ਾਹਿਸ਼ ਨੂੰ ਸਾੜ ਸੁੱਟ[81]।
ਏਕੋ[82] ਵੇਖਹੁ ਅਵਰੁ[83] ਨ ਭਾਲਿ[84] ॥	See but one[82] God and seek[84] no other[83].	ਕੇਵਲ ਇੱਕ[82] ਵਾਹਿਗੁਰੂ ਨੂੰ ਦੇਖ, ਤੇ ਹੋਰ ਕਿਸੇ[83] ਦੀ ਤਲਾਸ਼[84] ਨਾ ਕਰ।
ਚੀਨ੍ਹੈ[85] ਤਤੁ[86] ਗਗਨ[87] ਦਸ ਦੁਆਰ[88] ॥ ਹਰਿ ਮੁਖਿ[89] ਪਾਠ[90] ਪੜੈ[91] ਬੀਚਾਰ[92] ॥੩॥	See[85] thou the Reality[86] at the firmament[87] of the tenth gate[88], and read[91] thou with thy mouth[89] God's gospel[90] and ponder[92] over it.	ਦਸਵੇਂ ਦਰਵਾਜ਼ੇ[88] ਦੇ ਆਕਾਸ਼[87] ਤੇ ਤੂੰ ਅਸਲੀਅਤ[86]ਨੂੰ ਵੇਖ[85] ਅਤੇ ਤੂੰ ਆਪਣੇ ਮੂੰਹ[89] ਨਾਲ ਹਰੀ ਦੀ ਵਾਰਤਾ[90] ਵਾਚ[91] ਅਤੇ ਇਸ ਦੀ ਸੋਚ ਵੀਚਾਰ ਕਰ[92]।
ਭੋਜਨੁ[93] ਭਾਉ[94] ਭਰਮੁ[95] ਭਉ[96] ਭਾਗੈ[97] ॥	With the diet[93] of Lord's love[94], doubt[95] and dread[96] flee away[97].	ਪ੍ਰਭੂ ਦੀ ਪ੍ਰੀਤ[94] ਦੀ ਖੁਰਾਕ[93] ਨਾਲ ਵਹਿਮ[95] ਤੇ ਡਰ[96] ਦੌੜ ਜਾਂਦੇ ਹਨ[97]।
ਪਾਹਰੂਅਰਾ[98]ਛਬਿ[99]ਚੋਰੁ[100] ਨ ਲਾਗੈ[2] ॥	If the sentinal[98] is of imposing personality, the thief[100] dare not break in[99].	ਜੇਕਰ ਰੋਹਬ ਦਾਬ ਵਾਲਾ ਸੰਤਰੀ[98] ਪਹਿਰੇ ਤੇ ਹੋਵੇ ਤਾਂ ਚੋਰ[100] ਰਾਤ[99] ਨੂੰ ਸੰਨ[2] ਨਹੀਂ ਲਾਉਂਦਾ।
ਤਿਲਕੁ[3] ਲਿਲਾਟਿ[4] ਜਾਣੈ[5] ਪ੍ਰਭੁ ਏਕੁ ॥	The knowledge[5] of One Lord is the sacrificial mark[3] on the forehead[4].	ਇਕ ਸੁਆਮੀ ਦੀ ਗਿਆਤ[5] ਹੀ ਮੱਥੇ[4] ਉੱਪਰ ਦਾ ਟਿੱਕਾ[3] ਹੈ।
ਬੂਝੈ[6] ਬ੍ਰਹਮੁ[7] ਅੰਤਰਿ[8] ਬਿਬੇਕੁ[9] ॥੪॥	The realisation[6] that the Lord[7] is within[8] thee, is thy discrimination[9].	ਇਹ ਅਨੁਭਵਕਤਾ[6] ਹੀ ਕਿ ਪ੍ਰਭੂ[7] ਤੇਰੇ ਅੰਦਰ[8] ਹੈ, ਤੇਰੀ ਪ੍ਰਬੀਨ ਵੀਚਾਰ[9] ਹੈ।

ਆਚਾਰੀ[10]ਨਹੀ ਜੀਤਿਆ[12] ਜਾਇ ॥ ਪਾਠ[13] ਪੜੈ[14] ਨਹੀ ਕੀਮਤਿ[15] ਪਾਇ ॥

Through religious rites[10], God cannot be won over[12]. Through the recitation[14] of religious texts[13] His worth[15] cannot be ascertained.

ਕਰਮ ਕਾਂਡਾਂ[10] ਰਾਹੀਂ ਵਾਹਿਗੁਰੂ ਜਿੱਤਿਆ[12] ਨਹੀਂ ਜਾ ਸਕਦਾ। ਨਾ ਹੀ ਧਾਰਮਕ ਗ੍ਰੰਥਾਂ[13] ਦੇ ਵਾਚਣ[14] ਰਾਹੀਂ ਉਸ ਦਾ ਮੁੱਲ[15] ਪਾਇਆ ਜਾ ਸਕਦਾ ਹੈ।

ਅਸਟ[16] ਦਸੀ ਚਹੁ ਭੇਦੂ[17] ਨ ਪਾਇਆ[18] ॥

Eighteen[16] Puranas and four Vedas know[18] not His secret[17].

ਅਠਾਰਾਂ[16] ਪੁਰਾਣ ਅਤੇ ਚਾਰ ਵੇਦ ਉਸਦੇ ਭੇਤ[17] ਨੂੰ ਨਹੀਂ ਜਾਣਦੇ[18]।

ਨਾਨਕ ਸਤਿਗੁਰਿ ਬ੍ਰਹਮੁ[19] ਦਿਖਾਇਆ[20] ॥੫॥੨੦॥

Nanak, the True Guru has shown[20] me the Lord[19].

ਨਾਨਕ ਸੱਚੇ ਗੁਰਾਂ ਨੇ ਮੈਨੂੰ ਪ੍ਰਭੂ[19] ਵਿਖਾਲ[20] ਦਿੱਤਾ ਹੈ।

ਆਸਾ ਮਹਲਾ ੧ ॥

Asa Measure Ist Guru.

ਰਾਗ ਆਸਾ ਪਹਿਲੀ ਪਾਤਸ਼ਾਹੀ

ਸੇਵਕੁ[21] ਦਾਸੁ[22] ਭਗਤੁ ਜਨੁ[23] ਸੋਈ[24] ॥ ਠਾਕੁਰ ਕਾ ਦਾਸੁ[25] ਗੁਰਮੁਖਿ[26] ਹੋਈ[27] ॥

The Guru-ward[26] becomes[27] the Lord's attendant[25]. He alone[24] is the servant[21], slave[22] and devotee[23].

ਗੁਰੂ-ਸਮਰਪਨ[26] ਸਿੱਖ ਸਾਹਿਬ ਦਾ ਟਹਿਲੂਆ[25] ਬਣ ਜਾਂਦਾ[27] ਹੈ। ਕੇਵਲ ਓਹੀ[24] ਨੌਕਰ[21], ਗੋਲਾ[22] ਅਤੇ ਭਗਤ[23] ਹੈ।

ਜਿਨਿ ਸਿਰਿ[28] ਸਾਜੀ[29] ਤਿਨਿ ਫੁਨਿ[30] ਗੋਈ[31] ॥ ਤਿਸੁ ਬਿਨੁ ਦੂਜਾ ਅਵਰੁ[31*] ਨ ਕੋਈ ॥੧॥

He, who has created[29] the universe[28], shall ultimately[30] destroy[31] it. Without Him there is no another[31*] second.

ਜਿਸ ਨੇ ਸ੍ਰਿਸ਼ਟੀ[28] ਰਚੀ[29] ਹੈ, ਉਹ ਹੀ ਓੜਕ[30] ਨੂੰ ਇਸ ਨੂੰ ਲੈ[31] ਕਰ ਦੇਵੇਗਾ। ਉਸ ਦੇ ਬਗੈਰ ਹੋਰ ਕੋਈ[31*] ਦੂਸਰਾ ਨਹੀਂ।

ਸਾਚੁ[32] ਨਾਮੁ ਗੁਰ ਸਬਦਿ[33] ਵੀਚਾਰਿ[34] ॥ ਗੁਰਮੁਖਿ[35] ਸਾਚੇ[36] ਸਾਚੈ ਦਰਬਾਰਿ[37] ॥ ੧॥ਰਹਾਉ॥

By Guru's instruction[33], the Guru-ward deliberates[34] over the True Name[32], and is adjudged true[36] in the True court[37]. Pause.

ਗੁਰਾਂ ਦੇ ਉਪਦੇਸ਼[33] ਦੁਆਰਾ, ਗੁਰੂ ਸਮਰਪਣ[35] ਸਤਿ-ਨਾਮ[32] ਦਾ ਆਰਾਧਨ[34] ਕਰਦਾ ਹੈ ਅਤੇ ਸਚੀ ਦਰਗਾਹ[37] ਅੰਦਰ ਉਹ ਸੱਚਾ[36] ਮੰਨਿਆ ਜਾਂਦਾ ਹੈ। ਠਹਿਰਾਓ।

ਸਚਾ ਅਰਜੁ[38] ਸਚੀ[39] ਅਰਦਾਸਿ[40] ॥ ਮਹਲੀ[41] ਖਸਮੁ[42] ਸੁਣੇ ਸਾਬਾਸਿ[43] ॥

Within His Mansion[41], the Spouse[42] hears and applauds[43] the true supplication[38] and the hearty[39] prayer[40].

ਆਪਣੇ ਮੰਦਰ[41] ਅੰਦਰ ਕੰਤ[42] ਸੱਚੀ ਬੇਨਤੀ[38] ਅਤੇ ਦਿਲੀ[39] ਪ੍ਰਾਰਥਨਾ[40] ਨੂੰ ਸਰਵਣ ਕਰਦਾ ਅਤੇ ਸਲਾਹੁੰਦਾ[43] ਹੈ।

ਸਚੈ[52] ਤਖਤਿ[44] ਬੁਲਾਵੈ[45] ਸੋਇ[46] ॥ ਦੇ[47]ਵਡਿਆਈ[48] ਕਰੇ[49] ਸੁ[50] ਹੋਇ[51] ॥੨॥

He[46], the Lord, summons[45] the righteous[52] to His throne[44]. He honours[48] them and what He Wills[49], that[50] comes to pass[51].

ਉਹ[46] ਸੁਆਮੀ ਸਚਿਆਰਾਂ[52]ਨੂੰ,ਆਪਣੇ ਰਾਜ ਸਿੰਘਾਸਣ[44] ਉੱਤੇ ਸੱਦ ਘਲਦਾ ਹੈ[45] ਅਤੇ ਉਨ੍ਹਾਂ ਨੂੰ ਇੱਜ਼ਤ[48] ਬਖਸ਼ਦਾ[47] ਹੈ। ਜੋ ਕੁਛ ਉਹ ਕਰਦਾ ਹੈ[49], ਉਹੀ[50] ਹੁੰਦਾ ਹੈ[51]।

ਤੇਰਾ ਤਾਣੁ[52*] ਤੂ ਹੈ ਦੀਬਾਣੁ[53]॥ਗੁਰ ਕਾ[54]ਸਬਦੁ ਸਚੁ ਨੀਸਾਣੁ[55] ॥

Thine is the might[52*] and Thou art my prop[53]. Gurbani[54] is my true pass-word[55].

ਤੈਂਡੀ ਹੀ ਸਤਿਆ[52*], ਹੈ ਅਤੇ ਤੂੰ ਹੀ ਆਸਰਾ[53] ਹੈਂ। ਗੁਰਬਾਣੀ[54] ਹੀ ਮੇਰਾ ਸਚਾ ਚਿੰਨ੍ਹ[55] ਹੈ।

ਮੰਨੇ[56] ਹੁਕਮੁ[57] ਸੁ[58] ਪਰਗਟੁ[59] ਜਾਇ ॥

He[58], who obeys[56] Lord's command[57], openly[59] goes to Him.

ਜੋ ਸੁਆਮੀ ਦੇ ਫੁਰਮਾਨ[57] ਦੀ ਪਾਲਣਾ ਕਰਦਾ[56] ਹੈ, ਉਹ[58] ਜ਼ਾਹਿਰਾ[59] ਹੀ ਉਸ ਕੋਲ ਚਲਿਆ ਜਾਂਦਾ ਹੈ।

ਸਚੁ ਨੀਸਾਣੈ ਠਾਕ[60] ਨ ਪਾਇ ॥੩॥

With the pass-word of truth, he is not obstructed[60].

ਸੱਚ ਦੇ ਚਿੰਨ੍ਹ ਕਰਕੇ ਉਸ ਨੂੰ ਰੁਕਾਵਟ[60] ਨਹੀਂ ਪੈਂਦੀ ।

ਪੰਡਿਤ ਪੜਹਿ[61] ਵਖਾਣਹਿ[62] ਵੇਦੁ ॥

The Brahman reads[61] and expounds[62] the Vedas.

ਬ੍ਰਹਿਮਣ ਵੇਦਾਂ ਨੂੰ ਵਾਚਦਾ[61] ਤੇ ਉਨ੍ਹਾਂ ਦੀ ਵਿਆਖਿਆ ਕਰਦਾ ਹੈ[62] ।

ਅੰਤਰਿ[63] ਵਸਤੁ[64] ਨ ਜਾਣਹਿ[66] ਭੇਦੁ[65] ॥

He knows[66] not the secret[65] of the commodity[64] within[63] him.

ਉਹ ਆਪਣੇ ਅੰਦਰ[63] ਦੇ ਵੱਖਰ[64] ਦੇ ਭੇਤ[65] ਨੂੰ ਨਹੀਂ ਸਮਝਦਾ[66] ।

ਗੁਰ ਬਿਨੁ[71] ਸੋਝੀ[67] ਬੂਝ[68] ਨ ਹੋਇ ॥ ਸਾਚਾ ਰਵਿ ਰਹਿਆ[69] ਪ੍ਰਭੁ ਸੋਇ[70]॥੪॥

The understanding[67] and knowledge[68] that the[70] True Lord is pervading[69] everywhere, are not obtained without[70] the Guru.

ਕਿ ਉਹ[70] ਸੱਚਾ ਸੁਆਮੀ ਹਰ ਥਾਂ ਵਿਆਪਕ[69] ਹੋ ਰਿਹਾ ਹੈ, ਦੀ ਸਮਝ[67] ਅਤੇ ਗਿਆਤ[68], ਗੁਰਾਂ ਦੇ ਬਗੈਰ[70] ਪ੍ਰਾਪਤ ਨਹੀਂ ਹੁੰਦੀ ।

ਕਿਆ ਹਉ[72] ਆਖਾ[73] ਆਖਿ[74] ਵਖਾਣੀ[75] ॥

What should I[72] say[73], utter[74] and describe[75] ?

ਮੈਂ[72] ਕੀ ਕਹਾਂ[73], ਅਤੇ ਉਚਾਰਨ[74] ਤੇ ਬਿਆਨ[75] ਕਰਾਂ ?

ਤੂੰ ਆਪੇ[76] ਜਾਣਹਿ[77] ਸਰਬ ਵਿਡਾਣੀ[78] ॥

Thou, O All-wonder[78], Thyself[76] knowest[77] every-thing.

ਤੂੰ ਹੇ ਪੂਰਨ ਅਸਚਰਜ[78] ਰੂਪ ! ਖ਼ੁਦ[76] ਹੀ ਸਾਰਾ ਕੁਛ ਸਮਝਦਾ[77] ਹੈਂ ।

ਨਾਨਕ ਏਕੋ[81] ਦਰੁ[79] ਦੀਬਾਣੁ[80] ॥

Nanak gets the support[80] only at One[81] Door[79].

ਨਾਨਕ ਦਾ ਆਸਰਾ[80] ਕੇਵਲ ਇੱਕ[81] ਦਰਵਾਜ਼ਾ[79] ਹੀ ਹੈ ।

ਗੁਰਮੁਖਿ[82] ਸਾਚੁ[83] ਤਹਾ[84] ਗੁਦਰਾਣੁ[85] ॥੫॥੨੧॥

There[84] in the True Door[83], the pious persons[82] have their livelihood[85].

ਉਥੇ[84] ਸੱਚੇ ਦੁਆਰੇ[83] ਅੰਦਰ ਹੀ ਪਵਿੱਤ੍ਰ ਪੁਰਸ਼ਾਂ[82] ਦੀ ਗੁਜ਼ਰਾਨ[85] ਹੈ ।

ਆਸਾ ਮਹਲਾ ੧ ॥

Asa Measure Ist Guru.

ਰਾਗ ਆਸਾ ਪਹਿਲੀ ਪਾਤਸ਼ਾਹੀ

ਕਾਚੀ[86] ਗਾਗਰਿ[87] ਦੇਹ[88] ਦੁਹੇਲੀ[89] ਉਪਜੈ[90] ਬਿਨਸੈ[91] ਦੁਖੁ ਪਾਈ ॥

The earthen[86] pitcher[87] of the body[88] is miserable[89] and in birth[90] and death[91] it suffers pain.

ਸਰੀਰ[88] ਦਾ ਕੱਚਾ[86] ਘੜਾ[87] ਦੁਖੀ[89] ਹੈ । ਜੰਮਣ[90] ਤੇ ਮਰਨ[91] ਵਿਚ ਇਹ ਕਸ਼ਟ ਉਠਾਉਂਦਾ ਹੈ ।

ਇਹੁ ਜਗੁ[92] ਸਾਗਰੁ[93] ਦੁਤਰੁ[94] ਕਿਉ[96] ਤਰੀਐ[97] ਬਿਨੁ ਹਰਿ[95] ਗੁਰ ਪਾਰਿ ਨ ਪਾਈ ॥੧॥

How[96] can this terrible[94] world[92] ocean[93] be crossed[97] ? Without the Divine[95] Guru it cannot be ferried over.

ਇਹ ਭਿਆਨਕ[94] ਸੰਸਾਰ[92] ਸਮੁੰਦਰ[93] ਕਿਸ ਤਰ੍ਹਾਂ[96] ਪਾਰ ਕੀਤਾ ਜਾ ਸਕਦਾ[97] ਹੈ ? ਰੱਬ ਰੂਪ[95] ਗੁਰਾਂ ਦੇ ਬਗੈਰ ਇਹ ਤਰਿਆ ਨਹੀਂ ਜਾ ਸਕਦਾ ।

ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ[98] ਤੁਝ ਬਿਨੁ ਅਵਰੁ ਨ ਕੋਇ ਹਰੇ[99]॥

There is none but Thee, O my Beloved[98]. Without Thee, O God[99], there is not another.

ਤੇਰੇ ਬਾਝੋਂ ਹੋਰ ਕੋਈ ਨਹੀਂ ਮੇਰੇ ਪ੍ਰੀਤਮਾ[98], ਵਾਹਿਗੁਰੂ[99] । ਤੈਂਡੇ ਬਾਝੋਂ ਹੋਰ ਦੂਸਰਾ ਕੋਈ ਨਹੀਂ ।

ਸਰਬੀ[100] ਰੰਗੀ[2] ਰੂਪੀ[3] ਤੂੰ ਹੈ ਤਿਸੁ[4] ਬਖਸੇ[5] ਜਿਸੁ ਨਦਰਿ[6] ਕਰੇ ॥੧॥ਰਹਾਉ॥

In all[100] the colours[2] and forms[9] art Thou. He pardons[5] him[4] on whom He looks with favour[6]. Pause.

ਸਾਰੀਆਂ[100] ਰੰਗਤਾਂ[2] ਅਤੇ ਸ਼ਕਲਾਂ[3] ਅੰਦਰ ਤੂੰ ਹੀ ਹੈਂ, । ਉਹ ਉਸ ਨੂੰ[4] ਮਾਫ਼ ਕਰ[5] ਦਿੰਦਾ ਹੈ ਜਿਸ ਉੱਤੇ ਉਹ ਰਹਿਮ ਦੀ ਨਿਗ੍ਹਾ[6] ਕਰਦਾ ਹੈ । ਠਹਿਰਾਉ ।

ਸਾਸੁ[10] ਬੁਰੀ ਘਰਿ ਵਾਸੁ[7] ਨ ਦੇਵੈ ਪਿਰ[8] ਸਿਉ ਮਿਲਣ ਨ ਦੇਇ ਬੁਰੀ[9] ॥

My Mother-in-law[10] (mammon) is bad and she lets me not dwell[7] at home. The vicious[9] one lets me not meet my Spouse[8].

ਮੇਰੀ ਸੱਸ[10] ਮੰਦੀ ਹੈ । ਉਹ ਮੈਨੂੰ ਘਰ ਵਿੱਚ ਰਹਿਣ[7] ਨਹੀਂ ਦਿੰਦੀ । ਭੈੜੀ ਸੱਸ[9] ਮੈਨੂੰ ਆਪਣੇ ਕੰਤ[8] ਨੂੰ ਮਿਲਣ ਨਹੀਂ ਦਿੰਦੀ ।

੩੫੬

ਸਖੀ[12] ਸਾਜਨੀ[13] ਕੇ ਹਉ ਚਰਨ[14] ਸਰੇਵਉ[15] ਹਰਿ ਗੁਰ ਕਿਰਪਾ[16] ਤੇ ਨਦਰਿ[17] ਧਰੀ ॥੨॥

Of the comrades[12] and friends[13] I serve[15] the feet[14]. By Guru's grace[16], God has looked on me with favour[17].

ਸਾਥਣਾਂ[12] ਤੇ ਸਹੇਲੀਆਂ[13] ਦੇ ਪੈਰਾਂ[14] ਦੀ ਮੈਂ ਸੇਵਾ[15] ਕਰਦੀ ਹਾਂ। ਗੁਰਾਂ ਦੀ ਦਇਆ[16] ਦੁਆਰਾ ਹਰੀ ਨੇ ਮੇਰੇ ਵਲ ਮਿਹਰ[17] ਨਾਲ ਤੱਕਿਆ ਹੈ।

ਆਪੁ[18] ਬੀਚਾਰਿ[19] ਮਾਰਿ[20] ਮਨੁ ਦੇਖਿਆ ਤੁਮ ਸਾ[21] ਮੀਤੁ[22] ਨ ਅਵਰੁ[23] ਕੋਈ ॥

Reflecting[19] on myself[18] and chastening[20] my mind, I have seen that like[21] Thee, there is no other[23] friend[22].

ਆਪਣੇ ਆਪੇ ਨੂੰ[18] ਸੋਚ ਵਿਚਾਰ[19] ਅਤੇ ਆਪਣੇ ਮਨ ਨੂੰ ਕਾਬੂ ਕਰਕੇ[20] ਮੈਂ ਵੇਖਿਆ ਹੈ, ਤੇਰੇ ਵਰਗਾ[21] ਮਿੱਤ੍ਰ[22] ਹੋਰ ਕੋਈ[23] ਨਹੀਂ।

ਜਿਉ[24] ਤੂੰ ਰਾਖਹਿ ਤਿਵ[25] ਹੀ ਰਹਣਾ ਦੁਖੁ ਸੁਖੁ ਦੇਵਹਿ[26] ਕਰਹਿ[27] ਸੋਈ[28]॥ ੩॥

As[24] Thou keepest me, so[25] do I live. Thou art the Dispenser[26] of pain and peace. What Thou doest[27] that[28] comes to pass.

ਜਿਸ ਤਰ੍ਹਾਂ[24] ਤੂੰ ਮੈਨੂੰ ਰਖਦਾ ਹੈਂ, ਮੈਂ ਉਸੇ ਤਰ੍ਹਾਂ[25] ਹੀ ਰਹਿੰਦਾ ਹਾਂ। ਤੂੰ ਕਸ਼ਟ ਅਤੇ ਆਰਾਮ ਦੇਣਹਾਰ[26] ਹੈਂ। ਜੋ ਤੂੰ ਕਰਦਾ[27] ਹੈਂ, ਉਹੀ[28] ਹੁੰਦਾ ਹੈ।

ਆਸਾ[29] ਮਨਸਾ[30] ਦੋਊ[31] ਬਿਨਾਸਤ[32] ਤ੍ਰਿਹੁ[33] ਗੁਣ[34] ਆਸ[36] ਨਿਰਾਸ[35] ਭਈ ॥

Both[31] hope[29] and desire[30] I have dispelled[32], and I have renounced[35] longing[36] for mammon of three[33] qualities[34].

ਉਮੇਦ[29] ਅਤੇ ਖ਼ਾਹਿਸ਼[30] ਮੈਂ ਦੋਨੋਂ[31] ਮੇਸ[32] ਛੱਡੀਆਂ ਹਨ ਅਤੇ ਤਿੰਨਾਂ[33] ਲੱਛਣਾਂ[34] (ਰਜੁ, ਸਤੁ, ਤਮੁ) ਵਾਲੀ ਮਾਇਆ ਦੀ ਲਾਲਸਾ[36] ਭੀ ਮੈਂ ਤਿਆਗ[35] ਦਿੱਤੀ ਹੈ।

ਤੁਰੀਆਵਸਥਾ[37] ਗੁਰਮੁਖਿ[38] ਪਾਈਐ ਸੰਤ ਸਭਾ[39] ਕੀ ਓਟ[40] ਲਹੀ[41] ॥੪॥

By seeking[41] the shelter[40] of the congregation of saints[39], the true sikh of the Guru[38], obtains the ecstatic state[37].

ਸਤਿ ਸੰਗਤ[39] ਦੀ ਪਨਾਹ[40] ਲੈਣ[41] ਨਾਲ, ਗੁਰੂ ਦਾ ਸੱਚਾ ਸਿਖ ਪਰਮ[38] ਅਨੰਦੀ ਦਸ਼ਾ ਨੂੰ ਪਰਾਪਤ ਹੋ ਜਾਂਦਾ ਹੈ।

ਗਿਆਨ[42] ਧਿਆਨ[43] ਸਗਲੇ ਸਭਿ[44] ਜਪ[45] ਤਪ[46] ਜਿਸੁ ਹਰਿ ਹਿਰਦੈ[47] ਅਲਖ[48] ਅਭੇਵਾ[49] ॥

He, in whose heart[47] the Invisible[48] and Inscrutable[49] God abides, possesses one and all[44] gnosis[42], concentration[43], meditation[45] and penance[46].

ਜਿਸ ਦੇ ਦਿਲ[47] ਅੰਦਰ ਅਦ੍ਰਿਸ਼ਟ[48] ਅਤੇ ਭੇਦ-ਰਹਿਤ[49] ਵਾਹਿਗੁਰੂ ਵਸਦਾ ਹੈ, ਉਸ ਦੇ ਪੱਲੇ ਸਾਰੇ[44] ਬ੍ਰਹਿਮ-ਬੋਧ[42], ਇਕਾਗਰਤਾ[43], ਸਿਮਰਨ[45] ਅਤੇ ਤਪੱਸਿਆ[46] ਹਨ।

ਨਾਨਕ ਰਾਮ ਨਾਮਿ ਮਨੁ[54] ਰਾਤਾ[50] ਗੁਰਮਤਿ[51] ਪਾਏ ਸਹਜ[52] ਸੇਵਾ[53] ॥੫॥੨੨॥

Nanak, he whose mind[54] is imbued[50] with Lord's Name, readily[52] obtains God's service[53] under Guru's instruction[51].

ਨਾਨਕ, ਜਿਸ ਦਾ ਹਿਰਦਾ[54] ਸੁਆਮੀ ਦੇ ਨਾਮ ਨਾਲ ਰੰਗੀਜਿਆ[50] ਹੈ, ਗੁਰਾਂ ਦੇ ਉਪਦੇਸ਼[51] ਤਾਬੇ ਉਹ ਵਾਹਿਗੁਰੂ ਦੀ ਟਹਿਲ ਸੇਵਾ[53] ਨੂੰ ਸੁਖੈਨ[52] ਹੀ ਪਾ ਲੈਂਦਾ ਹੈ।

ਆਸਾ ਮਹਲਾ ੧
ਪੰਚਪਦੇ ॥

Asa Measure Ist Guru.
Panchpade.

ਰਾਗ ਆਸਾ ਪਹਿਲੀ ਪਾਤਸ਼ਾਹੀ।
ਪੰਚਪਦੇ।

ਮੋਹੁ[55] ਕੁਟੰਬੁ[56] ਮੋਹੁ ਸਭ ਕਾਰ[57] ॥

Abandon love[55] of family[56] and love of every affair[57].

ਟੱਬਰ ਕਬੀਲੇ[56] ਅਤੇ ਹੋਰ ਸਾਰੇ ਕੰਮਾਂ[57] ਦੀ ਮਮਤਾ[55] ਨੂੰ ਛੱਡ ਦੇ।

ਮੋਹੁ ਤੁਮ ਤਜਹੁ[58] ਸਗਲ ਵੇਕਾਰ[59] ॥ ੧ ॥

Leave aside[58] worldly love, as it is all sinful[59] and purposeless.

ਤੂੰ ਸੰਸਾਰੀ ਮਮਤਾ ਨੂੰ ਤਰਕ[58] ਕਰ ਦੇ, ਇਹ ਸਭ ਪਾਪਾਂ ਦੀ ਮੂਲ[59] ਹੈ!

ਮੋਹੁ ਅਰੁ ਭਰਮੁ[60] ਤਜਹੁ ਤੁਮ੍ਹ ਬੀਰ[61] ॥ ਸਾਚੁ ਨਾਮੁ ਰਿਦੇ[62] ਰਵੈ[63] ਸਰੀਰ[64] ॥ ੧॥ਰਹਾਉ॥	Forsake thou worldly love and superstition[60] (doubt), O brother[61], and with thy soul[62] and body[64] repeat[63] the True Name. Pause.	ਤੂੰ ਸੰਸਾਰੀ ਮਮਤਾ ਅਤੇ ਸੰਦੇਹ[60] ਨਵਿਰਤ ਕਰ ਦੇ। ਹੇ ਭਰਾ[61] ! ਅਤੇ ਆਪਣੀ ਆਤਮਾ[62] ਅਤੇ ਦੇਹਿ[64] ਨਾਲ ਸਤਿਨਾਮ ਦਾ ਉਚਾਰਨ[63] ਕਰ। ਠਹਿਰਾਉ।
ਸਚੁ ਨਾਮੁ ਜਾ[65] ਨਵ ਨਿਧਿ[66] ਪਾਈ ॥ ਰੋਵੈ ਪੂਤੁ[67] ਨ ਕਲਪੈ[68] ਮਾਈ ॥ ੨॥	When[65] man receives the nine treasures[66] of True Name, his children[67] weep not, nor his mother grieves[68].	ਜਦ[65] ਆਦਮੀ ਸਤਿਨਾਮ ਦੇ ਨੌਂ ਖ਼ਜ਼ਾਨੇ[66] ਪਰਾਪਤ ਕਰ ਲੈਂਦਾ ਹੈ, ਤਦ ਉਸ ਦੇ ਬੱਚੇ[67] ਰੋਂਦੇ ਨਹੀਂ ਅਤੇ ਮਾਤਾ ਦੁਖੀ[68] ਨਹੀਂ ਹੁੰਦੀ।
ਏਤੁ ਮੋਹਿ ਡੂਬਾ[69] ਸੰਸਾਰੁ ॥	In this worldly love, the world is drowned[69].	ਇਸ ਸੰਸਾਰੀ ਮਮਤਾ ਅੰਦਰ ਜਗਤ ਡੁੱਬ ਗਿਆ[69] ਹੈ।
ਗੁਰਮੁਖਿ[70] ਕੋਈ[71] ਉਤਰੈ ਪਾਰਿ[72] ॥੩॥	Some rare[71], pious person[70] swims across[72].	ਕਿਸੇ ਵਿਰਲੇ[71] ਪਵਿੱਤਰ ਪੁਰਸ[70] ਦਾ ਹੀ ਪਾਰ ਉਤਾਰਾ[72] ਹੁੰਦਾ ਹੈ।
ਏਤੁ ਮੋਹਿ ਫਿਰਿ[73] ਜੂਨੀ[74] ਪਾਹਿ ॥	For reasons of this false love, the mortal are born[74] again[73].	ਇਸ ਮੋਹ ਦੇ ਰਾਹੀਂ ਪ੍ਰਾਣੀ, ਮੁੜ[73] ਜਨਮ ਧਾਰਨ ਕਰਦੇ[74] ਹਨ।
ਮੋਹੇ ਲਾਗਾ[75] ਜਮ[76] ਪੁਰਿ[77] ਜਾਹਿ[78] ॥੪॥	Attached[75] to temporal love, the man goes[78] to the City[77] of Death[76].	ਦੁਨਿਆਵੀ ਮੁਹੱਬਤ ਨਾਲ ਚਿਮੜਿਆ[75] ਹੋਇਆ ਇਨਸਾਨ ਮੌਤ[76] ਦੇ ਸ਼ਹਿਰ[77] ਨੂੰ ਜਾਂਦਾ[78] ਹੈ।
ਗੁਰ ਦੀਖਿਆ[79] ਲੇ[80] ਜਪੁ[81] ਤਪੁ[82] ਕਮਾਹਿ[83] ॥	Having obtained[80] Guru's instruction[79], practice[83] thou meditation[81] and hard toil[82].	ਗੁਰਾਂ ਦਾ ਉਪਦੇਸ਼[79] ਪਰਾਪਤ ਕਰਕੇ[80], ਤੂੰ ਸਿਮਰਨ[81] ਅਤੇ ਕਰੜੀ ਘਾਲ[82] ਦੀ ਕਮਾਈ ਕਰ[83]।
ਨਾ ਮੋਹੁ ਤੂਟੈ[84] ਨ ਥਾਇ ਪਾਹਿ[85] ॥੫॥	Neither is the temporal love sundered[84], nor is the man approved[85].	ਨਾ ਸੰਸਾਰੀ ਮਮਤਾ ਟੁੱਟਦੀ[84] ਹੈ, ਤੇ ਨਾ ਹੀ ਆਦਮੀ ਕਬੂਲ ਪੈਂਦਾ[85] ਹੈ।
ਨਦਰਿ[86] ਕਰੇ[87] ਤਾ[89] ਏਹੁ ਮੋਹੁ ਜਾਇ[88] ॥	If the Lord casts[87] His merciful glance[86], then[89] does this love depart[88].	ਜੇਕਰ ਮਾਲਕ ਆਪਣੀ ਮਿਹਰ ਦੀ ਨਿਗ੍ਹਾ[86] ਧਾਰੇ[87], ਤਦ[89] ਇਹ ਮਮਤਾ ਦੂਰ[88] ਹੋ ਜਾਂਦੀ ਹੈ।
ਨਾਨਕ ਹਰਿ ਸਿਉ[90] ਰਹੈ ਸਮਾਇ[91] ॥੬॥੨੩॥	The man then, remains blended[91] with[90] God, O Nanak.	ਇਨਸਾਨ ਵਾਹਿਗੁਰੂ ਨਾਲ[90] ਅਭੇਦ[91] ਹੋਇਆ ਰਹਿੰਦਾ ਹੈ, ਹੇ ਨਾਨਕ !
ਆਸਾ ਮਹਲਾ ੧ ॥	Asa Measure Ist Guru.	ਰਾਗ ਆਸਾ ਪਹਿਲੀ ਪਾਤਸ਼ਾਹੀ।
ਆਪਿ[92]ਕਰੇ ਸਚੁ[93]ਅਲਖ[94] ਅਪਾਰੁ[95] ॥	The Invisible[94] and Infinite[95] True Lord[93], Himself[92] does everything.	ਅਦ੍ਰਿਸ਼ਟ[94] ਅਤੇ ਅਨੰਤ[95] ਸੱਚਾ ਸੁਆਮੀ[93] ਖ਼ੁਦ[92] ਹੀ ਸਾਰਾ ਕੁੱਛ ਕਰਦਾ ਹੈ।
ਹਉ ਪਾਪੀ[96] ਤੂੰ ਬਖਸਣਹਾਰੁ[97] ॥੧॥	I am a sinner[96] and Thou art the Pardoner[97].	ਮੈਂ ਗੁਨਹਿਗਾਰ[96] ਹਾਂ ਅਤੇ ਤੂੰ ਮਾਫ਼ੀ ਦੇਣਹਾਰ[97]।
ਤੇਰਾ ਭਾਣਾ[98] ਸਭੁ ਕਿਛੁ[99] ਹੋਵੈ[100] ॥	In Thy will[98], everything[99] is accomplished[100].	ਤੇਰੀ ਰਜ਼ਾ[98] ਅੰਦਰ ਸਾਰਾ ਕੁਝ[99] ਹੁੰਦਾ[100] ਹੈ, ਹੇ ਵਾਹਿਗੁਰੂ।
ਮਨ ਹਠਿ[2] ਕੀਚੈ[3] ਅੰਤਿ[4] ਵਿਗੋਵੈ[5] ॥੧॥ਰਹਾਉ॥	He, who acts[3] through mind's obstinacy[2], is ultimately[4] ruined[5]. Pause.	ਜੋ ਮਨ ਦੀ ਜ਼ਿੱਦ[2] ਰਾਹੀਂ ਕੰਮ[3] ਕਰਦਾ ਹੈ, ਉਹ ਆਖ਼ਿਰਕਾਰ[4] ਤਬਾਹ[5] ਹੋ ਜਾਂਦਾ ਹੈ। ਠਹਿਰਾਉ।

ਮਨਮੁਖ[6] ਕੀ ਮਤਿ[7] ਕੂੜਿ[8] ਵਿਆਪੀ[9] ॥	The way-ward[6] man's intellect[7] is engrossed[9] in falsehood[8].	ਆਪ ਹੁਦਰੇ[6] ਮਨੁੱਖ ਦੀ ਅਕਲ[7] ਝੂਠ[8] ਅੰਦਰ ਖਚੱਤ[9] ਹੋਈ ਹੋਈ ਹੈ।
ਬਿਨੁ ਹਰਿ ਸਿਮਰਣ[10] ਪਾਪਿ[12] ਸੰਤਾਪੀ[13] ॥੨॥	Without God's remembrance[10], it is afflicted[13] by sin[12].	ਰੱਬ ਦੀ ਬੰਦਗੀ[10] ਦੇ ਬਗੈਰ, ਇਹ ਗੁਨਾਹ[12] ਦੀ ਦੁਖੀ[13] ਕੀਤੀ ਹੋਈ ਹੈ।
ਦੁਰਮਤਿ[14] ਤਿਆਗਿ[15] ਲਾਹਾ[16] ਕਿਛੁ ਲੇਵਹੁ[17] ॥	By discarding[15] evil-intellect[14], reap[17] thou some benefit[16].	ਮੰਦੀ ਅਕਲ[14] ਨੂੰ ਛੱਡ[15] ਕੇ, ਤੂੰ ਕੁੱਛ ਲਾਭ[16] ਉਠਾ[17]।
ਜੋ[18] ਉਪਜੈ[19] ਸੋ[20]ਅਲਖ[21] ਅਭੇਵਹੁ[21] ॥੩॥	Who-so-ever[18] is born[19], he[20] is through the Unknowable[21] and Inscrutable[21] Lord.	ਜਿਹੜਾ ਭੀ[18] ਪੈਦਾ[19] ਹੋਇਆ ਹੈ, ਉਹ[20] ਅਗਾਧ[21], ਭੇਦ-ਰਹਿਤ[21] ਸੁਆਮੀ ਦੇ ਰਾਹੀਂ ਹੀ ਹੋਇਆ ਹੈ।
ਐਸਾ[22] ਹਮਰਾ[23] ਸਖਾ[24] ਸਹਾਈ[25] ॥ ਗੁਰ ਹਰਿ[26] ਮਿਲਿਆ[27] ਭਗਤਿ[28] ਦ੍ਰਿੜਾਈ[29] ॥੪॥	Such[22] is my[23] friend[24] and helper[25]. By meeting[27] the Guru-God[26], Lord's Devotional Service[28] is implanted[29] in me.	ਐਹੋ ਜੇਹਾ[22] ਹੈ ਮੇਰਾ[23] ਮਿੱਤ੍ਰ[24] ਅਤੇ ਮਦਦਗਾਰ[25]। ਰੱਬ ਰੂਪ ਗੁਰਾ[26] ਨੂੰ ਭੇਟਣ ਦੁਆਰਾ[27], ਮੇਰੇ ਅੰਦਰ ਸੁਆਮੀ ਦੀ ਪ੍ਰੇਮ-ਮਈ ਸੇਵਾ[28] ਪੱਕੀ[29] ਹੋ ਗਈ ਹੈ।
ਸਗਲੀ ਸਉਦੀ[30] ਤੋਟਾ[31] ਆਵੈ ॥	In all other transactions[30] one suffers loss[31].	ਹੋਰ ਸਾਰਿਆਂ ਸਉਦਿਆਂ[30] ਅੰਦਰ ਬੰਦੇ ਨੂੰ ਘਾਟਾ[31] ਪੈਂਦਾ ਹੈ।
ਨਾਨਕ ਰਾਮ[32] ਨਾਮੁ ਮਨਿ[33] ਭਾਵੈ[34] ॥੫॥੨੪॥	To Nanak's mind[33], the Lord's Name[32] is pleasing[34].	ਨਾਨਕ ਦੇ ਚਿੱਤ[33] ਨੂੰ ਪ੍ਰਭੂ ਦਾ ਨਾਮ[32] ਚੰਗਾ[34] ਲਗਦਾ ਹੈ।
ਆਸਾ ਮਹਲਾ ੧ ਚਉਪਦੇ ॥	Asa Measure Ist Guru. Chaupade	ਰਾਗ ਆਸਾ ਪਹਿਲੀ ਪਾਤਸ਼ਾਹੀ ਚਉਪਦੇ।
ਵਿਦਿਆ[35] ਵੀਚਾਰੀ[36]ਤਾਂ[37] ਪਰਉਪਕਾਰੀ[38] ॥	If thou art to deliberate[36] over thy knowledge[35], only then[37] wilt thou become the benefactor[38] of all.	ਜੇਕਰ ਤੂੰ ਇਲਮ[35] ਦਾ ਵੀਚਾਰਵਾਨ[36] ਹੈਂ, ਤਦ[37] ਸਾਰਿਆਂ ਦਾ ਭਲਾ ਕਰਨ ਵਾਲਾ[38] ਬਣ।
ਜਾਂ[39] ਪੰਚ[40] ਰਾਸੀ[41] ਤਾਂ ਤੀਰਥ[42] ਵਾਸੀ[43] ॥੧॥	When[39] thou correctest[41] (controtest) thine five[40] evil passions, then, shalt thou become the dweller[43] at the pilgrimage station[42].	ਜਦ[39] ਤੂੰ ਆਪਣੇ ਪੰਜ[40] ਵਿਸ਼ੇ ਵੇਗਾਂ ਨੂੰ ਦਰੁਸਤ ਕਰ ਲੈਂਦਾ[41] ਹੈਂ, ਤਦ ਤੂੰ ਯਾਤ੍ਰਾ-ਅਸਥਾਨ[42] ਤੇ ਰਹਿਣ ਵਾਲਾ[43] ਹੋ ਜਾਵੇਂਗਾ।
ਘੁੰਘਰੂ ਵਾਜੈ ਜੇ[44] ਮਨੁ ਲਾਗੈ[45] ॥	If[44] the mind is fixed[45], then, that is the tinkling of small bells	ਜੇਕਰ[44] ਮਨ ਅਸਥਿਰ[45] ਹੋ ਜਾਵੇ, ਤਦ ਉਹ ਹੀ ਘੁੰਗਰੂਆਂ ਦਾ ਵੱਜਣਾ ਹੈ।
ਤਉ[46] ਜਮੁ[47] ਕਹਾ[50] ਕਰੇ ਮੋ ਸਿਉ[48] ਆਗੈ[49] ॥੧॥ ਰਹਾਉ॥	Then[46], what[50] can the Death's courier[47], do unto me[48], hereafter[49] ? Pause.	ਤਦ[46] ਮੌਤ ਦਾ ਦੂਤ[47] ਅਗੇ[49] ਮੈਨੂੰ[48] ਕੀ[50] ਕਰ ਸਕਦਾ ਹੈ ? ਠਹਿਰਾਉ।
ਆਸ[51] ਨਿਰਾਸੀ[52] ਤਉ ਸੰਨਿਆਸੀ[53] ॥	When man abandons[52] desire[51], then does he become a true renouncer[53].	ਜਦ ਬੰਦਾ ਖ਼ਾਹਿਸ਼[51] ਨੂੰ ਤਿਆਗ[52] ਦਿੰਦਾ ਹੈ, ਤਦ ਉਹ ਤਿਆਗੀ[53] ਥੀ ਵੰਞਦਾ ਹੈ।

ਜਾਂ[54] ਜਤੁ[55] ਜੋਗੀ ਤਾਂ[56] ਕਾਇਆ[57] ਭੋਗੀ[58] ॥੨॥
ਦਇਆ[59] ਦਿਗੰਬਰੁ[60] ਦੇਹ[61] ਬੀਚਾਰੀ[62] ॥

ਆਪਿ[63] ਮਰੈ[64] ਅਵਰਾ[65] ਨਹ ਮਾਰੀ ॥੩॥
ਏਕੁ[69] ਤੂ ਹੋਰਿ[66] ਵੇਸ[67] ਬਹੁਤੇਰੇ[68] ॥
ਨਾਨਕੁ ਜਾਣੈ ਚੋਜ[70] ਨ ਤੇਰੇ ॥੪॥੨੫॥

ਆਸਾ ਮਹਲਾ ੧ ॥
ਏਕ ਨ ਭਰੀਆ[71] ਗੁਣ[72] ਕਰਿ[73] ਧੋਵਾ[74] ॥

ਮੇਰਾ ਸਹੁ[75] ਜਾਗੈ ਹਉ ਨਿਸਿ[76] ਭਰਿ[77] ਸੋਵਾ ॥੧॥
ਇਉ[78] ਕਿਉ[79] ਕੰਤ[81] ਪਿਆਰੀ[80] ਹੋਵਾ ॥
ਸਹੁ ਜਾਗੈ ਹਉ ਨਿਸ ਭਰਿ ਸੋਵਾ ॥੧॥ ਰਹਾਉ ॥

ੜ੫੭

ਆਸ[82] ਪਿਆਸੀ[83] ਸੇਜੈ[84] ਆਵਾ[85] ॥ ਆਗੈ[86] ਸਹ ਭਾਵਾ[87] ਕਿ ਨ ਭਾਵਾ ॥੨॥

ਕਿਆ[88] ਜਾਨਾ ਕਿਆ ਹੋਇਗਾ[89] ਰੀ[90] ਮਾਈ[91] ॥
ਹਰਿ ਦਰਸਨ[92] ਬਿਨੁ ਰਹਨੁ ਨ ਜਾਈ ॥੧॥ ਰਹਾਉ ॥
ਪ੍ਰੇਮੁ[93] ਨ ਚਾਖਿਆ[94] ਮੇਰੀ ਤਿਸ[95] ਨ ਬੁਝਾਨੀ[96] ॥
ਗਇਆ[97] ਸੁ[98] ਜੋਬਨੁ[99] ਧਨ[100] ਪਛੁਤਾਨੀ[2] ॥੩॥

When[54] the Yogi practises chastity[55], then[56] he enjoys[58] his body[57].
He is the naked-hermit[60], who has compassion[59] and examines[62] his innerself[61].

He slays[64] his ownself[63] and slays not others[65].
Thou O Lord, art but one[69] and[66] many[68] are Thine garbs[67].
Nanak knows not Thine wondrous plays[70].

Asa Measure Ist Guru.

I am not soiled[71] with one sin, that I may be washed[74] clean with[73] virtue[72] alone.
My Spouse[75] awakes and I sleep the whole[77] night[76].
How[79] can I, thus[78], become dear[80] to my Spouse[81] ?
My Husband keeps awake, I sleep the whole night. Pause.

Desiring[82] and thirsting[83] to meet my Groom, I approach[85] His couch[84] but I know not further[86], if I please[87] or please Him not.

How[88] do I know what shall befall[89] me, O[90] my Mother[91] ? Without the sight[92] of God I can survive not. Pause.

I have not tasted[94] love[93] and my thirst[95] is not quenched[96]. My beautiful[98] youth[99] has fled away[97] and I, the bride[100], repent[2].

ਜਦ[54] ਯੋਗੀ ਜੱਤ ਸੱਤ[55] ਕਮਾਉਂਦਾ ਹੈ, ਤਦ[56] ਉਹ ਦੇਹਿ[57] ਦਾ ਅਨੰਦ ਮਾਣਦਾ[58] ਹੈ ।
ਉਹੀ ਨਗਨ ਸਾਧੂ[60] ਹੈ, ਜੋ ਤਰਸ ਕਰਦਾ[59] ਹੈ ਅਤੇ ਆਪਣੇ ਆਪੇ[61] ਨੂੰ ਸੋਚਦਾ[62] ਸਮਝਦਾ ਹੈ ।

ਉਹ ਆਪਣੇ ਆਪੇ ਨੂੰ[63] ਮਾਰਦਾ[64] ਹੈ ਅਤੇ ਹੋਰਨਾਂ[65] ਨੂੰ ਨਹੀਂ[2] ਮਾਰਦਾ ।
ਤੂੰ ਹੇ ਸੁਆਮੀ ! ਕੇਵਲ ਇਕ[69] ਹੀ ਹੈਂ ਅਤੇ[66] ਅਨੇਕਾਂ[68] ਹਨ ਤੇਰੇ ਲਿਬਾਸ[67] ।
ਨਾਨਕ ਤੇਰੇ ਅਸਚਰਜ[70] ਕੌਤਕਾਂ ਨੂੰ ਨਹੀਂ ਜਾਣਦਾ ।

ਰਾਗ ਆਸਾ ਪਹਿਲੀ ਪਾਤਸ਼ਾਹੀ ।

ਮੈਂ ਕੇਵਲ ਇੱਕ ਅੱਧੇ ਪਾਪ ਨਾਲ ਲਿਬੜੀ[71] ਹੋਈ ਨਹੀਂ ਜੋ ਮੈਂ ਨੇਕੀ[72] ਨਾਲ[73] ਧੋ ਕੇ[74] ਸਾਫ਼ (ਪਵਿੱਤ੍ਰ) ਹੋ ਜਾਵਾਂਗੀ ।
ਮੇਰਾ ਕੰਤ[72] ਜਾਗਦਾ ਹੈ ਅਤੇ ਮੈਂ ਸਾਰੀ[77] ਰਾਤ[76] ਸੁੱਤੀ ਰਹਿੰਦੀ ਹਾਂ ।
ਮੈਂ ਔਕੁਰ[78] ਕਿਸ ਤਰ੍ਹਾਂ[79] ਆਪਣੇ ਭਰਤੇ[81] ਦੀ ਲਾਡਲੀ[80] ਹੋ ਸਕਦੀ ਹਾਂ ?
ਮੇਰਾ ਖ਼ਸਮ ਜਾਗਦਾ ਰਹਿੰਦਾ ਹੈ ਅਤੇ ਮੈਂ ਸਾਰੀ ਰਾਤ ਸੁੱਤੀ ਰਹਿੰਦੀ ਹਾਂ । ਠਹਿਰਾਉ ।

ਆਪਣੇ ਪਤੀ ਨੂੰ ਮਿਲਣ ਦੀ ਇੱਛਾ[82] ਅਤੇ ਤਰੇਹ[83] ਨਾਲ ਮੈਂ ਉਸ ਦੇ ਪਲੰਘ[84] ਤੇ ਜਾਂਦੀ[85] ਹਾਂ; ਪ੍ਰੰਤੂ, ਅੱਗੇ[86] ਮੈਨੂੰ ਪਤਾ ਨਹੀਂ ਕਿ ਮੈਂ ਉਸ ਨੂੰ ਚੰਗੀ[87] ਲਗਦੀ ਹਾਂ ਕਿ ਨਹੀਂ ।

ਮੈਨੂੰ ਕੀ[88] ਪਤਾ ਹੈ, ਮੇਰੇ ਨਾਲ ਕੀ ਵਾਪਰੇਗੀ[89], ਹੇ[90] ਮੇਰੀ ਮਾਤਾ[91] ? ਵਾਹਿਗੁਰੂ ਦੇ ਦੀਦਾਰ[92] ਦੇ ਬਗੈਰ ਮੈਂ ਰਹਿ ਨਹੀਂ ਸਕਦੀ । ਠਹਿਰਾਉ ।

ਮੈਂ ਪ੍ਰੀਤ[93] ਦਾ ਸੁਆਦ ਨਹੀਂ ਮਾਣਿਆ[94] ਅਤੇ ਮੇਰੀ ਪਿਆਸ[95] ਨਹੀਂ ਬੁਝੀ[96]; ਮੇਰੀ ਸੁੰਦਰ[98] ਜੁਆਨੀ[99] ਚਲੀ ਗਈ[97] ਹੈ ਅਤੇ ਮੈਂ ਪਤਨੀ[100], ਪਸਚਾਤਾਪ[2] ਕਰਦੀ ਹਾਂ ।

ਅਜੈ[3] ਸੁ ਜਾਗਉ ਆਸ ਪਿਆਸੀ[4] ॥
ਭਈਲੇ[5] ਉਦਾਸੀ[6] ਰਹਉ ਨਿਰਾਸੀ[7] ॥੧॥ਰਹਾਉ॥
[8]ਹਉਮੈ ਖੋਇ[9] ਕਰੇ ਸੀਗਾਰੁ[10] ॥ ਤਉ[12] ਕਾਮਣਿ[13] ਸੇਜੈ ਰਵੈ[14] ਭਤਾਰੁ[15] ॥੪॥
ਤਉ[16] ਨਾਨਕ ਕੰਤੈ ਮਨਿ[17] ਭਾਵੈ[18] ॥ ਛੋਡਿ[21] ਵਡਾਈ[19] ਅਪਣੇ ਖਸਮ ਸਮਾਵੈ[20] ॥ ੧॥ਰਹਾਉ॥੨੬॥

ਆਸਾ ਮਹਲਾ ੧ ॥
ਪੇਵਕੜੈ[22] ਧਨ[23] ਖਰੀ[24] ਇਆਣੀ[25] ॥ ਤਿਸ[26] ਸਹ ਕੀ ਮੈ ਸਾਰ[27] ਨ ਜਾਣੀ[28] ॥੧॥
ਸਹੁ ਮੇਰਾ ਏਕੁ[29] ਦੂਜਾ[30] ਨਹੀ ਕੋਈ[31] ॥
ਨਦਰਿ[32] ਕਰੇ[33] ਮੇਲਾਵਾ[34] ਹੋਈ ॥੧॥ਰਹਾਉ॥
ਸਾਹੁਰੜੈ[35] ਧਨ ਸਾਚੁ[36] ਪਛਾਣਿਆ[37] ॥ ਸਹਜਿ ਸੁਭਾਇ[38] ਅਪਣਾ ਪਿਰੁ[39] ਜਾਣਿਆ[40] ॥੨॥
ਗੁਰ ਪਰਸਾਦੀ[41] ਐਸੀ[42] ਮਤਿ[43] ਆਵੈ ॥ ਤਾਂ[44] ਕਾਮਣਿ[45] ਕੰਤੈ[46] ਮਨਿ[47] ਭਾਵੈ[48] ॥੩॥
ਕਹਤੁ[49] ਨਾਨਕੁ ਭੈ[50] ਭਾਵ[51] ਕਾ ਕਰੇ ਸੀਗਾਰੁ[52] ॥
ਸਦ[53] ਹੀ ਸੇਜੈ[54] ਰਵੈ[55] ਭਤਾਰੁ[56] ॥੪॥੨੭॥
ਆਸਾ ਮਹਲਾ ੧ ॥

Even now[3], I awake smitten with intense expectation[4].
I have become[5] sad[6] and remain without hope[7]. Pause.
If she stills[9] her ego[8] and so adorns[10] herself, then[12], the Groom[15] enjoys[14] the bride[13] on His bed-stead.

Then[16], Nanak, the bride becomes pleasing[18] to the mind[17] of her Spouse. She sheds[21] her self-conceit[19] and gets absorbed[20] in her Beloved. Pause.

Asa Measure Ist Guru.

In my father's house (this world[22]), I the bride[23], remained very[24] childish[26].
And of that[26] Spouse, I knew[28] not the worth[27].
My Spouse is but One[29]. There is no other[31] second[30] like Him.
If He casts[33] a glance of grace[32], then shall I meet[34] Him. Pause.
In father-in-law's house (the next world[35]) the bride shall know[37] the reality[36] and shall easily[38] recognise[40] her Beloved[39].
If by Guru's grace[41] she obtains such[42] wisdom[43], Then[44], the bride[45] shall become pleasing[48] to her Spouse's[46] heart[47].
Says[49] Nanak, she, who adorns[52] herself with Lord's awe[50] and love[51], ever[53] enjoys[55] her Spouse[56] on the couch[54] (of her heart).

Asa. Ist Guru.

ਹੁਣ ਭੀ[3] ਮੈਂ ਪਰਮ ਚਾਹਵਾਨ[4] ਹੋ ਜਾਗਦੀ ਰਹਿੰਦੀ ਹਾਂ ।
ਮੈਂ ਗ਼ਮਗੀਨ[6] ਹੋ ਗਈ[5] ਹਾਂ ਅਤੇ ਬੇ-ਉਮੈਦ[7] ਰਹਿੰਦੀ ਹਾਂ । ਠਹਿਰਾਉ ।
ਜੇਕਰ ਪਤਨੀ ਆਪਣੀ ਹੰਗਤਾ[3] ਛੱਡ ਦੇਵੇ[9] ਅਤੇ ਇਸ ਤਰ੍ਹਾਂ ਦਾ ਹਾਰ ਸ਼ਿੰਗਾਰ[10] ਕਰੇ, ਤਦ[12], ਉਸ ਦਾ ਖ਼ਸਮ[15] ਆਪਣੀ ਸੇਜ ਉਤੇ ਉਸ[13] ਨੂੰ ਮਾਣਦਾ[14] ਹੈ ।

ਤਦ[16], ਨਾਨਕ, ਪਤਨੀ ਆਪਣੇ ਪਤੀ ਦੇ ਚਿੱਤ[17] ਨੂੰ ਚੰਗੀ[18] ਲੱਗਣ ਲੱਗ ਜਾਂਦੀ ਹੈ । ਉਹ ਆਪਣੀ ਸਵੈ-ਹੰਗਤਾ[19] ਨੂੰ ਤਿਆਗ[21] ਦਿੰਦੀ ਹੈ ਅਤੇ ਆਪਣੇ ਪ੍ਰੀਤਮ ਅੰਦਰ ਲੀਨ[20] ਹੋ ਜਾਂਦੀ ਹੈ । ਠਹਿਰਾਉ ।

ਰਾਗ ਆਸਾ ਪਹਿਲੀ ਪਾਤਸ਼ਾਹੀ ।

ਇਸ ਜਹਾਨ[22] ਅੰਦਰ, ਮੈਂ ਪਤਨੀ[23] ਬਹੁਤ[24] ਬੇਸਮਝ[26] ਰਹੀ ਅਤੇ ਉਸ[26] ਪਤੀ ਦੀ ਕਦਰ[27] ਦੀ ਮੈਂ ਸਿਆਣ[28] ਨਾ ਕੀਤੀ ।

ਮੇਰਾ ਭਤਾਰ ਕੇਵਲ ਇਕ[29] ਹੈ । ਹੋਰ ਕੋਈ[31] ਦੂਸਰਾ[30] ਉਸ ਵਰਗਾ ਨਹੀਂ ।
ਜੇਕਰ ਉਹ ਮਿਹਰ ਦੀ ਨਜ਼ਰ[32] ਧਾਰੇ[33], ਤਦ ਮੈਂ ਉਸ ਨੂੰ ਮਿਲ[34] ਪਵਾਂਗੀ । ਠਹਿਰਾਉ ।
ਅਗਲੇ ਜਹਾਨ[35] ਅੰਦਰ ਪਤਨੀ ਅਸਲੀਅਤ[36] ਨੂੰ ਜਾਣ ਲਊਗੀ[37] ਅਤੇ ਸੁਖੈਨ[38] ਹੀ ਆਪਣੇ ਪ੍ਰੀਤਮ[39] ਨੂੰ ਸਿਆਣ[40] ਲਵੇਗੀ ।

ਗੁਰਾਂ ਦੀ ਦਇਆ ਦੁਆਰਾ[41], ਜੇਕਰ ਉਸ ਨੂੰ ਐਹੋ ਜੇਹੀ[42] ਅਕਲ[43] ਆ ਜਾਵੇ, ਤਦ[44], ਪਤਨੀ[45] ਆਪਣੇ ਪਤੀ[46] ਦੇ ਦਿਲ[47] ਨੂੰ ਭਾ[48] ਜਾਵੇਗੀ ।

ਗੁਰੂ ਜੀ ਆਖਦੇ ਹਨ[49], ਜੋ ਸਾਂਈ ਦੇ ਡਰ[50] ਤੇ ਪਿਆਰ[51] ਨਾਲ ਸ਼ਸ਼ੋਭਤ[52] ਹੋਈ ਹੋਈ ਹੈ, ਉਹ ਆਪਣੇ ਭਰਤੇ[56] ਨੂੰ, ਹਮੇਸ਼ਾ[53], ਪਲੰਘ[54] ਉੱਤੇ ਮਾਣਦੀ[55] ਹੈ ।

ਆਸਾ ਪਹਿਲੀ ਪਾਤਸ਼ਾਹੀ ।

ਨ ਕਿਸ ਕਾ ਪੂਤੁ[57] ਨ ਕਿਸ ਕੀ ਮਾਈ[58] ॥
ਝੂਠੈ[59] ਮੋਹਿ[60] ਭਰਮਿ[61] ਭੁਲਾਈ[62] ॥੧॥
ਮੇਰੇ ਸਾਹਿਬ[63] ਹਉ ਕੀਤਾ[64] ਤੇਰਾ ॥
ਜਾਂ[65] ਤੂੰ ਦੇਹਿ[66] ਜਪੀ[67] ਨਾਉ ਤੇਰਾ ॥੧॥ਰਹਾਉ॥
ਬਹੁਤੇ[68] ਅਉਗਣ[69] ਕੂਕੈ[70] ਕੋਈ[71] ॥ ਜਾ[72] ਤਿਸੁ[73] ਭਾਵੈ[74] ਬਖਸੇ[76] ਸੋਈ[75] ॥ ੨॥
ਗੁਰ ਪਰਸਾਦੀ[77] [78]ਦੁਰਮਤਿ[79] ਖੋਈ[80] ॥
ਜਹ[81] ਦੇਖਾ ਤਹ[82] ਏਕੋ[83] ਸੋਈ[84] ॥੩॥
ਕਹਤ ਨਾਨਕੁ ਐਸੀ[85] ਮਤਿ[86] ਆਵੈ ॥ ਤਾਂ[87] ਕੋ[88] ਸਚੇ ਸਚਿ[89] ਸਮਾਵੈ[90] ॥੪॥ ੨੮॥

ਆਸਾ ਮਹਲਾ ੧
ਦੁਪਦੇ ॥

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥
ਮਨ ਏਕੁ ਨ ਚੇਤਸਿ ਮੂੜ ਮਨਾ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥
ਨਾ ਹਉ ਜਤੀ ਸਤੀ ਨਹੀ

Neither there is any one's son[57], nor is there any one's mother[58].
Through false[59] worldly love[60], the mortal wanders[62] in doubt[61].
My Master[63], I am Thy creation[64].

If[65] Thou givest[66] it to me, I will repeat[67] Thy Name. Pause.
If one[71], full of numerous[68] sins[69], prays[70] at Lord's Door, only when[72] He[73] wills[74], He pardons[76] him[75].
By Guru's grace[77] evil-intellect[79] is surrendered[80].
Wherever[81] I see, I find that[84] One Lord[83] there[82].
Says Nanak, if one[88] obtains such[85] an understanding[86], then[87] is he absorbed[90] in the Truest of the True[89].

Asa. Ist Guru.
Dupade.

In that world-pool the mortal has attained an abode where the water and fire, He, the Lord has made.
In the mire of worldly love his feet move on not and I have seen him drowning there-in.
O foolish man, why rememberest thou not the One Lord in thy mind ?
By forgetting God, thy virtues, O man, shall wither away. Pause.
I am not a continent, nor I claim to be

ਨਾ ਕਿਸੇ ਦਾ ਕੋਈ ਪੁੱਤਰ[57] ਹੈ, ਨਾ ਹੀ ਕਿਸੇ ਦੀ ਕੋਈ ਮਾਤਾ[58] ।
ਕੂੜੀ[59] ਸੰਸਾਰੀ ਮਮਤਾ[60] ਦੇ ਰਾਹੀਂ ਪ੍ਰਾਣੀ ਵਹਿਮ[61] ਅੰਦਰ ਭਟਕਦਾ[62] ਹੈ ।
ਮੇਰੇ ਮਾਲਕ[63] ! ਮੈਂ ਤੇਰੀ ਰਚਨਾ[64] ਹਾਂ ।

ਜੇਕਰ[65] ਤੂੰ ਇਸ ਨੂੰ ਮੈਨੂੰ ਦੇਵੇਂ[66], ਤਾਂ ਮੈਂ ਤੇਰੇ ਨਾਮ ਦਾ ਉਚਾਰਨ[67] ਕਰਾਂਗਾ । ਠਹਿਰਾਉ ।
ਜੇਕਰ ਕੋਈ ਜਣਾ[71] ਘਣੇਰਿਆਂ[68] ਪਾਪਾਂ[69] ਨਾਲ ਪੂਰਤ ਹੋਵੇ, ਅਤੇ ਸੁਆਮੀ ਦੇ ਦੁਆਰੇ ਉੱਤੇ ਪ੍ਰਾਰਥਨਾ ਕਰੇ[70]; ਪ੍ਰੰਤੂ, ਕੇਵਲ ਤਦ ਹੀ ਉਹ ਉਸ[75] ਨੂੰ ਮਾਫ ਕਰੇਗਾ[76], ਜਦ[72] ਉਸ ਨੂੰ[73] ਚੰਗਾ ਲੱਗੇਗਾ[74] ।
ਗੁਰਾਂ ਦੀ ਦਇਆ ਦੁਆਰਾ[77] ਖੋਟੀ[78] ਅਕਲ[79] ਜੜੋਂ ਮੇਖੋਂ ਪੁੱਟੀ ਜਾਂਦੀ[80] ਹੈ ।
ਜਿੱਥੇ ਕਿਤੇ[81] ਮੈਂ ਵੇਖਦਾ ਹਾਂ,ਉਥੇ[82] ਮੈਂ ਉਸ[84] ਅਦੁੱਤੀ ਸੁਆਮੀ[83] ਨੂੰ ਪਾਉਂਦਾ ਹਾਂ ।
ਗੁਰੂ ਜੀ ਆਖਦੇ ਹਨ ਜੇਕਰ ਕਿਸੇ ਨੂੰ[88] ਐਹੋ ਜੇਹੀ[85] ਸਮਝ[86] ਆ ਜਾਵੇ, ਤਦ[87] ਉਹ ਸਚਿਆਰਾਂ ਦੇ ਪਰਮ ਸਚਿਆਰ[89] ਵਿਚ ਲੀਨ[90] ਹੋ ਜਾਂਦਾ ਹੈ ।

ਆਸਾ ਮਹਲਾ ਪਹਿਲੀ ਪਾਤਸ਼ਾਹੀ ।
ਦੁਪਦੇ ।

ਉਸ ਸੰਸਾਰ ਦੇ ਛੱਪੜ ਅੰਦਰ ਪ੍ਰਾਣੀ ਦਾ ਵਸੇਬਾ ਹੋਇਆ ਹੈ ਜਿੱਥੇ ਜਲ ਤੇ ਅੱਗ ਉਸ ਸੁਆਮੀ ਨੇ ਬਣਾਏ ਹਨ ।
ਸੰਸਾਰੀ ਮਮਤਾ ਦੇ ਚਿੱਕੜ ਅੰਦਰ ਉਸ ਦੇ ਪੈਰ ਅੱਗੇ ਨਹੀਂ ਟੁਰਦੇ । ਮੈਂ ਉਸ ਨੂੰ ਉਸ ਅੰਦਰ ਡੁਬਦਿਆਂ ਵੇਖ ਲਿਆ ਹੈ ।
ਹੇ ਮੂਰਖ ਮਨੁੱਖ, ਤੂੰ ਕਿਉਂ ਆਪਣੇ ਚਿੱਤ ਵਿੱਚ ਇੱਕ ਸੁਆਮੀ ਦਾ ਸਿਮਰਨ ਨਹੀਂ ਕਰਦਾ ?
ਰੱਬ ਨੂੰ ਭੁਲਾਉਣ ਕਾਰਨ, ਹੇ ਬੰਦੇ ! ਤੇਰੀਆਂ[3] ਨੇਕੀਆਂ ਸੁਕ ਸੜ ਜਾਣਗੀਆਂ । ਠਹਿਰਾਉ ।
ਮੈਂ ਨਾ ਬ੍ਰਹਿਮਚਾਰੀ, ਨਾ ਸੱਚਾ ਇਨਸਾਨ ਤੇ ਨਾ ਹੀ

ਪੜਿਆ ਮੂਰਖ ਮੁਗਧਾ ਜਨਮੁ ਭਇਆ ॥
ਪ੍ਰਣਵਤਿ ਨਾਨਕੁ ਤਿਨ੍ਹ ਕੀ ਸਰਣਾ ਜਿਨ੍ਹ ਤੂੰ ਨਾਹੀ ਵੀਸਰਿਆ ॥੨॥੨੯॥

a true man, and a scholar. Foolish and ignorant I am born in this world.
Prays Nanak, I have sought the sanctuary of those, who forget Thee not, O Lord.

ਵਿਦਵਾਨ ਹਾਂ । ਬੇਵਕੂਫ਼ ਤੇ ਬੇਸਮਝ, ਮੈਂ ਇਸ ਜਹਾਨ ਅੰਦਰ ਜੰਮਿਆ ਹਾਂ ।
ਬਿਨੈ ਕਰਦਾ ਹੈ ਨਾਨਕ ! ਮੈਂ ਉਨ੍ਹਾਂ ਦੀ ਸ਼ਰਣਾਗਤ ਸੰਭਾਲੀ ਹੈ, ਜਿਹੜੇ ਤੈਨੂੰ ਨਹੀਂ ਭੁਲਾਉਂਦੇ, ਹੇ ਸਾਹਿਬ !

ਆਸਾ ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ ।

ਛਿਅ ਘਰ ਛਿਅ ਗੁਰ ਛਿਅ ਉਪਦੇਸ ॥
ਗੁਰ ਗੁਰੁ ਏਕੋ ਵੇਸ ਅਨੇਕ ॥੧॥

There are six systems, six their teachers and six their doctrines.
But the Teacher of teachers is the One Lord, though He has various ventures.

ਛੇ ਸ਼ਾਸਤਰ ਹਨ, ਛੇ ਉਨ੍ਹਾਂ ਦੇ ਰਚਣਹਾਰ ਅਤੇ ਛੇ ਉਨ੍ਹਾਂ ਦੇ ਮੱਤ ।
ਪਰ ਸਾਰਿਆਂ ਉਸਤਾਦਾਂ ਦਾ ਉਸਤਾਦ ਇਕ ਸੁਆਮੀ ਹੈ, ਭਾਵੇਂ ਉਸ ਦੇ ਅਨੇਕਾਂ ਪਹਿਰਾਵੇ ਹਨ ।

ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਹਿ ॥੧॥ਰਹਾਉ॥

The System or house where-in the praises of the Creator are uttered, follow that system. In it rests thy greatness. Pause.

ਜਿਸ ਮੱਤ ਵਿੱਚ ਸਿਰਜਣਹਾਰ ਦੀ ਸਿਫ਼ਤ ਸ਼ਲਾਘਾ ਹੁੰਦੀ ਹੈ, ਉਸ ਮੱਤ ਦੀ ਪੈਰਵੀ ਕਰ । ਇਸ ਵਿਚ ਤੇਰੀ ਵਡਿਆਈ ਹੈ । ਠਹਿਰਾਉ ।

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਭਇਆ ॥ ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੩੦॥

There are seconds, minutes, hours, quarters of a day, lunar days, week days, months and several seasons that spring from the lone Sun: so all forms, likewise, originate from the Creator, O Nanak.

ਜਿਸ ਤਰ੍ਹਾਂ ਇਕੱਲੇ ਆਫ਼ਤਾਬ ਤੋਂ ਸੈਕਿੰਡ, ਮਿੰਟ, ਘੰਟੇ ਪਹਰ, ਚੰਦ ਦੇ ਦਿਹਾੜੇ, ਹਫ਼ਤੇ ਦੇ ਦਿਹੁੰ ਅਤੇ ਕਈ ਮੌਸਮ ਉਤਪੰਨ ਹੁੰਦੇ ਹਨ, ਏਸੇ ਤਰ੍ਹਾਂ ਹੀ ਸਿਰਜਣਹਾਰ ਤੋਂ ਬਹੁਤੇ ਸਰੂਪ ਪੈਦਾ ਹੁੰਦੇ ਹਨ, ਹੇ ਨਾਨਕ !

ੴ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ ।

ਆਸਾ ਘਰੁ ੩
ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ

ਲਖ ਲਸਕਰ[91] ਲਖ ਵਾਜੇ[92] ਨੇਜੇ[93] ਲਖ ਉਠਿ ਕਰਹਿ ਸਲਾਮੁ[94] ॥

Thou mayest have lacs of armies[91], lacs of bands[92] and lances[93], and lacs of men may rise to pay homage[94] to thee;

ਤੇਰੇ ਕੋਲ ਲੱਖਾਂ ਹੀ ਫ਼ੌਜਾਂ[91] ਹੋਣ ਅਤੇ ਲੱਖਾਂ ਹੀ ਬੈਂਡ ਬਾਜੇ[92] ਤੇ ਭਾਲੇ,[93] ਅਤੇ ਲੱਖਾਂ ਹੀ ਬੰਦੇ ਤੈਨੂੰ ਬੰਦਨਾ[94] ਕਰਨ ਲਈ ਖੜੇ ਹੋ ਜਾਂਦੇ ਹੋਣ ।

ਲਖਾ ਉਪਰਿ ਫੁਰਮਾਇਸਿ[95] ਤੇਰੀ ਲਖ ਉਠਿ ਰਾਖਹਿ ਮਾਨੁ[96] ॥

thy dominion[95] may extend over lacs of miles and lacs of men may rise to do thee honour[96];

ਤੇਰਾ ਰਾਜ[95] ਲੱਖਾਂ ਹੀ ਮੀਲਾਂ ਤੱਕ ਫੈਲਿਆ ਹੋਇਆ ਹੋਵੇ ਅਤੇ ਲੱਖਾਂ ਹੀ ਇਨਸਾਨ ਖੜੇ ਹੋ ਤੇਰੀ ਇੱਜ਼ਤ[96] ਕਰਦੇ ਹੋਣ ।

ਜਾਂ[97] ਪਤਿ[98] ਲੇਖੈ[99] ਨ

but if[97] thy honour[98] be of no account[99]

ਪ੍ਰੰਤੂ,ਜੇਕਰ[97] ਤੇਰੀ ਇੱਜ਼ਤ[98]ਸਾਹਿਬ ਦੇ ਹਿਸਾਬ ਕਿਤਾਬ[99]

ਪਵੈ ਤਾਂ[100]ਸਭਿ ਨਿਰਾਫਲ[2] ਕਾਮ[3] ॥੧॥

to thy Lord, then[100], all the ostentations[3] are futile[2].

ਵਾਹਿਗੁਰੂ ਦੇ ਨਾਮ ਦੇ ਬਾਝੋਂ ਸੰਸਾਰ[4] ਇੱਕ ਨਿਰਾਪਰਾ ਬਖੇੜਾ[5] (ਖੱਪ ਖਾਨਾ) ਹੀ ਹੈ ।

ਹਰਿ ਕੇ ਨਾਮ ਬਿਨਾ ਜਗੁ[4] ਧੰਧਾ[5] ॥

Without God's Name, the world[4] is but a turmoil[5].

ਭਾਵੇਂ[6] ਮੂਰਖ[9] ਨੂੰ ਕਿੰਨਾਂ[7] ਹੀ ਸਮਝਾਇਆ ਬੁਝਾਇਆ[8] ਕਿਉਂ ਨਾ ਜਾਵੇ, ਉਹ ਅੰਨ੍ਹਿਆਂ ਦਾ ਅੰਨ੍ਹਾਂ[10] ਹੀ ਰਹਿੰਦਾ ਹੈ । ਠਹਿਰਾਉ ।

ਜੇ[6] ਬਹੁਤਾ[7] ਸਮਝਾਈਐ[8] ਭੋਲਾ[9] ਭੀ ਸੋ ਅੰਧੋ ਅੰਧਾ[10]॥ ੧॥ਰਹਾਉ॥

Even though[6] the fool[9] be much[7] admonished[8], he remains the blindest of the blind[10]. Pause.

ਆਦਮੀ ਲੱਖਾਂ ਰੁਪਏ ਕਮਾ ਲਵੇ[12], ਲੱਖਾਂ ਹੀ ਇਕੱਤ੍ਰ[13] ਅਤੇ ਖਰਚ ਕਰ ਲਵੇ[14], ਅਤੇ ਲੱਖਾਂ ਹੀ ਆਉਣ ਤੇ ਲੱਖਾਂ ਹੀ ਚਲੇ ਜਾਣ, ਪਰ ਜੇਕਰ ਪ੍ਰਭੂ ਦੇ ਹਿਸਾਬ ਕਿਤਾਬ ਵਿਚ ਉਸ ਦੀ ਪੱਤ ਪ੍ਰਤੀਤ ਨਹੀਂ, ਤਦ[15] ਬੰਦੇ[16] ਨੂੰ ਕਿਸੇ ਥਾਂ[17] ਵੀ ਢੋਈ ਨਹੀਂ ਮਿਲੂਗੀ[19] ?

ਲਖ ਖਟੀਅਹਿ[12] ਲਖ ਸੰਜੀਅਹਿ[12] ਖਾਜਹਿ[14] ਲਖ ਆਵਹਿ ਲਖ ਜਾਹਿ ॥ ਜਾਂ ਪਤਿ ਲੇਖੈ ਨਾ ਪਵੈ ਤਾਂ[15] ਜੀਅ[16] ਕਿਥੈ[17] ਫਿਰਿ ਪਾਹਿ[19] ॥੨॥

The man may earn[12] lacs of rupees, amass[13] and spend[14] lacs, and lacs may come and lacs may go; but,if men obtain not credit in Lord's account, where[17], then[15], shall they[16] get asylum[19] ?

ਲੱਖਾਂ ਹੀ ਸ਼ਾਸਤਰ ਪ੍ਰਾਣੀ ਨੂੰ ਪੜ੍ਹਾਏ[20] ਜਾਣ ਅਤੇ ਲੱਖਾਂ ਹੀ ਬ੍ਰਹਿਮਣ ਉਸ ਨੂੰ ਪੁਰਾਣ ਵਾਚ[21] ਕੇ ਸੁਣਾਉਣ ।

ਲਖ ਸਾਸਤ ਸਮਝਾਵਣੀ[20] ਲਖ ਪੰਡਿਤ ਪੜਹਿ[21] ਪੁਰਾਣ ॥

Lacs of Shashtras may be explained[20] to the mortal, and lacs of Brahmans, may read[21] Puranas to him.

ਜੇਕਰ ਉਸ ਦੀ ਇੱਜ਼ਤ ਪ੍ਰਭੂ ਦੇ ਲੇਖੇ ਪੱਤੇ ਵਿਚ ਨਹੀਂ, ਤਦ ਇਹ ਸਾਰਾ ਕੁਛ ਕਬੂਲ[22] ਨਹੀਂ ਪੈਂਦਾ ।

ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ[22] ॥੩॥

If his honour be of no consideration to the Lord, then all is unacceptable[22].

ਸਤਿਨਾਮ[23] ਮਿਹਰਬਾਨ[26] ਸਿਰਜਣਹਾਰ[27] ਦੇ ਨਾਮ ਤੋਂ ਇੱਜ਼ਤ ਆਬਰੂ[24] ਪਰਾਪਤ[25] ਹੁੰਦੀ ਹੈ ।

ਸਚ ਨਾਮਿ[23] ਪਤਿ[24] ਊਪਜੈ[25] ਕਰਮਿ[26] ਨਾਮੁ ਕਰਤਾਰੁ[27] ॥

From the True Name[23]—the kind[26] Creator's[27] Name—honour[24] is obtained[26].

ਦਿਨ[28] ਰਾਤ[29], ਜੇਕਰ[31] ਬੰਦੇ ਦੇ ਦਿਲ[30] ਅੰਦਰ ਨਾਮ ਟਿਕ ਜਾਵੇ[32], ਹੇ ਨਾਨਕ ! ਤਾਂ ਉਹ ਵਾਹਿਗੁਰੂ ਦੀ ਦਇਆ ਦੁਆਰਾ[33] ਪਾਰ ਉੱਤਰ ਜਾਵੇਗਾ[34] ।

[28]ਅਹਿਨਿਸਿ[29] ਹਿਰਦੈ[30] ਜੇ[31] ਵਸੈ[32] ਨਾਨਕ ਨਦਰੀ[33] ਪਾਰੁ[34] ॥੪॥੧॥੩੧॥

Day[28] and night[29], if[31] the Name abides[33] in man's heart[30], O Nanak, he shall swim across[34] (the ocean of passions) through God's grace[33].

ਆਸਾ ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ ।

ਦੀਵਾ[35] ਮੇਰਾ ਏਕੁ[36] ਨਾਮੁ ਦੁਖੁ[37] ਵਿਚਿ ਪਾਇਆ ਤੇਲੁ ॥

The Name alone[36] is my lamp[35], and the oil of suffering[37] I have put therein.

ਕੇਵਲ[36] ਨਾਮ ਹੀ ਮੇਰਾ ਚਰਾਗ[35] ਹੈ ਅਤੇ ਦੁੱਖ[37] ਰੂਪੀ ਤੇਲ ਮੈਂ ਉਸ ਵਿੱਚ ਪਾਇਆ ਹੈ ।

ਉਨਿ ਚਾਨਣਿ[38] ਓਹੁ ਸੋਖਿਆ[39] ਚੂਕਾ[40] ਜਮ[41] ਸਿਉ ਮੇਲੁ[42] ॥੧॥

The Name's lamp-light[38] has dried[39] up the oil of suffering and I have escaped[40] meeting[42] Death's courier[41].

ਨਾਮ ਦੇ ਚਰਾਗ ਦੀ ਰੋਸ਼ਨੀ[38] ਨੇ ਦੁੱਖ ਦੇ ਤੇਲ ਨੂੰ ਸੁਕਾ ਦਿੱਤਾ[39] ਹੈ ਅਤੇ ਮੈਂ ਮੌਤ ਦੇ ਦੂਤ[41] ਨੂੰ ਮਿਲਣ[42] ਤੋਂ ਬੱਚ ਗਿਆ[40] ਹਾਂ ।

ਲੋਕਾ ਮਤ[43] ਕੋ ਫਕੜਿ[44] ਪਾਇ ॥

O ye people, make me not[43] an object of derision[44].

ਹੇ ਲੋਕੋ ! ਤੁਸੀਂ ਮੇਰਾ ਮਖੌਲ[44] ਨਾ[43] ਉਡਾਉ !

ਲਖ ਮੜਿਆ[45] ਕਰਿ

Lacs of logs of wood[45], heaped

ਲੱਖਾਂ ਲੱਕੜ ਦੇ ਖੁੰਢਾਂ[45] ਦੇ ਇਕੱਠੇ ਕੀਤੇ[46] ਹੋਏ ਢੇਰ

ਏਕਠੇ[46] ਏਕ ਰਤੀ[47] ਲੇ ਭਾਹਿ[48] ॥੧॥ਰਹਾਉ॥

together[46], need but a particle[47] of fire[48] to burn. Pause.

ਨੂੰ ਸੜ ਵੰਞਣ ਲਈ ਭੋਰਾ[47] ਕੁ ਭਰ ਅੱਗ[48] ਦੀ ਲੋੜ ਹੈ। ਠਹਿਰਾਉ।

ਪਿੰਡੁ[49] ਪਤਲਿ[50] ਮੇਰੀ ਕੇਸਉ[51] ਕਿਰਿਆ[52] ਸਚੁ ਨਾਮੁ ਕਰਤਾਰੁ[53] ॥

The Lord[51] is my barley-rolls[49] and leafy plates[50] and the True Name of the Creator[53] is my obsequies[52].

ਪ੍ਰਭੂ[51] ਹੀ ਮੇਰੇ ਜਵਾਂ ਦੇ ਪਿੰਨ[49] ਤੇ ਪੱਤਿਆਂ ਦੀਆਂ ਪਲੇਟਾਂ[50] ਹੈ। ਸਿਰਜਣਹਾਰ[53] ਦਾ ਸੱਚਾ ਨਾਮ ਮੇਰੇ ਮਿਰਤਕ ਸੰਸਕਾਰ[52] ਹਨ।

ਐਥੈ ਓਥੈ ਆਗੈ[64] ਪਾਛੈ[55] ਏਹੁ ਮੇਰਾ ਆਧਾਰੁ[56] ॥੨॥

Here and hereafter, in the past[54] and future[55], this is my support[56].

ਏਥੇ ਤੇ ਓਥੇ, ਭੂਤ[54] ਅਤੇ ਭਵਿਖਤ[55] ਵਿੱਚ ਇਹ ਹੀ ਮੇਰਾ ਆਸਰਾ[56] ਹੈ।

ਗੰਗ ਬਨਾਰਸਿ[57] ਸਿਫਤਿ[58] ਤੁਮਾਰੀ ਨਾਵੈ[59] ਆਤਮ ਰਾਉ[60] ॥

Thy praise[58] is my Ganges and Kashi[57], and my pervading soul[60] baths[59] there.

ਤੇਰੀ ਕੀਰਤੀ[58] ਮੇਰੀ ਗੰਗਾ ਅਤੇ ਕਾਂਸ਼ੀ[57] ਹੈ ਅਤੇ ਮੇਰੀ ਵਿਆਪਕ ਰੂਹ[60] ਉੱਥੇ ਇਸ਼ਨਾਨ[59] ਕਰਦੀ ਹੈ।

ਸਚਾ ਨਾਵਣੁ[61] ਤਾਂ[62] ਥੀਐ[63] ਜਾਂ[64] [65]ਅਹਿਨਿਸਿ[66] ਲਾਗੈ[67] ਭਾਉ[68] ॥੩॥

If[64] day[65] and night[66] I enshrine[67] affection[68] for Thee, then[62], that becomes[63] my true ablution[61].

ਜੇਕਰ[65] ਦਿਹੁੰ[64] ਰੈਣ[66] ਮੇਰੀ ਪ੍ਰੀਤ[68] ਤੇਰੇ ਨਾਲ ਲੱਗੀ[67] ਰਹੇ, ਤਦ[62] ਉਹ ਸੱਚਾ ਇਸ਼ਨਾਨ[61] ਬਣ[63] ਜਾਂਦਾ ਹੈ।

ਇਕ[69] ਲੋਕੀ[70] ਹੋਰੁ[71] ਛਮਿਛਰੀ[72] ਬ੍ਰਾਹਮਣੁ ਵਟਿ[73] ਪਿੰਡੁ[74] ਖਾਇ[75] ॥

Some[69] barley-balls[74] are given to ancestors[70] and others[71] to gods[72], but it is the Pandit who kneads[73] and eats[75] them.

ਕਈ[69] ਜਵਾਂ ਦੇ ਪਿੰਨ[74] ਵੱਡੇ ਵਡੇਰਿਆਂ[70] ਤੇ ਹੋਰਸ[71] ਦੇਵਤਿਆਂ[72] ਨੂੰ ਦਿੱਤੇ ਜਾਂਦੇ ਹਨ। ਪ੍ਰੰਤੂ ਪੰਡਤ ਹੀ ਉਨ੍ਹਾਂ ਨੂੰ ਗੁਨ੍ਹ[73] ਕੇ ਖਾ ਜਾਂਦਾ[75] ਹੈ।

ਨਾਨਕ ਪਿੰਡੁ ਬਖਸੀਸ[76] ਕਾ ਕਬਹੂੰ ਨਿਖੂਟਸਿ[77] ਨਾਹਿ ॥ ੪॥੨॥੩੨॥

Nanak, the barley-balls of the gift[76] of the Lord are never exhausted[77].

ਨਾਨਕ, ਪ੍ਰਭੂ ਦੀ ਦਾਤਿ[76] ਰੂਪੀ ਚਾਉਲਾਂ ਦੇ ਪਿੰਨ ਕਦਾਚਿਤ ਮੁਕਦੇ[77] ਹੀ ਨਹੀਂ।

ਆਸਾ ਘਰੁ ੪ ਮਹਲਾ ੧

Asa Ist Guru.

ਆਸਾ ਪਹਿਲੀ ਪਾਤਸ਼ਾਹੀ।

ੴ ਸਤਿਗੁਰ ਪ੍ਰਸਾਦਿ ॥

There is but One God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਦੇਵਤਿਆ[78] ਦਰਸਨ[79] ਕੈ ਤਾਈ[80] ਦੂਖ[81] ਭੂਖ[82] ਤੀਰਥ[83] ਕੀਏ ॥

The gods[78], for[80] seeing the Lord's sight[79], suffered pain[81] and hunger[82], and roamed round the holies[83].

ਸਾਹਿਬ ਦਾ ਦੀਦਾਰ[79] ਦੇਖਣ ਲਈ[80] ਦੇਵਤਿਆਂ[78] ਨੇ ਤਕਲੀਫ਼[81] ਤੇ ਭੁਖ[82] ਸਹਾਰੀ ਅਤੇ ਧਰਮ ਅਸਥਾਨਾਂ[83] ਦੇ ਚੱਕਰ ਕੱਟੇ।

ਜੋਗੀ ਜਤੀ[84] ਜੁਗਤਿ[85] ਮਹਿ ਰਹਤੇ ਕਰਿ ਕਰਿ[86] ਭਗਵੇ[87] ਭੇਖ[88] ਭਏ[89] ॥੧॥

The Yogis and the celibates[84] live under discipline[85], while others wear[86] ochre-coloured[87] dresses[88] and become[89] hermits.

ਯੋਗੀ ਅਤੇ ਪ੍ਰਹੇਜ਼ਗਾਰ[84] ਨਿਯਮ-ਬੱਧ[85] ਰਹਿੰਦੇ ਹਨ। ਹੋਰ ਗੇਰੂ ਰੰਗੇ[87] ਬਸਤ੍ਰ[88] ਪਹਿਨ[86] ਕੇ ਸਾਧੂ ਹੋ ਗਏ ਹਨ[89]।

ਤਉ[90] ਕਾਰਣਿ[91] ਸਾਹਿਬਾ ਰੰਗਿ[92] ਰਤੇ[93] ॥

To meet[91] Thee[90], O Lord, they are imbued[93] with love[92].

ਤੇਰੀ[90] ਖ਼ਾਤਰ[91], ਹੇ ਸਾਂਈ! ਉਹ ਪਿਆਰ[92] ਨਾਲ ਰੰਗੀਜੇ[93] ਹਨ।

ਤੇਰੇ ਨਾਮ ਅਨੇਕਾ[94] ਰੂਪ[95] ਅਨੰਤਾ[96] ਕਹਨੁ[97] ਨ ਜਾਹੀ

Many[94] are Thy Names and infinite[96] Thine forms[95] and it cannot be told[97]

ਅਣੇਰੇ[94] ਹਨ ਤੇਰੇ ਨਾਮ ਅਤੇ ਬੇਅੰਤ[96] ਹਨ ਤੇਰੇ ਸਰੂਪ[95]। ਕਿਨੀਆਂ[99] ਹਨ ਤੇਰੀਆਂ ਸ੍ਰੇਸ਼ਟਤਾਈਆਂ[98],

ਤੇਰੇ ਗੁਣ[98] ਕੇਤੇ[99] ॥੧॥ ਰਹਾਉ ॥	how many[99] merits[99] Thou hast. Pause.	ਕਿਹਾ[97] ਨਹੀਂ ਜਾ ਸਕਦਾ । ਠਹਿਰਾਉ ।
ਦਰ ਘਰ[100] ਮਹਲਾ[2] ਹਸਤੀ[3] ਘੋੜੇ[4] ਛੋਡਿ[5] ਵਿਲਾਇਤਿ[6] ਦੇਸ[7] ਗਏ[8] ॥	Leaving[5] bearth and home[100], palaces[2], elephants[3], horses[4] and native land[7], men have gone[8] to foreign countries[6] in Thy search.	ਘਰ ਬਾਰ[100], ਮੰਦਰ[2], ਹਾਥੀ[3], ਘੋੜੇ[4] ਅਤੇ ਆਪਣਾ ਵਤਨ[7] ਤਿਆਗ[5] ਕੇ, ਬੰਦੇ ਤੇਰੀ ਖੋਜ ਭਾਲ ਅੰਦਰ ਪ੍ਰਦੇਸੀ[8] ਚਲੇ ਗਏ[8] ਹਨ ।
ਪੀਰ[9] ਪੈਕਾਂਬਰ[10] ਸਾਲਿਕ[12] ਸਾਦਿਕ[13] ਛੋਡੀ ਦੁਨੀਆ[14] ਥਾਇ[15] ਪਏ ॥੨॥	The religious leaders[9], prophets[10], the pioneers[12] and the faithful[13] have abandoned mammon[14] and have become acceptable[15].	ਧਾਰਮਕ ਆਗੂ[9], ਅਵਤਾਰ[10] ਰਹਿਨੁਮਾ[12] ਅਤੇ ਸਿਦਕ-ਵਾਨ[13] ਮਾਇਆ[14] ਨੂੰ ਤਿਆਗ ਕੇ ਕਬੂਲ[15] ਪੈ ਗਏ ਹਨ ।
ਸਾਦ[16] ਸਹਜ[17] ਸੁਖ[18] ਰਸ ਕਸ[19] ਤਜੀਅਲੇ[20] ਕਾਪੜ[21] ਛੋਡੇ[22] ਚਮੜ[23] ਲੀਏ[24] ॥	Abandoning[20] relish[16], rest[17], happiness[18] and dainties, some doff[22] clothes[21] and wear[24] skins[23].	ਸੁਆਦ[16], ਆਰਾਮ[17], ਖੁਸ਼ੀ[18] ਅਤੇ ਨਿਆਮਤਾਂ[19] ਤਿਆਗ[20] ਕੇ ਕਈਆਂ ਨੇ ਕਪੜੇ[21] ਉਤਾਰ[22] ਕੇ ਖੱਲਾਂ[23] ਪਾ[24] ਲਈਆਂ ਹਨ ।
ਦੁਖੀਏ[25] ਦਰਦਵੰਦ[26] ਦਰਿ[27] ਤੇਰੈ ਨਾਮਿ ਰਤੇ[28] ਦਰਵੇਸ[29] ਭਏ[30] ॥੩॥	Imbued[28] with Thy Name, the affected[25] and woe-begone mortals[26] have become[30] beggars[29] at Thy gate[27].	ਤੇਰੇ ਨਾਮ ਨਾਲ ਰੰਗੀਜੇ[28] ਹੋਏ ਕਸ਼ਟ-ਪੀੜਤ[25] ਅਤੇ ਗਮਾਂ-ਮਾਰੇ ਪ੍ਰਾਣੀ[26] ਤੇਰੇ ਦਰਵਾਜ਼ੇ[27] ਦੇ ਭਿਖਾਰੀ[29] ਬਣ[30] ਗਏ ਹਨ ।
ਖਲੜੀ[31] ਖਪਰੀ[32] ਲਕੜੀ[33] ਚਮੜੀ[34] ਸਿਖਾ[35] ਸੂਤੁ[36] ਧੋਤੀ[37] ਕੀਨ੍ਹੀ[38] ॥	To seek Thee, some become skin-wearers[31], begging-bowl carriers[32] wooden staff-bearers[33] and deer skin-users. Others wear[38] hair-tufts[35], sacred threads[36] and loin-cloths[37].	ਤੈਨੂੰ ਢੂੰਢਣ ਲਈ ਕਈ ਚਮੜਾ ਪਾਉਣ ਵਾਲੇ[31], ਠੂਠੇ ਵਿਚ ਭਿਖਿਆ ਮੰਗਣ ਵਾਲੇ[32], ਕਾਠ ਦਾ ਡੰਡਾ-ਧਾਰੀ[33] ਅਤੇ ਮ੍ਰਿਗ ਛਾਲਾ ਪਹਿਨਣ ਵਾਲੇ ਹੋ ਜਾਂਦੇ ਹਨ । ਹੋਰ ਬੋਦੀ[35], ਜਨੇਊ[36] ਅਤੇ ਤੋੜ ਦੀ ਚਾਦਰ[37] ਧਾਰਨ[38] ਕਰਦੇ ਹਨ ।
ਤੂੰ ਸਾਹਿਬ ਹਉ ਸਾਂਗੀ[39] ਤੇਰਾ ਪ੍ਰਣਵੈ[40] ਨਾਨਕੁ ਜਾਤਿ[41] ਕੈਸੀ[42] ॥੪॥੧॥ ੩੩॥	Thou art the Lord and I am a buffoon[39] of Thine. Prays[40] Nanak, what[42] can my caste[41] be ?	ਤੂੰ ਸੁਆਮੀ ਹੈਂ, ਮੈਂ ਤੇਰਾ ਬਹੁਰੂਪੀਆ[39] ਹਾਂ । ਨਾਨਕ ਬੇਨਤੀ[40] ਕਰਦਾ ਹੈ, ਮੇਰਾ ਵਰਣ[41] ਕੀ[42] ਹੋ ਸਕਦਾ ?

੩੫੯

ਆਸਾ ਘਰੁ ੫ ਮਹਲਾ ੧	Asa Ist Guru.	ਆਸਾ ਪਹਿਲੀ ਪਾਤਸ਼ਾਹੀ ।
ੴ ਸਤਿਗੁਰ ਪ੍ਰਸਾਦਿ ॥	There is but One God. By True Guru's grace He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪਰਾਪਤ ਹੁੰਦਾ ਹੈ ।
ਭੀਤਰਿ[43] ਪੰਚ ਗੁਪਤ[44] ਮਨਿ ਵਾਸੇ[45] ॥	The five evil passions dwell[45] concealed[44] within[43] my mind.	ਪੰਜ ਮੰਦੇ ਵਿਸ਼ੇ—ਵੇਗ—ਲੁਕ[44] ਕੇ ਚਿੱਤ ਅੰਦਰ[43] ਵਸਦੇ[45] ਹਨ, ਅਤੇ
ਥਿਰੁ[46] ਨ ਰਹਹਿ ਜੈਸੇ[47] ਭਵਹਿ[48] ਉਦਾਸੇ[49] ॥੧॥	They remain not still[46] and wander[48] like[47] a deserter[49].	ਉਹ ਅਸਥਿਰ[46] ਨਹੀਂ ਰਹਿੰਦੇ, ਅਤੇ ਭਗੌੜੇ[49] ਦੀ ਤਰ੍ਹਾਂ[47] ਭਟਕਦੇ[48] ਫਿਰਦੇ ਹਨ ।

ਮਨੁ ਮੇਰਾ ਦਇਆਲ[50] ਸੇਤੀ ਥਿਰੁ[51] ਨ ਰਹੈ ॥
ਲੋਭੀ[52] ਕਪਟੀ[53] ਪਾਪੀ[54] ਪਾਖੰਡੀ[55] ਮਾਇਆ[56] ਅਧਿਕ[57] ਲਗੈ[58] ॥ ੧ ॥ ਰਹਾਉ ॥

My soul remains not tied[51] to the Merciful Master[50].
The avaricious[52], deceitful[53], vicious[54] and hypocritical[55] soul is excessively[57] linked[58] with worldliness[56]. Pause.

ਮੇਰੀ ਆਤਮਾ ਮਿਹਰਬਾਨ ਮਾਲਕ[50] ਨਾਲ ਬੱਝੀ[51] ਹੋਈ ਨਹੀਂ ਰਹਿੰਦੀ ।
ਲਾਲਚੀ[52], ਧੋਖੇਬਾਜ਼[53], ਅਪਰਾਧੀ[54] ਅਤੇ ਦੰਭੀ[55] ਆਤਮਾ, ਦੁਨੀਆਦਾਰੀ[56] ਨਾਲ ਘਣੇਰੀ[57] ਜੁੜੀ ਹੋਈ[58] ਹੈ । ਠਹਿਰਾਉ ।

ਫੂਲ[59] ਮਾਲਾ[60] ਗਲਿ[61] ਪਹਿਰਉਗੀ ਹਾਰੋ ॥
ਮਿਲੈਗਾ ਪ੍ਰੀਤਮੁ[62] ਤਬ[63] ਕਰਉਗੀ[64] ਸੀਗਾਰੋ[65] ॥੨॥
ਪੰਚ ਸਖੀ[68] ਹਮ[66] ਏਕੁ ਭਤਾਰੋ[67] ॥

I will adorn my neck[61] with garland[60] of flowers[59].
When I meet my Beloved[62], then[63], will I put on[64] decorations[65].
I[66] have five mates[68] and one spouse[67].

ਮੈਂ ਆਪਣੀ ਗਰਦਨ[61] ਨੂੰ ਫੁੱਲਾਂ[59] ਦੇ ਹਾਰ[60] ਨਾਲ ਸ਼ਸ਼ੋਭਤ ਕਰੂੰਗੀ ।
ਜਦ ਮੈਂ ਆਪਣੇ ਪਿਆਰੇ[62] ਨੂੰ ਮਿਲੂੰਗੀ, ਤਦ[62] ਮੈਂ ਹਾਰ ਸ਼ਿੰਗਾਰ[65] ਲਾਵਾਂਗੀ[64] ।
ਮੇਰੀਆਂ[66] ਪੰਜ ਸਹੇਲੀਆਂ[68] ਹਨ, ਅਤੇ ਇਕ ਕੰਤ[67] ।

ਪੇਡਿ[69] ਲਗੀ ਹੈ ਜੀਅੜਾ[70] ਚਾਲਣਹਾਰੋ[71] ॥੩॥
ਪੰਚ ਸਖੀ ਮਿਲਿ[72] ਰੁਦਨੁ[73] ਕਰੇਹਾ ॥

It is ordained from the beginning[69] that the soul[70] is liable to depart[71].
The five mates bewail[73] in unison[72].

ਇਹ ਮੁੱਢਲੀ[69] ਭਾਵੀ ਹੈ, ਕਿ ਆਤਮਾ[70] ਟੁਰ ਜਾਣ ਵਾਲੀ[71] ਹੈ ।
ਪੰਜ ਸਹੇਲੀਆਂ ਮਿਲ ਕੇ[72] ਵਿਰਲਾਪ ਕਰਦੀਆਂ[73] ਹਨ ।

ਸਾਹੁ[74] ਪਜੂਤਾ[75] ਪ੍ਰਣਵਤਿ[77] ਨਾਨਕੁ ਲੇਖਾ[78] ਦੇਹਾ[79] ॥੪॥ ੧॥੩੪॥

Prays[77] Nanak, when the soul[74] is arrested[75], it is called[79] to account[78].

ਨਾਨਕ ਬੇਨਤੀ ਕਰਦਾ[77] ਹੈ, ਜਦ ਆਤਮਾ[74] ਪਕੜੀ[75] ਜਾਂਦੀ ਹੈ, ਤਦ, ਇਸ ਨੂੰ ਹਿਸਾਬ ਕਿਤਾਬ[78] ਦੇਣਾ[79] ਪੈਂਦਾ ਹੈ ।

ੴ ਸਤਿਗੁਰ ਪ੍ਰਸਾਦਿ ॥

There is but One God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਆਸਾ ਘਰੁ ੬ ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ ।

ਮਨੁ ਮੋਤੀ[80] ਜੇ[81] ਗਹਣਾ[82] ਹੋਵੈ ਪਉਣੁ[83] ਹੋਵੈ ਸੂਤ[84] ਧਾਰੀ[85] ॥ ਖਿਮਾ[86] ਸੀਗਾਰੁ[87] ਕਾਮਣਿ[88] ਤਨਿ[89] ਪਹਿਰੈ[90] ਰਾਵੈ[91] ਲਾਲ[92] ਪਿਆਰੀ[93] ॥੧॥

If[81] her mind's pearl[80], like an ornament[82], be weaved[85] into the thread[84] of breath[83], and the bride[88] puts on[90] the decoration[87] of compassion[86] on her person[89], then, the Beloved[92] enjoys[91] His sweet heart[93].

ਜੇਕਰ[81] ਉਹ ਜ਼ੇਵਰ[82] ਵਰਗੇ ਆਪਣੇ ਮਨ ਦੇ ਮਾਣਕ[80] ਨੂੰ ਸੁਆਸ[83] ਦੇ ਧਾਗੇ[84] ਵਿਚ ਪਰੋ[85] ਲਵੇ ਅਤੇ ਪਤਨੀ[88] ਆਪਣੀ ਦੇਹਿ[89] ਉਤੇ ਦਇਆ[86] ਦਾ ਹਾਰ ਸ਼ਿੰਗਾਰ[87] ਕਰ ਲਵੇ[90] ਤਾਂ ਪ੍ਰੀਤਮ[92] ਆਪਣੀ ਲਾਡਲੀ[93] ਨੂੰ ਮਾਣ ਲੈਂਦਾ[91] ਹੈ ।

ਲਾਲ[94] ਬਹੁ[95] ਗੁਣਿ[96] ਕਾਮਣਿ ਮੋਹੀ[97] ॥
ਤੇਰੇ ਗੁਣ ਹੋਹਿ ਨ ਅਵਰੀ[98] ॥੧॥ਰਹਾਉ॥

O my Love[94], I, the bride, am fascinated[97] by Thine many[95] merits[96]. Thine excellences are not found in another[98]. Pause.

ਹੇ ਮੇਰੇ ਪਿਆਰੇ[94] ! ਮੈਂ ਪਤਨੀ, ਤੇਰੀਆਂ ਘਣੇਰੀਆਂ[95] ਖੂਬੀਆਂ[96] ਤੇ ਫ਼ਰੇਫ਼ਤਾ[97] ਹੋ ਗਈ ਹਾਂ ।
ਤੇਰੀਆਂ ਸ੍ਰੇਸ਼ਟਤਾਈਆਂ ਕਿਸੇ ਹੋਰਸ[98] ਵਿੱਚ ਪਾਈਆਂ ਨਹੀਂ ਜਾਂਦੀਆਂ । ਠਹਿਰਾਉ ।

ਹਰਿ ਹਰਿ[99] ਹਾਰੁ[100] ਕੰਠਿ[2]

If the bride wears[3] the Lord's Name[99]

ਜੇਕਰ ਵਹੁਟੀ ਸੁਆਮੀ ਦੇ ਨਾਮ[99] ਦੀ ਮਾਲਾ[100] ਨੂੰ

ਲੇ ਪਹਿਰੈ[3] ਦਾਮੋਦਰੁ[4] ਦੰਤੁ[5] ਲੇਈ[6] ॥
ਕਰ[7] ਕਰਿ[8] ਕਰਤਾ[9] ਕੰਗਨ[10] ਪਹਿਰੈ[12] ਇਨ ਬਿਧਿ[13] ਚਿਤੁ[14] ਧਰੇਈ[15] ॥ ੨॥
ਮਧੁ ਸੂਦਨੁ[18]ਕਰ[16]ਮੁੰਦਰੀ[17] ਪਹਿਰੈ ਪਰਮੇਸਰੁ[19] ਪਟੂ[20] ਲੇਈ[21] ॥

ਧੀਰਜੁ[22] ਧੜੀ[23] ਬੰਧਾਵੈ[24] ਕਾਮਣਿ[25] [26]ਸ੍ਰੀਰੰਗੁ[27] ਸੁਰਮਾ[28] ਦੇਈ[29] ॥੩॥
ਮਨ ਮੰਦਰਿ[30]ਜੇ[31] ਦੀਪਕੁ[32] ਜਾਲੇ[33] ਕਾਇਆ[34] ਸੇਜ[35] ਕਰੇਈ[31] ॥ ਗਿਆਨ[37] ਰਾਉ[38] ਜਬ[39] ਸੇਜੈ ਆਵੈ ਤ[45]ਨਾਨਕ ਭੋਗੁ ਕਰੇਈ[41]॥ ੪॥੧॥੩੫॥

ਆਸਾ ਮਹਲਾ ੧ ॥
ਕੀਤਾ ਹੋਵੈ[42] ਕਰੇ ਕਰਾਇਆ ਤਿਸੁ[43] ਕਿਆ[46] ਕਹੀਐ[45] ਭਾਈ[44] ॥
ਜੋ ਕਿਛੁ[47] ਕਰਣਾ ਸੋ[48] ਕਰਿ ਰਹਿਆ ਕੀਤੇ ਕਿਆ ਚਤੁਰਾਈ[49] ॥੧॥
ਤੇਰਾ ਹੁਕਮੁ[50] ਭਲਾ[51] ਤੁਧੁ ਭਾਵੈ[52] ॥
ਨਾਨਕ ਤਾਕਉ[53] ਮਿਲੈ[54] ਵਡਾਈ[55] ਸਾਚੇ ਨਾਮਿ[56] ਸਮਾਵੈ[57] ॥੧॥ਰਹਾਉ॥
ਕਿਰਤੁ[58] ਪਇਆ[59] ਪਰਵਾਣਾ[60] ਲਿਖਿਆ[61] ਬਾਹੁੜਿ[62] ਹੁਕਮੁ ਨ ਹੋਈ ॥

as a garland[100] around her neck[2] and has[6] the tooth[5]-paste of God[4].
If she makes[7] and wears[12] the bracelet[10] of the Creator[9], on her hand[8], then, in this way[13], she shall hold[15] her mind[14].
She should make[16] God, the slayer[18] of Madh demon, her finger-ring[17] to wear, and have[21] the Supreme[19] Lord as her silken clothes[20].
The damsel[25] should weave[24] patience[22] into her plaited hair[23] and apply[29] the salve[28] of the Lover[27] of eminences[26].
If[31] she kindles[33] the lamp[32] of Divine knowledge in her mind's mansion[30], and makes[36] her body[34] the couch[35], then[40], when[39] the King[38] of Divinity[37] comes to her couch, He enjoys[41] her.

Asa Ist Guru.
The created one[42] does, what he is caused to do. What[46] can we say[45] unto him[43], O brother[44] ?
Whatever[47] the Lord is to do, that[48] He is doing. The wisdom[49] of the created, avails nothing ?
Thy will[50] is sweet[51] to me, O God, This is pleasing[52] to Thee.
Nanak, he[53] alone receives[54] honour[55], who is absorbed[57] in the True Name[56]. Pause.
As is the written[61] order[60] of the Lord, so do we do[59] the deeds[58], and none can turn back[62] the order.

ਆਪਣੀ ਗਰਦਨ[2] ਦੁਆਲੇ ਪਾ ਲਵੇ[3], ਤੇ ਹਰੀ[4] ਨੂੰ ਆਪਣੇ ਦੰਦਾਂ ਦਾ ਮੰਜਨ[5] ਕਰ ਲਵੇ[6] ।
ਜੇਕਰ ਉਹ ਸਿਰਜਣਹਾਰ[9] ਨੂੰ ਆਪਣੇ ਹੱਥ[8] ਦਾ ਕੜਾ[10] ਬਣਾ[7] ਕੇ ਪਾ ਲਵੇ[12], ਤਾਂ ਇਸ ਤਰੀਕੇ[13] ਨਾਲ ਉਹ ਆਪਣੇ ਮਨ[14] ਨੂੰ ਰੋਕ ਲਵੇਗੀ[15] ।

ਉਹ, ਮਧ ਰਾਖਸ਼ ਨੂੰ ਮਾਰਨ ਵਾਲੇ[18], ਵਾਹਿਗੁਰੂ ਨੂੰ ਆਪਣੇ ਪਾਉਣ ਲਈ ਉਂਗਲੀ ਦੀ ਛਾਪ[17] ਬਣਾਵੇ[16], ਤੇ ਸ਼ਰੋਮਣੀ ਸਾਹਿਬ[19] ਨੂੰ ਰੇਸ਼ਮੀ ਕਪੜਿਆਂ[20] ਵਜੋਂ ਪਰਾਪਤ[21] ਕਰੇ ।
ਮੁਟਿਆਰ[25] ਸਹਿਨ ਸ਼ੀਲਤਾ[22] ਦੀ ਮੀਢੀ[23] ਗੁੰਦੇ[24] ਅਤੇ ਪਿਆਰੇ[27] ਦੀ ਵਡਿਆਈ[26] ਦਾ ਅੰਜਨ[28] ਆਪਣੀਆਂ ਅੱਖਾਂ ਵਿਚ ਪਾਵੇ[29] ।
ਜੇਕਰ[31] ਉਹ ਬ੍ਰਹਮਗਿਆਨ ਦੇ ਲੈਂਪ[32] ਨੂੰ ਆਪਣੇ ਚਿੱਤ ਦੇ ਮਹਿਲ[30] ਅੰਦਰ ਜਗਾ[33] ਲਵੇ, ਅਤੇ ਆਪਣੀ ਦੇਹਿ[34] ਨੂੰ ਪਲੰਘ[35] ਬਣਾ[36] ਲਵੇ; ਤਦ, ਜਦ ਬ੍ਰਹਿਮ ਵਿਦਿਆ[37] ਦਾ ਪਾਤਸ਼ਾਹ[38], ਹਰੀ, ਪਲੰਘ ਉੱਤੇ ਆਉਂਦਾ ਹੈ, ਉਦੋਂ[40] ਉਸ ਨੂੰ ਮਾਣਦਾ[41] ਹੈ ।

ਆਸਾ ਪਹਿਲੀ ਪਾਤਸ਼ਾਹੀ ।
ਸਿਰਜਿਆ ਹੋਇਆ[42] ਉਹ ਕੁੱਛ ਕਰਦਾ ਹੈ, ਜੋ ਉਸ ਤੋਂ ਕਰਾਇਆ ਜਾਂਦਾ ਹੈ । ਆਪਾਂ ਉਸ[43] ਨੂੰ ਕੀ[46] ਆਖ[45] ਸਕਦੇ ਹਾਂ, ਹੇ ਵੀਰ[44] ?
ਜਿਹੜਾ ਕੁਝ[47] ਸਾਂਈ ਨੇ ਕਰਨਾ ਹੈ, ਉਸ[48] ਨੂੰ ਉਹ ਕਰ ਰਿਹਾ ਹੈ । ਕੀਤੇ ਹੋਏ ਦੀ ਸਿਆਣਪ[49] ਕੀ ਕਰ ਸਕਦੀ ਹੈ ?
ਤੇਰਾ ਭਾਣਾ[50] ਮੈਨੂੰ ਮਿੱਠਾ[51] ਲਗਦਾ ਹੈ, ਹੇ ਵਾਹਿਗੁਰੂ ! ਇਹ ਤੈਨੂੰ ਚੰਗਾ[52] ਲਗਦਾ ਹੈ ।
ਨਾਨਕ, ਕੇਵਲ ਉਸ[53] ਨੂੰ ਹੀ ਇੱਜ਼ਤ[55] ਪਰਾਪਤ[54] ਹੁੰਦੀ ਹੈ ਜੋ ਸਤਿਨਾਮ[56] ਅੰਦਰ ਲੀਨ[57] ਹੋ ਜਾਂਦਾ ਹੈ । ਠਹਿਰਾਉ ।
ਜੇਹੋ ਜੇਹਾ ਲਿਖਿਆ ਹੋਇਆ[61] ਹੁਕਮ[60] ਹੈ, ਅਸੀਂ ਉਹੋ ਜੇਹੇ ਅਮਲ[58] ਕਮਾਉਂਦੇ[59] ਹਾਂ ! ਹੁਕਮ ਨੂੰ ਕੋਈ ਭੀ ਮੋੜ[62] (ਟਾਲ) ਨਹੀਂ ਸਕਦਾ ।

ਜੈਸਾ[63] ਲਿਖਿਆ[64] ਤੈਸਾ[65] ਪੜਿਆ[66] ਮੇਟਿ[67] ਨ ਸਕੈ ਕੋਈ ॥੨॥

As[63] is the record[64], so[65] does it come to pass[66]; no one can erase[67] it.

ਜੇਹੋ ਜੇਹੀ[63] ਲਿਖਤਾਕਾਰ[64] ਹੈ, ਉਹੋ ਜੇਹੀ[65] ਹੀ ਆ ਵਾਪਰਦੀ[66] ਹੈ। ਕੋਈ ਭੀ ਇਸ ਨੂੰ ਮੇਸ[67] ਨਹੀਂ ਸਕਦਾ।

ਜੇ ਕੋ[71] ਦਰਗਹ[68] ਬਹੁਤਾ ਬੋਲੈ ਨਾਉ[69]ਪਵੈ ਬਾਜਾਰੀ[70]॥

He, who[71] talks much before audience[68], is termed[69] a joker[70].

ਜੋ ਕੋਈ[71] ਸਭਾ[68] ਵਿੱਚ ਬਹੁਤਾ ਬੋਲਦਾ ਹੈ, ਉਹ ਮਖੌਲੀਆ[70] (ਮਸਖਰਾ) ਆਖਿਆ ਜਾਂਦਾ[69] ਹੈ।

ਸਤਰੰਜ ਬਾਜੀ[72] ਪਕੈ[73] ਨਾਹੀ ਕਚੀ ਆਵੈ[73] ਸਾਰੀ[74] ॥੩॥

He succeeds[73] not in playing at chess[72] and his chess-men[74] reach not the goal[73].

ਉਹ ਸ਼ਤਰੰਜ ਦੀ ਖੇਡ[72] ਵਿਚ ਜਿੱਤਦਾ[73] ਨਹੀਂ, ਅਤੇ ਉਸ ਦੀਆਂ ਗੋਟੀਆਂ[74] ਪੁਗਦੀਆਂ[73] ਹੀ ਨਹੀਂ।

ਨਾ ਕੋ ਪੜਿਆ[75] ਪੰਡਿਤੁ[76] ਬੀਨਾ[77] ਨਾ ਕੋ ਮੂਰਖੁ[78] ਮੰਦਾ[79] ॥

By himself no one is literate[75], learned[76] or wise[77]; nor is there any ignorant[78] or evil[79] person.

ਆਪਣੇ ਤੌਰ ਉੱਤੇ ਕੋਈ ਜਣਾ ਵਿਦਵਾਨ[75], ਆਲਮ[76] ਜਾਂ ਅਕਲਮੰਦ[77] ਨਹੀਂ ਅਤੇ ਨਾ ਹੀ ਕੋਈ ਬੇਵਕੂਫ਼[78] ਜਾਂ ਬੁਰਾ[79]।

ਬੰਦੀ ਅੰਦਰਿ[80] ਸਿਫਤਿ[81] ਕਰਾਏ ਤਾ ਕਉ ਕਹੀਐ[83] ਬੰਦਾ[84] ॥੪॥੨॥੩੬॥

When he eulogises[81] the Lord with slave's mentality[80], then[82] alone can he be called[83] a man[84].

ਜਦ ਉਹ ਦਾਸ ਭਾਵ[80] ਨਾਲ ਸਾਹਿਬ ਦੀ ਪਰਸੰਸਾ[81] ਕਰਦਾ ਹੈ, ਕੇਵਲ ਤਦ[82] ਹੀ ਉਹ ਇਨਸਾਨ[84] ਆਖਿਆ[83] ਜਾ ਸਕਦਾ ਹੈ।

ਆਸਾ ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ।

ਗੁਰ ਕਾ ਸਬਦੁ[85] ਮਨੈ ਮਹਿ[86] ਮੁੰਦ੍ਰਾ[87] ਖਿੰਥਾ[88] ਖਿਮਾ[89] ਹਢਾਵਉ[95] ॥

The Guru's word[85] is the ear-rings[87] in[86] my mind, and wear[90] I the patched coat[88] of for-bearance[89] (for giveness).

ਗੁਰਾਂ ਦੀ ਕਲਾਮ[85] ਦੀਆਂ ਮੇਰੇ ਚਿੱਤ ਅੰਦਰ[86] ਮੁੰਦਰਾਂ[87] ਹਨ ਤੇ ਮੈਂ ਸਹਿਨਸ਼ੀਲਤਾ[89] ਦੀ ਗੋਦੜੀ[88] ਪਹਿਣਦਾ[90] ਹਾਂ।

ਜੋ ਕਿਛੁ ਕਰੈ ਭਲਾ[91] ਕਰਿ[92] ਮਾਨਉ[93] ਸਹਜ[94] ਜੋਗ ਨਿਧਿ[95] ਪਾਵਉ ॥੧॥

Whatever the Lord does, I consider[93] that as[92] good[91], and thus easily[94] obtain I the treasure[95] of Yog.

ਜੋ ਕੁਛ ਪ੍ਰਭੂ ਕਰਦਾ ਹੈ, ਉਸ ਨੂੰ ਮੈਂ ਚੰਗਾ[91] ਕਰ ਕੇ[92] ਮੰਨਦਾ[93] ਹਾਂ। ਇਸ ਤਰ੍ਹਾਂ ਮੈਂ ਯੋਗ ਦੇ ਖ਼ਜ਼ਾਨੇ[95] ਨੂੰ ਸੁਖੈਨ[94] ਹੀ ਪ੍ਰਾਪਤ ਕਰ ਲੈਂਦਾ ਹਾਂ।

੩੬੦

ਬਾਬਾ[96] ਜੁਗਤਾ[97] ਜੀਉ[98] ਜੁਗਹ ਜੁਗ[98]ਜੋਗੀ ਪਰਮ[100] ਤੰਤ[2] ਮਹਿ[3] ਜੋਗੰ[4] ॥

O father[96], the soul[98] thus united[97] is a Yogi, all the ages[99] through, and it is absorbed[4] in[3] the Supreme[100] quintessence[2].

ਹੇ ਪਿਤਾ[96], ਐਸ ਤਰ੍ਹਾਂ ਜੁੜੀ ਹੋਈ[97] ਆਤਮਾ[98], ਸਾਰਿਆਂ ਯੁਗਾਂ[99] ਅੰਦਰ ਯੋਗੀ ਹੈ। ਇਹ ਮਹਾਨ[100] ਤੱਤ[2] ਅੰਦਰ[3] ਲੀਨ[4] ਹੋ ਜਾਂਦੀ ਹੈ।

ਅੰਮ੍ਰਿਤੁ[5] ਨਾਮੁ ਨਿਰੰਜਨ[6] ਪਾਇਆ ਗਿਆਨ[7] ਕਾਇਆ[8] ਰਸ[9] ਭੋਗੰ[10] ॥ ੧॥ਰਹਾਉ॥

He, who has obtained the ambrosial[5] Name of the Immaculate Lord[6], his body[8] enjoys[10] the pleasure[9] of Divine Knowledge[7]. Pause.

ਜਿਸ ਨੂੰ ਪਵਿੱਤ੍ਰ ਪ੍ਰਭੂ[6] ਦਾ ਸੁਧਾ-ਸਰੂਪ[5] ਨਾਮ ਪਰਾਪਤ ਹੋਇਆ ਹੈ, ਉਸ ਦੀ ਦੇਹਿ[8] ਬ੍ਰਹਿਮ ਗਿਆਨ[7] ਦਾ ਅਨੰਦ[9] ਮਾਣਦੀ[10] ਹੈ। ਠਹਿਰਾਉ।

ਸਿਵ[12] ਨਗਰੀ[13] ਮਹਿ[14] ਆਸਣਿ[15] ਬੈਸਉ[16]ਕਲਪ[17] ਤਿਆਗੀ[18] ਬਾਦੰ[19] ॥

He forsakes[18] desires[17] and disputes[19] and sits[16] in contemplative mood[15] in[14] the Lord's[12] City[13] (audience).

ਉਹ ਖ਼ਾਹਿਸ਼ਾਂ[17] ਤੇ ਬਖੇੜੇ[19] ਛੱਡ ਦਿੰਦਾ[18] ਹੈ ਅਤੇ ਸੁਆਮੀ[12] ਦੇ ਸ਼ਹਿਰ[13] (ਆਤਮ-ਮੰਡਲ) ਅੰਦਰ[14] ਧਿਆਨ ਅਵਸਥਾ[15] ਵਿਚ ਬੈਠਦਾ[16] ਹੈ।

ਸਿੰਙੀ[20] ਸਬਦੁ[21] ਸਦਾ[21]

From the horn's[20] sound[21], an ever-

ਸਿੰਙੀ[20] ਦੀ ਅਵਾਜ਼[21]* ਤੋਂ ਇਕ ਅਨੰਤ[21] ਤੇ ਸੁੰਦਰ[23]

ਧੁਨਿ[22] ਸੋਹੈ[23] ਅਹਿ[24] ਨਿਸਿ[25] ਪੂਰੈ[26] ਨਾਦੰ[27] ॥ ੨॥

lasting[21] and beautiful[23] melody[22] is produced, which day[24] and night[25], fills[26] him with Divine music[27].

ਲੈ[22] ਉਤਪੰਨ ਹੁੰਦੀ ਹੈ ਜੋ ਰਾਤ[25] ਦਿਨ[24] ਉਸ ਨੂੰ ਰੱਬੀ ਕੀਰਤਨ ਨਾਲ ਪਰੀ ਪੂਰਨ[26] ਰਖਦੀ ਹੈ ।

ਪਤੁ[28] ਵੀਚਾਰੁ[29] ਗਿਆਨ[30] ਮਤਿ[31] ਡੰਡਾ[32]ਵਰਤਮਾਨ[33] ਬਿਭੂਤੰ[34] ॥

Reflection[29] is his cup[28], Divine Knowledge[30] his sectarian[31] staff[32] and to abide in Lord's presence[33] is his ashes[34].

ਸਿਮਰਨ[29] ਉਸ ਦਾ ਪਿਆਲਾ[28] ਤੇ ਬ੍ਰਹਿਮ-ਵੀਚਾਰ[30] ਉਸ ਦਾ ਸੰਪ੍ਰਦਾਈ[31]ਸੋਟਾ[32] ਹੈ । ਸੁਆਮੀ ਦੀ ਹਜ਼ੂਰੀ[33] ਵਿਚ ਵਸਣਾ ਉਸ ਦੀ ਸੁਆਹ[34] ਹੈ ।

ਹਰਿ ਕੀਰਤਿ[35] ਰਹਰਾਸਿ[36] ਹਮਾਰੀ[37] ਗੁਰਮੁਖਿ[38] ਪੰਥੁ[39] ਅਤੀਤੰ[40] ॥੩॥

God's praise[35] is my[37] vocation[36], and the Exalted Guru's[38] way is my pure[40] religion[39].

ਵਾਹਿਗੁਰੂ ਦੀ ਸਿਫ਼ਤ-ਸਲਾਹ[35] ਮੇਰੀ[37] ਰਹੁ-ਰੀਤੀ[36] ਹੈ ਅਤੇ ਉਤਕ੍ਰਿਸ਼ਟ ਗੁਰਾਂ[38] ਦਾ ਰਸਤਾ ਮੇਰਾ ਪਵਿੱਤ੍ਰ[40] ਮਜ਼ਹਬ[39] ਹੈ ।

ਸਗਲੀ[41] ਜੋਤਿ[42] ਹਮਾਰੀ ਸੰਮਿਆ[43] ਨਾਨਾ[44] ਵਰਨ[45] ਅਨੇਕੰ[46] ॥

Mine arms'-support[43] is to see Lord's light[42] amongst all[41], and it has various[44] and many[46] colours[45].

ਸੁਆਮੀ ਦਾ ਨੂਰ[42] ਸਾਰਿਆਂ ਅੰਦਰ[41] ਵੇਖਣਾ, ਮੇਰੀ ਬਾਹਾਂ ਦੀ ਟਿਕਟਿਕੀ[43] (ਬੈਰਾਗਣ) ਹੈ । ਇਸ ਦੇ ਮੁਖ਼ਤਲਿਫ਼[44] ਤੇ ਘਣੇਰੇ[46] ਰੰਗ[45] ਹਨ ।

ਕਹੁ[47] ਨਾਨਕ ਸੁਣਿ[48] ਭਰਥਰਿ ਜੋਗੀ ਪਾਰਬ੍ਰਹਮ[49] ਲਿਵ[50] ਏਕੰ[51] ॥੪॥੩॥ ੩੭॥

Says[47] Nanak, listen[48] thou, O Bharthari Yogi. I profess love[50] only[51] for the Supreme Lord[49].

ਗੁਰੂ ਜੀ ਆਖਦੇ[47] ਹਨ, ਹੇ ਭਰਥਰੀ ਯੋਗੀ ! ਤੂੰ ਸ੍ਰਵਣ ਕਰ[48] । ਮੈਂ ਕੇਵਲ[51] ਸ੍ਰੀਮਣੀ ਸਾਹਿਬ[49] ਨੂੰ ਹੀ ਪਿਆਰ[50] ਕਰਦਾ ਹਾਂ ।

ਆਸਾ ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ ।

ਗੁੜੁ[60] ਕਰਿ[52] ਗਿਆਨੁ[53] ਧਿਆਨੁ[54] ਕਰਿ[61] ਧਾਵੈ[55] ਕਰਿ[56] ਕਰਣੀ[57] ਕਸੁ[58] ਪਾਈਐ[59] ॥

Make[52] gnosis[53] thy mollases[60] and meditation[54] thine flowers of basia-latifolia[55], and in them put[59] the doing[56] of good actions[57] as thy fermenting bark[58].

ਤੂੰ, ਬ੍ਰਹਿਮ-ਬੋਧ[53] ਨੂੰ ਆਪਣਾ ਸੀਰਾ[60] ਬਣਾ[52] ਅਤੇ ਸਿਮਰਨ[54] ਨੂੰ ਮਹੂਏ ਦੇ ਫੁੱਲ[55] ਬਣਾ[61] । ਉਨ੍ਹਾਂ ਵਿਚ ਚੰਗੇ ਅਮਲਾਂ[57] ਦੀ ਕਮਾਈ[56] ਨੂੰ ਖ਼ਮੀਰ ਉਠਾਉਣ ਵਾਲੇ ਸੱਕ[58] ਵਜੋਂ ਪਾ[59] ।

ਭਾਠੀ[62] ਭਵਨੁ[63] ਪ੍ਰੇਮ[64] ਕਾ ਪੋਚਾ[5]ਇਤੁ ਰਸਿ[16]ਅਮਿਉ[62] ਚੁਆਈਐ[68] ॥੧॥

Make faith[63] thy furnace[62] and love[64] thy plaster[65] and in this way the sweet[66] Nectar[67] is distilled[68].

ਈਮਾਨ[63] ਨੂੰ ਆਪਣੀ ਭੱਠੀ[62] ਤੇ ਪ੍ਰੀਤ[64] ਨੂੰ ਆਪਣਾ ਲੇਪ[65] ਬਣਾ । ਇਸ ਤਰੀਕੇ ਨਾਲ ਮਿੱਠਾ[66] ਅੰਮ੍ਰਿਤ[67] ਕਸ਼ੀਦ ਕੀਤਾ (ਕੱਢਿਆ) ਜਾਂਦਾ[68] ਹੈ ।

ਬਾਬਾ[69] ਮਨੁ[70] ਮਤਵਾਰੋ[71] ਨਾਮ ਰਸੁ[72] ਪੀਵੈ[73] ਸਹਜ[74] ਰੰਗ[75] ਰਚਿ ਰਹਿਆ[76] ॥

O Sire[69], by quaffing[73] the Name-Nectar[72], the mind[70] becomes intoxicated[71] and easily[74] remains absorbed[76] in Lord's love[75].

ਹੇ ਬਜ਼ੁਰਗਵਾਰ[69], ਨਾਮ ਅੰਮ੍ਰਿਤ[72] ਨੂੰ ਪਾਨ[73] ਕਰਨ ਦੁਆਰਾ ਮਨੂਆ[70] ਖੀਵਾ[71] ਹੋ ਜਾਂਦਾ ਹੈ ਅਤੇ ਪ੍ਰਭੂ-ਪ੍ਰੀਤ[75] ਵਿਚ ਸੁਖੈਨ[74] ਹੀ ਲੀਨ[76] ਰਹਿੰਦਾ ਹੈ ।

[77]ਅਹਿਨਿਸਿ[78] ਬਨੀ[79] ਪ੍ਰੇਮ[80] ਲਿਵ[81] ਲਾਗੀ[82] ਸਬਦੁ ਅਨਾਹਦ[83] ਗਹਿਆ[84] ॥੧॥ਰਹਾਉ॥

By fixing[82] attention[81] on God's affection[80] and hearing[84] celestial strain[83], day[77] and night[78] become fruitful[79]. Pause.

ਵਾਹਿਗੁਰੂ ਦੇ ਪਿਆਰ[80] ਨਾਲ ਬਿਰਤੀ[81] ਜੋੜਣ[82] ਅਤੇ ਬੈਕੁੰਠੀ ਕੀਰਤਨ[83] ਸੁਣਨ[84] ਦੁਆਰਾ, ਰਾਤ[77] ਦਿਨ[78] ਸਫ਼ਲ[79] ਹੋ ਜਾਂਦੇ ਹਨ । ਠਹਿਰਾਉ ।

ਪੂਰਾ[85] ਸਾਚੁ ਪਿਆਲਾ[86]

The Perfect One[85], in a natural way[87],

ਇਹ ਸੱਚ ਦਾ ਕਟੋਰਾ[86], ਪੂਰਨ ਪੁਰਖ[85], ਸੁਭਾਵਕ[87]

ਸਹਜੇ[87]ਤਿਸਹਿ[88]ਪੀਆਏ[89] ਜਾਕਉ[90]ਨਦਰਿ[91]ਕਰੇ[92] ॥

gives this cup[86] of truth to drink[89] to him[88], on whom[90] He casts[92] His merciful glance[91].

ਹੀ, ਉਸ[88] ਨੂੰ ਪੀਣ[89] ਲਈ ਦਿੰਦਾ ਹੈ, ਜਿਸ ਉੱਤੇ[90] ਉਹ ਆਪਣੀ ਮਿਹਰ ਦੀ ਨਿਗ੍ਹਾ[91] ਧਾਰਦਾ[92] ਹੈ।

ਅੰਮ੍ਰਿਤ ਕਾ ਵਾਪਾਰੀ[93] ਹੋਵੈ ਕਿਆ[98] ਮਦਿ[94] ਛੂਛੈ[95] ਭਾਉ[96] ਧਰੇ[97] ॥੨॥

Why[98] should he, who is the dealer[93] of Nectar, cherish[97] love[96] for paltry[95] wine[94] ?

ਜੋ ਅੰਮ੍ਰਿਤ ਦਾ ਵਣਜਾਰਾ[93] ਹੈ, ਉਹ ਤੁੱਛ[95] ਸ਼ਰਾਬ[94] ਨੂੰ ਕਾਹਨੂੰ[98] ਪਿਆਰ[96] ਕਰਦਾ[97] ਹੈ ?

ਗੁਰ ਕੀ ਸਾਖੀ[99] ਅੰਮ੍ਰਿਤ ਬਾਣੀ[100] ਪੀਵਤ[2] ਹੀ ਪਰਵਾਣੁ[3] ਭਇਆ[4] ॥

The Guru's word[99] is a nectar-speech[100] and by quaffing[2] it, man becomes[4] acceptable[3].

ਗੁਰਾਂ ਦਾ ਕਲਾਮ[99] ਸੁਧਾ-ਰੂਪ ਬਚਨ ਬਿਲਾਸ[100] ਹੈ। ਇਸ ਨੂੰ ਪਾਨ[2] ਕਰਦੇ ਸਾਰ ਬੰਦਾ (ਹਰੀ-ਦਰ) ਕਬੂਲ[3] ਪੈ ਜਾਂਦਾ[4] ਹੈ।

ਦਰ[5] ਦਰਸਨ[6] ਕਾ ਪ੍ਰੀਤਮੁ[7] ਹੋਵੈ ਮੁਕਤਿ[8] ਬੈਕੁੰਠੈ[9] ਕਰੈ ਕਿਆ[10] ॥੩॥

What[10] should he, who is the lover[7] of Lord's court[5] and sight[6], do with salvation[8] and paradise[9] ?

ਜੋ ਸੁਆਮੀ ਦੇ ਦਰਬਾਰ[5] ਅਤੇ ਦੀਦਾਰ[6] ਦਾ ਪ੍ਰੀਤਵਾਨ[7] ਹੈ, ਉਹ ਮੋਖ਼ਸ਼[8] ਅਤੇ ਸੁਰਗ[9] ਨੂੰ ਕੀ[10] ਕਰੇ ?

ਸਿਫਤੀ[12] ਰਤਾ[13] ਸਦ[14] ਬੈਰਾਗੀ[15] ਜੂਐ[16] ਜਨਮੁ[17] ਨ ਹਾਰੈ ॥

He, who is imbued[13] with God's praise[12], is ever[14] a renouncer[15] and loses not his life[17] in gamble[16].

ਜੋ ਵਾਹਿਗੁਰੂ ਦੀ ਸਿਫਤ-ਸ਼ਲਾਘਾ[12] ਨਾਲ ਰੰਗੀਜਿਆ[13] ਹੈ, ਉਹ ਸਦੀਵ[14] ਹੀ ਤਿਆਗੀ[15] ਹੈ ਅਤੇ ਆਪਣਾ ਜੀਵਨ[17] ਜੂਏ[16] ਵਿਚ ਨਹੀਂ ਹਾਰਦਾ।

ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ[18] ਅੰਮ੍ਰਿਤ ਧਾਰੈ[19] ॥੪॥੪॥੩੮॥

Says Nanak, hear O Bharthari Yogi, I am intoxicated[18] with the ambrosial stream[19] of Name.

ਗੁਰੂ ਜੀ ਆਖਦੇ ਹਨ : ਕੰਨ ਕਰ ਹੇ ਭਰਥਰੀ ਜੋਗੀ ! ਮੈਂ ਅੰਮ੍ਰਿਤ ਦੀ ਨਦੀ[19] ਨਾਲ ਮਤਵਾਲਾ[18] ਹੋਇਆ ਹੋਇਆ ਹਾਂ।

ਆਸਾ ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ।

ਖੁਰਾਸਾਨ ਖਸਮਾਨਾ[20] ਕੀਆ ਹਿੰਦੁਸਤਾਨੁ ਡਰਾਇਆ[21] ॥

Having conquered[20] Khurasan, Babar has terrified[21] Hindustan.

ਖੁਰਾਸਾਨ ਨੂੰ ਫ਼ਤਹ ਕਰਕੇ[20] ਬਾਬਰ ਨੇ ਹਿੰਦੁਸਤਾਨ ਨੂੰ ਭੈ-ਭੀਤ[21] ਕੀਤਾ ਹੈ।

ਆਪੈ[22] ਦੋਸੁ[23] ਨ ਦੇਈ[24] ਕਰਤਾ[25] ਜਮੁ[26] ਕਰਿ[27] ਮੁਗਲੁ ਚੜਾਇਆ[28] ॥

The Creator[25] takes[24] not the blame[23] on Himself[22], and has sent[28] the Mughal as[27] Death's myrmidon[26].

ਸਿਰਜਣਹਾਰ[25] ਆਪਣੇ ਆਪ ਉੱਤੇ[22] ਇਲਜ਼ਾਮ[23] ਨਹੀਂ ਲੈਂਦਾ[24] ਅਤੇ ਉਸ ਨੇ ਮੁਗ਼ਲ ਨੂੰ ਮੌਤ ਦਾ ਫ਼ਰਿਸ਼ਤਾ[26] ਬਣਾ ਕੇ[27] ਘੱਲਿਆ[28] ਹੈ।

ਏਤੀ[29] ਮਾਰ[30] ਪਈ ਕੁਰਲਾਣੇ[31]ਤੈਂ ਕੀ ਦਰਦੁ[32] ਨ ਆਇਆ ॥੧॥

So much[29] beating[30] was inflicted that people shrieked[31]. Didst not Thou, O God, feel compassion[32] ?

ਐਨੀ[29] ਕੁੱਟ[30] ਪਈ ਕਿ ਲੋਕੀਂ ਕੁਰਲਾ ਉੱਠੇ[31]। ਕੀ ਤੈਨੂੰ, ਹੇ ਵਾਹਿਗੁਰੂ ! ਤਰਸ[32] ਨਾ ਆਇਆ ?

ਕਰਤਾ[33] ਤੂੰ ਸਭਨਾ ਕਾ ਸੋਈ[34] ॥

Thou, O Maker[33], art the equal[34] Master of all.

ਤੂੰ, ਹੇ ਰਚਣਹਾਰ[33] ! ਸਾਰਿਆਂ ਦਾ ਇੱਕੋ ਜੇਹਾ[34] ਮਾਲਕ ਹੈਂ।

ਜੇ[35] ਸਕਤਾ[36] ਸਕਤੇ ਕਉ ਮਾਰੇ ਤਾ[37] ਮਨਿ ਰੋਸੁ[38] ਨ ਹੋਈ ॥੧॥ਰਹਾਉ॥

If[35] a mighty man[36] smites another mighty man, then[37] the mind feels not anger[38]. Pause.

ਜੇਕਰ[35] ਇੱਕ ਬਲਵਾਨ[36] ਹੋਰਸ ਬਲਵਾਨ ਨੂੰ ਮਾਰੇ, ਤਦ[37] ਚਿੱਤ ਵਿੱਚ ਗੁੱਸਾ-ਗਿਲਾ[38] ਨਹੀਂ ਆਉਂਦਾ। ਠਹਿਰਾਉ।

ਸਕਤਾ ਸੀਹੁ[39] ਮਾਰੇ ਪੈ[40]

If a powerful tiger[39] falling[40] on a

ਜੇਕਰ ਇੱਕ ਜ਼ੋਰਦਾਰ ਸ਼ੇਰ[39] ਚੌਣੇ[41] ਨੂੰ ਪੈ ਜਾਏ[40]

ਵਗੈ[41] ਖਸਮੈ[42] ਸਾ[43] ਪੁਰਸਾਈ[44] ॥	herd[41], kills it, then its[43] Master is to be questioned[44].	ਅਤੇ ਇਸ ਨੂੰ ਮਾਰੇ, ਤਦ ਇਸ ਦੇ[43] ਮਾਲਕ[42] ਤੋਂ ਪੁੱਛ ਗਿੱਛ[44] ਹੋਣੀ ਚਾਹੀਦੀ ਹੈ। (ਜੇ ਪੁਰਸਾਈ ਨੂੰ ਪੁਰਸ਼ਿਸ਼ (ਫਾਰਸੀ) ਤੋਂ ਮੰਨਿਆ ਜਾਵੇ ਤਾਂ ਅਰਥ 'ਪੁਛ-ਗਿੱਛ' ਹੀ ਹੋਣਗੇ।
ਰਤਨ[45]ਵਿਗਾੜਿ[46]ਵਿਗੋਏ[42] ਕੁਤੀ[48]ਮੁਇਆ[49]ਸਾਰ[50] ਨ ਕਾਈ[51] ॥	The dogs[48] have spoiled[46] and laid waste[47] the priceless country[45] and no one[51] pays heed[50] to the dead[49].	ਕੁੱਤਿਆਂ[48] ਨੇ ਅਮੋਲਕ ਮੁਲਕ[45] ਨੂੰ ਖ਼ਰਾਬ[46] ਅਤੇ ਬਰਬਾਦ[47] ਕਰ ਸੁੱਟਿਆ ਹੈ, ਮੋਇਆਂ[49] ਹੋਇਆਂ ਦੀ[51] ਕੋਈ[50] ਬਾਤ ਨਹੀਂ ਪੁੱਛਦਾ।
ਆਪੇ[52] ਜੋੜਿ[53] ਵਿਛੋੜੇ[54] ਆਪੇ ਵੇਖੁ[55] ਤੇਰੀ ਵਡਿਆਈ[56] ॥੨॥	O Lord, Thou Thyself[52] joinest[53] and Thy-self separatest[54], and Lo[55] ! this Thine greatness[56].	ਹੇ ਸੁਆਮੀ ! ਤੂੰ ਖ਼ੁਦ[52] ਮਿਲਾਉਂਦਾ[53] ਅਤੇ ਖ਼ੁਦ ਹੀ ਵਿਛੋੜਦਾ[54] ਹੈਂ। ਤੱਕੋ[55] ! ਇਹ ਹੈ ਤੇਰੀ ਬਜ਼ੁਰਗੀ[56]।
ਜੇ ਕੋ ਨਾਉ ਧਰਾਏ[57] ਵਡਾ[58] ਸਾਦ[59] ਕਰੇ ਮਨਿ ਭਾਣੇ[60] ॥ ਖਸਮੈ[61]ਨਦਰੀ[62] ਕੀੜਾ[63]ਆਵੈ ਜੇਤੇ[64] ਚੁਗੈ[65] ਦਾਣੇ[66] ॥	If some one gives[57] himself a big[58] name and revels[59] to please[60] his mind, in the eyes[62] of the Lord[61], he is but a worm[63], for all[64] the corn[66] that he pecks[65].	ਜੇਕਰ ਕੋਈ ਜਣਾ ਆਪਣਾ ਉੱਚਾ[58] ਨਾਮ ਰਖਵਾ ਲਵੇ[57] ਅਤੇ ਆਪਣੇ ਚਿੱਤ-ਭਾਉਂਦੇ[60] ਸਾਰੇ ਸੁਆਦ[59] ਮਾਣੇ, ਸਾਰੇ[64] ਦਾਣੇ ਚੁਣਕੇ[66] ਚੁਗਦਾ[65] ਹੋਇਆ, ਉਹ ਮਾਲਕ[61] ਦੀ ਨਜ਼ਰ[62] ਵਿਚ ਕੇਵਲ ਇਕ ਕਿਰਮ[63] ਹੈ।
ਮਰਿ ਮਰਿ[71] ਜੀਵੈ ਤਾ[67] ਕਿਛੁ[68] ਪਾਏ[70] ਨਾਨਕ ਨਾਮੁ ਵਖਾਣੇ[69] ॥੩॥੫॥੩੯॥	If the mortal remains dead of his ego while alive[71], then[67] alone does he receive[70] something[68], by repeating[69] God's Name, O Nanak.	ਜੇਕਰ ਪ੍ਰਾਣੀ ਜੀਉਂਦੇ ਜੀ ਹਉਮੈ-ਭਾਵ ਤੋਂ ਮਰਿਆ[71] ਰਹੇ, ਕੇਵਲ ਤਦ[67] ਹੀ ਉਹ ਵਾਹਿਗੁਰੂ ਦੇ ਨਾਮ ਦਾ ਉਚਾਰਨ[69] ਕਰਨ ਦੁਆਰਾ ਕੁੱਝ[68] ਹਾਸਲ[70] ਕਰਦਾ ਹੈ।
ਰਾਗੁ ਆਸਾ ਘਰੁ ੨ ਮਹਲਾ ੩	Asa Measure. 3rd Guru.	ਰਾਗ ਆਸਾ ਤੀਜੀ ਪਾਤਸ਼ਾਹੀ।
੧ੴ ਸਤਿਗੁਰ ਪ੍ਰਸਾਦਿ ॥	There is but one God. By True Guru's grace He is obtained.	ਵਾਹਿਗੁਰੂ ਕੇਵਲ ਇਕ ਹੈ, ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਹਰਿ ਦਰਸਨੁ[72] ਪਾਵੈ [73]ਵਡਭਾਗਿ[74] ॥	Lord's vision[72] is obtained through the greatest[73] good-luck[74].	ਸਾਂਈ ਦਾ ਦੀਦਾਰ[72] ਭਾਰੇ[73] ਚੰਗੇ ਕਰਮਾਂ[74] ਰਾਹੀਂ ਪਾਇਆ ਜਾਂਦਾ ਹੈ।
ਗੁਰ ਕੈ ਸਬਦਿ[75] ਸਚੈ ਬੈਰਾਗਿ[76] ॥	By Guru's instruction[75], true detachment[76] is attained.	ਗੁਰਾਂ ਦੇ ਉਪਦੇਸ਼[75] ਦੁਆਰਾ ਸੱਚੀ ਉਪਰਾਮਤਾ[76] ਪ੍ਰਾਪਤ ਹੁੰਦੀ ਹੈ।
ਖਟੁ[77] ਦਰਸਨ[78] ਵਰਤੈ ਵਰਤਾਰਾ[79] ॥ ਗੁਰ ਕਾ ਦਰਸਨੁ ਅਗਮ[80] ਅਪਾਰਾ[81] ॥੧॥	The six[77] Hindu system[78] are current[79], but Guru's system is profound[80] and unequalled[81].	ਹਿੰਦੂਆਂ ਦੇ ਛੇ[77] ਮੱਤ[78] ਪਰਚੱਲਤ[79] ਹਨ, ਪਰ ਗੁਰਾਂ ਦਾ ਧਰਮ ਗੰਭੀਰ[80] ਅਤੇ ਲਾਸਾਨੀ[81] ਹੈ।
੩੬੧		
ਗੁਰ ਕੈ ਦਰਸਨਿ ਮੁਕਤਿ[82] ਗਤਿ[83] ਹੋਇ ॥	By Guru's system, the way[83] to salvation[82] is obtained.	ਗੁਰਾਂ ਦੇ ਧਰਮ ਅਥਵਾ ਦਰਸ਼ਨ ਦੁਆਰਾ ਮੋਖ਼ਸ਼[82] ਦਾ ਮਾਰਗ[83] ਮਿਲ ਜਾਂਦਾ ਹੈ।
ਸਾਚਾ[84]ਆਪਿ[85] ਵਸੈ[86]ਮਨਿ	The True Lord[84] Himself[85] comes	ਸੱਚਾ ਸੁਆਮੀ[84] ਖ਼ੁਦ[85] ਆ ਕੇ ਉਸ[87] ਮਨੁੱਖ ਦੇ ਚਿੱਤ

ਸੋਇ[87] ॥੧॥ਰਹਾਉ॥	and abides[86] in that[87] man's mind. Pause.	ਅੰਦਰ ਟਿੱਕ ਜਾਂਦਾ[86] ਹੈ । ਠਹਿਰਾਉ ।
ਗੁਰ ਦਰਸਨਿ ਉਧਰੈ[88] ਸੰਸਾਰਾ[89] ॥ ਜੇ ਕੋ ਲਾਏ ਭਾਉ[90] ਪਿਆਰਾ[91] ॥	Through Guru's way the world[89] is saved[88], only if man embraces it with love[90] and affection[91].	ਗੁਰਾਂ ਦੇ ਰਸਤੇ ਦੁਆਰਾ ਜੱਗ[89] ਪਾਰ ਉੱਤਰ ਜਾਂਦਾ ਹੈ[88], ਜੇਕਰ ਆਦਮੀ ਇਸ ਨੂੰ ਪ੍ਰੇਮ[90] ਤੇ ਪ੍ਰੀਤ[91] ਕਰੇ ।
ਭਾਉ ਪਿਆਰਾ[92] ਲਾਏ ਵਿਰਲਾ ਕੋਇ[93] ॥	Rare[93] is the person, who intensely loves[92] Guru's system.	ਕੋਈ ਟਾਂਵਾਂ[93] ਪੁਰਸ਼ ਹੀ ਗੁਰਾਂ ਦੇ ਪੰਥ ਨੂੰ ਪਰਮ ਪਿਆਰ[92] ਕਰਦਾ ਹੈ ।
ਗੁਰ ਕੈ ਦਰਸਨਿ ਸਦਾ[94] ਸੁਖੁ[95] ਹੋਇ ॥੨॥	By Guru's way or vision everlasting[94] peace[95] is obtained.	ਗੁਰਾਂ ਦੇ ਮਾਰਗ ਦੁਆਰਾ ਸਦੀਵੀ[94] ਸੁਖ[95] ਪ੍ਰਾਪਤ ਹੁੰਦਾ ਹੈ ।
ਗੁਰ ਕੈ ਦਰਸਨਿ ਮੋਖ[96] ਦੁਆਰੁ[97] ॥	By Guru's sight or his way, the door[97] of salvation[96] is attained.	ਗੁਰਾਂ ਦੇ ਮੱਤ ਦੁਆਰਾ ਮੁਕਤੀ[96] ਦਾ ਦੁਆਰਾ[97] ਮਿਲ ਜਾਂਦਾ ਹੈ ।
ਸਤਿਗੁਰੁ ਸੇਵੈ[98] ਪਰਵਾਰ[99] ਸਾਧਾਰੁ[100] ॥	By serving[98] the True Guru, one's family[99] is saved[100].	ਸੱਚੇ ਗੁਰਾਂ ਦੀ ਟਹਿਲ ਕਮਾਉਣ ਦੁਆਰਾ[98] ਇਨਸਾਨ ਦਾ ਟੱਬਰ ਕਬੀਲਾ[99] ਪਾਰ ਉੱਤਰ ਜਾਂਦਾ[100] ਹੈ ।
ਨਿਗੁਰੇ[2] ਕਉ ਗਤਿ[3] ਕਾਈ ਨਾਹੀ ॥	For him, who is without the Guru[2], there is no salvation[3].	ਜੋ ਗੁਰੂ-ਹੀਣ[2] ਹੈ, ਉਸ ਲਈ ਕੋਈ ਮੁਕਤੀ[3] ਨਹੀਂ ।
ਅਵਗਣਿ[4] ਮੁਠੇ[5] ਚੋਟਾ[6] ਖਾਹੀ[7] ॥੩॥	Deluded[5] by sin[4], he suffers[7] strokes[6].	ਪਾਪ[4] ਦਾ ਗੁਮਰਾਹ ਕੀਤਾ ਹੋਇਆ[5] ਉਹ ਸੱਟਾਂ[6] ਸਹਾਰਦਾ[7] ਹੈ ।
ਗੁਰ ਕੈ ਸਬਦਿ[8] ਸੁਖੁ ਸਾਂਤਿ[9]ਸਰੀਰ[10]॥ਗੁਰਮੁਖਿ[12] ਤਾਕਉ[13]ਲਗੈ[14]ਨ ਪੀਰ[15]॥	By Guru's instruction[8], the body[10] acquires peace and tranquility[9]. He who becomes resigned to Guru's will[12], him[13] no pain[15] afflicts[14].	ਗੁਰਾਂ ਦੇ ਉਪਦੇਸ਼[8] ਦੁਆਰਾ ਦੇਹਿ[10] ਆਰਾਮ ਅਤੇ ਠੰਡ ਚੈਨ[9] ਪਰਾਪਤ ਕਰ ਲੈਂਦੀ ਹੈ । ਜੋ ਗੁਰੂ-ਅਨੁਸਾਰੀ[12] ਹੋ ਜਾਂਦਾ ਹੈ, ਉਸ ਨੂੰ[13] ਕੋਈ ਪੀੜ[15] ਦੁਖਿਤ[14] ਨਹੀਂ ਕਰਦੀ ।
ਜਮ ਕਾਲੁ[16]ਤਿਸੁ[16*]ਨੇੜਿ[17] ਨ ਆਵੈ[18] ॥	Death's courier[16] draws[18] not near[17] him[16*].	ਮੌਤ ਦਾ ਦੂਤ[16] ਉਸ[16*] ਦੇਂ ਲਾਗੇ[17] ਨਹੀਂ ਲਗਦਾ[18] ।
ਨਾਨਕ ਗੁਰਮੁਖਿ[19] ਸਾਚਿ[20] ਸਮਾਵੈ[21] ॥੪॥੧॥੪੦॥	Nanak, the Guru's-ward[19] is absorbed[21] in the True Lord[20].	ਨਾਨਕ ਗੁਰੂ-ਸਮਰਪਣ[19] ਸੱਚੇ ਸੁਆਮੀ[20] ਅੰਦਰ ਲੀਨ[21] ਹੋ ਜਾਂਦਾ ਹੈ ।
ਆਸਾ ਮਹਲਾ ੩ ॥	Asa 3rd Guru.	ਆਸਾ ਤੀਜੀ ਪਾਤਸ਼ਾਹੀ ।
ਸਬਦਿ[22] ਮੁਆ ਵਿਚਹੁ[23] ਆਪੁ[24] ਗਵਾਇ[25] ॥	He who dies of Guru's word[22], banishes[25] self-conceit[24] from within[23].	ਜੋ ਗੁਰਾਂ ਦੀ ਬਾਣੀ[22] ਨਾਲ ਮਰ ਵੰਞਦਾ ਹੈ, ਉਹ ਆਪਣੇ ਅੰਦਰੋਂ[23] ਸਵੈ-ਹੰਗਤਾ[24] ਨੂੰ ਕੱਢ ਦਿੰਦਾ[25] ਹੈ
ਸਤਿਗੁਰੁ ਸੇਵੇ[26] ਤਿਲੁ[27] ਨ ਤਮਾਇ[28] ॥	He serves[26] the True Guru, without a sesame[27] of self-interest[28].	ਅਤੇ ਇਕ ਤਿਲ[27] ਮਾਤ੍ਰ ਦੀ ਮਤਲਬ-ਪ੍ਰਸਤੀ[28] ਦੇ ਬਗੈਰ, ਸਚੇ ਗੁਰਾਂ ਦੀ ਟਹਿਲ ਕਮਾਉਂਦਾ[26] ਹੈ ।
ਨਿਰਭਉ[29]ਦਾਤਾ[30] ਸਦਾ[31] ਮਨਿ[32] ਹੋਇ ॥	In his mind[32], ever[31], abides the Beneficent[30], Fearless Lord[29].	ਉਸ ਦੇ ਚਿੱਤ[32] ਅੰਦਰ, ਹਮੇਸ਼ਾਂ[31] ਹੀ ਦਾਤਾਰ[30], ਨਿਡੱਰ ਸੁਆਮੀ[29] ਨਿਵਾਸ ਰਖਦਾ ਹੈ ।
ਸਚੀ ਬਾਣੀ[33] ਪਾਏ[34] ਭਾਗਿ[35] ਕੋਇ[36] ॥੧॥	Some rare[36] person of destiny[35] is blessed[34] with the True Gurbani[33].	ਕਿਸੇ ਵਿਰਲੇ[36] ਨਸੀਬਾਂ[35] ਵਾਲੇ ਪੁਰਸ਼ ਨੂੰ ਹੀ ਸੱਚੀ ਗੁਰਬਾਣੀ[33] ਦੀ ਦਾਤਿ ਮਿਲਦੀ[34] ਹੈ ।

ਗੁਣ[37] ਸੰਗ੍ਰਹੁ[38] ਵਿਚਹੁ[41] ਅਉਗੁਣ[39] ਜਾਹਿ[40] ॥	Amass[38] merits[37], that the demerits[39] may flee[40] from within[41] thee.	ਭਲਾਈਆਂ[37] ਨੂੰ ਇਕੱਤਰ[38] ਕਰ ਤਾਂ ਜੋ ਤੇਰੇ ਅੰਦਰੋਂ[41] ਬੁਰਿਆਈਆਂ[39] ਭੱਜ[40] ਜਾਣ ।
ਪੂਰੇ[42] ਗੁਰ ਕੈ ਸਬਦਿ[43] ਸਮਾਹਿ[44] ॥੧॥ਰਹਾਉ॥	Thus shall thou be absorbed[44] in the Gurbani[43] of the Perfect[42] Guru. Pause.	ਇਸ ਤਰ੍ਹਾਂ ਤੂੰ ਪੂਰਨ[42] ਗੁਰਾਂ ਦੀ ਗੁਰਬਾਣੀ[43] ਅੰਦਰ ਲੀਨ[44] ਹੋ ਜਾਵੇਂਗਾ । ਠਹਿਰਾਉ ।
ਗੁਣਾ[45] ਕਾ ਗਾਹਕੁ[46] ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ[47] ਸਬਦਿ[48] ਨਾਮੁ ਵਖਾਣੈ[49] ॥	He, who is the purchaser[46] of merits[45], knows the worth of merits. He repeats[49] the ambrosial[47] Gurbani[48] and the Name.	ਜੋ ਨੇਕੀਆਂ[45] ਦਾ ਵਣਜਾਰਾ[46] ਹੈ, ਓਹੀ ਨੇਕੀਆਂ ਦੀ ਕਦਰ ਨੂੰ ਜਾਣਦਾ ਹੈ।ਉਹ ਅੰਮ੍ਰਿਤ ਸਰੂਪ[47] ਗੁਰਬਾਣੀ[48] ਅਤੇ ਨਾਮ ਦਾ ਉਚਾਰਨ[49] ਕਰਦਾ ਹੈ ।
ਸਾਚੀ ਬਾਣੀ ਸੂਚਾ[50] ਹੋਇ॥	Through the True Gurbani, man becomes pure[50].	ਸੱਚੀ ਗੁਰਬਾਣੀ ਰਾਹੀਂ ਬੰਦਾ ਪਵਿੱਤ੍ਰ[50] ਹੋ ਜਾਂਦਾ ਹੈ ।
ਗੁਣ ਤੇ ਨਾਮੁ ਪਰਾਪਤਿ[51] ਹੋਇ ॥੨॥	It is through merit, that the Name is received[51].	ਨੇਕੀ ਰਾਹੀਂ ਨਾਮ ਪਾਇਆ ਜਾਂਦਾ ਹੈ[51] ।
ਗੁਣ ਅਮੋਲਕ[52] ਪਾਏ ਨ ਜਾਹਿ ॥	The invaluable[52] excellences cannot be acquired.	ਅਣਮੁੱਲੀਆਂ[52] ਖੂਬੀਆਂ ਪਰਾਪਤ ਕੀਤੀਆਂ ਨਹੀਂ ਜਾ ਸਕਦੀਆਂ ।
ਮਨਿ[53] ਨਿਰਮਲ[54] ਸਾਚੈ ਸਬਦਿ[55] ਸਮਾਹਿ[56] ॥	The pure[54] soul[53] is absorbed[56] in the True Name[55].	ਪਵਿੱਤ੍ਰ[54] ਆਤਮਾ[53] ਸਤਿਨਾਮ[55] ਅੰਦਰ ਲੀਨ[56] ਹੋ ਜਾਂਦੀ ਹੈ ।
ਸੇ[57] [58]ਵਡਭਾਗੀ[59] ਜਿਨ੍ ਨਾਮੁ ਧਿਆਇਆ[60] ॥ ਸਦਾ[61] ਗੁਣ[62] ਦਾਤਾ[63] ਮੰਨਿ ਵਸਾਇਆ[64] ॥੩॥	Very[58] lucky[59] are they[57], who ponder[60] over the Name and ever place[64] in their mind God, the Bestower[63] of merits[62].	ਵੱਡੇ[58] ਨਸੀਬਾਂ ਵਾਲੇ[59] ਹਨ ਉਹ[57], ਜੋ ਨਾਮ ਦਾ ਆਰਾਧਨ[60] ਕਰਦੇ ਹਨ ਅਤੇ ਸਦੀਵ[61] ਹੀ ਸ੍ਰੇਸ਼ਟ-ਤਾਈਆਂ[62] ਬਖ਼ਸ਼ਣਹਾਰ[63] ਵਾਹਿਗੁਰੂ ਨੂੰ ਆਪਣੇ ਚਿੱਤ ਅੰਦਰ ਟਿਕਾਉਂਦੇ[64] ਹਨ ।
ਜੋ ਗੁਣ ਸੰਗ੍ਰਹੈ[65] ਤਿਨ੍[66] ਬਲਿਹਾਰੈ[67] ਜਾਉ ॥	They who amass[65] merits, unto them[66] I am a sacrifice[67].	ਜਿਹੜੇ ਨੇਕੀਆਂ ਨੂੰ ਇਕੱਤਰ[65] ਕਰਦੇ ਹਨ, ਉਨ੍ਹਾਂ[66] ਉਤੋਂ ਮੈਂ ਕੁਰਬਾਨ[67] ਵੰਞਦਾ ਹਾਂ ।
ਦਰਿ[68] ਸਾਚੈ ਸਾਚੇ[69]ਗੁਣ[70] ਗਾਉ ॥	At the True gate[68], I sing the praise[70] of the True One[69].	ਸੱਚੇ ਦਰਵਾਜ਼ੇ[68] ਉੱਤੇ ਮੈਂ ਸਤਿਪੁਰਖ[69] ਦਾ ਜੱਸ[70] ਗਾਉਂਦਾ ਹਾਂ ।
ਆਪੇ[71] ਦੇਵੈ[72] ਸਹਜਿ ਸੁਭਾਇ[73] ॥	The Lord Himself[71] gives gifts[72] in the natural way[73].	ਉਹ ਸਾਂਈ ਖ਼ੁਦ[71], ਸੁਭਾਵਕ[73] ਹੀ, ਦਾਤਾਂ[72] ਬਖ਼ਸ਼ਦਾ ਹੈ ।
ਨਾਨਕ ਕੀਮਤਿ[74] ਕਹਣੁ[75] ਨ ਜਾਇ ॥੪॥੨॥੪੧॥	Nanak, the worth[74] of the Lord cannot be told[75].	ਨਾਨਕ, ਸੁਆਮੀ ਦਾ ਮੁੱਲ[74] ਦੱਸਿਆ[75] ਨਹੀਂ ਜਾ ਸਕਦਾ ।
ਆਸਾ ਮਹਲਾ ੩ ॥	Asa 3rd Guru.	ਆਸਾ ਤੀਜੀ ਪਾਤਸ਼ਾਹੀ ।
ਸਤਿਗੁਰ ਵਿਚਿ ਵਡੀ ਵਡਿਆਈ[76] ॥ ਚਿਰੀ[77] ਵਿਛੁੰਨੇ[78]ਮੇਲਿ[80]ਮਿਲਾਈ[79]॥	Great is the greatness[76] of the True Guru. He unites[79] those in the union[80] of the Lord, who are separated[78] since long[77].	ਵਿਸ਼ਾਲ ਹੈ ਵਿਸ਼ਾਲਤਾ[76] ਸਚੇ ਗੁਰਾਂ ਦੀ, ਕਿਉਂ ਜੋ ਉਹ ਚਿਰੰਕਾਲ[77] ਤੋਂ ਵਿਛੁੜਿਆਂ[78] ਹੋਇਆਂ ਨੂੰ ਪ੍ਰਭੂ ਦੇ ਮਿਲਾਪ[80] ਅੰਦਰ ਮਿਲਾ ਦਿੰਦੇ[79] ਹਨ ।

ਆਪੇ[81] ਮੇਲੇ[82] ਮੇਲਿ[83] ਮਿਲਾਏ[84] ॥	Uniting[84] man with the saints congregation[83], the Lord b[e]nds[82] him with His Ownself[81].	ਆਦਮੀ ਨੂੰ ਸਾਧ ਸੰਗਤ[83] ਨਾਲ ਜੋੜ ਕੇ[84], ਸੁਆਮੀ ਉਸ ਨੂੰ ਆਪਣੇ ਨਾਲ[81] ਅਭੇਦ[82] ਕਰ ਲੈਂਦਾ ਹੈ।
ਆਪਣੀ ਕੀਮਤਿ[85] ਆਪੇ[86] ਪਾਏ ॥੧॥	His worth[85], the Lord Himself[86] knows.	ਆਪਣਾ ਮੁੱਲ[85], ਸੁਆਮੀ ਆਪ[86] ਹੀ ਜਾਣਦਾ ਹੈ।
ਹਰਿ ਕੀ ਕੀਮਤਿ ਕਿਨ[89] ਬਿਧਿ[87] ਹੋਇ[88] ॥	In what[89] way[87] can one appraise[88] God's worth ?	ਕਿਸ[89] ਤਰੀਕੇ[87] ਨਾਲ ਬੰਦਾ ਹਰੀ ਦਾ ਮੁੱਲ ਪਾ[88] ਸਕਦਾ ਹੈ ?
ਹਰਿ ਅਪਰੰਪਰੁ[90] ਅਗਮ[91] ਅਗੋਚਰੁ[92] ਗੁਰ ਕੈ ਸਬਦਿ[93] ਮਿਲੈ ਜਨੁ[94] ਕੋਇ[95] ॥੧॥ ਰਹਾਉ॥	By Guru's instruction[93] some rare[95] person[94], meets the Infinite[90]. Unapproachable[91] and Incomprehensible[92] Lord. Pause.	ਗੁਰਾਂ ਦੇ ਉਪਦੇਸ਼[93] ਦੁਆਰਾ, ਕੋਈ ਵਿਰਲਾ[95] ਪੁਰਸ਼[94] ਹੀ ਬੇਅੰਤ[90], ਪਹੁੰਚ ਤੋਂ ਪਰੇ[91] ਅਤੇ ਸੋਚ ਸਮਝ ਤੋਂ ਉਚੇਰੇ[92] ਪ੍ਰਭੂ ਨੂੰ ਮਿਲਦਾ ਹੈ। ਠਹਿਰਾਉ।
ਗੁਰਮੁਖਿ[96] ਕੀਮਤਿ ਜਾਣੈ ਕੋਇ[98] ॥	Through the Guru[96], a few[98] know Lord's worth.	ਗੁਰਾਂ ਦੇ ਰਾਹੀਂ[96], ਬਹੁਤ ਹੀ ਥੋੜੇ[98] ਸਾਂਈ ਦੇ ਮੁੱਲ ਨੂੰ ਜਾਣਦੇ ਹਨ।
ਵਿਰਲੇ[97] ਕਰਮਿ[99] ਪਰਾਪਤਿ[100] ਹੋਇ ॥	Some solitary[97] one becomes the recipient[100] of Lord's grace[99].	ਕੋਈ ਟਾਂਵਾਂ ਟੱਲਾ[97] ਹੀ ਸੁਆਮੀ ਦੀ ਰਹਿਮਤ[99] ਦਾ ਪਾਤ੍ਰ[100] ਹੁੰਦਾ ਹੈ।
ਊਚੀ[2] ਬਾਣੀ[3] ਊਚਾ ਹੋਇ ॥	With the sublime[2] Gurbani[3], one becomes sublime.	ਸ੍ਰੇਸ਼ਟ[2] ਗੁਰਬਾਣੀ[3] ਨਾਲ ਆਦਮੀ ਸ੍ਰੇਸ਼ਟ ਹੋ ਵੰਞਦਾ ਹੈ।
ਗੁਰਮੁਖਿ ਸਬਦਿ[4] ਵਖਾਣੈ[5] ਕੋਇ ॥੨॥	Through the Guru, very few repeat[5] God's[4] Name.	ਗੁਰਾਂ ਦੇ ਰਾਹੀਂ ਬਹੁਤ ਹੀ ਥੋੜੇ ਹਰੀ[4] ਨਾਮ ਦਾ ਉਚਾਰਨ[5] ਕਰਦੇ ਹਨ।
ਵਿਣੁ ਨਾਵੈ ਦੁਖੁ[6] ਦਰਦੁ[7] ਸਰੀਰਿ[8] ॥	Without the Name the body[8] writhes in pain[6] and agony[7].	ਨਾਮ ਦੇ ਬਗੈਰ ਦੇਹਿ[8] ਪੀੜ[6] ਤੇ ਤਸੀਹੇ[7] ਵਿਚ ਦੁਖੀ ਹੁੰਦੀ ਹੈ।
ਸਤਿਗੁਰੁ ਭੇਟੇ[9] ਤਾ[10] ਉਤਰੈ[12] ਪੀਰ ॥	If the True Guru meets[9], then[10] is the pain[13] removed[12].	ਜੇਕਰ ਸੱਚੇ ਗੁਰੂ ਜੀ ਮਿਲ ਪੈਣ[9] ਤਦ[10] ਪੀੜ[13] ਦੂਰ ਹੋ ਜਾਂਦੀ ਹੈ[12]।
ਬਿਨੁ ਗੁਰ ਭੇਟੇ ਦੁਖੁ[13] ਕਮਾਇ[14] ॥	Without meeting the Guru, man earns[14] pain.	ਸੱਚੇ ਗੁਰਾਂ ਨੂੰ ਮਿਲਣ ਬਾਝੋਂ ਇਨਸਾਨ ਕਸ਼ਟ ਝੱਲਦਾ[14] ਹੈ।
ਮਨਮੁਖਿ[15] ਬਹੁਤੀ[16] ਮਿਲੈ[17] ਸਜਾਇ[18] ॥੩॥	The perverse person[15] is awarded[17] severe[16] punishment[18].	ਮਨਮੁਖ[15] ਨੂੰ ਸਖ਼ਤ[16] ਸਜ਼ਾ[18] ਮਿਲਦੀ[17] ਹੈ।
ਹਰਿ ਕਾ ਨਾਮੁ ਮੀਠਾ[19] ਅਤਿ[20] ਰਸੁ[21] ਹੋਇ ॥	The Nectar[21] of God's Name is exceedingly[20] sweet[19].	ਰੱਬ ਦੇ ਨਾਮ ਦਾ ਅੰਮ੍ਰਿਤ[21] ਪਰਮ[20] ਮਿੱਠਾ[19] ਹੈ।
ਪੀਵਤ[22] ਰਹੈ ਪੀਆਏ ਸੋਇ[23] ॥	He whom the[23] Lord causes to drink, he alone drinks[22] it.	ਜਿਸ ਨੂੰ ਉਹ[23] ਸੁਆਮੀ ਪਿਲਾਉਂਦਾ ਹੈ, ਕੇਵਲ ਉਹ ਹੀ ਇਸ ਨੂੰ ਪੀਂਦਾ[22] ਹੈ।
ਗੁਰ ਕਿਰਪਾ[24] ਤੇ ਹਰਿ ਰਸੁ[25] ਪਾਏ ॥	By Guru's grace[24], does one obtain God's elixir[25].	ਗੁਰਾਂ ਦੀ ਦਇਆ ਦੁਆਰਾ[24] ਬੰਦਾ ਵਾਹਿਗੁਰੂ, ਦੇ ਅੰਮ੍ਰਿਤ[25] ਨੂੰ ਪ੍ਰਾਪਤ ਕਰਦਾ ਹੈ।
ਨਾਨਕ ਨਾਮਿ ਰਤੇ[26] ਗਤਿ[27] ਪਾਏ ॥੪॥੩॥੪੨॥	Imbued[26] with the Name, O Nanak, the mortal attains salvation[27].	ਨਾਮ ਨਾਲ ਰੰਗੀਜਣ[26] ਦੁਆਰਾ, ਹੇ ਨਾਨਕ ! ਪ੍ਰਾਣੀ ਮੁਕਤੀ[27] ਪਾ ਲੈਂਦਾ ਹੈ !

ਆਸਾ ਮਹਲਾ ੩ ॥
ਮੇਰਾ ਪ੍ਰਭੁ ਸਾਚਾ ਗਹਿਰ[28] ਗੰਭੀਰ[29] ॥
ਸੇਵਤ ਹੀ[32] ਸੁਖੁ ਸਾਂਤਿ[30] ਸਰੀਰ[31] ॥
ਸਬਦਿ[33] ਤਰੇ[34] ਜਨ[35] ਸਹਜਿ ਸੁਭਾਇ[36] ॥

ੴ

ਤਿਨ ਕੈ[37] ਹਮ[38] ਸਦ ਲਾਗਹ[39] ਪਾਇ[40] ॥੧॥
ਜੋ ਮਨਿ ਰਾਤੇ[41] ਹਰਿ ਰੰਗੁ[42] ਲਾਇ[43] ॥ ਤਿਨ[44] ਕਾ ਜਨਮ ਮਰਣ ਦੁਖੁ[45]ਲਾਥਾ[46] ਤੇ ਹਰਿ ਦਰਗਹ[47] ਮਿਲੇ[48] ਸੁਭਾਇ[49] ॥੧॥ਰਹਾਉ॥
ਸਬਦੁ[53] ਚਾਖੈ[50] ਸਾਚਾ ਸਾਦੁ[51] ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ[52] ॥
ਹਰਿ ਪ੍ਰਭੁ ਸਦਾ ਰਹਿਆ ਭਰਪੂਰਿ[54] ॥
ਆਪੇ ਨੇੜੈ[55] ਆਪੇ ਦੂਰਿ[56] ॥੨॥
ਆਖਣਿ[57] ਆਖੈ[58] ਬਕੈ[59] ਸਭੁ ਕੋਇ[60] ॥
ਆਪੇ ਬਖਸਿ[60*] ਮਿਲਾਏ[61] ਸੋਇ[62] ॥
ਕਹਣੈ[63] ਕਥਨਿ[64] ਨ ਪਾਇਆ ਜਾਇ ॥
ਗੁਰ ਪਰਸਾਦਿ[65] ਵਸੈ[66] ਮਨਿ ਆਇ[67] ॥੩॥
ਗੁਰਮੁਖਿ[68]ਵਿਚਹੁ[69] ਆਪੁ[70] ਗਵਾਇ[71] ॥
ਹਰਿ ਰੰਗਿ[72] ਰਾਤੇ[73] ਮੋਹੁ[74] ਚੁਕਾਇ[75] ॥
ਅਤਿ[76] ਨਿਰਮਲੁ[77] ਗੁਰ

Asa 3rd Guru

My Lord is True, deep[28], and profound[29].
By serving Him, the body[31], forthwith[32], acquires comfort and peace[30].
Through His Name[33], the God's slaves[35], easily[36] swim across[34].

ੴ

We[38] ever fall[39] at their[37] feet[40].
They whose mind is tinged[41] and imbued[43] with Lord's love[42], their pain[45] of birth and death departs[46] and they are, easily[49] ushered[48] into God's court[47]. Pause.
He, who tastes[50] Gurbani[53], obtains the true relish[51]. He gathers[52] God's Name within his mind.
The Lord God is, ever, all-pervading[54].
He Himself is near[55]and Himself afar[56].
Utter[59] they all[60] through words[57] and speech[58].
He[62], the Lord, Himself pardons[60*] and unites[61] with His ownself,
By merely saying[63] and uttering[64], the Lord is not obtained.
By Guru's grace[65], He comes[67] and abides[66] in man's mind.
The Guru-ward[68] eliminates[71] pride[70] from within[69].
He has discarded[75] temporal love[74], and is imbued[73] with God's love[72].
He ponders[79] over the very[76] pure[77]

ਆਸਾ ਤੀਜੀ ਪਾਤਸ਼ਾਹੀ ।
ਮੇਰਾ ਸੱਚਾ ਮਾਲਕ ਡੂੰਘਾ[28] ਅਤੇ ਅਗਾਧ[29] ਹੈ ।
ਉਸ ਦੀ ਟਹਿਲ ਕਮਾਉਣ ਦੁਆਰਾ ਦੇਹਿ[31] ਨੂੰ ਤੁਰੰਤ[32] ਹੀ ਅਰਾਮ ਤੇ ਠੰਢ-ਚੈਨ[30] ਪ੍ਰਾਪਤ ਹੋ ਜਾਂਦੇ ਹਨ ।
ਉਸ ਦੇ ਨਾਮ[33] ਨਾਲ ਰੱਬ ਦੇ ਗੋਲੇ[35] ਸੁਖੈਨ[36] ਹੀ ਪਾਰ ਉਤਰ ਗਏ (ਜਾਂਦੇ[34]) ਹਨ ।

ੴ

ਮੈਂ[38] ਸਦੀਵ ਹੀ ਉਨ੍ਹਾਂ[37] ਦੇ ਪੈਰਾਂ[40] ਉੱਤੇ ਡਿਗਦਾ[39] ਹਾਂ ।
ਜਿਨ੍ਹਾਂ ਦਾ ਚਿੱਤ ਪ੍ਰਭੂ ਦੀ ਪ੍ਰੀਤ[42] ਨਾਲ ਰੰਗਿਆ[41]ਅਤੇ ਰੰਗੀਜਿਆ[43] ਹੈ, ਉਨ੍ਹਾਂ[44] ਦੀ ਜੰਮਣ ਅਤੇ ਮਰਣ ਦੀ ਤਕਲੀਫ਼[45] ਦੂਰ[46] ਹੋ ਜਾਂਦੀ ਹੈ ਅਤੇ ਉਹ ਸੁਖੈਨ[49] ਹੀ ਵਾਹਿਗੁਰੂ ਦੇ ਦਰਬਾਰ[47] ਅੰਦਰ ਪਰਵੇਸ਼[48] ਕਰ ਜਾਂਦੇ ਹਨ । ਠਹਿਰਾਉ ।
ਜੋ ਗੁਰਬਾਣੀ[53] ਨੂੰ ਚੱਖਦਾ[50] ਹੈ, ਉਹ ਸੱਚੇ ਸੁਆਦ[51] ਨੂੰ ਪਾ ਲੈਂਦਾ ਹੈ ਅਤੇ ਵਾਹਿਗੁਰੂ ਦੇ ਨਾਮ ਨੂੰ ਆਪਣੇ ਚਿੱਤ ਵਿਚ ਟਿਕਾ ਲੈਂਦਾ[52] ਹੈ ।
ਵਾਹਿਗੁਰੂ ਸੁਆਮੀ ਹਮੇਸ਼ਾ ਹੀ ਪਰੀਪੂਰਨ[54] ਹੋ ਰਿਹਾ ਹੈ ।
ਉਹ ਖ਼ੁਦ ਨੇੜੇ[55] ਹੈ ਅਤੇ ਖ਼ੁਦ ਹੀ ਦੂਰੇਡੇ[56] ।
ਸਾਰੇ[60] ਲਫ਼ਜ਼ਾਂ[57] ਅਤੇ ਬਚਨਾਂ[58] ਦੁਆਰਾ ਕਹਿੰਦੇ[59] ਹਨ ।
ਉਹ[62] ਸੁਆਮੀ ਖ਼ੁਦ ਮਾਫ ਕਰਦਾ[60*] ਅਤੇ ਆਪਣੇ ਆਪ ਨਾਲ ਮਿਲਾਉਂਦਾ[61] ਹੈ ।
ਕੇਵਲ ਆਖਣ[63] ਤੇ ਉਚਾਰਨ[64] ਕਰਨ ਦੁਆਰਾ ਸੁਆਮੀ ਪਰਾਪਤ ਨਹੀਂ ਹੁੰਦਾ ।
ਗੁਰਾਂ ਦੀ ਦਇਆ ਦੁਆਰਾ[65] ਉਹ ਆ ਕੇ[67] ਬੰਦੇ ਦੇ ਚਿੱਤ ਵਿਚ ਟਿਕ ਜਾਂਦਾ[66] ਹੈ ।
ਗੁਰੂ-ਸਮਰਪਣ[68] ਆਪਣੇ ਅੰਦਰੋਂ[69] ਹੰਕਾਰ[70] ਨੂੰ ਦੂਰ ਕਰ ਦਿੰਦਾ[71] ਹੈ ।
ਉਸ ਨੇ ਸੰਸਾਰੀ ਮਮਤਾ[74] ਨੂੰ ਛੱਡ ਦਿੱਤਾ[75] ਹੈ ਅਤੇ ਉਹ ਵਾਹਿਗੁਰੂ ਦੀ ਪ੍ਰੀਤ[72] ਨਾਲ ਰੰਗਿਆ[73]ਹੋਇਆ ਹੈ।
ਉਹ ਗੁਰਾਂ ਦੀ ਪਰਮ[76] ਪਵਿੱਤ੍ਰ[77] ਬਾਣੀ[78] ਨੂੰ ਸੋਚਦਾ

ਸਬਦ[78] ਵੀਚਾਰ[79]॥ਨਾਨਕ ਨਾਮਿ ਸਵਾਰਣਹਾਰ[80] ॥੪॥ ੪॥੪੩॥

word[78] of the Guru. O Nanak, the Name of the Lord is man's embellisher[80].

ਵਿਚਾਰਦਾ[79] ਹੈ। ਹੇ ਨਾਨਕ! ਰੱਬ ਦਾ ਨਾਮ ਬੰਦੇ ਨੂੰ ਸ਼ਸ਼ੋਭਤ[80] ਕਰਨ ਵਾਲਾ ਹੈ।

ਆਸਾ ਮਹਲਾ ੩ ॥

Asa 3rd Guru.

ਆਸਾ ਤੀਜੀ ਪਾਤਸ਼ਾਹੀ

ਦੂਜੈ ਭਾਇ[81] ਲਗੇ[82] ਦੁਖੁ ਪਾਇਆ[83] ॥

Attached[82] to something else[81](duality) one incurs[83] pain.

ਹੋਰਸ (ਦੂਜੇ) ਦੇ ਪਿਆਰ[81] ਨਾਲ ਜੁੜ ਕੇ[82] ਆਦਮੀ ਤਕਲੀਫ਼ ਉਠਾਉਂਦਾ[83] ਹੈ।

ਬਿਨੁ ਸਬਦੈ[84] ਬਿਰਥਾ[85] ਜਨਮੁ[86] ਗਵਾਇਆ[87] ॥

Without the Name[84], one's life[86] is wasted[87] away, in vain[85].

ਨਾਮ ਦੇ ਬਾਝੋਂ[84] ਉਸ ਦਾ ਜੀਵਨ[86] ਵਿਅਰਥ[85] ਬਰਬਾਦ[87] ਹੋ ਜਾਂਦਾ ਹੈ।

ਸਤਿਗੁਰੁ ਸੇਵੈ ਸੋਝੀ[88] ਹੋਇ ॥ ਦੂਜੈ[89] ਭਾਇ ਨ ਲਾਗੈ[90] ਕੋਇ ॥੧॥

By serving the True Guru, (true) understanding[88] is attained. None, then, gets attached[90] to worldly love[89].

ਸੱਚੇ ਗੁਰਾਂ ਦੀ ਟਹਿਲ ਕਮਾਉਣ ਦੁਆਰਾ ਸਮਝ[88] ਆ ਜਾਂਦੀ ਹੈ ਅਤੇ ਬੰਦਾ ਸੰਸਾਰੀ ਮਮਤਾ[89] ਨਾਲ ਨਹੀਂ ਚਿਮੜਦਾ[90]।

ਮੂਲਿ[91] ਲਾਗੇ ਸੇ[92] ਜਨ[98] ਪਰਵਾਣੁ[94] ॥

The[92] men[93], who cling to the origin[91], become acceptable[94].

ਜਿਹੜੇ[92] ਬੰਦੇ[93] ਜੜ[91] ਨਾਲ ਜੁੜਦੇ ਹਨ, ਉਹ ਕਬੂਲ ਪੈ ਜਾਂਦੇ[94] ਹਨ।

ਅਨਦਿਨੁ[95] ਰਾਮ[96] ਨਾਮੁ ਜਪਿ[97] ਹਿਰਦੈ[98] ਗੁਰ ਸਬਦੀ[99]ਹਰਿ ਏਕੋ ਜਾਣੁ[100] ॥੧॥ਰਹਾਉ॥

Through Guru's instruction[99], night[95] and day, remember[97] Lord's[96] Name in thy heart[98], and know[100] but One God. Pause.

ਗੁਰਾਂ ਦੇ ਉਪਦੇਸ਼[99] ਰਾਹੀਂ ਆਪਣੇ ਦਿਲ[98] ਅੰਦਰ ਰੈਣ[95] ਦਿਹੁੰ ਸੁਆਮੀ[96] ਦੇ ਨਾਮ ਦਾ ਸਿਮਰਨ[97] ਕਰ ਅਤੇ ਕੇਵਲ ਇਕ ਵਾਹਿਗੁਰੂ ਦੀ ਸਿੰਆਣ[100] ਕਰ। ਠਹਿਰਾਉ।

ਡਾਲੀ[2] ਲਾਗੈ ਨਿਹਫਲੁ[3] ਜਾਇ ॥

He who attaches to the branch[2] gets no reward.

ਜੋ ਟਹਿਣੀ[2] ਨਾਲ ਜੁੜਦਾ ਹੈ, ਉਹ ਨਿਸਫਲ[3] ਜਾਂਦਾ ਹੈ।

ਅੰਧੀ ਕੰਮੀ[5] ਅੰਧ ਸਜਾਇ[6] ॥

For the blind[4] actions[5], blind (severe) punishment[6] is awarded.

ਅੰਨ੍ਹਿਆਂ[4] ਅਮਲਾਂ[5] ਲਈ ਅੰਨ੍ਹਾਂ ਡੰਨ[6] ਦਿੱਤਾ ਜਾਂਦਾ ਹੈ।

ਮਨਮੁਖੁ[7] ਅੰਧਾ ਠਉਰ[8] ਨ ਪਾਇ ॥

The blind apostate[7] finds no place[8] of rest.

ਅੰਨ੍ਹੇ ਅਧਰਮੀ[7] ਨੂੰ ਕੋਈ ਆਰਾਮ ਦੀ ਜਗ੍ਹਾ[8] ਨਹੀਂ ਮਿਲਦੀ।

ਬਿਸਟਾ[9] ਕਾ ਕੀੜਾ[10] ਬਿਸਟਾ ਮਾਹਿ[12] ਪਚਾਇ[13]॥ ੨॥

He is the worm[10] of ordure[9] and putrefies[13] in[12] ordure.

ਉਹ ਗੰਦਗੀ[9] ਦਾ ਕਿਰਮ[10] ਹੈ ਅਤੇ ਗੰਦਗੀ ਵਿੱਚ[12] ਹੀ ਗਲ ਸੜ[13] ਜਾਂਦਾ ਹੈ।

ਗੁਰ ਕੀ ਸੇਵਾ[14] ਸਦਾ ਸੁਖੁ ਪਾਏ॥ਸਤ ਸੰਗਤਿ ਮਿਲਿ[15] ਹਰਿ ਗੁਣ[16] ਗਾਏ ॥

In Guru's service[14], the mortal always obtains peace, and meeting[15] the society of saints, sings God's praise[16].

ਗੁਰਾਂ ਦੀ ਟਹਿਲ ਸੇਵਾ[14] ਅੰਦਰ ਪ੍ਰਾਣੀ ਹਮੇਸ਼ਾ ਆਰਾਮ ਪਾਉਂਦਾ ਹੈ ਅਤੇ ਸਾਧ-ਸਮਾਗਮ ਨਾਲ ਜੁੜ[15] ਕੇ ਵਾਹਿਗੁਰੂ ਦਾ ਜੱਸ[16] ਗਾਇਨ ਕਰਦਾ ਹੈ।

ਨਾਮੇ[17] ਨਾਮਿ ਕਰੇ ਵੀਚਾਰੁ[18] ॥ ਆਪਿ ਤਰੈ ਕੁਲ[19] ਉਧਰਣਹਾਰੁ[20]॥੩॥

He, who meditates[18] on the Name of the Illustrious[17] Lord, saves himself and saves[20] his lineage[19], as well.

ਜੋ ਪਰਸਿਧ[17] ਪ੍ਰਭੂ ਦੇ ਨਾਮ ਦਾ ਸਿਮਰਨ[18] ਕਰਦਾ ਹੈ, ਉਹ ਖ਼ੁਦ ਤਰ ਜਾਂਦਾ ਹੈ ਅਤੇ ਆਪਣੀ ਵੰਸ਼[19] ਨੂੰ ਭੀ ਤਾਰ ਲੈਂਦਾ[20] ਹੈ।

ਗੁਰ ਕੀ[22] ਬਾਣੀ ਨਾਮਿ ਵਜਾਏ[21] ॥

By the hymns of the Guru[22], the Name resounds[21] in the mind.

ਗੁਰਾਂ ਦੀ ਬਾਣੀ ਦੁਆਰਾ[22] ਮਨ ਅੰਦਰ ਨਾਮ ਗੂੰਜਦਾ[21] ਹੈ।

ਨਾਨਕ ਮਹਲੁ[23] ਸਬਦਿ[24]

Through the Name[24], man obtains[26]

ਨਾਮ[24] ਦੇ ਰਾਹੀਂ ਹੇ ਨਾਨਕ! ਇਨਸਾਨ ਆਪਣੇ ਦਿਲ

ਘਰੁ[25] ਪਾਏ[26] ॥

Lord's presence[23] within his heart's home[25], O Nanak.

ਦੇ ਗ੍ਰਹਿ[26] ਅੰਦਰ ਹੀ ਸਾਂਈ ਦੀ ਹਜ਼ੂਰੀ[23] ਨੂੰ ਪਾ ਲੈਂਦਾ ਹੈ ।

ਗੁਰਮਤਿ[27] [28]ਸਤਸਰਿ[29] ਹਰਿ[30]ਜਲਿ[31] ਨਾਇਆ[32]॥ [33]ਦੁਰਮਤਿ[34] ਮੈਲੁ[35] ਸਭੁ[36] ਦੂਰਤੁ[37] ਗਵਾਇਆ[38] ॥ ੪॥੫॥੪੪॥

Under Guru's instruction[27], bathe[32] thou in the Name[30] water[31] of the tank[29] of truth[28]. Thus thy filth[36] of evil[33]-intellect[34] and sin[37] shall all[36] be washed[38] off.

ਗੁਰਾਂ ਦੇ ਉਪਦੇਸ਼[27] ਤਾਬੇ ਤੂੰ ਸੱਚ[28] ਦੇ ਸਰੋਵਰ[29] ਤੇ ਨਾਮ[30] ਦੇ ਪਾਣੀ[31] ਅੰਦਰ ਇਸ਼ਨਾਨ[32] ਕਰ । ਇਸ ਤਰ੍ਹਾਂ ਤੇਰੀ ਮੰਦੀ[33] ਅਕਲ[34] ਅਤੇ ਪਾਪ[37] ਦੀ ਸਾਰੀ[36] ਗੰਦਗੀ ਧੋਤੀ ਜਾਊਗੀ[38] ।

ਆਸਾ ਮਹਲਾ ੩ ॥

Asa 3rd Guru.

ਆਸਾ ਤੀਜੀ ਪਾਤਸ਼ਾਹੀ ।

ਮਨਮੁਖ[39] ਮਰਹਿ[42] ਮਰਿ ਮਰਣੁ[40] ਵਿਗਾੜਹਿ[41] ॥

The perverse[39] when dying[42], die an evil[41] death[40].

ਮਨਮੁਖ[39] ਜਦ ਮਰਦੇ[42] ਹਨ, ਮੰਦੀ[41] ਮੌਤੇ[40] ਮਰਦੇ ਹਨ ।

ਦੂਜੈ ਭਾਇ[43] ਆਤਮ[44] ਸੰਘਾਰਹਿ[45] ॥

By another's[43] (mammon's) love, they slay[45] their soul[44].

ਹੋਰਸ ਦੀ ਪ੍ਰੀਤ[43] ਦੁਆਰਾ ਉਹ ਆਪਣੀ ਆਤਮਾ[44] ਨੂੰ ਤਬਾਹ[45] ਕਰ ਲੈਂਦੇ ਹਨ ।

ਮੇਰਾ[46] ਮੇਰਾ ਕਰਿ[47] ਕਰਿ ਵਿਗੂਤਾ[48] ॥

They are undone[48] by saying[47], "It is mine[46], it is mine."

"ਇਹ ਮੈਂਡਾ[46] ਹੈ, ਇਹ ਮੈਂਡਾ ਹੈ", ਕਰਦੇ[47] ਹੋਏ ਉਹ ਬਰਬਾਦ[48] ਹੋ ਜਾਂਦੇ ਹਨ ।

ਆਤਮੁ[49] ਨ ਚੀਨ੍ਹੈ ਭਰਮੈ[51] ਵਿਚਿ ਸੂਤਾ[52] ॥੧॥

They remember[50] not the Supreme[49] soul and are asleep[52] in superstition[51].

ਉਹ ਪਰਮ ਆਤਮਾ[49] ਨੂੰ ਰੇਤੇ[50] ਨਹੀਂ ਕਰਦੇ ਅਤੇ ਵਹਿਮ[51] ਅੰਦਰ ਸੁੱਤੇ[52] ਪਏ ਹਨ ।

ਮਰੁ[53] ਮੁਇਆ[54] ਸਬਦੇ[55] ਮਰਿ ਜਾਇ[56] ॥

He who dies[56] by the Word[55], dies[54] a real death[53].

ਜੋ ਬਾਣੀ[55] ਦੁਆਰਾ ਮਰਦਾ[56] ਹੈ, ਉਹ ਅਸਲੀ ਮੌਤ[53] ਮਰਦਾ[54] ਹੈ ।

ਉਸਤਤਿ[57] ਨਿੰਦਾ[58] ਗੁਰਿ ਸਮ[59] ਜਾਣਾਈ[60] ਇਸੁ ਜੁਗ[61] ਮਹਿ[62] ਲਾਹਾ[63] ਹਰਿ ਜਪਿ[64] ਲੈ ਜਾਇ[65] ॥ ੧॥ਰਹਾਉ॥

The Guru has caused me to realise[60] that praise[57] and blame[58] are the same[59], and I should obtain[65] the profit[63] in[62] this world[61], by uttering[64] God's Name. Pause.

ਗੁਰਾਂ ਨੇ ਮੈਨੂੰ ਦਰਸਾਇਆ[60] ਹੈ ਕਿ ਉਪਮਾ[57] ਅਤੇ ਇਲਜ਼ਾਮ[58] ਇਕ ਸਮਾਨ[59] ਹਨ । ਵਾਹਿਗੁਰੂ ਦੇ ਨਾਮ ਦਾ ਉਚਾਰਨ[64] ਕਰਨ ਦੁਆਰਾ ਤੂੰ ਇਸ ਸੰਸਾਰ[61] ਅੰਦਰ[62] ਨਫ਼ਾ[63] ਪ੍ਰਾਪਤ[65] ਕਰ । ਠਹਿਰਾਉ ।

ਨਾਮ ਵਿਹੂਣ[66] ਗਰਭ[67] ਗਲਿ[68] ਜਾਇ ॥

They who are bereft[66] of the Name, melt[68] in womb[67].

ਜੋ ਨਾਮ ਤੋਂ ਸਖਣਾ[66] ਹੈ, ਉਹ ਪੇਟ[67] ਵਿਚ ਗਲ ਸੜ[68] ਜਾਂਦਾ ਹੈ ।

ਬਿਰਥਾ[69] ਜਨਮੁ[70] ਦੂਜੈ[71] ਲੋਭਾਇ[72] ॥

Vain[69] is the advent[70] of him who is lured[72] by another[71].

ਬੇਫ਼ਾਇਦਾ[69] ਹੈ ਆਗਮਨ[70] ਉਸ ਦਾ, ਜਿਸ ਨੂੰ ਹੋਰਸ[71] (ਮਾਇਆ) ਨੇ ਲੁਭਾਇਮਾਨ[72] ਕਰ ਲਿਆ ਹੈ ।

ਨਾਮ ਬਿਹੂਣੀ[73] ਦੁਖਿ ਜਲੈ[74] ਸਬਾਈ[75] ॥

Without[73] the Name, the entire[75] world is burning[74] in anguish.

seven singers[13] and when will some one raise[16] the voice[15] of song[14] ?

ਕਦ ਕੋਈ ਗਾਉਣ[14] ਦੀ ਲੈਅ[15] ਨੂੰ ਚੁਕੇਗਾ[16] ?

ਮੇਲਤ ਚੁਨਤ[17] ਖਿਨੁ ਪਲੁ[18] ਚਸਾ ਲਾਗੈ[19] ਤਬ ਲਗੁ[20] ਮੇਰਾ ਮਨੁ ਰਾਮ[21] ਗੁਨ[22] ਗਾਵੈ ॥੨॥

In mustering and selecting[17] musicians an instant, a moment or trice[18] must elapse[19], meanwhile[20] my mind sings Lord's[21] praise[22].

ਰਾਗੀਆਂ ਨੂੰ ਇਕੱਤ੍ਰ ਕਰਨ ਅਤੇ ਚੁਣਨ[17] ਵਿਚ ਇਕ ਮੁਹਤ ਲਮ੍ਹਾਂ ਜਾਂ ਛਿਨ[18] ਜ਼ਰੂਰ ਗੁਜ਼ਰ ਜਾਂਦਾ[19] ਹੈ, ਉਦੋਂ ਤਾਈਂ[20] ਮੇਰਾ ਚਿੱਤ ਸੁਆਮੀ[21] ਦਾ ਜੱਸ[22] ਗਾਇਨ ਕਰਦਾ ਹੈ, (ਭਾਵ—ਇੱਨਾ ਕੁ ਸਮਾਂ ਵੀ ਸਿਮਰਨ ਬਿਨ ਅਜਾਈਂ ਗਵਾਉਣਾ ਮੇਰੇ ਲਈ ਅਸੰਭਵ ਹੈ ।)

ਕਬ ਕੋ ਨਾਚੈ[23] ਪਾਵ[24] ਪਸਾਰੈ[25] ਕਬ ਕੋ ਹਾਥ ਪਸਾਰੈ ॥

When some one will dance[23] and stretch forth[25] one's feet[24] and when one waves one's hands;

ਜਦ ਤਕ ਕੋਈ ਨਿਰਤਕਾਰੀ[23] ਕਰੇਗਾ ਤੇ ਆਪਣੇ ਪੈਰ[24] ਪਸਾਰੇਗਾ[25] ? ਕਦੋਂ ਕੋਈ ਆਪਣੇ ਹੱਥ ਝੁਲਾਵੇਗਾ ।

ਹਾਥ ਪਾਵ ਪਸਾਰਤ ਬਿਲਮੁ[26] ਤਿਲੁ[27] ਲਾਗੈ ਤਬ ਲਗੁ ਮੇਰਾ ਮਨੁ ਰਾਮ[28] ਸਮ੍ਹਾਰੈ[29] ॥੩॥

In stretching out one's hands and feet some short[27] delay[26] does take place. Even till then my soul thinks[29] of the Lord[28].

ਆਪਣੇ ਹੱਥ ਅਤੇ ਪੈਰ ਝੁਲਾਉਣ ਵਿਚ ਥੋੜ੍ਹਾ[27] ਜੇਹਾ ਚਿਰ[26] ਜ਼ਰੂਰ ਲਗਦਾ ਹੈ, ਉਦੋਂ ਤਾਈਂ ਮੇਰੀ ਆਤਮਾ ਸਾਂਈ[28] ਨੂੰ ਸਿਮਰਦੀ[27] ਹੈ ।

ਕਬ ਕੋਊ ਲੋਗਨ[30] ਕਉ ਪਤੀਆਵੈ[31] ਲੋਕਿ ਪਤੀਣੈ ਨਾ ਪਤਿ[32] ਹੋਇ ॥

If some one will satisfy[31] the people[30], he must know, that by pleasing the people honour[32] is not obtained.

ਜਦ ਕੋਈ ਜਣਾ ਜਨਤਾ[30] ਨੂੰ ਖ਼ੁਸ਼ ਕਰਨ ਲਈ ਉਪਰਾਲੇ ਕਰੇਗਾ[31] (ਤਾਂ ਉਹ ਸਮਝ ਲਵੇ) ਕਿ ਜਨਤਾ ਨੂੰ ਪ੍ਰਸੰਨ ਕਰਨ ਦੁਆਰਾ ਇਜ਼ਤ[32] ਨਹੀਂ ਮਿਲਦੀ ।

ਜਨ[33] ਨਾਨਕ ਹਰਿ ਹਿਰਦੈ[34] ਸਦ[35] ਧਿਆਵਹੁ[36] ਤਾ[37] ਜੈ ਜੈ[38] ਕਰੇ ਸਭੁ ਕੋਇ[39] ॥ ੪॥੧੦॥੬੨॥

O Serf[33] Nanak, in thy heart[34] ever[35] meditate[36] thou on God; then[37] shall every one[39] congratulate[38] thee.

ਹੇ ਗੁਮਾਸ਼ਤੇ[33] (ਦਾਸ) ਨਾਨਕ ! ਆਪਣੇ ਦਿਲ[34] ਅੰਦਰ ਤੂੰ ਵਾਹਿਗੁਰੂ ਦਾ ਹਮੇਸ਼ਾ[35] ਹੀ ਅਰਾਧਨ[36] ਕਰ, ਤਦ[37] ਹਰ ਕੋਈ[39] ਤੈਨੂੰ ਵਾਹ ਵਾਹ ਕਹੇਗਾ[38] ।

ਆਸਾ ਮਹਲਾ ੪ ॥

Asa 4th Guru.

ਆਸਾ ਚੌਥੀ ਪਾਤਸ਼ਾਹੀ ।

ਸਤ[40] ਸੰਗਤਿ ਮਿਲੀਐ[43] ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ[41] ਗਾਇ[42] ॥

Mix[43] with the pious[40] society of God's saints and joining the congregation, sing[42] God's praise[41].

ਵਾਹਿਗੁਰੂ ਦੇ ਸੰਤਾਂ ਦੇ ਪਵਿੱਤਰ[40] ਸਮਾਗਮ ਨਾਲ ਜੁੜ[43] ਅਤੇ ਸਭਾ ਨਾਲ ਜੁੜ ਕੇ ਵਾਹਿਗੁਰੂ ਦਾ ਜੱਸ[41] ਗਾਇਣ[42] ਕਰ ।

ਗਿਆਨ[43*] ਰਤਨੁ[44] ਬਲਿਆ[45] ਘਟਿ[45*] ਚਾਨਣੁ[46] ਅਗਿਆਨੁ[47] ਅੰਧੇਰਾ[48] ਜਾਇ[49] ॥੧॥

With the light[46] of the sparkling[45] gem[44] of Divine Knowledge[43*] the darkness[48] of ignorance[47] is dispelled[49] from the mind[45*].

ਬ੍ਰਹਿਮਬੋਧ[43*] ਦੇ ਚਮਕੀਲੇ[45] ਮਾਣਕ[44] ਦੀ ਰੋਸ਼ਨੀ[46] ਨਾਲ ਬੇਸਮਝੀ[47] ਦਾ ਅਨ੍ਹੇਰਾ[48] ਮਨ[45*] ਤੋਂ ਦੂਰ ਹੋ ਜਾਂਦਾ ਹੈ[49] ।

ਹਰਿ ਜਨ[50] ਨਾਚਹੁ[51] ਹਰਿ ਹਰਿ[52] ਨਿਆਇ[53] ॥

O God's slave[50], meditate[53] thou on Lord God[52] and let this be thy dancing[51].

ਹੇ ਰੱਬ ਦੇ ਗੋਲੇ[50] ! ਤੂੰ ਵਾਹਿਗੁਰੂ ਸੁਆਮੀ[52] ਦਾ ਸਿਮਰਨ[53] ਕਰ । ਇਹ ਹੀ ਤੇਰਾ ਨੱਚਣਾ[51] ਹੋਵੇ ।

ਐਸੇ[54] ਸੰਤ ਮਿਲਹਿ[55] ਮੇਰੇ ਭਾਈ[56] ਹਮ ਜਨ[57] ਕੇ ਧੋਵਹਿ[58] ਪਾਇ[59] ॥੧॥ ਰਹਾਉ ॥

I meet[55] such[54] saints, O my brother[56], of the God's serfs[57] and shampoo[58] their feet[59]. Pause.

ਐਹੋ ਜੇਹੇ[54] ਸਾਧੂਆਂ ਨੂੰ ਮੈਂ ਭੇਟਦਾ[55] ਹਾਂ, ਹੇ ਮੇਰੇ ਵੀਰ[56] ! ਵਾਹਿਗੁਰੂ ਦੇ ਗੁਲਾਮਾਂ[57] ਦੇ ਮੈਂ ਪੈਰ[59] ਧੋਂਦਾ[58] ਹਾਂ । ਠਹਿਰਾਉ ।

ਹਰਿ ਹਰਿ[60] ਨਾਮੁ ਜਪਹੁ[61]

Fixing[65] thy attention[64] on God, O

ਵਾਹਿਗੁਰੂ ਨਾਲ ਆਪਣੀ ਬਿਰਤੀ[64] ਜੋੜ[65] ਕੇ, ਹੇ ਮੇਰੀ

ਮਨ[62] ਮੇਰੇ ਅਨ[63] ਦਿਨੁ ਹਰਿ ਲਿਵ[64] ਲਾਇ[65] ॥

my soul[62], night[63] and day, repeat[61] the Name of the Lord Master[60].

ਜਿੰਦੇ[62] ! ਰੈਣ[63] ਦਿਹੁੰ ਤੂੰ ਪ੍ਰਭੂ ਪਰਮੇਸ਼ਰ[60] ਦੇ ਨਾਮ ਨੂੰ ਸਿਮਰ[61] ।

ਜੋ[66] ਇਛਹੁ[67] ਸੋਈ[68] ਫਲੁ[69] ਪਾਵਹੁ ਫਿਰਿ[70] ਭੂਖ[71] ਨ ਲਾਗੈ[72] ਆਇ ॥੨॥

Thou shalt have the[68] fruit[69] which[66] thou desirest[67] and shalt feel[72] not hunger[71], again[70].

ਤੂੰ ਉਹ[68] ਮੇਵਾ[69] ਪਾ ਲਵੇਂਗਾ ਜਿਹੜਾ[66] ਤੂੰ ਚਾਹੁੰਦਾ[67] ਹੈਂ ਅਤੇ ਤੈਨੂੰ, ਮੁੜ[70] ਕੇ ਭੁੱਖ[71] ਨਹੀਂ ਲਗੂਗੀ[72] ।

ਆਪੇ ਹਰਿ ਅਪਰੰਪਰੁ[73] ਕਰਤਾ[74] ਹਰਿ ਆਪੇ ਬੋਲਿ[75] ਬੁਲਾਇ ॥

The Boundless Lord[73] is Himself the Creator[74], the Lord Himself utters[75] and causes to utter.

ਹੱਦ ਬੰਨਾ-ਰਹਿਤ ਸੁਆਮੀ[73], ਆਪ ਸਿਰਜਣਹਾਰ[74] ਹੈ । ਵਾਹਿਗੁਰੂ ਖੁਦ ਹੀ ਕਹਿੰਦਾ[75] ਤੇ ਕਹਾਉਂਦਾ ਹੈ ।

ਸੇਈ[76] ਸੰਤ ਭਲੇ[80] ਤੁਧੁ ਭਾਵਹਿ[77] ਜਿਨ੍ ਕੀ ਪਤਿ[78] ਪਾਵਹਿ[79] ਥਾਇ ॥੩॥

Good[80] are the[76] saints, who are pleasing[77] to Thee and whose honour[78] Thou approvest[79].

ਚੰਗੇ[80] ਹਨ ਉਹ[76] ਸਾਧੂ, ਜਿਹੜੇ ਤੈਨੂੰ ਚੰਗੇ[77] ਲਗਦੇ ਹਨ, ਅਤੇ ਜਿਨ੍ਹਾਂ ਦੀ ਇਜ਼ਤ[78] ਤੂੰ ਪਰਵਾਨ[79] ਕਰਦਾ ਹੈਂ ।

ਨਾਨਕੁ ਆਖਿ ਨ ਰਾਜੈ[81] ਹਰਿ ਗੁਣ[82] ਜਿਉ[81] ਆਖੈ[83] ਤਿਉ[85] ਸੁਖੁ[86] ਪਾਇ ॥

Nanak is not satiated[81] by uttering God's excellences[82], and the more[84] he glorifies[83] Him, the more[85] he is at peace[86].

ਨਾਨਕ, ਵਾਹਿਗੁਰੂ ਦੀਆਂ ਸ੍ਰੇਸ਼ਟਤਾਈਆਂ[82] ਬਿਆਨ ਕਰਦਾ ਹੋਇਆ ਰਜਦਾ[81] ਨਹੀਂ, ਜਿੰਨੀ ਜ਼ਿਆਦਾ[84] ਉਹ ਉਸ ਦੀ ਪ੍ਰਸੰਸਾ[83] ਕਰਦਾ ਹੈ, ਉੱਨਾ ਜ਼ਿਆਦਾ[85] ਉਹ ਆਰਾਮ[86] ਪਾਉਂਦਾ ਹੈ ।

ਭਗਤਿ[87] ਭੰਡਾਰ[88] ਦੀਏ[89] ਹਰਿ ਅਪੁਨੇ ਗੁਣ[90]ਗਾਹਕੁ[91] ਵਣਜਿ[92] ਲੈ ਜਾਇ[93] ॥੪॥ ੧੧॥੬੩॥

The treasures[88] of devotion[87], God[79] has given[89] to His slave and the customers[91] of virtues[90] purchase[92] and carry[93] them home.

ਪ੍ਰੇਮ-ਭਾਵਨਾ[87] ਦੇ ਖਜ਼ਾਨੇ[88] ਵਾਹਿਗੁਰੂ ਨੇ ਆਪਣੇ ਗੋਲੇ ਨੂੰ ਬਖਸ਼ੇ[89] ਹਨ । ਨੇਕੀਆਂ[90] ਦੇ ਵਣਜਾਰੇ[91] ਉਨ੍ਹਾਂ ਨੂੰ ਖਰੀਦ[92] ਕੇ ਘਰ ਲੈ ਜਾਂਦੇ[93] ਹਨ ।

੩੬੯

੧ ਓ ਸਤਿਗੁਰ ਪ੍ਰਸਾਦਿ ॥
ਰਾਗੁ ਆਸਾ ਘਰੁ ੮ ਕੇ ਕਾਫੀ ਮਹਲਾ ੪ ॥

There is but one God. By True Guru's favour He is obtained.

Asa Measure Kafi. 4th Guru.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ ।

ਰਾਗ ਆਸਾ ਕਾਫ਼ੀ । ਚੌਥੀ ਪਾਤਸ਼ਾਹੀ ।

ਆਇਆ[94] ਮਰਣੁ[95] ਧੁਰਾਹੁ[96] ਹਉਮੈ[97]ਰੋਈਐ[98]॥

From the very beginning[96] death[95] is ordained[94] but egotism[97] makes man bewail[98].

ਐਨ ਆਰੰਭ[96] ਤੋਂ ਮੌਤ[95] ਨੀਅਤ ਹੋਈ ਹੋਈ[94] ਹੈ । ਹੰਕਾਰ[97] ਹੀ ਆਦਮੀ ਨੂੰ ਰੁਆਉਂਦਾ[98] ਹੈ ।

ਗੁਰਮੁਖਿ[99] ਨਾਮੁ ਧਿਆਇ[100] ਅਸਥਿਰੁ[2] ਹੋਈਐ ॥੧॥

By remembering[100] the Name, through the Guru[99], one becomes eternal[2].

ਗੁਰਾਂ ਦੇ ਰਾਹੀਂ[99] ਨਾਮ ਦਾ ਸਿਮਰਨ[100] ਕਰਨ ਦੁਆਰਾ ਇਨਸਾਨ ਸਦੀਵੀ[2] ਅਟੱਲ ਹੋ ਜਾਂਦਾ ਹੈ ।

ਗੁਰ ਪੂਰੇ[3] ਸਾਬਾਸਿ[4]ਚਲਣੁ[5] ਜਾਣਿਆ[6] ॥

Blessed[4] is the Perfect[3] Guru, through whom passing away[5] is realised[6].

ਧੰਨ[4] ਹਨ ਪੂਰਨ[3] ਗੁਰਦੇਵ ਜੀ, ਜਿਨ੍ਹਾਂ ਦੇ ਰਾਹੀਂ ਟੁਰ[5] ਵੰਞਣਾ ਅਨੁਭਵ[6] ਹੁੰਦਾ ਹੈ ।

ਲਾਹਾ[7] ਨਾਮੁ ਸੁਸਾਰੁ[8] ਸਬਦਿ[9] ਸਮਾਣਿਆ[10]॥੧॥ ਰਹਾਉ ॥

The sublime persons[8] earn the profit[7] of the Name and get absorbed[10] in God[9]. Pause.

ਸ੍ਰੇਸ਼ਟ ਪੁਰਸ਼[8] ਨਾਮ ਦਾ ਨਫ਼ਾ[7] ਕਮਾਉਂਦੇ ਹਨ ਅਤੇ ਵਾਹਿਗੁਰੂ[9] ਅੰਦਰ ਲੀਨ[10] ਹੋ ਜਾਂਦੇ ਹਨ । ਠਹਿਰਾਉ ।

ਪੂਰਬਿ[12] ਲਿਖੇ[13] ਡੇਹ[14] ਸਿ[15] ਆਏ[16] ਮਾਇਆ[17] ॥	The days[14] of life are pre-ordained[12]; they do come[16] (to an end), O mother[17].	ਮੁਢ[12] ਦੇ ਲਿਖੇ[13] ਹੋਏ[13];ਉਹ[13] ਦਿਹਾੜੇ[14] ਆ ਜਾਂਦੇ[16] ਹਨ, ਹੇ ਮਾਤਾ[17] !
ਚਲਣੂ[18] ਅਜੁ[19] ਕਿ[20] ਕਲਿ[21] ਧੁਰਹੁ[22] ਫੁਰਮਾਇਆ[23] ॥੨॥	To-day[19] or[20] to-morrow[21] one must depart[18], as is the Primal Lord's[22] order[23].	ਅਜ[19] ਜਾਂ[20] ਕਲ[21] ਬੰਦਾ ਜ਼ਰੂਰ ਹੀ ਟੁਰ[18] ਵੰਞੇਗਾ; ਜਿਸ ਤਰ੍ਹਾਂ ਕਿ ਆਦਿ ਪ੍ਰਭੂ[22] ਦਾ ਹੁਕਮ[23] ਹੈ ।
ਬਿਰਥਾ[24] ਜਨਮੁ[25] ਤਿਨਾ ਜਿਨ੍ਹੀ ਨਾਮੁ ਵਿਸਾਰਿਆ[26]॥	In vain[24] is the advent[25] of those, who have forgotten[26] the Name.	ਵਿਅਰਥ[24] ਹੈ ਆਗਮਨ[25] ਉਨ੍ਹਾਂ ਦਾ ਜਿਨ੍ਹਾਂ ਨੇ ਨਾਮ ਭੁਲਾ[26] ਛੱਡਿਆ ਹੈ ।
ਜੂਐ[27] ਖੇਲਣੁ[28] ਜਗਿ[31] ਕਿ ਇਹੁ ਮਨੁ[29] ਹਾਰਿਆ[30]॥੩॥	They play[28] the game of chance[27] in this world[31] and lose[30] this soul[29] of theirs.	ਉਹ ਇਸ ਜਹਾਨ[31] ਅੰਦਰ ਜੂਏ ਦੀ ਖੇਡ[27] ਖੇਡਦੇ[28] ਹਨ ਅਤੇ ਆਪਣੀ ਇਸ ਆਤਮਾ[29] ਨੂੰ ਹਾਰ ਦਿੰਦੇ[30] ਹਨ ।
ਜੀਵਣਿ[32] ਮਰਣਿ[33] ਸੁਖੁ[34] ਹੋਇ ਜਿਨ੍ਹਾ ਗੁਰੁ ਪਾਇਆ॥	They who have obtained the Guru, in birth[32] and death[33], they remain in peace[34].	ਜਿਨ੍ਹਾਂ ਨੂੰ ਗੁਰੂ ਪਰਾਪਤ ਹੋਇਆ ਹੈ, ਉਹ ਜੰਮਣ[32] ਤੇ ਮਰਣ[33] ਵਿਚ ਸੁਖ ਪ੍ਰਤੀਤ ਕਰਦੇ ਹਨ ।
ਨਾਨਕ ਸਚੇ[35] ਸਚਿ[36] ਸਚਿ[37] ਸਮਾਇਆ[38] ॥੪॥ ੧੨॥੬੪॥	Nanak, the true[35] are, truly[36] absorbed[38] in the True Lord[37].	ਨਾਨਕ, ਸਚਿਆਰ[35], ਨਿਸਚਿਤ ਹੀ[36], ਸੱਚੇ ਸੁਆਮੀ[37] ਅੰਦਰ ਲੀਨ[38] ਹੋ ਜਾਂਦੇ ਹਨ ।
ਆਸਾ ਮਹਲਾ ੪ ॥	Asa 4th Guru.	ਆਸਾ ਚੌਥੀ ਪਾਤਸ਼ਾਹੀ ।
ਜਨਮੁ[39] ਪਦਾਰਥੁ[40] ਪਾਇ ਨਾਮੁ ਧਿਆਇਆ[41] ॥	Obtaining the wealth[40] of human birth[39], I contemplate[41] over the Name.	ਮਨੁੱਖੀ ਪੈਦਾਇਸ਼[39] ਦੀ ਦੌਲਤ[40] ਪਰਾਪਤ ਕਰਕੇ, ਮੈਂ ਨਾਮ ਦਾ ਅਰਾਧਨ ਕਰਦਾ[41] ਹਾਂ ।
ਗੁਰਪਰਸਾਦੀ[42] ਬੁਝਿ[43] ਸਚਿ[44] ਸਮਾਇਆ[45] ॥੧॥	Knowing[43] the essence, by Guru's grace[42], I am absorbed[45] in the True[44] One.	ਗੁਰਾਂ ਦੀ ਦਇਆ[42] ਦੁਆਰਾ ਅਸਲੀਅਤ ਨੂੰ ਜਾਣ[43] ਕੇ, ਮੈਂ ਸਤਿਪੁਰਖ[44] ਅੰਦਰ ਲੀਨ ਹੋ ਗਿਆ[45] ਹਾਂ ।
ਜਿਨ੍ ਧੁਰਿ[46] ਲਿਖਿਆ[47] ਲੇਖੁ[48] ਤਿਨ੍ਹੀ ਨਾਮੁ ਕਮਾਇਆ[49] ॥	They, who have such a pre[46] ordained[47] writ[48], practise[49] the Name.	ਜਿਨ੍ਹਾਂ ਦੀ ਮੁਢਲੀ[46] ਲਿਖੀ ਹੋਈ[47] ਐਸੀ ਲਿਖਤਕਾਰ[48] ਹੈ, ਉਹ ਨਾਮ ਦੀ ਕਮਾਈ[49] ਕਰਦੇ ਹਨ ।
ਦਰਿ[50] ਸਚੈ[51] ਸਚਿਆਰ[52] ਮਹਲਿ[53] ਬੁਲਾਇਆ[54] ॥ ੧॥ਰਹਾਉ॥	The True Lord[51] summons[54] the true[52] at His Mansion's[53] gate[50]. Pause.	ਸਚਿਆਰਾਂ[52] ਨੂੰ ਸੱਚਾ ਸੁਆਮੀ[51] ਆਪਣੇ ਮੰਦਰ[53] ਦੇ ਬੂਹੇ[50] ਤੇ ਸੱਦ ਲੈਂਦਾ[54] ਹੈ । ਠਹਿਰਾਉ ।
ਅੰਤਰਿ[55] ਨਾਮੁ ਨਿਧਾਨੁ[56] ਗੁਰਮੁਖਿ[57] ਪਾਈਐ ॥	Within[55] us is the Name treasure[56], but it is obtained, through the Guru[57].	ਸਾਡੇ ਅੰਦਰ[55] ਨਾਮ ਦਾ ਖਜ਼ਾਨਾ[56] ਹੈ, ਪ੍ਰੰਤੂ ਇਹ ਗੁਰਾਂ ਦੇ ਰਾਹੀਂ[57] ਪਰਾਪਤ ਹੁੰਦਾ ਹੈ ।
ਅਨਦਿਨੁ[58]ਨਾਮੁ ਧਿਆਇ[59] ਹਰਿ ਗੁਣ[60] ਗਾਈਐ[61]॥੨॥	Night[58] and day repeat[59] the Name, and sing[61] God's praise[60].	ਰਾਤ[58] ਦਿਹੁੰ ਨਾਮ ਨੂੰ ਆਰਾਧ[59] ਅਤੇ ਵਾਹਿਗੁਰੂ ਦਾ ਜੱਸ[60] ਗਾਇਨ[61] ਕਰ ।
ਅੰਤਰਿ[62] ਵਸਤੁ[63] ਅਨੇਕ[64]	Within[62] us are infinite[64]	ਸਾਡੇ ਅੰਦਰ[62] ਬੇਅੰਤ[64] ਸ਼ੈਆਂ[63] ਹਨ; ਪ੍ਰੰਤੂ, ਅਧਰਮੀ[65]

ਮਨਮੁਖਿ[65] ਨਹੀ ਪਾਈਐ ॥	commodities[63], but an apostate[65] finds them not.	ਉਨ੍ਹਾਂ ਨੂੰ ਹਾਸਲ ਨਹੀਂ ਕਰਦਾ ।
ਹਉਮੈ[66] ਗਰਬੈ[67] ਗਰਬੁ[68] ਆਪਿ[69] ਖੁਆਈਐ[70] ॥੩॥	Through egotism[66], man practises[67] pride[68] and ruins[70] himself[69].	ਹੰਕਾਰ[66] ਦੇ ਰਾਹੀਂ ਆਦਮੀ ਗਰੂਰ[68] ਕਰਦਾ[67] ਹੈ ਅਤੇ ਆਪਣੇ ਆਪ[69] ਨੂੰ ਤਬਾਹ[70] ਕਰ ਲੈਂਦਾ ਹੈ ।
ਨਾਨਕ ਆਪੇ ਆਪਿ[71] ਆਪਿ[72] ਖੁਆਈਐ[73] ॥	Nanak, by his own deeds[71], the mortal destroys[73] his ownself[72].	ਨਾਨਕ, ਆਪਣੇ ਨਿੱਜ ਦੇ ਅਮਲਾਂ[71] ਦੁਆਰਾ ਪ੍ਰਾਣੀ ਆਪਣੇ ਆਪ[72] ਦਾ ਨਸ਼ਟ[73] ਕਰ ਲੈਂਦਾ ਹੈ ।
ਗੁਰਮਤਿ[74] ਮਨਿ[75]ਪਰਗਾਸੁ[76] ਸਚਾ[77] ਪਾਈਐ[78] ॥੪॥ ੧੩॥੬੫॥	By Guru's instruction[74], the soul[75] is illumined[76] and meets[78] the True Lord[77].	ਗੁਰਾਂ ਦੇ ਉਪਦੇਸ਼[74] ਦੁਆਰਾ ਆਤਮਾ[75] ਰੋਸ਼ਨ[76] ਥੀ ਵੰਞਦੀ ਹੈ ਅਤੇ ਸੱਚੇ ਸਾਂਈ[77] ਨੂੰ ਮਿਲ ਪੈਂਦੀ[78] ਹੈ ।
ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ	Asawari Measure. 4th Guru.	ਰਾਗ ਆਸਾਵਰੀ ਚੌਥੀ ਪਾਤਸ਼ਾਹੀ ।
੧ ੴ ਸਤਿਗੁਰ ਪ੍ਰਸਾਦਿ ॥	There is but one God. By True Guru's grace He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਮਿਹਰ ਸਦਕਾ ਉਹ ਪਾਇਆ ਜਾਂਦਾ ਹੈ ।
ਹਉ[79] ਅਨਦਿਨੁ[80] ਹਰਿ ਨਾਮੁ ਕੀਰਤਨੁ[81] ਕਰਉ ॥	Night[80] and day, I[79] sing the praise[81] of God's Name.	ਰੈਣੁ[80] ਦਿਹੁੰ ਮੈਂ[79] ਵਾਹਿਗੁਰੂ ਨਾਮ ਦਾ ਜੱਸ[81] ਗਾਇਨ ਕਰਦਾ ਹਾਂ ।
ਸਤਿਗੁਰਿ ਮੋਕਉ[82] ਹਰਿ ਨਾਮੁ ਬਤਾਇਆ[83] ਹਉ ਹਰਿ ਬਿਨੁ ਖਿਨੁ[84] ਪਲੁ[85] ਰਹਿ ਨ ਸਕਉ ॥੧॥ ਰਹਾਉ॥	The True Guru has informed[83] me[82] of the Lord's Name and without God, I cannot live even for an instant[84] or a moment[85]. Pause.	ਸੱਚੇ ਗੁਰਾਂ ਨੇ ਮੈਨੂੰ[82] ਸਾਹਿਬ ਦਾ ਨਾਮ ਦੱਸਿਆ[83] ਹੈ । ਵਾਹਿਗੁਰੂ ਦੇ ਬਗੈਰ, ਮੈਂ ਇਕ ਮੁਹਤ[84] ਜਾਂ ਛਿਨ[85] ਭਰ ਲਈ ਭੀ ਰਹਿ ਨਹੀਂ ਸਕਦਾ । ਠਹਿਰਾਉ ।
ਹਮਰੈ[86] ਸ੍ਰਵਣੁ[87] ਸਿਮਰਨੁ[88] ਹਰਿ ਕੀਰਤਨੁ[89] ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ[90] ॥	I[86] hear[87] and contemplate[88] upon God's praise[89]. Without God, I cannot sustain life even for a trice[90].	ਵਾਹਿਗੁਰੂ ਦੀ ਉਸਤਤੀ[89] ਮੈਂ[86] ਸੁਣਦਾ[87] ਅਤੇ ਉਸਦਾ ਚਿੰਤਨ ਕਰਦਾ[88] ਹਾਂ । ਵਾਹਿਗੁਰੂ ਦੇ ਬਾਝੋਂ ਮੈਂ ਇੱਕ ਪਲ[90] ਭਰ ਭੀ ਜੀਉਂਦਾ ਨਹੀਂ ਰਹਿ ਸਕਦਾ ।
ਜੈਸੇ[91] ਹੰਸੁ[92] ਸਰਵਰ[93] ਬਿਨੁ ਰਹਿ ਨ ਸਕੈ ਤੈਸੇ[94] ਹਰਿ ਜਨੁ[95] ਕਿਉ[96] ਰਹੈ ਹਰਿ ਸੇਵਾ[97] ਬਿਨੁ ॥੧॥	As[91] a swan[92] cannot live without a tank[93], similarly[94] how[96] can God's slave[95] live without Lord's service[97] ?	ਜਿਸ ਤਰ੍ਹਾਂ[91] ਰਾਜ-ਹੰਸ[92] ਤਾਲਾਬ[93] ਦੇ ਬਾਝੋਂ ਰਹਿ ਨਹੀਂ ਸਕਦਾ, ਏਸੇ ਤਰ੍ਹਾਂ[94] ਵਾਹਿਗੁਰੂ ਦਾ ਗੋਲਾ[95], ਸੁਆਮੀ ਦੀ ਘਾਲ[97] ਦੇ ਬਗੈਰ ਕਿਸ ਤਰ੍ਹਾਂ[96] ਰਹਿ ਸਕਦਾ ਹੈ ?
ਕਿਨਹੂੰ[98] ਪ੍ਰੀਤਿ[99] ਲਾਈ[100] ਦੂਜਾ[2] ਭਾਉ ਰਿਦ[3] ਧਾਰਿ[4] ਕਿਨਹੂੰ ਪ੍ਰੀਤਿ ਲਾਈ ਮੋਹ[5] ਅਪਮਾਨ[6] ॥	Some[98] cherish[100] love[99] for duality[2] and place[4] it in their heart[3] and some profess affection for worldly attachment[5] and pride[6].	ਕਈ[98] ਦਵੈਤ-ਭਾਵ[2] ਨਾਲ ਪਿਆਰ[99] ਕਰਦੇ[100] ਅਤੇ ਇਸ ਨੂੰ ਆਪਣੇ ਦਿਲ[3] ਵਿਚ ਟਿਕਾਉਂਦੇ[4] ਹਨ । ਕਈ ਸੰਸਾਰੀ ਲਗਨ[5] ਅਤੇ ਅਭਿਮਾਨ[6] ਨਾਲ ਪਿਰਹੜੀ ਪਾਉਂਦੇ ਹਨ ।
ਹਰਿ ਜਨ[7] ਪ੍ਰੀਤਿ[8] ਲਾਈ[9]	God's serf[7] embraces[9] affection[8] for	ਰੱਬ ਦਾ ਗੋਲਾ[7], ਸੁਆਮੀ ਦੀ ਅਬਿਨਾਸੀ[10] ਅਵਸਥਾ ਨਾਲ

ਹਰਿ ਨਿਰਬਾਣ[10] ਪਦ ਨਾਨਕ ਸਿਮਰਤ[12] ਹਰਿ ਹਰਿ[13] ਭਗਵਾਨ[14] ॥੨॥ ੧੪॥੬੬॥

Lord's Immortal[10] status and he (Nanak) meditates[12] on Lord God[13], the Supreme Master[14].

ਪ੍ਰੇਮ[8] ਪਾਉਂਦਾ[9] ਹੈ। ਨਾਨਕ ਸ੍ਰੇਮਣੀ ਮਾਲਕ[14], ਵਾਹਿਗੁਰੂ ਸੁਆਮੀ[13] ਦਾ ਆਰਾਧਨ[12] ਕਰਦਾ ਹੈ।

ਆਸਾਵਰੀ ਮਹਲਾ ੪ ॥

Asawari. 4th Guru.

ਆਸਾਵਰੀ ਚੌਥੀ ਪਾਤਸ਼ਾਹੀ।

ਮਾਈ ਮੋਰੋ ਪ੍ਰੀਤਮੁ[15] ਰਾਮੁ[16] ਬਤਾਵਹੁ[17] ਰੀ[18] ਮਾਈ[19] ॥

Mother, O[18] my Mother[19], tell[17] me of my Beloved[15] Lord[16].

ਮਾਤਾ, ਹੇ[18] ਮੇਰੀ ਮਾਤਾ[19]! ਮੈਨੂੰ ਮੇਰੇ ਪਿਆਰੇ[15] ਸੁਆਮੀ[16] ਦੀ ਗਲਬਾਤ (ਦਾ ਥਹੁ ਪਤਾ) ਦੱਸ[17]।

ਹਉ ਹਰਿ ਬਿਨੁ ਖਿਨੁ[20] ਪਲੁ[21] ਰਹਿ ਨ ਸਕਉ ਜੈਸੇ[22] ਕਰਹਲੁ[23] ਬੇਲਿ[24] ਰੀਝਾਈ[25] ॥੧॥ਰਹਾਉ॥

Without God, I cannot live even for a moment[20] and trice[21] for I love[25] Him, as[22] the camel[23] does the creeper[24]. Pause.

ਵਾਹਿਗੁਰੂ ਦੇ ਬਗੈਰ ਮੈਂ ਇੱਕ ਛਿਨ[20] ਭਰ ਲਈ ਭੀ ਰਹਿ ਨਹੀਂ ਸਕਦੀ, ਕਿਉਂਕਿ ਮੈਂ ਉਸ ਨੂੰ ਇਸ ਤਰ੍ਹਾਂ ਪਿਆਰ[25] ਕਰਦੀ ਹਾਂ, ਜਿਸ ਤਰ੍ਹਾਂ[22] ਊਠ[23] ਇਕ ਵੇਲ[24] ਨੂੰ ਕਰਦਾ ਹੈ। ਠਹਿਰਾਉ।

ਹਮਰਾ[26] ਮਨੁ[27] ਬੈਰਾਗ[28] ਬਿਰਕਤੁ[29] ਭਇਓ[30] ਹਰਿ ਦਰਸਨ[31] ਮੀਤ[32] ਕੈ ਤਾਈ[33] ॥

For the sake[33] of the sight[31] of God, the Friend[32], my[26] soul[27] has become[30] sad[28] and unattached[29].

ਵਾਹਿਗੁਰੂ ਮਿੱਤ੍ਰ[32] ਦੇ ਦੀਦਾਰ[31] ਦੀ ਖ਼ਾਤਰ[33] ਮੇਰੀ[26] ਆਤਮਾ[27] ਉਦਾਸ[28] ਅਤੇ ਅਤੀਤ[29] ਹੋ ਗਈ[30] ਹੈ।

ਜੈਸੇ[36] ਅਲਿ[34] ਕਮਲਾ[35] ਬਿਨੁ ਰਹਿ ਨ ਸਕੈ ਤੈਸੇ[37] ਮੋਹਿ ਹਰਿ ਬਿਨੁ ਰਹਨੁ ਨ ਜਾਈ ॥੧॥

As[36] the black-face[34]-bee cannot live without lotus[35], so[37] I cannot live without God.

ਜਿਸ ਤਰ੍ਹਾਂ[36] ਭੌਰਾ[34] ਕੰਵਲ[35] ਦੇ ਬਾਝੋਂ ਰਹਿ ਨਹੀਂ ਸਕਦਾ, ਇਸੇ ਤਰ੍ਹਾਂ[37] ਹੀ ਹਰੀ ਦੇ ਬਗੈਰ ਮੈਂ ਰਹਿ ਨਹੀਂ ਸਕਦਾ।

ਰਾਖੁ ਸਰਣਿ[38] [39]ਜਗਦੀਸੁਰ[40] ਪਿਆਰੇ[41] ਮੋਹਿ[42] ਸਰਧਾ[43] ਪੂਰਿ[44] ਹਰਿ [45]ਗੁਸਾਈ[46] ॥

Keep me under Thine protection[38] O Beloved[41] Master[40] of the Universe[39] and fulfil[44] my[42] faith[43], O God the World[45]-Lord[46].

ਮੈਨੂੰ ਆਪਣੀ ਪਨਾਹ[38] ਹੇਠਾਂ ਰੱਖ, ਹੇ ਪ੍ਰੀਤਮ[41], ਕੁਲ ਆਲਮ[39] ਦੇ ਮਾਲਕ[40], ਅਤੇ ਮੇਰਾ[42] ਸਿਦਕ[43] ਪੂਰਾ ਕਰ[44], ਹੇ ਸ੍ਰਿਸ਼ਟੀ[45] ਦੇ ਸੁਆਮੀ[46] ਵਾਹਿਗੁਰੂ!

ਜਨ[47] ਨਾਨਕ ਕੈ ਮਨਿ[48] ਅਨਦੁ[49] ਹੋਤ ਹੈ ਹਰਿ ਦਰਸਨੁ[50] ਨਿਮਖ[51] ਦਿਖਾਈ[52] ॥੨॥੩੬॥੧੩॥ ੧੫॥੬੭॥

slave[47] Nanak's mind[48] is filled with bliss[49], when he sees[52] God's sight[50] even for an instant[51].

ਗੋਲੇ[47] ਨਾਨਕ ਦਾ ਚਿੱਤ[48] ਖੁਸ਼ੀ[49] ਨਾਲ ਪਰੀਪੂਰਨ ਹੋ ਹੋ ਜਾਂਦਾ ਹੈ, ਜਦ ਉਹ ਵਾਹਿਗੁਰੂ ਦਾ ਦੀਦਾਰ[50] ਇੱਕ ਮੁਹਤ[51] ਭਰ ਲਈ ਭੀ ਵੇਖ[52] ਲੈਂਦਾ ਹੈ।

ਰਾਗੁ ਆਸਾ ਘਰ ੨ ਮਹਲਾ ੫

Asa Measure 5th Guru.

ਆਸਾ ਪੰਜਵੀਂ ਪਾਤਸ਼ਾਹੀ।

੧ ੴ ਸਤਿਗੁਰ ਪ੍ਰਸਾਦਿ ॥

There is but one God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ! ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।

ਜਿਨਿ ਲਾਈ ਪ੍ਰੀਤਿ[53]ਸੋਈ[54] ਫਿਰਿ[55] ਖਾਇਆ ॥	He, who loves[53] mammon, him[54] she ultimately[55] devours.	ਜੋ ਮਾਇਆ ਨੂੰ ਪਿਆਰ ਕਰਦਾ[53] ਹੈ, ਉਸ ਨੂੰ[54] ਇਹ ਆਖ਼ਰਕਾਰ[55] ਖਾ ਜਾਂਦੀ ਹੈ ।
ਜਿਨਿ ਸੁਖਿ[56] ਬੈਠਾਲੀ[57] ਤਿਸੁ ਭਉ[58] ਬਹੁਤੁ[59] ਦਿਖਾਇਆ ॥	He, who seats[57] her comfortably, him she greatly[59] terrifies[58].	ਜੋ ਇਸ ਨੂੰ ਆਰਾਮ[56] ਵਿਚ ਬਹਾਲਦਾ[57] ਹੈ, ਉਸ ਨੂੰ ਇਹ ਘਣਾ[59] ਡਰਾਉਂਦੀ[58] ਹੈ ।
ਭਾਈ ਮੀਤ[60] ਕੁਟੰਬ[61] ਦੇਖਿ[62] ਬਿਬਾਦੇ[63] ॥	Brothers, friends[60] and family[61], beholding[62] her, indulge in strife[63].	ਭਰਾ, ਮਿੱਤ੍ਰ[60] ਤੇ ਸਾਕ-ਸੈਨ[61], ਇਸ ਨੂੰ ਤੱਕ ਕੇ[62] ਝਗੜਾ[63] ਕਰਦੇ ਹਨ ।
ਹਮ[64] ਆਈ ਵਸਗਤਿ[65] ਗੁਰ ਪਰਸਾਦੇ[66] ॥੧॥	But, by Guru's grace[66], she has come under my[64] control[65].	ਪਰ ਗੁਰਾਂ ਦੀ ਦਇਆ ਦੁਆਰਾ[66] ਉਹ ਮੇਰੇ[64] ਕਾਬੂ[65] ਵਿਚ ਆ ਗਈ ਹੈ ।
ਐਸਾ[67] ਦੇਖਿ[68] ਬਿਮੋਹਤ[69] ਹੋਏ ॥ ਸਾਧਿਕ[70] ਸਿਧ[71] ਸੁਰ[72] ਦੇਵ[73] ਮਨੁਖਾ[74] ਬਿਨੁ ਸਾਧੂ ਸਭਿ ਧ੍ਰੋਹਨਿ[75] ਧ੍ਰੋਹੇ ॥੧॥ਰਹਾਉ॥	Seeing[68] such[67] a power of hers, the strivers[70], the men of miracles[71], gods[72], super human beings[73] and mortals[74] are bewitched[69]. Excepting the saints, all are deceived[76] by her deceit[75]. Pause.	ਉਸ ਦੀ ਐਹੋ ਜੇਹੀ[67] ਤਾਕਤ ਵੇਖ ਕੇ[68], ਅਭਿਆਸੀ[70], ਕਰਾਮਾਤੀ[71] ਬੰਦੇ, ਦੇਵਤੇ[72], ਆਕਾਸ਼ੀ ਜੀਵ[73] ਅਤੇ ਪ੍ਰਾਣੀ[74] ਮੋਹਤ[69] ਹੋ ਗਏ ਹਨ । ਸੰਤਾਂ ਦੇ ਬਗੈਰ, ਹੋਰ ਸਾਰੇ ਉਸ ਦੇ ਛਲ[75] ਦੁਆਰਾ ਛਲੇ[76] ਗਏ ਹਨ । ਠਹਿਰਾਉ ।
ਇਕਿ[77] ਫਿਰਹਿ[78]ਉਦਾਸੀ[79] ਤਿਨ੍[80] ਕਾਮਿ[81] ਵਿਆਪੈ[82]॥	Some[77] wander about[78] as ascetics[79]. But they[80] are harassed[82] by lust[81].	ਕਈ[77] ਬਿਰੱਤਕ[79] ਬਣ ਰਮਤੇ ਫਿਰਦੇ[78] ਹਨ; ਪ੍ਰੰਤੂ, ਭੋਗ ਬਿਲਾਸ[81] ਉਨ੍ਹਾਂ ਨੂੰ[80] ਦੁਖੀ[82] ਕਰਦਾ ਹੈ ।
ਇਕਿ ਸੰਚਹਿ[83] ਗਿਰਹੀ[84] ਤਿਨ੍ ਹੋਇ ਨ ਆਪੈ[85] ॥	Some, as family men[84], amass[83] wealth, but she becomes not their own[85].	ਕਈ ਘਰਬਾਰੀ[84] ਹੋ ਮਾਇਆ ਨੂੰ ਇਕੱਤਰ[83] ਕਰਦੇ ਹਨ; ਪ੍ਰੰਤੂ, ਇਹ ਉਨ੍ਹਾਂ ਦੀ ਨਿੱਜ ਦੀ[85] ਨਹੀਂ ਬਣਦੀ।
ਇਕਿ ਸਤੀ[86] ਕਹਾਵਹਿ ਤਿਨ੍ ਬਹੁਤੁ[88] ਕਲਪਾਵੈ[87]॥	Some who call themselve as men of charity[86], them she greatly[88] torments[87].	ਕਈ, ਜੋ ਆਪਣੇ ਆਪ ਨੂੰ ਦਾਨੀ[86] ਅਖਵਾਉਂਦੇ ਹਨ, ਉਨ੍ਹਾਂ ਨੂੰ ਇਹ ਖਰਾ[88] ਸਤਾਉਂਦੀ[87] ਹੈ ।
ਹਮ[89] ਹਰਿ ਰਾਖੇ[90] ਲਗਿ[91] ਸਤਿਗੁਰ ਪਾਵੈ[92] ॥੨॥	God has saved[90] me[89] by attaching[91] me to the True Guru's feet[92].	ਵਾਹਿਗੁਰੂ ਨੇ ਮੈਨੂੰ[89] ਸੱਚੇ ਗੁਰਾਂ ਦੇ ਪੈਰਾਂ[92] ਨਾਲ ਜੋੜ ਕੇ[91] ਬਚਾ ਲਿਆ ਹੈ[90] ।
ਤਪੁ ਕਰਤੇ ਤਪਸੀ[43] ਭੂਲਾਏ[44] ॥	She leads astray[44] the penitents[43] who practise penance.	ਤਪੱਸਿਆ ਕਰਦੇ ਹੋਇਆਂ ਤੱਪੀਆਂ[43] ਨੂੰ ਇਹ ਕੁਰਾਹੇ ਪਾ ਦਿੰਦੀ[44] ਹੈ ।
ਪੰਡਿਤ ਮੋਹੇ[45] ਲੋਭਿ[46] ਸਬਾਏ[47] ॥	All[47] the scholarly Brahmans are seduced[45] by greed[46].	ਸਮੂਹ[47] ਵਿਦਵਾਨ ਬ੍ਰਾਹਮਣ ਲਾਲਚ[46] ਨੇ ਮੋਹ[45] ਲਏ ਹਨ ।
ਤ੍ਰੈ[48] ਗੁਣ[49] ਮੋਹੇ[50] ਮੋਹਿਆ ਆਕਾਸੁ[51] ॥	Bewitched[50] are the men of three[48] qualities[49] and bewitched is the heaven[51].	ਲੱਟੂ[50] ਹੋਏ ਹੋਏ ਹਨ, ਤਿੰਨਾਂ[48] ਸੁਭਾਵਾਂ[49] ਵਾਲੇ ਬੰਦੇ ਅਤੇ ਲੱਟੂ ਹੋਇਆ ਹੋਇਆ ਹੈ ਅਸਮਾਨ[51] ।
ਹਮ ਸਤਿਗੁਰ ਰਾਖੇ[52]ਦੇ ਕਰਿ ਹਾਥੁ[53] ॥੩॥	The True Guru has preserved[52] me by giving his hand[53].	ਸੱਚੇ ਗੁਰਾਂ ਨੇ ਆਪਣਾ ਹੱਥ[53] ਦੇ ਕੇ ਮੈਨੂੰ ਬਚਾ ਲਿਆ ਹੈ ।
ਗਿਆਨੀ[54] ਕੀ ਹੋਇ ਵਰਤੀ[55] ਦਾਸਿ[56] ॥	To the divine[54], she acts[55] as a servant[56].	ਬ੍ਰਹਮ ਬੇਤਾ[54] ਅੱਗੇ ਉਹ ਨੌਕਰ[56] ਹੋ ਕੰਮ ਕਰਦੀ[55] ਹੈ ।

ਕਰ[57] ਜੋੜੇ[58] ਸੇਵਾ[59] ਕਰੇ ਅਰਦਾਸਿ[60] ॥	With clasped[58] hands[57] she serves[59] him and makes the supplication[60].	ਹੱਥ[57] ਬੰਨ੍ਹ[58] ਕੇ ਉਹ ਉਸ ਦੀ ਟਹਿਲ ਕਮਾਉਂਦੀ[59] ਹੈ ਅਤੇ ਬੇਨਤੀ ਕਰਦੀ[60] ਹੈ :
ਜੋ ਤੂੰ ਕਹਹਿ[61] ਸੁ[62] ਕਾਰ[63] ਕਮਾਵਾ ॥ ਜਨ[64] ਨਾਨਕ ਗੁਰਮੁਖ[65] ਨੇੜਿ[66] ਨ ਆਵਾ[67] ॥੪॥੧॥	"What thou orderest[61], that[62] work[63] I shall do, and shall not draw[67] near[66] the Guru-ward[65]," says she. O slave[64] Nanak.	"ਜਿਹੜਾ ਤੂੰ ਹੁਕਮ[61] ਦਿੰਦਾ ਹੈਂ ਮੈਂ ਓਹੀ[62] ਕੰਮ[63] ਕਰਾਂਗੀ ਅਤੇ ਮੈਂ ਗੁਰੂ-ਸਮਰਪਣ[65] ਦੇ ਲਾਗੇ[66] ਨਹੀਂ ਲੱਗਾਂਗੀ[67]," ਹੇ ਗੋਲੇ[64] ਨਾਨਕ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਸਸੂ[68] ਤੇ ਪਿਰਿ[69] ਕੀਨੀ ਵਾਖਿ[70] ॥	From my mother-in-law[68] (mammon), my Beloved[69] (God) has separated[70] me.	ਮੇਰੀ ਸੱਸ[68] (ਮਾਇਆ) ਨਾਲੋਂ, ਮੇਰੇ ਪ੍ਰੀਤਮ[69] (ਹਰੀ) ਨੇ ਮੈਨੂੰ ਅਲੱਗ[70] ਕਰ ਦਿੱਤਾ ਹੈ ।
ਦੇਰ[71] ਜਿਠਾਣੀ[72] ਮੁਈ ਦੂਖਿ[73] ਸੰਤਾਪਿ[74] ॥	My husband's younger brother's wife[71], and my husband's elder brother's wife[72] have died of grief[73] and sorrow[74].	ਮੇਰੀ ਦਰਾਣੀ[71] (ਆਸਾ) ਅਤੇ ਜਿਠਾਣੀ[72] (ਤ੍ਰਿਸ਼ਨਾ) ਤਕਲੀਫ[73] ਅਤੇ ਗ਼ਮ[74] ਨਾਲ ਮਰ ਗਈਆਂ ਹਨ ।
ਘਰ[75] ਕੇ ਜਿਠੇਰੇ[76] ਕੀ ਚੂਕੀ[77] ਕਾਣਿ[78] ॥	I have given up[77] the dependence[78] of my husband's[75] elder brother[76].	ਮੈਂ ਆਪਣੇ ਘਰ ਵਾਲੇ[75] ਦੇ ਵੱਡੇ ਭਾਈ[76] ਦੀ ਮੁਹਤਾਜ਼ੀ[78] ਛੱਡ ਦਿੱਤੀ[77] ਹੈ ।
ਪਿਰਿ[79] ਰਖਿਆ[80] ਕੀਨੀ ਸੁਘੜ[81] ਸੁਜਾਣਿ[82] ॥੧॥	My wise[81] and Omniscient[82] Spouse[79] has protected[80] me.	ਮੇਰੇ ਸਿਆਣੇ[81] ਅਤੇ ਸਰਬੱਗ[82] ਪਤੀ[79] ਨੇ ਮੈਨੂੰ ਬਚਾ ਲਿਆ ਹੈ[80] ।
ਸੁਨਹੁ ਲੋਕਾ[83] ਮੈ ਪ੍ਰੇਮ[84] ਰਸੁ[85] ਪਾਇਆ ॥	Hear O people[83], I have obtained the essence[85] of love[84].	ਸੁਣੋ ਹੇ ਪੁਰਸ਼ੋ[83] ! ਮੈਂ ਪ੍ਰੀਤ[84] ਦਾ ਰਸ[85] ਪਾ ਲਿਆ ਹੈ ।
[88]ਦੁਰਜਨ[87] ਮਾਰੇ ਵੈਰੀ[88] ਸੰਘਾਰੇ[89] ਸਤਿਗੁਰਿ ਮੋਕਉ[90] ਹਰਿ ਨਾਮੁ ਦਿਵਾਇਆ[91] ॥ ੧॥ਰਹਾਉ॥	I have killed the evil[86] persons[87] and destroyed[89] my enemies[88]. The True Guru has given[91] me[90] the God's Name. Pause.	ਮੈਂ ਖੋਟੇ[86] ਪੁਰਸ਼ਾਂ[87] ਨੂੰ ਮਾਰ ਸੁੱਟਿਆ ਹੈ ਅਤੇ ਆਪਣੇ ਦੁਸ਼ਮਨਾਂ[88] ਨੂੰ ਨਾਸ ਕਰ ਦਿੱਤਾ[89] ਹੈ । ਸੱਚੇ ਗੁਰਾਂ ਨੇ ਮੈਨੂੰ[90] ਵਾਹਿਗੁਰੂ ਦਾ ਨਾਮ ਬਖਸ਼ਿਆ[91] ਹੈ । ਠਹਿਰਾਉ।
ਪ੍ਰਥਮੇ[92] ਤਿਆਗੀ[93] ਹਉਮੈ[94] ਪ੍ਰੀਤਿ[95] ॥	Firstly[92], I have given up[93] the love[95] of pride[94].	ਪਹਿਲਾਂ[92] ਮੈਂ ਹੰਗਤਾ[94] ਦਾ ਪਿਆਰ[95] ਛੱਡ ਦਿੱਤਾ[93] ਹੈ ।
ਦੁਤੀਆ[96] ਤਿਆਗੀ ਲੋਗਾ[97] ਰੀਤਿ[98] ॥	Secondly[96], I have renounced the customs[98] of others.	ਦੂਜੇ[96] ਮੈਂ ਲੋਕਾਂ[97] ਦੀਆਂ ਰਸਮਾਂ[98] ਨੂੰ ਤਲਾਂਜਲੀ ਦੇ ਦਿੱਤੀ ਹੈ ।
ਤ੍ਰੈ ਗੁਣ[99] ਤਿਆਗਿ ਦੁਰਜਨ[100] ਮੀਤ[2] ਸਮਾਨੇ[3] ॥	Abandoning the three qualities[99], I deem an evil person[100] and a friend[2] the same[3] (alike).	ਤਿੰਨਾਂ ਲੱਛਣਾਂ[99] ਨੂੰ ਛੱਡ ਕੇ ਮੈਂ ਖੋਟੇ ਪੁਰਸ਼[100] ਤੇ ਮਿੱਤ੍ਰਾਂ ਨੂੰ ਇਕ ਬਰਾਬਰ[3] ਜਾਣਦਾ ਹਾਂ ।
ਤੁਰੀਆ[4] ਗੁਣੁ[5] ਮਿਲਿ ਸਾਧ[6] ਪਛਾਨੇ[7] ॥੨॥	Meeting the saintly Guru[6] I have realised[7] the excellences[5] of the fourth (highest) state[4] of mind.	ਸੰਤ ਗੁਰਾਂ[6] ਨੂੰ ਮਿਲ ਕੇ ਮੈਂ ਚੌਥੀ ਅਵਸਥਾ[4] ਦੀਆਂ ਉਤਕ੍ਰਿਸ਼ਟਤਾਈਆਂ[5] (ਖੂਬੀਆਂ) ਨੂੰ ਅਨੁਭਵ[7] ਕਰ ਲਿਆ ਹੈ ।
ਸਹਜ[8] ਗੁਫਾ[9] ਮਹਿ[10] ਆਸਣੁ[12] ਬਾਧਿਆ[13] ॥	In[10] the cave[9] of celestial poise[8], I have acquired[13] a seat[12].	ਬੈਕੁੰਠੀ ਪਰਮ ਅਨੰਦ[8] ਦੀ ਕੰਦਰਾ[9] (ਦਸਮ ਦੁਆਰ) ਵਿੱਚ[10] ਮੈਂ ਟਿਕਾਣਾ[12] ਮੱਲਿਆ[13] ਹੈ ।

ਜੋਤਿ[14] ਸਰੂਪ[15] ਅਨਾਹਦੁ[16] ਵਾਜਿਆ[17] ॥

God, the embodiment[15] of lighs[14], has played[17] for me the celestial music[16].

ਰੌਸ਼ਨੀ[14] ਦੇ ਰੂਪ[15], ਵਾਹਿਗੁਰੂ, ਨੇ ਬੈਕੁੰਠੀ ਕੀਰਤਨ[16] ਮੇਰੇ ਲਈ ਕੀਤਾ[17] ਹੈ ।

ਮਹਾ[18] ਅਨੰਦੁ[19] ਗੁਰ ਸਬਦੁ[20] ਵੀਚਾਰਿ[21] ॥

Supreme[18] joy[19] I have obtained by meditating[21] on Guru's hymns[20].

ਗੁਰਬਾਣੀ[20] ਦਾ ਚਿੰਤਨ[21] ਕਰਨ ਦੁਆਰਾ ਮੈਨੂੰ ਪਰਮ[18] ਖੁਸ਼ੀ[19] ਪਰਾਪਤ ਹੋਈ ਹੈ ।

ਪ੍ਰਿਅ[22] ਸਿਉ[23] ਰਾਤੀ[24] ਧਨ[25] ਸੋਹਾਗਣਿ[26] ਨਾਰਿ[27]॥ ੩॥

Imbued[24] with[23] my Beloved[22], I have become a blessed[25] and happy[26] wife[27].

ਆਪਣੇ ਪ੍ਰੀਤਮ[22] ਨਾਲ[23] ਰੰਗੀਜੀ[24] ਹੋਈ ਮੈਂ ਮੁਬਾਰਕ[25] ਤੇ ਪਰਸੰਨ[26] ਪਤਨੀ[27] ਹੋ ਗਈ ਹਾਂ ।

ਜਨ[28] ਨਾਨਕੁ ਬੋਲੇ[29] ਬ੍ਰਹਮ[30] ਬੀਚਾਰੁ[31] ॥

Slave[28] Nanak utters[29] the meditation[31] of the Lord[30].

ਗੋਲਾ[28] ਨਾਨਕ, ਸੁਆਮੀ[30] ਦਾ ਸਿਮਰਨ[31], ਉਚਾਰਨ ਕਰਦਾ[29] ਹੈ ।

ਜੋ ਸੁਣੇ ਕਮਾਵੈ[32] ਸੁ[33] ਉਤਰੈ ਪਾਰਿ[34] ॥

He[33], who hears and practises[32] it, is saved[34].

ਜੋ ਇਸ ਨੂੰ ਸੁਣਦਾ ਅਤੇ ਇਸ ਦੀ ਕਮਾਈ ਕਰਦਾ[32] ਹੈ, ਉਹ[33] ਤਰ ਜਾਂਦਾ[34] ਹੈ ।

ਜਨਮਿ[35] ਨ ਮਰੈ ਨ ਆਵੈ ਨ ਜਾਇ ॥

He is born[35] not, nor does he die. He comes and goes not.

ਉਹ ਜੰਮਦਾ[35] ਨਹੀਂ, ਨਾ ਹੀ ਮਰਦਾ ਹੈ। ਉਹ ਆਉਂਦਾ ਤੇ ਜਾਂਦਾ ਨਹੀਂ ।

ਹਰਿ ਸੇਤੀ[36] ਓਹੁ ਰਹੈ ਸਮਾਇ[37] ॥੪॥੨॥

With[36] God, he remains blended[37].

ਵਾਹਿਗੁਰੂ ਨਾਲ[36] ਉਹ ਅਭੇਦ[37] ਹੋਇਆ ਰਹਿੰਦਾ ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਨਿਜ ਭਗਤੀ[38] ਸੀਲਵੰਤੀ[39] ਨਾਰਿ[40] ॥ ਰੂਪਿ[41] ਅਨੂਪ[42] ਪੂਰੀ[43] ਆਚਾਰਿ[44] ॥

Such a bride[40] possesses singular devotion[38] and amiable nature[39]. She is peerless[42] beauty[41] and of perfectly[43] good character[44].

ਪਤਨੀ[40] ਅਦੁਤੀ ਸ਼ਰਧਾ-ਪ੍ਰੇਮ[38], ਸੀਤਲ ਸੁਭਾ[39], ਲਾਸਾਨੀ[42] ਸੁੰਦਰਤਾ[41] ਅਤੇ ਪੂਰਨ[43] ਚੰਗੇ ਚਾਲ ਚਲਨ ਵਾਲੀ[44] ਹੈ ।

ਜਿਤੁ ਗ੍ਰਿਹਿ[45] ਵਸੈ[46] ਸੋ[47] ਗ੍ਰਿਹੁ ਸੋਭਾਵੰਤਾ[48] ॥

The house[45], she dwells[46] in, is praiseworthy[48].

ਜਿਸ ਘਰ[45] ਵਿਚ ਉਹ ਰਹਿੰਦੀ[46] ਹੈ, ਉਹ[47] ਘਰ ਉਪਮਾ ਯੋਗ[48] ਹੈ ।

੩੭੧

ਗੁਰਮੁਖਿ[48]* ਪਾਈ[49] ਕਿਨੈ ਵਿਰਲੈ[50] ਜੰਤਾ[51] ॥੧॥

Through the Guru[48]*, a rare[50] one[51] finds[49] such a bride.

ਗੁਰਾਂ ਦੇ ਰਾਹੀਂ[48]* ਕਿਸੇ ਵਿਰਲੇ[50] ਪੁਰਸ਼[51] ਨੂੰ ਹੀ ਐਸੀ ਪਤਨੀ ਪ੍ਰਾਪਤ ਹੁੰਦੀ[49] ਹੈ ।

ਸੁਕਰਣੀ[52] ਕਾਮਣਿ[53] ਗੁਰ ਮਿਲਿ[54] ਹਮ[55] ਪਾਈ ॥

By meeting[54] the Guru, I[55] have obtained the bride[53] of pure deeds[52].

ਗੁਰਾਂ ਨੂੰ ਭੇਟ ਕੇ[54] ਮੈਂ[55] ਪਵਿੱਤ੍ਰ ਅਮਲਾਂ[52] ਵਾਲੀ ਪਤਨੀ[53] ਹਾਸਲ ਕੀਤੀ ਹੈ ।

ਜਜਿ[56] ਕਾਜਿ[57] ਪਰਥਾਇ[58] ਸੁਹਾਈ[59] ॥੧॥ਰਹਾਉ॥

In worship[56], marriage[57] and the next world[58], she looks beauteous[59]. Pause.

ਪੂਜਾ[56], ਵਿਵਾਹ[57] ਅਤੇ ਪ੍ਰਲੋਕ[58] ਅੰਦਰ ਉਹ ਸੁਹਣੀ[59] ਲਗਦੀ ਹੈ । ਠਹਿਰਾਉ ।

ਜਿਚਰੁ[60] ਵਸੀ ਪਿਤਾ[61] ਕੈ ਸਾਥਿ ॥ ਤਿਚਰੁ[62] ਕੰਤੁ[63] ਬਹੁ ਫਿਰੈ ਉਦਾਸਿ[64] ॥

As long as[60] she dwelt with her Father[61] (Satguru), so long[62] did her spouse[63] wander about very sad[64].

ਜਦ ਤੋੜੀ[60] ਉਹ ਆਪਣੇ ਬਾਬਲ[61] ਦੇ ਨਾਲ ਰਹਿੰਦੀ ਸੀ, ਤਦ ਤੋੜੀ[62] ਉਸ ਦਾ ਪਤੀ[63] ਬਹੁਤ ਹੀ ਨਿੰਮੋਝੂਣਾ[64] ਹੋ ਫਿਰਦਾ ਸੀ ।

ਕਰਿ ਸੇਵਾ[65] ਸਤਪੁਰਖੁ[66] ਮਨਾਇਆ[67]॥ ਗੁਰਿ ਆਣੀ[68]

When I served[65] and conciliated[67] the True person[66], then the Guru

ਜਦ ਮੈਂ ਸੱਚੇ ਪੁਰਸ਼[66] ਦੀ ਟਹਿਲ ਕਮਾ[65] ਕੇ ਉਸ ਨੂੰ ਆਪਣੇ ਉਤੇ ਪਰਸੰਨ ਕਰ ਲਿਆ[67], ਗੁਰਾਂ ਨੇ ਪਤਨੀ

ਘਰ ਮਹਿ[70] ਤਾ[71] ਸਰਬ[72] ਸੁਖ[73] ਪਾਇਆ ॥੨॥	brought[68] the bride into[70] my house[69] and then[71], I obtained all[72] happiness[73].	ਮੇਰੇ ਹਿਰਦੇ-ਘਰ[69] ਵਿੱਚ[70] ਲੈ ਆਂਦੀ ਅਤੇ ਤਦੋਂ[71] ਮੈਨੂੰ ਸਾਰੀ[72] ਖੁਸ਼ੀ[73] ਪਰਾਪਤ ਹੋ ਗਈ।
ਬਤੀਹ ਸੁਲਖਣੀ[74] ਸਚੁ[75] ਸੰਤਤਿ[76] ਪੂਤ[77] ॥	She (the true disciple) is blessed with thirty-two qualities[74] and truthful[75] and unblemished[77] is her progeny[76].	ਉਸ ਨੂੰ ਬੱਤੀ ਖੂਬੀਆਂ[74] ਦੀ ਦਾਤ ਮਿਲੀ ਹੋਈ ਹੈ ਅਤੇ ਸਤਿਵਾਦੀ[75] ਤੇ ਦੂਸ਼ਨ ਰਹਿਤ[77] ਹੈ ਉਸ ਦੀ ਆਲ ਔਲਾਦ[76]।
ਆਗਿਆਕਾਰੀ[78] ਸੁਘੜ[79] ਸਰੂਪ[80] ॥	She is obedient[78], sagacious[79] and beauteous[80].	ਉਹ ਫ਼ਰਮਾਂ-ਬਰਦਾਰ[78], ਸਿਆਣੀ[79] ਅਤੇ ਸੁੰਦਰ[80] ਹੈ।
ਇਛ[81] ਪੂਰੇ[82] ਮਨ[83] ਕੰਤ[84] ਸੁਆਮੀ[85] ॥	She fulfills[82] the wishes[81] of the heart[83] of her Groom[84], the Lord[85].	ਉਹ ਆਪਣੇ ਪਤੀ[84] (ਸਾਂਈ[85]) ਦੇ ਦਿਲ[83] ਦੀਆਂ ਚਾਹਣਾਂ[81] ਪੂਰੀਆਂ[82] ਕਰਦੀ ਹੈ।
ਸਗਲ[86] ਸੰਤੋਖੀ[87] ਦੇਰ[88] ਜੇਠਾਨੀ[89] ॥੩॥	She has soothed[87], in every way[86], her husband's younger brother's wife[88] and her husband's elder brother's wife[89].	ਉਸਨੇ ਹਰ ਤਰ੍ਹਾਂ[86] ਆਪਣੀ ਦਰਾਣੀ[88] ਅਤੇ ਜਿਠਾਣੀ[89] ਨੂੰ ਪਰਸੰਨ[87] ਕਰ ਲਿਆ ਹੈ।
ਸਭ ਪਰਵਾਰੈ[90] ਮਾਹਿ[91] ਸਰੇਸਟ[92] ॥	In[91] all the family[90] she is the noblest[92].	ਸਾਰੇ ਟੱਬਰ-ਕਬੀਲੇ[90] ਵਿਚ[91] ਉਹ ਸਭ ਤੋਂ ਉੱਤਮ[92] ਹੈ।
ਮਤੀ ਦੇਵੀ[93]ਦੇਵਰ ਜੇਸਟ ॥	She is the counseller[93] of her husband's younger brother and elder brother.	ਉਹ ਆਪਣੇ ਦਿਉਰ ਅਤੇ ਜੇਠ ਨੂੰ ਸਲਾਹ ਦੇਣ ਵਾਲੀ[93] ਹੈ।
ਧਨੁ[94] ਸੁ[95] ਗ੍ਰਿਹੁ[96] ਜਿਤੁ ਪ੍ਰਗਟੀ[97] ਆਇ ॥	Blessed[94] is the[95] house[96], where-in she has really[97] entered.	ਮੁਬਾਰਕ[94] ਹੈ ਉਹ[95] ਘਰ[96] ਜਿਸ ਅੰਦਰ ਉਹ ਆ ਪਰਗਟ[97] ਹੋਈ ਹੈ।
ਜਨ[98] ਨਾਨਕ ਸੁਖੇ[99] ਸੁਖਿ ਵਿਹਾਇ[100] ॥੪॥੩॥	O slave[98] Nanak, she passess[100] her time in perfect peace[99].	ਹੇ ਗੋਲੇ[98] ਨਾਨਕ! ਉਹ ਆਪਣਾ ਸਮਾਂ ਪਰਮ ਸੁੱਖ[99] ਅੰਦਰ ਗੁਜ਼ਾਰਦੀ[100] ਹੈ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਮਤਾ[2] ਕਰਉ[3] ਸੋ ਪਕਨਿ[5] ਨ ਦੇਈ ॥	The resolve[2], which I make[3], that[4] the mammon allows not to mature[5].	ਸੰਕਲਪ[2] ਜਿਹੜਾ ਮੈਂ ਧਾਰਦਾ[3] ਹਾਂ, ਉਸ[4] ਨੂੰ ਮਾਇਆ ਨੇਪਰੇ[5] ਨਹੀਂ ਚੜ੍ਹਨ ਦਿੰਦੀ।
ਸੀਲ[6] ਸੰਜਮ[7] ਕੈ ਨਿਕਟਿ[8] ਖਲੋਈ[9] ॥	To ward them off, she stands[9] near[8] goodness[6] and self-mortification[7] (self-control).	ਭਲਮਨਸਊ[6] ਅਤੇ ਸਵੈ-ਰਿਆਜ਼ਤ[7] ਨੂੰ ਪਰੇ ਹਟਾਉਣ ਲਈ ਉਹ ਉਨ੍ਹਾਂ ਦੇ ਲਾਗੇ[8] ਖਲੋਂਦੀ[9] ਹੈ।
ਵੇਸ[10] ਕਰੇ ਬਹੁ ਰੂਪ[12] ਦਿਖਾਵੈ ਗ੍ਰਿਹਿ[13] ਬਸਨਿ[14] ਨ ਦੇਈ ਵਖਿ ਵਖਿ[15] ਭਰਮਾਵੈ[16] ॥੧॥	She wears many guises[10] and assumes many forms[12] and she allows me not to abide[14] in home[13] and makes me wander[16] in different and diverse[15] places.	ਉਹ ਬਹੁਤੇ ਭੇਖ ਧਾਰਦੀ[10] ਹੈ ਅਤੇ ਅਨੇਕਾਂ ਸ਼ਕਲਾਂ[12] ਬਣਾਉਂਦੀ ਹੈ। ਉਹ ਮੈਨੂੰ ਘਰ[13] ਵਿਚ ਵੱਸਣ[14] ਨਹੀਂ ਦਿੰਦੀ ਅਤੇ ਮੈਨੂੰ ਮੁਖਤਲਿਫ਼ ਅਤੇ ਅੱਡਰੀਆਂ[15] ਥਾਵਾਂ ਭੁਵਾਉਂਦੀ[16] ਹੈ।
ਘਰ ਕੀ ਨਾਇਕਿ[17] ਘਰ	She has become the mistress[17] of	ਉਹ ਹਿਰਦੇ-ਘਰ ਦੀ ਮਾਲਕਣੀ[17]ਬਣ ਬੈਠੀ ਹੈ ਅਤੇ ਮੈਨੂੰ

ਵਾਸੁ[18] ਨ ਦੇਵੈ ॥	the house and lets me not to have a dwelling[18] in it.	ਇਸ ਅੰਦਰ ਵਸੇਬਾ[18] ਨਹੀਂ ਕਰਨ ਦਿੰਦੀ।
ਜਤਨ[19] ਕਰਉ ਉਰਝਾਇ ਪਰੇਵੈ[20] ॥੧॥ਰਹਾਉ॥	If I make an effort[19] to abide, she grapples[20] with me. Pause.	ਜੇਕਰ ਮੈਂ ਰਹਿਣ ਦਾ ਉਪਰਾਲਾ[19] ਕਰਦਾ ਹਾਂ,ਉਹ ਮੇਰੇ ਨਾਲ ਉਲਝ[20] ਪੈਂਦੀ ਹੈ। ਠਹਿਰਾਉ।
ਧੁਰ[21] ਕੀ ਭੇਜੀ[22] ਆਈ ਆਮਰਿ[23] ॥	In the beginning[21] she was sent[22] by God as helper[23].	ਅਰੰਭ[21] ਵਿਚ ਉਹ ਵਾਹਿਗੁਰੂ ਨੇ ਇਕ ਕਾਰਿੰਦੇ[23] ਵਜੋਂ ਘੱਲੀ[22] ਸੀ।
ਨਉਖੰਡ[24] ਜੀਤੇ[25] ਸਭਿ ਥਾਨ[26] ਥਨੰਤਰ[27] ॥	But she has conquered[25] the nine continents[24], all the places[26] and inter spaces[27].	ਪਰ ਉਸ ਨੇ ਨੌਂ ਖਿੱਤਿਆਂ[24], ਸਾਰੀਆਂ ਥਾਵਾਂ[26] ਤੇ ਵਿਚਕਾਰਲੀਆਂ ਵਿੱਥਾਂ[27] ਨੂੰ ਸਰ ਕਰ ਲਿਆ[25]।
ਤਟਿ[28] ਤੀਰਥਿ[29] ਨ ਛੋਡੈ[31] ਜੋਗ ਸੰਨਿਆਸ[30] ॥	She has spared[31] not, even the banks[28] of streams, the sacred shrines[29], Yogis and ascetics[30].	ਉਹ ਨਦੀਆਂ ਦਿਆਂ ਕਿਨਾਰਿਆਂ[28], ਪਵਿੱਤ੍ਰ ਧਰਮ ਅਸਥਾਨਾਂ[29], ਯੋਗੀਆਂ ਅਤੇ ਬਿਰੱਤਕਾਂ[30] ਨੂੰ ਭੀ ਨਹੀਂ ਛੱਡਦੀ[31]।
ਪੜਿ[32] ਥਾਕੇ[33] ਸਿੰਮ੍ਰਿਤਿ ਬੇਦ ਅਭਿਆਸ[34] ॥੨॥	They, who grow weary[33] of reading[32] Simirtis and studying[34] Veds, are under its sway.	ਜੋ ਸਿਮਰਤੀਆਂ ਨੂੰ ਵਾਚ ਕੇ[32] ਅਤੇ ਵੇਦਾਂ ਨੂੰ ਘੋਖ ਘੋਖ ਕੇ[34] ਥੱਕ ਜਾਂਦੇ ਹਨ[33], ਉਹ ਭੀ ਇਸ ਦੀ ਹਕੂਮਤ ਦੇ ਤਾਬੇ ਹਨ।
ਜਹ[35] ਬੈਸਉ[36] ਤਹ[37] ਨਾਲੇ ਬੈਸੈ ॥	Wherever[35] I sit[36], there[37] she sits with me.	ਜਿੱਥੇ[35] ਮੈਂ ਬੈਠਦਾ[36] ਹਾਂ, ਉਥੇ[37] ਇਹ ਮੇਰੇ ਨਾਲ ਬੈਠਦੀ ਹੈ।
ਸਗਲ[38] ਭਵਨ[39] ਮਹਿ[40] ਸਬਲ[41] ਪ੍ਰਵੇਸੈ[42] ॥	In[40] the whole[38] of the world[39] she has forcibly[41] entered[42].	ਸਾਰੇ[38] ਸੰਸਾਰ[39] ਅੰਦਰ[40] ਉਹ ਧਿੰਗੋ-ਜ਼ੋਰੀ[41] ਦਾਖ਼ਲ[42] ਹੋਈ ਹੋਈ ਹੈ।
ਹੋਛੀ[43] ਸਰਣਿ[44] ਪਇਆ[45] ਰਹਣੁ[46] ਨ ਪਾਈ ॥	By seeking[45] paltry[43] protection[44], I cannot save[46] myself from her.	ਤੁੱਛ[43] ਪਨਾਹ[44] ਲੈਣ ਦੁਆਰਾ[45], ਮੈਂ ਆਪਣੇ ਆਪ ਨੂੰ ਉਸ ਪਾਸੋਂ ਬਚਾ[46] ਨਹੀਂ ਸਕਦਾ।
ਕਹੁ[47] ਮੀਤਾ[48] ਹਉ[50] ਕੈ ਪਹਿ[49] ਜਾਈ[51] ॥੩॥	Say[47], my friend[48], to whom[49] should I[50] go[51] to seek asylum ?	ਦੱਸ[47] ਮੇਰੇ ਮਿੱਤ੍ਰਾ[48]! ਸ਼ਰਣ ਲੈਣ ਲਈ ਮੈਂ[50] ਕੀਹਦੇ[49] ਕੋਲ ਜਾਵਾਂ[51] ?
ਸੁਣਿ ਉਪਦੇਸੁ[52] ਸਤਿਗੁਰ ਪਹਿ[53] ਆਇਆ ॥	Having heard of his teaching[52] I have come[53] to the True Guru.	ਉਨ੍ਹਾਂ ਦੀ ਸਿਖਮਤ[52] ਮੁਤਅੱਲਕ ਸ੍ਰਵਣ ਕਰਕੇ (ਬਾਰੇ ਸੁਣ ਕੇ) ਮੈਂ ਸੱਚੇ ਗੁਰਾਂ ਦੇ ਪਾਸ[53] ਆਇਆ ਹਾਂ।
ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ[54] ਦ੍ਰਿੜਾਇਆ[55]॥	The Guru has implanted[55] God's Name within me as his instruction[54].	ਗੁਰਾਂ ਨੇ ਵਾਹਿਗੁਰੂ ਸੁਆਮੀ ਦਾ ਨਾਮ ਮੇਰੇ ਅੰਦਰ ਆਪਣੇ ਉਪਦੇਸ਼[54] ਵਜੋਂ ਪੱਕਾ[55] ਕੀਤਾ ਹੈ।
ਨਿਜਘਰਿ[56] ਵਸਿਆ ਗੁਣ[57] ਗਾਇ ਅਨੰਤਾ[58] ॥	I, now, abide in my own home[56], and sing the praises[57] of the Infinite[58] Lord.	ਮੈਂ ਹੁਣ ਆਪਣੇ ਨਿੱਜ ਦੇ ਗ੍ਰਹਿ[56] ਅੰਦਰ ਰਹਿੰਦਾ ਹਾਂ ਅਤੇ ਬੇਅੰਤ ਸੁਆਮੀ[58] ਦਾ ਜੱਸ[57] ਗਾਉਂਦਾ ਹਾਂ।
ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ[59] ॥੪॥	I have met my Lord, O Nanak and has become care-free[59].	ਮੈਂ ਆਪਣੇ ਸੁਆਮੀ ਨੂੰ ਮਿਲ ਪਿਆ ਹਾਂ, ਹੇ ਨਾਨਕ ਅਤੇ ਬੇਫ਼ਿਕਰ[59] ਹੋ ਗਿਆ ਹਾਂ।
ਘਰੁ ਮੇਰਾ ਇਹ ਨਾਇਕਿ[60] ਹਮਾਰੀ[61] ॥	The house is now my own and she is my[61] mistress[60].	ਗ੍ਰਹਿ ਹੁਣ ਮੈਂਡਾ ਆਪਣਾ ਹੈ ਅਤੇ ਇਹ ਮੇਰੇ[61] ਘਰ ਵਾਲੀ ਹੈ[60]।

ਇਹ ਆਮਰਿ[62] ਹਮ ਗੁਰਿ ਕੀਏ ਦਰਬਾਰੀ[63] ॥੧॥ ਰਹਾਉ ਦੂਜਾ ॥੪॥੪॥	She is my hand-maid[62] and the Guru has made me a courtier[63] of the Lord. Pause 2nd.	ਇਹ ਮੇਰੀ ਨੌਕਰਾਣੀ[62] ਹੈ ਅਤੇ ਗੁਰਾਂ ਨੇ ਮੈਨੂੰ ਮਾਲਕ ਦਾ ਮੁਸਾਹਿਬ[63] ਬਣਾ ਦਿੱਤਾ ਹੈ। ਠਹਿਰਾਉ ਦੂਜਾ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਪ੍ਰਥਮੇ[64] ਮਤਾ[65] ਜਿ ਪਤ੍ਰੀ[66] ਚਲਾਵਉ[67] ॥ ਦੁਤੀਏ[68] ਮਤਾ ਦੁਇ ਮਾਨੁਖ[69] ਪਹੁਚਾਵਉ[70] ॥	At first[64] I was counselled[65] to send[67] a letter[66]. Secondly[68], I was advised to send[70] two men[69] to mediate.	ਪਹਿਲਾਂ[64] ਮੈਨੂੰ ਚਿੱਠੀ[66] ਭੇਜਣ[67] ਦੀ ਸਲਾਹ ਦਿੱਤੀ[65] ਗਈ। ਦੋਇਮ[68] ਮੈਨੂੰ ਮਸ਼ਵਰਾ ਦਿੱਤਾ ਗਿਆ ਕਿ ਰਾਜ਼ੀਨਾਮਾ ਕਰਨ ਲਈ ਦੋ ਆਦਮੀ[69] ਭੇਜੇ ਜਾਣ[70]।
ਤ੍ਰਿਤੀਏ[71] ਮਤਾ ਕਿਛੁ ਕਰਉ ਉਪਾਇਆ[72] ॥	The third[71] suggestion was that some effort[72] should be made.	ਤੀਸਰੀ[71] ਸਲਾਹ ਸੀ ਕਿ ਕੁੱਝ ਉਪਰਾਲਾ[72] ਕੀਤਾ ਜਾਵੇ।
ਮੈ ਸਭੁ ਕਿਛੁ[73] ਛੋਡਿ[74] ਪ੍ਰਭੁ ਤੁਹੀ ਧਿਆਇਆ[75] ॥੧॥	Forsaking[74] one and all[73], I have meditated[75] on Thee alone, O Lord.	ਪ੍ਰੰਤੂ,ਸਾਰਾ ਕੁਝ[73] ਤਿਆਗ ਕੇ[74],ਮੈਂ ਤੇਰਾ ਹੀ ਆਰਾਧਨ ਕੀਤਾ[75] ਹੈ, ਹੇ ਸੁਆਮੀ!
ਮਹਾ[76] ਅਨੰਦ[77] ਅਚਿੰਤ[78] ਸਹਜਾਇਆ[79] ॥	Naturally[79] I am, now, exceedingly[76] happy[77] and care-free[78].	ਕੁਦਰਤੀ ਤੌਰ ਤੇ[79] ਮੈਂ ਹੁਣ ਪਰਮ[76] ਪਰਸੰਨ[77] ਅਤੇ ਬੇਫ਼ਿਕਰ[78] ਹਾਂ।
ਦੁਸਮਨ[80] ਦੂਤ[81] ਮੁਏ ਸੁਖੁ ਪਾਇਆ ॥੧॥ਰਹਾਉ॥	The enemies[80] and miscreants[81] have perished and I have obtained peace. Pause.	ਵੈਰੀ[80] ਤੇ ਦੁਸ਼ਟ[81] ਮਰ ਗਏ ਹਨ ਅਤੇ ਮੈਨੂੰ ਸੁੱਖ ਪ੍ਰਾਪਤ ਹੋ ਗਿਆ ਹੈ। ਠਹਿਰਾਉ।
ਸਤਿਗੁਰਿ ਮੋਕਉ[82] ਦੀਆ ਉਪਦੇਸੁ[83] ॥	The True Guru has imparted instruction[83] unto me[82].	ਸੱਚੇ ਗੁਰਾਂ ਨੇ ਮੈਨੂੰ[82] ਸਿਖਮੱਤ[83] ਦਿੱਤੀ ਹੈ।
ਜੀਉ[84] ਪਿੰਡੁ[85] ਸਭੁ ਹਰਿ ਕਾ ਦੇਸੁ[86] ॥	My soul[84], body[85] and the whole world[86] belongs to God.	ਮੇਰੀ ਆਤਮਾ[84] ਦੇਹਿ[85] ਤੇ ਸਾਰਾ ਸੰਸਾਰ[86] ਹਰੀ ਦੀ ਮਲਕੀਅਤ ਹੈ।
ਜੋ ਕਿਛੁ ਕਰੀ ਸੁ[87] ਤੇਰਾ ਤਾਣੁ[88] ॥	Whatever I do, that[87] is due to Thy might[88].	ਜਿਹੜਾ ਕੁਝ ਮੈਂ ਕਰਦਾ ਹਾਂ, ਉਹ[87] ਤੇਰੇ ਹੀ ਬਲ[88] ਦੇ ਜ਼ਰੀਏ ਹੈ।
ਤੂੰ ਮੇਰੀ ਓਟ[89] ਤੂੰ ਹੈ ਦੀਬਾਣੁ[90] ॥੨॥	Thou art my refuge[89] and Thou art my court[90].	ਤੂੰ ਮੈਂਡੀ ਟੇਕ[89] ਹੈ ਅਤੇ ਤੂੰ ਹੀ ਮੇਰੀ ਕਚਹਿਰੀ[90]।
ਤੁਧ ਨੋ ਛੋਡਿ ਜਾਈਐ ਪ੍ਰਭੁ[91] ਕੈਂ ਧਰਿ[92] ॥	Forsaking Thee, O Lord, whom[91] else should I go to[92]?	ਤੈਨੂੰ ਤਿਆਗ ਕੇ, ਹੈ ਸੁਆਮੀ! ਮੈਂ ਹੋਰ ਕੀਹਦੇ[91] ਕੋਲ ਜਾਵਾਂ[92]?
ਆਨ[93] ਨ ਬੀਆ[94] ਤੇਰੀ ਸਮਸਰਿ[95] ॥	There is no other[93] second[94] at par[95] with Thee.	ਹੋਰ ਕੋਈ[93] ਦੂਸਰਾ[94] ਤੇਰੇ ਬਰਾਬਰ[95] ਦਾ ਨਹੀਂ।
ਤੇਰੇ ਸੇਵਕ[96] ਕਉ ਕਿਸ ਕੀ ਕਾਣਿ[97] ॥	Under whose subservience[97] should thy slave[96] be?	ਤੇਰਾ ਗੋਲਾ[96] ਕੀਹਦੀ ਮੁਹਤਾਜੀ[97] ਕਰੇ?
ਸਾਕਤੁ[98] ਭੂਲਾ[99] ਫਿਰੈ[100] ਬੇਬਾਣਿ[2] ॥੩॥	The misled[99] mammon-worshipper[98] wanders[100] about in wilderness[2].	ਗੁਮਰਾਹ ਹੋਇਆ ਹੋਇਆ[99] ਮਾਇਆ ਦਾ ਪੁਜਾਰੀ[98] ਬੀਆਬਾਨ[2] ਅੰਦਰ ਭਟਕਦਾ[100] ਹੈ।
ਤੇਰੀ ਵਡਿਆਈ[3] ਕਹੀ[4] ਨ ਜਾਇ ॥	Thy greatness[3] cannot be narrated[4].	ਤੇਰੀ ਵਿਸ਼ਾਲਤਾ[3] ਵਰਣਨ[4] ਕੀਤੀ ਨਹੀਂ ਜਾ ਸਕਦੀ।

ਜਹ ਕਹ[5] ਰਾਖਿ[6] ਲੈਹਿ ਗਲਿ[7] ਲਾਇ[8] ॥	Hugging[8] me to Thine bosom[7], Thou savest[6] me wherever[5] I be	ਆਪਣੀ ਛਾਤੀ[7] ਨਾਲ ਲਾ ਕੇ[8], ਤੂੰ ਮੇਰੀ ਹਰ ਥਾਂ[5] ਰੱਖਿਆ ਕਰਦਾ ਹੈਂ[6] ।
ਨਾਨਕ ਦਾਸ[9] ਤੇਰੀ ਸਰਣਾਈ[10] ॥	I, the slave[9], O Nanak, has entered Thine asylum[10].	ਇਸ ਗੋਲੇ[9] ਨੇ ਹੇ ਨਾਨਕ, ਤੇਰੀ ਪਨਾਹ[10] ਲਈ ਹੈ ।
ਪ੍ਰਭਿ ਰਾਖੀ ਪੈਜ[12] ਵਜੀ ਵਾਧਾਈ[13] ॥੪॥੫॥	The Lord has preserved his honour[12] and congratulations[13] pour in.	ਠਾਕੁਰ ਨੇ ਮੇਰੀ ਪੱਤ ਆਬਰੂ[12] ਰੱਖ ਲਈ ਹੈ ਅਤੇ ਮੈਨੂੰ ਵਧਾਈਆਂ[13] ਮਿਲ ਰਹੀਆਂ ਹਨ ।

੩੭੨

ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਪਰਦੇਸੁ[14] ਭਾਗਿ[15] ਸਉਦੇ[16] ਕਉ ਆਇਆ ॥	Having wandered[15] in foreign lands[14], I have come here for transactions[16].	ਪਰਾਏ ਵਤਨਾਂ[14] ਅੰਦਰ ਭਟਕ[15] ਕੇ, ਮੈਂ ਏਥੇ ਸੌਦੇ ਸੂਤ[16] ਲਈ ਆਇਆ ਹਾਂ ।
ਵਸਤੁ[17] ਅਨੂਪ[18] ਸੁਣੀ ਲਾਭਾਇਆ[19] ॥	I have heard, that thou, O Guru, hast an incomparable[18] and profitable[19] commodity[17].	ਮੈਂ ਸੁਣਿਆ ਹੈ ਕਿ ਤੁਹਾਡੇ ਕੋਲ, ਹੇ ਗੁਰੂ ਜੀ ! ਇੱਕ ਲਾਸਾਨੀ[18] ਤੇ ਲਾਭਦਾਇਕ[19] ਵੱਖਰ[17] ਹੈ ।
ਗੁਣ[20] ਰਾਸਿ[24] ਬੰਨ੍ਹਿ[21] ਪਲੈ[22] ਆਨੀ[23] ॥	Having tied[21] the capital[24] of virtues[20] in my skirt[22], I have brought[23] it with me.	ਨੇਕੀਆਂ[20] ਦੀ ਪੂੰਜੀ[24] ਆਪਣੇ ਲੜ[22] ਬੰਨ੍ਹ ਕੇ[21] ਮੈਂ ਆਪਣੇ ਨਾਲ ਲਿਆਇਆ[23] ਹਾਂ ।
ਦੇਖਿ ਰਤਨੁ[25] ਇਹੁ ਮਨੁ ਲਪਟਾਨੀ[26] ॥੧॥	Seeing the jewel[25] of Thy Name this mind of mine is fascinated[26].	ਨਾਮ ਦੇ ਹੀਰੇ[25] ਨੂੰ ਵੇਖ ਕੇ ਮੇਰਾ ਇਹ ਚਿੱਤ ਫ਼ਰੇਫ਼ਤਾ[26] ਹੋ ਗਿਆ ਹੈ ।
ਸਾਹ[27] ਵਾਪਾਰੀ[28] ਦੁਆਰੈ[29] ਆਏ ॥	O Banker[27], the dealer[28] has come to thy door[29].	ਹੇ ਸ਼ਾਹੂਕਾਰ[27] ! ਵਣਜਾਰਾ[28] ਤੇਰੇ ਬੂਹੇ[29] ਤੇ ਆਇਆ ਹੈ ।
ਵਖਰੁ[30] ਕਾਢਹੁ[31] ਸਉਦਾ ਕਰਾਏ ॥੧॥ਰਹਾਉ॥	Show[31] the goods[30], that transaction may be effected. Pause.	ਮਾਲ[30] ਵਿਖਾਲੋ[31], ਤਾਂ ਜੋ ਸੌਦਾ ਕਰਾਇਆ ਜਾਵੇ । ਠਹਿਰਾਉ ।
ਸਾਹਿ[32] ਪਠਾਇਆ[33]ਸਾਹੈ[34] ਪਾਸਿ[35] ॥	The sovereign[32] Lord has sent[33] me to[35] the banker[34] Guru.	ਪਾਤਸ਼ਾਹ[32] ਪਰਮੇਸ਼ਰ ਨੇ ਮੈਨੂੰ ਗੁਰੂ-ਸ਼ਾਹੂਕਾਰ[34] ਕੋਲ[35] ਘੱਲਿਆ[33] ਹੈ ।
ਅਮੋਲ[36] ਰਤਨ[37] ਅਮੋਲਾ ਰਾਸਿ[38] ॥	Invaluable[36] is the Name jewel[37] and invaluable the capital[38] of merits.	ਅਮੋਲਕ[36] ਹੈ ਨਾਮ ਦਾ ਜਵੇਹਰ[37] ਅਤੇ ਅਮੋਲਕ ਹੈ ਗੁਣਾਂ ਦੀ ਰਾਸ ਪੂੰਜੀ[38] ।
ਵਿਸਟੂ[39] [40]ਸੁਭਾਈ[41] ਪਾਇਆ ਮੀਤ[42]॥ਸਉਦਾ[43] ਮਿਲਿਆ ਨਿਹਚਲ[44]ਚੀਤ[45] ॥੨॥	Through the Guru, my gentle[40] brother[41], friend[42] and intercessor[39], I have received the goods[43] and my mind[45] is rendered stable[44].	ਆਪਣੇ ਸੁਸ਼ੀਲ[40] ਵੀਰ[41],ਮਿੱਤਰ[42] ਅਤੇ ਵਿਚੋਲੇ[39] ਗੁਰਾਂ ਦੇ ਰਾਹੀਂ ਮੈਨੂੰ ਵੱਖਰ[43] ਮਿਲ ਗਿਆ ਹੈ ਅਤੇ ਮੇਰਾ ਮਨ[45] ਅਸਥਿਰ[44] ਹੋ ਗਿਆ ਹੈ ।
ਭਉ[46] ਨਹੀ ਤਸਕਰ[47] ਪਉਣ[48] ਨ ਪਾਨੀ ॥	I have no fear[46] of thieves[47] of wind[48] or of water.	ਮੈਨੂੰ ਕੋਈ ਡਰ[46] ਚੋਰਾਂ[47] ਦਾ, ਹਵਾ[48] ਦਾ ਜਾਂ ਪਾਣੀ ਦਾ ਨਹੀਂ ।
ਸਹਜਿ[49] ਵਿਹਾਝੀ[50] ਸਹਜਿ ਲੈ ਜਾਨੀ[51] ॥	Quietly[49] have I purchased[50] and quietly do I take away[51] the merchandise of Name.	ਸਹਿਜੇ ਹੀ[49] ਮੈਂ ਨਾਮ ਦਾ ਸੌਦਾ ਖ਼ਰੀਦ[50] ਕੀਤਾ ਹੈ ਅਤੇ ਚੁਪ ਚੁਪੀਤੇ ਹੀ ਮੈਂ ਇਹ ਸੌਦਾ ਸੂਤ ਲਈ ਜਾਂਦਾ[51] ਹਾਂ ।

ਸਤ[52] ਕੈ ਖਟਿਐ[53] ਦੂਖੁ[54] ਨਹੀ ਪਾਇਆ[55] ॥
ਸਹੀ ਸਲਾਮਤਿ[56] ਘਰਿ ਲੈ ਆਇਆ ॥੩॥
ਮਿਲਿਆ[57] ਲਾਹਾ[58] ਭਏ ਅਨੰਦ[59] ॥
ਧੰਨੁ[60] ਸਾਹ[61] ਪੂਰੇ[62] ਬਖਸਿੰਦ[63] ॥
ਇਹੁ ਸਉਦਾ[64] ਗੁਰਮੁਖਿ[65] ਕਿਨੈ ਵਿਰਲੈ[66] ਪਾਇਆ ॥
ਸਹਲੀ[67] ਖੇਪ[68] ਨਾਨਕੁ ਲੈ ਆਇਆ ॥੪॥੬॥

The True Name[52], I have earned[53], and so shall have[55] no pain[54].
I have brought home this merchandise safe and sound[56].
I have made[57] the profit[58] (of Name) and am happy[59].
Blessed[60] is the Guru banker[61], the perfect[62] bestower[63].
Rare[66] is the person, who through the Guru[65], receives this commodity[64].
Profitable[67] merchandise[68], Nanak has brought home.

ਸੱਚਾ ਨਾਮ[52] ਮੈਂ ਕਮਾਇਆ[53] ਹੈ ਅਤੇ ਇਸ ਲਈ ਦੁੱਖ[54] ਨਹੀਂ ਪਾਵਾਂਗਾ[55] ।
ਐਨ ਠੀਕ ਤੇ ਦਰੁਸਤ[56] ਤੌਰ ਤੇ ਮੈਂ ਆਪਣਾ ਸੌਦਾ ਸੂਤ ਘਰ ਲੈ ਆਂਦਾ ਹੈ ।
ਮੈਂ ਨਾਮ-ਨਫ਼ਾ[58] ਖੱਟਿਆ[57] ਹੈ ਅਤੇ ਖ਼ੁਸ਼[59] ਹਾਂ ।
ਮੁਬਾਰਕ[60] ਹੈ ਪੂਰਨ[62] ਦਾਨੀ,[63] ਗੁਰੂ ਸ਼ਾਹੂਕਾਰ[61] ।
ਕੋਈ ਟਾਂਵਾਂ ਟੱਲਾ ਹੀ[66], ਗੁਰਾਂ ਦੇ ਰਾਹੀਂ[65], ਇਸ ਵੱਖਰ[64] ਨੂੰ ਹਾਸਲ ਕਰਦਾ ਹੈ ।
ਨਫ਼ੇਵੰਦਾ[67] ਸੌਦਾ ਸੂਤ[68] ਨਾਨਕ ਘਰ ਲੈ ਆਇਆ ਹੈ ।

ਆਸਾ ਮਹਲਾ ੫ ॥
ਗੁਨੁ[69] ਅਵਗਨੁ[70] ਮੇਰੋ ਕਛੁ ਨ ਬੀਚਾਰੋ[71] ॥
ਨਹ ਦੇਖਿਓ ਰੂਪੁ[72] ਰੰਗ ਸੰਗੀਗਾਰੋ[73] ॥
ਚਜ[74] ਅਚਾਰ[75] ਕਿਛੁ ਬਿਧਿ[76] ਨਹੀ ਜਾਨੀ ॥
ਬਾਹ[81] ਪਕਰਿ[77] ਪ੍ਰਿਅ[78] ਸੇਜੈ[79] ਆਨੀ[80] ॥੧॥
ਸੁਨਿਬੋ ਸਖੀ[82] ਕੰਤਿ ਹਮਾਰੋ ਕੀਅਲੋ ਖਸਮਾਨਾ[83] ॥
ਕਰੁ[84] ਮਸਤਕਿ[85] ਧਾਰਿ[86] ਰਾਖਿਓ[87] ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ[88] ਅਜਾਨਾ[89] ॥੧॥ਰਹਾਉ॥
ਸੁਹਾਗੁ[90] ਹਮਾਰੋ ਅਬ ਹੁਣਿ[91] ਸੋਹਿਓ[92] ॥
ਕੰਤੁ ਮਿਲਿਓ ਮੇਰੋ ਸਭੁ ਦੂਖੁ[94] ਜੋਹਿਓ[93] ॥
ਆਂਗਨਿ[95] ਮੇਰੈ ਸੋਭਾ[96] ਚੰਦ[97] ॥
ਨਿਸਿ[98] ਬਾਸੁਰ[99] ਪ੍ਰਿਅ[100] ਸੰਗਿ ਅਨੰਦ[2] ॥੨॥

Asa 5th Guru.
My merits[69] and demerits[70] have not been considered[71].
Nor have been my beauty[72], colour and decorations[73] looked to.
I know not the way[76] of wisdom[74] and good conduct[75].
But taking[77] me by the arm[81], my Spouse[78] has led[80] me to the couch[79].
Hear, ye mates[82], my Bridegroom has owned[78] me.
Placing[86] His hand[84] on my forehead[85], He has protected[87] me as His own.
What do these ignorant[89] people[88] know ? Pause.
My married life[90], now[91], looks beauteous[92].
My Groom has met me and has diagnosed[93] all my maladies[94].
Within my heart's compound[95], is the moony[97] glory[96].
Night[98] and day[99], I make merry[2], with my Beloved[100].

ਆਸਾ ਪੰਜਵੀਂ ਪਾਤਸ਼ਾਹੀ ।
ਮੇਰੀਆਂ ਚੰਗਿਆਈਆਂ[69] ਤੇ ਬੁਰਿਆਈਆਂ[70] ਦਾ ਖ਼ਿਆਲ[71] ਨਹੀਂ ਕੀਤਾ ਗਿਆ ।
ਨਾ ਹੀ ਮੇਰੀ ਸੁੰਦਰਤਾ[72], ਰੰਗਤ ਤੇ ਹਾਰਸ਼ਿੰਗਾਰ[73] ਵਲ ਤੱਕਿਆ ਗਿਆ ਹੈ ।
ਮੈਂ ਸਿਆਣਪ[74] ਤੇ ਸ਼ੁਭ ਚਲਣ[75] ਦਾ ਮਾਰਗ[76] ਨਹੀਂ ਜਾਣਦੀ ।
ਪਰ ਭੁਜਾ[81] ਤੋਂ ਪਕੜ[77] ਕੇ ਕੰਤ[78] ਨੇ ਮੈਨੂੰ ਪਲੰਘ[79] ਉੱਤੇ ਲੈ[80] ਆਂਦਾ ਹੈ ।
ਤੁਸੀਂ ਸੁਣੋ ਹੇ ਸਹੇਲੀਓ[82] ! ਮੇਰੇ ਲਾੜੇ ਨੇ ਮੈਨੂੰ ਅਪਣਾਅ[83] ਲਿਆ ਹੈ ।
ਉਸ ਨੇ ਆਪਣਾ ਹੱਥ[84] ਮੇਰੇ ਮੱਥੇ[85] ਤੇ ਰੱਖ ਕੇ[86], ਤੇ ਆਪਣਾ ਜਾਣ ਮੈਨੂੰ ਬਚਾ ਲਿਆ ਹੈ[87] । ਇਹ ਬੇਸਮਝ[89] ਲੋਕ[88] ਕੀ ਜਾਣਦੇ ਹਨ ? ਠਹਿਰਾਉ ।
ਮੇਰਾ ਵਿਆਹੁਤਾ ਜੀਵਨ[90], ਹੁਣ[91], ਸੁੰਦਰ[92] ਲੱਗਦਾ ਹੈ ।
ਮੈਂਡਾ ਭਰਤਾ ਮੈਨੂੰ ਮਿਲ ਪਿਆ ਹੈ ਅਤੇ ਉਸ ਨੇ ਮੇਰੇ ਸਾਰੇ ਰੋਗ[94] ਜਾਂਚ ਲਏ ਹਨ[93] ।
ਮੇਰੇ ਦਿਲ ਦੇ ਵਿਹੜੇ[95] ਅੰਦਰ ਚੰਨ ਵਰਗੀ[97] ਕੀਰਤੀ[96] ਹੈ ।
ਰੈਣ[98] ਦਿਹੁੰ[99], ਮੈਂ ਆਪਣੇ ਪ੍ਰੀਤਮ[100] ਨਾਲ ਅਨੰਦ ਮਾਣਦੀ[2] ਹਾਂ ।

ਬਸਤ੍ਰ[3] ਹਮਾਰੇ ਰੰਗਿ[4] ਚਲੂਲ[5] ॥
ਸਗਲ[6] ਆਭਰਣ[7] ਸੋਭਾ[8] ਕੰਠਿ[9] ਫੂਲ[10] ॥

My clothes[3] are red like the colour[4] of tulip[5].
All[6] the ornaments[7] and flower-wreaths[10], round my neck[9], bedeck[8] me.

ਮੇਰੇ ਕਪੜੇ[3] ਪੋਸਤ ਦੇ ਫੁਲ[5] ਦੀ ਰੰਗਤ[4] ਦੀ ਮਾਨੰਦ ਲਾਲ ਹਨ ।
ਸਾਰੇ[6] ਗਹਿਣੇ[7] ਅਤੇ ਮੇਰੀ ਗਰਦਨ[9] ਦੁਆਲੇ ਦੇ ਫੁੱਲਾਂ[10] ਦੇ ਹਾਰ ਮੈਨੂੰ ਸ਼ਸ਼ੋਭਤ[8] ਕਰਦੇ ਹਨ ।

ਪ੍ਰਿਅ[12] ਪੇਖੀ[13] ਦ੍ਰਿਸਟਿ[14] ਪਾਏ ਸਗਲ ਨਿਧਾਨ[15] ॥
ਦੂਸਟ[16] ਦੂਤ[17] ਕੀ ਚੂਕੀ[18] ਕਾਨਿ[19] ॥੩॥

Beholding[13] my Beloved[12] with my eyes[14], I have obtained all the treasures[15] and shaken off[18] the subservience[19] of the wretch[16] and villains[17].

ਆਪਣੇ ਦਿਲਬਰ[12] ਨੂੰ ਆਪਣੀਆਂ ਅੱਖਾਂ[14] ਨਾਲ ਵੇਖ ਕੇ[13] ਮੈਂ ਸਾਰੇ ਖ਼ਜ਼ਾਨੇ[15] ਪਰਾਪਤ ਕਰ ਲਏ ਹਨ, ਅਤੇ ਮੇਰੀ ਪਾਂਬਰਾਂ[16] ਤੇ ਗੁੰਡਿਆਂ[17] ਦੀ ਮੁਹਤਾਜੀ[19] ਦੂਰ ਹੋ ਗਈ[18] !

ਸਦ[20] ਖੁਸੀਆ[21] ਸਦਾ[22] ਰੰਗ[23] ਮਾਣੇ[24] ॥

I have attained eternal[20] bliss[21] and I ever[22] make[24] merry[23].

ਮੈਨੂੰ ਸਦੀਵੀ[20] ਪਰਸੰਨਤਾ[21] ਪਰਾਪਤ ਹੋਈ ਹੈ ਅਤੇ ਮੈਂ ਹਮੇਸ਼ਾ[22] ਅਨੰਦ[23] ਮਾਣਦਾ[24] ਹਾਂ ।

ਨਉ ਨਿਧਿ[25] ਨਾਮੁ ਗ੍ਰਿਹ[26] ਮਹਿ[27] ਤ੍ਰਿਪਤਾਨੇ[28] ॥

With the Name's nine treasures[25], I am sated[28] in[27] my home[26].

ਨਾਮ ਦੇ ਨੌ ਖ਼ਜ਼ਾਨਿਆਂ[25] ਨਾਲ ਮੈਂ ਆਪਣੇ ਘਰ[26] ਵਿੱਚ[27] ਹੀ ਰੱਜ ਗਿਆ[28] ਹਾਂ ।

ਕਹੁ[29] ਨਾਨਕ ਜਉ[30] ਪਿਰਹਿ[31] ਸੀਗਾਰੀ[32] ॥
ਥਿਰੁ[33] ਸੋਹਾਗਨਿ[34] ਸੰਗਿ[35] ਭਤਾਰੀ[36] ॥੪॥੭॥

Says[29] Nanak, when[30] the happy wife[34] is bedecked[32] by her Love[31], she is ever happy in her Spouse's[36] company.

ਗੁਰੂ ਜੀ ਫ਼ੁਰਮਾਉਂਦੇ ਹਨ[29], ਜਦ[30] ਸੁਭਾਗੀ ਪਤਨੀ[34] ਨੂੰ ਉਸ ਦਾ ਪਿਆਰ[31] ਸ਼ਸ਼ੋਭਤ[32] ਕਰ ਦਿੰਦਾ ਹੈ, ਤਾਂ ਉਹ ਪੱਕੇ ਤੌਰ ਤੇ[33] ਆਪਣੇ ਭਰਤੇ ਨਾਲ[35] ਵਸਦੀ ਹੈ ।[36]

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਦਾਨੁ[37] ਦੇਇ ਕਰਿ ਪੂਜਾ[38] ਕਰਨਾ ॥

O, Brahman, people give thee alms[37] and worship[38] thee.

ਹੇ ਬ੍ਰਾਹਮਣ ! ਲੋਕ ਤੈਨੂੰ ਖ਼ੈਰਾਤ[37] ਦਿੰਦੇ ਅਤੇ ਤੈਨੂੰ ਪੂਜਦੇ[38] ਹਨ ।

ਲੈਤ[39] ਦੇਤ[40] ਉਨ[41] ਮੂਕਰਿ[42] ਪਰਨਾ ॥

Thou takest[39] from them and deniest[42] that they[41] give[40] thee.

ਤੂੰ ਉਨ੍ਹਾਂ ਕੋਲੋਂ, ਲੈਂਦਾ[39] ਹੈਂ ਅਤੇ ਮੁੱਕਰ ਜਾਂਦਾ ਹੈਂ[42] ਕਿ ਉਹ[41] ਤੈਨੂੰ ਦਿੰਦੇ[40] ਹਨ ।

ਜਿਤੁ[43] ਦਰਿ[44] ਤੁਮ ਹੈ ਬ੍ਰਾਹਮਣ ਜਾਣਾ[45] ॥ ਤਿਤੁ[46] ਦਰਿ ਤੂੰ ਹੀ ਹੈ ਪਛੁਤਾਣਾ[47] ॥੧॥

The door[44], to which[43] thou hast to go[45] ultimately, is the[46] door where thou shalt have to repent[47], O Brahman.

ਜਿਸ[43] ਬੂਹੇ[44] ਤੇ ਤੂੰ ਅਖੀਰ ਨੂੰ ਜਾਣਾ[45] ਹੈ, ਉਸ[46] ਬੂਹੇ ਉਤੇ ਤੂੰ ਪਸਚਾਤਾਪ[47] ਕਰੇਂਗਾ, ਹੇ ਬ੍ਰਾਹਮਣ !

ਐਸੇ[48] ਬ੍ਰਾਹਮਣ ਡੂਬੇ[49] ਭਾਈ[50] ॥ ਨਿਰਾਪਰਾਧ[51] ਚਿਤਵਹਿ[52] ਬੁਰਿਆਈ[53] ॥ ੧॥ਰਹਾਉ॥

O brother[50], such[48] Brahmans will get drowned[49]; as they think[52] of doing evil[53] to the innocent[51].

ਹੇ ਭਰਾ[50] ! ਐਹੋ ਜੇਹੇ[48] ਬ੍ਰਾਹਮਣ, ਜੋ ਬੇਗੁਨਾਹਾਂ[51] ਦਾ ਬੁਰਾ[53] ਕਰਨ ਦਾ ਖ਼ਿਆਲ ਕਰਦੇ ਹਨ[52], ਡੁੱਬ ਜਾਂਦੇ ਹਨ[49] । ਠਹਿਰਾਉ ।

ਅੰਤਰਿ[54] ਲੋਭੁ[55] ਫਿਰਹਿ[56] ਹਲਕਾਏ[57] ॥

Within[54] them is avarice[55] and they wander[56] about like mad[57] dogs.

ਉਨ੍ਹਾਂ ਦੇ ਅੰਦਰ[54] ਲਾਲਚ[55] ਹੈ ਅਤੇ ਉਹ ਹਲਕੇ[57] ਕੁੱਤੇ ਦੀ ਤਰ੍ਹਾਂ ਭਟਕਦੇ[56] ਹਨ ।

ਨਿੰਦਾ[58] ਕਰਹਿ ਸਿਰਿ[59] ਭਾਰੁ[60] ਉਠਾਏ[61] ॥

They slander[58] others and carry[61] the load[60] of sins on their heads[59].

ਉਹ ਹੋਰਨਾਂ ਦੀ ਬਦਖੋਈ[58] ਕਰਦੇ ਹਨ ਅਤੇ ਆਪਣੇ ਸਿਰਾਂ[59] ਉਤੇ ਪਾਪਾਂ ਦਾ ਬੋਝ[60] ਚੁੱਕਦੇ[61] ਹਨ ।

ਮਾਇਆ[62] ਮੂਠਾ[63] ਚੇਤੈ[64] ਨਾਹੀ ॥	Beguiled[63] by wealth[62], Brahman reflectest[64] not on the Lord.	ਧਨ-ਦੌਲਤ[62] ਦਾ ਠੱਗਿਆ ਹੋਇਆ[63] ਬ੍ਰਾਹਮਣ, ਸੁਆਮੀ ਦਾ ਸਿਮਰਨ[64] ਨਹੀਂ ਕਰਦਾ ।
ਭਰਮੇ[65] ਭੂਲਾ[66] ਬਹੁਤੀ[67] ਰਾਹੀ[68] ॥੨॥	Because of doubt[65], he goes astray[66] in many[67] paths[68].	ਸੰਦੇਹ[65] ਦੇ ਕਾਰਨ, ਉਹ ਘਣੇਰਿਆਂ[67] ਰਸਤਿਆਂ[68] ਅੰਦਰ ਭੁੱਲਿਆ[66] ਫਿਰਦਾ ਹੈ ।
ਬਾਹਰਿ[69] ਭੇਖ[70] ਕਰਹਿ[71] ਘਨੇਰੇ[72] ॥	To show to the people[69], he wears[71] many[72] religious dresses[70].	ਲੋਕਾਂ[69] ਨੂੰ ਦਿਖਾਉਣ ਲਈ ਉਹ ਬਹੁਤੇ[72] ਧਾਰਮਕ ਲਿਬਾਸ[70] ਪਹਿਰਦਾ[71] ਹੈ ।
ਅੰਤਰਿ[73] ਬਿਖਿਆ[74] ਉਤਰੀ ਘੇਰੇ[75] ॥	But his mind[73] is besieged[75] by wickedness[74].	ਪਰ ਉਸ ਦੇ ਮਨ[73] ਨੂੰ ਪਾਪ[74] ਨੇ ਘੇਰਾ ਘੱਤਿਆ[75] ਹੋਇਆ ਹੈ ।
ਅਵਰ[76]ਉਪਦੇਸੈ[77]ਆਪਿ[78] ਨ ਬੂਝੈ[79] ॥	He instructs[77] others[76], but understands[79] not his ownself[78].	ਉਹ ਹੋਰਨਾਂ[76] ਨੂੰ ਸਿੱਖਮੱਤ ਦਿੰਦਾ[77] ਹੈ, ਪ੍ਰੰਤੂ ਆਪਣੇ ਆਪ[78] ਨੂੰ ਨਹੀਂ ਸਮਝਦਾ[79] ।
ਐਸਾ[81] ਬ੍ਰਾਹਮਣੁ ਕਹੀ[80] ਨ ਸੀਝੈ[82] ॥੩॥	such[81] a brahman, can, in no way[80], be emancipated[82].	ਐਹੋ ਜੇਹਾ[81] ਬ੍ਰਾਹਮਣ ਕਿਸੇ ਤਰ੍ਹਾਂ ਭੀ[80] ਬੰਦ-ਖ਼ਲਾਸ[82] ਨਹੀਂ ਹੋ ਸਕਦਾ ।
ਮੂਰਖ[83] ਬਾਮਣ ਪ੍ਰਭੂ ਸਮਾਲਿ[84] ॥	O silly[83] Brahman, meditate[84] thou on the Lord.	ਹੇ ਮੂਰਖ[83] ਬ੍ਰਾਹਮਣ ! ਤੂੰ ਆਪਣੇ ਸੁਆਮੀ ਦਾ ਸਿਮਰਨ[84] ਕਰ ।
ਦੇਖਤ ਸੁਨਤ ਤੇਰੈ ਹੈ ਨਾਲਿ[85] ॥	He watches and hears thee and abides with[85] thee.	ਉਹ ਤੈਨੂੰ ਵੇਖਦਾ ਤੇ ਸੁਣਦਾ ਹੈ ਅਤੇ ਤੇਰੇ ਸੰਗ[85] ਵਸਦਾ ਹੈ ।
ਕਹੁ[86] ਨਾਨਕ ਜੇ[87] ਹੋਵੀ ਭਾਗੁ[88]॥ ਮਾਨੁ[89]ਛੋਡਿ[90]ਗੁਰ ਚਰਣੀ[91] ਲਾਗੁ[92] ॥੪॥੮॥	Says[86] Nanak, if[87] such be thy fate[88], renounce[90] thy pride[89] and cling[92] to Guru's feet[91].	ਗੁਰੂ ਜੀ ਆਖਦੇ ਹਨ[86] ਜੇਕਰ[87] ਤੇਰੀ ਚੰਗੀ ਕਿਸਮਤ[88] ਹੈ ਤਾਂ ਆਪਣਾ ਹੰਕਾਰ[89] ਛੱਡ[90] ਦੇ ਅਤੇ ਗੁਰਾਂ ਦੇ ਪੈਰਾਂ[91] ਨੂੰ ਚਿੰਮੜ ਜਾ[92] ।
੩੭੩		
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਦੂਖ[93] ਰੋਗ[94] ਭਏ ਗਤੁ[95] ਤਨ[96] ਤੇ ਮਨੁ ਨਿਰਮਲੁ[97] ਹਰਿ ਹਰਿ[98] ਗੁਣ[99] ਗਾਇ[100] ॥	By singing[100] the praise[99] of the Lord Master[98], my mind has become pure[97] and distresses[93] and diseases[94] have left[95] my body[96].	ਪ੍ਰਭੂ ਪਰਮੇਸ਼ਰ[98] ਦਾ ਜੱਸ[99] ਗਾਇਨ[100] ਕਰਨ ਦੁਆਰਾ ਮੇਰਾ ਚਿੱਤ ਪਵਿੱਤਰ[97] ਹੋ ਗਿਆ ਹੈ ਅਤੇ ਤਕਲੀਫ਼ਾਂ[93] ਤੇ ਬੀਮਾਰੀਆਂ[94] ਮੇਰੀ ਦੇਹਿ[96] ਤੋਂ ਦੂਰ ਹੋ ਗਈਆਂ ਹਨ[95] ।
ਭਏ ਅਨੰਦ[2] ਮਿਲਿ ਸਾਧੂ ਸੰਗਿ ਅਬ[3] ਮੇਰਾ ਮਨੁ ਕਤਹੀ[4] ਨ ਜਾਇ[5] ॥੧॥	Meeting the society of saints, my mind has become happy[2], and now[3] it goes[5] not astray[4].	ਸਤਿ ਸੰਗਤ ਨਾਲ ਜੁੜ ਕੇ ਮੇਰਾ ਚਿੱਤ ਖ਼ੁਸ਼[2] ਹੋ ਗਿਆ ਹੈ ਅਤੇ ਹੁਣ[3] ਇਹ ਹੋਰ ਕਿਧਰੇ[4] ਨਹੀਂ ਜਾਂਦਾ[5] ।
ਤਪਤਿ[6] ਬੁਝੀ[7] ਗੁਰ ਸਬਦੀ[8] ਮਾਇ[9] ॥	Through Guru's hymns[8], my burning[6] is quenched[7], O my Mother[9].	ਗੁਰਾਂ ਦੀ ਬਾਣੀ[8] ਦੇ ਜ਼ਰੀਏ, ਮੇਰੀ ਜਲਣ[6] ਬੁੱਝ ਗਈ[7] ਹੈ, ਹੇ ਮੇਰੀ ਮਾਤਾ[9] !
ਬਿਨਸਿ ਗਇਓ[10] ਤਾਪ[12] ਸਭ ਸਹਸਾ[13] ਗੁਰੁ ਸੀਤਲੁ[14] ਮਿਲਿਓ ਸਹਜਿ ਸੁਭਾਇ[15]॥ ੧॥ਰਹਾਉ॥	On meeting the cool[14] Guru, my fever[12] of all doubts[13] has been easily[15] done away with. Pause.	ਸ਼ਾਂਤ ਚਿੱਤ[14] ਗੁਰਾ ਨੂੰ ਮਿਲ ਪੈਣ ਤੇ ਮੇਰਾ ਭਰਮਾਂ[13] ਦਾ ਸਮੂਹ ਬੁਖ਼ਾਰ[12] ਸੁਖੈਨ[15] ਹੀ ਨਵਿਰਤ[10] ਹੋ ਗਿਆ ਹੈ । ਠਹਿਰਾਉ ।
ਧਾਵਤ[16] ਰਹੇ[17] ਏਕੁ ਇਕੁ[18]	Realising[19] the one Lord alone[18], my	ਕੇਵਲ ਇਕ[18] ਸੁਆਮੀ ਨੂੰ ਅਨੁਭਵ ਕਰਨ ਦੁਆਰਾ[19]

ਬੂਝਿਆ[19] ਆਇ ਬਸੇ[20] ਅਬ[21] ਨਿਹਚਲੁ[22] ਥਾਇ[23]॥
ਜਗਤੁ[24] ਉਧਾਰਨ[25] ਸੰਤ ਤੁਮਾਰੇ ਦਰਸਨੁ[26] ਪੇਖਤ[27] ਰਹੇ ਅਘਾਇ[28] ॥੨॥
ਜਨਮ[29] ਦੋਖ[30] ਪਰੇ ਮੇਰੇ ਪਾਛੈ[31] ਅਬ[32] ਪਕਰੇ[33] ਨਿਹਚਲੁ[34] ਸਾਧੂ ਪਾਇ[35] ॥

wandering[16] has ceased[17] and I now[21] abide[20] in an eternal[22] place[23].
Thine saints are the saviours[25] of the world[24] and seeing[27] their sight[26] I remain stated[28].
The sins[30] of many births[29] have been left behind[31], now[32] that I have clasped[33] the feet[35] of the eternal[34] saint-Guru.

ਮੇਰਾ ਭਟਕਨਾ[16] ਬੰਦ ਹੋ ਗਿਆ ਹੈ[17], ਅਤੇ ਹੁਣ[21] ਮੈਂ ਅਟੱਲ[22] ਥਾਂ[23] ਤੇ ਵਸਦਾ[20] ਹਾਂ।
ਤੇਰੇ ਸਾਧੂ, ਸੰਸਾਰ[24] ਨੂੰ, ਪਾਰ ਉਤਾਰਨ ਵਾਲੇ[25] ਹਨ। ਉਨ੍ਹਾਂ ਦਾ ਦੀਦਾਰ[26] ਦੇਖ ਕੇ[27] ਮੈਂ ਰੱਜਿਆ[28] ਰਹਿੰਦਾ ਹਾਂ।
ਅਨੇਕਾਂ ਜਨਮਾਂ[29] ਦੇ ਪਾਪ[30] ਮੇਰੇ ਪਿੱਛੇ[31] ਰਹਿ ਗਏ ਹਨ। ਹੁਣ[32] ਜਦ ਕਿ ਮੈਂ ਅਹਿਲ[34] ਸੰਤ-ਗੁਰਾਂ ਦੇ ਪੈਰ[35] ਪਕੜ[33] ਲਏ ਹਨ।

ਸਹਜ[36] ਧੁਨਿ[37] ਗਾਵੈ ਮੰਗਲ[38] ਮਨੂਆ ਅਬ ਤਾਕਉ[39] ਫੁਨਿ[40] ਕਾਲੁ[41] ਨ ਖਾਇ ॥੩॥

My mind, sings the natural[36] melody[37] of Lord's praise[38] and death[41], now, shall, no more[40], eat it[39].

ਮੇਰਾ ਮਨ ਸੁਭਾਵਕ[36] ਸਾਹਿਬ ਦਾ ਜੱਸ[38] ਦਾ ਰਾਗ[37] ਗਾਇਨ ਕਰਦਾ ਹੈ ਅਤੇ ਹੁਣ ਮੌਤ[41] ਇਸ[39] ਨੂੰ ਮੁੜ ਕੇ[40] ਨਹੀਂ ਖਾਊਗੀ।

ਕਰਨ ਕਾਰਨ[42] ਸਮਰਥ[43] ਹਮਾਰੇ ਸੁਖਦਾਈ[44] ਮੇਰੇ ਹਰਿ ਹਰਿ[45] ਰਾਇ[46] ॥

The Designer of all causes[42], the Omnipotent[43] and the Peace-giver[44] is my Lord Master[45], the King[46].

ਢੋ ਮੇਲ ਮੇਲਣਹਾਰ[42], ਸਰਬ-ਸ਼ਕਤੀਵਾਨ[43] ਅਤੇ ਆਰਾਮ-ਦਾਤਾ[44] ਹੈ ਮੇਰਾ ਪ੍ਰਭੂ ਪ੍ਰਮੇਸ਼ਰ[45] ਪਾਤਸ਼ਾਹ[46]।

ਨਾਮੁ ਤੇਰਾ ਜਪਿ[47] ਜੀਵੈ ਨਾਨਕੁ ਓਤਿ[48] ਪੋਤਿ[49] ਮੇਰੈ ਸੰਗਿ[50] ਸਹਾਇ[51] ॥੪॥੯॥

Nanak lives by repeating[47] Thy Name and Thou, O my Succourer[51], art with[50] me like warp[48] and woof[49].

ਤੇਰੇ ਨਾਮ ਦਾ ਉਚਾਰਨ ਕਰਨ ਦੁਆਰਾ[47] ਨਾਨਕ ਜੀਉਂਦਾ ਹੈ। ਹੇ ਮੇਰੇ ਸਹਾਇਕ[51]! ਤੂੰ ਤਾਣੇ[48] ਪੇਟੇ[49] ਦੀ ਮਾਨੰਦ ਮੇਰੇ ਨਾਲ[50] ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਅਰੜਾਵੈ[52] ਬਿਲਲਾਵੈ[53] ਨਿੰਦਕੁ[54] ॥

The slanderer[54] roars[52] and bewails[53].

ਦੂਸ਼ਣ ਲਾਉਣ ਵਾਲਾ[54] ਅੜਿੰਗਦਾ[52] ਅਤੇ ਵਿਰਲਾਪ ਕਰਦਾ ਹੈ[53]।

ਪਾਰਬ੍ਰਹਮੁ[55] ਪਰਮੇਸਰੁ[56] ਬਿਸਰਿਆ[57] ਅਪਨਾ ਕੀਤਾ ਪਾਵੈ ਨਿੰਦਕੁ ॥੧॥ਰਹਾਉ॥

The slanderer has forgotten[57] the Primal Lord[55], the Supreme Being[56], and reaps the reward of his bad acts. Pause.

ਦੂਸ਼ਣ ਲਾਉਣ ਵਾਲੇ ਨੇ ਆਦੀ ਸਾਹਿਬ[55], ਸ਼ਰੋਮਣੀ ਪੁਰਖ[56] ਨੂੰ ਭੁਲਾ ਛੱਡਿਆ[57] ਹੈ ਅਤੇ ਉਹ ਆਪਣੇ ਕਰਮਾਂ ਦਾ ਫਲ ਭੁਗਤਦਾ ਹੈ। ਠਹਿਰਾਉ।

ਜੇ ਕੋਈ[58] ਉਸ ਕਾ ਸੰਗੀ[59] ਹੋਵੈ ਨਾਲੇ[60] ਲਏ[61] ਸਿਧਾਵੈ[62] ॥

If[58] there be some companion[59] of his, taking[61] him along[60], he shall go[62] to hell.

ਜੇਕਰ[58] ਉਸ ਦਾ ਕੋਈ ਸਾਥੀ[59] ਹੋਵੇ ਤਾਂ ਉਸ ਨੂੰ ਭੀ ਸਾਥ[60] ਲੈ ਕੇ[61] ਉਹ ਨਰਕ ਨੂੰ ਟੁਰ ਜਾਵੇਗਾ[62]।

ਅਣਹੋਦਾ ਅਜਗਰੁ[64] ਭਾਰੁ[65] ਉਠਾਏ[66] ਨਿੰਦਕੁ ਅਗਨੀ[67] ਮਾਹਿ[68] ਜਲਾਵੈ[69] ॥੧॥

Like the dragon[64], the slanderer carries[66] immense, unnecessary[63] load[65] and burns[69] in[68] fire[67].

ਅਜਦਹੇ ਦੀ ਤਰ੍ਹਾਂ[64] ਇਲਜਾਮ ਲਉਣਹਾਰ, ਬੇਅੰਤ ਬੇਲੋੜਾ[63] ਬੋਝ[65] ਚੁੱਕਦਾ[66] ਹੈ ਅਤੇ ਅੱਗ[67] ਵਿੱਚ[68] ਸੜ ਜਾਂਦਾ ਹੈ[69]।

ਪਰਮੇਸਰ ਕੈ ਦੁਆਰੈ[70] ਜਿ[74] ਹੋਇ ਬਿਤੀਤੈ[71] ਸੁ[72] ਨਾਨਕੁ ਆਖਿ ਸੁਣਾਵੈ[73] ॥

What[74] happens[71] at Lord's Gate[70], that[72], Nanak says and utters[73] unto men.

ਜੋ ਕੁੱਛ[74] ਪ੍ਰਭੂ ਦੇ ਦਰ[70] ਤੇ ਹੁੰਦਾ ਹੈ[71] ਉਸ[72] ਨੂੰ ਨਾਨਕ ਲੋਕਾਂ ਪ੍ਰਤੀ ਕਹਿੰਦਾ ਤੇ ਉਚਾਰਦਾ ਹੈ[73]।

ਭਗਤ ਜਨਾ[75] ਕਉ ਸਦਾ ਅਨੰਦੁ[76] ਹੈ ਹਰਿ ਕੀਰਤਨੁ[77] ਗਾਇ[78] ਬਿਗਸਾਵੈ[79] ॥੨॥ ੧੦॥

God's slaves[75] are ever in bliss[76]. They blossom[79] forth by singing[78] God's praise[77].

ਰਬ ਦੇ ਸੇਵਕ[75] ਹਮੇਸ਼ਾ ਪਰਸੰਨਤਾ[76] ਵਿਚ ਵਸਦੇ ਹਨ। ਵਾਹਿਗੁਰੂ ਦਾ ਜੱਸ[77] ਗਾਇਨ[78] ਕਰਨ ਦੁਆਰਾ ਉਹ ਖਿੜ ਜਾਂਦੇ ਹਨ[79]।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਜਉ[80] ਮੈ ਕੀਓ ਸਗਲ ਸੀਗਾਰਾ[81] ॥ ਤਉ[82] ਭੀ ਮੇਰਾ ਮਨੁ ਨ ਪਤੀਆਰਾ[83]॥

When[80] I made all the decorations[81], even then[82], my mind was not appeased[83].

ਜਦ[80] ਮੈਂ ਸਾਰੇ ਹਾਰ-ਸ਼ਿੰਗਾਰ[81] ਕਰ ਲਏ, ਤਾਂ[82] ਭੀ ਮੇਰਾ ਚਿੱਤ ਤ੍ਰਿਪਤਿ[83] ਨਾ ਹੋਇਆ।

ਅਨਿਕ[84] ਸੁਗੰਧਤ[85] ਤਨ[86] ਮਹਿ ਲਾਵਉ[87] ॥ ਓਹੁ[88] ਸੁਖੁ[89] ਤਿਲੁ[90] ਸਮਾਨਿ[91] ਨਹੀ ਪਾਵਉ[92] ॥

I may apply[87] various[84] perfumes[85] to my body[86], yet I find[92] not that[88] pleasure[89], equal[91] even to a sesame[90].

ਮੈਂ ਅਨੇਕਾਂ[84] ਖੁਸ਼ਬੋਈਆਂ[85] ਆਪਣੀ ਦੇਹਿ[86] ਨੂੰ ਮਲਦਾ[87] ਹਾਂ, ਪਰ ਉਸ[88] ਖੁਸ਼ੀ[89] ਨੂੰ ਮੈਂ ਇਕ ਤਿਲ[90] ਦੇ ਬਰਾਬਰ[91] ਭੀ ਨਹੀਂ ਪਾਉਂਦਾ[92]।

ਮਨ[93] ਮਹਿ[94] ਚਿਤਵਉ[95] ਐਸੀ[96] ਆਸਾਈ[97] ॥ ਪ੍ਰਿਅ ਦੇਖਤ[98] ਜੀਵਉ[99] ਮੇਰੀ ਮਾਈ[100] ॥੧॥

Within[94] my mind[93] I cherish[95] such[96] a desire[97], that I may live[99] only if I behold my Beloved[98], O my Mother[100] ?

ਮੈਂ ਆਪਣੇ ਚਿੱਤ[93] ਅੰਦਰ[94] ਐਹੋ ਜਿਹੀ[96] ਤਾਂਘ ਧਾਰਨ ਕੀਤੀ[95] ਹੈ ਕਿ ਆਪਣੇ ਪ੍ਰੀਤਮ[98] ਨੂੰ ਵੇਖ ਕੇ ਮੈਂ ਜੀਉਂਦਾ[99] ਰਹਾਂ, ਹੇ ਮੇਰੀ ਮਾਤਾ[100] !

ਮਾਈ ਕਹਾ[2] ਕਰਉ ਇਹੁ ਮਨੁ[3] ਨ ਧੀਰੈ[4] ॥

What[2] should I do my mother when this soul[3] of mine rests[4] not.

ਮੈਂ ਕੀ[2] ਕਰਾਂ, ਮੇਰੀ ਅੰਮੜੀਏ ? ਮੇਰੀ ਇਹ ਜਿੰਦੜੀ[3] ਧੀਰਜ[4] ਨਹੀਂ ਧਾਰਦੀ।

ਪ੍ਰਿਅ[5] ਪ੍ਰੀਤਮ[6] ਬੈਰਾਗੁ[7] ਹਿਰੈ[8] ॥੧॥ਰਹਾਉ॥

The love[7] of my darling[5] Beloved[6] has fascinated[8] my soul. Pause.

ਮੈਂਡੇ ਪਿਆਰੇ[5] ਦਿਲਬਰ[6] ਦੀ ਪ੍ਰੀਤ[7] ਨੇ ਮੇਰੀ ਜਿੰਦੜੀ ਨੂੰ ਫਰੇਫਤਾ[8] (ਮਤਵਾਲਾ) ਕਰ ਲਿਆ ਹੈ। ਠਹਿਰਾਉ।

ਬਸਤ੍ਰ[9] ਬਿਭੂਖਨ[10] ਸੁਖ[12] ਬਹੁਤ[13] ਬਿਸੇਖੈ[14] ॥

Raiments[9], ornaments[10] and very[13] exquisite[14] pleasures[12] ;

ਪੁਸ਼ਾਕਾਂ[9], ਗਹਿਣੇ-ਗੱਟੇ[10] ਅਤੇ ਪਰਮ[13] ਉੱਤਮ[14] ਖੁਸ਼ੀਆਂ[12] ;

ਓਇ[15] ਭੀ ਜਾਨਉ[16] ਕਿਤੈ ਨ ਲੇਖੈ[17] ॥

Those[15] also, I consider[16] to be of no account[17].

ਉਨ੍ਹਾਂ[15] ਨੂੰ ਭੀ ਮੈਂ ਕਿਸੇ ਹਿਸਾਬ[17] ਵਿਚ ਨਹੀਂ ਸਮਝਦਾ[16]।

ਪਤਿ[18] ਸੋਭਾ[19] ਅਰੁ[20]ਮਾਨੁ[21] ਮਹਤੁ[22] ॥ ਆਗਿਆਕਾਰੀ[23] ਸਗਲ ਜਗਤੁ[24] ॥ ਗ੍ਰਿਹੁ[25] ਐਸਾ[26] ਹੈ ਸੁੰਦਰ[27]ਲਾਲ[28]॥

Honour[18], renown[19], dignity[21], greatness[22] and obedience[23] of the whole world[24] and[20] jewel[28]-like[26] beauteous[27] home[25] are of no avail.

ਇਜ਼ਤ[18], ਮਹਿਮਾਂ[19], ਉੱਚ-ਪਦਵੀ[21], ਵਡਿਆਈ[22], ਸਾਰੇ ਜਹਾਨ[24] ਦੀ ਫ਼ਰਮਾਂਬਰਦਾਰੀ[23] ਅਤੇ[20] ਹੀਰੇ[28] ਵਰਗਾ[26] ਸੁਹਣਾ[27] ਘਰ[25] ਕਿਸੇ ਕੰਮ ਨਹੀਂ।

ਪ੍ਰਭ ਭਾਵਾ[29] ਤਾ[32] ਸਦਾ[30] ਨਿਹਾਲ[31] ॥੨॥

If I am pleasing[29] to my Lord, then[32] alone I shall ever[30] be appeased[31].

ਜੇਕਰ ਮੈਂ ਆਪਣੇ ਸੁਆਮੀ ਨੂੰ ਚੰਗੀ[29] ਲਗ ਜਾਵਾਂ, ਕੇਵਲ ਤਦ[32] ਹੀ ਮੈਂ ਹਮੇਸ਼ਾਂ[30] ਲਈ ਪ੍ਰਸੰਨ[31] ਹੋਵਾਂਗੀ।

ਬਿੰਜਨ[33] ਭੋਜਨ[34] ਅਨਿਕ[35] ਪਰਕਾਰ[36] ॥ ਰੰਗ[37]ਤਮਾਸੇ[38] ਬਹੁਤੁ[39] ਬਿਸਥਾਰ[40] ॥ ਰਾਜ[41] ਮਿਲਖ[42] ਅਰੁ ਬਹੁਤੁ[43] ਫੁਰਮਾਇਸਿ[44] ॥

Viands[33] and victuals[34] of many[35] kinds[36], very[39] extensive[40] merry-makings[37] and entertainments[38], domain[41], property[42] as also various[43] commands[44], neither appease[45] the

ਬਹੁਤੀਆਂ[35] ਕਿਸਮਾਂ[36] ਦੇ ਖਾਣੇ ਦਾਣੇ[33] ਅਤੇ ਖੁਰਾਕਾਂ[34] ਵੱਡੇ[39] ਖਿਲਾਰ ਵਾਲੇ[40] ਰਾਗ ਰੰਗ[37] ਅਤੇ ਦਿਲ ਬਹਿਲਾਵੇ[38], ਪਾਤਸ਼ਾਹੀ[41], ਜਾਇਦਾਦ[42] ਅਤੇ ਅਨੇਕਾਂ[43] ਫੁਰਮਾਨਾਂ[44] ਨਾਲ ਨਾ ਹੀ ਆਤਮਾ[45] ਰੱਜਦੀ[45] ਹੈ ਅਤੇ

ਮਨੁ[48] ਨਹੀ ਧ੍ਰਾਪੈ[45] ਤ੍ਰਿਸਨਾ[46] ਨ ਜਾਇਸਿ[47] ॥	soul[48], nor extinguish[47] the desire[46].	ਨਾ ਹੀ ਖ਼ਾਹਿਸ਼[46] ਮਿਟਦੀ[47] ਹੈ ।
ਬਿਨੁ ਮਿਲਬੇ ਇਹੁ ਦਿਨੁ ਨ ਬਿਹਾਵੈ[49] ॥	Without meeting the Lord this day passes[49] not.	ਸੁਆਮੀ ਨੂੰ ਮਿਲਣ ਦੇ ਬਗੈਰ ਇਹ ਦਿਹਾੜਾ ਬਤੀਤ[49] ਨਹੀ ਹੁੰਦਾ ।
ਮਿਲੈ ਪ੍ਰਭੂ ਤਾ[50] ਸਭ ਸੁਖ[51] ਪਾਵੈ[52] ॥੩॥	When the Lord is met, then[50], do I obtain[52] all the comforts[51].	ਜਦ ਸੁਆਮੀ ਮਿਲ ਪੈਂਦਾ ਹੈ, ਤਦ[50] ਮੈਨੂੰ ਸਾਰੇ ਆਰਾਮ[51] ਪ੍ਰਾਪਤ[52] ਹੋ ਜਾਂਦੇ ਹਨ ।
ਖੋਜਤ ਖੋਜਤ[53] ਸੁਨੀ ਇਹ ਸੋਇ[54] ॥ ਸਾਧ ਸੰਗਤਿ ਬਿਨੁ ਤਰਿਓ[55] ਨ ਕੋਇ ॥	By searching and seeking[53], I have heard this news[54] that sans the society of saints, none does swim across[55].	ਲਭਦਿਆਂ ਤੇ ਭਾਲਦਿਆਂ[53] ਹੋਇਆਂ ਮੈਂ ਇਹ ਖ਼ਬਰ[54] ਸੁਣੀ ਹੈ ਕਿ ਸਤਿਸੰਗਤ ਦੇ ਬਗੈਰ ਕਿਸੇ ਦਾ ਭੀ ਪਾਰ ਉਤਾਰਾ[55] ਨਹੀਂ ਹੁੰਦਾ ।
ਜਿਸੁ ਮਸਤਕਿ[56] ਭਾਗੁ[57] ਤਿਨਿ[58] ਸਤਿਗੁਰੁ ਪਾਇਆ[59] ॥	He[58], who has good destiny[57] recorded on his forehead[56], meets[59] the True Guru.	ਜਿਸ ਦੇ ਮੱਥੇ[56] ਉੱਤੇ ਚੰਗੀ ਕਿਸਮਤ[57] ਲਿਖੀ ਹੋਈ ਹੈ, ਉਹ[58] ਸੱਚੇ ਗੁਰਾਂ ਨੂੰ ਮਿਲ ਪੈਂਦਾ[59] ਹੈ ।
ਪੂਰੀ[60] ਆਸਾ[61] ਮਨੁ ਤ੍ਰਿਪਤਾਇਆ[62] ॥	His hope[61] is fulfilled[60], and his mind is sated[62].	ਉਸ ਦੀ ਆਸ[61] ਪੂਰਨ ਹੋ ਜਾਂਦੀ[60] ਹੈ ਅਤੇ ਉਸ ਦਾ ਮਨੂਆ ਰੱਜ ਜਾਂਦਾ[62] ਹੈ ।
ਪ੍ਰਭੁ ਮਿਲਿਆ ਤਾ[63] ਚੂਕੀ[64] ਡੰਝਾ[65] ॥	When the Lord is met, then[63] is the thirst[65] quenched[64].	ਜਦ ਸਾਹਿਬ ਮਿਲ ਪੈਂਦਾ ਹੈ, ਤਦ[63] ਤਰੇਹ[65] ਬੁੱਝ ਜਾਂਦੀ[64] ਹੈ ।
ਨਾਨਕ ਲਧਾ[66] ਮਨ[67] ਤਨ[68] ਮੰਝਾ[69] ॥੪॥੧੧॥	Nanak has found[66] the Lord from within[69] his mind[67] and body[68].	ਨਾਨਕ ਨੇ ਆਪਣੇ ਚਿੱਤ[67] ਤੇ ਦੇਹਿ[68] ਅੰਦਰੋਂ[69] ਹੀ ਪ੍ਰਭੂ ਨੂੰ ਭਾਲ ਲਿਆ[66] ਹੈ ।
ਆਸਾ ਮਹਲਾ ੫ ਪੰਚਪਦੇ ॥	Asa 5th Guru. Panchpade.	ਆਸਾ ਪੰਜਵੀਂ ਪਾਤਸ਼ਾਹੀ । ਪੰਚਪਦੇ ।
੩੭੪		
ਪ੍ਰਥਮੇ[70] ਤੇਰੀ ਨੀਕੀ[71] ਜਾਤਿ ॥	Firstly[70], thy caste is high[71].	ਪਹਿਲੇ[70], ਤੇਰੀ ਜਾਤੀ ਉੱਤਮ[71] ਹੈ ।
ਦੂਤੀਆ[72] ਤੇਰੀ ਮਨੀਐ[73] ਪਾਂਤਿ[74] ॥	Secondly[72], thy lineage[74] is honoured[73].	ਦੂਜੇ[72] ਤੇਰੀ ਖ਼ਾਨਦਾਨੀ[74] ਪਰਵਾਨੀ ਜਾਂਦੀ[73] ਹੈ ।
ਤ੍ਰਿਤੀਆ[75] ਤੇਰਾ ਸੁੰਦਰ[76] ਥਾਨੁ[77] ॥	Thirdly[75], thy abode[77] is beautiful[76].	ਤੀਜੇ[75], ਤੇਰਾ ਨਿਵਾਸ ਅਸਥਾਨ[77] ਸੁਹਣਾ[76] ਹੈ ।
ਬਿਗੜੁ[78] ਰੂਪੁ[79] ਮਨ ਮਹਿ ਅਭਿਮਾਨੁ[80] ॥੧॥	But ugly[78] is thy form[79], as thou hast self-conceit[80] within thy mind.	ਪਰ ਕੋਝੀ[78] ਹੈ ਤੇਰੀ ਸ਼ਕਲ[79], ਕਿਉਂਕਿ ਤੇਰੇ ਚਿੱਤ ਅੰਦਰ ਸਵੈ-ਹੰਗਤਾ[80] ਹੈ ।
ਸੋਹਨੀ[81] ਸਰੂਪਿ[82]ਸੁਜਾਣਿ[83] ਬਿਚਖਨਿ[84]॥ਅਤਿ[85]ਗਰਬੇ[86] ਮੋਹਿ[87] ਫਾਕੀ[88] ਤੂੰ ॥੧॥ ਰਹਾਉ॥	O, beauteous[81], good-featured[82], wise[83] and clever[84] lady, thou hast been ensnared[88] by excessive[85] pride[86] and secular attachment[87]. Pause.	ਹੇ ਸੁਨੱਖੀਏ[81], ਸੋਹਣੀ ਨੁਹਾਰ ਵਾਲੀਏ[82], ਸਿਆਣੀਏ[83] ਅਤੇ ਚਤੁਰ[84] ਇਸਤਰੀਏ ! ਤੈਨੂੰ ਘਣੇ[85] ਹੰਕਾਰ[86] ਅਤੇ ਸੰਸਾਰੀ ਮਮਤਾ[87] ਨੇ ਫਾਹ ਲਿਆ[88] ਹੈ । ਠਹਿਰਾਉ ।
ਅਤਿ ਸੂਚੀ[89] ਤੇਰੀ ਪਾਕਸਾਲ[90] ॥	Excessively[89] clean is thy kitchen[90].	ਬਹੁਤ ਸਾਫ਼ ਸੁਥਰੀ[89] ਹੈ ਤੇਰੀ ਰਸੋਈ[90] ।

ਕਰਿ ਇਸਨਾਨੁ[91] ਪੂਜਾ[92] ਤਿਲਕੁ[93] ਲਾਲ[94] ॥	Thou bathest[91], adorest[92] and appliest crimson[94] frontal mark[93].	ਤੂੰ ਨ੍ਹਾਉਂਦਾ[91] ਹੈਂ, ਪੂਜਾ ਕਰਦਾ[92] ਹੈਂ ਅਤੇ ਸੁਹੇ ਰੰਗ ਦਾ[94] ਟਿੱਕਾ[93] ਲਾਉਂਦਾ ਹੈਂ ।
ਗਲੀ[95] ਗਰਬਹਿ[96] ਮੁਖਿ[97] ਗੋਵਹਿ[98] ਗਿਆਨ[99] ॥	With thy mouth[97] thou utterest[98] gnosis[99], but thou art destroyed[95] by egotism[96].	ਆਪਣੇ ਮੂੰਹ ਨਾਲ[97] ਤੂੰ ਬ੍ਰਹਿਮ ਵੀਚਾਰ[99] ਉਚਾਰਨ ਕਰਦਾ[98] ਹੈਂ ਪਰ ਤੈਨੂੰ ਹੰਕਾਰ[96] ਨੇ ਬਰਬਾਦ[95] ਕਰ ਦਿੱਤਾ ਹੈ ।
ਸਭਿ ਬਿਧਿ[100] ਖੋਈ[2] ਲੋਭਿ[3] ਸੁਆਨ[4] ॥੨॥	The dog[4] of covetousness[3] has ruined[2] thee in every way[100].	ਲਾਲਚ[3] ਦੇ ਕੁੱਤੇ[4] ਨੇ ਤੈਨੂੰ ਹਰ ਤਰੀਕੇ[100] ਨਾਲ ਤਬਾਹ[2] ਕਰ ਛੱਡਿਆ ਹੈ ।
ਕਾਪਰ[5] ਪਹਿਰਹਿ[6] ਭੋਗਹਿ[7] ਭੋਗ[8] ॥ ਆਚਾਰ[9] ਕਰਹਿ ਸੋਭਾ[10] ਮਹਿ[12] ਲੋਗ[13] ॥	Thou wearest[6] robes[5] and enjoyest[7] pleasures[8]. To obtain honour[10] amongst[12] people[13] thou performest religious ceremonies[9].	ਤੂੰ ਪੁਸ਼ਾਕਾਂ[5] ਪਹਿਨਦਾ[6] ਹੈਂ ਅਤੇ ਸੁਆਦ[8] ਮਾਣਦਾ[7] ਹੈਂ । ਲੋਕਾਂ[13] ਅੰਦਰ[12] ਇੱਜ਼ਤ[10] ਪਰਾਪਤ ਕਰਨ ਲਈ ਤੂੰ ਧਾਰਮਕ ਸੰਸਕਾਰ[9] ਕਰਦਾ ਹੈਂ ।
ਚੋਆ[14] ਚੰਦਨ[15] ਸੁਗੰਧ[16] ਬਿਸਥਾਰ[17] ॥ ਸੰਗੀ[18] ਖੋਟਾ[19] ਕ੍ਰੋਧੁ[20] ਚੰਡਾਲ[21] ॥ ੩॥	Thou appliest[17] to thy body the perfume[16] of aloe-wood[14] and sandal[15], but the pariah[21] wrath[20] is thy evil[19] companion[18].	ਆਪਣੀ ਦੇਹਿ ਨੂੰ ਤੂੰ ਅਗਰ ਦੀ ਲੱਕੜੀ[14] ਅਤੇ ਚੰਨਣ[15] ਦਾ ਅਤਰ[16] ਲਾਉਂਦਾ[17] ਹੈਂ ; ਪ੍ਰੰਤੂ, ਨੀਚ[21] ਗੁੱਸਾ[20] ਤੇਰਾ ਮੰਦਾ[19] ਸਾਥੀ[18] ਹੈ ।
ਅਵਰ[22] ਜੋਨਿ[23] ਤੇਰੀ ਪਨਿਹਾਰੀ[24] ॥	Other[22] creatures[23] are thine water-carriers[24].	ਹੋਰ[22] ਜੀਵ ਜੰਤੂ[23] ਤੇਰਾ ਪਾਣੀ ਭਰਨ ਵਾਲੇ[24] ਹਨ ।
ਇਸੁ ਧਰਤੀ[25] ਮਹਿ ਤੇਰੀ ਸਿਕਦਾਰੀ[26] ॥	In this world[25], thine is the sovereignty[26].	ਇਸ ਜਹਾਨ[25] ਅੰਦਰ ਤੇਰਾ ਰਾਜ ਭਾਗ[26] ਹੈ ।
ਸੁਇਨਾ[27] ਰੂਪਾ[28] ਤੁਝ ਪਹਿ ਦਾਮ[29] ॥	Thou hast gold[27], silver[28] and rupees[29].	ਤੇਰੇ ਕੋਲ ਸੋਨਾ[27], ਚਾਂਦੀ[28] ਅਤੇ ਦਮੜੇ[29] ਹਨ ।
ਸੀਲੁ[30] ਬਿਗਾਰਿਓ[31] ਤੇਰਾ ਕਾਮ[32] ॥੪॥	But thy lust[32] has destroyed[31] thy good conduct[30].	ਪਰ ਤੇਰੇ ਵਿਸ਼ੇ ਭੋਗ[32] ਨੇ ਤੇਰੀ ਸ਼ਰਾਫ਼ਤ[30] ਨੂੰ ਨਾਸ ਕਰ ਦਿੱਤਾ[31] ਹੈ ।
ਜਾਕਉ ਦ੍ਰਿਸਟਿ[33] ਮਇਆ[34] ਹਰਿਰਾਇ[35] ॥ ਸਾ[36] ਬੰਦੀ[37] ਤੇ ਲਈ ਛਡਾਇ[38]॥	The soul, on whom God, the King[35], casts His merciful[34] glance[33], is delivered[38] from the bondage[37].	ਜਿਹੜੀ ਆਤਮਾ ਉੱਤੇ ਵਾਹਿਗੁਰੂ, ਪਾਤਸ਼ਾਹ[35] ਆਪਣੀ ਮਿਹਰ[34] ਦੀ ਨਜ਼ਰ[33] ਧਾਰਦਾ ਹੈ, ਉਹ[36] ਕੈਦ[37] ਤੋਂ ਖ਼ਲਾਸੀ[38] ਪਾ ਜਾਂਦੀ ਹੈ ।
ਸਾਧ ਸੰਗਿ ਮਿਲਿ[39] ਹਰਿ ਰਸੁ[40] ਪਾਇਆ[43] ॥ ਕਹੁ ਨਾਨਕ ਸਫਲ[41] ਓਹ ਕਾਇਆ[42] ॥੫॥	Says Nanak, fruitful[41] is that body[42], who meeting[39] the society of saints, obtains[43] the Lord's Nectar[40].	ਗੁਰੂ ਜੀ ਆਖਦੇ ਹਨ, ਫਲ-ਦਾਇਕ[41] ਹੈ, ਉਹ ਦੇਹਿ[42] ਜੋ ਸਤਿ ਸੰਗਤ ਨਾਲ ਜੁੜ[39] ਕੇ, ਸੁਆਮੀ ਦੇ ਅੰਮ੍ਰਿਤ[40] ਨੂੰ ਹਾਸਲ ਕਰਦੀ[43] ਹੈ ।
ਸਭਿ ਰੂਪ[54] ਸਭਿ ਸੁਖ[45] ਬਨੇ[46] ਸੁਹਾਗਨਿ[47] ॥	Thou shalt then become[46] a happy wife[47], endowed with all comeliness[44] and all comfort[45].	ਤਦ ਤੂੰ ਸਮੂਹ ਸੁੰਦਰਤਾ[44] ਅਤੇ ਸਮੂਹ ਆਰਾਮ[45] ਵਾਲੀ ਸੁਹਾਗਣ ਪਤਨੀ[47] ਬਣ ਜਾਵੇਂਗੀ[46] ।
ਅਤਿ[48] ਸੁੰਦਰਿ[49]ਬਿਚਖਨਿ[50]	Thus shalt thou be supremely[48]	ਐਕੁਰ ਤੂੰ ਪਰਮ[48] ਸੁਨੱਖੀ[49] ਅਤੇ ਸਿਆਣੀ ਹੋ

ਤੂੰ ॥ ੧ ॥ ਰਹਾਉ ਦੂਜਾ ॥ ੧੨ ॥

beauteous[49] and wise[50]. Pause 2nd.

ਜਾਵੇਂਗੀ । ਠਹਿਰਾਉ ਦੂਸਰਾ ।

ਆਸਾ ਮਹਲਾ ੫ ਇਕਤੁਕੇ ੨ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਜੀਵਤ ਦੀਸੈ ਤਿਸੁ[52] ਸਰਪਰ[51] ਮਰਣਾ ॥ ਮੁਆ[53] ਹੋਵੈ ਤਿਸੁ ਨਿਹਚਲੁ[54] ਰਹਣਾ ॥੧॥

He[52] who is seen physically alive, shall assuredly[51] die. He who is dead[53] in life, shall remain eternal[54].

ਜੋ ਜੀਉਂਦਾ ਦਿਸਦਾ ਹੈ, ਉਸ[52] ਨੇ ਨਿਸਚਿਤ[51] ਹੀ ਮਰ ਜਾਣਾ ਹੈ, ਜੋ ਜੀਉਂਦੇ ਜੀ ਮਰਿਆ[53] ਹੋਇਆ ਹੈ, ਉਹ ਸਦੀਵੀ ਸਥਿਰ[54] ਰਹੇਗਾ ।

ਜੀਵਤ[55] ਮੁਏ[56] ਮੁਏ[57] ਸੇ[58] ਜੀਵੇ[59] ॥

They who die[56] while alive[55], through such a death[57] they[58] live[59] eternally.

ਜਿਹੜੇ (ਆਪਾ ਭਾਵ ਤੋਂ) ਜੀਉਂਦੇ[55] ਜੀ ਮਰ ਜਾਂਦੇ[56] ਹਨ, ਐਸੀ ਮੌਤ[57] ਦੇ ਰਾਹੀਂ ਉਹ[58] ਸਦਾ ਹੀ ਜੀਉਂਦੇ[59] ਹਨ ।

ਹਰਿ ਹਰਿ ਨਾਮੁ ਅਵਖਧੁ[60] ਮੁਖਿ[61] ਪਾਇਆ[62] ਗੁਰ ਸਬਦੀ[63] ਰਸੁ[64] ਅੰਮ੍ਰਿਤੁ[65] ਪੀਵੇ[66] ॥੧॥ ਰਹਾਉ ॥

Lord God's Name they put[62] as medicament[60] in their mouth[61] and by Guru's instruction[63] they quaff[66] the Immortalising[65] Nectar[64]. Pause.

ਵਾਹਿਗੁਰੂ ਸੁਆਮੀ ਦੇ ਨਾਮ ਨੂੰ ਉਹ ਦਵਾਈ[60] ਵਜੋਂ ਆਪਣੇ ਮੂੰਹ[61] ਵਿਚ ਪਾਉਂਦੇ[62] ਹਨ ਅਤੇ ਗੁਰਾਂ ਦੇ ਉਪਦੇਸ਼[63] ਦੁਆਰਾ ਉਹ ਸੁਰਜੀਤ ਕਰਨ ਵਾਲੇ[65] ਆਬਿ-ਹਿਯਾਤ[64] (ਜੀਵਨ ਦੇ ਪਾਣੀ) ਨੂੰ ਪਾਨ[66] ਕਰਦੇ ਹਨ । ਠਹਿਰਾਉ ।

ਕਾਚੀ ਮਟੁਕੀ[67] ਬਿਨਸਿ ਬਿਨਾਸਾ[68] ॥

The bodily earthern vessel[67] shall definitely break[68].

(ਸਰੀਰ ਰੂਪੀ) ਕੱਚਾ ਭਾਂਡਾ[67] ਜ਼ਰੂਰ ਹੀ ਟੁੱਟ[68] ਜਾਊਗਾ ।

ਜਿਸੁ ਛੂਟੈ[69] ਤ੍ਰਿਕੁਟੀ[72] ਤਿਸੁ[70] ਨਿਜਘਰਿ ਵਾਸਾ[71] ॥੨॥

He[70], who is rid of[69] three qualities[72], dwells[71] in his own home.

ਜੋ ਤਿੰਨਾਂ ਗੁਣਾਂ[72] ਤੋਂ ਛੁਟਕਾਰਾ[69] ਪਾ ਜਾਂਦਾ ਹੈ, ਉਹ[70] ਆਪਣੇ ਨਿੱਜ ਦੇ ਗ੍ਰਹਿ ਅੰਦਰ ਵਸਦਾ[71] ਹੈ ।

ਊਚਾ ਚੜੈ ਸੁ[73] ਪਵੈ[74] ਪਇਆਲਾ[75] ॥

He[73] who climbs high, falls[74] into the nether world[75].

ਜਿਹੜਾ ਉੱਚਾ ਚੜ੍ਹਦਾ ਹੈ, ਉਹ[73] ਪਾਤਾਲ[75] ਵਿਚ ਜਾ ਡਿੱਗਦਾ[74] ਹੈ ।

ਧਰਨਿ[76] ਪੜੈ[77] ਤਿਸੁ[78] ਲਗੈ[79] ਨ ਕਾਲਾ[80] ॥੩॥

He who lies[77] low on the ground[76], him[78] death[80] touches[79] not.

ਜੋ ਜ਼ਮੀਨ[76] ਤੇ ਨੀਵਾਂ ਪਿਆ ਹੋਇਆ[77] ਹੈ, ਉਸ ਨੂੰ[78] ਮੌਤ[80] ਨਹੀਂ ਛੂਹਦੀ[79] ।

ਭ੍ਰਮਤ[81] ਫਿਰੇ ਤਿਨ[82] ਕਿਛੂ ਨ ਪਾਇਆ ॥

Those who continue roaming[81] about, they[82] achieve nothing.

ਜੋ ਭਟਕਦੇ[81] ਫਿਰਦੇ ਹਨ, ਉਨ੍ਹਾਂ[82] ਨੂੰ ਕੁਝ ਭੀ ਪਰਾਪਤ ਨਹੀਂ ਹੁੰਦਾ ।

ਸੇ[83] ਅਸਥਿਰ[84] ਜਿਨ ਗੁਰ ਸਬਦੂ[85] ਕਮਾਇਆ[86] ॥੪॥

They[83], who act upto[86] Guru's instruction[85], become stable[84].

ਜੋ ਗੁਰਾਂ ਦੇ ਉਪਦੇਸ਼[85] ਦੀ ਕਮਾਈ[86] ਕਰਦੇ ਹਨ, ਉਹ[83] ਅਹਿੱਲ[84] ਹੋ ਜਾਂਦੇ ਹਨ ।

ਜੀਉ[87] ਪਿੰਡੁ[88] ਸਭੁ ਹਰਿ ਕਾ ਮਾਲੁ[89] ॥

The soul[87] and body[88] are all the articles[89] of God.

ਆਤਮਾ[87] ਅਤੇ ਦੇਹਿ[88] ਸਾਰੀਆਂ ਵਾਹਿਗੁਰੂ ਦੀਆਂ ਵਸਤੂਆਂ[89] ਹਨ ।

ਨਾਨਕ ਗੁਰ ਮਿਲਿ ਭਏ ਨਿਹਾਲ[90] ॥੫॥੧੩॥

By meeting the Guru, says Nanak, they are enraptured (satisfied)[90].

ਗੁਰਾਂ ਨੂੰ ਭੇਟ ਕੇ, ਹੇ ਨਾਨਕ, ਉਹ ਪਰਮ ਪਰਸੰਨ[90] ਹੋ ਗਏ ਹਨ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਪੁਤਰੀ[91] ਤੇਰੀ ਬਿਧਿ[92] ਕਰਿ ਥਾਟੀ[93] ॥

Thy body-doll has been constructed[93] with skill[92]

ਤੇਰੇ ਸਰੀਰ ਦੀ ਪੁਤਲੀ[91] ਹੁਨਰ[92] ਨਾਲ ਸਾਜੀ[93] ਗਈ ਹੈ ।

ਜਾਨੁ ਸਤਿ[94] ਕਰਿ ਹੋਇਗੀ ਮਾਟੀ[95] ॥੧॥	Know it for certain[94] that it shall become dust[95].	ਸੱਚ[94] ਜਾਣ ਲੈ ਕਿ ਇਹ ਮਿੱਟੀ[95] ਹੋ ਜਾਊਗੀ ।
ਮੂਲੁ[96] ਸਮਾਲਹੁ[97] ਅਚੇਤ[98] ਗਵਾਰਾ[99] ॥	Remember[97] thy origin[96] O thoughtless[98] fool[99].	ਆਪਣੇ ਮੂਢ[96] ਨੂੰ ਯਾਦ[97] ਕਰ ਹੇ ਬੇਸਮਝ[98] ਮੂਰਖ[99] ।
ਇਤਨੇ[100] ਕਉ ਤੁਮ੍ਹ ਕਿਆ[2] ਗਰਬੇ[3] ॥੧॥ ਰਹਾਉ ॥	Why art[2] thou proud[3] of this much[100] of thyself ? Pause.	ਤੂੰ ਆਪਣੇ ਆਪ ਦੇ ਐਨੇ ਕੁ ਜਿੰਨੇ[100] ਦਾ, ਕਿਉਂ[2] ਹੰਕਾਰ[3] ਕਰਦਾ ਹੈਂ ? ਠਹਿਰਾਉ ।
ਤੀਨਿ ਸੇਰ ਕਾ ਦਿਹਾੜੀ[4] ਮਿਹਮਾਨੁ[5] ॥	Thou art a guest[5] of three seers of corn a day[4].	ਤੂੰ ਤਿੰਨ ਸੇਰ ਹਰ ਰੋਜ਼[4] ਦੇ ਅਨਾਜ ਦਾ ਪ੍ਰਾਹੁਣਾ[5] ਹੈਂ ।
ਅਵਰ[6] ਵਸਤੁ[7] ਤੁਝ ਪਾਹਿ ਅਮਾਨ[8] ॥੨॥	Other[6] goods[7] are but a trust[8] with thee.	ਹੋਰ[6] ਚੀਜ਼ਾਂ[7] ਤੇਰੇ ਕੋਲ ਕੇਵਲ ਅਮਾਨਤ[8] ਹਨ ।
ਬਿਸਟਾ[9] ਅਸਤ[10] ਰਕਤੁ[12] ਪਰੇਟੇ[13] ਚਾਮ[14] ॥	Thou art ordure[9], bones[10] and blood[12] wrapped[13] up in skin[14].	ਤੂੰ ਗੰਦਗੀ[9], ਹੱਡੀਆਂ[10] ਅਤੇ ਲਹੂ[12], ਖੱਲ[14] ਵਿੱਚ ਲਪੇਟਿਆ[13] ਹੋਇਆ ਹੈਂ ।
ਇਸੁ ਊਪਰਿ ਲੇ ਰਾਖਿਓ[15] ਗੁਮਾਨੁ[14] ॥੩॥	It is on this that thou art harbouring[15] pride[16].	ਇਸ ਉੱਤੇ ਤੂੰ ਹੰਕਾਰ[16] ਧਾਰੀ ਬੈਠਾ[15] ਹੈਂ ।
ਏਕ ਵਸਤੁ[17] ਬੂਝਹਿ[18] ਤਾ[19] ਹੋਵਹਿ ਪਾਕ[20] ॥	If thou understandest[18] one Thing[17], then[19], alone thou shalt be pure[20].	ਜੇਕਰ ਤੂੰ ਇਕ ਚੀਜ਼[17] ਨੂੰ ਜਾਣ[18] ਲਵੇਂ, ਕੇਵਲ ਤਦ[19] ਹੀ ਤੂੰ ਪਵਿਤ੍ਰ[20] ਹੋਵੇਂਗਾ ।
ਬਿਨੁ ਬੂਝੇ ਤੂੰ ਸਦਾ[21] ਨਾਪਾਕ[22] ॥੪॥	Without knowing the Lord, thou shalt ever[21] be impure[22].	ਸਾਹਿਬ ਨੂੰ ਜਾਨਣ ਦੇ ਬਾਝੋਂ ਤੂੰ ਸਦੀਵ[21] ਹੀ ਗਲੀਜ਼[22] ਹੋਵੇਂਗਾ ।
ਕਹੁ ਨਾਨਕ ਗੁਰ ਕਉ ਕੁਰਬਾਨੁ[23] ॥	Says Nanak, I am a sacrifice[28] unto the Guru.	ਗੁਰੂ ਜੀ ਆਖਦੇ ਹਨ, ਮੈਂ ਗੁਰਾਂ ਉਤੋਂ ਬਲਿਹਾਰਨੇ[23] ਜਾਂਦਾ ਹਾਂ ।
ਜਿਸ ਤੇ[24] ਪਾਈਐ ਹਰਿ ਪੁਰਖੁ[25] ਸੁਜਾਨੁ[26] ॥੫॥ ੧੪॥	Through[24] whom, God, the Omniscient[26] Lord[25] is attained.	ਜਿਨ੍ਹਾਂ ਦੇ ਰਾਹੀਂ[24] ਵਾਹਿਗੁਰੂ, ਸਰਬੱਗ[26] ਸੁਆਮੀ[25] ਪਾਇਆ ਜਾਂਦਾ ਹੈ ।
ਆਸਾ ਮਹਲਾ ੫	Asa 5th Guru.	ਆਸਾ ਪੰਜਵੀ ਪਾਤਸ਼ਾਹੀ ।
ਇਕਤੁਕੇ ਚਉਪਦੇ	Chaupade.	ਚਉਪਦੇ ।
ਇਕ ਘੜੀ[27] ਦਿਨਸੁ ਮੋਕਉ[28] ਬਹੁਤੁ ਦਿਹਾਰੇ[29] ॥	One moment[27] and one day of separation to me[28], is equal to many days[29].	ਵਿਛੋੜੇ ਦਾ ਇਕ ਮੁਹਤ[27], ਇਕ ਦਿਨ ਮੇਰੇ ਲਈ[28] ਘਣੇਰਿਆਂ ਦਿਨਾਂ[29] ਦੇ ਬਰਾਬਰ ਹੈ ।
ਮਨੁ ਨ ਰਹੈ ਕੈਸੇ ਮਿਲਉ ਪਿਆਰੇ[30] ॥	My soul cannot live without Him. How should I meet my Beloved[30] ?	ਮੇਰੀ ਆਤਮਾ ਉਸ ਦੇ ਬਗੈਰ ਰਹਿ ਨਹੀਂ ਸਕਦੀ । ਮੈਂ ਆਪਣੇ ਪ੍ਰੀਤਮ[30] ਨੂੰ ਕਿਸ ਤਰ੍ਹਾਂ ਮਿਲਾਂਗੀ ?
ਇਕੁ ਪਲੁ[31] ਦਿਨਸੁ ਮੋਕਉ ਕਬਹੁ ਨ ਬਿਹਾਵੈ[32] ॥	An instant[31] and a day, I can never pass[32] without Him.	ਇਕ ਛਿੱਨ[31] ਅਤੇ ਇਕ ਦਿਹਾੜਾ ਮੈਂ ਉਸ ਦੇ ਬਾਝੋਂ ਕਦਾਚਿਤ ਨਹੀਂ ਗੁਜ਼ਾਰ[32] ਸਕਦੀ ।
੩੭੫		
ਦਰਸਨ[33] ਕੀ ਮਨਿ[36] ਆਸ[34] ਘਨੇਰੀ[37] ਕੋਈ ਐਸਾ[38] ਸੰਤੁ	Great[37] is my mind's[36] desire[34] to have a sight[33] of Him. Is there any	ਮੇਰੇ ਹਿਰਦੇ[36] ਅੰਦਰ ਬਹੁਤੀ[37] ਹੈ, ਖ਼ਾਹਿਸ਼[34], ਉਸ ਦੇ ਦੀਦਾਰ[33] ਦੀ । ਕੀ ਕੋਈ ਐਹੋ ਜੇਹਾ[33] ਸਾਧੂ ਹੈ, ਜੋ

ਮੋਕਉ ਪਿਰਹਿ[35] ਮਿਲਾਵੈ ॥ ੧॥ ਰਹਾਉ ॥

such[38] saint as will cause me to meet my Beloved[35] ? Pause.

ਮੈਨੂੰ ਮੇਰੇ ਪਿਆਰੇ[35] ਨਾਲ ਮਿਲਾ ਦੇਵੇ ? ਠਹਿਰਾਉ ।

ਚਾਰਿ ਪਹਰ ਚਹੁ ਜੁਗਹ ਸਮਾਨੇ[39] ॥

The four watches of the day are like[39] the four ages[40].

ਦਿਨ ਦੇ ਚਾਰੇ ਪਹਿਰ ਚਹੁੰ ਜੁਗਾਂ[40] ਦੇ ਮਾਨੰਦ[39] ਹਨ ।

ਰੈਣਿ[41] ਭਈ ਤਬ[42] ਅੰਤੁ[43] ਨ ਜਾਨੇ[44] ॥੨॥

When the night[41] comes, I think[44], then[42], that it shall never end[48].

ਜਦ ਰਾਤ[41] ਆਉਂਦੀ ਹੈ, ਤਦ[42] ਮੈਂ ਖ਼ਿਆਲ ਕਰਦਾ[44] ਹਾਂ ਕਿ ਇਸ ਦਾ ਅਖੀਰ[43] ਹੋਣਾ ਹੀ ਨਹੀਂ ।

ਪੰਚ ਦੂਤ[45] ਮਿਲਿ[46]ਪਿਰਹੁ[47] ਵਿਛੋੜੀ[48] ॥

The five demons[45] have jointly[46] separated[48] me, from my Spouse[47].

ਪੰਜਾਂ ਭੂਤਨਿਆਂ[45] ਨੇ ਇਕੱਠੇ ਹੋ[46] ਮੈਨੂੰ ਮੇਰੇ ਕੰਤ[47] ਨਾਲੋਂ ਵੱਖਰਾ ਕੀਤਾ[48] ਹੈ ।

ਭ੍ਰਮਿ[49] ਭ੍ਰਮਿ ਰੋਵੈ[50] ਹਾਥ ਪਛੋੜੀ[51] ॥੩॥

Wandering[49] and wandering, I bewail[50] and wring[51] my hands.

ਭਟਕ ਭਟਕ ਕੇ[49] ਮੈਂ ਵਿਰਲਾਪ[50] ਕਰਦੀ ਅਤੇ ਆਪਣੇ ਹੱਥ ਮਰੋੜਦੀ[51] ਹਾਂ ।

ਜਨ[52] ਨਾਨਕ ਕਉ[53] ਹਰਿ ਦਰਸੁ[54] ਦਿਖਾਇਆ ॥ ਆਤਮੁ[55] ਚੀਨ੍ਹਿ[56] ਪਰਮ[57] ਸੁਖੁ[58] ਪਾਇਆ ॥੪॥੧੫॥

Unto[53] slave[52] Nanak, God has shown His sight[54]. Realising[56] his own self[55], he has obtained supreme[57] bliss[58].

ਗੋਲੇ[52] ਨਾਨਕ ਨੂੰ[53], ਵਾਹਿਗੁਰੂ ਨੇ ਆਪਣਾ ਦਰਸ਼ਨ[54] ਵਿਖਾਲਿਆ ਹੈ । ਆਪਣੇ ਆਪੇ[55] ਨੂੰ ਅਨੁਭਵ[56] ਕਰਕੇ, ਉਸ ਨੂੰ ਮਹਾਨ[57] ਅਨੰਦ[58] ਪਰਾਪਤ ਹੋਇਆ ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਹਰਿ ਸੇਵਾ ਮਹਿ[60] ਪਰਮ[61] ਨਿਧਾਨੁ[62] ॥

In[60] God's service[59] are the richest[61] treasures[62].

ਰੱਬ ਦੀ ਟਹਿਲ[59] ਅੰਦਰ[60] ਮਹਾਨ[61] ਖ਼ਜ਼ਾਨੇ[62] ਹਨ ।

ਹਰਿ ਸੇਵਾ ਮੁਖਿ[63] ਅੰਮ੍ਰਿਤ[64] ਨਾਮੁ ॥੧॥

God's service results in having the Nectar-Name[64] in one's mouth[63].

ਸੁਧਾ ਸਰੂਪ ਨਾਮ[64] ਨੂੰ ਮੂੰਹ[63] ਵਿਚ ਰੱਖਣਾ ਹੀ ਵਾਹਿਗੁਰੂ ਦੀ ਚਾਕਰੀ ਹੈ ।

ਹਰਿ ਮੇਰਾ ਸਾਥੀ[65] ਸੰਗਿ[67] ਸਖਾਈ[66] ॥

God, my comrade[65] and helper[66] is with me[67].

ਵਾਹਿਗੁਰੂ ਮੇਰਾ ਸੰਗੀ[65] ਤੇ ਸਹਾਇਕ[66] ਮੇਰੇ ਨਾਲ[67] ਹੈ ।

ਦੁਖਿ[67] *ਸੁਖਿ[68] ਸਿਮਰੀ[69] ਤਹ[70] ਮਉਜੂਦੁ[71] ਜਮੁ[72] ਬਪੁਰਾ[73] ਮੋਕਉ[74] ਕਹਾ[75] ਡਰਾਈ[76] ॥੧॥ ਰਹਾਉ ॥

In pain[67]* and pleasure[68], whenever I remember[69] Him, He is present[71]. Now, how[75] can the poor[73] Death's Courier[72] terrify[76] me[74] ? Pause.

ਉਹ ਉਥੇ[70] ਹਾਜ਼ਰ ਨਾਜ਼ਰ[71] ਹੁੰਦਾ ਹੈ, ਜਿਥੇ ਗ਼ਮੀ[67]* ਤੇ ਖੁਸ਼ੀ[68] ਵਿਚ ਮੈਂ ਉਸ ਨੂੰ ਯਾਦ ਕਰਦਾ[69] ਹਾਂ । ਗਰੀਬ[73] ਮੌਤ ਦਾ ਦੂਤ[72] ਮੈਨੂੰ[74] ਕਿਸ ਤਰ੍ਹਾਂ[75] ਭੈ ਭੀਤ[76] ਕਰ ਸਕਦਾ ਹੈ ? ਠਹਿਰਾਉ ।

ਹਰਿ ਮੇਰੀ ਓਟ[77] ਮੈ ਹਰਿ ਕਾ ਤਾਣੁ[78] ॥

God is my mainstay[77] and God is my might[78].

ਵਾਹਿਗੁਰੂ ਮੇਰਾ ਆਸਰਾ[77] ਹੈ ਅਤੇ ਵਾਹਿਗੁਰੂ ਹੀ ਮੈਂਡਾ ਜ਼ੋਰ[78] ।

ਹਰਿ ਮੇਰਾ ਸਖਾ[78]* ਮਨ ਮਾਹਿ[80] ਦੀਬਾਣੁ[79] ॥੨॥

God is my friend[78]*, and within[80] my mind, is God's prop[79].

ਵਾਹਿਗੁਰੂ ਮੇਰਾ ਮਿਤ੍ਰ[78] ਹੈ ਅਤੇ ਮੇਰੇ ਚਿੱਤ ਅੰਦਰ[80], ਵਾਹਿਗੁਰੂ ਦੀ ਟੇਕ[79] ਹੈ ।

ਹਰਿ ਮੇਰੀ ਪੂੰਜੀ[81] ਮੇਰਾ ਹਰਿ ਵੇਸਾਹੁ[82] ॥

The Lord is my capital[81] and the Lord is my credit[82].

ਪ੍ਰਭੂ ਮੇਰੀ ਰਾਸ[81] ਹੈ ਅਤੇ ਪ੍ਰਭੂ ਹੀ ਮੈਂਡੀ ਸਾਖ[82] ਹੈ ।

ਗੁਰਮੁਖਿ[83] ਧਨੁ[84] ਖਟੀ[85] ਹਰਿ ਮੇਰਾ ਸਾਹੁ[86] ॥੩॥

Through the Guru[83], I earn[85] riches[84], the Lord is my Banker[86].

ਗੁਰਾਂ ਦੇ ਜ਼ਰੀਏ[83], ਮੈਂ ਪਦਾਰਥ[84] ਕਮਾਉਂਦਾ[85] ਹਾਂ । ਪ੍ਰਭੂ ਮੈਂਡਾ ਸ਼ਾਹੂਕਾਰ[86] ਹੈ ।

ਗੁਰ ਕਿਰਪਾ[87] ਤੇ[88] ਇਹ ਮਤਿ[89] ਆਵੈ[90] ॥
ਜਨ[93] ਨਾਨਕੁ ਹਰਿ ਕੈ ਅੰਕਿ[91] ਸਮਾਵੈ[92] ॥੪॥੧੬॥

By[88] Guru's grace[87], this understanding[89] is attained[90].
Slave[93] Nanak has merged[92] into the lap[91] of the Lord.

ਗੁਰਾਂ ਦੀ ਦਇਆ[87] ਦੁਆਰਾ[88], ਇਹ ਸਮਝ[89] ਪਰਾਪਤ[90] ਹੁੰਦੀ ਹੈ।
ਗੋਲਾ[93] ਨਾਨਕ ਸੁਆਮੀ ਦੀ ਗੋਦੀ[91] ਅੰਦਰ ਲੀਨ[92] ਹੋ ਗਿਆ ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਪ੍ਰਭੁ ਹੋਇ ਕ੍ਰਿਪਾਲੁ[94] ਤ[95] ਇਹੁ ਮਨੁ ਲਾਈ[96] ॥
ਸਤਿਗੁਰੁ ਸੇਵਿ ਸਭੈ ਫਲ[97] ਪਾਈ ॥੧॥

If the Lord becomes merciful[94], then[95] is this soul fixed[96] up in Him.
Serving the True Guru, I have received all the rewards[97].

ਜੇਕਰ ਮਾਲਕ ਮਿਹਰਬਾਨ[94] ਹੋ ਵੰਞੇ, ਤਦ[95] ਇਹ ਆਤਮਾ ਉਸ ਅੰਦਰ ਜੁੜਦੀ[96] ਹੈ।
ਸੱਚੇ ਗੁਰਾਂ ਦੀ ਘਾਲ ਕਮਾ ਕੇ ਮੈਂ ਸਾਰੇ ਸਿਲੇ[97] ਪਾ ਲਏ ਹਨ।

ਮਨ[99] ਕਿਉ ਬੈਰਾਗੁ[98] ਕਰਹਿਗਾ ਸਤਿਗੁਰੁ ਮੇਰਾ ਪੂਰਾ[100] ॥

My soul[99], why shouldest thou feel sad[98] when my True Guru is perfect[100].

ਮੇਰੀ ਜਿੰਦੜੀਏ[99] ਤੂੰ ਕਿਉਂ ਉਦਾਸ[98] ਹੁੰਦੀ ਹੈਂ ? ਮੇਰਾ ਸੱਚਾ ਗੁਰੂ ਪੂਰਨ[100] ਹੈ।

ਮਨਸਾ[2] ਕਾ ਦਾਤਾ[3] ਸਭ ਸੁਖ ਨਿਧਾਨੁ[4] ਅੰਮ੍ਰਿਤ[5] ਸਰਿ[6] ਸਦ[7] ਹੀ ਭਰਪੂਰਾ[8] ॥ ੧॥ ਰਹਾਉ ॥

The Lord is the Grantor[3] of boons[2], He is the treasure[4] of all the comforts and His ambrosial[5] tank[6] is always[7] brimful[8]. Pause.

ਸੁਆਮੀ ਮੁਰਾਦਾਂ[2] ਬਖਸ਼ਣਹਾਰ[3] ਹੈ, ਉਹ ਸਮੂਹ ਸੁੱਖਾਂ ਦਾ ਖ਼ਜ਼ਾਨਾ[4] ਹੈ ਅਤੇ ਉਸ ਦਾ ਸੁਧਾ-ਰਸ[5] ਦਾ ਸਰੋਵਰ[6] ਹਮੇਸ਼ਾ[7] ਹੀ ਪਰੀ ਪੂਰਨ[8] ਹੈ। ਠਹਿਰਾਉ।

ਚਰਣ[9] ਕਮਲ[10] ਰਿਦ[12] ਅੰਤਰਿ ਧਾਰੇ[13] ॥ ਪ੍ਰਗਟੀ[14] ਜੋਤਿ[15] ਮਿਲੇ ਰਾਮ[17] ਪਿਆਰੇ[16] ॥੨॥

He, who places[13] in his heart[12] God's lotus[10] feet[9], unto him the Divine Light[15] is revealed[14] and he meets, the Beloved[16] Lord[17].

ਜੋ ਵਾਹਿਗੁਰੂ ਦੇ ਕੰਵਲ[10] ਪੈਰਾਂ[9] ਨੂੰ ਆਪਣੇ ਹਿਰਦੇ[12] ਅੰਦਰ ਟਿਕਾਉਂਦਾ[13] ਹੈ, ਰੱਬੀ ਨੂਰ[15] ਉਸ ਉੱਤੇ ਨਾਜ਼ਲ[14] ਹੋ ਜਾਂਦਾ ਹੈ ਅਤੇ ਉਹ ਪ੍ਰੀਤਮ[16] ਪ੍ਰਭੂ[17] ਨੂੰ ਮਿਲ ਪੈਂਦਾ ਹੈ।

ਪੰਚ ਸਖੀ[18] ਮਿਲਿ[19] ਮੰਗਲੁ[20] ਗਾਇਆ ॥ ਅਨਹਦ[21] ਬਾਣੀ ਨਾਦੁ[22] ਵਜਾਇਆ[23] ॥੩॥

Meeting together[12] the five mates[18] sing the songs of joy[20] and within him re-sounds[23] the tune[22] of the celestial strain[21].

ਇਕੱਠੀਆਂ ਹੋ ਕੇ[19] ਪੰਜੇ ਸਹੇਲੀਆਂ[18] ਖੁਸ਼ੀ ਦੇ ਗੀਤ[20] ਗਾਉਂਦੀਆਂ ਹਨ ਅਤੇ ਉਸ ਦੇ ਅੰਦਰ ਬੈਕੁੰਠੀ ਕੀਰਤਨ[21] ਦਾ ਰਾਗ[22] ਗੂੰਜਦਾ[23] ਹੈ।

ਗੁਰੁ ਨਾਨਕੁ ਤੁਠਾ[24] ਮਿਲਿਆ ਹਰਿ ਰਾਇ[25] ॥

Nanak, when the Guru is mightily pleased[24] one meets with God, the Hari King[25].

ਨਾਨਕ, ਜਦ ਗੁਰੂ ਜੀ ਪਰਮ ਪਰਸੰਨ[24] ਹੋ ਜਾਂਦੇ ਹਨ, ਇਨਸਾਨ ਵਾਹਿਗੁਰੂ, ਰਾਜੇ[25] ਨੂੰ ਮਿਲ ਪੈਂਦਾ ਹੈ।

ਸੁਖਿ[26] ਰੈਣਿ[27] ਵਿਹਾਣੀ[28] ਸਹਜਿ ਸੁਭਾਇ[29]॥੪॥੧੭॥

Thereafter the night[27] passes[28] in peace[26] and poise[29].

ਉਸ ਦੇ ਮਗਰੋਂ ਰਾਤ੍ਰੀ[27] ਆਰਾਮ[26] ਅਤੇ ਅਡੋਲਤਾ[29] ਅੰਦਰ ਬਤੀਤ ਹੁੰਦੀ ਹੈ[28]।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਕਰਿ ਕਿਰਪਾ[30] ਹਰਿ ਪਰਗਟੀ ਆਇਆ[31] ॥
ਮਿਲਿ[32] ਸਤਿਗੁਰ ਧਨੁ[33] ਪੂਰਾ[24] ਪਾਇਆ ॥੧॥

Showing His mercy[30], God has revealed[31] Himself unto me.
Meeting[32] the True Guru, I have received the perfect[34] wealth[33].

ਵਾਹਿਗੁਰੂ ਨੇ ਮਿਹਰ[30] ਧਾਰ ਕੇ ਆਪਣੇ ਆਪ ਨੂੰ ਮੇਰੇ ਤੇ ਜ਼ਾਹਰ[31] ਕੀਤਾ ਹੈ।
ਸੱਚੇ ਗੁਰਾਂ ਨੂੰ ਭੇਟ ਕੇ[32], ਮੈਂ ਪੂਰਨ[34] ਪਦਾਰਥ[33] ਪਰਾਪਤ ਕੀਤਾ ਹੈ।

ਐਸਾ[34] ਹਰਿ ਧਨੁ[35]ਸੰਚੀਐ[36] ਭਾਈ[37] ॥	Such[34] a Divine wealth[35], one should amass[36], O brother[37].	ਐਹੋ ਜੇਹੀ[34] ਰੱਬੀ ਦੌਲਤ[35] ਬੰਦੇ ਨੂੰ ਇਕੱਤਰ[36] ਕਰਨੀ ਚਾਹੀਦੀ ਹੈ, ਹੇ ਵੀਰ[37] !
ਭਾਹਿ[37] ਨ ਜਾਲੈ[39] ਜਲਿ[40] ਨਹੀ ਡੂਬੈ[41] ਸੰਗੁ[42] ਛੋਡਿ[44] ਕਰਿ ਕਤਹੁ[43] ਨ ਜਾਈ ॥ ੧॥ ਰਹਾਉ ॥	Fire[38] burns[39] it not, nor does water[40] drown[41] it and deserting[44] the company[42] of man it goes not anywhere[43]. Pause.	ਅੱਗ[38] ਇਸ ਨੂੰ ਸਾੜਦੀ[39] ਨਹੀਂ, ਨਾ ਹੀ ਪਾਣੀ[40] ਇਸ ਨੂੰ ਡੋਬਦਾ[41] ਹੈ । ਇਨਸਾਨ ਦਾ ਸਾਥ[42] ਤਿਆਗ ਕੇ[44] ਇਹ ਕਿਧਰੇ[43] ਨਹੀਂ ਜਾਂਦੀ । ਠਹਿਰਾਉ ।
ਤੋਟਿ[45] ਨ ਆਵੈ ਨਿਖੁਟਿ[46] ਨ ਜਾਇ ॥	It suffers not deficiency[45], nor is it exhausted[46].	ਇਸ ਨੂੰ ਕਮੀ[45] ਨਹੀਂ ਵਾਪਰਦੀ ਅਤੇ ਨਾ ਇਹ ਮੁਕਦੀ[46] ਹੈ ।
ਖਾਇ ਖਰਚਿ ਮਨੁ ਰਹਿਆ ਅਘਾਇ[47] ॥੨॥	Eating and expending it, the mind remains satiated[47].	ਇਸ ਨੂੰ ਖਾਂਦਾ ਅਤੇ ਖਰਚਦਾ ਹੋਇਆ ਚਿੱਤ ਤ੍ਰਿਪਤ[47] ਰਹਿੰਦਾ ਹੈ ।
ਸੋ[48] ਸਚੁ ਸਾਹੁ[49] ਜਿਸੁ ਘਰਿ ਹਰਿ ਧਨੁ ਸੰਚਾਣਾ[50] ॥	He[48] is the true banker[49], who amasses[50] God's wealth in his home.	ਉਹੀ[48] ਸੱਚਾ ਸ਼ਾਹੂਕਾਰ[49] ਹੈ, ਜੋ ਵਾਹਿਗੁਰੂ ਦੇ ਪਦਾਰਥ ਨੂੰ ਆਪਣੇ ਗ੍ਰਹਿ ਅੰਦਰ ਜਮ੍ਹਾਂ[50] ਕਰਦਾ ਹੈ ।
ਇਸੁ ਧਨ ਤੇ ਸਭੁ ਜਗੁ ਵਰਸਾਣਾ[51] ॥੩॥	With this wealth the whole world is profited[51].	ਇਸ ਮਾਲ-ਦੌਲਤ ਤੋਂ ਸਾਰਾ ਜਹਾਨ ਲਾਭ ਉਠਾਉਂਦਾ[51] ਹੈ ।
ਤਿਨਿ[52] ਹਰਿ ਧਨੁ ਪਾਇਆ ਜਿਸੁ ਪੂਰਬ[53] ਲਿਖੇ[54] ਕਾ ਲਹਣਾ[55] ॥	He[52] alone receives God's wealth, who is pre[53]-ordained[54] to receive[55] it.	ਕੇਵਲ ਉਹੀ[52] ਵਾਹਿਗੁਰੂ ਦੀ ਦੌਲਤ ਨੂੰ ਪਾਉਂਦਾ ਹੈ, ਜਿਸ ਦੇ ਭਾਗਾਂ ਵਿਚ ਇਸ ਦੀ ਪਰਾਪਤੀ[55] ਮੁੱਢ ਤੋਂ ਲਿਖੀ ਹੋਈ[54] ਹੈ ।
ਜਨ[56] ਨਾਨਕ ਅੰਤਿ ਵਾਰ[57] ਨਾਮੁ ਗਹਣਾ[58] ॥੪॥੧੮॥	O, Serf[56] Nanak, at the last moment[57] the Name is the mortal's decoration[58].	ਹੇ ਨਫ਼ਰ[56] ਨਾਨਕ ! ਅਖੀਰ[57] ਦੇ ਵੇਲੇ, ਨਾਮ ਹੀ ਪ੍ਰਾਣੀ ਦਾ ਸ਼ਿੰਗਾਰ[58] ਹੈ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਜੈਸੇ[59] ਕਿਰਸਾਣ[60] ਬੋਵੈ[61] ਕਿਰਸਾਨੀ[62] ॥ ਕਾਚੀ ਪਾਕੀ[63] ਬਾਢਿ[64] ਪਰਾਨੀ[65]॥ ੧॥	O man[65], just as[59] a husbandman[60] (land-tiller) sows his crop[62] and cuts[64] down whether unripe or ripe[63],	ਹੇ ਜੀਵ[65] ! ਜਿਸ ਤਰ੍ਹਾਂ[59] ਜ਼ਿਮੀਂਦਾਰ[60] ਆਪਣੀ ਫਸਲ[62] ਨੂੰ ਬੀਜ ਕੇ[61], ਕੱਚੀ ਜਾਂ ਪੱਕੀ[63] ਨੂੰ ਕੱਟ[64] ਸੁਟਦਾ ਹੈ,
ਜੋ ਜਨਮੈ ਸੋ[67] ਜਾਨਹੁ[66] ਮੂਆ ॥	so take it for granted[66], that he[67], who is born, shall die.	ਇਸੇ ਤਰ੍ਹਾਂ ਸਮਝ ਲੈ[66] ਕਿ ਜੋ ਜੰਮਿਆ ਹੈ, ਉਸ[67] ਨੇ ਮਰ ਜਾਣਾ ਹੈ ।
[68]ਗੋਵਿੰਦ[69] ਭਗਤੁ[70] ਅਸਥਿਰੁ[71] ਹੈ ਥੀਆ[72] ॥ ੧॥ ਰਹਾਉ ॥	Only the saint[70] of the World[68]-Lord[69] becomes[72] eternally stable[71]. Pause.	ਕੇਵਲ ਸ੍ਰਿਸ਼ਟੀ[68] ਦੇ ਸੁਆਮੀ[69] ਦਾ ਸਾਧੂ[70] ਹੀ ਹਮੇਸ਼ਾ ਲਈ ਅਹਿਲ[71] ਹੁੰਦਾ[72] ਹੈ । ਠਹਿਰਾਉ ।
ਦਿਨ ਤੇ ਸਰਪਰ[73] ਪਉਸੀ ਰਾਤਿ ॥	The day shall, assuredly[73], be followed by night.	ਦਿਹੁੰ ਦੇ ਮਗਰੋਂ ਰੈਣ, ਨਿਸਚਿਤ ਹੀ[73] ਆਵੇਗੀ ।
ਰੈਣਿ ਗਈ ਫਿਰਿ[74] ਹੋਇ ਪਰਭਾਤਿ[75] ॥੨॥	When the night passes, the morn[75] shall dawn, again[74].	ਜਦ ਰਾਤ ਬੀਤ ਜਾਂਦੀ ਹੈ, ਮੁੜ ਕੇ[74], ਸਵੇਰਾ[75] ਹੋ ਜਾਂਦਾ ਹੈ ।
ਮਾਇਆ[76] ਮੋਹਿ[77] ਸੋਇ ਰਹੇ[78] ਅਭਾਗੇ[79] ॥	In the love[77] of mommon[76], the ill-fated[79] keep on sleeping[78].	ਧਨ-ਦੌਲਤ[76] ਦੀ ਲਗਨ[77] ਅੰਦਰ, ਨਿਕਰਮਣ[79] ਸੌਂ ਰਹੇ[78] ਹਨ ।

ਗੁਰ ਪ੍ਰਸਾਦਿ[80] ਕੋ ਵਿਰਲਾ[81] ਜਾਗੇ[82] ॥੩॥

By Guru's grace[80], a few[81] remain wakeful[82].

ਗੁਰਾਂ ਦੀ ਦਇਆ ਦੁਆਰਾ[80], ਕੋਈ ਟਾਂਵੇਂ ਟੱਲੇ[81] ਹੀ ਜਾਗਦੇ[82] ਹਨ ।

ੴ

ਕਹੁ[83] ਨਾਨਕ ਗੁਣ[84] ਗਾਈਅਹਿ ਨੀਤ[85] ॥

Says[83] Nanak, ever[85], sing God's praises[84].

ਗੁਰੂ ਜੀ ਆਖਦੇ ਹਨ[83], ਸਦੀਵ[85] ਹੀ ਹਰੀ ਦਾ ਜੱਸ[84] ਗਾਇਨ ਕਰ ।

ਮੁਖ[86] ਊਜਲ[87] ਹੋਇ ਨਿਰਮਲ[88] ਚੀਤ[89]॥੪॥੧੯॥

So shall thy face[86] be bright[87] and thy heart[89] pure[88].

ਇਸ ਤਰ੍ਹਾਂ ਤੇਰਾ ਚਿਹਰਾ[86] ਰੌਸ਼ਨ[87] ਹੋਵੇਗਾ ਅਤੇ ਤੇਰਾ ਦਿਲ[89] ਪਵਿੱਤ੍ਰ[88] ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਨਉ ਨਿਧਿ[90] ਤੇਰੇ ਸਗਲ ਨਿਧਾਨ[91] ॥

Thou hast nine valuable riches and miracles[90] and all the treasures[91].

ਤੇਰੇ ਕੋਲ ਨੌਂ ਸੰਪਦਾਂ ਤੇ ਕਰਾਮਾਤਾਂ[90] ਅਤੇ ਸਾਰੇ ਖ਼ਜ਼ਾਨੇ[91] ਹਨ ।

ਇਛਾ[92] ਪੂਰਕੁ[93] ਰਖੈ[94] ਨਿਦਾਨ[95] ॥੧॥

God, the Fulfiller[93] of desires[92], saves[4] the mortal in the end[95].

ਖਾਹਿਸ਼ਾਂ[92] ਪੂਰੀਆਂ ਕਰਨਹਾਰ[93] ਵਾਹਿਗੁਰੂ, ਅਖੀਰ[95] ਨੂੰ, ਪ੍ਰਾਣੀ ਨੂੰ ਬਚਾ[94] ਲੈਂਦਾ ਹੈ ।

ਤੂੰ ਮੇਰੋ[96] ਪਿਆਰੋ[99] ਤਾ[100] ਕੈਸੀ[97] ਭੂਖਾ[98] ॥

When Thou art my[96] Beloved[99], what sort[97] of hunger[98] have I, then[100] ?

ਜਦ ਤੂੰ ਮੇਂਡਾ[96] ਪ੍ਰੀਤਮ[99] ਹੈਂ ਤਦ[100] ਮੈਨੂੰ ਕਿਸ ਕਿਸਮ[97] ਦੀ ਭੁੱਖ[98] ਹੈ ?

ਤੂੰ ਮਨਿ ਵਸਿਆ[2] ਲਗੈ[3] ਨ ਦੂਖਾ[4] ॥੧॥ ਰਹਾਉ ॥

When Thou abidest[2] within my mind, pain[4] touches[3] me not. Pause

ਜਦ ਤੂੰ ਮੇਰੇ ਚਿਤ ਅੰਦਰ ਵਸਦਾ[2] ਹੈਂ, ਤਕਲੀਫ਼[4] ਮੈਨੂੰ ਛੂੰਹਦੀ[3] ਨਹੀਂ । ਠਹਿਰਾਉ ।

ਜੋ ਤੂੰ ਕਰਹਿ ਸੋਈ[5] ਪਰਵਾਣੁ[6] ॥

Whatever Thou doest, that[5] is acceptable[6] to me.

ਜੋ ਕੁੱਛ ਤੂੰ ਕਰਦਾ ਹੈਂ, ਮੈਨੂੰ ਉਹੀ[5] ਮਨਜ਼ੂਰ[6] ਹੈ ।

ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ[7] ॥੨॥

True is Thy order[7], O True Lord.

ਸੱਚਾ ਹੈ ਤੇਰਾ ਹੁਕਮ[7], ਹੇ ਸਚੇ ਸੁਆਮੀ !

ਜਾ[8] ਤੁਧੁ ਭਾਵੈ[9] ਤਾ[10] ਹਰਿ ਗੁਣ[12] ਗਾਉ ॥

When[8] it pleases[9] Thee, then[10] do I sing Thine praises[12].

ਜਦ[8] ਤੈਨੂੰ ਚੰਗਾ[9] ਲਗਦਾ ਹੈ, ਤਦ[10] ਮੈਂ ਤੇਰਾ ਜੱਸ[12] ਗਾਇਨ ਕਰਦਾ ਹਾਂ ।

ਤੇਰੈ ਘਰਿ ਸਦਾ ਸਦਾ[13] ਹੈ ਨਿਆਉ[14] ॥੧੩॥

In Thine home, for ever and aye[13], there is justice[14].

ਤੇਰੇ ਗ੍ਰਹਿ ਅੰਦਰ,ਸਦੀਵ ਤੇ ਹਮੇਸ਼ਾ[13] ਲਈ ਇਨਸਾਫ਼[14] ਹੈ ।

ਸਾਚੇ ਸਾਹਿਬ ਅਲਖ[15] ਅਭੇਵ[16] ॥

My True Master, Thou art understandable[15] and inscrutable[16].

ਮੇਰੇ ਸੱਚੇ ਮਾਲਕ ! ਤੂੰ ਅਬੁੱਝ[15] ਅਤੇ ਖੋਜ-ਰਹਿਤ[16] ਹੈਂ ।

ਨਾਨਕ ਲਾਇਆ ਲਾਗਾ[17] ਸੇਵ[13] ॥੪॥੨੦॥

Yoked by Thee, Nanak is yoked[17] to Thine service[18], O Lord.

ਤੇਰਾ ਜੋੜਿਆ ਹੋਇਆ ਨਾਨਕ, ਤੇਰੀ ਟਹਿਲ[18] ਅੰਦਰ ਜੁੜਿਆ ਹੋਇਆ[17] ਹੈ, ਹੇ ਸੁਆਮੀ !

ਆਸਾ ਮਹਲਾ ੫ ॥

Asa 5th Guru

ਆਸਾ ਪੰਜਵੀਂ ਪਾਤਸ਼ਾਹੀ !

ਨਿਕਟਿ[19] ਜੀਅ[20] ਕੈ ਸਦਹੀ[21] ਸੰਗਾ[22] ॥

The Lord is near[19], and is the perpetual[21] companion[22] of man[20].

ਸੁਆਮੀ ਨੇੜੇ[19] ਹੈ ਅਤੇ ਇਨਸਾਨ[20] ਦਾ ਹਮੇਸ਼[21] ਦਾ ਸਾਥੀ[22] ਹੈ ।

ਕੁਦਰਤਿ[23] ਵਰਤੈ[24] ਰੂਪ[25] ਅਰੁ[26] ਰੰਗਾ[27] ॥੧॥

Lord's Omnipotence[23] is pervading[24] all the forms[25] and[26] colours[27].

ਸੁਆਮੀ ਦੀ ਅਪਾਰ ਸ਼ਕਤੀ[23] ਸਾਰੀਆਂ ਸ਼ਕਲਾਂ[25] ਅਤੇ[26] ਰੰਗਤਾਂ[27] ਅੰਦਰ ਵਿਆਪਕ[24] ਹੋ ਰਹੀ ਹੈ ।

ਕਰੈ[28] ਨ ਝੁਰੈ[29] ਨਾ ਮਨੁ[30] ਰੋਵਨਹਾਰਾ[31] ॥

My soul[30] neither emaciates[28], nor repents[29] and nor does it bewail[31].

ਮੇਰੀ ਆਤਮਾ[30] ਸੜਦੀ[28] ਤੇ ਪਸ਼ਚਾਤਾਪ[29] ਨਹੀਂ ਕਰਦੀ ਅਤੇ ਨਾ ਹੀ ਇਹ ਵਿਲਲਾਂਦੀ[31] ਹੈ ।

ਅਵਿਨਾਸੀ[32] ਅਵਿਗਤੁ[33] ਅਗੋਚਰੁ[34] ਸਦਾ[35] ਸਲਾਮਤਿ[36] ਖਸਮੁ[37] ਹਮਾਰਾ[38] ॥੧॥ ਰਹਾਉ ॥

Imperishable[32], Unshakable[33], Unapproachable[34] and ever[35] safe and sound[36] is my [38] Husband[37]. Pause

ਅਮਰ[32], ਅਹਿੱਲ[33] ਅਤੇ ਪਹੁੰਚ ਤੋਂ ਪਰੇ[34] ਅਤੇ ਸਦੀਵੀ[35] ਨਵਾਂ ਨਰੋਆ[36] ਹੈ ਮੇਰਾ[38] ਕੰਤ[37]। ਠਹਿਰਾਉ।

ਤੇਰੇ ਦਾਸਰੇ[39] ਕਉ ਕਿਸ[40] ਕੀ ਕਾਣਿ[41] ॥

To whom[40] should Thy slave[39] owe subservience[41] ?

ਤੈਂਡਾ ਗੁਲਾਮ[39], ਕੀਹਦੀ[40] ਮੁਥਾਜੀ[41] ਕਰੇ ?

ਜਿਸ ਕੀ ਮੀਰਾ[43] ਰਾਖੈ[44] ਆਣਿ[45] ॥੨॥

His honour[45], the King[43] Himself preserves[44].

ਉਸ ਦੀ ਇੱਜ਼ਤ[45] ਪਾਤਸ਼ਾਹ[43] ਖ਼ੁਦ ਬਚਾਉਂਦਾ[44] ਹੈ।

ਜੋ ਲਉਡਾ[46] ਪ੍ਰਭਿ ਕੀਆ ਅਜਾਤਿ[47]॥ ਤਿਸੁ[48] ਲਉਡੇ ਕਉ ਕਿਸ ਕੀ[48] ਤਾਤਿ[50] ॥ ੩॥

The slave[46] whom the Lord has liberated[47], from the caste restrictions, under whose[49] obligation[50] should that[48] slave run ?

ਜਿਸ ਗੁਲਾਮ[46] ਨੂੰ ਸੁਆਮੀ ਨੇ ਜਾਤਾਂ ਪਾਤਾਂ ਦੇ ਬੰਧਨਾਂ ਤੋਂ ਆਜ਼ਾਦ ਕਰ ਦਿੱਤਾ[47] ਹੈ, ਉਹ[48] ਗੁਲਾਮ ਕੀਹਦਾ[49] ਅਹਿਸਾਨ[50] ਝੱਲੇ ?

ਵੇਮੁਹਤਾਜ[51] ਵੇਪਰਵਾਹੁ[52]॥ ਨਾਨਕ ਦਾਸ[53] ਕਹਹੁ[54] ਗੁਰ[55] ਵਾਹੁ[56] ॥੪॥੨੧॥

O Slave[53] Nanak, utter[54] thou the praise[56] of the great[55] Lord, who is dependent on none[51] and is absolutely care-free[52].

ਹੇ ਗੋਲੇ[53] ਨਾਨਕ ! ਤੂੰ ਵਡੇ[55] ਸੁਆਮੀ ਦੀ ਉਸਤੱਤੀ[56] ਉਚਾਰਨ ਕਰ[54], ਜੋ ਮੁਛੰਦਗੀ-ਰਹਿਤ[51] ਅਤੇ ਫਿਕਰ-ਵਿਹੂਣ[52] ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਹਰਿ ਰਸੁ[57] ਛੋਡਿ[58] ਹੋਛੈ[59] ਰਸਿ ਮਾਤਾ[60] ॥

Forsaking[58] God's relish[57], man is intoxicated[60] with worthless[59] relish.

ਵਾਹਿਗੁਰੂ ਦੇ ਸੁਆਦ[57] ਨੂੰ ਤਿਆਗ ਕੇ[58],ਬੰਦਾ ਨਿਕੰਮੇ[59] ਸੁਆਦ ਨਾਲ ਮਤਵਾਲਾ[60] ਹੋਇਆ ਹੋਇਆ ਹੈ।

ਘਰ[63] ਮਹਿ[61] ਵਸਤੁ[62] ਬਾਹਰਿ ਉਠਿ ਜਾਤਾ ॥੧॥

The commodity[62] is within[61] his home[63] and he goes out to search it.

ਵਖਰ[62] ਉਸ ਦੇ ਧਾਮ[63] ਦੇ ਵਿਚ[61] ਹੀ ਹੈ ਅਤੇ ਉਹ ਇਸ ਨੂੰ ਭਾਲਣ ਲਈ ਬਾਹਰ ਜਾਂਦਾ ਹੈ।

ਸੁਨੀ ਨ ਜਾਈ ਸਚੁ ਅੰਮ੍ਰਿਤ[64] ਕਾਥਾ[65] ॥

He cannot hear the true nectareal[64] discourse[65].

ਉਹ ਸੱਚੀ ਸੁਧਾ-ਸਰੂਪ[64] ਧਾਰਮਕ ਵਿਆਖਿਆ[65] ਸੁਣ ਨਹੀਂ ਸਕਦਾ।

ਰਾਰਿ[66] ਕਰਤ ਝੂਠੀ ਲਗਿ[67] ਗਾਥਾ[68] ॥੧॥ ਰਹਾਉ ॥

Attached[67] to false scriptures[68], he engages in contentions[66]. Pause.

ਕੂੜੀਆਂ ਮਜ਼ਹਬੀ ਪੁਸਤਕਾਂ[68] ਨਾਲ ਜੁੜ ਕੇ[67], ਉਹ ਵਾਦ ਵਿਵਾਦ[66] ਕਰਦਾ ਹੈ। ਠਹਿਰਾਉ।

ਵਜਹੁ[69] ਸਾਹਿਬ ਕਾ ਸੇਵ ਬਿਰਾਨੀ[70] ॥

Taking wages[69] from the Lord, man serves another[70].

ਤਨਖ਼ਾਹ[69] ਮਾਲਕ ਤੋਂ ਲੈ ਕੇ, ਬੰਦਾ ਹੋਰਸ[70] ਦੀ ਟਹਿਲ ਕਮਾਉਂਦਾ ਹੈ।

ਐਸੇ ਗੁਨਹ[71] ਅਛਾਦਿਓ[72] ਪ੍ਰਾਨੀ[73] ॥੨॥

With such sins[71] the mortal[73] is enveloped[72].

ਐਹੋ ਜੇਹੇ ਪਾਪਾਂ[71] ਨਾਲ ਜੀਵ[73] ਢਕਿਆ ਹੋਇਆ[72] ਹੈ।

ਤਿਸੁ ਸਿਉ ਲੂਕ[74]ਜੋ ਸਦਹੀ[75] ਸੰਗੀ[76] ॥ ਕਾਮਿ[77] ਨ ਆਵੈ ਸੋ[78] ਫਿਰਿ[79] ਫਿਰਿ ਮੰਗੀ[80] ॥੩॥

He hides[74] from Him, who is ever[75] with[76] him.

He asks of Him, again and again, the thing which is of no avail to him.

ਉਹ ਉਸ ਪਾਸੋਂ ਲੁਕੋਂਦਾ[74] ਹੈ, ਜਿਹੜਾ ਹਮੇਸ਼ਾ[75] ਹੀ ਉਸ ਦੇ ਨਾਲ[76] ਹੈ। ਜੋ ਉਸ ਦੇ ਕਿਸੇ ਕੰਮ[77] ਨਹੀਂ, ਉਸ ਦੀ[78] ਉਹ ਮੁੜ ਮੁੜ[79] ਕੇ ਯਾਚਨਾ ਕਰਦਾ ਹੈ[80]।

ਕਹੁ ਨਾਨਕ ਪ੍ਰਭ[81] ਦੀਨ[82] ਦਇਆਲਾ[83] ॥

Says Nanak, my Master[81] is merciful[83] to the meek[82].

ਗੁਰੂ ਜੀ ਆਖਦੇ ਹਨ, ਮੇਰਾ ਮਾਲਕ[81] ਮਸਕੀਨਾਂ[82] ਤੇ ਮਿਹਰਬਾਨ[83] ਹੈ।

ਜਿਉ[84] ਭਾਵੈ[85] ਤਿਉ ਕਰਿ ਪ੍ਰਤਿਪਾਲਾ[97] ॥੪॥੨੨॥

As[84] it pleases[85] Thee, so[86] doest support[87] me.

ਜਿਸ ਤਰ੍ਹਾਂ[84] ਤੈਨੂੰ ਚੰਗਾ ਲਗਦਾ ਹੈ[85], ਉਸੇ ਤਰ੍ਹਾਂ[86] ਹੀ ਮੇਰੀ ਪਾਲਣਾ-ਪੋਸਣਾ ਕਰ[87] ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਜੀਅ[88] ਪ੍ਰਾਨ[89] ਧਨੁ ਹਰਿ ਕੋ ਨਾਮੁ ॥

God's Name is my soul[88], life[89] and wealth.

ਰੱਬ ਦਾ ਨਾਮ ਮੇਰੀ ਆਤਮਾ[88], ਜਿੰਦ-ਜਾਨ[89] ਅਤੇ ਦੌਲਤ ਹੈ ।

ਈਹਾ[90] ਊਹਾਂ[91] ਉਨ[92] ਸੰਗਿ ਕਾਮੁ[93] ॥

Here[90] and hereafter[91], it[92] is of avail[93] unto me.

ਏਥੇ[90] ਅਤੇ ਉਥੇ[91] ਇਹ[92] ਮੇਰੇ ਕੰਮ[93] ਆਉਣ ਵਾਲਾ ਹੈ ।

ਬਿਨੁ ਹਰਿ ਨਾਮ ਅਵਰੁ[94] ਸਭੁ ਥੋਰਾ[95] ॥

Without God's Name all else[94] is (useless) wanting[95].

ਵਾਹਿਗੁਰੂ ਦੇ ਨਾਮ ਦੇ ਬਗ਼ੈਰ ਹੋਰ ਸਾਰਾ ਕੁਛ[94] ਘਟ[95] ਹੈ ।

ਤ੍ਰਿਪਤਿ ਅਘਾਵੈ[96] ਹਰਿ ਦਰਸਨਿ[97] ਮਨੁ ਮੋਰਾ[98] ॥ ੧॥ ਰਹਾਉ ॥

By God's sight[97], my[98] mind is sated and satiated[96]. Pause.

ਵਾਹਿਗੁਰੂ ਦੇ ਦੀਦਾਰ[97] ਦੁਆਰਾ ਮੇਰਾ[98] ਚਿੱਤ ਰੱਜ ਅਤੇ ਧ੍ਰਾਪ[96] ਜਾਂਦਾ ਹੈ । ਠਹਿਰਾਉ ।

ਭਗਤਿ[99] ਭੰਡਾਰ[100] ਗੁਰਬਾਣੀ ਲਾਲ[2] ॥

Gurbani is the treasure[100] of jewels[2] of Lord's meditation[99].

ਗੁਰਾਂ ਦੀ ਬਾਣੀ ਸੁਆਮੀ ਦੇ ਸਿਮਰਨ[99] ਦੇ ਜਵਾਹਿਰਾਤਾਂ[2] ਦਾ ਖ਼ਜ਼ਾਨਾ[100] ਹੈ ।

ਗਾਵਤ ਸੁਨਤ ਕਮਾਵਤ[3] ਨਿਹਾਲ[4] ॥੨॥

By singing, hearing and acting upto[3] it one is satisfied[4].

ਇਸ ਨੂੰ ਗਾਉਣ, ਸੁਣਨ ਅਤੇ ਇਸ ਉੱਤੇ ਅਮਲ ਕਰਨ ਦੁਆਰਾ[3] ਬੰਦਾ ਗਦਗਦ[4] ਹੋ ਜਾਂਦਾ ਹੈ ।

ਚਰਣ[5] ਕਮਲ[6] ਸਿਉ[7] ਲਾਗੋ[8] ਮਾਨੁ[9] ॥

With[7] the Lord's lotus[6] feet[5] my mind[9] is attached[8].

ਸਾਂਈ ਦੇ ਕੰਵਲ[6] ਪੈਰਾਂ[5] ਨਾਲ[7] ਮੇਰਾ ਮਨ[9] ਜੁੜਿਆ[8] ਹੋਇਆ ਹੈ ।

ਸਤਿਗੁਰਿ ਤੂਠੈ[10] ਕੀਨੋ ਦਾਨੁ[12] ॥੩॥

By his pleasure[10], the True Guru has given me this donation[12].

ਆਪਣੀ ਪਰਸੰਨਤਾ[10] ਦੁਆਰਾ ਸੱਚੇ ਗੁਰਾਂ ਨੇ ਮੈਨੂੰ ਇਹ ਬਖਸ਼ੀਸ਼[12] ਦਿੱਤੀ ਹੈ ।

ਨਾਨਕ ਕਉ ਗੁਰਿ ਦੀਖਿਆ[13] ਦੀਨ੍[14] ॥ ਪ੍ਰਭੁ ਅਬਿਨਾਸੀ[15] ਘਟਿ[16] ਘਟਿ ਚੀਨ੍[17] ॥੪॥੨੩॥

Unto Nanak, the Guru has imparted[14] this instruction[13]: Behold[17] the Immortal[15] Lord in every heart[16].

ਨਾਨਕ ਨੂੰ, ਗੁਰਾਂ ਨੇ ਇਹ ਸਿੱਖਿਆ[13] ਦਿੱਤੀ[14] ਹੈ ਕਿ ਉਸ ਅਮਰ[15] ਸਾਹਿਬ ਨੂੰ ਹਰ ਦਿਲ[16] ਅੰਦਰ ਵੇਖ[17] ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਅਨਦ[18] ਬਿਨੋਦ[19] ਭਰੇਪੁਰਿ[20] ਧਾਰਿਆ[21] ॥

Joys[18] and merry-makings[19] the All-pervading[20] Lord has established[21].

ਖੁਸ਼ੀਆਂ[18] ਅਤੇ ਮੌਜ ਬਹਾਰਾਂ[19] ਸਰਬ-ਵਿਆਪਕ[20] ਸੁਆਮੀ ਨੇ ਅਸਥਾਪਨ ਕੀਤੀਆਂ[21] ਹਨ ।

ਅਪੁਨਾ ਕਾਰਜੁ[22] ਆਪਿ[23] ਸਵਾਰਿਆ[24] ॥੧॥

His affair[22], He Himself[23] has adjusted[24].

ਆਪਣਾ ਕੰਮ[22] ਉਸ ਨੇ ਆਪੇ[23] ਹੀ ਰਾਸ ਕੀਤਾ[24] ਹੈ ।

ਪੂਰ[25] ਸਮਗ੍ਰੀ[26] ਪੂਰੇ ਠਾਕੁਰ ਕੀ ॥

Perfect[25] is the creation[26] of the Perfect Lord.

ਪੂਰਨ[25] ਹੈ ਰਚਨਾ[26] ਪੂਰਨ ਸਾਹਿਬ ਦੀ ।

ਭਰਿਪੁਰਿ[27] ਧਾਰਿ ਰਹੀ[28] ਸੋਭ[29] ਜਾਕੀ[30] ॥੧॥ਰਹਾਉ॥

His[30] magnificence[29] is filling[27] and pervading[28] all. Pause.

ਉਸ ਦਾ[30] ਪਰਤਾਪ[29] ਸਾਰਿਆਂ ਵਿਚ ਪਰੀ ਪੂਰਨ[27] ਅਤੇ ਵਿਆਪਕ[28] ਹੋ ਰਿਹਾ ਹੈ । ਠਹਿਰਾਉ ।

ਨਾਮੁ ਨਿਧਾਨੁ[31] ਜਾਕੀ[32] ਨਿਰਮਲ[33] ਸੋਇ[34] ॥

His Name is the treasure[31], whose[32] repute[34] is immaculate[33].

ਉਸ ਦਾ ਨਾਮ ਖ਼ਜ਼ਾਨਾ[31] ਹੈ, ਜਿਸ[32] ਦੀ ਸੋਭਾ[34] ਪਵਿੱਤ੍ਰ[43] ਹੈ ।

ਆਪੇ[35] ਕਰਤਾ[36] ਅਵਰੁ[37] ਨ ਕੋਇ ॥੨॥	He Himself[35] is the Creator[36] and there is not any other[37].	ਉਹ ਖ਼ੁਦ[35] ਹੀ ਸਿਰਜਣਹਾਰ[36] ਹੈ। ਹੋਰ ਕੋਈ[37] ਹੈ ਹੀ ਨਹੀਂ।
ਜੀਅ ਜੰਤ[38] ਸਭਿ ਤਾਕੈ[39] ਹਾਥਿ ॥	All the living beings[38] are in His[39] hands.	ਸਾਰੇ ਪ੍ਰਾਣਧਾਰੀ[38] ਉਸ ਦੇ[39] ਹੱਥਾਂ ਵਿੱਚ ਹਨ।
ਰਵਿ ਰਹਿਆ[40] ਪ੍ਰਭੁ ਸਭ[41] ਕੈ ਸਾਥਿ[42] ॥੩॥	The Lord is contained[40] amongst all[41] and is with[42] them.	ਸੁਆਮੀ ਸਾਰਿਆਂ[41] ਅੰਦਰ ਵਿਆਪਕ[40] ਹੈ ਅਤੇ ਉਨ੍ਹਾਂ ਦੇ ਨਾਲ[42] ਹੈ।
੩੭੭		
ਪੂਰਾ ਗੁਰੁ ਪੂਰੀ[43] ਬਣਤ[44] ਬਣਾਈ[45] ॥	The Perfect Guru has made[45] the perfect[43] make[44].	ਪੂਰਨ ਗੁਰੂ ਨੇ ਪੂਰਨ[43] ਘਾੜਤ[44] ਘੜੀ[45] ਹੈ।
ਨਾਨਕ ਭਗਤ[46] ਮਿਲੀ[47] ਵਡਿਆਈ[48] ॥੪॥੨੪॥	O Nanak, the Lord's devotees[46] are blessed[47] with honour[48].	ਹੇ ਨਾਨਕ, ਪ੍ਰਭੂ ਦੇ ਭਗਤਾਂ[46] ਨੂੰ ਇੱਜ਼ਤ[48] ਦੀ ਦਾਤ ਮਿਲੀ[47] ਹੈ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਗੁਰ ਕੈ ਸਬਦਿ[49] ਬਨਾਵਹੁ[50] ਇਹੁ ਮਨੁ ॥	In the mould of Guru's instruction[49], I fashion[50] this mind of mine.	ਗੁਰਾਂ ਦੇ ਉਪਦੇਸ਼[49] ਦੇ ਸੱਚੇ ਵਿੱਚ ਮੈਂ ਆਪਣੇ ਇਸ ਮਨੂਏ ਨੂੰ ਘੜਦਾ[50] ਹਾਂ।
ਗੁਰ ਕਾ ਦਰਸਨੁ[51] ਸੰਚਹੁ[52] ਹਰਿ ਧਨੁ[53] ॥੧॥	I see Guru's sight[51] and amass[52] God's wealth[53].	ਮੈਂ ਗੁਰਾਂ ਦਾ ਦੀਦਾਰ[51] ਦੇਖਦਾ ਅਤੇ ਵਾਹਿਗੁਰੂ ਦੀ ਦੌਲਤ[53] ਇਕੱਤ੍ਰ[52] ਕਰਦਾ ਹਾਂ।
ਊਤਮ[54] ਮਤਿ[55] ਮੇਰੇ ਰਿਦੈ[56] ਤੂੰ ਆਉ[57] ॥	O sublime[54] understanding[55], come[57] thou into my mind[56],	ਹੇ ਸ੍ਰੇਸ਼ਟ[54] ਸਮਝ[55] ! ਤੂੰ ਮੇਰੇ ਮਨ[56] ਅੰਦਰ ਪ੍ਰਵੇਸ਼[57] ਕਰ ;
ਧਿਆਵਉ[58] ਗਾਵਉ[59] ਗੁਣ[60] ਗੋਵਿੰਦਾ[61] ਅਤਿ[62] ਪ੍ਰੀਤਮ[63] ਮੋਹਿ ਲਾਗੈ ਨਾਉ ॥ ੧॥ਰਹਾਉ॥	That I may ponder[58] on and sing[59] Lord's[61] praise[60], and exceedingly[62] love[63] His Name. Pause.	ਤਾਂ ਜੋ ਮੈਂ ਸੁਆਮੀ[61] ਦੀ ਕੀਰਤੀ[60] ਦਾ ਚਿੰਤਨ[58] ਤੇ ਗਾਇਨ[59] ਕਰਾਂ ਅਤੇ ਮੈਨੂੰ ਉਸ ਦਾ ਨਾਮ ਪਰਮ[62] ਪਿਆਰਾ[63] ਲੱਗੇ। ਠਹਿਰਾਉ।
ਤ੍ਰਿਪਤਿ[64] ਅਘਾਵਨੁ[65] ਸਾਚੈ ਨਾਇ[66] ॥	Through the True Name[66] I am sated[64] and satiated[65].	ਸੱਚੇ ਨਾਮ[66] ਦੁਆਰਾ ਮੈਂ ਰੱਜ[64] ਤੇ ਧ੍ਰਾਪ[65] (ਰੱਜ ਪੁੱਜ) ਗਿਆ ਹਾਂ।
ਅਠਸਠਿ[67] ਮਜਨੁ[68] ਸੰਤ ਧੂਰਾਇ[69] ॥੨॥	The dust[69] of saints' feet is my ablution[68] at the sixty eight[67] shrines.	ਸਾਧੂਆਂ ਦੇ ਪੈਰਾਂ ਦੀ ਧੂੜ[69] ਮੇਰਾ ਅਠਾਹਠ[67] ਤੀਰਥਾਂ ਦਾ ਇਸ਼ਨਾਨ[68] ਹੈ।
ਸਭ ਮਹਿ[70] ਜਾਨਉ[71] ਕਰਤਾ[72] ਏਕ[73] ॥	I realise[71] that the Creator[72] alone[73] is contained amongst[70] all.	ਮੈਂ ਕੇਵਲ[73] ਕਰਤਾਰ[72] ਨੂੰ ਸਾਰਿਆਂ ਅੰਦਰ[70] ਰਮਿਆ ਹੋਇਆ ਅਨੁਭਵ[71] ਕਰਦਾ ਹਾਂ।
ਸਾਧ ਸੰਗਤਿ ਮਿਲਿ ਬੁਧਿ[74] ਬਿਬੇਕ[75] ॥੩॥	By meeting saints' society acute[75] becomes my understanding[74].	ਸਤਿ ਸੰਗਤ ਨਾਲ ਜੁੜ ਕੇ ਪ੍ਰਬੀਨ[75] ਹੋ ਗਈ ਹੈ ਮੇਰੀ ਸਮਝ[74]।
ਦਾਸੁ[76] ਸਗਲ ਕਾ ਛੋਡਿ[77] ਅਭਿਮਾਨੁ[78] ॥	Abandoning[77] pride[78], I have become the servant[76] of all.	ਹੰਕਾਰ[78] ਨੂੰ ਤਿਆਗ ਕੇ[77] ਮੈਂ ਸਾਰਿਆਂ ਦਾ ਸੇਵਕ[76] ਹੋ ਗਿਆ ਹਾਂ।
ਨਾਨਕ ਕਉ[79] ਗੁਰਿ[82] ਦੀਨੋ[80] ਦਾਨੁ[81] ॥੪॥੨੫॥	Unto[79] Nanak, the great[82] Lord has granted[80] this boon[81].	ਨਾਨਕ ਨੂੰ[79] ਵਿਸ਼ਾਲ[82] ਸੁਆਮੀ ਨੇ ਇਹ ਦਾਤ[81] ਬਖ਼ਸ਼ੀ[80] ਹੈ।

ਆਸਾ ਮਹਲਾ ੫ ॥

ਬੁਧਿ[83] ਪ੍ਰਗਾਸ[84] ਭਈ ਮਤਿ[85] ਪੂਰੀ[86] ॥
ਤਾਤੇ[87] ਬਿਨਸੀ[88] ਦੁਰਮਤਿ[89] ਦੂਰੀ[90] ॥੧॥

ਐਸੀ[91] ਗੁਰਮਤਿ[92] ਪਾਈਅਲੇ ॥ ਬੂਡਤ[93] ਘੋਰ[94] ਅੰਧ[95] ਕੂਪ[96] ਮਹਿ[97] ਨਿਕਸਿਓ[98] ਮੇਰੇ ਭਾਈ[99] ਰੇ[100] ॥੧॥ਰਹਾਉ॥

ਮਹਾ[2] ਅਗਾਹ[3] ਅਗਨਿ[4] ਕਾ ਸਾਗਰੁ[5] ॥ ਗੁਰੂ ਬੋਹਿਥੁ[6] ਤਾਰੇ[7] [8]ਰਤਨਾਗਰੁ[9] ॥੨॥

ਦੁਤਰ[10] ਅੰਧ[12] ਬਿਖਮ[13] ਇਹ[15] ਮਾਇਆ[14] ॥
ਗੁਰਿ ਪੂਰੈ[16] ਪਰਗਟੁ[17] ਮਾਰਗੁ[18] ਦਿਖਾਇਆ[19] ॥ ੩॥

ਜਾਪ[20] ਤਾਪ[21] ਕਛੁ ਉਕਤਿ[22] ਨ ਮੋਰੀ[23] ॥
ਗੁਰ ਨਾਨਕ ਸਰਣਾਗਤਿ[24] ਤੋਰੀ[25] ॥੪॥੨੬॥

ਆਸਾ ਮਹਲਾ ੫ ॥
ਤਿਪਦੇ ੨ ॥

ਹਰਿ ਰਸੁ[26] ਪੀਵਤ[27] ਸਦ[28] ਹੀ ਰਾਤਾ[29] ॥
ਆਨ[30] ਰਸਾ[31] ਖਿਨ[32] ਮਹਿ[33] ਲਹਿ ਜਾਤਾ[34] ॥
ਹਰਿ ਰਸ[38] ਕੇ ਮਾਤੇ[35] ਮਨਿ[36] ਸਦਾ ਅਨੰਦ[37] ॥
ਆਨ[39] ਰਸਾ[40] ਮਹਿ ਵਿਆਪੈ[41] ਚਿੰਦ[42] ॥੧॥

Asa 5th Guru's

My intellect[83] is illumined[84] by Guru's instruction[86] and has become perfect[86].
Therewith[87] is removed[88] my evil-intellect[89] which kept me away[90] from my Master.

I have obtained such[91] an understanding[92] through the Guru that I have escaped[98] whilst I was drowning[93] in[97] the pitch[94] dark[95] well[96], O[100] my brother[99]. Pause.

Guru, the mine[9] of gems[8] is the ship[6] to cross[7] the highly[2] unfathomable[3] ocean[5] of fire[4].

Dark[12] and arduous[13] is this[15] mammon's[14] ocean[10].
To cross it, the perfect[16] Guru, has clearly[17] shown[19] the way[18].

To my[23] credit, I have no worship[20], penance[21] and argument[22].
O Guru Nanak, I seek but thy[25] protection[24].

Asa 5th Guru.

Tipade

He, who drinks[27] God's elixir,[26] ever[23] remains imbued[29].
All other[30] relishes[31] wear off[34] in [33] a moment[32].
Intoxicated[35] with Lord's essence[38] one is ever happy[37] in mind[36]. In other[39] revelments[40], anxiety[42] befalls[41] one.

ਆਸਾ ਪੰਜਵੀਂ ਪਾਤਸ਼ਾਹੀ ।

ਗੁਰਾਂ ਦੀ ਪੂਰਨ[86] ਸਿੱਖਮੱਤ[85] ਦੁਆਰਾ ਮੇਰੀ ਅਕਲ[83] ਰੋਸ਼ਨ[84] ਹੋ ਗਈ ਹੈ ।
ਉਸ ਦੁਆਰਾ[87] ਮੇਰੀ ਮੰਦੀ-ਅਕਲ[89] ਨਾਸ ਹੋ ਗਈ ਹੈ[88], ਜੋ ਮੈਨੂੰ ਮੇਰੇ ਮਾਲਕ ਪਾਸੋਂ ਦੂਰੇਡੇ[90] ਰੱਖਦੀ ਸੀ ।

ਗੁਰਾਂ ਦੇ ਜ਼ਰੀਏ ਮੈਨੂੰ ਐਹੋ ਜਹੀ[91] ਸਮਝ[42] ਪ੍ਰਾਪਤ ਹੋਈ ਹੈ ਕਿ ਮੈਂ ਪਰਮ[94] ਅੰਨ੍ਹੇ[95] ਖੂਹ[96] ਵਿਚ[97] ਡੁੱਬਦਾ[93] ਹੋਇਆ ਬਚ ਨਿਕਲਿਆ[98] ਹਾਂ, ਹੇ[100] ਮੇਰੇ ਵੀਰ[99] ! ਠਹਿਰਾਉ ।

ਜਵੇਹਰਾਂ[8] ਦੀ ਖਾਣ[9] ਗੁਰੂ ਜੀ, ਅੱਗ[4] ਦੇ ਪਰਮ[2] ਅਥਾਹ[3] ਸਮੁੰਦਰ[5] ਤੋਂ ਪਾਰ ਹੋਣ ਲਈ[7] ਇਕ ਜਹਾਜ਼[6] ਹਨ ।

ਅੰਨ੍ਹਾ[12] ਅਤੇ ਔਖਾ[13] ਹੈ ਇਸ[15] ਧਨ ਦੌਲਤ[14] ਦਾ ਸਮੁੰਦਰ[10] ।
ਇਸ ਨੂੰ ਪਾਰ ਕਰਨ ਲਈ ਪੂਰਨ[16] ਗੁਰਾਂ ਨੇ ਰਸਤਾ[18] ਪਰਤੱਖ[17] ਤੌਰ ਤੇ ਵਿਖਾਲ ਦਿੱਤਾ[19] ਹੈ ।

ਮੇਰੇ[23] ਹੱਕ ਵਿਚ ਕੋਈ ਪੂਜਾ[20], ਤਪੱਸਿਆ[21] ਅਤੇ ਦਲੀਲ[22] ਨਹੀਂ ।
ਹੇ ਗੁਰੂ ਨਾਨਕ ! ਮੈਂ ਕੇਵਲ ਤੇਰੀ[25] ਪਨਾਹ[24] ਲੋੜਦਾ ਹਾਂ ।

ਆਸਾ ਪੰਜਵੀਂ ਪਾਤਸ਼ਾਹੀ ।

ਤਿਪਦੇ ।

ਜੋ ਵਾਹਿਗੁਰੂ ਦੇ ਅੰਮ੍ਰਿਤ[26] ਨੂੰ ਪਾਨ ਕਰਦਾ[27] ਹੈ, ਉਹ ਹਮੇਸ਼ਾਂ[28] ਹੀ ਰੰਗੀਜਿਆ[29] ਰਹਿੰਦਾ ਹੈ ।
ਹੋਰ[30] ਸਾਰੇ ਸੁਆਦ[31] ਇਕ ਮੁਹਤ[32] ਅੰਦਰ[33] ਮਿੱਟ ਜਾਂਦੇ ਹਨ[34] ।
ਸੁਆਮੀ ਦੇ ਜੌਹਰ[38] ਨਾਲ ਮਤਵਾਲਾ[35] ਹੋ ਕੇ ਬੰਦਾ[36] ਮਨੋ ਹਮੇਸ਼ਾਂ ਖੁਸ਼[37] ਰਹਿੰਦਾ ਹੈ । ਹੋਰਨਾਂ[39] ਰੰਗ ਰਲੀਆਂ[40] ਅੰਦਰ ਉਸ ਨੂੰ ਫ਼ਿਕਰ[42] ਆ ਵਾਪਰਦਾ[41] ਹੈ ।

ਹਰਿ ਰਸੁ ਪੀਵੈ ਅਲਮਸਤੁ[43] ਮਤਵਾਰਾ[44] ॥
ਆਨ ਰਸਾ ਸਭਿ ਹੋਛੇ[45] ਰੇ[46] ॥੧॥ਰਹਾਉ॥
ਹਰਿ ਰਸ ਕੀ ਕੀਮਤਿ[47] ਕਹੀ[48] ਨ ਜਾਇ ॥
ਹਰਿ ਰਸੁ ਸਾਧੂ ਹਾਟਿ[49] ਸਮਾਇ[50] ॥੨॥
ਲਾਖ ਕਰੋਰੀ[53] ਮਿਲੈ[51] ਨ ਕੋਹ[52] ॥
ਜਿਸਹਿ ਪਰਾਪਤਿ[54] ਤਿਸ[56] ਹੀ ਦੇਹਿ[55] ॥੨॥
ਨਾਨਕ ਚਾਖਿ[57] ਭਏ ਬਿਸਮਾਦੁ[58] ॥
ਨਾਨਕ ਗੁਰ ਤੇ[59] ਆਇਆ ਸਾਦੁ[60] ॥
ਈਤ[61] ਊਤ[62] ਕਤ[63] ਛੋਡਿ[64] ਨ ਜਾਇ[65] ॥
ਨਾਨਕ ਗੀਧਾ[66] ਹਰਿ ਰਸ ਮਾਹਿ ॥੩॥੨੭॥

ਆਸਾ ਮਹਲਾ ੫ ॥

ਕਾਮੁ[67] ਕ੍ਰੋਧੁ[68] ਲੋਭੁ[69] ਮੋਹੁ[70] ਮਿਟਾਵੈ[71] ਛੁਟਕੈ[72] ਦੁਰਮਤਿ[73] ਅਪੁਨੀ ਧਾਰੀ[74] ॥
ਹੋਇ ਨਿਮਾਣੀ[74*] ਸੇਵ ਕਮਾਵਹਿ ਤਾ[75] ਪ੍ਰੀਤਮ[76] ਹੋਵਹਿ ਮਨਿ[77] ਪਿਆਰੀ[78] ॥੧॥
ਸੁਣਿ ਸੁੰਦਰਿ[79] ਸਾਧੂ ਬਚਨ[80] ਉਧਾਰੀ[81] ॥
ਦੂਖ[82] ਭੂਖ[83] ਮਿਟੈ[84] ਤੇਰੋ ਸਹਸਾ[85] ਸੁਖ[88] ਪਾਵਹਿ ਤੂੰ ਸੁਖਮਨਿ[86] ਨਾਰੀ[87] ॥੧॥ ਰਹਾਉ ॥

He who drinks God's Nectar is inebriated[43] and intoxicated[44].
All other pleasures are but paltry[45] (vain) O man[46]. Pause.
The value[47] of Lord's ambrosia cannot be told[48].
Lord's ambrosia is contained[50] in the saints' shop[49].
With lacs and millions[53] of rupees, no one[52] can receive[51] it.
He, who is destined to obtain[54] it, Him[56] alone the Guru gives[55].
By tasting[57] it, Nanak has become wonder-struck[58].
Through the Guru[59], Nanak has obtained its relish[60].
Here[61] and hereafter[62], leaving[64] it, Nanak goes[65] no where[63] else.
Nanak has become enamoured[66] of God's essence.

Asa. 5th Guru.

If the bride leaves[72] and obliterates[71] her lust[67], wrath[68], avarice[69], wordly[70] love, evil-intellect[73], self-wilfulness[74] and by becoming humble[74*] serves her Lord, then[75] does she become dear[78] to her Beloved's heart[77].

Hear, O beauty[79], by saint Guru's hymns[80] thou shalt be saved[81].
Thy pain[82], hunger[83] and doubt[85] shall vanish[54] and thou, O lady[87], with joyous heart[86], shalt obtain peace[88]. Pause.

ਜੋ ਵਾਹਿਗੁਰੂ ਦਾ ਅੰਮ੍ਰਿਤ ਪਾਨ ਕਰਦਾ ਹੈ, ਉਹ ਪੂਰਨ ਗੁੱਟ[43] ਅਤੇ ਨਸ਼ਈ[44] ਹੋ ਜਾਂਦਾ ਹੈ।
ਹੋਰ ਸਾਰੀਆਂ ਮਨ-ਮੌਜਾਂ ਕੇਵਲ ਤੁੱਛ[45] ਹਨ, ਹੇ ਬੰਦੇ[46]! ਠਹਿਰਾਉ।
ਸਾਂਈ ਦੇ ਅੰਮ੍ਰਿਤ ਦਾ ਮੁੱਲ[47] ਦੱਸਿਆ[48] ਨਹੀਂ ਜਾ ਸਕਦਾ।
ਸਾਂਈ ਦਾ ਅੰਮ੍ਰਿਤ ਸੰਤਾਂ ਦੀ ਦੁਕਾਨ[49] ਅੰਦਰ ਟਿੱਕਿਆ[50] ਹੋਇਆ ਹੈ।
ਲੱਖਾਂ ਅਤੇ ਕ੍ਰੋੜਾਂ[53] ਰੁਪੱਈਆਂ ਨਾਲ ਕੋਈ ਜਣਾ[52] ਇਸ ਨੂੰ ਪਰਾਪਤ[51] ਨਹੀਂ ਕਰ ਸਕਦਾ।
ਜਿਸ ਦੇ ਭਾਗਾਂ ਵਿਚ ਇਸ ਦਾ ਹਾਸਲ ਕਰਨਾ[54] ਲਿਖਿਆ ਹੋਇਆ ਹੈ, ਕੇਵਲ ਉਸ ਨੂੰ[56] ਹੀ ਗੁਰੂ ਜੀ ਦਿੰਦੇ[55] ਹਨ। ਇਸ ਨੂੰ ਚੱਖ[57] ਕੇ ਨਾਨਕ ਚੱਕ੍ਰਿਤ[58] ਹੋ ਗਿਆ ਹੈ।
ਗੁਰਾਂ ਦੇ ਰਾਹੀਂ[59] ਨਾਨਕ ਨੂੰ ਇਸ ਦਾ ਸੁਆਦ[60] ਪਰਾਪਤ ਹੋਇਆ ਹੈ।
ਏਥੇ[61] ਅਤੇ ਓਥੇ[62] ਇਸ ਨੂੰ ਤਿਆਗ ਕੇ[64], ਨਾਨਕ ਹੋਰ ਕਿਧਰੇ[63] ਨਹੀਂ ਜਾਂਦਾ[65]।
ਨਾਨਕ ਰੱਬ ਦੇ ਜੌਹਰ ਦਾ ਚਾਹਵਾਨ[66] (ਮਤਵਾਲਾ) ਹੋ ਗਿਆ ਹੈ।

ਆਸਾ ਪੰਜਵੀਂ ਪਾਤਸ਼ਾਹੀ।

ਜੇਕਰ ਪਤਨੀ ਆਪਣੇ ਭੋਗ-ਬਿਲਾਸ[67], ਰੋਹ[68], ਲਾਲਚ[69], ਸੰਸਾਰੀ ਮਮਤਾ[70], ਮੰਦੀ ਅਕਲ[73] ਅਤੇ ਆਪ-ਮੋਹਾਰੇਪਣ[74] ਨੂੰ ਛੱਡ[72] ਤੇ ਮੇਸ ਦੇਵੇ[71] ਅਤੇ ਮਸਕੀਨ[74*] ਹੋ ਕੇ ਆਪਣੇ ਸੁਆਮੀ ਦੀ ਸੇਵਾ ਕਰੇ, ਤਦ[75] ਉਹ ਆਪਣੇ ਪਿਆਰੇ[76] ਦੇ ਦਿਲ[77] ਦੀ ਲਾਡਲੀ[78] ਥੀ ਵੰਞਦੀ ਹੈ।

ਸ੍ਰਵਣ ਕਰ, ਹੇ ਸੁਹਣੀਏ[79]! ਸੰਤ ਗੁਰਾਂ ਦੀ ਬਾਣੀ[80] ਦੁਆਰਾ ਤੇਰਾ ਪਾਰ ਉਤਾਰਾ[81] ਹੋਵੇਗਾ।
ਤੇਰੀ ਪੀੜ[82], ਭੁੱਖ[83] ਅਤੇ ਵਹਿਮ[85] ਅਲੋਪ[84] ਹੋ ਜਾਣਗੇ, ਅਤੇ ਤੂੰ, ਹੇ ਖੁਸ਼-ਚਿੱਤ ਵਾਲੀ[86] ਇਸਤਰੀਏ[87]! ਅਨੰਦ[88] ਪਾ ਲਵੇਂਗੀ। ਠਹਿਰਾਉ।

ਚਰਣ[89] ਪਖਾਰਿ[90] ਕਰਉ ਗੁਰ ਸੇਵਾ ਆਤਮ[91] ਸੁਧੁ[92] ਬਿਖੁ[93]ਤਿਆਸ[94]ਨਿਵਾਰੀ[95]॥	By washing[90] Guru's feet[89] and serving him, the soul[91] becomes pure[92] and the thirst[94] for sins[93] is quenched[95].	ਗੁਰਾਂ ਦੇ ਪੈਰ[89] ਧੋਣ[90] ਅਤੇ ਉਨ੍ਹਾਂ ਦੀ ਟਹਿਲ ਕਮਾਉਣ ਦੁਆਰਾ ਆਤਮਾ[91] ਪਵਿੱਤ੍ਰ[92] ਹੋ ਜਾਂਦੀ ਹੈ ਅਤੇ ਪਾਪਾਂ[93] ਦੀ ਤੇਹ[94] ਬੁੱਝ ਜਾਂਦੀ ਹੈ[95]।
ਦਾਸਨ ਕੀ ਹੋਇ ਦਾਸਿ ਦਾਸਰੀ[96] ਤਾ[97] ਪਾਵਹਿ[98] ਸੋਭਾ[99] ਹਰਿ ਦੁਆਰੀ[100] ॥ ੨॥	If thou become the hand maiden[96] of God's slave's slave, then[97] shalt thou attain[98] honour[99] in His court[100].	ਜੇਕਰ ਤੂੰ ਵਾਹਿਗੁਰੂ ਦੇ ਗੋਲੋ ਦੇ ਗੋਲੇ ਦੀ ਟਹਿਲਣ[96] ਬਣ ਜਾਵੇਂ, ਤਦ[97] ਤੂੰ ਉਸ ਦੇ ਦਰਬਾਰ[100] ਅੰਦਰ ਇੱਜ਼ਤ[99] ਪਾ ਲਵੇਂਗੀ[98]।
ਇਹੀ ਅਚਾਰ[2] ਇਹੀ ਬਿਉਹਾਰਾ[3] ॥ ਆਗਿਆ[4] ਮਾਨਿ[5] ਭਗਤਿ[6] ਹੋਇ ਤੁਮ੍ਹਾਰੀ ॥	This is the right conduct[2], and this is the correct daily routine[3] that thou obeyest[5] Lord's will[4], This is thy worship[6] too.	ਏਹੀ ਦਰੁਸਤ ਚਾਲ ਚਲਨ[2] ਹੈ ਤੇ ਏਹੀ ਠੀਕ ਨਿੱਤ ਕਰਮ[3] ਕਿ ਤੂੰ ਸੁਆਮੀ ਦੀ ਰਜ਼ਾ[4] ਦੀ ਪਾਲਣਾ[5] ਕਰੇਂ। ਇਹ ਹੀ ਤੇਰੀ ਉਪਾਸ਼ਨਾ[6] ਹੈ।
੩੭੮		
ਜੋ ਇਹੁ ਮੰਤ੍ਰੁ[7] ਕਮਾਵੈ[8] ਨਾਨਕ ਸੋ[9] ਤ[10]ਭਉਜਲੁ[12] ਪਾਰਿ ਉਤਾਰੀ[13] ॥੩॥੨੮॥	He[9] who practises[8] this spell[7], O Nanak, swims across[13] the dreadful[10] world ocean[12].	ਜੋ ਇਸ ਜਾਦੂ[7] ਦੀ ਕਮਾਈ ਕਰਦਾ[8] ਹੈ, ਹੇ ਨਾਨਕ! ਉਹ[9] ਭਿਆਨਕ[10] ਸੰਸਾਰ ਸਮੁੰਦਰ[12] ਤੋਂ ਪਾਰ[13] ਹੋ ਜਾਂਦਾ ਹੈ।
ਆਸਾ ਮਹਲਾ ੫ ਦੁਪਦੇ ॥	Asa 5th Guru. Dupade.	ਆਸਾ ਪੰਜਵੀਂ ਪਾਤਸ਼ਾਹੀ। ਦੁਪਦੇ।
ਭਈ ਪਰਾਪਤਿ ਮਾਨੁਖ ਦੇਹੁਰੀਆ ॥	This human body has come to thy hand.	ਇਹ ਮਨੁਖੀ ਦੇਹਿ ਤੇਰੇ ਹੱਥ ਲੱਗੀ ਹੈ।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥	This is thy chance to meet the Lord of the world.	ਸ੍ਰਿਸ਼ਟੀ ਦੇ ਸੁਆਮੀ ਨੂੰ ਮਿਲਣ ਦਾ ਏਹੀ ਤੇਰਾ ਮੌਕਾ ਹੈ।
ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥	Other affairs are of no avail to thee. Joining the society of saints, contemplate over the Name alone.	ਹੋਰ ਕਾਰਜ ਤੇਰੇ ਕਿਸੇ ਕੰਮ ਨਹੀਂ ਆਉਣੇ। ਸਤਿ ਸੰਗਤ ਅੰਦਰ ਜੁੜ ਕੇ ਸਿਰਫ਼ ਨਾਮ ਦਾ ਸਿਮਰਨ ਕਰ।
ਸਰੰਜਾਮਿ ਲਾਗੁ ਭਵਜਲ ਤਰਨ ਕੈ ॥	Make effort for crossing the terrible world ocean.	ਭਿਆਨਕ ਸੰਸਾਰ ਸਮੁੰਦਰ ਤੋਂ ਪਾਰ ਉਤਰਨ ਲਈ ਆਹਰ ਕਰ।
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ਰਹਾਉ॥	In the love of worldliness, the human life is passing away in vain. Pause.	ਦੁਨੀਆਦਾਰੀ ਦੀ ਮੁਹੱਬਤ ਅੰਦਰ ਮਨੁੱਖੀ ਜੀਵਨ ਵਿਅਰਥ ਬੀਤ ਰਿਹਾ ਹੈ। ਠਹਿਰਾਉ।
ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥	I have not practised meditation, arduous toil, self-restraint and faith.	ਮੈਂ ਸਿਮਰਨ, ਕਰੜੀ ਘਾਲ, ਸਵੈ-ਰੋਕ ਥਾਮ ਅਤੇ ਈਮਾਨ ਦੀ ਕਮਾਈ ਨਹੀਂ ਕੀਤੀ।
ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥	I have not served the saints and have not recognised God, the King.	ਮੈਂ ਸੰਤ ਦੀ ਟਹਿਲ ਨਹੀਂ ਕਮਾਈ ਅਤੇ ਵਾਹਿਗੁਰੂ ਪਾਤਸ਼ਾਹ ਦੀ ਸਿੰਆਣ ਨਹੀਂ ਕੀਤੀ।
ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੨੯॥	Says Nanak, mean are mine deeds. Preserve Thou the honour of Thine shelter seeker, O my Master.	ਗੁਰੂ ਜੀ ਆਖਦੇ ਹਨ, ਅਧਮ ਹਨ ਮੇਰੇ ਅਮਲ। ਆਪਣੀ ਪਨਾਹ ਲੈਣ ਵਾਲੇ ਦੀ ਲੱਜਿਆ ਰੱਖ, ਹੇ ਮੇਰੇ ਮਾਲਕ!

ਆਸਾ ਮਹਲਾ ੫ ॥
ਤੁਝ ਬਿਨੁ ਅਵਰੁ[14] ਨਾਹੀ ਮੈ ਦੂਜਾ[15] ਤੂੰ ਮੇਰੇ ਮਨ ਮਾਹੀ[16] ॥
ਤੂੰ ਸਾਜਨੁ[17] ਸੰਗੀ[18] ਪ੍ਰਭੁ ਮੇਰਾ ਕਾਹੇ[19] ਜੀਅ[20] ਡਰਾਹੀ[21] ॥੧॥
ਤੁਮਰੀ ਓਟ[22] ਤੁਮਾਰੀ ਆਸਾ[23] ॥
ਬੈਠਤ ਊਠਤ ਸੋਵਤ ਜਾਗਤ ਵਿਸਰੁ[25] ਨਾਹੀ ਤੂੰ ਸਾਸ[24] ਗਿਰਾਸਾ[26] ॥੧॥ਰਹਾਉ॥
ਰਾਖੁ[27] ਰਾਖੁ ਸਰਣਿ[28] ਪ੍ਰਭ ਅਪਨੀ ਅਗਨਿ[29] ਸਾਗਰ[30] ਵਿਕਰਾਲਾ[31] ॥
ਨਾਨਕ ਕੇ ਸੁਖਦਾਤੇ[32] ਸਤਿਗੁਰ ਹਮ[33] ਤੁਮਰੇ ਬਾਲ[34] [35]ਗੁਪਾਲਾ[36] ॥੨॥ ੩੦॥

Asa 5th Guru.

Without Thee, O Lord, I have no other[14] second[15]. Thou alone art in[16] my mind.
Thou O Lord, art my friend[17] and comrade[18]. Therefore why[19] should my soul[20] be afraid[21] ?
Thou art my refuge[22] and Thou art my hope[23].
Sitting, standing, sleeping, waking, breathing[24] or eating[26], may I not forget[25] Thee, O Lord Pause.
Protect[27], protect me, O Lord, I have entered Thin Sanctuary[28].
Dreadful[31] is the ocean[30] of fire[29].
The True Guru (God) is the giver of peace[32] to Nanak. I[33] am Thy child[34], O the world[35] cherisher[36].

ਆਸਾ ਪੰਜਵੀਂ ਪਾਤਸ਼ਾਹੀ ।

ਤੇਰੇ ਬਗੈਰ ਹੇ ਸਾਹਿਬ ! ਮੇਰਾ ਹੋਰ[14] ਦੂਸਰਾ[15] ਕੋਈ ਨਹੀਂ । ਕੇਵਲ ਤੂੰ ਹੀ ਮੇਂਡੇ ਚਿੱਤ ਅੰਦਰ[16] ਹੈਂ ।
ਤੂੰ ਹੇ ਸਾਹਿਬ ! ਮੇਰਾ ਮਿੱਤਰ[17] ਅਤੇ ਸਾਥੀ[18] ਹੈਂ । ਮੇਰੀ ਆਤਮਾ[20] ਕਿਉਂ[19] ਭੈ-ਭੀਤ[21] ਹੋਵੇ ?
ਤੂੰ ਮੇਰੀ ਪਨਾਹ[22] ਹੈਂ ਅਤੇ ਤੂੰ ਹੀ ਮੇਰੀ ਉਮੇਦ[23] ।
ਬਹਿੰਦਿਆਂ, ਖੜੋਂਦਿਆਂ, ਸੁੱਤਿਆਂ, ਜਾਗਦਿਆਂ, ਸਾਹ ਲੈਂਦਿਆਂ[24] ਜਾਂ ਖਾਂਦਿਆਂ[26], ਮੈਂ ਤੈਨੂੰ ਨਾ ਭੁੱਲਾਂ[25], ਹੇ ਸਾਹਿਬ ! ਠਹਿਰਾਉ ।
ਮੇਰੀ ਰੱਖਿਆ ਕਰ[27], ਰੱਖਿਆ ਕਰ, ਹੇ ਸੁਆਮੀ ! ਮੈਂ ਤੇਰੀ ਸ਼ਰਣਾਗਤਿ[28] ਸੰਭਾਲੀ ਹੈ, ਭਿਆਨਕ[31] ਹੈ ਅੱਗ[29] ਦਾ ਸਮੁੰਦਰ[30] !
ਸੱਚੇ ਗੁਰੂ (ਵਾਹਿਗੁਰੂ), ਨਾਨਕ ਨੂੰ ਆਰਾਮ ਬਖਸ਼ਣਹਾਰ[32] ਹਨ । ਮੈਂ[33] ਤੇਰਾ ਬੱਚਾ[34] ਹਾਂ, ਹੇ ਸ੍ਰਿਸ਼ਟੀ[35] ਦੇ ਪਾਲਣ ਪੋਸਣਹਾਰ[36] ।

ਆਸਾ ਮਹਲਾ ੫ ॥
ਹਰਿ ਜਨ[37] ਲੀਨੇ ਪ੍ਰਭੂ ਛਡਾਇ[38] ॥
ਪ੍ਰੀਤਮ[39] ਸਿਉ ਮੇਰੋ ਮਨੁ[43] ਮਾਨਿਆ[40] ਤਾਪੁ[41] ਮੁਆ ਬਿਖੁ[42] ਖਾਇ ॥੧॥ਰਹਾਉ॥
ਪਾਲਾ[44] ਤਾਊ[45] ਕਛੂ ਨ ਬਿਆਪੈ[46] ਰਾਮ ਨਾਮ[47] ਗੁਨ[48] ਗਾਇ[49] ॥
ਡਾਕੀ[50] ਕੋ ਚਿਤਿ[51] ਕਛੂ ਨ ਲਾਗੈ[52] ਚਰਨ[53] ਕਮਲ[54] ਸਰਨਾਇ[55] ॥੧॥
ਸੰਤ ਪ੍ਰਸਾਦਿ[56] ਭਏ ਕਿਰਪਾਲਾ[57] ਹੋਏ ਆਪਿ[58] ਸਹਾਇ[59] ॥

Asa 5th Guru.

The Lord God has saved[38] me, His slave[37].
My mind[43] is reconciled[40] to the Beloved[39], and my fever[41] has poisoned[42] itself to death. Pause.
Cold[44] and heat[45] touch[46] me not, when I sing[49] the praise[48] of the Lord's Name[47].
By seeking the protection[55] of Lord's lotus[54] feet[53], my mind[51] is not affected[52] by the mammon witch[50].
By the saints' grace[56], the Lord has been merciful[57] to me and He Himself[58] has become my Helper[59].

ਆਸਾ ਪੰਜਵੀਂ ਪਾਤਸ਼ਾਹੀ ।

ਵਾਹਿਗੁਰੂ ਸੁਆਮੀ ਨੇ, ਮੈਨੂੰ, ਆਪਣੇ ਗੋਲੇ[37] ਨੂੰ ਬਚਾ[38] ਲਿਆ ਹੈ ।
ਮੇਰੀ ਜਿੰਦੜੀ[43] ਪਿਆਰੇ[39] ਨਾਲ ਮਿਲ ਗਈ[40] ਹੈ ਅਤੇ ਮੇਰਾ ਬੁਖ਼ਾਰ[41] ਜ਼ਹਿਰ[42] ਖਾ ਕੇ ਮਰ ਗਿਆ ਹੈ । ਠਹਿਰਾਉ ।
ਜਦ ਮੈਂ ਸੁਆਮੀ ਦੇ ਨਾਮ[47] ਦਾ ਜੱਸ[48] ਗਾਉਂਦਾ[49] ਹਾਂ, ਮੈਨੂੰ ਸਰਦੀ[44] ਅਤੇ ਗਰਮੀ[45] ਨਹੀਂ ਪੋਂਹਦੀਆਂ[46] ।
ਪ੍ਰਭੂ ਦੇ ਕੰਵਲ[54] ਪੈਰਾਂ[53] ਦੀ ਪਨਾਹ[55] ਲੈਣ ਨਾਲ ਮਾਇਆ ਡਾਇਣ[50] ਦਾ ਮੇਰੇ ਮਨ[51] ਉਤੇ ਕੁਛ ਅਸਰ[52] ਨਹੀਂ ਹੁੰਦਾ ।
ਸਾਧੂਆਂ ਦੀ ਦਇਆ ਦੁਆਰਾ[56], ਸੁਆਮੀ ਮੇਰੇ ਉਤੇ ਮਿਹਰਬਾਨ[57] ਹੈ ਅਤੇ ਖੁਦ[58] ਮੇਰਾ ਮਦਦਗਾਰ[59] ਹੋ ਗਿਆ ਹੈ ।

ਗੁਨ[60] ਨਿਧਾਨ[61] ਨਿਤਿ[62] ਗਾਵੈ ਨਾਨਕੁ ਸਹਸਾ[63] ਦੂਖੁ[64] ਮਿਟਾਇ[65]॥੨॥੩੧॥

Nanak, ever[62] sings God, the Treasury[61] of excellences[60] and thus wards off[65] doubt[63] and pain[64].

ਨਾਨਕ ਸਦਾ[62] ਹੀ, ਖ਼ੂਬੀਆਂ[60] ਦੇ ਖ਼ਜ਼ਾਨੇ[61], ਹਰੀ ਨੂੰ ਗਾਉਂਦਾ ਹੈ ਅਤੇ ਇਸ ਤਰ੍ਹਾਂ ਭਰਮ[63] ਤੇ ਪੀੜ[64] ਨੂੰ ਦੂਰ[65] ਕਰ ਦਿੰਦਾ ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਅਉਖਧੁ[66] ਖਾਇਓ ਹਰਿ ਕੋ ਨਾਉ ॥

I have taken the medicine[66] of God's Name.

ਮੈਂ ਵਾਹਿਗੁਰੂ ਦੇ ਨਾਮ ਦੀ ਦਵਾਈ[66] ਖਾਧੀ ਹੈ।

ਸੁਖ ਪਾਏ ਦੂਖ ਬਿਨਸਿਆ[67] ਥਾਉ[68] ॥੧॥

I have obtained peace and the seat[68] of my pain is removed.[67]

ਮੈਂ ਆਰਾਮ ਪਾ ਲਿਆ ਹੈ ਅਤੇ ਮੇਰੀ ਤਕਲੀਫ ਦਾ ਅੱਡਾ[68] ਚੁੱਕਿਆ ਗਿਆ[67] ਹੈ।

ਤਾਪੁ[69] ਗਇਆ[70] ਬਚਨਿ[11] ਗੁਰ ਪੂਰੇ[72] ॥

By Perfect[72] Guru's instruction[71], mind's fever[69] has left[70] me.

ਪੂਰਨ[72] ਗੁਰਾਂ ਦੀ ਸਿਖਿਆ[71] ਦੁਆਰਾ ਮੇਰੇ ਮਨ ਦਾ ਬੁਖ਼ਾਰ[69] ਉਤਰ ਗਿਆ[70] ਹੈ।

ਅਨਦੁ[73] ਭਇਆ ਸਭਿ ਮਿਟੇ[74] ਵਿਸੂਰੇ[75] ॥੧॥ ਰਹਾਉ ॥

I have become happy[73] and my sorrows[75] have all disappeared[74]. Pause.

ਮੈਂ ਖ਼ੁਸ਼[73] ਹੋ ਗਿਆ ਹਾਂ ਅਤੇ ਮੇਰੇ ਸਾਰੇ ਝੋਰੇ[75] ਮਿੱਟ ਗਏ ਹਨ[74]। ਠਹਿਰਾਉ।

ਜੀਅ ਜੰਤ[76] ਸਗਲ ਸੁਖੁ ਪਾਇਆ ॥ ਪਾਰਬ੍ਰਹਮੁ[77] ਨਾਨਕ ਮਨਿ[78]ਧਿਆਇਆ[79] ॥੨॥੩੨॥

By meditating[79] on the Supreme Lord[77], in their mind[78], O Nanak, all the living[76] beings obtain peace.

ਆਪਣੇ ਚਿੱਤ[78] ਅੰਦਰ ਸ੍ਰੇਮਣੀ ਸਾਹਿਬ[77] ਦਾ ਸਿਮਰਨ[79] ਕਰਨ ਦੁਆਰਾ, ਹੇ ਨਾਨਕ! ਸਾਰੇ ਪ੍ਰਾਣਧਾਰੀ[76] ਆਰਾਮ ਪਾਉਂਦੇ ਹਨ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਬਾਂਛਤ[80] ਨਾਹੀ[81] ਸੁ ਬੇਲਾ[82] ਆਈ[83] ॥

The[81] time[82], (of death and disease) which man desires[80] not, arrives[83].

(ਦੁੱਖ ਤੇ ਮੌਤ ਦਾ) ਉਹ[81] ਸਮਾਂ[82], ਜਿਸ ਨੂੰ ਬੰਦਾ ਚਾਹੁੰਦਾ[80] ਨਹੀਂ, ਆ ਪੁੱਜਦਾ[83] ਹੈ।

ਬਿਨੁ ਹੁਕਮੈ[84] ਕਿਉ[85] ਬੁਝੈ[86] ਬੁਝਾਈ[87] ॥੧॥

Without God's order[84], how[85] can man understand[86], however much he may be instructed[87]?

ਵਾਹਿਗੁਰੂ ਦੇ ਫ਼ੁਰਮਾਨ[84] ਬਗ਼ੈਰ ਬੰਦਾ ਕਿਸ ਤਰ੍ਹਾਂ[85] ਸਮਝ ਸਕਦਾ ਹੈ[86], ਭਾਵੇਂ ਉਸ ਨੂੰ ਕਿੰਨਾ ਬਹੁਤਾ ਪਿਆ ਸਮਝਾਈਏ[87]।

ਠੰਢੀ[88] ਤਾਤੀ[89] ਮਿਟੀ[90] ਖਾਈ[91] ॥

By water[88], fire[89], or the earth[90], the body is consumed[91].

ਸਰੀਰ ਨੂੰ ਪਾਣੀ[88], ਅੱਗ[89] ਜਾਂ ਮਿੱਟੀ[90] ਖਾ ਜਾਂਦੀ[91] ਹੈ।

ਓਹੁ[92] ਨ ਬਾਲਾ[93] ਬੂਢਾ[94] ਭਾਈ[95] ॥੧॥ਰਹਾਉ॥

But the[92] soul is neither young[93] nor old[94], O my brother[95]. Pause.

ਪ੍ਰੰਤੂ ਉਹ[92] ਆਤਮਾ ਨਾ ਜਵਾਨ[93] ਹੈ ਨਾ ਹੀ ਬਿਰਧ[94], ਹੇ ਮੇਰੇ ਵੀਰ[95]! ਠਹਿਰਾਉ।

ਨਾਨਕ ਦਾਸ[96] ਸਾਧ ਸਰਣਾਈ[97] ॥

Slave[96] Nanak has entered the sanctuary[97] of the saints.

ਨਫ਼ਰ[96] ਨਾਨਕ ਨੇ ਸੰਤਾਂ ਦੀ ਸ਼ਰਣਾਗਤ[97] ਸੰਭਾਲੀ ਹੈ।

ਗੁਰ ਪ੍ਰਸਾਦਿ[98] ਭਉ ਪਾਰਿ[99] ਪਰਾਈ[100] ॥੨॥੩੩॥

By Guru's grace[98], he has shaken off[100] the fear[99] of death.

ਗੁਰਾਂ ਦੀ ਮਿਹਰ ਸਦਕਾ[98] ਉਸ ਨੇ ਮੌਤ ਦਾ ਡਰ[99] ਦੂਰ ਕਰ ਛਡਿਆ[100] ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਸਦਾ ਸਦਾ[2] ਆਤਮ[3] ਪਰਗਾਸੁ[4] ॥ ਸਾਧ ਸੰਗਤਿ[7]

By joining the society of saints[7], man's soul[6] is illumined[4] for ever and

ਸਤਿ ਸੰਗਤ[7] ਨਾਲ ਜੁੜਨ ਦੁਆਰਾ ਮਨੁਸ਼ ਦੀ ਆਤਮਾ[3], ਹਮੇਸ਼ਾਂ ਤੇ ਸਦੀਵ[2] ਲਈ ਰੋਸ਼ਨ[4] ਹੋ ਜਾਂਦੀ ਹੈ ਅਤੇ

ਹਰਿ ਚਰਣ[5] ਨਿਵਾਸੁ[6] ॥ ੧॥	he obtains a dwelling at God's feet.	ਉਹ ਵਾਹਿਗੁਰੂ ਦੇ ਪੈਰਾਂ[5] ਵਿਚ ਵਸੇਬਾ[6] ਪਾ ਲੈਂਦਾ ਹੈ।
ਰਾਮ[8] ਨਾਮ ਨਿਤਿ[9] ਜਪਿ[10] ਮਨ[12] ਮੇਰੇ ॥	O my soul[12], daily[9] repeat[10] the Name of the Omnipresent Lord[8].	ਹੇ ਮੇਰੀ ਜਿੰਦੜੀਏ[12] ! ਤੂੰ ਨਿਤਾਪ੍ਰਤੀ[9] ਸਰਬ-ਵਿਆਪਕ ਸੁਆਮੀ[8] ਦੇ ਨਾਮ ਦਾ ਉਚਾਰਨ ਕਰ[10]।
ਸੀਤਲ[13] ਸਾਂਤਿ[14] ਸਦਾ[17] ਸੁਖ ਪਾਵਹਿ ਕਿਲਵਿਖ[15] ਜਾਹਿ[16] ਸਭੇ ਮਨ ਤੇਰੇ॥੧॥ ਰਹਾਉ॥	My soul, by this thou shalt always[17] obtain coolness[13], tranquility[14] and peace, and all thine sins[15] shall depart[16]. Pause.	ਮੇਰੀ ਜਿੰਦੜੀਏ, ਇਸ ਤਰ੍ਹਾਂ ਤੂੰ ਹਮੇਸ਼ਾਂ[17] ਠੰਢਕ[13], ਧੀਰਜ[14] ਅਤੇ ਆਰਾਮ ਨੂੰ ਪ੍ਰਾਪਤ ਹੋਵੇਂਗੀ ਅਤੇ ਤੇਰੇ ਸਾਰੇ ਪਾਪ[15] ਦੂਰ ਹੋ ਜਾਣਗੇ[16]। ਠਹਿਰਾਉ।
ਕਹੁ[18]ਨਾਨਕ ਜਾਕੇ ਪੂਰਨ[19] ਕਰਮ[20] ॥ ਸਤਿਗੁਰ ਭੇਟੇ[21] ਪੂਰਨ ਪਾਰਬ੍ਰਹਮ[22] ॥੨॥੩੪॥ ਦੂਜੇ ਘਰ ਕੇ ਚਉਤੀਸ ॥	Says[18] Nanak, he, who is of perfect[29] good destiny[20], on meeting[21] the True Guru, obtains the Perfect Supreme Lord[22].	ਗੁਰੂ ਜੀ ਆਖਦੇ ਹਨ[18], ਜਿਸ ਦੀ ਮੁਕੰਮਲ[19] ਚੰਗੀ ਕਿਸਮਤ[20] ਹੈ, ਉਹ ਸੱਚੇ ਗੁਰਾਂ ਨੂੰ ਮਿਲ ਕੇ[21] ਸ੍ਰੇਸ਼ਟੀ ਸਾਹਿਬ[22] ਨੂੰ ਪਾ ਲੈਂਦਾ ਹੈ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
੩੭੯		
ਜਾ ਕਾ ਹਰਿ ਸੁਆਮੀ ਪ੍ਰਭੁ ਬੇਲੀ[23] ॥ ਪੀੜ[24] ਗਈ[25] ਫਿਰਿ[26] ਨਹੀ ਦੁਹੇਲੀ[27] ॥ ੧॥ਰਹਾਉ॥	She, who has God, the Lord Master, as her friend[23], she suffers not[25] pain[24] and becomes not miserable[27], again[26]. Pause.	ਜਿਸ ਦਾ ਸੁਆਮੀ ਮਾਲਕ ਵਾਹਿਗੁਰੂ ਦੋਸਤ[23] ਹੈ, ਉਹ ਤਕਲੀਫ਼[24] ਨਹੀਂ ਪਾਉਂਦੀ[25] ਅਤੇ ਮੁੜ ਕੇ[26] ਦੁਖਾਤੂ[27] ਨਹੀਂ ਹੁੰਦੀ। ਠਹਿਰਾਉ।
ਕਰਿ ਕਿਰਪਾ[28] ਚਰਨ[29] ਸੰਗਿ[30] ਮੇਲੀ[31] ॥ ਸੁਖ ਸਹਜ[32] ਆਨੰਦ[33]ਸੁਹੇਲੀ[34]॥ ੧॥	Showing His mercy[28], the Lord unites[31] her with[30] His feet[29], and she then attains celestial peace[32] and joy[33] and is ever comfortable[34].	ਆਪਣੀ ਮਿਹਰ ਧਾਰ ਕੇ[28], ਪ੍ਰਭੂ ਉਸ ਨੂੰ ਆਪਣੇ ਪੈਰਾਂ[29] ਨਾਲ[30] ਜੋੜ ਲੈਂਦਾ ਹੈ[31] ਅਤੇ ਉਹ ਬੈਕੁੰਠੀ ਆਰਾਮ[32] ਤੇ ਖ਼ੁਸ਼ੀ[33] ਹਾਸਲ ਕਰ ਲੈਂਦੀ ਹੈ ਅਤੇ ਹਮੇਸ਼ਾਂ ਲਈ ਸੁਖੀ[34] ਹੁੰਦੀ ਹੈ।
ਸਾਧ ਸੰਗਿ ਗੁਣ[35] ਗਾਇ ਅਤੋਲੀ[36] ॥	In the company of the Saints-she Sings the praises of God and thus, attains a weighty personality.	ਸਤਿਸੰਗਤ ਦੇ ਅੰਦਰ ਉਹ ਪ੍ਰਭੂ[36] ਦਾ ਜੱਸ[35] ਗਾਇਨ ਕਰਕੇ ਅਜੋਖ ਹੋ ਜਾਂਦੀ ਹੈ।
ਹਰਿ ਸਿਮਰਤ[37] ਨਾਨਕ ਭਈ ਅਮੋਲੀ[38] ॥੨॥੩੫॥	By meditating[37] on God, O Nanak, she becomes invaluable[38].	ਵਾਹਿਗੁਰੂ ਦਾ ਆਰਾਧਨ[27] ਕਰਨ ਦੁਆਰਾ, ਹੇ ਨਾਨਕ। ਉਹ ਅਮੋਲਕ[38] ਹੋ ਜਾਂਦੀ ਹੈ।
ਆਸਾ ਮਹਲਾ ੫ ॥	Asa 5th Guru	ਆਸਾ ਪੰਜਵੀਂ ਪਾਤਸ਼ਾਹੀ।
ਕਾਮ[39] ਕ੍ਰੋਧ[40] ਮਾਇਆ[41] ਮਦ[42] ਮਤਸਰ[43] ਏ ਖੋਲਤ[44] ਸਭਿ ਜੂਐ[45] ਹਾਰੇ ॥	Lust[39], wrath[40], conceit[42] of wealth[41] and jealousy[43], all these I have lost in the game[44] of gamble[45].	ਜ਼ਨਾਹਕਾਰੀ[39], ਗੁੱਸਾ[40], ਧਨ-ਦੌਲਤ[41] ਦਾ ਹੰਕਾਰ[42] ਅਤੇ ਈਰਖਾ[43], ਇਹ ਸਾਰੇ ਮੈਂ ਜੂਏ[45] ਦੀ ਖੇਡ[44] ਵਿਚ ਹਾਰ ਦਿਤੇ ਹਨ।
ਸਤੁ[46] ਸੰਤੋਖੁ[47] ਦਇਆ[48] ਧਰਮੁ[49] ਸਚੁ[50] ਇਹ ਅਪੁਨੈ	Chastity[46], contentment[47], compassion[48], faith and truthfulness,[50]	ਪਵਿੱਤ੍ਰਤਾ[46], ਸੰਤੁਸ਼ਟਤਾ[47], ਰਹਿਮ[48], ਈਮਾਨ[49] ਅਤੇ ਸਚਾਈ[50], ਇਨ੍ਹਾਂ ਨੂੰ ਮੈਂ ਆਪਣੇ ਘਰ[51] ਵਿਚ[52] ਵਾੜ[53]

ਗ੍ਰਿਹ[51] ਭੀਤਰਿ[52] ਵਾਰੇ[53]॥ ੧॥	these I have admitted[53] into[52] my home[51].	ਲਿਆ ਹੈ।
ਜਨਮ[56] ਮਰਨ[57] ਚੂਕੇ[54] ਸਭਿ ਭਾਰੇ[55] ॥	So all the load[55] of my birth[56] and death[57] in removed[54].	ਇਸ ਲਈ ਮੇਰੀ ਪੈਦਾਇਸ਼[56] ਅਤੇ ਮੌਤ[57] ਦਾ ਸਮੂਹ ਬੋਝ[55] ਉੱਤਰ ਗਿਆ[54] ਹੈ।
ਮਿਲਤ[58] ਸੰਗਿ[59] ਭਇਓ ਮਨੁ[60]ਨਿਰਮਲੁ[61]ਗੁਰਿ ਪੂਰੈ[62] ਲੈ ਖਿਨ[63] ਮਹਿ[64] ਤਾਰੇ[65] ॥ ੧॥ਰਹਾਉ॥	By joining[58] the saints guild[59], my soul[60] is rendered pure[61], the Perfect[62] Guru has saved[65] me in[64] an instant.[63] Pause.	ਸਤਿ ਸੰਗਤ[59] ਨਾਲ ਜੁੜ ਕੇ[58] ਮੇਰੀ ਆਤਮਾ[60] ਪਵਿੱਤਰ[61] ਹੋ ਗਈ ਹੈ। ਪੂਰਨ[62] ਗੁਰਾਂ ਨੇ, ਇੱਕ ਮੁਹਤ[63] ਅੰਦਰ[64] ਮੇਰਾ ਪਾਰ ਉਤਾਰਾ ਕਰ ਦਿੱਤਾ[65] ਹੈ। ਠਹਿਰਾਉ।
ਸਭ ਕੀ ਰੇਨੁ[66] ਹੋਇ ਰਹੈ ਮਨੂਆ[67] ਸਗਲੇ[68]ਦੀਸਹਿ[69] ਮੀਤ[70] ਪਿਆਰੇ[71] ॥	My mind[67] has become the dust[66] of all and to me every one[68] seems[69] to be my sweet[71] friend[70].	ਮੇਰਾ ਮਨ[67] ਸਾਰਿਆਂ ਦੀ ਧੂੜ[66] ਹੋ ਗਿਆ ਹੈ। ਮੈਨੂੰ ਹਰ ਕੋਈ[68] ਆਪਣਾ ਮਿੱਠੜਾ[71] ਮਿਤ੍ਰ[70] ਦਿੱਸਦਾ[69] ਹੈ।
ਸਭ ਮਧੇ[72] ਰਵਿਆ[76] ਮੇਰਾ ਠਾਕੁਰੁ ਦਾਨੁ[74] ਦੇਤ[75] ਸਭਿ ਜੀਅ[76] ਸਮਾਰੇ[77] ॥੨॥	My Lord is contained among all. He gives[75] gifts[74] to all the beings[76] and preserves[77] them.	ਸਾਰਿਆਂ ਅੰਦਰ[72] ਮੇਰਾ ਮਾਲਕ ਰਮਿਆ[73] ਹੋਇਆ ਹੈ। ਉਹ ਸਮੂਹ ਜੀਵਾਂ[76] ਨੂੰ ਦਾਤਾਂ[74] ਦਿੰਦਾ[75] ਤੇ ਉਨ੍ਹਾਂ ਦੀ ਰੱਖਿਆ ਕਰਦਾ[77] ਹੈ।
ਏਕੋ ਏਕੁ[78] ਆਪਿ ਇਕੁ[80] ਏਕੈ ਏਕੈ ਹੈ ਸਗਲਾ[81] ਪਾਸਾਰੇ[82] ॥	He is alone[78], He is but one[80] and from the One is the entire[81] creation[82].	ਉਹ ਕੱਲਮਕੱਲਾ[78] ਹੀ ਹੈ, ਉਹ ਕੇਵਲ[80] ਇਕ ਹੀ ਹੈ। ਇਕ ਤੋਂ ਹੀ ਸਾਰੀ[81] ਰਚਨਾ[82] ਹੈ।
ਜਪਿ[83] ਜਪਿ ਹੋਏ ਸਗਲ ਸਾਧ[84] ਜਨ ਏਕੁ ਨਾਮੁ ਧਿਆਇ[85]ਬਹੁਤੁ ਉਧਾਰੇ[86]॥ ੩॥	Remembering[83], remembering the Lord, all have become pious persons[84] and by contemplating[85] over the One Name many have been saved.	ਸੁਆਮੀ ਨੂੰ ਸਿਮਰ[83], ਸਿਮਰ ਕੇ, ਸਾਰੇ ਪਵਿੱਤ੍ਰ ਪੁਰਸ਼[84] ਹੋ ਗਏ ਹਨ। ਇਕ ਨਾਮ ਦਾ ਆਰਾਧਨ[85] ਕਰਨ ਦੁਆਰਾ ਘਣੇਰੇ ਪਾਰ ਉਤਰ[86] ਗਏ ਹਨ।
ਗਹਿਰ[87] ਗੰਭੀਰ[88]ਬਿਅੰਤ[89] [90]ਗੁਸਾਈ[91] ਅੰਤੁ[94] ਨਹੀ ਕਿਛੁ [92]ਪਾਰਾਵਾਰੇ[93] ॥	The Lord[91] of the universe[90] is deep[87], profound[88] and infinite[89] and there is no limit[94] to His this[93] or that[92] end.	ਆਲਮ[90] ਦਾ ਸੁਆਮੀ[91] ਡੂੰਘਾ[87], ਅਗਾਧ[88] ਅਤੇ ਬੇਅੰਦਾਜ਼[89] ਹੈ। ਉਸ ਦੇ ਇਸ[93] ਅਤੇ ਉਸ[92] ਕਿਨਾਰੇ ਦਾ ਕੋਈ ਓੜਕ[94] ਨਹੀਂ।
ਤੁਮਰੀ ਕ੍ਰਿਪਾ[94] ਤੇ ਗੁਨ[95] ਗਾਵੈ ਨਾਨਕ ਧਿਆਇ[96] ਧਿਆਇ ਪ੍ਰਭ ਕਉ ਨਮਸਕਾਰੇ[97] ॥੪॥੩੬॥	By Thy grace[94], O Lord Nanak sings Thy praise[95] and by meditating and pondering[96] on Thee he makes an obeisance[97] unto Thee.	ਤੇਰੀ ਦਇਆ[94] ਦੁਆਰਾ, ਹੇ ਸੁਆਮੀ! ਨਾਨਕ ਤੇਰੀ ਉਪਮਾ[95] ਗਾਇਨ ਕਰਦਾ ਹੈ। ਤੇਰਾ ਸਿਮਰਨ[96] ਅਤੇ ਅਰਾਧਨ ਕਰਕੇ ਉਹ ਤੈਨੂੰ ਪ੍ਰਣਾਮ[97] ਕਰਦਾ ਹੈ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਤੂ ਬਿਅੰਤੁ[98] ਅਵਿਗਤੁ[99] ਅਗੋਚਰੁ[100] ਇਹੁ ਸਭੁ ਤੇਰਾ ਆਕਾਰੁ[2] ॥	Thou, O Lord, art Infinite[98], Immortal[99] and Inapprehensible[100] and all this is Thy creation[2].	ਤੂੰ ਹੇ ਸੁਆਮੀ, ਅਨੰਤ[98], ਅਮਰ[99] ਅਤੇ ਅਗਾਧ[100] ਹੈਂ। ਇਹ ਸਾਰੀ ਤੇਰੀ ਰਚਨਾ[2] ਹੈ।
ਕਿਆ ਹਮ ਜੰਤ[3] ਕਰਹ	What cleverness[4] can we, the mortals[3]	ਅਸੀਂ ਪ੍ਰਾਣੀ[3] ਕੀ ਚਲਾਕੀ[4] ਕਰ ਸਕਦੇ ਹਾਂ, ਜਦ ਸਾਰਾ

ਚਤੁਰਾਈ[4] ਜਾਂ ਸਭੁ ਕਿਛੁ ਤੁਝੈ[5] ਮਝਾਰਿ[6] ॥੧॥

play, when everything is contained in[6] Thee[5] ?

ਕੁਝ ਤੇਰੇ[5] ਵਿਚ[6] ਹੀ ਹੈ ?

ਮੇਰੇ ਸਤਿਗੁਰ ਅਪਨੇ ਬਾਲਿਕ[7] ਰਾਖਹੁ[8] ਲੀਲਾ[9] ਧਾਰਿ[10] ॥

My True Guru, the holder[10] of the world play[9], preserve[8] Thy child[7].

ਜਗਤ ਖੇਡ[9] ਦੇ ਟਿਕਾਉਣਹਾਰ[10], ਮੈਂਡੇ ਸੱਚੇ ਗੁਰੂ ਜੀ ਆਪਣੇ ਬੱਚੇ[7] ਦੀ ਰੱਖਿਆ[8] ਕਰ ।

ਦੇਹੁ[12] [13]ਸੁਮਤਿ[14] ਸਦਾ ਗੁਣ ਗਾਵਾ ਮੇਰੇ ਠਾਕੁਰ ਅਗਮ[15] ਅਪਾਰ[16] ॥੧॥ਰਹਾਉ॥

Ever grant[12] me good[13] sense[14] to sing Thine praise, O my Inaccessible[15] and Boundless[16] Lord. Pause.

ਹਮੇਸ਼ਾਂ ਲਈ ਤੇਰਾ ਜੱਸ ਆਲਾਪਣ ਦੀ ਮੈਨੂੰ ਚੰਗੀ[13] ਅਕਲ[14] ਪਰਦਾਨ ਕਰ[12], ਹੇ ਪਹੁੰਚ ਤੋਂ ਪਰੇ[15] ਅਤੇ ਹੱਦਬੰਨਾ-ਰਹਿਤ[16] ਸੁਆਮੀ ! ਠਹਿਰਾਉ ।

ਜੈਸੇ[17] ਜਨਨਿ[18] ਜਠਰ[19] ਮਹਿ[20] ਪ੍ਰਾਨੀ[21] ਓਹੁ[24] ਰਹਤਾ[22] ਨਾਮ ਅਧਾਰਿ[23] ॥

As[17] a mortal[21] is in[20] the womb[19] of his mother[18] but there he[24] is preserved[22] with the Names prop[23]

ਜਿਸ ਤਰ੍ਹਾਂ[17] ਜੀਵ[21] ਆਪਣੀ ਮਾਤਾ[18] ਦੀ ਬੱਚੇਦਾਨੀ[19] ਵਿਚ[20] ਹੁੰਦਾ ਹੈ ; ਉਥੇ ਉਹ[24] ਨਾਮ ਦੇ ਆਸਰੇ ਬੱਚ ਨਿਕਲਦਾ[22] ਹੈ ।

ਅਨਦੁ[25] ਕਰੈ ਸਾਸਿ ਸਾਸਿ[26] ਸਮ੍ਹਾਰੈ[27] ਨਾ ਪੋਹੈ[28] ਅਗਨਾਰਿ[29] ॥੨॥

and he makes merry[25], because with every breath[26], remembers[27] God and the belly's fire[29] touches[28] him not.

ਉਹ ਮੌਜਾਂ[25] ਕਰਦਾ ਹੈ, ਹਰ ਸਾਹ[26] ਨਾਲ ਹਰੀ ਨੂੰ ਯਾਦ ਕਰਦਾ[27] ਹੈ ਅਤੇ ਪੇਟ ਦੀ ਅੱਗ[29] ਉਸ ਨੂੰ ਨਹੀਂ ਛੂੰਹਦੀ[28] ।

[30]ਪਰਧਨ[31] ਪਰਦਾਰਾ[32] ਪਰ ਨਿੰਦਾ[33] ਇਨ ਸਿਉ ਪ੍ਰੀਤਿ[34] ਨਿਵਾਰਿ[35] ॥

Other's[30] wealth[31], other's woman[32] and slander[33] of others, forsake[35] thou thy craving[34] for these.

ਹੋਰਨਾਂ[30] ਦੀ ਦੌਲਤ[31], ਹੋਰਨਾਂ ਦੀ ਇਸਤਰੀ[32] ਅਤੇ ਹੋਰਨਾਂ ਦੀ ਬਦਖੋਈ[33], ਤੂੰ ਇਨ੍ਹਾਂ ਦੀ ਮੁਹੱਬਤ[43] ਨੂੰ ਛੱਡ[35] ਦੇ ।

ਚਰਨ[36] ਕਮਲ[37] ਸੇਵੀ[38] ਰਿਦ[39] ਅੰਤਰਿ[40]ਗੁਰ ਪੂਰੇ[41] ਕੈ ਆਧਾਰਿ[42] ॥੩॥

Having the main-stay[42] of the Perfect[41] Guru, adore[38] thou the lotus[37] feet[36] of God in[40] thy mind[39].

ਪੂਰਨ[41] ਗੁਰਾਂ ਦਾ ਆਸਰਾ[42] ਲੈ ਕੇ ਤੂੰ ਆਪਣੇ ਚਿੱਤ[39] ਅੰਦਰ[40] ਵਾਹਿਗੁਰੂ ਦੇ ਕੰਵਲ[37] ਪੈਰਾਂ[36] ਦੀ ਉਪਾਸ਼ਨਾ[38] ਕਰ ।

ਗ੍ਰਿਹੁ[43] ਮੰਦਰ[44] ਮਹਲਾ[45] ਜੋ ਦੀਸਹਿ[46] ਨਾ ਕੋਈ ਸੰਗਾਰਿ[47] ॥

The houses[43], mansions[44] and palaces[45] which thou beholdest[46], nothing of these shall go[47] with thee.

ਘਰ[43], ਮਹਿਲ-ਮਾੜੀਆਂ[44], ਅਤੇ ਰਾਜ-ਭਵਨ[45], ਜੋ ਤੈਨੂੰ ਨਜ਼ਰ ਆਉਂਦੇ[46] ਹਨ, ਇਨ੍ਹਾਂ ਵਿਚੋਂ ਕੋਈ ਭੀ ਤੇਰੇ ਨਾਲ ਨਹੀਂ ਜਾਣਾ[47] ।

ਜਬ ਲਗੁ[43] ਜੀਵਹਿ ਕਲੀ ਕਾਲ[49] ਮਹਿ[50]ਜਨ[51]ਨਾਨਕ ਨਾਮੁ ਸਮ੍ਹਾਰਿ[52] ॥੪॥੩੭॥

As long as[48] thou livest in[50] this Dark age[49], O servant[51] Nanak, remember[52] thou God's Name.

ਜਦ ਤਕ[48] ਤੂੰ ਇਸ ਕਲਜੁਗ[49] ਅੰਦਰ[50] ਜੀਉਂਦਾ ਹੈਂ, ਹੇ ਨੌਕਰ[51] ਨਾਨਕ ! ਤੂੰ ਵਾਹਿਗੁਰੂ ਦੇ ਨਾਮ ਦਾ ਸਿਮਰਨ[52] ਕਰ ।

ਆਸਾ ਘਰੁ ੩ ਮਹਲਾ ੫ ॥

Asa 5th Guru.

ਆਸਾ ਪਾਤਸ਼ਾਹੀ ੫ ।

ੴ ਸਤਿਗੁਰ ਪ੍ਰਸਾਦਿ ॥

There is but one God. By True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਰਾਜ[51]*ਮਿਲਕ[53] ਜੋਬਨ[54] ਗ੍ਰਿਹ[55]*ਸੋਭਾ[56] ਰੂਪਵੰਤੁ[56] ਜੁਆਨੀ[57] ॥

Empire[52]*, property[53], youth[54], home[55], fame[56]* and handsome[56] prime of life[57].

ਸਲਤਨਤ[52]*, ਜਾਇਦਾਦ[53], ਯੁਵਾ ਅਵਸਥਾ[54], ਘਰ[55], ਨਾਮਵਰੀ[56]* ਅਤੇ ਸੁੰਦਰ[56] ਜਵਾਨ ਉਮਰ[57] ।

ਬਹੁਤੁ[58] ਦਰਬੁ[59] ਹਸਤੀ[60]

Great[58] wealth[59], elephants[60], horses[62]

ਜ਼ਿਆਦਾ[58] ਮਾਲ ਧਨ[59], ਹਾਥੀ[60], ਅਸ਼ਵ[62] ਅਤੇ[61]

ਅਰੁ[61] ਘੋੜੇ[62] ਲਾਲ[63] ਲਾਖ ਬੈਆਨੀ[64] ॥

and[61] rubies[63] purchased[64] with lacs of rupees.

ਲੱਖਾਂ ਰੁਪਿਆਂ ਨਾਲ ਮੁੱਲ ਲਏ[64] ਹੋਏ ਜਵਾਹਿਰਾਤ[63] ।

ਆਗੈ[65] ਦਰਗਹਿ[66] ਕਾਮਿ[67] ਨ ਆਵੈ ਛੋਡਿ[68] ਚਲੈ[69] ਅਭਿਮਾਨੀ[70] ॥੧॥

Hereafter[65], these shall be of no avail[67] in God's court[66] and the proud[70] must depart[69] leaving[68] them behind.

ਏਦੂੰ ਮਗਰੋਂ[65] ਰੱਬ ਦੇ ਦਰਬਾਰ[66] ਅੰਦਰ ਇਹ ਕਿਸੇ ਕੰਮ[67] ਨਹੀਂ ਆਉਣੇ। ਹੰਕਾਰੀ ਬੰਦਾ[70] ਇਨ੍ਹਾਂ ਨੂੰ ਪਿੱਛੇ ਛੱਡ ਕੇ[68] ਟੁਰ ਵੰਞੇਗਾ[69] ।

ਕਾਹੇ[71] ਏਕ ਬਿਨਾ ਚਿਤੁ[72] ਲਾਈਐ[73] ॥

Why[71] apply[73] thou thy mind[72] to any, but the one Lord ?

ਕੇਵਲ ਇੱਕ ਸੁਆਮੀ ਦੇ ਬਗੈਰ, ਤੂੰ ਆਪਣਾ ਮਨ[72] ਕਿਉਂ[71] ਕਿਸੇ ਨਾਲ ਜੋੜਦਾ[73] ਹੈਂ ?

ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ[74] ॥੧॥ਰਹਾਉ॥

Standing, sitting, sleeping and walking, ever and ever, meditate[74] thou on God. Pause.

ਖਲੋਂਦਿਆਂ, ਬਹਿੰਦਿਆਂ, ਸੌਂਦਿਆਂ ਅਤੇ ਜਾਗਦਿਆਂ ਹਮੇਸ਼ਾਂ ਹਮੇਸ਼ਾਂ ਹੀ ਤੂੰ ਵਾਹਿਗੁਰੂ ਦਾ ਸਿਮਰਨ[74] ਕਰ । ਠਹਿਰਾਉ ।

ਮਹਾ[75] ਬਚਿਤ੍ਰ[76] ਸੁੰਦਰ[77] ਆਖਾੜੇ[78] ਰਣ[79] ਮਹਿ[80] ਜਿਤੇ[81] ਪਵਾੜੇ[82] ॥

One may have the most[75] wonderous[76] and beautiful[77] arenas[78] and win[81] all the disputes[82] in[80] the battle-field[79].

ਇਨਸਾਨ ਕੋਲ ਪਰਮ[75] ਅਦਭੁਤ[76] ਅਤੇ ਸੋਹਣੇ[77] ਦੰਗਲ[78] ਮੈਦਾਨ ਹੋਣ ਅਤੇ ਉਹ ਸਾਰੇ ਝਗੜੇ[81] ਲੜਾਈ ਦੇ ਮੈਦਾਨ[79] ਵਿਚ[80] ਜਿੱਤ[81] ਲੈਂਦਾ ਹੋਵੇ ।

ਤਵ

ਹਉ[83]ਮਾਰਉ[84]ਹਉ ਬੰਧਉ[85] ਛੋਡਉ[86] ਮੁਖ[87] ਤੇ ਏਵ[88] ਬਬਾੜੇ[89] ॥

With his mouth[87] he may thus[88] bark[89] out, "I[83] can kill[84], I can bind[85] and release[86] any one."

ਆਪਣੇ ਮੂੰਹ[87] ਨਾਲ ਉਹ ਐਸ ਤਰ੍ਹਾਂ[88] ਬਕੇ[89], "ਮੈਂ[83] ਹਰ ਕਿਸੇ ਨੂੰ ਜਾਨੋਂ ਮਾਰ[84], ਬੰਨ੍ਹ[85] ਜਾਂ ਬਰੀ[86] ਕਰ ਸਕਦਾ ਹਾਂ ।"

ਆਇਆ ਹੁਕਮੁ[90] ਪਾਰਬ੍ਰਹਮ[91] ਕਾ ਛੋਡਿ ਚਲਿਆ[93] ਏਕ ਦਿਹਾੜੇ[92]॥ ੨॥

When the order[90] of the Transcendent Lord[91] comes, he leaves off all and departs[93] one day[92].

ਜਦ ਪਰਮ ਪ੍ਰਭੂ[91] ਦਾ ਫੁਰਮਾਨ[90] ਆ ਜਾਂਦਾ ਹੈ, ਉਹ ਸਾਰਾ ਕੁਛ ਤਿਆਗ ਕੇ ਇਕ ਦਿਨ[92] ਟੁਰ ਵੰਞਦਾ ਹੈ[93] ।

ਕਰਮ[94] ਧਰਮ[95] ਜੁਗਤਿ[96] ਬਹੁ[97] ਕਰਤਾ[98] ਕਰਣੈਹਾਰੁ[99] ਨ ਜਾਨੈ[100] ॥

The mortal performs[98] rituals[94] and righteous deeds[95] in various[97] ways[96], but knows[100] not God, the Doer[99].

ਪ੍ਰਾਣੀ ਅਨੇਕਾਂ[97] ਤਰੀਕਿਆਂ[96] ਦੁਆਰਾ ਸੰਸਕਾਰ[94] ਅਤੇ ਦਰੁਸਤ ਅਮਲ[95] ਕਮਾਉਂਦਾ[98] ਹੈ, ਪ੍ਰੰਤੂ ਕਰਨ ਵਾਲੇ[99] ਵਾਹਿਗੁਰੂ ਨੂੰ ਨਹੀਂ ਜਾਣਦਾ[100] ।

ਉਪਦੇਸੁ[2] ਕਰੈ ਆਪਿ[3] ਨ ਕਮਾਵੈ[4] ਤਤੁ[5] ਸਬਦੁ[6] ਨ ਪਛਾਨੈ[7] ॥

He imparts instructions[2], but himself[3] practises[4] not. He realises[7] not the quintessence[5] of the Name[6].

ਉਹ ਸਿੱਖਮੱਤ[2] ਦਿੰਦਾ ਹੈ, ਪਰ ਖੁਦ[3] ਅਮਲ[4] ਨਹੀਂ ਕਰਦਾ । ਉਹ ਨਾਮ[6] ਦੇ ਸਾਰ[5] ਨੂੰ ਅਨੁਭਵ[7] ਨਹੀਂ ਕਰਦਾ ।

ਨਾਂਗਾ[8] ਆਇਆ ਨਾਂਗੋ ਜਾਸੀ[9] ਜਿਉ[10] ਹਸਤੀ[12] ਖਾਕੁ[13] ਛਾਨੈ[14] ॥੩॥

Naked[8] he came and naked he shall depart[9]. He is like[10] an elephant[12], throwing[14] dust[13] on himself.

ਨੰਗਾ[8] ਉਹ ਆਇਆ ਸੀ ਅਤੇ ਨੰਗਾ ਹੀ ਟੁਰ ਜਾਊਗਾ[9] । ਉਹ ਆਪਣੇ ਉਤੇ ਖੇਹ[13] ਸੁਟਣ[14] ਵਾਲੇ ਹਾਥੀ[12] ਦੀ ਮਾਨਿੰਦ[10] ਹੈ ।

ਸੰਤ ਸਜਨ[15] ਸੁਨਹੁ ਸਭਿ ਮੀਤਾ[16] ਝੂਠਾ[17] ਏਹੁ ਪਸਾਰਾ[18] ॥

Saints, intimates[15] and friends[16], hear me all, 'False[17] is this world[18].

ਸਾਧੂਓ, ਦੋਸਤੋਂ[15] ਅਤੇ ਮਿੱਤਰੋ[16] ! ਸਾਰੇ ਮੇਰੀ ਗੱਲ ਸੁਣੋ, ਕੂੜਾ[17] ਹੈ ਇਹ ਸੰਸਾਰ[18] ।

ਮੇਰੀ ਮੇਰੀ[19] ਕਰਿ ਕਰਿ

Continually speaking of their

ਮੇਂਡਾ ਮੇਂਡਾ[19] ਕਰਦੇ ਹੋਏ ਮਨੁਖ ਡੁੱਬ ਜਾਂਦੇ[20] ਹਨ ।

ਡੂਬੇ[20] ਖਪਿ ਖਪਿ[21] ਮੁਏ ਗਵਾਰਾ[22] ॥	mineness[19], men are drowned[20]. The fools[22] pine away[21] and die.	ਮੂਰਖ[22] ਖੁਰ ਖੱਪ ਕੇ[21] ਮਰ ਵੰਞਦੇ ਹਨ ।
ਗੁਰ ਮਿਲਿ[23] ਨਾਨਕ ਨਾਮੁ ਧਿਆਇਆ[24] ਸਾਚਿ ਨਾਮਿ[25] ਨਿਸਤਾਰਾ[26] ॥੪॥੧॥੩੮॥	On meeting[23] the Guru, O Nanak, I have meditated[24] on the Lord's Name, and through the True Name[25] emancipation[26] is obtained.	ਗੁਰਾਂ ਨੂੰ ਭੇਟ ਕੇ[23], ਹੇ ਨਾਨਕ, ਮੈਂ ਸੁਆਮੀ ਦੇ ਨਾਮ ਦਾ ਸਿਮਰਨ[24] ਕੀਤਾ ਹੈ । ਸਤਿਨਾਮ[25] ਦੇ ਰਾਹੀਂ ਬੰਦਖ਼ਲਾਸ[26] ਹੁੰਦੀ ਹੈ ।
ਰਾਗੁ ਆਸਾ ਘਰੁ ੫ ਮਹਲਾ ੫	Asa Measure 5th Guru.	ਰਾਗ ਆਸਾ ਪੰਜਵੀਂ ਪਾਤਸ਼ਾਹੀ ।
੧ ੴ ਸਤਿਗੁਰ ਪ੍ਰਸਾਦਿ ॥	There is but one God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।
ਭ੍ਰਮ[27] ਮਹਿ[28]ਸੋਈ[29]ਸਗਲ[29] ਜਗਤ[31] ਧੰਧ[32] ਅੰਧ[33] ॥	The entire[30] world[31], blinded[33] by worldly affairs[32], is asleep[29] in[28] doubt[27].	ਸੰਸਾਰੀ ਕੰਮਾਂ[32] ਦਾ ਅੰਨ੍ਹਾ ਕੀਤਾ ਹੋਇਆ[31] ਸਾਰਾ[30] ਜਹਾਨ[31] ਵਹਿਮ[27] ਅੰਦਰ[28] ਸੌਂ ਰਿਹਾ[29] ਹੈ ।
ਕੋਊ[34] ਜਾਗੈ ਹਰਿ ਜਨੁ[35] ॥ ੧॥	Only some rare[34] servant[35] of God is awake.	ਕੋਈ ਵਿਰਲਾ[34] ਹੀ ਵਾਹਿਗੁਰੂ ਦਾ ਸੇਵਕ[35] ਜਾਗਦਾ ਹੈ ।
ਮਹਾ[36] ਮੋਹਨੀ[37] ਮਗਨ[38] ਪ੍ਰਿਅ[39] ਪ੍ਰੀਤਿ[40] ਪ੍ਰਾਨ[41] ॥	Man is intoxicated[38] with the great[36] mammon[37], which is dearer[39] to him than his sweet[40] life[41].	ਆਦਮੀ ਪਰਮ[36] ਮਾਇਆ[37] ਨਾਲ ਨਸ਼ਈ ਹੋਇਆ ਹੋਇਆ[38] ਹੈ, ਜੋ ਕਿ ਉਸ ਨੂੰ ਆਪਣੀ ਮਿੱਠੜੀ[40] ਜ਼ਿੰਦਗੀ[41] ਨਾਲੋਂ ਭੀ ਪਿਆਰੀ[39] ਹੈ ।
ਕੋਊ ਤਿਆਗੈ[42] ਵਿਰਲਾ[43]॥ ੨॥	Few[43] are they who forsake[42] her.	ਬਹੁਤ ਹੀ ਥੋੜੇ[43] ਉਸ ਨੂੰ ਤਲਾਂਜਲੀ[42] ਦਿੰਦੇ ਹਨ ।
ਚਰਨ[44] ਕਮਲ[45] ਆਨੂਪ[46] ਹਰਿ ਸੰਤ[47] ਮੰਤ[48] ॥	Beauteous[46] are Lord's lotus[45] feet[44] and the instruction[48] of God's Saints[47].	ਸੁੰਦਰ[46] ਹਨ ਸੁਆਮੀ ਦੇ ਕੰਵਲ[45] ਪੈਰ[44] ਅਤੇ ਵਾਹਿਗੁਰੂ ਦੇ ਸਾਧੂਆਂ[47] ਦੀ ਸਿੱਖਮੱਤ[48] ।
ਕੋਊ[49] ਲਾਗੈ[50] ਸਾਧੂ[51] ॥ ੩॥	Rare[49], is the pious person[51] who is attached[50] to them.	ਕੋਈ ਟਾਂਵਾਂ ਟਲਾ[49] ਪਵਿੱਤਰ ਪੁਰਸ਼[51] ਹੀ ਉਨ੍ਹਾਂ ਨਾਲ ਜੁੜਦਾ[50] ਹੈ ।
ਨਾਨਕ ਸਾਧੂ ਸੰਗਿ ਜਾਗੈ[52] ਗਿਆਨ[53] ਰੰਗਿ[54] ॥	Nanak, in the saints' society the love[54] for Divine Knowledge[53] is awakened[52].	ਨਾਨਕ, ਸਤਿ ਸੰਗਤ ਅੰਦਰ, ਬ੍ਰਹਮ-ਬੋਧ[53] ਲਈ ਪਿਆਰ[54] ਜਾਗ ਉਠਦਾ[52] ਹੈ ।
ਵਡਭਾਗੇ[55] ਕਿਰਪਾ[56] ॥੪॥ ੧॥੩੯॥	On the very fortunate[55], is the God's grace[56].	ਭਾਰੇ ਭਾਗਾਂ ਵਾਲਿਆਂ[55] ਉੱਤੇ ਵਾਹਿਗੁਰੂ ਦੀ ਮਿਹਰ[56] ਹੈ ।
੧ ੴ ਸਤਿਗੁਰ ਪ੍ਰਸਾਦਿ ॥	There is but one God. By the grace of the True Guru, He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪਾਇਆ ਜਾਂਦਾ ਹੈ ।
ਰਾਗੁ ਆਸਾ ਘਰੁ ੬ ਮਹਲਾ ੫ ॥	Asa Measure 5th Guru.	ਰਾਗ ਆਸਾ ਪੰਜਵੀਂ ਪਾਤਸ਼ਾਹੀ ।

ਜੋ[57] ਤੁਧੁ ਭਾਵੈ[58] ਸੋ[59] ਪਰਵਾਨਾ[60] ਸੂਖੁ ਸਹਜੁ[61] ਮਨਿ ਸੋਈ[62] ॥

Whatever[57] pleases[58] Thee, O Lord, that[59] I accept[60], and that[62] alone is the supreme bliss[61] for my mind.

ਜਿਹੜਾ ਕੁੱਛ[57] ਤੈਨੂੰ ਚੰਗਾ ਲਗਦਾ[58] ਹੈ, ਸਾਂਈ! ਉਹ[59] ਮੈਨੂੰ ਮਨਜ਼ੂਰ[60] ਹੈ। ਕੇਵਲ ਓਹੀ[62] ਮੇਰੇ ਚਿੱਤ ਲਈ ਪਰਮ ਅਨੰਦ[61] ਹੈ।

ਕਰਣ[63] ਕਾਰਣ[64] ਸਮਰਥ[65] ਅਪਾਰਾ[66] ਅਵਰੁ[67] ਨਾਹੀ ਰੇ ਕੋਈ ॥੧॥

Thou art the Doer[63] of deeds[64], Omnipotent[65] and Infinite[66]. Without Thee, O Lord, there is not another[67].

ਤੂੰ ਕੰਮਾਂ[64] ਦਾ ਕਰਨਹਾਰ[63] ਸਰਬ-ਸ਼ਕਤੀਵਾਨ[65] ਅਤੇ ਬਿਅੰਤ[66] ਹੈਂ। ਤੇਰੇ ਬਗੈਰ, ਹੇ ਪ੍ਰਭੂ, ਹੋਰ ਕੋਈ[67] ਨਹੀਂ!

ਤੇਰੇ ਜਨ[68] ਰਸਕਿ ਰਸਕਿ[69] ਗੁਣ[70] ਗਾਵਹਿ ॥

Thine slaves[68] sing Thy praises[70] with relish and affection[69].

ਤੇਰੇ ਗੋਲੇ[68], ਪ੍ਰੇਮ ਅਤੇ ਪ੍ਰੀਤ[69] ਨਾਲ ਤੇਰਾ ਜੱਸ[70] ਗਾਇਨ ਕਰਦੇ ਹਨ।

ਮਸਲਤਿ[71] ਮਤਾ[72] ਸਿਆਣਪ[73] ਜਨ ਕੀ ਜੋ ਤੂੰ ਕਰਹਿ[74] ਕਰਾਵਹਿ ॥ ੧॥ਰਹਾਉ॥

For Thine slaves, that alone is the noblest advice[71], resolve[72] and wisdom[73], which Thou doest[74] or causeth to be done. Pause.

ਤੇਰੇ ਗੋਲਿਆਂ ਲਈ ਕੇਵਲ ਓਹੀ ਪਰਮ ਸ੍ਰੇਸ਼ਟ ਸਲਾਹ[71], ਇਰਾਦਾ[72] ਅਤੇ ਅਕਲਮੰਦੀ[73] ਹੈ, ਜਿਹੜੀ ਕਿ ਤੂੰ ਕਰਦਾ[74] ਜਾਂ ਕਰਾਉਂਦਾ ਹੈਂ। ਠਹਿਰਾਉ।

ਅੰਮ੍ਰਿਤੁ[75] ਨਾਮੁ ਤੁਮਾਰਾ ਪਿਆਰੇ[76] ਸਾਧ ਸੰਗਿ ਰਸੁ[77] ਪਾਇਆ ॥

Nectar[75] is Thy Name, O my Beloved[76] and in the society of saints I have obtained its relish[77].

ਆਬਿ-ਹਿਯਾਤ[75] ਹੈ ਤੇਰਾ ਨਾਮ, ਹੇ ਮੇਰੇ ਪ੍ਰੀਤਮ[76]! ਸਤਿ ਸੰਗਤ ਅੰਦਰ ਮੈਂ ਇਸ ਦਾ ਸੁਆਦ[77] ਪਰਾਪਤ ਕੀਤਾ ਹੈ।

ਤ੍ਰਿਪਤਿ[78] ਅਘਾਇ[79] ਸੇਈ[80] ਜਨ[81] ਪੂਰੇ[82] ਸੁਖ[83] ਨਿਧਾਨੁ[84] ਹਰਿ ਗਾਇਆ[85] ॥੨॥

The[80] mortals[81], who sing[85] the praise of God, the Treasure[84] of peace[83], become perfect[82] and remain sated[78] and satiated[79].

ਜੋ[80] ਪ੍ਰਾਣੀ[81] ਆਰਾਮ[83] ਦੇ ਖਜ਼ਾਨੇ[84], ਹਰੀ ਦੀ ਕੀਰਤੀ ਗਾਇਨ[85] ਕਰਦੇ ਹਨ, ਉਹ ਮੁਕੰਮਲ[82] ਹੋ ਜਾਂਦੇ ਹਨ ਅਤੇ ਰੱਜੇ[78] ਤੇ ਧ੍ਰਾਪੇ[79] ਰਹਿੰਦੇ ਹਨ।

ਜਾ ਕਉ ਟੇਕ[86] ਤੁਮ੍ਹਾਰੀ ਸੁਆਮੀ ਤਾਕਉ ਨਾਹੀ ਚਿੰਤਾ[87] ॥

He, who has Thy support[86], O Lord, him anxiety[87] affects not.

ਜਿਸ ਨੂੰ ਤੇਰਾ ਆਸਰਾ[86] ਹੈ, ਹੇ ਪ੍ਰਭੂ! ਉਸ ਨੂੰ ਫ਼ਿਕਰ[87] ਨਹੀਂ ਹੁੰਦਾ।

ਜਾ ਕਉ ਦਇਆ[88] ਤੁਮਾਰੀ ਹੋਈ ਸੋ[89] ਸਾਹ[90] ਭਲੇ[91] ਭਗਵੰਤਾ[92] ॥੩॥

He, on whom Thou showerest Thy benediction[88], he[89] is the Sublime[91] and Fortunate[92] banker[90].

ਜਿਸ ਉੱਤੇ ਤੂੰ ਆਪਣੀ ਰਹਿਮਤ[88] ਧਾਰਦਾ ਹੈਂ, ਉਹ[89] ਹੀ ਸ੍ਰੇਸ਼ਟ[91] ਅਤੇ ਭਾਗਾਂਵਾਲਾ[92] ਸ਼ਾਹੂਕਾਰ[90] ਹੈ।

ਭਰਮ[93] ਮੋਹ[94] ਧੋਹ[99] ਸਭਿ[95] ਨਿਕਸੇ[96] ਜਬ[97] ਕਾ ਦਰਸਨੁ[98] ਪਾਇਆ ॥

The doubts[93], worldly attachments[94] and frauds[99] have all[95] disappeared[96] since[97] I had a vision[98] of Thee.

ਜਦੋਂ ਦਾ[97] ਮੈਂ ਤੇਰਾ ਦੀਦਾਰ[98] ਕੀਤਾ ਹੈ, ਵਹਿਮ[93], ਸੰਸਾਰੀ ਲਗਨਾਂ[94] ਅਤੇ ਛਲ-ਫ਼ਰੇਬ[99] ਸਾਰੇ[95] ਦੂਰ[96] ਹੋ ਗਏ ਹਨ।

ਵਰਤਣਿ[100] ਨਾਮੁ ਨਾਨਕ ਸਚੁ ਕੀਨਾ ਹਰਿਨਾਮੇ ਰੰਗਿ[2] ਸਮਾਇਆ[3] ॥੪॥ ੧॥੪੦॥

Such persons, O Nanak, deal[100] only in the True Name, and in the love[2] of God's Name, they are absorbed[3].

ਐਸੇ ਪੂਜ ਵਿਅਕਤੀ, ਹੇ ਨਾਨਕ, ਕੇਵਲ ਸੱਚੇ ਨਾਮ ਦਾ ਹੀ ਕਾਰ-ਵਿਹਾਰ[100] ਕਰਦੇ ਹਨ ਅਤੇ ਉਹ ਵਾਹਿਗੁਰੂ ਦੇ ਨਾਮ ਦੀ ਪ੍ਰੀਤ[2] ਅੰਦਰ ਹੀ ਲੀਨ[3] ਰਹਿੰਦੇ ਹਨ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਜਨਮ ਜਨਮ[4] ਕੀ ਮਲੁ[5]

The slanderer washes[8] the filth[5] of

ਨਿੰਦਕ, ਹੋਰਨਾਂ[6] ਦੀ ਅਨੇਕਾਂ ਜਨਮਾਂ[4] ਦੀ ਗਿਲਾਜ਼ਤ[5]

ਧੋਵੈ[8] ਪਰਾਈ[6] ਆਪਣਾ ਕੀਤਾ[7] ਪਾਵੈ ॥

many births[4] of others[6], and reaps the fruit of his own acts[7].

ਧੋਂਦਾ[8] ਹੈ ਅਤੇ ਆਪਣੇ ਨਿੱਜ ਦੇ ਕਰਮਾਂ[7] ਦਾ ਫਲ ਭੁਗਤਦਾ ਹੈ ।

ਈਹਾ[9] ਸੁਖੁ ਨਹੀ ਦਰਗਹ[10] ਢੋਈ[12] [13]ਜਮਪੁਰਿ[14] ਜਾਇ ਪਚਾਵੈ[15] ॥੧॥

He has no peace here[9] and no room[12] in God's court[10]. He is tormented[15] in the city[14] of death[13].

ਏਥੇ[9] ਉਸ ਨੂੰ ਆਰਾਮ ਨਹੀਂ ਅਤੇ ਨਾ ਹੀ ਉਸ ਨੂੰ ਰੱਬ ਦੇ ਦਰਬਾਰ[10] ਅੰਦਰ ਟਿਕਾਣਾ[12] ਮਿਲਦਾ ਹੈ । ਉਸ ਨੂੰ ਮੌਤ[13] ਦੇ ਸ਼ਹਿਰ[14] ਵਿਚ ਤਕਲੀਫ ਦਿੱਤੀ ਜਾਂਦੀ ਹੈ[15] ।

ਨਿੰਦਕਿ[16] ਅਹਿਲਾ[17] ਜਨਮੁ[18] ਗਵਾਇਆ[19] ॥

The calumniator[16] loses[19] his life[18] in vain[17].

ਬਦਖੋਈ ਕਰਨ ਵਾਲਾ[16] ਆਪਣਾ ਜੀਵਨ[18] ਵਿਅਰਥ[17] ਗੁਆ ਲੈਂਦਾ[19] ਹੈ ।

ਪਹੁਚਿ[20] ਨ ਸਾਕੈ ਕਾਹੂ ਬਾਤੈ[21] ਆਗੈ[22] ਠਉਰ[23] ਨ ਪਾਇਆ ॥੧॥ਰਹਾਉ॥

He cannot succeed[20] in anything[21] and hereafter[22] obtains not a place[23]. Pause.

ਉਹ ਕਿਸੇ ਗਲ ਵਿਚ[21] ਭੀ ਕਾਮਯਾਬ[20] ਨਹੀਂ ਹੋ ਸਕਦਾ ਅਤੇ ਏਦੂੰ-ਮਗਰੋਂ[22] ਉਸ ਨੂੰ ਕੋਈ ਥਾਂ[23] ਨਹੀਂ ਮਿਲਦੀ। ਠਹਿਰਾਉ ।

੩੮੧

ਕਿਰਤੁ[24] ਪਇਆ ਨਿੰਦਕ ਬਪੁਰੇ[26] ਕਾ ਕਿਆ[27] ਓਹੁ ਕਰੈ ਬਿਚਾਰਾ[25] ॥

Such is the fate[24] of the wretched[26] slanderer, but what[27] can the poor[25] creature do ?

ਐਹੋ ਜੇਹੀ ਹੈ ਕਿਸਮਤ[24] ਬਦਬਖ਼ਤ[26] ਬਦਖੋਈ ਕਰਨ ਵਾਲੇ ਦੀ । ਉਹ ਗ਼ਰੀਬ[25] ਜੀਵ ਕੀ[27] ਕਰ ਸਕਦਾ ਹੈ ?

ਤਹਾ[28] ਬਿਗੂਤਾ[29] ਜਹ[32] ਕੋਇ ਨ ਰਾਖੈ[30] ਓਹੁ ਕਿਸੁ ਪਹਿ ਕਰੇ ਪੁਕਾਰਾ[31] ॥੨॥

He is ruined[29] there[28] where[32] none can protect[30] him. With whom should he lodge a complaint[31].

ਉਹ ਉਥੇ[28] ਤਬਾਹ[29] ਹੋਇਆ ਹੈ, ਜਿੱਥੇ[32] ਉਸਦੀ ਕੋਈ ਰੱਖਿਆ[30] ਨਹੀਂ ਕਰ ਸਕਦਾ । ਉਹ ਕਿਸ ਦੇ ਮੂਹਰੇ ਫ਼ਰਿਆਦ[31] ਕਰੇ ?

ਨਿੰਦਕ ਕੀ ਗਤਿ[33] ਕਤਹੂੰ[34] ਨਾਹੀ ਖਸਮੈ[35]ਏਵੈ[36]ਭਾਣਾ[37]॥

For the caluminator, there is no salvation[33], anywhere[34] and such[36] is the will[37] of the Lord[35].

ਬਦਖੋਈ ਕਰਨ ਵਾਲੇ ਲਈ ਕਿਧਰੇ ਭੀ[34] ਮੋਖਸ਼[33]ਨਹੀਂ, ਸੁਆਮੀ[35] ਦੀ ਐਹੋ ਜੇਹੀ[36] ਹੀ ਰਜ਼ਾ[37] ਹੈ ।

ਜੋ ਜੋ[38] ਨਿੰਦ ਕਰੇ ਸੰਤਨ ਕੀ ਤਿਉ[39] ਸੰਤਨ ਸੁਖੁ[40] ਮਾਨਾ[41] ॥੩॥

The more[38] the saints are slandered, the more[39] the peace[40] they enjoy[41].

ਜਿੰਨੀ ਜ਼ਿਆਦਾ[38] ਸਾਧੂਆਂ ਦੀ ਬਦਖੋਈ ਕੀਤੀ ਜਾਵੇ, ਉਨਾਂ ਹੀ ਜ਼ਿਆਦਾ[39] ਆਰਾਮ[40] ਉਹ ਮਾਣਦੇ[41] ਹਨ ।

ਸੰਤਾ ਟੇਕ[42] ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ[43] ॥

The saints have Thine support[42], O Lord and to the saints Thou art the succourer[43].

ਸਾਧੂਆਂ ਨੂੰ ਤੇਰਾ ਆਸਰਾ[42] ਹੈ, ਹੇ ਪ੍ਰਭੂ ! ਸਾਧੂਆਂ ਦਾ ਤੂੰ ਹੀ ਸਹਾਇਕ[43] ਹੈਂ ।

ਕਹੁ[44] ਨਾਨਕ ਸੰਤ ਹਰਿ ਰਾਖੈ[45] ਨਿੰਦਕ ਦੀਏ ਰੁੜਾਈ[46] ॥੪॥੨॥੪੧॥

Says[44] Nanak, the saints are saved[45] by God but the calumniators, he consigns to the flood[46].

ਗੁਰੂਜੀ ਆਖਦੇ ਹਨ[44],ਸਾਧੂਆਂ ਦੀ ਵਾਹਿਗੁਰੂ ਰੱਖਿਆ[45] ਕਰਦਾ ਹੈ ਅਤੇ ਬਦਖੋਈ ਕਰਨ ਵਾਲਿਆਂ ਨੂੰ ਉਹ ਹੜ੍ਹ ਵਿਚ ਸੁੱਟ ਪਾਉਂਦਾ[46] ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਬਾਹਰੁ[47] ਧੋਇ[48] ਅੰਤਰੁ[49] ਮਨੁ ਮੈਲਾ[50] ਦੁਇ[53]ਠਉਰ[51] ਅਪੁਨੇ ਖੋਏ[52] ॥

From without[47], man washes[48] his body, but from within[49] his mind remains filthy[50], hence he loses[52] his both[53] the places[51].

ਬਾਹਰ ਵਾਰੋਂ[47]ਬੰਦਾ ਆਪਣੀ ਦੇਹਿ ਧੋ ਲੈਂਦਾ[48] ਹੈ,ਪ੍ਰੰਤੂ ਅੰਦਰੋਂ[49] ਉਸਦਾ ਚਿੱਤ ਗਲੀਜ਼[50] ਰਹਿੰਦਾ ਹੈ । ਉਹ ਆਪਣੇ ਦੋਵੇਂ[53] ਥਾਂ[51] ਹੀ ਗੁਆ[52] ਲੈਂਦਾ ਹੈ ।

ਈਹਾ[53*] ਕਾਮਿ[54] ਕ੍ਰੋਧਿ[55]

Here[53*], he is engrossed[57] in lust[54],

ਏਥੇ[53*]ਉਹ ਵਿਸ਼ੇ ਭੋਗ[54], ਗੁਸੇ[55] ਅਤੇ ਸੰਸਾਰੀ ਮਮਤਾ[56]

ਮੋਹਿ[56] ਵਿਆਪਿਆ[57]ਆਗੈ[58] ਮੁਸਿ ਮੁਸਿ[59] ਰੋਏ ॥੧॥

wrath[56] and worldly love[56] and hereafter[58], he shall weep drawing deep sighs[59].

ਅੰਦਰ ਖਚਤ[57] ਹੋਇਆ ਹੋਇਆ ਹੈ ਅਤੇ ਏਦੂੰ ਮਗਰੋਂ[58] ਉਹ ਡੂੰਘੇ ਹਉਕੇ[59] ਭਰ ਕੇ ਵਿਰਲਾਪ ਕਰੇਗਾ ।

[60]ਗੋਵਿੰਦ[61] ਭਜਨ[62] ਕੀ ਮਤਿ[63] ਹੈ ਹੋਰਾ[64] ॥

Different[64] is the way[63] to the meditation[62] of the World[60] Lord[61].

ਵੱਖਰਾ[64] ਹੈ ਰਸਤਾ[63], ਸ੍ਰਿਸ਼ਟੀ[60] ਦੇ ਸੁਆਮੀ[61] ਦੇ ਸਿਮਰਨ [62] ਦਾ ।

ਵਰਮੀ[65] ਮਾਰੀ[66] ਸਾਪੁ[67] ਨ ਮਰਈ ਨਾਮੁ ਨ ਸੁਨਈ ਡੋਰਾ[68] ॥੧॥ਰਹਾਉ॥

By destroying[66] the snake-hole[65], the snake[67] dies not, the deaf man[68] hears not God's Name. Pause.

ਸੱਪ ਦੀ ਖੁੱਡ[65]ਤਬਾਹ[66]ਕਰਨ ਨਾਲ ਸੱਪ[67]ਨਹੀਂ ਮਰਦਾ, ਬੋਲਾ ਆਦਮੀ[68]ਵਾਹਿਗੁਰੂ ਦਾ ਨਾਮ ਸ੍ਰਵਣ ਨਹੀਂ ਕਰਦਾ। ਠਹਿਰਾਉ ।

ਮਾਇਆ[69] ਕੀ ਕਿਰਤਿ[70] ਛੋਡਿ ਗਵਾਈ[71] ਭਗਤੀ[72] ਸਾਰ[73] ਨ ਜਾਨੈ ॥

Ostensibly he abandons[71] the worldly[69] affairs[70], but he knows not the worth[73] of devotion[72].

ਜ਼ਾਹਰਾ ਤੌਰ ਤੇ ਉਹ ਸੰਸਾਰੀ[69] ਵਿਹਾਰ[70] ਤਰਕ[71] ਕਰ ਦਿੰਦਾ ਹੈ, ਪਰ ਉਹ ਪ੍ਰੇਮਾ ਭਗਤੀ[72] ਦੀ ਕਦਰ[73] ਨਹੀਂ ਜਾਣਦਾ ।

ਬੇਦ ਸਾਸਤ੍ਰ ਕਉ ਤਰਕਨਿ[74] ਲਾਗਾ[78] ਤਤੁ[75] ਜੋਗੁ[76] ਨ ਪਛਾਨੈ[77] ॥੨॥

He begins[78] to find fault[74] with the Vedas and Shashtras and knows[77] not the real[75] means of union[76] with God.

ਉਹ ਵੇਦਾਂ ਅਤੇ ਸ਼ਾਸਤਰਾਂ ਵਿਚ ਔਗੁਣ ਨਿਰੂਪਣ ਕਰਨ[74] ਲਗ ਜਾਂਦਾ[78] ਹੈ ਅਤੇ ਵਾਹਿਗੁਰੂ ਦੇ ਮਿਲਾਪ[76] ਦੇ ਅਸਲੀ[75] ਤਰੀਕੇ ਨੂੰ ਨਹੀਂ ਜਾਣਦਾ[77] ।

ਉਘਰਿ[79] ਗਇਆ ਜੈਸਾ[80] ਖੋਟਾ[81] ਢਬੂਆ[82] ਨਦਰਿ[83] ਸਰਾਫਾ ਆਇਆ[84] ॥

He stands exposed[79] like[80] a counterfeit[81] coin[82], when viewed[83] by Lord, the Assayer[84].

ਪਰਮੇਸ਼ਰ, ਪਾਰਖੂ[84] ਦੀ ਨਿਗ੍ਹਾ[83] ਅੰਦਰ ਆਉਣ ਉਤੇ ਉਸ ਦਾ ਜਾਲ੍ਹੀ[81] ਸਿੱਕੇ[82]ਦੀ ਮਾਨਿੰਦ[80] ਪਾਜ ਉਘੜ[79] ਆਉਂਦਾ ਹੈ ।

ਅੰਤਰਜਾਮੀ[85] ਸਭੁ ਕਿਛੁ ਜਾਨੈ ਉਸ ਤੇ[86] ਕਹਾ[87] ਛਪਾਇਆ[88] ॥੩॥

The knower of hearts[85] knows everything; from[86] Him, how[87] can we hide[88] anything ?

ਦਿਲਾਂ ਦੀਆਂ ਜਾਨਣਹਾਰ[85] ਸਭ ਕੁਝ ਜਾਣਦਾ ਹੈ। ਉਸ ਪਾਸੋਂ[86] ਆਪਾਂ ਕਿਸ ਤਰ੍ਹਾਂ[87] ਕੁਛ ਲੁਕੋ[88] ਸਕਦੇ ਹਾਂ ?

ਕੂੜਿ[89] ਕਪਟਿ[90] ਬੰਚਿ[91] ਨਿੰਮੁਨੀਆਦਾ[92] ਬਿਨਸਿ[93] ਗਇਆ ਤਤਕਾਲੇ[94] ॥

Falsehood[89], crookedness[90] and fraud[91] are without foundation[92] and crumble[93] down instantly[94].

ਝੂਠ[89],ਟੇਢਾਪਣ[90] ਅਤੇ ਫ਼ਰੇਬ[91] ਨੀਂਹ[92] ਦੇ ਬਿਨਾਂ ਹਨ ਅਤੇ ਤੁਰਤ[94] ਹੀ ਨਾਸ ਹੋ ਜਾਂਦੇ[93] ਹਨ ।

ਸਤਿ[95] ਸਤਿ ਸਤਿ ਨਾਨਕਿ ਕਹਿਆ[96] ਅਪਨੈ ਹਿਰਦੈ[97] ਦੇਖੁ[98] ਸਮਾਲੇ[99] ॥੪॥੩॥ ੪੨॥

Verily[95], verily, verily Nanak utters[96]. Within thy mind[97] see[98] and examine[99] it.

ਸਚ[95], ਸਚ, ਸਚ ਨਾਨਕ ਆਖਦਾ[96] ਹੈ । ਆਪਣੇ ਮਨ[97] ਅੰਦਰ ਇਸ ਨੂੰ ਵੇਖ[98] ਅਤੇ ਨਿਰਣਾ[99] ਕਰ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਉਦਮੁ[100] ਕਰਤ[2] ਹੋਵੈ[8] ਮਨੁ[3] ਨਿਰਮਲੁ[4] ਨਾਚੈ[5] ਆਪੁ[6] ਨਿਵਾਰੇ[7] ॥

By making[2] an effort[100] to dance[5] for stilling[7] self-conceit[6], the mind[3] becomes[8] pure[4].

ਸਵੈ-ਹੰਗਤਾ[6] ਨੂੰ ਮਾਰਣ[7] ਦੀ ਨਿਰਤਕਾਰੀ[5] ਦਾ ਉਪ-ਰਾਲਾ[100] ਕਰਨ[2] ਦੁਆਰਾ ਆਤਮਾ[3] ਪਵਿੱਤਰ[4] ਹੋ ਜਾਂਦੀ[8] ਹੈ ।

ਪੰਚ[9] ਜਨਾ[10] ਲੇ ਵਸਗਤਿ[12] ਰਾਖੈ[13]ਮਨ ਮਹਿ[14]ਏਕੰਕਾਰੇ[15] ॥੧॥

The five[9] evil passions[10], he keeps[13] under his control[12], and in[14] his mind, he enshrines the one Lord[15].

ਪੰਜ[9] ਮੰਦੇ ਵਿਸ਼ੇ[10] ਵੇਗਾਂ ਨੂੰ ਉਹ ਆਪਣੇ ਕਾਬੂ[12]ਵਿੱਚ ਰਖਦਾ[13] ਹੈ ਅਤੇ ਆਪਣੇ ਹਿਰਦੇ ਅੰਦਰ[14] ਉਹ ਇਕ ਸੁਆਮੀ[15] ਨੂੰ ਟਿਕਾਉਂਦਾ ਹੈ ।

ਤੇਰਾ ਜਨੁ[16] ਨਿਰਤਿ[17] ਕਰੇ ਗੁਨ[18] ਗਾਵੈ[19] ॥
ਰਬਾਬੁ[20] ਪਖਾਵਜ[21] ਤਾਲ[22] ਘੁੰਘਰੂ[23] ਅਨਹਦ ਸਬਦੁ[24] ਵਜਾਵੈ[25] ॥੧॥ਰਹਾਉ॥

Thy slave[16] dances[17] and sings[19] Thine excellences[18].
He plays[25] upon the rebeck[20], tambourine[21], cymbals[22] and anklets[23] and thus he hears the Divine music[24]. Pause.

ਤੇਰਾ ਗੋਲਾ[16] ਨੱਚਦਾ[17] ਅਤੇ ਤੇਰੀਆਂ ਸ੍ਰੇਸ਼ਟਤਾਈਆਂ[18] ਗਾਇਨ[19] ਕਰਦਾ ਹੈ ।
ਉਹ ਸਰੰਦਾ[20], ਜੋੜੀ[21], ਛੈਣੇ[22] ਅਤੇ ਕੈਂਸੀਆਂ[23] ਵਜਾਉਂਦਾ[25]ਹੈ ਅਤੇ ਇਸ ਤਰ੍ਹਾਂ ਉਹ ਇਲਾਹੀ ਕੀਰਤਨ[24] ਸੁਣਦਾ ਹੈ । ਠਹਿਰਾਉ ।

ਪ੍ਰਥਮੇ[26] ਮਨੁ ਪਰਬੋਧੈ[27] ਅਪਨਾ ਪਾਛੈ[28] ਅਵਰ[29] ਰੀਝਾਵੈ[30] ॥

At first[26], instructs[27] he his own mind and afterwards[28] pleases[30] others[29].

ਪਹਿਲਾਂ[76] ਉਹ ਆਪਣੇ ਮਨ ਨੂੰ ਸਿਖਮਤ[27] ਦਿੰਦਾ ਹੈ, ਮਗਰੋਂ[28] ਉਹ ਹੋਰਨਾਂ[29] ਨੂੰ ਪਰਸੰਨ ਕਰਦਾ[90] ਹੈ ।

ਰਾਮ ਨਾਮ ਜਪੁ ਹਿਰਦੈ[31] ਜਾਪੈ ਮੁਖ[32] ਤੇ ਸਗਲ[33] ਸੁਨਾਵੈ[34] ॥੨॥

Meditates and contemplates he on Lord's Name in his mind[31] and with his mouth[32] he preaches[34] it to all[33] others.

ਆਪਣੇ ਮਨ[31] ਅੰਦਰ ਉਹ ਸੁਆਮੀ ਦੇ ਨਾਮ ਦਾ ਸਿਮਰਨ ਤੇ ਆਰਾਧਨ ਕਰਦਾ ਹੈ ਅਤੇ ਆਪਣੇ ਮੂੰਹ[32] ਨਾਲ ਉਹ ਇਸ ਨੂੰ ਹੋਰ ਸਾਰਿਆਂ[33] ਨੂੰ ਪ੍ਰਚਾਰਦਾ[34] ਹੈ ।

ਕਰ ਸੰਗਿ[35] ਸਾਧੂ ਚਰਨ[36] ਪਖਾਰੈ[37] ਸੰਤ ਧੂਰਿ[38] ਤਨਿ[39] ਲਾਵੈ[40] ॥

He meets[35] the saints', washes[37] their feet[36] and the dust[38] of saints feet he applies[40] to his body[39].

ਉਹ ਸੰਤਾਂ ਨੂੰ ਮਿਲ[35] ਕੇ ਉਨ੍ਹਾਂ ਦੇ ਪੈਰ[36] ਧੋਂਦਾ[37] ਹੈ । ਸੰਤਾਂ ਦੇ ਪੈਰਾਂ ਦੀ ਧੂੜ[38] ਉਹ ਆਪਣੀ ਦੇਹਿ[39] ਨੂੰ ਲਾਉਂਦਾ[40] ਹੈ ।

ਮਨੁ[41] ਤਨੁ[42] ਅਰਪਿ[43]ਧਰੇ[44] ਗੁਰ ਆਗੈ[45] ਸਤਿ[46] ਪਦਾਰਥੁ[47] ਪਾਵੈ ॥੩॥

His soul[41] and body[42] he surrenders[43], and places[44] before[45] the Guru and obtains the True[46] wealth[47].

ਆਪਣੀ ਆਤਮਾ[41] ਅਤੇ ਦੇਹਿ[42] ਗੁਰਾਂ ਦੇ ਸਮਰਪਣ[43] ਕਰ ਉਹ ਉਨ੍ਹਾਂ ਦੇ ਮੂਹਰੇ[45] ਰਖ ਦਿੰਦਾ[44] ਹੈ ਅਤੇ ਸਚੀ[46] ਦੌਲਤ[47] ਨੂੰ ਪ੍ਰਾਪਤ ਕਰ ਲੈਂਦਾ ਹੈ ।

ਜੋ[48] ਜੋ ਸੁਨੈ ਪੇਖੈ[49] ਲਾਇ ਸਰਧਾ[50] ਤਾਕਾ[51] ਜਨਮ ਮਰਨ ਦੁਖੁ[52] ਭਾਗੈ[53] ॥

Whoever[48] hears and beholds[49] the Guru with faith[50], his[51] pain[52] of birth and death flees[53].

ਜਿਹੜਾ ਕੋਈ[48] ਭੀ ਭਰੋਸੇ[50] ਨਾਲ ਗੁਰਾਂ ਨੂੰ ਸੁਣਦਾ ਅਤੇ ਵੇਖਦਾ[49] ਹੈ, ਉਸ ਦੀ[51] ਜੰਮਨ ਅਤੇ ਮਰਨ ਦੀ ਪੀੜ[52] ਦੌੜ ਜਾਂਦੀ[53] ਹੈ ।

ਐਸੀ[54] ਨਿਰਤਿ[55] ਨਰਕ[56] ਨਿਵਾਰੈ[57] ਨਾਨਕ ਗੁਰਮੁਖਿ[58] ਜਾਗੈ[59] ॥੪॥੪॥੪੩॥

Such[54] a dance[55] nullifies[57] (dispels) hell[56]. O Nanak, the sikh resigned to Guru's will[58], ever remains wakeful[59].

ਐਹੋ ਜੇਹਾ[54] ਨਾਚ[55] ਦੋਜ਼ਕ[56] ਨੂੰ ਮੇਟ ਦਿੰਦਾ[57] ਹੈ । ਗੁਰੂ ਅਨੁਸਾਰੀ[58] ਸਿਖ, ਹੇ ਨਾਨਕ ! ਹਮੇਸ਼ਾ ਜਾਗਦਾ[59] ਰਹਿੰਦਾ ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਅਧਮ[60] ਚੰਡਾਲੀ[61] ਭਈ ਬ੍ਰਹਮਣੀ[62] ਸੂਦੀ[63] ਤੇ ਸ੍ਰੇਸਟਾਈ[64] ਰੇ ॥

A low[60] pariah woman[61] becomes a high caste lady[62], and a sweepress[63] is rendered sublime[64].

ਇਕ ਨੀਚ[60] ਕਮੀਨ ਜ਼ਨਾਨੀ[61] (ਨੀਵੀਂ ਬਿਰਤੀ), ਉਚ ਜਾਤੀ[62] ਦੀ ਤ੍ਰੀਮਤ ਹੋ ਗਈ ਹੈ ਅਤੇ ਇਕ ਭੰਗਣ[63] ਉਤਮ[64] ਥੀ ਵੰਞੀ ਹੈ ।

ਪਾਤਾਲੀ[65] ਆਕਾਸੀ[66] ਸਖਨੀ[67] ਲਹਬਰ[68] ਬੂਝੀ[69] ਖਾਈ[70] ਰੇ ॥੧॥

The flame[68] of unsated[67] desire for the wealth of the under-world[65] and the sky[66], is extinguished[69] and destroyed[70].

ਹੇਠਲੇ ਲੋਕ[65] ਅਤੇ ਅਸਮਾਨੀ[66]—ਦੌਲਤ ਦੀ ਅਸੰਤੁਸ਼ਟ[67] ਖਾਹਿਸ਼ ਦੀ ਲਾਟ[68] ਬੁਝ[69] ਕੇ ਬਿਨਸ[70] ਗਈ ਹੈ ।

ਘਰ ਕੀ ਬਿਲਾਈ[71]ਅਵਰ[72] ਸਿਖਾਈ[73] ਮੂਸਾ[74] ਦੇਖਿ[76]

The cat[71] of the house is now, differently[72] instructed[73] and it is

ਗ੍ਰਹਿ ਦੀ ਬਿੱਲੀ[71] ਨੂੰ ਹੁਣ ਵੱਖਰਾ[72] ਹੀ ਉਪਦੇਸ਼[73] ਮਿਲਿਆ ਹੈ ਅਤੇ ਉਹ ਚੂਹੇ[74] ਨੂੰ ਵੇਖਕੇ[76] ਭੈ-ਭੀਤ[75]

ਡਰਾਈ[75] ਰੇ ॥
ਅਜ[77] ਕੈ ਵਸਿ[78] ਗੁਰਿ ਕੀਨੋ ਕੇਹਰਿ[79] ਕੂਕਰ[80] ਤਿਨਹਿ[81] ਲਗਾਈ[82] ਰੇ ॥ ੧॥ਰਹਾਉ॥

terrified[75] on seeing[76] the mouse[74].
The Guru has given the tiger[79] into the power[78] of the sheep[77], and the dog[80], now, eats[82] grass[81]. Pause.

ਹੋ ਜਾਂਦੀ ਹੈ ।
ਗੁਰੂ ਨੇ ਸ਼ੇਰ[79] ਨੂੰ ਬੱਕਰੀ[77] ਦੇ ਅਖਤਿਆਰ[78] ਵਿਚ ਕਰ ਦਿਤਾ ਹੈ ਅਤੇ ਕੁਤਾ[80] ਹੁਣ ਘਾਹ[21] ਨੂੰ ਖਾਂਦਾ[82] ਹੈ । ਠਹਿਰਾਉ ।

ਬਾਝੁ[83] ਥੂਨੀਆ[84] ਛਪਰਾ[85] ਥਾਮ੍ਹਿਆ[86] ਨੀਘਰਿਆ[87] ਘਰੁ ਪਾਇਆ[88] ਰੇ ॥

Without[83] pillars[84] the thatched roof[85] is supported[86] and the homeless[87] fellow has found[88] a home.

ਥਮਲਿਆਂ[84] ਦੇ ਬਗੈਰ[83] ਛੱਪਰ[85] ਠਹਿਰਿਆ[86] ਹੋਇਆ ਹੈ ਅਤੇ ਮਕਾਨ-ਰਹਿਤ[87] ਨੂੰ ਮਕਾਨ ਮਿਲ ਗਿਆ[88] ਹੈ ।

ਬਿਨੁ ਜੜੀਏ[89] ਲੈ ਜੜਿਓ[90] ਜੜਾਵਾ[91] ਥੇਵਾ[92] ਅਚਰਜੁ[93] ਲਾਇਆ[94] ਰੇ ॥੨॥

Without the setter[89] the jewel[91] has been set[90], and a wonderful[93] precious stone[92] is studded[94].

ਜੜਨ ਵਾਲੇ[89] ਦੇ ਬਾਝੋਂ ਮਾਣਕ[91] ਜੜਿਆ ਗਿਆ[90] ਹੈ । ਇਕ ਅਦਭੁਤ[93] ਨਗ[92] ਜੜਿਆ ਹੋਇਆ[94] ਹੈ ।

ਦਾਦੀ[95] ਦਾਦਿ[96] ਨ ਪਹੁਚਨਹਾਰਾ[97] ਚੂਪੀ[98] ਨਿਰਨਉ[99] ਪਾਇਆ[100] ਰੇ॥

Through clamour[96], the beggar[95] succeeds[97] not, but by silence[98] he obtains[100] justice[99].

ਸ਼ੋਰ-ਸ਼ਰਾਬੇ[96] ਰਾਹੀਂ ਮੰਗਤਾ[95] ਕਾਮਯਾਬ[97] ਨਹੀਂ ਹੁੰਦਾ । ਖਾਮੋਸ਼ੀ[98] ਦੁਆਰਾ ਉਹ ਨਿਆਂ[99] ਹਾਸਲ ਕਰ ਲੈਂਦਾ[100] ਹੈ ।

ਮਾਲਿ[2] ਦੁਲੀਚੈ[3] ਬੈਠੀ ਲੇ ਮਿਰਤਕੁ[4] ਨੈਨ[5] ਦਿਖਾਲਨੁ[6] ਧਾਇਆ[7] ਰੇ ॥੩॥

The dead[4] sit on the costly[2] carpets[3] and what is seen[6] with the eyes[5] shall quickly vanish[7].

ਮੁਰਦੇ[4] ਕੀਮਤੀ[2] ਗਲੀਚਿਆਂ[3] ਉਤੇ ਬਹਿੰਦੇ ਹਨ । ਜੋ ਕੁਛ ਅੱਖਾਂ[5] ਨਾਲ ਦਿਸਦਾ[6] ਹੈ, ਛੇਤੀ ਹੀ ਅਲੋਪ[7] ਹੋ ਜਾਵੇਗਾ ।

ਤਟੜ

ਸੋਈ[8] ਅਜਾਣੁ[9] ਕਹੈ[12] ਮੈ ਜਾਨਾ[10] ਜਾਨਣਹਾਰੁ[13] ਨ ਛਾਨਾ[14] ਰੇ ॥

Ignorant[9] is he[8], who says[12] he knows[10]. The Knower[13] remains not obscure[14].

ਬੇਸਮਝ[9] ਉਹ[8] ਹੈ, ਜਿਹੜਾ ਕਹਿੰਦਾ[12] ਹੈ ਕਿ ਮੈਂ ਜਾਣਦਾ[10] ਹਾਂ । ਜਾਨਣ ਵਾਲਾ[13] ਲੁਕਿਆ[14] ਹੋਇਆ ਨਹੀਂ ਰਹਿੰਦਾ ।

ਕਹੁ[15] ਨਾਨਕ ਗੁਰਿ ਅਮਿਉ[16] ਪੀਆਇਆ[17] ਰਸਕਿ ਰਸਕਿ[18]ਬਿਗਸਾਨਾ[19] ਰੇ ॥੪॥੫॥੪੪॥

Says[15] Nanak, the Guru has given me Nectar[16] to drink[17] and saturated with the love[18] of Lord I am now elated[19].

ਗੁਰੂ ਜੀ ਆਖਦੇ[15] ਹਨ,ਗੁਰਾਂ ਨੇ ਮੈਨੂੰ ਅੰਮ੍ਰਿਤ[16] ਪਾਨ[17] ਕਰਵਾਇਆ ਹੈ । ਪ੍ਰਭੂ ਦੀ ਪ੍ਰੀਤ ਨਾਲ ਭਿਜ[18] ਮੈਂ ਹੁਣ ਪ੍ਰਫੁਲਤ[19] ਹੋ ਗਿਆ ਹਾਂ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਬੰਧਨ[20] ਕਾਟਿ ਬਿਸਾਰੇ[21] ਅਉਗਨ[24] ਅਪਨਾ ਬਿਰਦੁ[22] ਸਮ੍ਹਾਰਿਆ[23] ॥

The Guru has cut off my fetters[20], overlooked[21] my shortfalls[24] and thereby honoured[23] his creed[22].

ਗੁਰਾਂ ਨੇ ਮੇਰੀਆਂ ਬੇੜੀਆਂ[20] ਵਢ ਛੱਡੀਆਂ ਹਨ, ਮੇਰੇ ਪਾਪ[24] ਭੁਲਾ[21] ਦਿਤੇ ਹਨ ਅਤੇ ਇਸ ਤਰ੍ਹਾਂ ਆਪਣਾ ਧਰਮ[22] ਪਾਲਿਆ[23] ਹੈ ।

ਹੋਏ ਕ੍ਰਿਪਾਲ[25] ਮਾਤ[26] ਪਿਤ[27] ਨਿਆਈ[28]ਬਾਰਿਕ[29] ਜਿਉ[30]ਪ੍ਰਤਿਪਾਰਿਆ[31]॥੧॥

He has become merciful[25] to me like[28] mother[26] and father[27], and has cherished[31] me like[30] his own child[29].

ਉਹ ਮਾਤ[26] ਤੇ ਪਿਉ[27] ਦੀ ਤਰ੍ਹਾਂ[28] ਮੇਰੇ ਉਤੇ ਮਿਹਰ-ਬਾਨ[25] ਹੋਏ ਹਨ ਅਤੇ ਉਨ੍ਹਾਂ ਨੇ ਆਪਣੇ ਬੱਚੇ[29] ਦੀ ਮਾਨਿੰਦ[30] ਮੇਰੀ ਪਾਲਣਾ[31] ਪੋਸਣਾ ਕੀਤੀ ਹੈ ।

ਗੁਰਸਿਖ[34] ਰਾਖੇ[32] ਗੁਰ ਗੋਪਾਲਿ[33] ॥

The Lord Incarnate[33] Guru preserves[32] his disciples[34].

ਸੁਆਮੀ ਸਰੂਪ[33] ਗੁਰਦੇਵ ਜੀ ਆਪਣੇ ਮੁਰੀਦ[34] ਦੀ ਰਖਿਆ ਕਰਦੇ[32] ਹਨ ।

ਕਾਢਿ[35] ਲੀਏ ਮਹਾ[36]

Casting his kind[39] glance[40], he rescues[35]

ਆਪਣੀ ਮਿਹਰ[39]ਨਾਲ ਤੱਕ[40] ਕੇ, ਉਹ ਉਨਾਂ ਨੂੰ ਪਰਮ[36]

[37]ਭਵਜਲ[38] ਤੇ ਅਪਨੀ ਨਦਰਿ[39] ਨਿਹਾਲਿ[40] ॥੧॥ ਰਹਾਉ ॥

them from the very[36] terrible[27] world ocean[38]. Pause.

ਭਿਆਨਕ[37] ਸੰਸਾਰ ਸਮੁੰਦਰ[38] ਵਿੱਚੋਂ ਬਾਹਰ ਧੂ ਲੈਂਦੇ[39] ਹਨ । ਠਹਿਰਾਉ ।

ਜਾ ਕੈ ਸਿਮਰਣਿ[41] ਜਮ[42] ਤੇ ਛੁਟੀਐ[43]ਹਲਤਿ[44]ਪਲਤਿ[45] ਸੁਖੁ ਪਾਈਐ ॥

Meditating[41] on Him we escape[43] from Death's courier[42] and obtain peace here[44] and hereafter[45].

ਜਿਸ ਦੇ ਆਰਾਧਨ[41] ਦੁਆਰਾ ਅਸੀਂ ਮੌਤ ਦੇ ਦੂਤ[42] ਤੋਂ ਬਚ ਜਾਂਦੇ[43] ਹਾਂ ਅਤੇ ਐਥੇ[44] ਤੇ ਓਥੇ[45] ਅਰਾਮ ਪਾਉਂਦੇ ਹਾਂ ।

ਸਾਸਿ[46] ਗਿਰਾਸਿ[47] ਜਪਹੁ ਜਪੁ[48]ਰਸਨਾ[49] ਨੀਤ[50] ਨੀਤ ਗੁਣ[51] ਗਾਈਐ[52] ॥੨॥

Breathing[46] and eating[47], with thy tongue[49], utter and repeat[48] thou God's Name, and ever, ever[50] sing[52] His praise[51].

ਸਾਹ ਲੈਂਦਿਆਂ[46] ਅਤੇ ਖਾਂਦਿਆਂ[47], ਆਪਣੀ ਜੀਭਾ[49] ਨਾਲ ਤੂੰ ਵਾਹਿਗੁਰੂ ਦੇ ਨਾਮ ਦਾ ਉਚਾਰਨ ਤੇ ਵਰਣਨ[48] ਕਰ, ਅਤੇ ਸਦਾ ਸਦਾ[50] ਹੀ ਉਸ ਦਾ ਜੱਸ[51] ਗਾਇਨ[52] ਕਰ ।

ਭਗਤਿ[53] ਪ੍ਰੇਮ ਪਰਮ[54]ਪਦੁ[55] ਪਾਇਆ ਸਾਧ ਸੰਗਿ ਦੁਖ[56] ਨਾਠੇ[57] ॥

By devotional service[53], supreme[54] status[55] is obtained and in the society of saints the sorrows[56] flee[57].

ਪ੍ਰੀਤ ਭਾਵਨਾ ਵਾਲੀ ਸੇਵਾ[53] ਦੁਆਰਾ ਮਹਾਨ[54] ਮਰਤਬਾ[55] ਪ੍ਰਾਪਤ ਹੁੰਦਾ ਹੈ ਅਤੇ ਸਤਿ ਸੰਗਤ ਅੰਦਰੋਂ ਗ਼ਮ[56] ਦੌੜ ਜਾਂਦੇ[57] ਹਨ ।

ਛਿਜੈ[58] ਨ ਜਾਇ[59] ਕਿਛੁ ਭਉ[60] ਨ ਬਿਆਪੈ[61] ਹਰਿ ਧਨੁ[62] ਨਿਰਮਲੁ[63] ਗਾਠੇ[64]॥ ੩॥

With the wealth[62] of God's pure[63] Name in purse[64], the man is neither worn off[58], nor he dies[59], and nor is he stricken[61] with fear[60].

ਰੱਬ ਦੇ ਨਾਮ ਦੀ ਪਵਿੱਤਰ[63] ਦੌਲਤ[62] ਗੰਢ[64] ਵਿਚ ਹੋਣ ਨਾਲ ਆਦਮੀ ਨਾ ਖੁਰਦਾ[58] ਹੈ, ਨਾ ਮਰਦਾ ਹੈ ਅਤੇ ਨਾ ਹੀ ਉਸ ਨੂੰ ਡਰ[60] ਚਿਮੜਦਾ[61] ਹੈ ।

ਅੰਤਿਕਾਲ[65] ਪ੍ਰਭ ਭਏ ਸਹਾਈ[66] ਇਤ[67] ਉਤ[68] ਰਾਖਨਹਾਰੇ[69] ॥

Lord, the Saviour[69] of man here[67] and hereafter[68], becomes his helper[66] at the last moment[65].

ਏਥੇ[67] ਅਤੇ ਓਥੇ[68] ਬੰਦੇ ਨੂੰ ਰੱਖਣ ਵਾਲਾ[68] ਸੁਆਮੀ ਅਖ਼ੀਰ ਦੇ ਵੇਲੇ[65] ਉਸ ਦਾ ਮਦਦਗਾਰ[66] ਹੁੰਦਾ ਹੈ ।

ਪ੍ਰਾਨ[70] ਮੀਤ[71]ਹੀਤ[72]ਧਨੁ[73] ਮੇਰੈ ਨਾਨਕ ਸਦ[74] ਬਲਿਹਾਰੇ[75] ॥੪॥੬॥੪੫॥

The Lord is my very life[70], friend[71], well-wisher[72] and wealth[73], Nanak, say: I am ever[74], a sacrifice[75] unto Him.

ਸਾਹਿਬ ਮੇਰੀ ਜਿੰਦ ਜਾਨ[70], ਮਿਤ੍ਰ[71], ਸ਼ੁਭ-ਚਿੰਤਕ[72], ਅਤੇ ਮਾਲ-ਦੌਲਤ[73] ਹੈ । ਹੇ ਨਾਨਕ (ਆਖ) ਮੈਂ ਹਮੇਸ਼ਾ ਹੀ ਉਸ ਤੋਂ ਕੁਰਬਾਨ[75] ਜਾਂਦਾ ਹਾਂ ।

ਆਸਾ ਮਹਲਾ ੫ ॥

Asa. 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਜਾ ਤੂੰ ਸਾਹਿਬੁ ਤਾ[76] ਭਉ[77] ਕੇਹਾ[78] ਹਉ ਤੁਧੁ ਬਿਨੁ[79] ਕਿਸੁ ਸਾਲਾਹੀ[80] ॥

When Thou art my Lord, then[76], what[78] fear[77] is there and whom should I praise[80], but[79] Thee ?

ਜਦ ਤੂੰ ਮੇਰਾ ਸੁਆਮੀ ਹੈਂ, ਤਦ[76] ਡਰ[77] ਕਾਹਦਾ[78] ਹੈ ? ਤੇਰੇ ਬਗੈਰ[79] ਮੈਂ ਹੋਰ ਕਿਸ ਦੀ ਤਾਰੀਫ਼[80] ਕਰਾਂ ?

ਏਕੁ ਤੂੰ[81]ਤਾ ਸਭੁ ਕਿਛੁ ਹੈ ਮੈ ਤੁਧੁ ਬਿਨੁ ਦੂਜਾ ਨਾਹੀ ॥ ੧॥

When I own only Thee[81], I own everything, then and there is none but Thee.

ਜਦ ਕੇਵਲ ਤੂੰ[81] ਹੀ ਮੇਰਾ ਹੈਂ, ਤਦ ਮੇਰੇ ਕੋਲ ਸਭ ਕੁਝ ਹੈ, ਤੇਰੇ ਬਾਝੋਂ ਹੋਰ ਕੋਈ ਨਹੀਂ ।

ਬਾਬਾ[82] ਬਿਖੁ[83] ਦੇਖਿਆ ਸੰਸਾਰੁ[84] ॥ ਰਖਿਆ[85]ਕਰਹੁ [86]ਗੁਸਾਈ[87] ਮੇਰੇ ਮੈ ਨਾਮੁ ਤੇਰਾ ਆਧਾਰੁ[88] ॥੧॥ ਰਹਾਉ॥

O Father[82], I have seen that the world[84] is poison[83]. Preserve[85] me, O Lord[87] of the universe[86]. Thy Name is my support[88]. Pause.

ਹੇ ਪਿਤਾ[82] ! ਮੈਂ ਦੇਖ ਲਿਆ ਕਿ ਜਗਤ[84] ਜ਼ਹਿਰ[83] ਰੂਪ ਹੈ । ਮੇਰੀ ਹਿਫ਼ਾਜ਼ਤ[85] ਕਰ, ਹੇ ਸ੍ਰਿਸ਼ਟੀ[86] ਦੇ ਸੁਆਮੀ[87] ! ਤੇਰਾ ਨਾਮ ਮੇਰਾ ਆਸਰਾ[88] ਹੈ । ਠਹਿਰਾਉ ।

ਜਾਣਹਿ ਬਿਰਥਾ[89] ਸਭਾ ਮਨ ਕੀ ਹੋਰੁ ਕਿਸੁ ਪਹਿ ਆਖਿ ਸੁਣਾਈਐ[90] ॥

Thou knowest the entire state[89] of my mind ; hence to whom else should I go to tell and narrate[90] it.

ਤੂੰ ਮੇਰੇ ਚਿਤ ਦੀ ਸਾਰੀ ਦਸਾ[89] ਜਾਣਦਾ ਹੈਂ । ਸੋ, ਹੋਰਸ ਕੀਹਦੇ ਕੋਲ ਜਾ ਕੇ ਮੈਂ ਇਸ ਨੂੰ ਆਖਾਂ ਤੇ ਬਿਆਨ ਕਰਾਂ[90] ?

ਵਿਣੁ ਨਾਵੈ ਸਭੁ ਜਗੁ ਬਉਰਾਇਆ[91] ਨਾਮੁ ਮਿਲੈ ਸੁਖੁ[92] ਪਾਈਐ ॥੨॥

Without the Name, the whole world is gone mad[91]. By obtaining the Name, it gathers peace[92].

ਨਾਮ ਦੇ ਬਾਝੋਂ ਸਾਰਾ ਜਹਾਨ ਕਮਲਾ[91] ਹੋ ਗਿਆ ਹੈ । ਨਾਮ ਪਰਾਪਤ ਕਰਕੇ ਇਹ ਆਰਾਮ[92] ਪਾਉਂਦਾ ਹੈ ।

ਕਿਆ ਕਹੀਐ ਕਿਸੁ ਆਖਿ ਸੁਣਾਈਐ ਜਿ ਕਹਣਾ ਸੁ ਪ੍ਰਭ ਜੀ ਪਾਸਿ[93] ॥

What shall I say ? To whom should I tell my condition ? What I want to say, I say it to[93] the Reverend Lord.

ਮੈਂ ਕੀ ਆਖਾਂ ? ਮੈਂ ਆਪਣੀ ਹਾਲਤ ਕਿਸ ਨੂੰ ਦੱਸਾਂ ? ਜੋ ਕੁਛ ਮੈਂ ਕਹਿਣਾ ਚਾਹੁੰਦਾ ਹਾਂ, ਉਹ ਮੈਂ ਆਪਣੇ ਮਾਣਨੀਯ ਮਾਲਕ ਕੋਲ[93] ਕਹਿੰਦਾ ਹਾਂ ।

ਸਭੁ ਕਿਛੁ ਕੀਤਾ ਤੇਰਾ ਵਰਤੈ[94] ਸਦਾ ਸਦਾ ਤੇਰੀ ਆਸ[95] ॥੩॥

What Thou hast done, prevails[94], and ever and ever my hope[95] is in Thee.

ਜਿਹੜਾ ਕੁਝ ਤੂੰ ਕੀਤਾ ਹੈ, ਉਹੀ ਹੋ ਰਿਹਾ[94] ਹੈ । ਹਮੇਸ਼ਾ ਹਮੇਸ਼ਾ ਹੀ ਮੇਰੀ ਉਮੇਦ[95] ਤੇਰੇ ਵਿਚ ਹੈ ।

ਜੇ ਦੇਹਿ ਵਡਿਆਈ[96] ਤਾ[97] ਤੇਰੀ ਵਡਿਆਈ ਇਤ[98] ਉਤ ਤੁਝਹਿ[99] ਧਿਆਉ[100]॥

If Thou grantest greatness[96], then[97], it is Thine greatness, Here[98] and there[99] I contemplate[100] on Thee.

ਜੇਕਰ ਤੂੰ ਇਜ਼ਤ ਪੱਤ[96] ਬਖ਼ਸ਼ਦਾ ਹੈਂ, ਤਦ[97] ਇਹ ਤੇਰੀ ਇਜ਼ਤ ਪੱਤ ਹੈ । ਐਥੇ[98] ਅਤੇ ਉਥੇ[99] ਮੈਂ ਤੇਰਾ ਹੀ ਆਰਾਧਨ[100] ਕਰਦਾ ਹਾਂ ।

ਨਾਨਕ ਕੇ ਪ੍ਰਭ ਸਦਾ ਸੁਖਦਾਤੇ[2] ਮੈ ਤਾਣੁ[3] ਤੇਰਾ ਇਕੁ[4] ਨਾਉ ॥੪॥੭॥੪੬॥

The Lord of Nanak is ever the Peace-giver[2] and my might[3] is only[4] Thine Name.

ਨਾਨਕ ਦਾ ਸੁਆਮੀ ਹਮੇਸ਼ਾ ਹੀ ਆਰਾਮ ਦੇਣ ਵਾਲਾ[2] ਹੈ । ਮੇਰੀ ਤਾਕਤ[3] ਕੇਵਲ[4] ਤੇਰਾ ਨਾਮ ਹੀ ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਅੰਮ੍ਰਿਤੁ[5] ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ[6] ਰਸੁ[7] ਜਨਹਿ[8] ਪੀਓ[9] ॥

Nectar[5] is Thine Name, my Master this great[6] elixir[7] Thy slave[8] has quaffed[9].

ਆਬਿ-ਹਿਯਾਤ[5] ਹੈ ਤੇਰਾ ਨਾਮ । ਮੇਰੇ ਮਾਲਕ ! ਇਹ ਪਰਮ[6] ਸੁਧਾਰਸ[7] ਤੇਰੇ ਗੋਲੇ[8] ਨੇ ਪਾਨ ਕੀਤਾ[9] ਹੈ ।

ਜਨਮ ਜਨਮ[10] ਚੂਕੇ[12] ਭੈ[13] ਭਾਰੇ[14] ਦੂਰਤੁ[15] ਬਿਨਾਸਿਓ[16] ਭਰਮੁ[17] ਬੀਓ[18] ॥੧॥

The fearful[13] load[14] of the sins[15] of many births[10] has vanished[12] and the doubt[17] of duality[18] is also gone[16].

ਅਨੇਕਾਂ ਜਨਮਾਂ[10] ਦੇ ਪਾਪਾਂ[15] ਦਾ ਭਿਆਨਕ[13] ਬੋਝ[14] ਨਾਸ[12] ਹੋ ਗਿਆ ਹੈ ਅਤੇ ਦਵੈਤ ਭਾਵ[18] ਦਾ ਵਹਿਮ[17] ਭੀ ਚਲਿਆ ਗਿਆ[16] ਹੈ ।

ਦਰਸਨੁ[19] ਪੇਖਤ[20] ਮੈ ਜੀਓ[21] ॥

I live[21] by seeing[30] Thy sight[19], O Lord.

ਮੈਂ ਤੇਰਾ ਦੀਦਾਰ[19] ਤਕ ਕੇ[20] ਜੀਉਂਦਾ ਹਾਂ[21], ਹੇ ਸਾਹਿਬ !

ਸੁਨਿ ਕਰਿ ਬਚਨ[22] ਤੁਮ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ[23] ਥੀਓ[24]॥੧॥ਰਹਾਉ॥

By hearing Thy Gurbani[22], O my True Guru, my soul and body are rendered[24] cool[23]. Pause.

ਤੇਰੀ ਗੁਰਬਾਣੀ[22] ਸ੍ਰਵਣ ਕਰਨ ਦੁਆਰਾ, ਹੇ ਮੇਰੇ ਸੱਚੇ ਗੁਰੂ ਜੀ ! ਮੇਰੀ ਆਤਮਾ ਤੇ ਦੇਹਿ ਸੀਤਲ[23] ਹੋ ਗਏ ਹਨ[24] । ਠਹਿਰਾਉ ।

ਤੁਮ੍ਹਰੀ ਕ੍ਰਿਪਾ[25] ਤੇ ਭਇਓ ਸਾਧ ਸੰਗੁ ਏਹੁ ਕਾਜੁ[26] ਤੁਮ੍ਹ ਆਪਿ ਕੀਓ ॥

By Thine grace[25], I have joined the society of saints and this deed[26] Thou Thyself hast done.

ਤੇਰੀ ਦਇਆ ਦੁਆਰਾ[25] ਮੈਂ ਸਤਿ ਸੰਗਤ ਨਾਲ ਜੁੜਿਆ ਹਾਂ, ਅਤੇ ਇਹ ਕਾਰਜ[26] ਤੂੰ ਖ਼ੁਦ ਹੀ ਕੀਤਾ ਹੈ ।

ਦਿੜੁ[27] ਕਰਿ ਚਰਣ[28] ਗਹੇ[29]

I have, firmly[27] grasped[29] Thine

ਮੈਂ ਘੁਟ ਕੇ[27] ਤੇਰੇ ਪੈਰ[28] ਪਕੜ ਲਏ ਹਨ, ਹੇ ਸੁਆਮੀ !

ਪ੍ਰਭ ਤੁਮ੍ਹਰੇਸਹਜੇ[30]ਬਿਖਿਆ[31] ਭਈ ਖੀਓ[32] ॥੨॥

Feet[28], O Lord, and the poison[31] of mammon is easily[30] neutralised[32].

ਅਤੇ ਮਾਇਆ ਦੀ ਜ਼ਹਿਰ[31] ਸੁਖੰਨ ਹੀ[30] ਦੂਰ ਹੋ ਗਈ[32] ਹੈ।

ਸੁਖ[33] ਨਿਧਾਨ[34] ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ[35] ਮੰਤ੍ਰੁ[36] ਲੀਓ[37] ॥

The treasure[34] of peace[33] is Thine Name, O Lord, and this eternal[35] spell[36] I have received[37] from the Guru.

ਆਰਾਮ[33] ਦਾ ਖ਼ਜ਼ਾਨਾ[34] ਹੈ, ਤੇਰਾ ਨਾਮ ਹੇ ਸਾਹਿਬ! ਇਹ ਅਮਰ[35] ਜਾਦੂ[36] ਮੈਂ ਗੁਰਾਂ ਪਾਸੋਂ ਪਰਾਪਤ ਕੀਤਾ[37] ਹੈ।

ਕਰਿ[38] ਕਿਰਪਾ[39] ਮੋਹਿ[40] ਸਤਿਗੁਰਿ ਦੀਨਾ ਤਾਪੁ[41] ਸੰਤਾਪੁ[42] ਮੇਰਾ ਬੈਰੁ[43]ਗੀਓ[44] ॥੩॥

Showing[38] his mercy[39], the True Guru, has given it to me[40] and my suffering[41], burning[42] and enmity[43] are annulled[44].

ਆਪਣੀ ਮਿਹਰ[39] ਧਾਰ ਕੇ[38] ਸੱਚੇ ਗੁਰਾਂ ਨੇ ਇਹ ਮੈਨੂੰ[40] ਪਰਦਾਨ ਕੀਤਾ ਹੈ ਅਤੇ ਮੇਰਾ ਦੁਖੜਾ[41], ਸੜੇਵਾਂ[42] ਅਤੇ ਦੁਸ਼ਮਨੀ[43] ਨਾਸ ਹੋ ਗਏ ਹਨ[44]।

ਧੰਨੁ ਸੁ ਮਾਣਸ[46] ਦੇਹੀ[47] ਪਾਈ[48] ਜਿਤੁ ਪ੍ਰਭਿ ਅਪਨੈ ਮੇਲਿ ਲੀਓ[49] ॥

Blessed[45] is the attainment[48] of human[46] body[47], by virtue of which my Lord has blended[49] me with Himself.

ਮੁਬਾਰਕ[45] ਹੈ ਮਨੁੱਖੀ[46] ਸਰੀਰ[47] ਦੀ ਪਰਾਪਤੀ[48], ਜਿਸ ਦੀ ਬਰਕਤ, ਮੇਰੇ ਸੁਆਮੀ ਨੇ ਮੈਨੂੰ ਆਪਣੇ ਨਾਲ ਅਭੇਦ[49] ਕਰ ਲਿਆ ਹੈ।

ਧੰਨੁ ਸੁ ਕਲਿਜੁਗੁ[50] ਸਾਧ ਸੰਗਿ ਕੀਰਤਨੁ[51] ਗਾਈਐ[52] ਨਾਨਕ ਨਾਮੁ ਅਧਾਰੁ[53] ਹੀਓ[54] ॥੪॥੮॥੪੭॥

O Nanak (say), that blest, in the Dark age[50], is the saints guild, where-in Lord's praise[51] is sung[52]. Lord's Name is the prop[53] of my soul[54].

ਹੇ ਨਾਨਕ, (ਆਖ—) ਏਸ ਕਾਲੇ ਸਮੇਂ[50] ਅੰਦਰ, ਮੁਬਾਰਕ ਹੈ ਸਤਿਸੰਗਤ, ਜਿਸ ਵਿਚ ਸਾਹਿਬ ਦਾ ਜੱਸ[51] ਗਾਇਨ[52] ਕੀਤਾ ਜਾਂਦਾ ਹੈ। ਸਾਹਿਬ ਦਾ ਨਾਮ ਹੀ ਨਾਨਕ ਦੀ ਆਤਮਾ[54] ਦਾ ਆਸਰਾ[53] ਹੈ।

੩੮੩

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਆਗੈ[55] ਹੀ ਤੇ ਸਭੁ ਕਿਛੁ ਹੂਆ[56] ਅਵਰੁ[57] ਕਿ ਜਾਣੈ ਗਿਆਨਾ[58] ॥

Everything is pre[55]-arranged[56]. What more[57] can be known through deliberation[58] ?

ਸਭ ਕੁਝ ਪਹਿਲਾਂ[55] ਤੋਂ ਹੀ ਨੀਅਤ ਹੋਇਆ ਹੋਇਆ[56] ਹੈ। ਸੋਚ ਵਿਚਾਰ[58] ਰਾਹੀਂ ਇਸ ਤੋਂ ਵਧੀਕ[57] ਕੀ ਜਾਣਿਆ ਜਾ ਸਕਦਾ ਹੈ ?

ਭੂਲ[59]ਚੂਕ ਅਪਨਾਬਾਰਿਕੁ[60] ਬਖਸਿਆ[61] ਪਾਰਬ੍ਰਹਮ[62] ਭਗਵਾਨਾ[63] ॥੧॥

His erring[59] child[60], the Fortunate[63] Transcendent Lord[62] has pardoned[61].

ਆਪਣੇ ਗ਼ਲਤੀ ਕਰਦੇ[59] ਹੋਏ ਬੱਚੇ[60] ਨੂੰ ਭਾਗਾਂ ਵਾਲੇ[63] ਪਰਮ ਪ੍ਰਭੂ[62] ਨੇ ਮਾਫ਼ ਕਰ ਦਿਤਾ[61] ਹੈ।

ਸਤਿਗੁਰੁ ਮੇਰਾ ਸਦਾ ਦਇਆਲਾ[64] ਮੋਹਿ ਦੀਨ[65] ਕਉ ਰਾਖਿ ਲੀਆ ॥

My True Guru is ever merciful[64] He has saved me, the meek[65] one.

ਮੇਰਾ ਸੱਚਾ ਗੁਰੂ ਹਮੇਸ਼ਾਂ ਹੀ ਮਿਹਰਬਾਨ[64] ਹੈ। ਉਸ ਨੇ ਮੈਂ, ਮਸਕੀਨ[65] ਨੂੰ ਬਚਾ ਲਿਆ ਹੈ।

ਕਾਟਿਆ[66] ਰੋਗੁ[67] ਮਹਾ[68] ਸੁਖੁ[69] ਪਾਇਆ ਹਰਿ ਅੰਮ੍ਰਿਤੁ[70] ਮੁਖਿ[71] ਨਾਮੁ ਦੀਆ[72] ॥੧॥ਰਹਾਉ॥

He has cured[66] me of my ailment[67] by pouring[72] the ambrosial[70] Name of God into my mouth[71], and I have obtained the supreme[68] bliss[69]. Pause.

ਉਸ ਨੇ ਮੇਰੀ ਬੀਮਾਰੀ[67] ਕੱਟ[66] ਦਿਤੀ ਹੈ ਅਤੇ ਮੇਰੇ ਮੂੰਹ[71] ਵਿਚ ਵਾਹਿਗੁਰੂ ਦਾ ਆਬਿ-ਹਿਯਾਤੀ[70] ਨਾਮ ਪਾ ਦਿਤਾ[72] ਹੈ ਅਤੇ ਮੈਨੂੰ ਪਰਮ[68] ਪਰਸੰਨਤਾ[69] ਪਰਾਪਤ ਹੋ ਗਈ ਹੈ। ਠਹਿਰਾਉ।

ਅਨਿਕ[73] ਪਾਪ[78] ਮੇਰੇ ਪਰਹਰਿਆ[74] ਬੰਧਨ[75] ਕਾਟੇ[76] ਮੁਕਤ[77] ਭਏ ॥

Millions[73] of my sins[78], he has washed off[74], My fetters[75] are cut[76] and I am emancipated[77].

ਉਸ ਨੇ ਮੇਰੇ ਅਣਗਿਣਤ[73] ਗੁਨਾਹ[78] ਧੋ ਸੁਟੇ[74] ਹਨ, ਮੇਰੀਆਂ ਬੇੜੀਆਂ[75] ਵੱਢੀਆਂ[76] ਗਈਆਂ ਹਨ ਅਤੇ ਮੈਂ ਮੋਖ਼ਸ਼ ਹੋ ਗਿਆ[77] ਹਾਂ।

ਅੰਧ[79] ਕੂਪ[80] ਮਹਾ[81] ਘੋਰ[82] ਤੇ ਬਾਹ[83] ਪਕਰਿ[84] ਗੁਰਿ ਕਾਢਿ ਲੀਏ[85] ॥੨॥

Taking[84] me by the arm[83], the Guru has pulled[85] me out of the very[81] terrible[82] blind[79] well[80].

ਭੁਜਾ[83] ਤੋਂ ਪਕੜ ਕੇ[84] ਮੈਨੂੰ ਗੁਰਾਂ ਨੇ ਮਹਾਂ[81] ਭਿਆਨਕ[82] ਅੰਨ੍ਹੇ[79] ਖੂਹ[80] ਵਿਚੋਂ ਬਾਹਰ ਧਰੂ ਲਿਆ[85] ਹੈ।

ਨਿਰਭਉ[86] ਭਏ ਸਗਲ ਭਉ ਮਿਟਿਆ[87] ਰਾਖੇ ਰਾਖਨਹਾਰੇ[87] ॥

I have become fearless,[86*] effaced[87] are all my fears. The Saviour[87] has saved me.

ਮੈਂ ਨਿੱਡਰ[86] ਹੋ ਗਿਆ ਹਾਂ, ਮੇਰੇ ਸਾਰੇ ਡਰ ਨਾਸ਼[87] ਹੋ ਗਏ ਹਨ। ਬਚਾਉਣ ਵਾਲੇ[87] ਨੇ ਮੈਨੂੰ ਬਚਾ ਲਿਆ ਹੈ।

ਐਸੀ[88] ਦਾਤਿ[89] ਤੇਰੀ ਪ੍ਰਭ ਮੇਰੇ ਕਾਰਜ[90] ਸਗਲ ਸਵਾਰੇ[91] ॥੩॥

Such[88] is Thine munificence[89], O my Lord, that all affairs[90] of mine are adjusted[91].

ਤੇਰੀ ਐਹੋ ਜੇਹੀ[88] ਬਖਸ਼ਸ਼[89] ਹੈ, ਹੇ ਮੇਰੇ ਸੁਆਮੀ! ਜੋ ਮੇਰੇ ਸਾਰੇ ਕੰਮ[90] ਰਾਸ ਹੋ ਗਏ ਹਨ[91]।

ਗੁਣ[92] ਨਿਧਾਨ[93] ਸਾਹਿਬ ਮਨਿ[94] ਮੇਲਾ[95] ॥

My soul[94] has met[95] Lord, the Treasure[93] of excellences[92].

ਮੇਰੀ ਆਤਮਾ[94] ਉਤਕ੍ਰਿਸ਼ਟਤਾਈਆਂ[92] ਦੇ ਖ਼ਜ਼ਾਨੇ[93] ਪ੍ਰਭੂ ਨੂੰ ਮਿਲ ਪਈ ਹੈ[95]।

ਸਰਣਿ[96] ਪਇਆ ਨਾਨਕ ਸੋਹੇਲਾ[97] ॥੪॥੯॥੪੮॥

By taking His refuge O Nanak, I have become comfortable[37].

ਸਾਹਿਬ ਦੀ ਪਨਾਹ[96] ਲੈਣ ਦੁਆਰਾ, ਹੇ ਨਾਨਕ, ਮੈਂ ਸੁਖੀ[97] ਹੋ ਗਿਆ ਹਾਂ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਤੂੰ ਵਿਸਰਹਿ[98] ਤਾਂ[99] ਸਭੁ ਕੋ ਲਾਗੂ[100] ਚੀਤਿ[2] ਆਵਹਿ ਤਾਂ ਸੇਵਾ ॥

When I forget[98] Thee, then[99] every one becomes my enemy[100], and when I remember[2] Thee, then serve me they all.

ਜਦ ਤੂੰ ਭੁਲ ਜਾਂਦਾ[98] ਹੈਂ, ਤਦ[99] ਹਰ ਕੋਈ ਮੇਰਾ ਵੈਰੀ[100] ਹੋ ਜਾਂਦਾ ਹੈ। ਜਦ ਮੈਂ ਤੈਨੂੰ ਸਿਮਰਦਾ[2] ਹਾਂ, ਤਦ ਉਹ ਸਾਰੇ ਮੇਰੀ ਟਹਿਲ ਕਰਦੇ ਹਨ।

ਅਵਰੁ ਨ ਕੋਊ ਦੂਜਾ ਸੂਝੈ[3] ਸਾਚੇ ਅਲਖ[4] ਅਭੇਵਾ[5] ॥੧॥

I know[3] not any other, but Thee, O True, Invisible[4] and Inscrutable[5] Lord.

ਤੇਰੇ ਬਗੈਰ ਮੈਂ ਹੋਰ ਕਿਸੇ ਨੂੰ ਨਹੀਂ ਜਾਣਦਾ[3], ਹੇ ਸੱਚੇ, ਅਦ੍ਰਿਸ਼ਟ[4] ਅਤੇ ਭੇਦ-ਰਹਿਤ[5] ਸੁਆਮੀ!

ਚੀਤਿ ਆਵਹਿ ਤਾਂ ਸਦਾ ਦਇਆਲਾ[6] ਲੋਗਨ[7] ਕਿਆ ਵੇਚਾਰੇ[8] ॥

When I think of Thee, then, I find Thee, always merciful[6]. What can the poor[8] people[7] do unto me?

ਜਦ ਮੈਂ ਤੈਨੂੰ ਯਾਦ ਕਰਦਾ ਹਾਂ, ਤਦ ਮੈਂ ਤੈਨੂੰ ਹਮੇਸ਼ਾਂ ਹੀ ਮਿਹਰਬਾਨ[6] ਪਾਉਂਦਾ ਹਾਂ। ਗਰੀਬੜੇ[8] ਲੋਕ[7] ਮੇਰਾ ਕੀ ਕਰ ਸਕਦੇ ਹਨ?

ਬੁਰਾ[9] ਭਲਾ[10] ਕਹੁ[12] ਕਿਸਨੋ ਕਹੀਐ ਸਗਲੇ ਜੀਅ[13] ਤੁਮ੍ਹਾਰੇ ॥੧॥ਰਹਾਉ॥

Say[12], whom should I call bad[9] or good, as all the beings[13] are Thine. Pause.

ਦਸ[12]! ਮੈਂ ਕਿਸ ਨੂੰ ਮੰਦਾ[9] ਜਾਂ ਚੰਗਾ[10] ਆਖਾਂ? ਸਾਰੇ ਜੀਵ[13], ਤੇਰੇ ਹਨ। ਠਹਿਰਾਉ।

ਤੇਰੀ ਟੇਕ[14] ਤੇਰਾ ਆਧਾਰਾ[15] ਹਾਥ ਦੇਇ ਤੂੰ ਰਾਖਹਿ[16] ॥

Thou art my shelter[14], Thou art my support[15] and by giving Thy hard, Thou has protected[16] me.

ਤੂੰ ਮੇਰੀ ਪਨਾਹ[14] ਹੈਂ, ਤੂੰ ਹੀ ਮੇਰਾ ਆਸਰਾ[15] ਹੈਂ। ਆਪਣਾ ਹੱਥ ਦੇ ਕੇ ਤੂੰ ਮੇਰੀ ਰੱਖਿਆ[16] ਕਰਦਾ ਹੈਂ।

ਜਿਸੁ ਜਨ[17] ਊਪਰਿ ਤੇਰੀ ਕਿਰਪਾ[18] ਤਿਸ[19] ਕਉ ਬਿਪੁ[20] ਨ ਕੋਊ ਭਾਖੈ[21] ॥੨॥

The man[17], on whom is Thy grace[18], him[19] no suffering[20] can swallow[21].

ਜਿਹੜੇ ਇਨਸਾਨ[17] ਤੇ ਤੇਰੀ ਰਹਿਮਤ[18] ਹੈ, ਉਸ ਨੂੰ[19] ਕੋਈ ਤਕਲੀਫ਼[20] ਨਿਗਲ[21] ਨਹੀਂ ਸਕਦੀ।

ਓਹੋ[22] ਸੁਖੁ ਓਹਾ

That alone[22] is peace and that alone

ਕੇਵਲ ਉਹ ਹੀ[22] ਆਰਾਮ ਹੈ ਅਤੇ ਉਹ ਵੀ ਵਿਸ਼ਾਲਤਾ[23]

ਵਡਿਆਈ[23] ਜੋ ਪ੍ਰਭ ਜੀ[24] ਮਨਿ ਭਾਣੀ[25] ॥

is greatness[23], which is pleasing[25] to the mind of the Reverend[24] Lord.

ਜਿਹੜੀ ਮਾਣਨੀਯ[24] ਮਾਲਕ ਦੇ ਚਿੱਤ ਨੂੰ ਚੰਗੀ[25] ਲਗਦੀ ਹੈ ।

ਤੂੰ ਦਾਨਾ[26] ਤੂੰ ਸਦ ਮਿਹਰਵਾਨਾ[27] ਨਾਮੁ ਮਿਲੈ ਰੰਗੁ ਮਾਣੀ[28] ॥੩॥

Thou art wise[26], Thou art ever compassionate[27]. By obtaining Thy Name, I make merry[28].

ਤੂੰ ਸਿਆਣਾ[26] ਹੈਂ, ਤੂੰ ਹਮੇਸ਼ਾਂ ਹੀ ਕਿਰਪਾਲੂ[27] ਹੈਂ । ਤੇਰਾ ਨਾਮ ਪਰਾਪਤ ਕਰਕੇ ਮੈਂ ਅਨੰਦ ਭੋਗਦਾ[28] ਹਾਂ ।

ਤੁਧੁ ਆਗੈ[29] ਅਰਦਾਸਿ[30] ਹਮਾਰੀ ਜੀਉ[31] ਪਿੰਡੁ[32] ਸਭੁ ਤੇਰਾ ॥ ਕਹੁ ਨਾਨਕ ਸਭ ਤੇਰੀ ਵਡਿਆਈ[33] ਕੋਈ ਨਾਉ ਨ ਜਾਣੈ ਮੇਰਾ ॥੪॥ ੧੦॥੪੯॥

Before[29] Thee is my supplication[30]. My soul[31] and body[32] are all Thine. O Nanak, say all greatness[33] is Thine. No one knows my Name even.

ਤੇਰੇ ਮੂਹਰੇ[29] ਮੇਰੀ ਪ੍ਰਾਰਥਨਾ[30] ਹੈ । ਮੇਰੀ ਜਿੰਦੜੀ[31] ਅਤੇ ਦੇਹਿ[32] ਸਮੂਹ ਤੇਰੀਆਂ ਹਨ । ਗੁਰੂ ਜੀ ਆਖਦੇ ਹਨ, ਸਾਰੀ ਮਹਾਨਤਾ[33] ਤੇਰੀ ਹੈ । ਮੇਰਾ ਤਾਂ ਕੋਈ ਨਾਮ ਤੱਕ ਨਹੀਂ ਜਾਣਦਾ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਕਰਿ ਕਿਰਪਾ[34] ਪ੍ਰਭ ਅੰਤਰਜਾਮੀ[35] ਸਾਧਸੰਗਿ ਹਰਿ ਪਾਈਐ ॥

Show mercy[34], O Lord God, the Knower of hearts[35], that through the society of saints, I may obtain Thee.

ਮਿਹਰ ਧਾਰ[34] ਹੇ ਦਿਲਾਂ ਦੀਆਂ ਜਾਨਣਹਾਰ[35], ਵਾਹਿਗੁਰੂ ਸੁਆਮੀ ! ਕਿ ਸਤਿਸੰਗਤ ਰਾਹੀਂ ਮੈਂ ਤੈਨੂੰ ਪਰਾਪਤ ਹੋ ਜਾਵਾਂ ।

ਖੋਲਿ ਕਿਵਾਰ[36] ਦਿਖਾਲੇ ਦਰਸਨੁ[37] ਪੁਨਰਪਿ[38] ਜਨਮਿ ਨ ਆਈਐ ॥੧॥

If by opening the door[36], the Lord shows His sight[37], the mortal is not born again[38].

ਜੇਕਰ ਦਰਵਾਜ਼ਾ[36] ਖੋਲ੍ਹ ਕੇ ਸਾਹਿਬ ਆਪਣਾ ਦੀਦਾਰ[37] ਵਿਖਾਲ ਦੇਵੇ, ਤਦ ਪ੍ਰਾਣੀ, ਮੁੜ ਕੇ[38] ਜਨਮ ਨਹੀਂ ਧਾਰਦਾ ।

ਮਿਲਉ ਪਰੀਤਮ[39] ਸੁਆਮੀ ਅਪੁਨੇ ਸਗਲੇ ਦੂਖ[40] ਹਰਉ[41] ਰੇ ॥

By meeting my Beloved[39] Lord, all my pain[40] is stilled[41].

ਆਪਣੇ ਪਿਆਰੇ[39] ਪ੍ਰਭੂ ਨੂੰ ਮਿਲਣ ਦੁਆਰਾ ਮੇਰੀ ਸਾਰੀ ਪੀੜ[40] ਦੂਰ[41] ਹੋ ਗਈ ਹੈ ।

ਪਾਰਬ੍ਰਹਮੁ[42] ਜਿਨਿ ਰਿਦੈ[43] ਅਰਾਧਿਆ[44] ਤਾਕੈ[45] ਸੰਗਿ[46] ਤਰਉ[47] ਰੇ ॥੧॥ਰਹਾਉ॥

I swim across[47] in the association[46] of those[45], who remember[44] the Supreme Lord[42] in their heart[43]. Pause.

ਮੈਂ ਉਨ੍ਹਾਂ ਦੀ[45] ਸੰਗਤ[46] ਅੰਦਰ ਪਾਰ[47] ਉੱਤਰ ਜਾਂਦਾ ਹਾਂ, ਜਿਹੜੇ ਆਪਣੇ ਦਿਲ[43] ਅੰਦਰ ਸ੍ਰੇਸ਼ਟੀ ਸਾਹਿਬ[42] ਦਾ ਸਿਮਰਨ[44] ਕਰਦੇ ਹਨ । ਠਹਿਰਾਉ ।

ਮਹਾ[48] ਉਦਿਆਨ[49] ਪਾਵਕ[50] ਸਾਗਰ[51] ਭਏ ਹਰਖ[52] ਸੋਗ[53] ਮਹਿ[54] ਬਸਨਾ[55] ॥

The world is like a great[48] wilderness[49] and ocean[51] of fire[50], wherein, the mortals abide[55] in[54] weal[52] and woe[53].

ਸੰਸਾਰ ਇਕ ਭਾਰੇ[48] ਬੀਆਬਾਨ[49] ਤੇ ਅੱਗ[50] ਦੇ ਸਮੁੰਦਰ[51] ਵਾਙੂ ਹੈ, ਜਿਸ ਵਿਚ ਪ੍ਰਾਣੀ ਖੁਸ਼ੀ[52] ਤੇ ਗ਼ਮੀ[53] ਅੰਦਰ[54] ਵਸਦੇ[55] ਹਨ ।

ਸਤਿਗੁਰੁ ਭੇਟਿ[56] ਭਇਆ[57] ਮਨੁ[58] ਨਿਰਮਲੁ[59] ਜਪਿ[60] ਅੰਮ੍ਰਿਤੁ[61] ਹਰਿ ਰਸਨਾ[62] ॥ ੨॥

By meeting[56] the True Guru, man[58] becomes[57] pure[59] and, with his tongue[62], repeats[60] the ambrosial[61] Name of God.

ਸੱਚੇ ਗੁਰਾਂ ਨੂੰ ਮਿਲਣ[56] ਦੁਆਰਾ ਇਨਸਾਨ[58] ਪਵਿੱਤਰ[59] ਹੋ ਜਾਂਦਾ ਹੈ[57] ਅਤੇ ਆਪਣੀ ਜੀਭਾ[62] ਨਾਲ ਉਹ ਵਾਹਿਗੁਰੂ ਦੇ ਅੰਮ੍ਰਿਤਮਈ[61] ਨਾਮ ਦਾ ਉਚਾਰਨ[60] ਕਰਦਾ ਹੈ ।

ਤਨੁ[63] ਧਨੁ[64] ਥਾਪਿ[65] ਕੀਓ

Man preserves[65] his body[63] and

ਆਦਮੀ ਆਪਣੀ ਦੇਹਿ[63] ਤੇ ਦੌਲਤ[64] ਨੂੰ ਸਾਂਭਦਾ[65] ਹੈ,

ਸਭੁ[66] ਅਪਨਾ[68] ਕੋਮਲ[67] ਬੰਧਨ[69] ਬਾਂਧਿਆ[70] ॥

wealth[64] and makes everything[66] his own[68], and with such subtle[67] bonds[69] he is bound[70].

ਅਤੇ ਹਰ ਸ਼ੈ[66] ਨੂੰ ਆਪਣੀ[68] ਨਿੱਜ ਦੀ[68] ਬਣਾ ਲੈਂਦਾ ਹੈ। ਐਸੇ ਸੂਖਮ[67] ਜੂੜਾਂ[69] ਨਾਲ ਉਹ ਜਕੜਿਆ ਹੋਇਆ[70] ਹੈ।

ਗੁਰ ਪਰਸਾਦਿ[71] ਭਏ ਜਨ[72] ਮੁਕਤੇ[73] ਹਰਿ ਹਰਿ[74] ਨਾਮੁ ਅਰਾਧਿਆ[75] ॥੩॥

By Guru's grace[71], the man[72] is delivered of bondage[73] and meditates[75] on the Lord Master's Name[74].

ਗੁਰਾਂ ਦੀ ਦਇਆ ਦੁਆਰਾ[71] ਬੰਦਾ[72] ਕੈਦ ਤੋਂ ਰਿਹਾਈ[73] ਪਾ ਜਾਂਦਾ ਹੈ ਅਤੇ ਪ੍ਰਭੂ ਪਰਮੇਸ਼ਰ ਦੇ ਨਾਮ[74] ਦਾ ਸਿਮਰਨ[75] ਕਰਦਾ ਹੈ।

ਰਾਖਿ[76] ਲੀਏ ਪ੍ਰਭਿ ਰਾਖਨਹਾਰੈ[77] ਜੋ ਪ੍ਰਭੁ ਅਪੁਨੇ ਭਾਣੇ[78] ॥

The Saviour[77] Lord saves[76] those, who are pleasing[78] to their Master.

ਬਚਾਉਣ ਵਾਲਾ[77] ਸੁਆਮੀ ਉਨ੍ਹਾਂ ਦੀ ਰੱਖਿਆ ਕਰਦਾ[76] ਹੈ, ਜੋ ਆਪਣੇ ਮਾਲਕ ਨੂੰ ਚੰਗੇ[78] ਲਗਦੇ ਹਨ।

ਜੀਉ[79] ਪਿੰਡੁ[80] ਸਭੁ ਤੁਮ੍ਹਾਰਾ ਦਾਤੇ[81] ਨਾਨਕ ਸਦ[82] ਕੁਰਬਾਣੇ[83]॥੪॥੧੧॥੫੦॥

O munificent[81] Master, the soul[79] and body[80] are all Thine. O Nanak, Say I am ever[82], a sacrifice[83] unto Thee.

ਮੇਰੇ ਦਾਤਾਰ[81] ਸੁਆਮੀ, ਆਤਮਾ[79] ਅਤੇ ਦੇਹਿ[80] ਸਮੂਹ ਤੇਰੇ ਹਨ, ਹੇ ਨਾਨਕ, ਆਪ ਮੈਂ ਹਮੇਸ਼ਾ[82], ਤੇਰੇ ਉਤੋਂ ਘੋਲੀ ਵੰਞਦਾ[83] ਹਾਂ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਮੋਹ[84] ਮਲਨ[85] ਨੀਦ ਤੇ ਛੁਟਕੀ[86] ਕਉਨੁ[87] ਅਨੁਗ੍ਰਹੁ[88] ਭਇਓ ਰੀ ॥

Thou hast escaped[86] worldly love[84], impurity[85] and slumber but, by whose[87] favour[88] has it happened ?

ਤੂੰ ਸੰਸਾਰੀ ਮਮਤਾ[84], ਅਪਵਿਤ੍ਰਤਾ[85] ਅਤੇ ਨੀਂਦਰ ਤੋਂ ਬੱਚ ਗਈ[86] ਹੈਂ। ਕਿਸ ਦੀ[87] ਕ੍ਰਿਪਾ[88] ਦੁਆਰਾ ਇਹ ਹੋਇਆ ਹੈ ?

ਮਹਾ[89] ਮੋਹਨੀ[90] ਤੁਧੁ ਨ ਵਿਆਪੈ[91] ਤੇਰਾ ਆਲਸੁ[92] ਕਹਾ[93] ਗਇਓ ਰੀ ॥੧॥ ਰਹਾਉ॥

The great[89] enticer[90], mammon, affects[91] thee not. Whither[93] has gone thy sloth[92] ? Pause.

ਪਰਮ[89] ਫ਼ਰੇਫ਼ਤਾ[90] ਕਰਨ ਵਾਲੀ ਮਾਇਆ ਤੈਨੂੰ ਨਹੀਂ ਪੋਂਹਦੀ[91], ਤੇਰੀ ਸੁਸਤੀ[92] ਕਿੱਥੇ[93] ਚਲੀ ਗਈ ਹੈ ? ਠਹਿਰਾਉ।

ਤਿਤੁ

ਕਾਮੁ[94] ਕ੍ਰੋਧੁ[95] ਅਹੰਕਾਰੁ[96] ਗਾਖਰੋ[97] ਸੰਜਮਿ[98] ਕਉਨ[99] ਛੁਟਿਓ[100] ਰੀ ॥

By what[99] means[98] hast thou found deliverance[100] from the oppressive[97] lust[94], wrath[95] and self-conceit[96] ?

ਕਿਸ[99] ਤਰੀਕੇ[98] ਨਾਲ ਤੂੰ ਦੁਖਦਾਈ[97] ਵਿਸ਼ੇ ਭੋਗ[94], ਗੁੱਸੇ[95] ਅਤੇ ਸਵੈ-ਹੰਗਤਾ[96] ਤੋਂ ਖ਼ਲਾਸੀ[100] ਪਾਈ ਹੈ ?

ਸੁਰਿ ਨਰ[2] ਦੇਵ[3] ਅਸੁਰ[4] ਤ੍ਰੈ ਗੁਨੀਆ ਸਗਲੋ ਭਵਨੁ[5] ਲੂਟਿਓ[6] ਰੀ ॥੧॥

(By this mammon) the godly men[2], deities[3], demons[4] of three qualities and the entire world[5] have been plundered[6].

ਦੇਵ ਰੂਪ ਬੰਦੇ[2], ਦੇਵਤੇ[3], ਤਿੰਨਾਂ ਗੁਣਾਂ ਵਾਲੇ ਰਾਖਸ਼[4] ਅਤੇ ਸਾਰਾ ਜਹਾਨ[5] (ਮਾਇਆ ਵਲੋਂ) ਲੁਟਿਆ ਪੁਟਿਆ ਗਿਆ[6] ਹੈ।

ਦਾਵਾ ਅਗਨਿ[7] ਬਹੁਤੁ ਤ੍ਰਿਣ[8] ਜਾਲੇ ਕੋਈ[9] ਹਰਿਆ[10] ਬੂਟੁ[12] ਰਹਿਓ ਰੀ ॥

The forest fire[7] has burnt down much grass[8]. Some rare[9] plant[12] has escaped green[10].

ਜੰਗਲ ਦੀ ਅੱਗ[7] ਨੇ ਬਹੁਤਾ ਘਾਹ[8] ਸਾੜ ਸੁਟਿਆ ਹੈ। ਕੋਈ ਵਿਰਲਾ[9] ਹੀ ਬੂਟਾ[12] ਹਰਾ ਭਰਾ[10] ਬਚਿਆ ਹੈ।

ਐਸੋ[13] ਸਮਰਥੁ[14] ਵਰਨਿ[15] ਨ ਸਾਕਉ ਤਾਕੀ[16] ਉਪਮਾ[18] ਜਾਤ ਨ ਕਹਿਓ[17] ਰੀ ॥

So[13] powerful[14] is the Lord, that I cannot describe[15] Him. His[16] praise[18], one cannot utter[17].

ਐਹੋ ਜੇਹਾ[13] ਬਲਵਾਨ[14] ਹੈ ਸੁਆਮੀ ਕਿ ਮੈਂ ਉਸ ਨੂੰ ਬਿਆਨ[15] ਨਹੀਂ ਕਰ ਸਕਦਾ। ਉਸ ਦੀ[16] ਉਸਤਤੀ[18] ਕੋਈ ਜਣਾ ਆਖ[17] ਨਹੀਂ ਸਕਦਾ।

ਕਾਜਰ[19] ਕੋਠ[20] ਮਹਿ ਭਈ

In the chamber[20] of lamp-black[19],

ਕਾਲਸ[19] ਦੀ ਕੋਠੜੀ[20] ਵਿਚ ਤੂੰ ਕਾਲੀ[21] ਨਹੀਂ ਹੋਈ।

ਨ ਕਾਰੀ[21] ਨਿਰਮਲ[22] ਬਰਨੁ[23] ਬਨਿਓ[24] ਰੀ ॥	thou hast not gone black[21] but thou hast assumed[24] the pure[22] colour[23].	ਤੇਰਾ ਰੰਗ[23] ਸਗੋਂ ਪਵਿੱਤ੍ਰ[22] ਬਣ[24] ਗਿਆ ਹੈ।
ਮਹਾ[25]ਮੰਤ੍ਰੁ[26] ਗੁਰ ਹਿਰਦੈ[27] ਬਸਿਓ[29] ਅਚਰਜ[28] ਨਾਮੁ ਸੁਨਿਓ[30] ਰੀ ॥੩॥	The great[25] mantra[26] of the Guru (God's Name) has secured dwelling[29] in my mind[27] and I have heard[30] the wondrous[28] Name.	ਗੁਰਾਂ ਦਾ ਪਰਮ[25] ਜਾਦੂ[26] (ਹਰੀ-ਮੰਤ੍ਰ) ਮੇਰੇ ਮਨ[27] ਅੰਦਰ ਟਿੱਕ[29] ਗਿਆ ਹੈ ਅਤੇ ਮੈਂ ਅਸਚਰਜ[28] ਨਾਮ ਸ੍ਰਵਣ[30] ਕੀਤਾ ਹੈ।
ਕਰਿ[31] ਕਿਰਪਾ[32] ਪ੍ਰਭੁ ਨਦਰਿ[33] ਅਵਲੋਕਨ[34] ਅਪੁਨੈ ਚਰਣਿ[35]ਲਗਾਈ[36]॥	Showering[31] His benediction[32], the Lord has looked[34] on me with favour[33] and attached[36] me to His Feet[35].	ਆਪਣੀ ਮਿਹਰ[32] ਧਾਰ[31] ਕੇ, ਸੁਆਮੀ ਨੇ ਮੇਰੇ ਉਤੇ ਰਹਿਮਤ[33] ਦੀ ਨਿਗ੍ਹਾ[34] ਕੀਤੀ ਹੈ ਅਤੇ ਮੈਨੂੰ ਆਪਣੇ ਪੈਰਾਂ[35] ਨਾਲ ਜੋੜ[36] ਲਿਆ ਹੈ।
ਪ੍ਰੇਮ ਭਗਤਿ[37] ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ[38] ॥੪॥੧੨॥੫੧॥	Through love-worship[37], O Nanak, I have obtained peace in the congregation of saints, and am absorbed[38] in the Lord.	ਪ੍ਰੇਮ ਮਈ ਪੂਜਾ[37] ਦੇ ਰਾਹੀਂ, ਹੇ ਨਾਨਕ, ਮੈਂ ਸਤਿ ਸੰਗਤਿ ਅੰਦਰ ਆਰਾਮ ਪਰਾਪਤ ਕੀਤਾ ਹੈ ਅਤੇ ਸੁਆਮੀ ਅੰਦਰ ਲੀਨ[38] ਹੋ ਗਈ ਹਾਂ।
੧ੴ ਸਤਿਗੁਰ ਪ੍ਰਸਾਦਿ ॥	There is but one God. By True Guru's grace He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਰਾਗੁ ਆਸਾ ਘਰੁ ੭	Asa Measure.	ਰਾਗ ਆਸਾ
ਮਹਲਾ ੫ ॥	5th Guru.	ਪੰਜਵੀਂ ਪਾਤਸ਼ਾਹੀ।
ਲਾਲੁ[39]ਚੋਲਨਾ[40]ਤੈ ਤਨਿ[41] ਸੋਹਿਆ[42] ॥	The red[39] gown[40] looks beautiful[42] on thy body[41].	ਲਾਲ ਰੰਗਾ[39] ਚੋਗਾ[40], ਤੇਰੇ ਸਰੀਰ[41] ਉਤੇ ਸੁਹਣਾ[42] ਲਗਦਾ ਹੈ।
ਸੁਰਿਜਨ[43] ਭਾਨੀ[44] ਤਾਂ[45] ਮਨੁ ਮੋਹਿਆ[46] ॥੧॥	When thou became pleasing[44] to the Lord[43], then[45], is His heart bewitched[46].	ਜਦ ਤੂੰ ਸੁਆਮੀ[43] ਨੂੰ ਚੰਗੀ ਲਗ[44] ਪਈ, ਤਦ[45], ਉਸ ਦਾ ਦਿਲ ਫ਼ਰੇਫ਼ਤਾ[46] ਹੋ ਗਿਆ।
ਕਵਨ[47] ਬਨੀ ਰੀ ਤੇਰੀ ਲਾਲੀ[48] ॥	What[47] has given thee this red bloom[48] ?	ਇਹ ਸੁਰਖ ਜੁਆਨੀ[48] ਤੈਨੂੰ ਕਿਸ[47] ਨੇ ਦਿੱਤੀ ਹੈ ?
ਕਵਨ[49] ਰੰਗਿ[50] ਤੂੰ ਭਈ[51] ਗੁਲਾਲੀ[52] ॥੧॥ਰਹਾਉ॥	Whose[49] love[50] has rendered[51] thee tulip-crimson[52]. Pause.	ਕੀਹਦੇ[49] ਪਿਆਰ[50] ਨੇ ਤੈਨੂੰ ਪੋਸਤ ਦੇ ਫੁੱਲ ਵਰਗਾ[52] ਲਾਲ ਬਣਾ[51] ਦਿਤਾ ਹੈ। ਠਹਿਰਾਉ।
ਤੁਮ ਹੀ ਸੁੰਦਰਿ[53] ਤੁਮਹਿ ਸੁਹਾਗੁ[54] ॥	Thou art beautiful[53] and thou the happy wife[54].	ਤੂੰ ਹੀ ਸੁਹਣੀ[53] ਹੈਂ ਅਤੇ ਤੂੰ ਹੀ ਖੁਸ਼-ਬਾਸ਼[54] ਪਤਨੀ।
ਤੁਮ ਘਰਿ ਲਾਲਨੁ[55] ਤੁਮ ਘਰਿ ਭਾਗੁ[56] ॥੨॥	In thy home is the Beloved[55] and in thy home is the good fortune[56].	ਤੇਰੇ ਗ੍ਰਹਿ ਅੰਦਰ ਪਿਆਰਾ[55] ਹੈ ਅਤੇ ਤੇਰੇ ਗ੍ਰਹਿ ਅੰਦਰ ਹੀ ਚੰਗਾ ਨਸੀਬ[56]।
ਤੂੰ ਸਤਵੰਤੀ[57] ਤੂੰ ਪਰਧਾਨਿ[58] ॥	Thou art chaste[57] and thou the most distinguished[58].	ਤੂੰ ਪਤੀਵ੍ਰਤਾ[57] ਹੈਂ ਅਤੇ ਤੂੰ ਹੀ ਸਾਰਿਆਂ ਦੀ ਸ਼੍ਰੋਮਣੀ[58]।
ਤੂੰ ਪ੍ਰੀਤਮ[59] ਭਾਨੀ[60] ਤੁਹੀ	Thou art pleasing[60] to thy Beloved[59]	ਤੂੰ ਆਪਣੇ ਦਿਲਬਰ[59] ਨੂੰ ਚੰਗੀ ਲਗਦੀ[60] ਹੈਂ ਅਤੇ ਤੇਰੇ

ਸੁਰ[61] ਗਿਆਨਿ[62] ॥੩॥	and thou possesseth superior[61] understanding[62].	ਪੱਲੇ ਹੀ ਵਧੀਆ[61] ਸੋਚ ਵੀਚਾਰ[62] ਹੈ।
ਪ੍ਰੀਤਮ[63] ਭਾਨੀ[64] ਤਾਂ[65] ਰੰਗਿ[66] ਗੁਲਾਲ[67] ॥	I am pleasing[64] to my Darling[63], therefore[65] I have assumed tulip-red[67] dye[66].	ਮੈਂ ਆਪਣੇ ਦਿਲਬਰ[63] ਨੂੰ ਚੰਗੀ ਲਗਦੀ[64] ਹਾਂ, ਇਸ ਲਈ[62] ਮੇਰੀ ਪੋਸਤ ਦੇ ਫੁੱਲ ਵਰਗੀ[67] ਰੰਗਤ[66] ਹੋ ਗਈ ਹੈ।
ਕਹੁ ਨਾਨਕ ਸੁਭ[68]ਦ੍ਰਿਸਟਿ[69] ਨਿਹਾਲ[70] ॥੪॥	Say Nanak that the Lord has looked[70] on me with a favouring[68] glance[69].	ਗੁਰੂ ਜੀ ਫੁਰਮਾਉਂਦੇ ਹਨ, ਸੁਆਮੀ ਨੇ ਮੈਨੂੰ ਮਿਹਰ[68] ਦੀ ਨਜ਼ਰ[69] ਨਾਲ ਤੱਕਿਆ[70] ਹੈ।
ਸੁਨਿ[74] ਰੀ[75] ਸਖੀ[71] ਇਹ ਹਮਰੀ[72] ਘਾਲ[73] ॥	Listen[74] thou, O[75] my mate[71], this is the only toil[73] of mine[72].	ਸਵਣ ਕਰ[74] ਹੇ[75] ਮੇਰੀ ਸਹੇਲੀਏ[71] ! ਕੇਵਲ ਇਹ ਹੀ ਮੇਰੀ[72] ਮੁਸ਼ੱਕਤ[73] ਹੈ।
ਪ੍ਰਭੁ ਆਪਿ[76] ਸੀਗਾਰਿ[77] ਸਵਾਰਨਹਾਰ[68] ॥੧॥ ਰਹਾਉ ਦੂਜਾ ॥੧॥੫੨॥	The Lord Himself[76] is the Decker[77] and Adorner[78]. Pause Second.	ਸੁਆਮੀ ਖ਼ੁਦ[76] ਹੀ ਸ਼ਿੰਗਾਰਣ ਵਾਲਾ[77] ਅਤੇ ਸਜਾਉਣ ਵਾਲਾ[78] ਹੈ। ਠਹਿਰਾਉ ਦੂਜਾ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਦੂਖੁ ਘਨੋ[79] ਜਬ ਹੋਤੇ ਦੂਰਿ[80] ॥	When Thou wert distant[80], I suffered much[79] pain.	ਜਦ ਤੂੰ ਦੂਰੇਡਾ[80] ਸੈਂ, ਮੈਂ ਬਹੁਤ ਹੀ[79] ਤਕਲੀਫ ਉਠਾਉਂਦਾ ਸਾਂ।
ਅਬ[81] ਮਸਲਤਿ[82] ਮੋਹਿ[83] ਮਿਲੀ[84] ਹਦੂਰਿ[85] ॥੧॥	Now[81], from Lord's presence[85], I[83] have received[84] the instruction[82] of the Name.	ਹੁਣ[81], ਸੁਆਮੀ ਦੀ ਹਜ਼ੂਰੀ[85] ਵਿਚੋਂ ਮੈਨੂੰ[83] ਨਾਮ ਦਾ ਉਪਦੇਸ਼[82] ਮਿਲਿਆ[84] ਹੈ।
ਚੁਕਾ[86] ਨਿਹੋਰਾ[87] ਸਖੀ[88] ਸਹੇਰੀ[89] ॥	Gone[86] is the up-braiding[87] of my friends[88] and mates[89].	ਮੇਰੀਆਂ ਸੱਜਣੀਆਂ[88] ਤੇ ਸਹੇਲੀਆਂ[89] ਦਾ ਸ਼ਿਕਵਾ ਸ਼ਿਕਾਇਤ[87] ਮੁਕ ਗਿਆ[86] ਹੈ।
ਭਰਮੁ[90] ਗਇਆ[91] ਗੁਰਿ ਪਿਰ[92] ਸੰਗਿ ਮੇਰੀ[93] ॥੧॥ ਰਹਾਉ॥	My doubt[90] is dispelled[91] and the Guru has united[93] me with my Beloved[92]. Pause.	ਮੇਰਾ ਸੰਦੇਹ[90] ਦੂਰ ਹੋ ਗਿਆ ਹੈ[91]। ਗੁਰਾਂ ਨੇ ਮੈਨੂੰ ਮੇਰੇ ਪ੍ਰੀਤਮ[92] ਨਾਲ ਮਿਲਾ ਦਿਤਾ[93] ਹੈ। ਠਹਿਰਾਉ।
ਨਿਕਟਿ[94] ਆਨਿ ਪ੍ਰਿਅ[96] ਸੇਜ[97] ਧਰੀ[98] ॥ ਕਾਣਿ[99] ਕਢਨ ਤੇ ਛੂਟਿ ਪਰੀ[100] ॥ ੨॥	My Beloved[96], drawing[95] near[94] me, has seaten[98] me on the couch[97], and I have escaped[100] the people's subservience[99].	ਮੇਰੇ ਪ੍ਰੀਤਮ[96] ਨੇ ਲਾਗੇ[94] ਆ ਕੇ[95] ਮੈਨੂੰ ਪਲੰਘ[97] ਉਤੇ ਬਹਾਲ ਦਿਤਾ ਹੈ[98] ਅਤੇ ਮੈਂ ਲੋਕਾਂ ਦੀ ਮੁਹਤਾਜੀ[99] ਤੋਂ ਛੁਟ ਗਈ[100] ਹਾਂ।
ਮੰਦਰਿ[2] ਮੇਰੈ ਸਬਦਿ[3] ਉਜਾਰਾ[4] ॥	In my mansion[2] (heart) is the light of God's Name[3].	ਮੇਰੇ ਮਹਿਲ[2] ਅੰਦਰ ਵਾਹਿਗੁਰੂ ਦੇ ਨਾਮ ਦਾ[3] ਚਾਨਣ[4] ਹੈ।
ਅਨਦ[5] ਬਿਨੋਦੀ[6] ਖਸਮੁ[7] ਹਮਾਰਾ[8] ॥੩॥	My[8] Spouse[7] is joyful[5] and sportive[6].	ਮੇਰਾ[8] ਕੰਤ[7] ਹਸਮੁਖਾ[5] ਅਤੇ ਖੇਲੰਦੜਾ[6] ਹੈ।
ਮਸਤਕਿ[9]ਭਾਗੁ[10] ਮੈ ਪਿਰੁ[12] ਘਰਿ ਆਇਆ ॥	Through the good destiny[10], recorded on my brow[9], my Groom[12] has come home to me.	ਮੇਰੇ ਮੱਥੇ[9] ਤੇ ਚੰਗੇ ਕਰਮ[10] ਲਿਖੇ ਹੋਣ ਕਾਰਨ ਮੇਰਾ ਲਾੜਾ[12] ਮੇਰੇ ਗ੍ਰਹਿ, ਮੇਰੇ ਕੋਲ ਆ ਗਿਆ ਹੈ।
ਥਿਰੁ[13] ਸੋਹਾਗੁ[14] ਨਾਨਕ	Slave[15] Nanak has obtained lasting[13]	ਗੋਲੇ[15] ਨਾਨਕ ਨੂੰ ਸਦੀਵੀ[13]ਵਿਆਹੁਲਾ-ਜੀਵਨ[14] ਪ੍ਰਾਪਤ

ਜਨ[15] ਪਾਇਆ ॥੪॥੨॥ ੫੩॥	wedded life[14].	ਹੋਇਆ ਹੈ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਸਾਚਿ ਨਾਮਿ[16] ਮੇਰਾ ਮਨੁ ਲਾਗਾ[17] ॥	With the True Name[16], my soul is attached[17].	ਸਤਿਨਾਮ[16] ਨਾਲ ਮੇਰੀ ਜਿੰਦੜੀ ਜੁੜੀ ਹੋਈ[17] ਹੈ ।
ਲੋਗਨ[18] ਸਿਉ ਮੇਰਾ ਠਾਠਾ ਬਾਗਾ[19] ॥੧॥	With people[18] I have but artificial dealings[19].	ਲੋਕਾਂ[18] ਨਾਲ ਮੇਰਾ ਨਿਰਾ ਲੇਲਾ-ਪੋਚਾ[19] ਹੀ ਹੈ ।
ਬਾਹਰਿ[20] ਸੂਤੁ[21] ਸਗਲ[22] ਸਿਉ[23] ਮਉਲਾ[24] ॥	My ties[21] are but external[20] and I am happy[24] with[23] all[22].	ਮੇਰਾ ਜੋੜ ਸੰਬੰਧ[21] ਕੇਵਲ ਵੇਖਣ ਨੂੰ ਹੀ ਹੈ[20] ਅਤੇ ਮੈਂ ਸਾਰਿਆਂ[22] ਨਾਲ[23] ਖੁਸ਼[24] ਹਾਂ ।
ਅਲਿਪਤੁ[25] ਰਹਉ ਜੈਸੇ[26] ਜਲ[27] ਮਹਿ[28] ਕਉਲਾ[29] ॥ ੧॥ਰਹਾਉ॥	Like[26] lotus[29] in[28] water[27], I live separate[25] from them. Pause.	ਕੰਵਲ[29] ਦੇ ਪਾਣੀ[27] ਦੇ ਵਿਚ[28] ਹੋਣ ਦੀ ਤਰ੍ਹਾਂ[26], ਮੈਂ ਉਨ੍ਹਾਂ ਤੋਂ ਨਿਰਲੇਪ[25] ਰਹਿੰਦਾ ਹਾਂ । ਠਹਿਰਾਉ ।
ਮੁਖ[30] ਕੀ ਬਾਤ ਸਗਲ ਸਿਉ ਕਰਤਾ ॥	By words of mouth[30] I talk with all.	ਮੂੰਹ[30] ਦੇ ਬਚਨ ਦੁਆਰਾ ਮੈਂ ਸਾਰਿਆਂ ਨਾਲ ਬੋਲਦਾ ਚਾਲਦਾ ਹਾਂ ।
ਜੀਅ[31] ਸੰਗਿ ਪ੍ਰਭੁ ਅਪੁਨਾ ਧਰਤਾ[32] ॥੨॥	But my Lord, I keep close[32] to my heart[31].	ਪਰ ਆਪਣੇ ਸੁਆਮੀ ਨੂੰ ਮੈਂ ਆਪਣੇ ਦਿਲ[31] ਨਾਲ ਲਾਈ ਰਖਦਾ[32] ਹਾਂ ।
ਦੀਸਿ[33] ਆਵਤ ਹੈ ਬਹੁਤੁ[34] ਭੀਹਾਲਾ[35]॥ਸਗਲ ਚਰਨ[36] ਕੀ ਇਹੁ ਮਨੁ ਰਾਲਾ[37] ॥	Though, I appear[33] to be very[34] terrible[35], but my mind is the dust[37] of all men's feet[36].	ਭਾਵੇਂ ਮੈਂ ਵੇਖਣ ਨੂੰ[33] ਖਰਾ[34] ਹੀ ਭਿਆਨਕ[35] ਲਗਦਾ ਹਾਂ, ਪ੍ਰੰਤੂ ਮੇਰਾ ਮਨੂਆ ਸਾਰਿਆਂ ਦੇ ਪੈਰਾਂ[36] ਦੀ ਖਾਕ[37] ਹੈ ।
ਨਾਨਕ ਜਨਿ[38] ਗੁਰੁ ਪੂਰਾ[39] ਪਾਇਆ ਅੰਤਰਿ ਬਾਹਰਿ ਏਕੁ ਦਿਖਾਇਆ[40] ॥੪॥ ੩॥੫੪॥	This Serf[38], O Nanak, has found the Perfect[39] Guru. Within and without, who has shown[40] me the One Lord.	ਇਸ ਨਫ਼ਰ[38] ਨੂੰ ਹੇ ਨਾਨਕ, ਪੂਰਨ[39] ਗੁਰਦੇਵ ਦੀ ਪਰਾਪਤੀ ਹੋ ਗਈ ਹੈ । ਹੁਣ ਅੰਦਰ ਅਤੇ ਬਾਹਰ ਉਨ੍ਹਾਂ ਨੇ ਮੈਨੂੰ ਇਕ ਪ੍ਰਭੂ ਵਿਖਾਲ ਦਿੱਤਾ[40] ਹੈ ।
੩੮੫		
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਪਾਵਤੁ[41]ਰਲੀਆ[42]ਜੋਬਨਿ[43] ਬਲੀਆ[44] ॥	In the vigour[44] of youth[43], man enjoys or has[41] revelments[42].	ਜੁਆਨੀ[43] ਦੇ ਜੋਸ਼[44] ਵਿਚ ਇਨਸਾਨ ਰੰਗ-ਰਲੀਆਂ[42] ਮਾਣਦਾ ਜਾਂ ਪਾਉਂਦਾ[41] ਹੈ ।
ਨਾਮ ਬਿਨਾ ਮਾਟੀ[45] ਸੰਗਿ ਰਲੀਆ[46] ॥੧॥	But without the Name, he mingles[46] with dust[45].	ਪਰ ਨਾਮ ਦੇ ਬਾਝੋਂ ਉਹ ਖ਼ਾਕ[45] ਨਾਲ ਮਿਲ ਜਾਂਦਾ ਹੈ[46] ।
ਕਾਨ[47]ਕੁੰਡਲੀਆ[48]ਬਸਤ੍ਰ[49] ਓਢਲੀਆ[50] ॥ ਸੇਜ[51] ਸੁਖਲੀਆ[52] ਮਨਿ[53] ਗਰਬਲੀਆ[54]॥੧॥ਰਹਾਉ॥	He may wear[50] ear[47]-rings[48] and fine clothes[49], and have comfortable[52] couch[51], of which he may be proud[54] in his mind[53]. Pause.	ਉਹ ਕੰਨਾਂ ਦੀਆਂ[47] ਨੱਤੀਆਂ[48] ਅਤੇ ਪੁਸ਼ਾਕੇ[49] ਪਹਿਨ ਲਵੇ[50] ਅਤੇ ਉਸ ਦਾ ਸੁਖਦਾਈ[52] ਪਲੰਘ[51] ਹੋਵੇ, ਜਿਸ ਦਾ ਕਿ ਉਹ ਆਪਣੇ ਚਿੱਤ[53] ਵਿਚ ਹੰਕਾਰ[54] ਕਰਦਾ ਹੋਵੇ । ਠਹਿਰਾਉ ।
ਤਲੈ ਕੁੰਚਰੀਆ[55] ਸਿਰਿ[56] ਕਨਿਕ[57] ਛਤਰੀਆ[58] ॥	He may have elephants[55] to ride and gold[57] umbrellas[58] over his head[56].	ਉਸ ਪਾਸ ਚੜ੍ਹਨ ਨੂੰ ਹਾਥੀ[55] ਹੋਣ ਅਤੇ ਉਸ ਦੇ ਸੀਸ[56] ਉਤੇ ਸੋਨੇ[57] ਦਾ ਛਤਰ[58] ਹੋਵੇ ।

ਹਰਿ ਭਗਤਿ[59] ਬਿਨਾ ਲੇ ਧਰਨਿ[60]ਗਡਲੀਆ[61] ॥੨॥

But without God's meditation[59], he is buried[61] beneath the earth[60].

ਪਰ ਵਾਹਿਗੁਰੂ ਦੇ ਸਿਮਰਨ[59] ਦੇ ਬਗੈਰ ਉਹ ਜ਼ਮੀਨ[60] ਦੇ ਹੇਠਾਂ ਦੱਬ[61] ਦਿਤਾ ਜਾਂਦਾ ਹੈ।

ਰੂਪ ਸੁੰਦਰੀਆ[62] ਅਨਿਕ[63] ਇਸਤਰੀਆ[64] ॥

He may enjoy many[63] women[64] of exquisite beauty[62].

ਉਹ ਮਹਾਂ ਸੁਹਣੀਆਂ[62] ਬਹੁਤੀਆਂ[63] ਤਰੀਮਤਾਂ[64] ਨੂੰ ਮਾਣ ਲਵੇ।

ਹਰਿ ਰਸ[65] ਬਿਨੁ ਸਭਿ ਸੁਆਦ[66]ਫਿਕਰੀਆ[67]॥੩॥

But without the elixir[65] of God, all the relishes[66] are insipid[67].

ਪਰ ਵਾਹਿਗੁਰੂ ਦੇ ਅੰਮ੍ਰਿਤ[65] ਦੇ ਬਗੈਰ ਸਾਰੇ ਸ੍ਵਾਦ[66] ਫਿਕਲੇ[67] ਹਨ।

ਮਾਇਆ[68] ਛਲੀਆ[69] ਬਿਕਾਰ[70] ਬਿਖਲੀਆ[71] ॥

Deluded[69] by mammon[68], the mortal is led into sin[70] and evil[71].

ਮੋਹਨੀ[68] ਦਾ ਬਹਿੰਕਾਇਆ ਹੋਇਆ[69] ਪ੍ਰਾਣੀ ਪਾਪ[70] ਤੇ ਬਦੀ[71] ਵਿਚ ਜਾ ਪੈਂਦਾ ਹੈ।

ਸਰਣਿ[71]* ਨਾਨਕ ਪ੍ਰਭ ਪੁਰਖ[72] ਦਇਅਲੀਆ[73] ॥ ੪॥੪॥੫੫॥

I, O Nanak, has sought the protection[71]* of the Omnipotent[72], compassionate[73] Lord.

ਮੈਂ, ਹੇ ਨਾਨਕ, ਸਰਬ-ਸ਼ਕਤੀਵਾਨ[72], ਮਿਹਰਬਾਨ[73] ਸੁਆਮੀ ਦੀ ਪਨਾਹ[71]* ਲਈ ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਏਕੁ ਬਗੀਚਾ[74]ਪੇਡ[75]ਘਨ[76] ਕਰਿਆ ॥

There is a garden[74], wherein are planted so many[76] plants[75].

ਇਕ ਬਾਗ਼[74] ਹੈ, ਜਿਸ ਵਿਚ ਬਹੁਤੇ[76] ਪੌਦੇ[75] ਲਗੇ ਹੋਏ ਹਨ।

ਅੰਮ੍ਰਿਤੁ[77]ਨਾਮੁ ਤਹਾ[78] ਮਹਿ ਫਲਿਆ[79] ॥੧॥

They[78] bear the Nectarean[77] Name as fruit[79].

ਉਨ੍ਹਾਂ[78] ਨੂੰ ਅੰਮ੍ਰਿਤਮਈ[77] ਨਾਮ ਦਾ ਮੇਵਾ[79] ਲੱਗਾ ਹੈ।

ਐਸਾ[80] ਕਰਹੁ ਬੀਚਾਰੁ[81] ਗਿਆਨੀ[82] ॥ ਜਾ[83] ਤੇ ਪਾਈਐ ਪਦੁ[84]ਨਿਰਬਾਨੀ[85]॥

Think of such[80] a doctrine[81], O divine[82], by which[83] thou may obtain the status[84] of salvation[85].

ਕੋਈ ਐਹੋ ਜੇਹੀ[80] ਤਦਬੀਰ[81] ਸੋਚ, ਹੇ ਬ੍ਰਹਿਮ ਬੇਤੇ[82], ਜਿਸ ਦੁਆਰਾ[83] ਤੂੰ ਮੋਖ਼ਸ਼[85] ਦੇ ਦਰਜੇ[84] ਨੂੰ ਪਾ ਲਵੇਂ।

ਆਸਿ[86] ਪਾਸਿ ਬਿਖੂਆ[87] ਕੇ ਕੁੰਟਾ[88] ਬੀਚਿ ਅੰਮ੍ਰਿਤੁ ਹੈ ਭਾਈ[90]ਰੇ[91]॥੧॥ਰਹਾਉ॥

All around[86] the garden, there are pools[88] of poison[87] and within it is the Nectar[89], O[91] brother[90]. Pause.

ਬਾਗ਼ ਦੇ ਆਲੇ ਦੁਆਲੇ[86] ਜ਼ਹਿਰ[87] ਦੀਆਂ ਛਪੜੀਆਂ[88] ਹਨ ਅਤੇ ਇਸ ਦੇ ਵਿਚ ਸੁਧਾਸਰ[89] ਹੈ, ਹੇ[91] ਵੀਰ[90]! ਠਹਿਰਾਉ।

ਸਿੰਚਨਹਾਰੇ[92] ਏਕੈ ਮਾਲੀ[93]॥

There is but one gardener[93] to irrigate[92].

ਪਾਣੀ ਦੇਣ ਲਈ[92] ਕੇਵਲ ਇਕ ਹੀ ਬਾਗ਼ਬਾਨ[93] ਹੈ।

ਖਬਰਿ[94] ਕਰਤੁ ਹੈ ਪਾਤ ਪਤ[95] ਡਾਲੀ[96] ॥੨॥

He takes care[94] of every leaf[95] and branch[96].

ਉਹ ਹਰ ਇਕ ਪੱਤੇ[95] ਅਤੇ ਟਹਿਣੀ[96] ਦੀ ਰਖਵਾਲੀ ਕਰਦਾ ਹੈ[94]।

ਸਗਲ[97] ਬਨਸਪਤਿ[98] ਆਣਿ ਜੜਾਈ[100] ॥

He brings[99] all[97] kinds of plants[98] and implants[100] them, there.

ਉਹ ਸਾਰੀਆਂ[97] ਕਿਸਮਾਂ ਦੇ ਪੌਦੇ[98] ਲਿਆ ਕੇ[99], ਉਥੇ ਲਾਉਂਦਾ[100] ਹੈ।

ਸਗਲੀ ਫੂਲੀ[2] ਨਿਫਲ[3] ਨ ਕਾਈ ॥੩॥

They all bear fruit[2], none is without the fruit[3].

ਸਾਰਿਆਂ ਨੂੰ ਮੇਵਾ ਲਗਦਾ[2] ਹੈ, ਕੋਈ ਭੀ ਮੇਵੇ ਦੇ ਬਿਨਾਂ[3] ਨਹੀਂ।

ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ[4] ਪਾਇਆ ॥ ਨਾਨਕ ਦਾਸ[5] ਤਰੀ[6] ਤਿਨਿ[7] ਮਾਇਆ[8] ॥੪॥੫॥੫੬॥

He[7], who receives the Nectarean fruit of the Name from[4] the Guru, O slave[5] Nanak, he crosses[6] over the world's[8] ocean.

ਜੋ ਗੁਰਾਂ ਦੇ ਪਾਸੋਂ[4] ਨਾਮ ਦਾ ਸੁਧਾ ਸਰੂਪ ਮੇਵਾ ਪਰਾਪਤ ਕਰਦਾ ਹੈ, ਹੇ ਗੋਲੇ[5] ਨਾਨਕ! ਉਹ[7] ਸੰਸਾਰ[8] ਸਮੁੰਦਰ ਤੋਂ ਪਾਰ[6] ਹੋ ਜਾਂਦਾ ਹੈ।

ਆਸਾ ਮਹਲਾ ੫ ॥
ਰਾਜ[9] ਲੀਲਾ[10] ਤੇਰੈ ਨਾਮਿ ਬਨਾਈ ॥
ਜੋਗੁ ਬਨਿਆ ਤੇਰਾ ਕੀਰਤਨੁ[12] ਗਾਈ[13] ॥੧॥
ਸਰਬ[14] ਸੁਖਾ ਬਨੇ ਤੇਰੈ ਓਲ੍ਹੈ[15] ॥
ਭ੍ਰਮ[16] ਕੇ ਪਰਦੇ[17] ਸਤਿਗੁਰ ਖੋਲ੍ਹੇ[18] ॥੧॥ਰਹਾਉ॥
ਹੁਕਮੁ[19] ਬੂਝਿ[20]ਰੰਗ[21]ਰਸ[22] ਮਾਣੇ[23] ॥
ਸਤਿਗੁਰ ਸੇਵਾ[24] ਮਹਾ[25] ਨਿਰਬਾਣੇ[26] ॥੨॥
ਜਿਨਿ ਤੂੰ ਜਾਤਾ[27] ਸੋ[28] ਗਿਰਸਤ[29] ਉਦਾਸੀ[30] ਪਰਵਾਣੁ[31] ॥
ਨਾਮਿ ਰਤਾ[32] ਸੋਈ ਨਿਰਬਾਣੁ[33] ॥੩॥
ਜਾਕਉ ਮਿਲਿਓ[39] ਨਾਮੁ ਨਿਧਾਨਾ[34] ॥ ਭਨਤਿ[35] ਨਾਨਕ ਤਾਕਾ[36] ਪੂਰ[37] ਖਜਾਨਾ[38] ॥੪॥੬॥੫੭॥

Asa 5th Guru.

The royal[9] pomp and show[10] Thy Name has made.
I attain to Yoga by singing[13] Thine praises[12].
In Thy shelter[15], I obtain all[14] the comforts.
The True Guru has removed[18] the curtains[17] of doubt[16]. Pause.
Understanding[20] the Lord's will[19] I enjoy[23] pleasures[21] and dainties[22].
By serving[24] the True Guru, I obtain the supreme[25] bliss[26].
He[28] who recognises[27] Thee, is approved[31] as a house-holder[29] and an ascetic[30].
He, who is imbued[32] with the Name is an anchorite[33].
Says[35] Nanak, brimful[37] is the store-house[38] of him[36], who has obtained[39] the Name treasure[34].

ਆਸਾ ਪੰਜਵੀਂ ਪਾਤਸ਼ਾਹੀ ।

ਪਾਤਸ਼ਾਹੀ[9] ਸ਼ਾਨ-ਸ਼ੌਕਤ[10] ਤੇਰੇ ਨਾਮ ਨੇ ਬਣਾ ਛੱਡੀ ਹੈ।
ਤੇਰੀ ਕੀਰਤੀ[12] ਗਾਇਨ[13] ਕਰਨ ਦੁਆਰਾ, ਮੈਂ ਯੋਗ ਨੂੰ ਪਰਾਪਤ ਹੋ ਜਾਂਦਾ ਹਾਂ ।
ਤੇਰੀ ਸ਼ਰਨ[15] ਅੰਦਰ ਮੈਂ ਸਾਰੇ[14] ਆਰਾਮ ਪਾਉਂਦਾ ਹਾਂ ।
ਸੱਚੇ ਗੁਰਾਂ ਨੇ ਵਹਿਮ[16] ਦੇ ਪੜਦੇ[17] ਦੂਰ ਕਰ ਦਿਤੇ ਹਨ । ਠਹਿਰਾਉ ।
ਸਾਹਿਬ ਦੀ ਰਜ਼ਾ[19] ਨੂੰ ਸਮਝ[20] ਕੇ ਮੈਂ ਖੁਸ਼ੀਆਂ[21] ਅਤੇ ਨਿਆਮਤਾਂ[22] ਭੋਗਦਾ ਹਾਂ[23] ।
ਸੱਚੇ ਗੁਰਾਂ ਦੀ ਘਾਲ ਕਮਾਉਣ ਦੁਆਰਾ[24] ਮੈਂ ਪਰਮ[25] ਅਨੰਦ[26] ਨੂੰ ਪਾਉਂਦਾ ਹਾਂ ।
ਜੋ ਤੈਨੂੰ ਸਿੰਆਣਦਾ[27] ਹੈ, ਉਹ[28] ਬਤੌਰ ਇਕ ਘਰਬਾਰੀ[29] ਤੇ ਤਿਆਗੀ[30] ਦੇ ਕਬੂਲ ਪੈ ਜਾਂਦਾ ਹੈ[31] ।
ਜੋ ਨਾਮ ਨਾਲ ਰੰਗਿਆ[32] ਹੈ, ਉਹੀ ਸੰਨਿਆਸੀ[33] ਹੈ ।
ਗੁਰੂ ਜੀ ਆਖਦੇ ਹਨ[35], ਪਰੀ-ਪੂਰਨ[37] ਹੈ ਉਸ ਦਾ ਭੰਡਾਰਾ[38], ਜਿਸ ਨੂੰ ਨਾਮ ਦਾ ਕੋਸ਼[34] ਪਰਾਪਤ[39] ਹੋਇਆ ਹੈ ।

ਆਸਾ ਮਹਲਾ ੫ ॥
ਤੀਰਥਿ[40] ਜਾਉ ਤ[41] ਹਉ ਹਉ ਕਰਤੇ[42] ॥
ਪੰਡਿਤ ਪੂਛਉ[43] ਤ ਮਾਇਆ[44] ਰਾਤੇ[45] ॥੧॥
ਸੋ ਅਸਥਾਨੁ[46] ਬਤਾਵਹੁ[47] ਮੀਤਾ[48] ॥ ਜਾਕੈ[49] ਹਰਿ ਹਰਿ ਕੀਰਤਨੁ[50] ਨੀਤਾ[51] ॥ ੧॥ਰਹਾਉ॥
ਸਾਸਤ੍ਰ ਬੇਦ ਪਾਪ[52] ਪੁੰਨ[53] ਵੀਚਾਰ[54] ॥ ਨਰਕਿ[55] ਸੁਰਗਿ[56] ਫਿਰਿ ਫਿਰਿ[57] ਅਉਤਾਰ[58] ॥੨॥

Asa 5th Guru.

If I go to places of pilgrimage[40], then[41], I see men indulging in pride[42].
If I inquire[43] of Brahmans (scholars), then I find them imbued[45] with mammon[44].
Show[47] me, O friend[48], that place[46], where[49] the praises[50] of the Lord God, are ever[51] sung. Pause.
The Shashtras and Vedas dilate[54] on sin[52] and virtue[53]. They say that man, again and again[57], enters[58] hell[55] and heaven[56].

ਆਸਾ ਪੰਜਵੀਂ ਪਾਤਸ਼ਾਹੀ ।

ਜੇਕਰ ਮੈਂ ਯਾਤ੍ਰਾ ਅਸਥਾਨਾਂ[40] ਤੇ ਜਾਂਦਾ ਹਾਂ; ਤਦ[41] ਮੈਂ ਬੰਦਿਆਂ ਨੂੰ ਹੰਕਾਰ ਕਰਦਿਆਂ[42] ਤੱਕਦਾ ਹਾਂ ।
ਜੇਕਰ ਮੈਂ ਬ੍ਰਾਹਮਣਾਂ(ਵਿਦਵਾਨਾਂ) ਬਾਰੇ ਪੁਛਦਾ[43] ਹਾਂ, ਤਦ ਉਨ੍ਹਾਂ ਨੂੰ ਮੈਂ ਧਨ-ਦੌਲਤ[44] ਨਾਲ ਰੰਗੀਜੇ[45] ਪਾਉਂਦਾ ਹਾਂ ।
ਹੇ ਮਿਤ੍ਰ[48] ! ਮੈਨੂੰ ਉਹ ਜਗ੍ਹਾ[46] ਦੱਸੋ[47], ਜਿੱਥੇ[49] ਵਾਹਿਗੁਰੂ ਸੁਆਮੀ ਦਾ ਜੱਸ[50] ਸਦਾ[51] ਹੀ ਗਾਇਨ ਹੁੰਦਾ ਹੋਵੇ । ਠਹਿਰਾਉ ।
ਸ਼ਾਸਤਰ ਅਤੇ ਵੇਦ ਗੁਨਾਹ[52] ਤੇ ਨੇਕੀ[53] ਦੀ ਸੋਚ ਵਿਚਾਰ ਬਿਆਨ[55] ਕਰਦੇ ਹਨ ਅਤੇ ਕਹਿੰਦੇ ਹਨ, ਕਿ ਬੰਦਾ ਮੁੜ ਮੁੜ ਕੇ[57] ਦੋਜ਼ਕ[55] ਤੇ ਬਹਿਸ਼ਤ[56] ਵਿਚ ਪੈਂਦਾ[58] ਹੈ ।

ਗਿਰਸਤ[59] ਮਹਿ[60] ਚਿੰਤ[61] ਉਦਾਸ[62] ਅਹੰਕਾਰ[63] ॥	In[60] the house-holder's[59] life there is anxiety[61] and in the hermits'[62] life pride[63].	ਘਰਬਾਰੀ[59] ਦੇ ਜੀਵਨ ਵਿਚ[60] ਫ਼ਿਕਰ[61] ਹੈ ਅਤੇ ਵਿਰਕਤੀ[62] ਵਿਚ ਹੰਕਾਰ[63]।
ਕਰਮ[64] ਕਰਤ ਜੀਅ[65] ਕਉ ਜੰਜਾਰ[66] ॥੩॥	The performance of rituals[64] is an entanglement[66] for the soul[65].	ਸੰਸਕਾਰਾਂ[64] ਦਾ ਕਰਨਾ, ਆਤਮਾ[65] ਲਈ ਇਕ ਫ਼ਾਹੀ[66] ਹੈ।
ਪ੍ਰਭ ਕਿਰਪਾ[72]ਤੇ ਮਨੁ ਵਸਿ[67] ਆਇਆ ॥ ਨਾਨਕ ਗੁਰਮੁਖਿ[68] ਤਰੀ[69] ਤਿਨ[70] ਮਾਇਆ[71] ॥੪॥	He[70], who by Lord's grace[72] has his mind under control[67], O Nanak, crosses[69] the mammon's[71] ocean through Guru's instruction[68].	ਜਿਸ ਦਾ ਮਨੂਆ, ਸੁਆਮੀ ਦੀ ਦਇਆ ਦੁਆਰਾ[72] ਕਾਬੂ[67] ਵਿਚ ਆ ਜਾਂਦਾ ਹੈ, ਹੇ ਨਾਨਕ! ਉਹ[70] ਗੁਰਾਂ ਦੇ ਉਪਦੇਸ਼[68] ਰਾਹੀਂ, ਮਾਇਆ ਦੇ ਸਮੁੰਦਰ ਤੋਂ ਪਾਰ ਉਤਰ ਜਾਂਦਾ ਹੈ[69]।
ਸਾਧ ਸੰਗਿ ਹਰਿ ਕੀਰਤਨੁ[73] ਗਾਈਐ ॥ ਇਹੁ ਅਸਥਾਨੁ[74] ਗੁਰੂ ਤੇ[75] ਪਾਈਐ[76] ॥੧॥ ਰਹਾਉ ਦੂਜਾ ॥੭॥੫੮॥	In the society of saints sing the praise[73] of God. This place[74] is found[76] from[75] the Guru. Pause Second.	ਸਤਿ ਸੰਗਤ ਅੰਦਰ ਵਾਹਿਗੁਰੂ ਦਾ ਜੱਸ[73] ਗਾਇਨ ਕਰ। ਇਹ ਜਗ੍ਹਾ[74] ਗੁਰਾਂ ਪਾਸੋਂ[75] ਮਿਲਦੀ[76] ਹੈ। ਠਹਿਰਾਉ ਦੂਜਾ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਘਾਰ ਮਹਿ[77] ਸੂਖ[78] ਬਾਹਰਿ ਫੁਨਿ[79] ਸੂਖਾ ॥	Within[77] my home there is peace[78] and peace prevails outside, too.	ਮੇਰੇ ਗ੍ਰਹਿ ਅੰਦਰ[77] ਆਰਾਮ[78] ਹੈ ਅਤੇ ਮੁੜ[79] ਆਰਾਮ ਹੈ ਗ੍ਰਹਿ ਦੇ ਬਾਹਰਵਾਰ ਭੀ।
ਹਰਿ ਸਿਮਰਤ[80] ਸਗਲ ਬਿਨਾਸੇ[82] ਦੂਖਾ[81] ॥੧॥	By remembering[80] God all the sorrows[81] (pains) are annulled[82].	ਵਾਹਿਗੁਰੂ ਦਾ ਆਰਾਧਨ ਕਰਨ ਦੁਆਰਾ[80], ਸਾਰੇ ਗ਼ਮ[81] ਨਵਿਰਤ[82] ਹੋ ਗਏ ਹਨ।
ਸਗਲ ਸੂਖ ਜਾਂ[83]ਤੂੰ ਚਿਤਿ[84] ਆਂਵੈਂ ॥	I obtain all the comforts, when[83] Thou comest in my mind[84].	ਜਦ[83] ਤੂੰ ਮੇਰੇ ਮਨ[84] ਵਿਚ ਆਉਂਦਾ ਹੈਂ, ਮੈਨੂੰ ਸਾਰੇ ਆਰਾਮ ਪਰਾਪਤ ਹੋ ਜਾਂਦੇ ਹਨ।
੩੮੬		
ਸੋ[85]ਨਾਮੁ ਜਪੈ[86]ਜੋ[87] ਜਨੁ[88] ਤੁਧੁ ਭਾਵੈ[89] ॥੧॥ਰਹਾਉ॥	That[87] man[88] alone repeats[86] the Name who is pleasing[89] to Thee. Pause.	ਕੇਵਲ ਓਹੀ[85] ਨਾਮ ਦਾ ਉਚਾਰਨ ਕਰਦਾ ਹੈ[86] ਜਿਹੜਾ ਤੈਨੂੰ ਚੰਗਾ ਲਗਦਾ[89] ਹੈ। ਠਹਿਰਾਉ।
ਤਨੁ ਮਨੁ ਸੀਤਲੁ[90] ਜਪਿ ਨਾਮੁ ਤੇਰਾ ॥	My body and mind are cooled[90] by remembering Thy Name.	ਤੇਰੇ ਨਾਮ ਦਾ ਆਰਾਧਨ ਕਰਨ ਦੁਆਰਾ ਮੇਰੀ ਦੇਹਿ ਅਤੇ ਆਤਮਾ ਠੰਢੇ ਹੋ ਗਏ ਹਨ[90]।
ਹਰਿ ਹਰਿ ਜਪਤ[93] ਢਹੈ[91] ਦੁਖ ਡੇਰਾ[92] ॥੨॥	By Lord God's meditation[93], the abode[92] of pain is demolished[91].	ਵਾਹਿਗੁਰੂ ਸੁਆਮੀ ਦਾ ਚਿੰਤਨ[93] ਕਰਨ ਦੁਆਰਾ ਦੁੱਖ ਤਕਲੀਫ਼ ਦਾ ਅੱਡਾ[92] ਢੁਕਿਆ ਜਾਂਦਾ[91] ਹੈ।
ਹੁਕਮੁ[94] ਬੂਝੈ[95] ਸੋਈ[96] ਪਰਵਾਨੁ[97] ॥	He[96], who understands[95] God's will[94], is approved[97].	ਜੋ ਰੱਬ ਦੀ ਰਜ਼ਾ[94] ਨੂੰ ਸਮਝਦਾ[95] ਹੈ, ਉਹ[96] ਕਬੂਲ[97] ਪੈ ਜਾਂਦਾ ਹੈ।
ਸਾਚੁ ਸਬਦੁ[98] ਜਾ ਕਾ[99] ਨੀਸਾਨੁ[100] ॥੩॥	The True Name[98] is (such a man's) insignia[100].	ਸੱਚਾ ਨਾਮ[98] (ਐਸੇ ਪੁਰਸ਼ ਦੀ) ਨਿਸ਼ਾਨੀ[100] ਹੈ।
ਗੁਰਿ ਪੂਰੈ[2] ਹਰਿ ਨਾਮੁ ਦ੍ਰਿੜਾਇਆ[3] ॥	The Perfect[2] Guru has implanted[3] in me the Lord's Name.	ਪੂਰਨ[2] ਗੁਰਾਂ ਨੇ ਮੇਰੇ ਅੰਦਰ ਪ੍ਰਭੂ ਦਾ ਨਾਮ ਪੱਕਾ ਕੀਤਾ[3] ਹੈ।
ਭਨਤਿ[4] ਨਾਨਕੁ ਮੇਰੈ ਮਨਿ	Says[4] Nanak, my mind has attained	ਗੁਰੂ ਜੀ ਆਖਦੇ ਹਨ[4], ਮੇਰੇ ਚਿੱਤ ਨੂੰ ਅਨੰਦ[5] ਪਰਾਪਤ

ਸੁਖੁ[5] ਪਾਇਆ ॥੪॥੮॥ ੫੯॥	peace[5].	ਹੋਇਆ ਹੈ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਜਹਾ[6] ਪਠਾਵਹੁ[7] ਤਹ ਤਹ[8] ਜਾਈ ॥	Whither[6] Thou sendest[7] me thither[8] I go.	ਜਿੱਥੇ ਕਿਤੇ[6] ਤੂੰ ਮੈਨੂੰ ਭੇਜਦਾ[7] ਹੈਂ, ਉੱਥੇ[8] ਹੀ ਮੈਂ ਜਾਂਦਾ ਹਾਂ ।
ਜੋ[9] ਤੁਮ ਦੇਹੁ ਸੋਈ[10] ਸੁਖੁ ਪਾਈ[12] ॥੧॥	Whatever[9] Thou givest me, in that[10] I find peace[12].	ਜਿਹੜਾ ਕੁਛ[9] ਤੂੰ ਮੈਨੂੰ ਦਿੰਦਾ ਹੈਂ, ਉਸੇ[10] ਵਿਚ ਹੀ ਮੈਂ ਆਰਾਮ ਪਾਉਂਦਾ[12] ਹਾਂ ।
ਸਦਾ[13] ਚੇਰੇ[14] [15]ਗੋਵਿੰਦ[16] [17]ਗੋਸਾਈ[18] ॥	I am ever[13] the slave[14] of the world[15]-Preserver[16] and the Lord[18] of the Universe[17].	ਮੈਂ ਸੰਸਾਰ[15] ਦੇ ਰਖਿਅਕ[16] ਅਤੇ ਸੁਆਮੀ[18] ਦਾ ਹਮੇਸ਼ਾ[13] ਹੀ ਗੋਲਾ[14] ਹਾਂ ।
ਤੁਮ੍ਰੀ ਕ੍ਰਿਪਾ[19]ਤੇ ਤ੍ਰਿਪਤਿ[20] ਅਘਾਈ[21] ॥੧॥ਰਹਾਉ॥	By Thine grace[19], I remain sated[20] and satiated[21]. Pause.	ਤੇਰੀ ਦਇਆ ਦੁਆਰਾ[19], ਮੈਂ ਰੱਜਿਆ[20], ਪੁੱਜਿਆ[21] ਰਹਿੰਦਾ ਹਾਂ । ਠਹਿਰਾਉ ।
ਤੁਮਰਾ ਦੀਆ[22] ਪੈਨ੍ਹਉ[23] ਖਾਈ[24] ॥	What Thou givest[22] me, that I wear[23] and eat[24].	ਜੋ ਕੁਛ ਤੂੰ ਮੈਨੂੰ ਦਿੰਦਾ[22] ਹੈਂ ਓਹੀ ਮੈਂ ਪਹਿਰਦਾ[23] ਅਤੇ ਖਾਂਦਾ[24] ਹਾਂ ।
ਤਉ ਪ੍ਰਸਾਦਿ[25] ਪ੍ਰਭ ਸੁਖੀ ਵਲਾਈ [26] ॥੨॥	By Thy favour[25], O Lord, I pass[26] my life in peace.	ਤੇਰੀ ਮਿਹਰ ਸਦਕਾ[25] ਮੈਂ ਆਪਣੀ ਉਮਰ ਸੁਖ ਆਰਾਮ ਨਾਲ ਗੁਜ਼ਾਰਦਾ[26] ਹਾਂ ।
ਮਨ ਤਨ ਅੰਤਰਿ[27] ਤੁਝੈ ਧਿਆਈ[28] ॥	Within[27] my mind and body, I remember[28] Thee.	ਆਪਣੇ ਚਿੱਤ ਅਤੇ ਸਰੀਰ ਅੰਦਰ[27] ਮੈਂ ਤੈਨੂੰ ਯਾਦ[28] ਕਰਦਾ ਹਾਂ ।
ਤੁਮ੍ਰੈ ਲਵੈ[29] ਨ ਕੋਊ ਲਾਈ ॥੩॥	I deem none at par[29] with Thee.	ਮੈਂ ਤੇਰੇ ਬਰਾਬਰ[29] ਕਿਸੇ ਨੂੰ ਨਹੀਂ ਜਾਣਦਾ ।
ਕਹੁ[31] ਨਾਨਕ ਨਿਤ[30] ਇਵੈ[32] ਧਿਆਈ[33] ॥	Says[31] Nanak, ever[30], do I dwell[33] on Thee, like this[32].	ਗੁਰੂ ਜੀ ਆਖਦੇ[31] ਹਨ, ਮੈਂ ਹਮੇਸ਼ਾ[30] ਹੀ ਇਸ ਤਰ੍ਹਾਂ[32] ਤੇਰਾ ਸਿਮਰਨ ਕਰਦਾ ਹਾਂ[33] ।
ਗਤਿ[34] ਹੋਵੈ ਸੰਤਹ ਲਗਿ[35] ਪਾਈ[36] ॥੪॥੯॥੬੦॥	The mortal is emancipated[34] by clinging[35] to the saints' feet[36].	ਸਾਧੂਆਂ ਦੇ ਪੈਰਾਂ[36] ਨਾਲ ਚਿਮੜਨ ਦੁਆਰਾ[35] ਪ੍ਰਾਣੀ ਬੰਦ ਖ਼ਲਾਸ[34] ਹੋ ਜਾਂਦਾ ਹੈ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਊਠਤ ਬੈਠਤ ਸੋਵਤ ਧਿਆਈਐ[37] ॥	Whether standing, sitting or sleeping, meditate[37] thou on the Lord.	ਖਲੋਂਦਿਆਂ, ਬਹਿੰਦਿਆਂ, ਜਾਂ ਸੌਂਦਿਆਂ ਤੂੰ ਸੁਆਮੀ ਦਾ ਸਿਮਰਨ ਕਰ[37] ।
ਮਾਰਗਿ[38] ਚਲਤ[39] ਹਰੇ ਹਰਿ[40] ਗਾਈਐ[41] ॥੧॥	Walking[39] on the way[38], sing[41] thou the praise of the Lord Master[40].	ਰਸਤੇ[38] ਚਲਦਿਆਂ[39] ਹੋਇਆਂ ਤੂੰ ਪ੍ਰਭੂ ਪਰਮੇਸ਼ਰ[40] ਦਾ ਜੱਸ ਗਾਇਨ[41] ਕਰ ।
ਸ੍ਰਵਨ[42]ਸੁਨੀਜੈ[43] ਅੰਮ੍ਰਿਤ[44] ਕਥਾ[45] ॥	With thine ears[42] hear[43] the ambrosial[44] Divine discourse[45].	ਆਪਣਿਆਂ ਕੰਨਾਂ[42] ਨਾਲ, ਅੰਮ੍ਰਿਤਮਈ[44] ਈਸ਼ਵਰੀ ਵਾਰਤਾ[45] ਸੁਣ[43] ।
ਜਾਸੁ[46] ਸੁਨੀ[52] ਮਨਿ[47] ਹੋਇ ਅਨੰਦਾ[48] ਦੂਖ ਰੋਗ[49]ਮਨ[50] ਸਗਲੇ ਲਥਾ[51]॥੧॥ਰਹਾਉ॥	By listening[52] to which[46], thy heart[47] shall be glad[48], and all the troubles and ailments[49] shall depart[51] from thy mind[50]. Pause.	ਜਿਸ ਨੂੰ[46] ਸੁਣਨ[52] ਦੁਆਰਾ ਤੇਰਾ ਦਿਲ[47] ਪ੍ਰਸੰਨ[48] ਹੋਵੇਗਾ ਅਤੇ ਸਾਰੀਆਂ ਤਕਲੀਫ਼ਾਂ ਅਤੇ ਬੀਮਾਰੀਆਂ[49] ਤੇਰੇ ਚਿਤ[50] ਤੋਂ ਦੂਰ[51] ਹੋ ਜਾਣਗੀਆਂ । ਠਹਿਰਾਉ ।

ਕਾਰਜਿ[53] ਕਾਮਿ[54] ਬਾਟ[55] ਘਾਟ[56] ਜਪੀਜੈ[57] ॥	Engaged in work[53] and affair[54], on the way[55] and quay[56], remember[57] thou the Lord.	ਕੰਮ[53] ਕਾਜ[54] ਅੰਦਰ ਰੁਝਿਆਂ, ਰਸਤੇ[55] ਅਤੇ ਪੱਤਣ[56] ਉਤੇ ਤੂੰ ਸੁਆਮੀ ਦਾ ਸਿਮਰਨ[57] ਕਰ।
ਗੁਰ ਪ੍ਰਸਾਦਿ[58] ਹਰਿ ਅੰਮ੍ਰਿਤੁ[59] ਪੀਜੈ[60] ॥੨॥	By Guru's grace[58], drink[60] thou the Lord's elixir[59].	ਗੁਰਾਂ ਦੀ ਦਇਆ ਦੁਆਰਾ[58] ਤੂੰ ਰੱਬ ਦਾ ਸੁਧਾਰਸ[59] ਪਾਨ ਕਰ[60]।
ਦਿਨਸੁ[61] ਰੈਨਿ ਹਰਿ ਕੀਰਤਨੁ[62] ਗਾਈਐ ॥ ਸੋ[65] ਜਨੁ[63] ਜਮ[64] ਕੀ ਵਾਟ[66] ਨ ਪਾਈਐ[67] ॥੩॥	The[65] man[63], who day[61] and night sings God's praise[62], goes[67] not the way[66] of Death's courier[64].	ਜਿਹੜਾ[65] ਆਦਮੀ[63] ਦਿਹੁੰ[61], ਰਾਤ ਹਰੀ ਦਾ ਜੱਸ[62] ਗਾਇਨ ਕਰਦਾ ਹੈ, ਉਹ ਮੌਤ ਦੇ ਦੂਤ[64] ਦੇ ਰਾਹ[66] ਨਹੀਂ ਪੈਂਦਾ[67]।
ਆਠ ਪਹਰ ਜਿਸੁ ਵਿਸਰਹਿ[68]ਨਾਹੀ ॥ ਗਤਿ[69] ਹੋਵੈ ਨਾਨਕ ਤਿਸੁ[70] ਲਗਿ[71] ਪਾਈ[72] ॥੪॥੧੦॥੬੧॥	By falling[71] at the feet of him[70], who forgets[68] not God, throughout the eight watches, emancipation[69] is attained[72], O Nanak.	ਜੋ ਅੱਠੇ ਪਹਿਰ ਵਾਹਿਗੁਰੂ ਨੂੰ ਨਹੀਂ ਭੁਲਾਉਂਦਾ[68], ਉਸ ਦੇ[70] ਪੈਰਾਂ[72] ਤੇ ਡਿੱਗ ਪੈਣ ਦੁਆਰਾ[71], ਹੇ ਨਾਨਕ! ਮੁਕਤੀ[69] ਪਰਾਪਤ ਹੋ ਜਾਂਦੀ[72] ਹੈ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਜਾ ਕੈ ਸਿਮਰਨਿ[73] ਸੂਖ ਨਿਵਾਸੁ[74] ॥ ਭਈ ਕਲਿਆਣੁ[75] ਦੁਖ[77] ਹੋਵਤ ਨਾਸੁ[76] ॥੧॥	By His remembrance[73], man, abides[74] in peace, obtains salvation[75] and has his troubles[77] ended[76].	ਜਿਸ ਦੀ ਬੰਦਗੀ ਕਰਨ ਦੁਆਰਾ[73] ਬੰਦਾ ਆਰਾਮ ਅੰਦਰ ਵੱਸਦਾ[74] ਹੈ, ਮੋਖ਼ਸ਼[75] ਪਾ ਲੈਂਦਾ ਹੈ ਅਤੇ ਉਸ ਦੀ ਪੀੜ[77] ਮਿਟ ਜਾਂਦੀ[76] ਹੈ।
ਅਨਦੁ ਕਰਹੁ[78] ਪ੍ਰਭ ਕੇ ਗੁਨ ਗਾਵਹੁ[79] ॥	Sing Lord's praise[79] and revel in joy[78].	ਸਾਈਂ ਦਾ ਜੱਸ[79] ਗਾਇਨ ਕਰ ਅਤੇ ਮੌਜਾਂ[78] ਮਾਣ।
ਸਤਿਗੁਰੁ ਅਪਨਾ ਸਦ[79*] ਸਦਾ ਮਨਾਵਹੁ[80] ॥੧॥ ਰਹਾਉ॥	Ever[79*], ever propitiate[80] thou thy True Guru. Pause.	ਹਮੇਸ਼ਾ[79*] ਹਮੇਸ਼ਾ ਤੂੰ ਆਪਣੇ ਸੱਚੇ ਗੁਰਾਂ ਨੂੰ ਪਰਸੰਨ ਕਰ[80]। ਠਹਿਰਾਉ।
ਸਤਿਗੁਰ ਕਾ ਸਚੁ ਸਬਦੁ[81] ਕਮਾਵਹੁ[82] ॥	Act up[82] to the true Gurbani[81] of the True Guru.	ਸੱਚੇ ਗੁਰਾਂ ਦੀ ਸੱਚੀ ਗੁਰਬਾਣੀ[81] ਉਤੇ ਤੂੰ ਅਮਲ ਕਰ[82]।
ਥਿਰੁ[83] ਘਰਿ[85] ਬੈਠੇ ਪ੍ਰਭੁ ਅਪਨਾ ਪਾਵਹੁ[84] ॥੨॥	Sit in thy home[85] and obtain[84] thy ever-stable[83] Lord.	ਆਪਣੇ ਧਾਮ[85] ਵਿਚ ਬੈਠ ਅਤੇ ਆਪਣੇ ਸਦੀਵੀ ਸਥਿਰ[83] ਸੁਆਮੀ ਨੂੰ ਪਰਾਪਤ ਹੋ[84]।
ਪਰ ਕਾ[86] ਬੁਰਾ[87] ਨ ਰਾਖਹੁ ਚੀਤ[88] ॥ ਤੁਮ ਕਉ ਦੁਖੁ[91] ਨਹੀ ਭਾਈ[89] ਮੀਤ[90] ॥੩॥	Harbour not evil[87] to another[86] in thy mind[88], then, O brother[89] and friend[90], trouble[91] shall not befall thee.	ਆਪਣੇ ਚਿਤ[88] ਅੰਦਰ ਹੋਰਨਾਂ[86] ਦਾ ਮੰਦਾ[87] ਨਾ ਚਿਤਵ, ਤਦ ਹੇ ਵੀਰ[89] ਤੇ ਮਿੱਤਰ[90]! ਤੈਨੂੰ ਕੋਈ ਤਕਲੀਫ਼[91] ਨਹੀਂ ਵਾਪਰੂਗੀ।
ਹਰਿ ਹਰਿ[92] ਤੰਤੁ ਮੰਤੁ[03] ਗੁਰਿ ਦੀਨ੍ਹਾ[94] ॥	God's Name[92] is the sorcery and spell[93], which the Guru has given[94] me.	ਵਾਹਿਗੁਰੂ ਦੇ ਨਾਮ[92] ਦਾ ਜਾਦੂ ਟੂਣਾ[93] ਗੁਰਾਂ ਨੇ ਮੈਨੂੰ ਦਿਤਾ ਹੈ[94]।
ਇਹੁ ਸੁਖੁ[95] ਨਾਨਕ	Night and day[96], Nanak knows[97] of	ਰੈਣ ਦਿਹੁੰ[96], ਨਾਨਕ ਕੇਵਲ ਏਸੇ ਖ਼ੁਸ਼ੀ[95] ਨੂੰ ਹੀ

ਅਨਦਿਨੁ[96] ਚੀਨ੍ਹਾ[97] ॥੪॥ ੧੧॥੬੨॥

this pleasure[95] alone.

ਜਾਣਦਾ[97] ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਜਿਸੁ ਨੀਚ[98] ਕਉ ਕੋਈ ਨ ਜਾਨੈ ॥ ਨਾਮੁ ਜਪਤ ਉਹੁ ਚਹੁ ਕੁੰਟ[99] ਮਾਨੈ[100] ॥੧॥

The menial[98], whom no body knows, by repeating the Name he is honoured[100] in four directions[99].

ਜਿਸ ਨੀਵੇਂ ਪੁਰਸ਼[98] ਨੂੰ ਕੋਈ ਨਹੀਂ ਜਾਣਦਾ, ਨਾਮ ਦਾ ਅਰਾਧਨ ਕਰਨ ਦੁਆਰਾ, ਉਸ ਦੀ ਚਾਰੀਂ ਪਾਸੀਂ[99] ਇੱਜ਼ਤ ਹੁੰਦੀ ਹੈ[100] ।

ਦਰਸਨੁ[2] ਮਾਗਉ[3] ਦੇਹਿ[4] ਪਿਆਰੇ[5] ॥

I ask for[3] Thine sight[2]. Grant[4] it to me, O my Beloved[5].

ਮੈਂ ਤੇਰੇ ਦੀਦਾਰ[2] ਦੀ ਯਾਚਨਾ ਕਰਦਾ ਹਾਂ, ਮੈਨੂੰ ਇਹ ਪਰਦਾਨ ਕਰ[4], ਮੇਰੇ ਪ੍ਰੀਤਮ[5] !

ਤੁਮਰੀ ਸੇਵਾ[6] ਕਉਨ[8] ਕਉਨ ਨ ਤਾਰੇ[7] ॥੧॥ ਰਹਾਉ॥

Who[8] and which have not been saved[7] by Thy service[6] ? Pause.

ਕੌਣ ਕੌਣ ਤੇਰੀ ਘਾਲ ਕਮਾਉਣ ਦੁਆਰਾ[6] ਪਾਰ[7] ਨਹੀਂ ਉਤਰੇ ? ਠਹਿਰਾਉ ।

ਜਾ ਕੈ ਨਿਕਟਿ[10] ਨ ਆਵੈ ਕੋਈ ॥ ਸਗਲ ਸ੍ਰਿਸਟਿ[12] ਉਆ[13] ਕੇ ਚਰਨ[14] ਮਲਿ[15] ਧੋਈ[16] ॥੨॥

The whole world[12] washes[16] the dirt[15] of the feet[14] of him[13], whom no one draws near[10].

ਸਾਰਾ ਜਹਾਨ[12] ਉਸ (ਐਸੇ ਸੇਵਕ) ਦੇ[13] ਪੈਰਾਂ[14] ਦੀ ਮੈਲ[15] ਧੋਂਦਾ[16] ਹੈ, ਜਿਸ ਦੇ ਲਾਗੇ[10] ਭੀ ਕੋਈ ਨਹੀਂ ਲਗਦਾ ।

ਜੋ ਪ੍ਰਾਨੀ[17] ਕਾਹੂ ਨ ਆਵਤ ਕਾਮ[18] ॥ ਸੰਤ ਪ੍ਰਸਾਦਿ[19] ਤਾਕੋ[20] ਜਪੀਐ[21] ਨਾਮ॥੩॥

The mortal[17] who is of no avail[18] to any one, his[20] name is remembered[21] by the saints' grace[19].

ਜਿਹੜਾ ਜੀਵ[17] ਕਿਸੇ ਦੇ ਭੀ ਕੰਮ[18] ਨਹੀਂ ਆਉਂਦਾ, ਜੇਕਰ ਸਾਧੂ ਉਸ ਉਤੇ ਮਿਹਰ[19] ਧਾਰੇ, ਤਦ ਸਾਰੇ ਜਣੇ ਉਸ ਦੇ[20] ਨਾਮ ਨੂੰ ਯਾਦ ਕਰਦੇ ਹਨ[21] ।

ਸਾਧ ਸੰਗਿ ਮਨ ਸੋਵਤ[22] ਜਾਗੇ ॥

In the guild of saints, the sleeping[22] soul awakens.

ਸਤਿ ਸੰਗਤਿ ਅੰਦਰ ਸੁਤੀ ਹੋਈ[22] ਆਤਮਾ ਜਾਗ ਉਠਦੀ ਹੈ ।

ਤਬ[25] ਪ੍ਰਭ ਨਾਨਕ ਮੀਠੇ[23] ਲਾਗੇ[24] ॥੪॥੧੨॥੬੩॥

Then[25], O Nanak, the Lord seems[24] sweet[23].

ਤਦ[25], ਹੇ ਨਾਨਕ ! ਮਾਲਕ ਮਿਠੜਾ[23] ਲਗਦਾ[24] ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਏਕੋ[26] ਏਕੀ ਨੈਨ[27] ਨਿਹਾਰਉ[28] ॥

With mine eyes[27], I behold[28] but one[26] Lord.

ਆਪਣੀਆਂ ਅੱਖਾਂ[27] ਨਾਲ ਮੈਂ ਕੇਵਲ ਇੱਕ[26] ਪ੍ਰਭੂ ਨੂੰ ਵੇਖਦਾ[28] ਹਾਂ ।

ਸਦਾ[29] ਸਦਾ ਹਰਿ ਨਾਮੁ ਸਮ੍ਹਾਰਉ[30] ॥੧॥

Ever[29], ever, I meditate[30] on God's Name.

ਹਮੇਸ਼ਾ[29] ਹਮੇਸ਼ਾ ਹੀ ਮੈਂ ਵਾਹਿਗੁਰੂ ਦੇ ਨਾਮ ਦਾ ਆਰਾਧਨ[30] ਕਰਦਾ ਹਾਂ ।

ਰਹਾਉ

ਰਾਮ ਰਮਾ[31] ਰਾਮਾ ਗੁਨ[32] ਗਾਵਉ[33] ॥

I sing[33] the praise[32] of the All-Pervading Lord[31].

ਮੈਂ ਸਰਬ-ਵਿਆਪਕ ਹਰੀ ਦਾ ਜੱਸ[32] ਗਾਇਨ ਕਰਦਾ ਹਾਂ[33] ।

ਸੰਤ ਪ੍ਰਤਾਪਿ[34] ਸਾਧ ਕੈ ਸੰਗੇ[36] ਹਰਿ ਹਰਿ ਨਾਮੁ ਧਿਆਵਉ[35] ਰੇ ॥੧॥ ਰਹਾਉ॥

By saints' greatness[34] I, in the saints' congregation[36], utter[35] the Name of Lord God. Pause.

ਸਾਧੂਆਂ ਦੀ ਬਰਕਤ[34] ਅਤੇ ਸਤਿ ਸੰਗਤਿ[36] ਅੰਦਰ ਮੈਂ ਵਾਹਿਗੁਰੂ ਸੁਆਮੀ ਦੇ ਨਾਮ ਦਾ ਉਚਾਰਨ[35] ਕਰਦਾ ਹਾਂ । ਠਹਿਰਾਉ ।

ਸਗਲ[37] ਸਮਗ੍ਰੀ[38] ਜਾਕੈ ਸੂਤਿ[39] ਪਰੋਈ[40] ॥ ਘਟ ਘਟ[41] ਅੰਤਰਿ ਰਵਿਆ[42] ਸੋਈ[43] ॥੨॥

On whose thread[39] all[37] the things[38] are strung[40], He[43], the Lord, is contained[42] in all the hearts[41].

ਜਿਸ ਦੇ ਧਾਗੇ[39] ਅੰਦਰ ਸਾਰੀਆਂ[37] ਵਸਤੂਆਂ[38] ਪਰੋਤੀਆਂ[40] ਹੋਈਆਂ ਹਨ, ਉਹ ਸੁਆਮੀ[43] ਸਾਰਿਆਂ ਦਿਲਾਂ[41] ਵਿਚ ਰਮਿਆ[42] ਹੋਇਆ ਹੈ।

ਉਪਤਿ[44] ਪਰਲਉ[45] ਖਿਨ ਮਹਿ[46] ਕਰਤਾ ॥

Evolution[44] and destruction[45], He, the Lord, does in a moment[46].

ਪੈਦਾਇਸ਼[44] ਅਤੇ ਤਬਾਹੀ[45] ਉਹ ਸੁਆਮੀ ਇਕ ਛਿਨ[46] ਵਿਚ ਕਰ ਦਿੰਦਾ ਹੈ।

ਆਪਿ[47] ਅਲੇਪਾ[48] ਨਿਰਗੁਨੁ[49] ਰਹਤਾ ॥੩॥

The Absolute Lord[49] Himself[47] remains detached[48].

ਅਫੁਰ ਸੁਆਮੀ[49] ਖ਼ੁਦ[47] ਅਟੰਕ[48] ਰਹਿੰਦਾ ਹੈ।

ਕਰਨ ਕਰਾਵਨ[51] ਅੰਤਰਜਾਮੀ[51] ॥

The searcher of hearts[51] is the Designer of causes[50].

ਦਿਲਾਂ ਦੀਆਂ ਜਾਨਣਹਾਰ[51] ਢੋ-ਮੇਲ ਮੇਲਣਹਾਰ ਹੈ।

ਅਨੰਦ ਕਰੈ[52] ਨਾਨਕ ਕਾ ਸੁਆਮੀ[53] ॥੪॥੧੩॥੬੪॥

Nanak's Lord[53] ever makes merry[52].

ਨਾਨਕ ਦਾ ਸਾਹਿਬ[53] ਹਮੇਸ਼ਾ ਮੌਜਾਂ ਮਾਣਦਾ[52] ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਕੋਟਿ ਜਨਮ[54] ਕੇ ਰਹੇ[55] ਭਵਾਰੇ[56] ॥

My rounds[56] in millions of births[54] have ceased[55].

ਕ੍ਰੋੜਾਂ ਜਨਮਾਂ ਵਿਚ[54] ਦੇ ਮੇਰੇ ਚੱਕਰ[56] ਮਿਟ ਗਏ[55] ਹਨ।

ਦੁਲਭ[57] ਦੇਹ[58] ਜੀਤੀ[59] ਨਹੀ ਹਾਰੇ ॥੧॥

I have won[59] and not lost this rarely procurable[57] human body[58].

ਮੈਂ ਮੁਸ਼ਕਲ ਨਾਲ ਹੱਥ ਲਗਣ ਵਾਲਾ[57] ਇਹ ਮਨੁੱਖੀ ਸਰੀਰ[58] ਜਿੱਤ ਲਿਆ ਹੈ[59], ਹਾਰਿਆ ਨਹੀਂ।

ਕਿਲਬਿਖ[60] ਬਿਨਾਸੇ[61] ਦੂਖ[62] ਦਰਦ[63] ਦੂਰਿ[64] ॥

My sins[60] have been annulled[61], and gone[64] are my sufferings[62] and agonies[63].

ਮੇਰੇ ਪਾਪ[60] ਕਟੇ ਗਏ ਹਨ[61] ਅਤੇ ਰਫ਼ਾ ਹੋ ਗਈਆਂ[64] ਹਨ ਮੇਰੀਆਂ ਤਕਲੀਫ਼ਾਂ[62] ਅਤੇ ਪੀੜਾਂ[63]।

ਭਏ[65] ਪੁਨੀਤ[66] ਸੰਤਨ ਕੀ ਧੂਰਿ[67] ॥੧॥ਰਹਾਉ॥

Pure[66] I have become[65] with the dust[67] of saints' feet. Pause.

ਸਾਧੂਆਂ ਦੇ ਪੈਰਾਂ ਦੀ ਧੂੜ[67] ਨਾਲ ਮੈਂ ਪਵਿੱਤਰ[66] ਹੋ ਗਿਆ ਹਾਂ[65]। ਠਹਿਰਾਉ।

ਪ੍ਰਭ ਕੇ ਸੰਤ ਉਧਾਰਨ[68] ਜੋਗ[69] ॥

Lord's saint are potent[69] to save[68].

ਸੁਆਮੀ ਦੇ ਸਾਧੂ ਬਚਾਉਣ[68] ਨੂੰ ਸਮਰਥ[69] ਹਨ।

ਤਿਸੁ[70] ਭੇਟੇ[71] ਜਿਸੁ ਧੁਰਿ[73] ਸੰਜੋਗ[75] ॥੨॥

Meet[71] they him[70], who is pre[73]-destined to meet[75] them.

ਉਹ ਉਸ ਨੂੰ[70] ਮਿਲਦੇ ਹਨ[71], ਜਿਸ ਦੇ ਲਈ ਉਨ੍ਹਾਂ ਦਾ ਮਿਲਾਪ[75] ਮੁੱਢ ਤੋਂ[73] ਲਿਖਿਆ ਹੋਇਆ ਹੁੰਦਾ ਹੈ।

ਮਨਿ ਆਨੰਦੁ[72] ਮੰਤ੍ਰੁ[74] ਗੁਰਿ ਦੀਆ ॥

Happy[72] is my mind, the Guru has given me the spell[74] of Lord's Name.

ਮੇਰਾ ਚਿੱਤ ਪ੍ਰਸੰਨ[72] ਹੈ, ਗੁਰਾਂ ਨੇ ਮੈਨੂੰ ਪ੍ਰਭੂ ਦੇ ਨਾਮ ਦਾ ਜਾਦੂ[74] ਦਿੱਤਾ ਹੈ।

ਤ੍ਰਿਸਨ[76] ਬੁਝੀ[77] ਮਨੁ[78] ਨਿਹਚਲੁ[79] ਥੀਆ[80] ॥੩॥

My desire[76] is extinguished[77], and my soul[78] has become[80] constant[79].

ਮੇਰੀ ਖ਼ਾਹਿਸ਼[76] ਬੁਝ ਗਈ ਹੈ[77] ਅਤੇ ਮੇਰੀ ਆਤਮਾ[78] ਸਥਿਰ[79] ਹੋ ਗਈ ਹੈ[80]।

ਨਾਮੁ ਪਦਾਰਥੁ[81] ਨਉ ਨਿਧਿ[82] ਸਿਧਿ[83] ॥

The Name's wealth[81] is my nine treasures[82] and miracular powers.

ਨਾਮ ਦੀ ਦੌਲਤ[81] ਹੀ ਮੇਰੇ ਨੌਂ ਖ਼ਜ਼ਾਨੇ[82] ਅਤੇ ਕਰਾਮਾਤਾਂ[83] ਹਨ।

ਨਾਨਕ ਗੁਰ ਤੇ[84] ਪਾਈ[85] ਬੁਧਿ[86] ॥੪॥੧੪॥੬੫॥

From[84] the Guru, O Nanak, I have obtained[85] understanding[86].

ਗੁਰਾਂ ਦੇ ਪਾਸੋਂ[84] ਨਾਨਕ ਨੂੰ ਸਮਝ[86] ਪਰਾਪਤ[85] ਹੋਈ ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀ ਪਾਤਸ਼ਾਹੀ।

ਮਿਟੀ[87] ਤਿਆਸ[88] ਅਗਿਆਨ[89] ਅੰਧੇਰੇ[90] ॥	My thirst[88] and darkness[90] of ignorance[89] are removed[87].	ਮੇਰੀ ਤੇਹ[88] ਅਤੇ ਬੇਸਮਝੀ[89] ਦਾ ਅਨ੍ਹੇਰਾ[90] ਦੂਰ[87] ਹੋ ਗਏ ਹਨ ।
ਸਾਧ ਸੇਵਾ[91] ਅਘ[92] ਕਟੇ[93] ਘਨੇਰੇ[94] ॥੧॥	By saints service[91], many[94] sins[92] are obliterated[93].	ਸੰਤਾਂ ਦੀ ਘਾਲ[91] ਕਮਾਉਣ ਦੁਆਰਾ ਬਹੁਤੇ[94] ਪਾਪ[92] ਮਿਟ ਜਾਂਦੇ ਹਨ[93] ।
ਸੂਖ ਸਹਜ[95] ਆਨੰਦੁ[96] ਘਨਾ[97] ॥	I have attained celestial peace[95] and immense[97] joy[96].	ਮੈਨੂੰ ਬੈਕੁੰਠੀ ਆਰਾਮ[95] ਅਤੇ ਅਤਿਅੰਤ[97] ਖੁਸ਼ੀ[96] ਪ੍ਰਾਪਤ ਹੋ ਗਈ ਹੈ ।
ਗੁਰ ਸੇਵਾ[98] ਤੇ ਭਏ[99] ਮਨ ਨਿਰਮਲ[100] ਹਰਿ ਹਰਿ ਹਰਿ ਹਰਿ ਨਾਮੁ ਸੁਨਾ ॥੧॥ ਰਹਾਉ॥	By Guru's service[98], my mind has become[99] immaculate[100] and I have heard the Lord, Lord, Lord, Lord's Name. Pause.	ਗੁਰਾਂ ਦੀ ਚਾਕਰੀ[98] ਦੁਆਰਾ ਮੇਰਾ ਚਿੱਤ ਪਵਿੱਤਰ[100] ਹੋ ਗਿਆ ਹੈ[99] ਅਤੇ ਮੈਂ ਪ੍ਰਭੂ, ਪ੍ਰਭੂ, ਪ੍ਰਭੂ, ਪ੍ਰਭੂ ਦਾ ਨਾਮ ਸ੍ਰਵਣ ਕੀਤਾ ਹੈ ! ਠਹਿਰਾਉ ।
ਬਿਨਸਿਓ[2] ਮਨ ਕਾ ਮੂਰਖੁ[3] ਢੀਠਾ[4] ॥	The foolish[3] shamelessness[4] of my soul is gone[2].	ਮੇਰੀ ਆਤਮਾ ਦਾ ਮੂੜ[3] ਬੇਸ਼ਰਮਪੁਣਾ[4] ਮਿੱਟ ਗਿਆ[2] ਹੈ ।
ਪ੍ਰਭ ਕਾ ਭਾਣਾ[5] ਲਾਗਾ ਮੀਠਾ[6] ॥੨॥	Lord's will[5] has become sweet[6] unto me.	ਸੁਆਮੀ ਦੀ ਰਜ਼ਾ[5] ਮੈਨੂੰ ਮਿੱਠੀ[6] ਲਗਦੀ ਹੈ ।
ਗੁਰ ਪੂਰੇ[7] ਕੇ ਚਰਣ[8] ਗਹੇ[9] ॥ ਕੋਟਿ[10] ਜਨਮ ਕੇ ਪਾਪ[12] ਲਹੇ[13] ॥੩॥	I have grasped[9] the feet[8] of the Perfect[7] Guru and the sins[12] of myriads[10] of births of mine, have been washed off[13].	ਮੈਂ ਪੂਰਨ[7] ਗੁਰਾਂ ਦੇ ਪੈਰ[8] ਪਕੜ ਲਏ ਹਨ[9] ਅਤੇ ਮੇਰੇ ਕਰੋੜਾਂ[10] ਜਨਮਾਂ ਦੇ ਗੁਨਾਹ[12] ਧੋਤੇ[13] ਗਏ ਹਨ ।
ਰਤਨ[14] ਜਨਮੁ[15] ਇਹੁ ਸਫਲ[16] ਭਇਆ ॥	This jewel[14] like life[15] of mine has become fruitful[16].	ਮੇਰਾ ਇਹ ਹੀਰੇ[14] ਵਰਗਾ ਜੀਵਨ[15] ਲਾਭਦਾਇਕ[16] ਹੋ ਗਿਆ ਹੈ ।
ਕਹੁ ਨਾਨਕ ਪ੍ਰਭ ਕਰੀ ਮਇਆ[17] ॥੪॥੧੫॥੬੬॥	Says Nanak, the Lord has shown mercy[17] unto me.	ਗੁਰੂ ਜੀ ਆਖਦੇ ਹਨ, ਸੁਆਮੀ ਨੇ ਮੇਰੇ ਉੱਤੇ ਰਹਿਮਤ[17] ਧਾਰੀ ਹੈ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ[18] ॥ ਗੁਰ ਕੇ ਚਰਨ[19] ਕੇਸ[20] ਸੰਗਿ[21] ਝਾਰੇ[22] ॥੧॥	Ever, ever, I think[18] of the True Guru, and the Guru's Feet[19] I brush[21] with[22] my head's hair[20].	ਹਮੇਸ਼ਾ, ਹਮੇਸ਼ਾ ਮੈਂ ਸੱਚੇ ਗੁਰਾਂ ਨੂੰ ਯਾਦ ਕਰਦਾ ਹਾਂ[18] ਅਤੇ ਗੁਰਾਂ ਦੇ ਪੈਰ[19] ਮੈਂ ਆਪਣੇ ਸਿਰ ਦੇ ਵਾਲਾਂ[20] ਨਾਲ[22] ਝਾੜਦਾ[21] ਹਾਂ ।
ਜਾਗੁ[23] ਰੇ[24] ਮਨ[25] ਜਾਗਨ[26] ਹਾਰੇ ॥	Be wakeful[23], O[24] my awaking[26] soul[25].	ਖ਼ਬਰਦਾਰ[23] ਹੋ, ਹੇ ਮੇਰੀਏ[24] ਸਾਵਧਾਨ ਹੋਈਏ[26] ਆਤਮਾ[25] !
ਬਿਨੁ ਹਰਿ ਅਵਰੁ ਨ ਆਵਸਿ ਕਾਮਾ[27] ਝੂਠਾ[28] ਮੋਹੁ[29] ਮਿਥਿਆ[30] ਪਸਾਰੇ[31] ॥੧॥ ਰਹਾਉ॥	Without God, nothing shall be of avail[27] unto thee, and false[28] is the worldly attachment[29] and vain[30] the worldly involvements[31]. Pause.	ਵਾਹਿਗੁਰੂ ਦੇ ਬਾਝੋਂ ਤੇਰੇ ਕੁਛ ਭੀ ਕੰਮ[27] ਨਹੀਂ ਆਉਣਾ । ਕੂੜੀ[28] ਹੈ ਸੰਸਾਰੀ ਮਮਤਾ[29] ਅਤੇ ਨਾਸਵੰਤ[30] ਹੈ ਸੰਸਾਰ ਦਾ ਖਿਲਾਰਾ[31] । ਠਹਿਰਾਉ ।
ਗੁਰ ਕੀ ਬਾਣੀ ਸਿਉ ਰੰਗੁ[32] ਲਾਇ[33] ॥	Embrace[33] thou the love[32] for Guru's hymns.	ਤੂੰ ਗੁਰਾਂ ਦੀ ਬਾਣੀ ਨਾਲ ਪਿਆਰ[32] ਪਾ[33] ।

ਗੁਰੁ ਕਿਰਪਾਲੁ[34] ਹੋਇ ਦੁਖੁ ਜਾਇ[35] ॥੨॥	If the Guru becomes merciful[34], then is the pain destroyed[35].	ਜੇਕਰ ਗੁਰੂ ਜੀ ਮਿਹਰਬਾਨ[34] ਹੋ ਵੰਞਨ, ਤੱਦ ਤਕਲੀਫ ਨਸ[35] ਹੋ ਜਾਂਦੀ ਹੈ।
ਗੁਰ ਬਿਨੁ ਦੂਜਾ[36] ਨਾਹੀ ਥਾਉ[37] ॥	Without the Guru, there is no other[36] place[37] of rest.	ਗੁਰਾਂ ਦੇ ਬਗੈਰ, ਹੋਰ ਕੋਈ[36] ਥਾਂ[37] ਆਰਾਮ ਵਾਲੀ ਨਹੀਂ।
ਗੁਰੁ ਦਾਤਾ[38] ਗੁਰੁ ਦੇਵੈ[39] ਨਾਉ ॥੩॥	The Guru is the giver[38], and the Guru bestows[39] the Name.	ਗੁਰੂ ਜੀ ਦਾਤਾਰ[38] ਹਨ ਅਤੇ ਗੁਰੂ ਜੀ ਹੀ ਨਾਮ ਬਖ਼ਸ਼ਦੇ[39] ਹਨ।
ਗੁਰੁ ਪਾਰਬ੍ਰਹਮੁ[40]ਪਰਮੇਸਰੁ[41] ਆਪਿ[42] ॥	The Guru Himself[42] is the Transcendent Lord[40] and the Supreme Master[41].	ਗੁਰੂ ਜੀ ਖ਼ੁਦ[42] ਪਰਮ ਪ੍ਰਭੂ[40] ਅਤੇ ਸ੍ਰੇਸ਼ਟੀ ਮਾਲਕ[41] ਹਨ।
ਆਠ ਪਹਰ ਨਾਨਕ ਗੁਰ ਜਾਪਿ[43] ॥੪॥੧੬॥੬੭॥	Throughout the eight watches of the day, O Nanak, meditate[43] thou on the Guru.	ਇਨ ਦੇ ਅੱਠੇ ਪਹਿਰ ਹੀ, ਹੇ ਨਾਨਕ! ਤੂੰ ਗੁਰਾਂ ਦਾ ਸਿਮਰਨ[43] ਕਰ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਆਪੇ[44] ਪੇਡੁ[45] ਬਿਸਥਾਰੀ[46] ਸਾਖ[47] ॥	The Lord Himself[44] is the tree[45] and its extended[46] branches[47].	ਸੁਆਮੀ ਆਪ[44] ਹੀ ਬਿਰਛ[45] ਅਤੇ ਇਸ ਦੀਆਂ ਫੈਲਰੀਆਂ[46] ਹੋਈਆਂ ਟਹਿਣੀਆਂ[47] ਹੈ।
ਅਪਨੀ ਖੇਤੀ[48] ਆਪੇ ਰਾਖ[49] ॥੧॥	His own crop[48], He Himself preserves[49].	ਆਪਣੀ ਫ਼ਸਲ[48] ਦੀ ਉਹ ਆਪ ਹੀ ਰਖਿਆ[49] ਕਰਦਾ ਹੈ।
ਜਤ[50] ਕਤ ਪੇਖਉ[51] ਏਕੈ[52] ਓਹੀ[53] ॥	Wherever[50] I behold[51], I behold that[53] Lord alone[52].	ਜਿਥੇ ਕਿਤੇ ਭੀ[50] ਮੈਂ ਦੇਖਦਾ ਹਾਂ[51], ਮੈਂ ਕੇਵਲ[52] ਉਸ[53] ਸੁਆਮੀ ਨੂੰ ਹੀ ਪਾਉਂਦਾ ਹਾਂ।
ਘਟ ਘਟ[54]ਅੰਤਰਿ[55]ਆਪੇ[56] ਸੋਈ[57] ॥੧॥ਰਹਾਉ॥	Among[55] all the hearts[54], He[57] Himself[56] is contained. Pause.	ਸਾਰਿਆਂ ਦਿਲਾਂ[54] ਅੰਦਰ[55] ਉਹ[57] ਖ਼ੁਦ[56] ਹੀ ਰਮਿਆ ਹੋਇਆ ਹੈ। ਠਹਿਰਾਉ।
ਆਪੇ ਸੂਰੁ[58] ਕਿਰਣਿ[59] ਬਿਸਥਾਰੁ[60] ॥	He Himself is the Sun[58] and the emanation[60] of its rays[59].	ਉਹ ਆਪ ਹੀ ਸੂਰਜ[58] ਅਤੇ ਇਸ ਦੀਆਂ ਸ਼ੁਆਵਾਂ[59] ਦਾ ਖਿਲਾਰਾ[60] ਹੈ।
ਸੋਈ[61] ਗੁਪਤੁ[62] ਸੋਈ ਆਕਾਰੁ[63] ॥੨॥	He[61] is concealed[62] and He is apparent[63].	ਉਹ[61] ਲੁਕਿਆ[62] ਹੋਇਆ ਹੈ ਅਤੇ ਓਹੀ ਸਾਖਿਆਤ[63]।
ਸਰਗੁਣ[64] ਨਿਰਗੁਣ[65] ਥਾਪੈ[66] ਨਾਉ[69] ॥	Attached[64] and above attachments[65], are the Names[69], He is described[66] with.	ਲਛਣਾਂ-ਸਹਿਤ[64] ਅਤੇ ਲਛਣਾਂ-ਰਹਿਤ[65], ਉਸ ਦੇ ਨਾਮ[69] ਵਰਨਣ[66] ਕੀਤੇ ਜਾਂਦੇ ਹਨ।
ਦੁਹ[68] ਮਿਲਿ[67] ਏਕੈ[70] ਕੀਨੋ ਠਾਉ[71] ॥੩॥	And, in Him—the Unique Lord[70]—both[68] converge[67] on the single place[71].	ਉਸ ਅਦੁੱਤੀ ਸਾਹਿਬ[70] ਵਿਚ, ਦੋਨੋਂ[68] (ਨਿਰਗੁਣ ਤੇ ਸਰਗੁਣ) ਇਕ ਜਗ੍ਹਾ[71] ਇਕੱਠੇ[67] ਹੋ ਜਾਂਦੇ ਹਨ।
ਕਹੁ ਨਾਨਕ ਗੁਰਿ ਭ੍ਰਮੁ[72] ਭਉ[73] ਖੋਇਆ[74] ॥	Says Nanak, the Guru has dispelled[74] my doubt[72] and dread[73].	ਗੁਰੂ ਜੀ ਆਖਦੇ ਹਨ, ਗੁਰਾਂ ਨੇ ਮੇਰਾ ਸੰਦੇਹ[72] ਅਤੇ ਡਰ[73] ਦੂਰ ਕਰ ਦਿੱਤਾ ਹੈ[74]।
ਅਨਦ[75] ਰੂਪੁ[76]ਸਭੁ[77]ਨੈਨ[78] ਅਲੋਇਆ[79] ॥੪॥੧੭॥ ੬੮॥	God, the embodiment[76] of bliss[75], I, now, perceive[79] everywhere[77] with my eyes[78].	ਪਰਮਾਨੰਦ[75] ਸਰੂਪ[76] ਵਾਹਿਗੁਰੂ ਨੂੰ ਮੈਂ ਹੁਣ ਆਪਣੀਆਂ ਅੱਖਾਂ[78] ਨਾਲ ਹਰ ਥਾਂ[77] ਵੇਖਦਾ ਹਾਂ[79]।

ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਉਕਤਿ[80] ਸਿਆਨਪ[81] ਕਿਛੂ ਨ ਜਾਨਾ ॥	I know no argumentation[80] and wisdom[81].	ਮੈਂ ਕੋਈ ਦਲੀਲ-ਬਾਜ਼ੀ[80] ਅਤੇ ਚਤੁਰਾਈ[81] ਨਹੀਂ ਜਾਣਦਾ ।
ਝਟੋ		
ਦਿਨੁ ਰੈਣਿ ਤੇਰਾ ਨਾਮੁ ਵਖਾਨਾ[82] ॥੧॥	Day and night, I repeat[82] Thy Name, O Lord.	ਦਿਹੁੰ ਰਾਤ ਮੈਂ ਤੇਰੇ ਨਾਮ ਦਾ ਉਚਾਰਨ[82] ਕਰਦਾ ਹਾਂ, ਹੇ ਸੁਆਮੀ !
ਮੈ ਨਿਰਗੁਨ[83] ਗੁਣੁ[84] ਨਾਹੀ ਕੋਇ ॥	I am meritless[83] and virtue[84] I have none.	ਮੈਂ ਖੂਬੀ-ਵਿਹੂਣ[83] ਹਾਂ, ਨੇਕੀ[84] ਮੇਰੇ ਵਿਚ ਕੋਈ ਨਹੀਂ ।
ਕਰਨ[85] ਕਰਾਵਨਹਾਰ[86] ਪ੍ਰਭ ਸੋਇ[87] ॥੧॥ਰਹਾਉ॥	He[87], the Lord is the Doer[85] and the Prompter[86]. Pause.	ਉਹ[87] ਸਾਹਿਬ ਹੀ ਕਰਨ ਵਾਲਾ[85] ਅਤੇ ਕਰਾਉਣ ਵਾਲਾ[86] ਹੈ । ਠਹਿਰਾਉ ।
ਮੂਰਖ[88]ਮੁਗਧ[89]ਅਗਿਆਨ[90] ਅਵੀਚਾਰੀ[91] ॥ ਨਾਮ ਤੇਰੇ ਕੀ ਆਸ[92]ਮਨਿ ਧਾਰੀ॥੨॥	Foolish[88], stupid[89], ignorant[90] and thoughtless[91] am I Thy Name is my mind's only hope[92].	ਬੇਵਕੂਫ਼[88], ਬੁੱਧੂ[89], ਬੇਸਮਝ[90] ਅਤੇ ਵਿਚਾਰ-ਹੀਣ[91] ਮੈਂ ਹਾਂ । ਤੇਰੇ ਨਾਮ ਦੀ ਹੀ ਮੇਰੇ ਚਿੱਤ ਅੰਦਰ ਉਮੈਦ[92] ਹੈ ।
ਜਪੁ[93] ਤਪੁ[94] ਸੰਜਮੁ[95] ਕਰਮ[96] ਨ ਸਾਧਾ[97] ॥ ਨਾਮੁ ਪ੍ਰਭੂ[100]ਕਾ ਮਨਹਿ[98]ਅਰਾਧਾ[99] ॥੩॥	I have practised[97] not recitation of religious books[93], penance[94], self mortification[95] and rituals[96], but have only remembered[99] Lord's[100] Name in my mind[98].	ਮੈਂ ਧਾਰਮਕ ਪੁਸਤਕਾਂ[93] ਦੇ ਪਾਠ, ਤਪੱਸਿਆ[94], ਸਵੈਰਿਆਜ਼ਤ[95] ਅਤੇ ਕਰਮ ਕਾਂਡਾਂ[96] ਦੀ ਕਮਾਈ[97] ਨਹੀਂ ਕੀਤੀ, ਪ੍ਰੰਤੂ ਆਪਣੇ ਚਿੱਤ[98] ਅੰਦਰ ਕੇਵਲ ਸਾਂਈ[100] ਦੇ ਨਾਮ ਦਾ ਸਿਮਰਨ[99] ਕੀਤਾ ਹੈ ।
ਕਿਛੂ ਨ ਜਾਨਾ ਮਤਿ[2] ਮੇਰੀ ਥੋਰੀ[3] ॥	I know nothing. Poor[3] is my wisdom[2].	ਮੈਂ ਕੁਝ ਨਹੀਂ ਜਾਣਦਾ । ਮੇਰੇ ਵਿਚ ਥੋੜੀ[3] ਅਕਲ[2] ਹੈ !
ਬਿਨਵਤਿ[4] ਨਾਨਕ ਓਟ[5] ਪ੍ਰਭ ਤੋਰੀ ॥੪॥੧੮॥੬੯॥	Supplicates[4] Nanak; Thou, O Lord, art my shelter[5].	ਬੇਨਤੀ ਕਰਦਾ ਹੈ[4] ਨਾਨਕ, ਤੂੰ ਹੇ ਸੁਆਮੀ ! ਮੇਰੀ ਟੇਕ[5] ਹੈਂ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਹਰਿ ਹਰਿ ਅਖਰ[6] ਦੁਇ[7] ਇਹ[8] ਮਾਲਾ[9] ॥	These[8] two[7] words[6], God, God make my rosary[9].	ਇਹ[8] ਦੋ[7] ਸ਼ਬਦ[6], ਹਰੀ, ਹਰੀ ਮੇਰੀ ਜਪੁਨੀ[9] ਹਨ ।
ਜਪਤ ਜਪਤ[10] ਭਏ[12] ਦੀਨ[13] ਦਇਆਲਾ[14] ॥੧॥	By continuously telling this rosary[10], the Lord becomes[12] merciful[14] unto me, the poor[13].	ਇਹ ਮਾਲਾ[10] ਇਕਰਸ ਫੇਰਨ ਦੁਆਰਾ, ਮਾਲਕ, ਮੈਂ ਗਰੀਬ[13] ਉਤੇ ਮਿਹਰਬਾਨ[14] ਹੋ ਜਾਂਦਾ ਹੈ ।
ਕਰਉ ਬੇਨਤੀ[15] ਸਤਿਗੁਰ ਅਪੁਨੀ[16] ॥	My[16] supplication[15], I make unto the True Guru.	ਆਪਣੀ[16] ਅਰਜ਼[15], ਮੈਂ ਸੱਚੇ ਗੁਰਾਂ ਦੇ ਮੂਹਰੇ ਕਰਦਾ ਹਾਂ ।
ਕਰਿ ਕਿਰਪਾ[17] ਰਾਖਹੁ ਸਰਣਾਈ[18] ਮੋਕਉ[19] ਦੇਹੁ[20] ਹਰੇ ਹਰਿ[21] ਜਪਨੀ[22] ॥੧॥ ਰਹਾਉ॥	Mercifully[17] keep me under thy protection[18], and give[20] me[19] the rosary[22] of God's Name[21]. Pause.	ਮਿਹਰ ਧਾਰ ਕੇ[17] ਮੈਨੂੰ ਆਪਣੀ ਪਨਾਹ[18] ਹੇਠ ਰੱਖ ਅਤੇ ਮੈਨੂੰ[19] ਵਾਹਿਗੁਰੂ ਦੇ ਨਾਮ ਦੀ[21] ਤਸਬੀ[22] ਪਰਦਾਨ ਕਰ । ਠਹਿਰਾਉ ।

ਹਰਿ ਮਾਲਾ ਉਰ[23]ਅੰਤਰਿ[24] ਧਾਰੈ[25] ॥ ਜਨਮ ਮਰਣ ਕਾ ਦੂਖੁ[26] ਨਿਵਾਰੈ[27] ॥੨॥

He, who wears[25] the rosary of God's Name in[24] his heart[23], is freed[27] from the pain[26] of birth and death.

ਜੋ ਹਰੀ ਦੇ ਨਾਮ ਦੀ ਮਾਲਾ ਆਪਣੇ ਦਿਲ[23] ਵਿਚ[24] ਪਾਉਂਦਾ[25] ਹੈ ਉਹ ਜੰਮਣ ਤੇ ਮਰਨ ਦੇ ਕਸ਼ਟ[26] ਤੋਂ ਖ਼ਲਾਸੀ[27] ਪਾ ਜਾਂਦਾ ਹੈ ।

ਹਿਰਦੈ[28] ਸਮਾਲੈ[29] ਮੁਖਿ[30] ਹਰਿ ਹਰਿ ਬੋਲੈ[31] ॥ ਸੋ[32] ਜਨੁ[33]ਇਤ[34]ਉਤ[35] ਕਤਹਿ ਨ ਡੋਲੈ[36] ॥੩॥

He who remembers[29] the Lord God in his mind[28] and utters[31] Him with his mouth[30], that[32] man[33] never wavers[36] here[34] and hereafter[35].

ਜੋ ਆਪਣੇ ਮਨ[28] ਵਿਚ ਵਾਹਿਗੁਰੂ ਸੁਆਮੀ ਨੂੰ ਯਾਦ[29] ਕਰਦਾ ਹੈ ਅਤੇ ਆਪਣੇ ਮੂੰਹ[30] ਨਾਲ ਉਸ ਨੂੰ ਜਪਦਾ[31] ਹੈ, ਉਹ[32] ਪੁਰਸ[33] ਏਥੇ[31] ਅਤੇ ਓਥੇ[35] ਕਦਾਚਿਤ ਡਿਕਡੋਲੇ[36] ਨਹੀਂ ਖਾਂਦਾ ।

ਕਹੁ ਨਾਨਕ ਜੋ ਰਾਚੈ[37] ਨਾਇ ॥ ਹਰਿ ਮਾਲਾ ਤਾਕੈ[40] ਸੰਗਿ[38] ਜਾਇ[39] ॥੪॥੧੯॥ ੭੦॥

Says Nanak, he who is absorbed[37] in the Name, with[38] him[40] goes[39] the Lord's rosary into the next world.

ਗੁਰੂ ਜੀ ਆਖਦੇ ਹਨ, ਜੋ ਨਾਮ ਅੰਦਰ ਲੀਨ[37] ਹੋਇਆ ਹੋਇਆ ਹੈ, ਪ੍ਰਭੂ ਦੀ ਜਪਨੀ, ਪ੍ਰਲੋਕ ਵਿਚ ਉਸ ਦੇ[40] ਨਾਲ[38] ਜਾਂਦੀ[39] ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਜਿਸ ਕਾ ਸਭੁ ਕਿਛੁ[41] ਤਿਸ ਕਾ ਹੋਇ ॥

He, to whom belongs everything[41], to Him belong thou, O man.

ਹਰ ਸ਼ੈ[41] ਜਿਸ ਦੀ ਮਲਕੀਅਤ ਹੈ, ਉਸ ਦੀ ਮਲਕੀਅਤ ਹੀ ਤੂੰ ਬਣ ਜਾ, ਹੇ ਬੰਦੇ !

ਤਿਸੁ[44] ਜਨ[45] ਲੇਪੁ[42] ਨ ਬਿਆਪੈ[43] ਕੋਇ ॥੧॥

To such[44] a man[45], no filth[42], ever, attaches[43].

ਐਸੇ[44] ਪੁਰਸ਼[45] ਨੂੰ ਕਦਾਚਿਤ ਕੋਈ ਮੈਲ[42] ਨਹੀਂ ਚਿਮੜਦੀ[43] ।

ਹਰਿ ਕਾ ਸੇਵਕੁ[46] ਸਦ[47] ਹੀ ਮੁਕਤਾ[48] ॥

God's slave[46] is ever[47] emancipated[48].

ਰੱਬ ਦਾ ਗੋਲਾ[46] ਹਮੇਸ਼ਾ[47] ਹੀ ਬੰਦ-ਖ਼ਲਾਸ[48] ਹੁੰਦਾ ਹੈ ।

ਜੋ ਕਿਛੁ[49]ਕਰੈ ਸੋਈ[50]ਭਲ[51] ਜਨ[52]ਕੈ ਅਤਿ[53]ਨਿਰਮਲ[54] ਦਾਸ ਕੀ ਜੁਗਤਾ[55] ॥੧॥ ਰਹਾਉ॥

Whatever[49] the Lord does that[50] is pleasing[51] to His serf[52] and very pure[54] is the way of life[55] of Lord's serf. Pause.

ਜੋ ਕੁਝ[49] ਸੁਆਮੀ ਕਰਦਾ ਹੈ, ਉਹ ਉਸ[50] ਦੇ ਗੋਲੇ[52] ਨੂੰ ਚੰਗਾ[51] ਲਗਦਾ ਹੈ । ਪਰਮ[53] ਪਵਿੱਤਰ[54] ਹੈ ਸਾਹਿਬ ਦੇ ਨਫ਼ਰ ਦੀ ਜੀਵਨ ਰਹੁ-ਰੀਤੀ[55] । ਠਹਿਰਾਉ ।

ਸਗਲ[56] ਤਿਆਗਿ[57] ਹਰਿ ਸਰਣੀ[58]ਆਇਆ ॥ ਤਿਸੁ[59] ਜਨ[60] ਕਹਾ[61] ਬਿਆਪੈ[62] ਮਾਇਆ[63] ॥੨॥

He, who renouncing[57] everything[56], has entered God's sanctuary[58], How[61] can mammon[63] cling[62] to that[59] man[60] ?

ਜਿਸ ਨੇ ਸਾਰਾ ਕੁਛ[56] ਛੱਡ ਕੇ[57] ਵਾਹਿਗੁਰੂ ਦੀ ਸਰਣਾਗਤ[58] ਸੰਭਾਲੀ ਹੈ ; ਉਸ[59] ਇਨਸਾਨ[60] ਨੂੰ ਮੋਹਨੀ[63] ਕਿਸ ਤਰ੍ਹਾਂ[61] ਚਿਮੜ[62] ਸਕਦੀ ਹੈ ?

ਨਾਮੁ ਨਿਧਾਨੁ[64] ਜਾਕੇ ਮਨ ਮਾਹਿ[65] ॥ ਤਿਸ[66] ਕਉ ਚਿੰਤਾ[67]ਸੁਪਨੈ[68]ਨਾਹਿ ॥੩॥

He, within[65] whose mind is the name treasure[64], For him[66] there is no anxiety[67] even in dream[68].

ਜਿਸ ਦੇ ਚਿੱਤ ਵਿਚ[65] ਨਾਮ ਦਾ ਖ਼ਜ਼ਾਨਾ[64] ਹੈ, ਉਸ ਨੂੰ[66] ਸੁਫ਼ਨੇ[68] ਵਿਚ ਭੀ ਫ਼ਿਕਰ[67] ਨਹੀਂ ਹੁੰਦਾ ।

ਕਹੁ ਨਾਨਕ ਗੁਰੁ ਪੂਰਾ[69] ਪਾਇਆ ॥

Says Nanak, I have obtained the Perfect[69] Guru.

ਨਾਨਕ ਜੀ ਫ਼ੁਰਮਾਉਂਦੇ ਹਨ, ਮੈਂ ਪੂਰਨ[69] ਗੁਰਦੇਵ ਜੀ ਨੂੰ ਪਰਾਪਤ ਕਰ ਲਿਆ ਹੈ ।

ਭਰਮੁ[70] ਮੋਹੁ[71] ਸਗਲ ਬਿਨਸਾਇਆ[72] ॥੪॥੨੦॥ ੭੧॥

My doubt[70] and worldly attachment[71] are all obliterated[72].

ਮੇਰਾ ਸੰਦੇਹ[70] ਅਤੇ ਸੰਸਾਰੀ ਮਮਤਾ[71] ਸਭ ਨਾਸ ਹੋ ਗਏ ਹਨ[72] ।

ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਜਉ[73] ਸੁ[74] ਪ੍ਰਸੰਨ[75]ਹੋਇਓ ਪ੍ਰਭੁ ਮੇਰਾ ॥ ਤਾਂ[76] ਦੂਖੁ[80] ਭਰਮ[81] ਕਹੁ[77] ਕੈਸੇ[78] ਨੇਰਾ[79] ॥੧॥	When[73] my Master is mightily[74] pleased[75] with me. Then[76] say[77], how[78] can doubt[81] and sorrow[80] draw near[79] me ?	ਜਦ[73] ਮੇਰਾ ਮਾਲਕ ਮੇਰੇ ਉਤੇ ਪਰਮ[74] ਖ਼ੁਸ਼[75] ਹੋ ਗਿਆ ਹੈ, ਤਦ[76] ਦਸੋ[77], ਵਹਿਮ[81] ਅਤੇ ਗ਼ਮ[80] ਮੇਰੇ ਨੇੜੇ[79] ਕਿਸ ਤਰ੍ਹਾਂ ਲਗ ਸਕਦੇ ਹਨ ?
ਸੁਨਿ ਸੁਨਿ[82] ਜੀਵਾ ਸੋਇ[83] ਤੁਮ੍ਹਾਰੀ ॥	I live by constantly hearing[82] of Thy glory[83].	ਤੇਰੀ ਸੋਭਾ[83] ਲਗਾਤਾਰ ਸਰਵਣ[82] ਕਰਨ ਦੁਆਰਾ ਮੈਂ ਜੀਉਂਦਾ ਹਾਂ ।
ਮੋਹਿ[84] ਨਿਰਗੁਨ[85] ਕਉ ਲੇਹੁ ਉਧਾਰੀ[86] ॥੧॥ ਰਹਾਉ॥	O Lord, save[66] Thou me[84], the meritless[86] One. Pause.	ਹੇ ਪ੍ਰਭੂ ! ਤੂੰ ਮੈਨੂੰ[84], ਨੇਕੀ-ਵਿਹੂਣ[85] ਦਾ ਪਾਰ ਉਤਾਰਾ[86] ਕਰ ਦੇ । ਠਹਿਰਾਉ ।
ਮਿਟਿ[87] ਗਇਆ ਦੂਖੁ[88] ਬਿਸਾਰੀ[89]ਚਿੰਤਾ[90] ॥ ਫਲੁ[91] ਪਾਇਆ ਜਪਿ[92] ਸਤਿਗੁਰ ਮੰਤਾ[93] ॥੨॥	By repeating[92] the Name[93], given by the True Guru, I have obtained the reward[91]. My anguish[88] is effaced[87] and care[90] forgotten[89].	ਸੱਚੇ ਗੁਰਾਂ ਦੇ ਦਿਤੇ ਹੋਏ ਨਾਮ[93] ਦਾ ਉਚਾਰਨ[92] ਕਰਨ ਦੁਆਰਾ ਮੈਨੂੰ ਸਿਲਾ[91] ਮਿਲ ਗਿਆ ਹੈ । ਮੇਰੀ ਤਕਲੀਫ਼[88] ਰਫ਼ਾ[87] ਹੋ ਗਈ ਹੈ ਅਤੇ ਫ਼ਿਕਰ[90] ਨੂੰ ਮੈਂ ਭੁਲਾ ਦਿਤਾ ਹੈ[89] ।
ਸੋਈ[94] ਸਤਿ[95] ਸਤਿ ਹੈ ਸੋਇ[96] ॥	He[94] is true[95] and true is His repute[96].	ਉਹ[94] ਸੱਚਾ[95] ਹੈ ਅਤੇ ਸੱਚੀ ਹੈ ਉਸ ਦੀ ਸੋਭਾ[96] ।
ਸਿਮਰਿ[97]ਸਿਮਰਿ ਰਖੁ ਕੰਠਿ[98] ਪਰੋਇ[99] ॥੩॥	Remember and meditate[97] thou on Him and keep Him strung[99] in thy heart[98].	ਤੂੰ ਉਸ ਦਾ ਚਿੰਤਨ ਤੇ ਆਰਾਧਨ[97] ਕਰ ਅਤੇ ਉਸ ਨੂੰ ਆਪਣੇ ਦਿਲ[98] ਅੰਦਰ ਪਰੋਈ[99] ਰੱਖ ।
ਕਹੁ ਨਾਨਕ ਕਉਨ[4]ਉਹ[100] ਕਰਮਾ[2] ॥ ਜਾਕੈ ਮਨਿ ਵਸਿਆ[3] ਹਰਿ ਨਾਮਾ ॥੪॥ ੨੧॥੭੨॥	Says Nanak, what[4] is that[100] deed[2], yet left to be done by him, when within his mind abides[3] the Lord's Name ?	ਗੁਰੂ ਜੀ ਆਖਦੇ ਹਨ, ਉਹ[100] ਕਿਹੜਾ[4] ਕੰਮ ਹੈ, ਜਿਹੜਾ ਉਸ ਦਾ ਕਰਨ ਵਾਲਾ ਰਹਿ ਗਿਆ ਹੈ, ਜਿਸ ਦੇ ਚਿੱਤ ਵਿਚ ਸਾਈਂ ਦਾ ਨਾਮ ਵੱਸਦਾ[3] ਹੈ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਕਾਮਿ[5] ਕ੍ਰੋਧਿ[6] ਅਹੰਕਾਰਿ[7] ਵਿਗੂਤੇ[8] ॥	By lust[5], wrath[6] and pride[7], the mortals are ruined[8].	ਵਿਸ਼ੇ ਭੋਗ[5], ਗੁੱਸੇ[6] ਅਤੇ ਗਰੂਰ[7] ਨੇ ਜੀਵ ਬਰਬਾਦ[8] ਕਰ ਛੱਡੇ ਹਨ ।
ਹਰਿ ਸਿਮਰਨੁ[9] ਕਰਿ[10] ਹਰਿ ਜਨ[12] ਛੂਟੇ[13] ॥੧॥	By[10] God's meditation[9], the slaves[12] of God are redeemed[13].	ਵਾਹਿਗੁਰੂ ਦੀ ਬੰਦਗੀ[9] ਦੁਆਰਾ[10] ਵਾਹਿਗੁਰੂ ਦੇ ਗੋਲੇ[12] ਬੰਦ-ਖ਼ਲਾਸ[13] ਹੋ ਜਾਂਦੇ ਹਨ ।
ਸੋਇ[14]ਰਹੇ ਮਾਇਆ[15]ਮਦ[16] ਮਾਤੇ[17] ॥	Intoxicated[17] with the wine[16] of worldliness[15] the mortals are asleep[14].	ਦੁਨੀਆਦਾਰੀ[15] ਦੀ ਸ਼ਰਾਬ[16] ਨਾਲ ਗ਼ੁੱਟ ਹੋਏ ਹੋਏ[17] ਪ੍ਰਾਣੀ ਸੁੱਤੇ[14] ਪਏ ਹਨ ।
ਜਾਗਤ[18]ਭਗਤ[19]ਸਿਮਰਤ[20] ਹਰਿ ਰਾਤੇ[21] ॥੧॥ਰਹਾਉ॥	Imbued[21] with the meditation[20] of God, the saints[19] remain awake[18]. Pause.	ਵਾਹਿਗੁਰੂ ਦੀ ਬੰਦਗੀ[20] ਨਾਲ ਰੰਗੇ ਹੋਏ[21] ਸਾਧੂ[19] ਜਾਗਦੇ[18] ਰਹਿੰਦੇ ਹਨ । ਠਹਿਰਾਉ ।
ਮੋਹ[22] ਭਰਮਿ[23]ਬਹੁ ਜੋਨਿ[24]	Worldly attachment[22] and doubt[23],	ਸੰਸਾਰੀ ਲਗਨ[22] ਅਤੇ ਸੰਦੇਹ[23], ਆਦਮੀ ਨੂੰ ਘਣੇਰੀਆਂ

ਭਵਾਇਆ[25] ॥

make man wander[25] through many births[24].

ਜੂਨੀਆਂ[24] ਅੰਦਰ ਭਟਕਾਉਂਦੇ[25] ਹਨ ।

ਅਸਥਿਰੁ[26] ਭਗਤ[29] ਹਰਿਚਰਣ[27]ਧਿਆਇਆ[28]॥ ੨॥

Immortal[26] are Lord's devotees[29], who contemplate[28] over His feet[27].

ਅਹਿੱਲ[26] ਹਨ ਪ੍ਰਭੂ ਦੇ ਅਨੁਰਾਗੀ[2], ਜੋ ਉਸ ਦੇ ਪੈਰਾਂ[27] ਦਾ ਆਰਾਧਨ[28] ਕਰਦੇ ਹਨ ।

ਬੰਧਨ[30] ਅੰਧ[31] ਕੂਪ[32] ਗ੍ਰਿਹ[33] ਮੇਰਾ[34] ॥

He, who is attached[30] to his[34] home[33], is shut up in the blind[31] well[32].

ਜੋ ਆਪਣੇ[34] ਘਰ[33] ਨਾਲ ਜੁੜਿਆ ਹੋਇਆ[30] ਹੈ, ਉਹ ਅੰਨ੍ਹੇ[31] ਖੂਹ[32] ਵਿਚ ਬੰਦ ਹੋਇਆ ਹੋਇਆ ਹੈ ।

ਮੁਕਤੇ[35] ਸੰਤ ਬੁਝਹਿ[36] ਹਰਿ ਨੇਰਾ[37] ॥੩॥

Emancipated[35] are the saints, who know[36] God to be near[37].

ਮੁਕਤ[35] ਹਨ ਉਹ ਸਾਧੂ, ਜੋ ਵਾਹਿਗੁਰੂ ਨੂੰ ਨੇੜੇ[37] ਜਾਣਦੇ[36] ਹਨ ।

ਕਹੁ ਨਾਨਕ ਜੋ ਪ੍ਰਭ ਸਰਣਾਈ[38] ॥ ਈਹਾ[39] ਸੁਖੁ[40] ਆਗੈ[41] ਗਤਿ[42] ਪਾਈ ॥੪॥੨੨॥੭੩॥

Says Nanak, he who is under the Lord's protection[38], he obtains peace[40] here[39] and salvation[42] hereafter[41].

ਆਖਦੇ ਹਨ ਜਿਹੜਾ ਸੁਆਮੀ ਦੀ ਛਤਰ-ਛਾਇਆ[38] ਹੇਠ ਹੈ, ਉਹ ਏਥੇ[39] ਆਰਾਮ[40] ਅਤੇ ਅਗੇ[41] ਮੁਕਤੀ[42] ਪਾਉਂਦਾ ਹੈ ।

੩੮੯

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਤੂ ਮੇਰਾ ਤਰੰਗੁ[43] ਹਮ[45] ਮੀਨ[44] ਤੁਮਾਰੇ ॥

Thou art my waves of water[43] and I[45] a fish[44] of Thine.

ਤੂੰ ਮੈਂਡਾ ਪਾਣੀ[43] ਹੈਂ ਅਤੇ ਮੈਂ[45] ਤੇਰੀ ਮੱਛੀ[44] ।

ਤੂ ਮੇਰਾ ਠਾਕੁਰੁ[46] ਹਮ ਤੇਰੈ ਦੁਆਰੇ[47] ॥੧॥

Thou art my Lord[46] and I, a beggar at Thy gate[47].

ਤੂੰ ਮੇਰਾ ਸਾਹਿਬ[46] ਹੈਂ ਅਤੇ ਮੈਂ ਤੇਰੇ ਬੂਹੇ[47] ਦਾ ਮੰਗਤਾ ।

ਤੂੰ ਮੇਰਾ ਕਰਤਾ[48] ਹਉ ਸੇਵਕੁ[49] ਤੇਰਾ ॥

Thou art my Creator[48] and I am a servant[49] of Thine.

ਤੂੰ ਮੇਰਾ ਸਿਰਜਣਹਾਰ[48] ਹੈਂ ਅਤੇ ਮੈਂ ਤੇਰਾ ਟਹਿਲੂਆ[49] ।

ਸਰਣਿ[50] ਗਹੀ[51] ਪ੍ਰਭ[52] ਗੁਨੀ[53] ਗਹੇਰਾ[54] ॥੧॥ ਰਹਾਉ॥

I have grasped[51] Thy protection[50], O the Master[52] of profound[54] excellences[53]. Pause.

ਮੈਂ ਤੇਰੀ ਪਨਾਹ[50] ਪਕੜੀ[51] ਹੈ, ਹੇ ਗੰਭੀਰ[54] ਉਤ-ਕ੍ਰਿਸ਼ਟਤਾਈਆਂ[53] (ਗੁਣਾਂ) ਦੇ ਮਾਲਕ[52] ! ਠਹਿਰਾਉ ।

ਤੂ ਮੇਰਾ ਜੀਵਨੁ[55] ਤੂ ਆਧਾਰੁ[56] ॥

Thou art my life[55] and Thou my support[56].

ਤੂੰ ਮੇਰੀ ਜਿੰਨ-ਜਾਨ[55] ਹੈਂ ਅਤੇ ਤੂੰ ਹੀ ਮੇਰਾ ਆਸਰਾ[56] ।

ਤੁਝਹਿ ਪੇਖਿ[57] ਬਿਗਸੈ[58] ਕਉਲਾਰੁ[59] ॥੨॥

On beholding[57] Thee, my heart-lotus[59] blooms[58].

ਤੈਨੂੰ ਵੇਖਣ ਨਾਲ[57] ਮੇਰਾ ਦਿਲ ਕੰਵਲ[59] ਖਿੜ ਜਾਂਦਾ ਹੈ[58] ।

ਤੂ ਮੇਰੀ ਗਤਿ[60] ਪਤਿ[61] ਤੂ ਪਰਵਾਨੁ[62] ॥

Thou art my salvation[60] and honour[61] and Thou the Acceptor[62].

ਤੂੰ ਮੈਂਡੀ ਮੁਕਤੀ[60] ਤੇ ਇੱਜ਼ਤ ਆਬਰੂ[61] ਹੈਂ ਅਤੇ ਤੂੰ ਹੀ ਕਬੂਲ ਕਰਨਹਾਰ[62] ।

ਤੂ ਸਮਰਥੁ[63] ਮੈ ਤੇਰਾ ਤਾਣੁ[64] ॥੩॥

Thou art Omnipotent[63], Thou art my strength[64].

ਤੂੰ ਸਰਬ-ਸ਼ਕਤੀਵਾਨ[63] ਹੈਂ, ਤੂੰ ਹੀ ਮੇਰੀ ਸੱਤਿਆ[64] ਹੈਂ ।

ਅਨਦਿਨੁ[65] ਜਪਉ[66] ਨਾਮ [67]ਗੁਣਤਾਸਿ[68] ॥ ਨਾਨਕ ਕੀ

Night and day[65], I repeat[66] the Name, the treasure[68] of excellences[67],

ਰੈਣ ਦਿਹੂੰ[65], ਨਾਨਕ ਸ੍ਰੇਸ਼ਟਤਾਈਆਂ[67] ਦੇ ਖ਼ਜ਼ਾਨੇ[68] ਨਾਮ ਦਾ ਉਚਾਰਨ ਕਰਦਾ[66] ਅਤੇ ਸੁਆਮੀ ਮੂਹਰੇ[70] ਪ੍ਰਾਰਥਨਾ[69]

ਪ੍ਰਭ ਪਹਿ[70] ਅਰਦਾਸਿ[69] ॥ ੪॥੨੩॥੭੪॥	This alone is Nanak's supplication[69] before[70] the Lord.	ਕਰਦਾ ਹੈ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਰੋਵਨਹਾਰੈ[71] ਝੂਠੁ[72] ਕਮਾਨਾ[73] ॥	The weeper[71] practises[73] falsehood[72].	ਰੋਣ ਵਾਲਾ[71] ਕੂੜ[72] ਦੀ ਕਮਾਈ ਕਰਦਾ ਹੈ[73] ।
ਹਸਿ ਹਸਿ[74] ਸੋਗੁ ਕਰਤ[75] ਬੇਗਾਨਾ[76] ॥੧॥	He laughs in glee[74], while mourning[75] for others[76].	ਹੋਰਨਾਂ[76] ਦਾ ਮਾਤਮ[75] ਕਰਦਾ ਹੋਇਆ ਉਹ ਖ਼ੁਸ਼ੀ ਵਿੱਚ[74] ਹੱਸਦਾ ਹੈ ।
ਕੋ[77] ਮੂਆ ਕਾ[78] ਕੈ ਘਰਿ ਗਾਵਨੁ[79] ॥	Some one[77] has died, and in the house of some[78] there is singing[79].	ਕੋਈ ਜਣਾ[77] ਮਰ ਗਿਆ ਹੈ ਅਤੇ ਕਿਸੇ[78] ਦੇ ਗ੍ਰਹਿ ਵਿਚ ਗਾਉਣਾ ਬਜਾਉਣਾ[79] ਹੋ ਰਿਹਾ ਹੈ ।
ਕੋ ਰੋਵੈ ਕੋ ਹਸਿ ਹਸਿ ਪਾਵਨੁ[80] ॥੧॥ਰਹਾਉ॥	One bewails and another bursts out laughing[80]. Pause.	ਕੋਈ ਵਿਰਲਾਪ ਕਰਦਾ ਹੈ ਅਤੇ ਕੋਈ ਖਿੱਝ ਖਿੱਝ ਹੱਸਦਾ ਹੈ । ਠਹਿਰਾਉ ।
ਬਾਲ ਬਿਵਸਥਾ[81] ਤੇ ਬਿਰਧਾਨਾ[82] ॥ ਪਹੁਚਿ[83] ਨ ਮੂਕਾ[84] ਫਿਰਿ[85] ਪਛੁਤਾਨਾ[86] ॥੨॥	From childhood[81] to old age[82], the mortal attains[83] not his goal[84] and regrets[86] in the end[85].	ਬਚਪਨ[81] ਤੋਂ ਬੁਢਾਪੇ[82] ਤਾਈਂ ਪ੍ਰਾਣੀ ਆਪਣੇ ਨਿਸ਼ਾਨੇ[84] ਨੂੰ ਨਹੀਂ ਅੱਪੜਦਾ[83] ਅਤੇ ਅਖ਼ੀਰ[85] ਨੂੰ ਪਸਚਾਤਾਪ[86] ਕਰਦਾ ਹੈ ।
ਤ੍ਰਿਹੁ[87]ਗੁਣ[88]ਮਹਿ ਵਰਤੈ[89] ਸੰਸਾਰਾ[90] ॥	The world[90] is subject[89] to three[87] dispositions[88].	ਜਹਾਨ[90] ਤਿੰਨਾਂ[87] ਸੁਭਾਵਾਂ[88] (ਰਜੋ, ਸਤੋ, ਤਮੋ) ਦੇ ਅਧੀਨ[89] ਹੈ ।
ਨਰਕ[91] ਸੁਰਗ[92] ਫਿਰਿ[93] ਫਿਰਿ ਅਉਤਾਰਾ[94] ॥੩॥	The mortal therefore, again and again[93] enters[94] hell[91] and heaven[92].	ਇਸ ਲਈ ਜੀਵ, ਮੁੜ ਮੁੜ ਕੇ[93], ਦੋਜ਼ਕ[91] ਅਤੇ ਬਹਿਸ਼ਤ[92] ਵਿਚ ਪ੍ਰਵੇਸ਼ ਕਰਦਾ ਹੈ[94] ।
ਕਹੁ ਨਾਨਕ ਜੋ ਲਾਇਆ[95] ਨਾਮ ॥ ਸਫਲ[96] ਜਨਮੁ[98] ਤਾਕਾ ਪਰਵਾਨ[97] ॥੪॥ ੨੪॥੭੫॥	Says Nanak, that man's life[98] is fruitful[96] and he is acceptable[97], whom the Lord has applied[95] to His Name.	ਗੁਰੂ ਜੀ ਆਖਦੇ ਹਨ, ਉਸ ਇਨਸਾਨ ਦਾ ਜੀਵਨ[98] ਲਾਭਦਾਇਕ[96] ਹੈ ਅਤੇ ਓਹੀ ਮਕਬੂਲ[97] ਹੈ, ਜਿਸ ਨੂੰ ਸੁਆਮੀ ਨੇ ਆਪਣੇ ਨਾਮ ਨਾਲ ਜੋੜਿਆ[95] ਹੈ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਸੋਇ[99] ਰਹੀ ਪ੍ਰਭ ਖਬਰਿ[100] ਨ ਜਾਨੀ ॥	The bride is asleep[99] and knows not the news[100] of her Lord.	ਪਤਨੀ ਸੁੱਤੀ ਪਈ ਹੈ[99] ਅਤੇ ਆਪਣੇ ਸੁਆਮੀ ਦੇ ਸੰਦੇਸੇ[100] ਨੂੰ ਨਹੀਂ ਜਾਣਦੀ ।
ਭੋਰੁ[2] ਭਇਆ ਬਹੁਰਿ[3] ਪਛੁਤਾਨੀ[4] ॥੧॥	When the day breaks[2], then[3] does she grieve[4].	ਜਦ ਦਿਨ ਚੜ੍ਹ ਆਉਂਦਾ ਹੈ[2], ਤਦ[3] ਉਹ ਅਫ਼ਸੋਸ ਕਰਦੀ ਹੈ[4] ।
ਪ੍ਰਿਅ[5] ਪ੍ਰੇਮ[6] ਸਹਜਿ[7] ਮਨਿ[8] ਅਨਦੂ[9] ਧਰਉ[10] ਰੀ[12] ॥	By love[6] for thy Beloved[5], thou shalt easily[7] imbibe[10] joy[9] in thy heart[8], O[12] bride.	ਆਪਣੇ ਪ੍ਰੀਤਮ[5] ਦੇ ਪਿਆਰ ਦੁਆਰਾ[6], ਹੇ[12] ਪਤਨੀਏ ! ਤੂੰ ਆਪਣੇ ਦਿਲ[8] ਅੰਦਰ ਸੁਖੈਨ[7] ਹੀ ਖ਼ੁਸ਼ੀ[9] ਪਾ ਲਵੇਂਗੀ[10] ।
ਪ੍ਰਭ ਮਿਲਬੇ[13]ਕੀ ਲਾਲਸਾ[14] ਤਾ ਤੇ[15] ਆਲਸੁ[16] ਕਹਾ[17] ਕਰਉ ਰੀ ॥੧॥ਰਹਾਉ॥	When there is longing[14] in thee to meet[13] thy Lord, then[15] why[17] shouldest thou make delay[16] ? Pause.	ਜਦ ਤੇਰੇ ਵਿਚ ਆਪਣੇ ਸੁਆਮੀ ਨੂੰ ਮਿਲਣ[13] ਦੀ ਤਾਂਘ[14] ਹੈ, ਤਦ[15] ਤੂੰ ਢਿਲ[16] ਕਿਉਂ[17] ਕਰਦੀ ਹੈਂ ? ਠਹਿਰਾਉ ।

ਕਰ[18] ਮਹਿ[19] ਅੰਮ੍ਰਿਤੁ[20] ਆਣਿ[21] ਨਿਸਾਰਿਓ[22] ॥	Her Groom came[21] and poured[22] nectar[20] in[19] her hand[18].	ਉਸ ਦੇ ਪਤੀ ਨੇ ਆ ਕੇ[21] ਉਸ ਦੇ ਹੱਥ[18] ਵਿਚ[19] ਸੁਧਾ-ਰਸ[20] ਪਾ ਦਿਤਾ[22]।
ਖਿਸਰਿ[23] ਗਇਓ ਭੂਮ[24] ਪਰਿ[25] ਡਾਰਿਓ[26] ॥੨॥	But it slipped[23] and fell[26] on[25] the ground[24].	ਪਰ ਇਹ ਤਿਲ੍ਹਕ ਗਿਆ[23] ਅਤੇ ਜ਼ਮੀਨ[24] ਉਤੇ[25] ਡਿੱਗ ਪਿਆ[26]।
ਸਾਦਿ[27] ਮੋਹਿ[28] ਲਾਦੀ[29] ਅਹੰਕਾਰੇ[30] ॥	She is laden[29] with licentiousness[27], worldly love[28] and pride[30].	ਉਹ ਵਿਸ਼ਈ ਸੁਆਦਾਂ[27], ਸੰਸਾਰੀ ਮਮਤਾ[28] ਅਤੇ ਗ਼ਰੂਰ[30] ਨਾਲ ਲੱਦੀ ਹੋਈ ਹੈ[29]।
ਦੋਸੁ[31] ਨਾਹੀ ਪ੍ਰਭ ਕਰਣੈਹਾਰੇ[32] ॥੩॥	The fault[31], therefore, lies not with Lord, the Creator[32].	ਇਸ ਲਈ ਸਿਰਜਣਹਾਰ[32] ਸੁਆਮੀ ਦਾ ਕੋਈ ਕਸੂਰ[31] ਨਹੀਂ।
ਸਾਧ ਸੰਗਿ ਮਿਟੇ[33] ਭਰਮ[34] ਅੰਧਾਰੇ[35] ॥	In the saints' congregation the darkness[35] of doubt[34] is dispelled[33].	ਸਤਿ ਸੰਗਤ ਅੰਦਰ ਵਹਿਮ[34] ਦਾ ਅੰਨ੍ਹੇਰਾ[35] ਨਵਿਰਤ[33] ਹੋ ਜਾਂਦਾ ਹੈ।
ਨਾਨਕ ਮੇਲੀ[36] ਸਿਰਜਣ-ਹਾਰੇ[37] ॥੪॥੨੫॥੭੬॥	Nanak, then does the Creator[37] blend[36] her with Himself.	ਨਾਨਕ, ਤਦ ਕਰਤਾਰ[37] ਉਸ ਨੂੰ ਆਪਣੇ ਨਾਲ ਅਭੇਦ[36] ਕਰ ਲੈਂਦਾ ਹੈ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਚਰਨ[38] ਕਮਲ[39] ਕੀ ਆਸ[40] ਪਿਆਰੇ[41] ॥	In the Beloved's[41] lotus[39] feet[38] lies my hope[40].	ਪ੍ਰੀਤਮ[41] ਦੇ ਕੰਵਲ[39] ਪੈਰਾਂ[39] ਵਿਚ ਮੇਰੀ ਸੱਧਰ[40] ਹੈ।
ਜਮ[41]* ਕੰਕਰ[42] ਨਸਿ[43] ਗਏ ਵਿਚਾਰੇ[44] ॥੧॥	The poor[44] myrmidons[42] of Death[41]* have run away[43] from me.	ਮੌਤ[41]* ਦੇ ਗ਼ਰੀਬ[44] ਦੂਤ[42] ਮੇਰੇ ਪਾਸੋਂ ਭੱਜ ਗਏ ਹਨ[43]।
ਤੂ ਚਿਤਿ ਆਵਹਿ[45], ਤੇਰੀ ਮਇਆ[46] ॥	By Thine grace[46], Thou O Lord, art remembered[45].	ਤੇਰੀ ਮਿਹਰ ਸਦਕਾ[48], ਹੇ ਸਾਹਿਬ! ਤੂੰ ਸਿਮਰਿਆ[45] ਜਾਂਦਾ ਹੈਂ।
ਸਿਮਰਤ[47] ਨਾਮ ਸਗਲ ਰੋਗ[48] ਖਇਆ[49] ॥੧॥ ਰਹਾਉ ॥	Contemplating[47] on the Lord's Name, all the diseases[48] are destroyed[49]. Pause.	ਸੁਆਮੀ ਦੇ ਨਾਮ ਦਾ ਆਰਾਧਨ[47] ਕਰਨ ਦੁਆਰਾ ਸਾਰੀਆਂ ਬੀਮਾਰੀਆਂ[48] ਨਸ਼ਟ[49] ਹੋ ਜਾਂਦੀਆਂ ਹਨ। ਠਹਿਰਾਉ।
ਅਨਿਕ[50] ਦੂਖ[51] ਦੇਵਹਿ ਅਵਰਾ[52] ਕਉ ॥ ਪਹੁਚਿ[53] ਨ ਸਾਕਹਿ ਜਨ[54] ਤੇਰੇ ਕਉ ॥੨॥	Death's Courier gives much[50] pain[51] to others[52], but he cannot come near[53] Thy slave[54], O Lord.	ਮੌਤ ਦਾ ਫ਼ਰਿਸ਼ਤਾ ਹੋਰਨਾਂ ਨੂੰ[52] ਘਣਾ[50] ਕਸ਼ਟ[51] ਦਿੰਦਾ ਹੈ, ਪਰ ਉਹ ਤੇਰੇ ਗੋਲੇ[54] ਦੇ ਲਾਗੇ[53] ਨਹੀਂ ਲਗ ਸਕਦਾ, ਹੇ ਪ੍ਰਭੂ!
ਦਰਸ[55] ਤੇਰੇ ਕੀ ਪਿਆਸ[56] ਮਨਿ[57] ਲਾਗੀ ॥ ਸਹਜ[58] ਅਨੰਦ[59], ਬਸੈ[60] ਬੈਰਾਗੀ[61] ॥ ੩॥	My soul[57] thirsts[56] for Thy vision[55], So absorbed in Thy love[61], I abide[60] in equipoise[58] and bliss[59].	ਮੇਰੀ ਆਤਮਾ[57] ਨੂੰ ਤੈਂਡੇ ਦੀਦਾਰ[55] ਦੀ ਤੇਹ[56] ਲੱਗੀ ਹੋਈ ਹੈ, ਇਸ ਲਈ ਤੇਰੀ ਪ੍ਰੀਤ ਅੰਦਰ ਭਿੱਜ[61] ਉਹ ਅਡੋਲਤਾ[58] ਤੇ ਖ਼ੁਸ਼ੀ[59] ਵਿਚ ਵੱਸਦੀ[60] ਹੈ।
ਨਾਨਕ ਕੀ ਅਰਦਾਸਿ[62] ਸੁਣੀਜੈ ॥	Hear Thou, O Lord the supplication[62] of Nanak.	ਹੇ ਸਾਂਈ! ਤੂੰ ਨਾਨਕ ਦੀ ਪ੍ਰਾਰਥਨਾ[62] ਸੁਣ।
ਕੇਵਲ[64] ਨਾਮੁ ਰਿਦੇ[63] ਮਹਿ[66] ਦੀਜੈ[65] ॥੪॥੨੬॥ ੭੭॥	Into[66] his mind[63], infuse[65] Thy Name alone[64].	ਉਸ ਦੇ ਹਿਰਦੇ[63] ਅੰਦਰ[66] ਸਿਰਫ਼[34] ਆਪਣਾ ਨਾਮ ਰਮਾ[65] ਦੇ।

ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਮਨੁ[67] ਤ੍ਰਿਪਤਾਨੋ[68] ਮਿਟੇ[69] ਜੰਜਾਲ[70] ॥	My soul[67] is sated[68] and ended[69] are my involvements[70].	ਮੇਰੀ ਆਤਮਾ[67] ਰੱਜ ਗਈ[68] ਹੈ ਤੇ ਮੁਕ ਗਏ[69] ਹਨ ਮੇਰੇ ਪੁਆੜੇ[70] ।
ਪ੍ਰਭੁ ਅਪੁਨਾ ਹੋਇਆ ਕਿਰਪਾਲ[71] ॥੧॥	My Lord has become merciful[71].	ਮੇਰਾ ਸੁਆਮੀ ਮਿਹਰਬਾਨ[71] ਹੋ ਗਿਆ ਹੈ ।
ਸੰਤ ਪ੍ਰਸਾਦਿ[72] ਭਲੀ ਬਨੀ[73] ॥	By saints' grace[72], everything has turned out well[73].	ਸਾਧੂਆਂ ਦੀ ਦਇਆ ਦੁਆਰਾ[72] ਹਰ ਸ਼ੈ ਠੀਕ ਹੋ ਗਈ[73] ਹੈ ।
ਜਾ ਕੈ ਗ੍ਰਿਹ[74] ਸਭੁ ਕਿਛੁ ਹੈ ਪੂਰਨੁ[75] ਸੋ[76] ਭੇਟਿਆ[77] ਨਿਰਭੈ[78] ਧਨੀ[79] ॥੧॥ ਰਹਾਉ ॥	I have met[77] Him[76], the Fearless[78] Master[79], whose house[74] is brimful[75] with all the things. Pause.	ਮੈਂ ਉਸ[76] ਨਿੱਡਰ[78] ਮਾਲਕ[79] ਨੂੰ ਮਿਲ ਪਿਆ[77] ਹਾਂ, ਜਿਸ ਦਾ ਘਰ[74] ਸਾਰੀਆਂ ਵਸਤੂਆਂ ਨਾਲ ਲਬਾਲਬ[75] ਹੈ । ਠਹਿਰਾਉ ।
ਨਾਮੁ ਦ੍ਰਿੜਾਇਆ[80] ਸਾਧ ਕ੍ਰਿਪਾਲ[81] ॥	The kind[81] saint has implanted[80] the Name in me.	ਮਾਇਆਵਾਨ[81] ਸੰਤ ਨੇ ਮੇਰੇ ਅੰਦਰ ਨਾਮ ਪੱਕਾ ਕੀਤਾ ਹੈ[80] ।
ਮਿਟਿ[82] ਗਈ ਭੂਖ[83] ਮਹਾ[84] ਬਿਕਰਾਲ[85] ॥੨॥	My most[84] dreadful[85] desire[83] has ended[82].	ਮੇਰੀ ਮਹਾਂ[84] ਭਿਆਨਕ[85] ਖ਼ਾਹਿਸ਼[83] ਨਾਸ ਹੋ ਗਈ[82] ਹੈ ।
ਠਾਕੁਰਿ ਅਪੁਨੈ ਕੀਨੀ ਦਾਤਿ[86] ॥ ਜਲਨਿ[87] ਬੁਝੀ[88] ਮਨਿ ਹੋਈ ਸਾਂਤਿ[89] ॥੩॥	My Master has given me a gift[86], wherewith fire[87] of my mind is extinguished[88] and it is at peace[89].	ਮੇਰੇ ਮਾਲਕ ਨੇ ਮੈਨੂੰ ਇਕ ਬਖ਼ਸ਼ੀਸ਼[86] ਦਿੱਤੀ ਹੈ, ਜਿਸ ਦੇ ਨਾਲ ਅੱਗ[87] ਬੁਝ ਗਈ[88] ਹੈ ਅਤੇ ਮੇਰੇ ਚਿੱਤ ਨੂੰ ਠੰਢ[89] ਪੈ ਗਈ ਹੈ ।
੩੯੦		
ਮਿਟਿ[90] ਗਈ ਭਾਲ[91] ਮਨੁ ਸਹਜਿ[92] ਸਮਾਨਾ[93] ॥	My search[91] is over[90], and my soul is absorbed[93] is celestial bliss[92].	ਮੇਰੀ ਖੋਜ ਭਾਲ[91] ਮੁੱਕ ਗਈ[90] ਹੈ ਅਤੇ ਮੇਰੀ ਆਤਮਾ ਬੈਕੁੰਠੀ ਅਨੰਦ[92] ਵਿਚ ਲੀਨ[93] ਹੋ ਗਈ ਹੈ ।
ਨਾਨਕ ਪਾਇਆ[94] ਨਾਮ ਖਜਾਨਾ[95] ॥੪॥੨੭॥੭੮॥	Nanak has obtained[94] the treasure[95] of God's Name.	ਨਾਨਕ ਨੂੰ ਵਾਹਿਗੁਰੂ ਦੇ ਨਾਮ ਦਾ ਭੰਡਾਰਾ[95] ਪਰਾਪਤ[94] ਹੋ ਗਿਆ ਹੈ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਠਾਕੁਰ ਸਿਉ[100] ਜਾਕੀ ਬਨਿ ਆਈ[96] ॥ ਭੋਜਨ[98] ਪੂਰਨ[97] ਰਹੇ ਅਘਾਈ[99] ॥੧॥	They, who are on intimate terms[96] with[100] the Lord, they remain satiated[99] with the Name's perfect[97] food[98].	ਜਿਨ੍ਹਾਂ ਦੇ ਸੁਆਮੀ ਨਾਲ[100] ਦੋਸਤਾਨਾ ਤਅੱਲੁਕਾਤ[96] ਹਨ, ਉਹ ਨਾਮ ਦੇ ਮੁਕੰਮਲ[97] ਖਾਣੇ[98] ਨਾਲ ਰੱਜੇ[99] ਰਹਿੰਦੇ ਹਨ ।
ਕਛੂ ਨ ਥੋਰਾ[2] ਹਰਿ ਭਗਤਨ[3] ਕਉ ॥	God's saints[3] run short[2] of nothing.	ਵਾਹਿਗੁਰੂ ਦੇ ਸਾਧੂਆਂ[3] ਨੂੰ ਕਿਸੇ ਵਸਤੂ ਦੀ ਕਮੀ[2] ਨਹੀਂ ਵਾਪਰਦੀ ।
ਖਾਤ[4] ਖਰਚਤ[5] ਬਿਲਛਤ[6] ਦੇਵਨ[7] ਕਉ ॥੧॥ਰਹਾਉ॥	They have plenty to eat[4], spend[5], enjoy[6] and give[7]. Pause.	ਉਨ੍ਹਾਂ ਕੋਲ ਖਾਣ[4], ਖਰਚਣ[5], ਆਨੰਦ ਮਾਣਨ[6] ਅਤੇ ਦੇਣ[7] ਲਈ ਬਹੁਤ ਕੁਛ ਹੈ । ਠਹਿਰਾਉ ।
ਜਾ[8] ਕਾ ਧਨੀ[9] ਅਗਮ[10] [12]ਗੁਸਾਈ[13] ॥ ਮਾਨੁਖ[14] ਕੀ ਕਹੁ ਕੇਤ[15]ਚਲਾਈ[16] ॥੨॥	He whose[8] Master[9] is the Unfathomable[10] Lord[13] of the world[12], how long[15] can any one[14] stand up[16] to him.	ਕੋਈ ਇਨਸਾਨ[14] ਕਿੰਨਾ ਚਿਰ[15] ਉਸ ਦਾ ਮੁਕਾਬਲਾ[16] ਕਰ ਸਕਦਾ ਹੈ, ਜਿਸ ਦਾ[8] ਮਾਲਕ[9], ਸ੍ਰਿਸ਼ਟੀ[12] ਦਾ ਅਥਾਹ[10] ਸੁਆਮੀ[13] ਹੈ ।

ਜਾਕੀ ਸੇਵਾ[17] ਦਸ ਅਸਟ[18] ਸਿਧਾਈ[19] ॥ ਪਲਕ[20] ਦ੍ਰਿਸਟਿ[21] ਤਾਕੀ ਲਾਗਹੁ[22] ਪਾਈ[23] ॥੩॥

Whom serve[17] the eighteen[18] miraculous powers[19]. For a moment's[20] glance[21] cling[22] thou to His Feet[23].

ਅਠਾਰਾਂ[18] ਕਰਾਮਾਤੀ ਸ਼ਕਤੀਆਂ[19] ਜਿਸ ਦੀ ਟਹਿਲ ਕਮਾਉਂਦੀਆਂ ਹਨ[17], ਇਕ ਮੁਹਤ ਭਰ[20] ਦੀ ਨਿਗ੍ਹਾ[21] ਲਈ ਤੂੰ ਉਸ ਦੇ ਪੈਰਾਂ[23] ਨਾਲ ਚਿਮੜ[22] ਜਾ ।

ਜਾਕਉ ਦਇਆ[24] ਕਰਹੁ ਮੇਰੇ ਸੁਆਮੀ ॥ ਕਹੁ ਨਾਨਕ ਨਾਹੀ ਤਿਨ ਕਾਮੀ[25] ॥੪॥ ੨੮॥੭੯॥

He, unto whom Thou showest Thy mercy[24], O my Lord, Says Nanak, he feels not deficiency[25] of anything.

ਜਿਸ ਉਤੇ ਤੂੰ ਆਪਣੀ ਰਹਿਮਤ[24] ਧਾਰਦਾ ਹੈਂ, ਹੇ ਮੇਰੇ ਸਾਹਿਬ ! ਉਸ ਨੂੰ ਕਿਸੇ ਸ਼ੈ ਦਾ ਘਾਟਾ[25] ਨਹੀਂ ਰਹਿੰਦਾ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਜਉ[26] ਮੈ ਅਪੁਨਾ ਸਤਿਗੁਰੁ ਧਿਆਇਆ[27] ॥ ਤਬ[28] ਮੇਰੈ ਮਨਿ ਮਹਾ[29]ਸੁਖੁ[30]ਪਾਇਆ॥ ੧॥

When[26], then[28] I meditated[27] on my True Guru, did my mind attain the supreme[29] peace[30].

ਜਦ[26] ਮੈਂ ਆਪਣੇ ਸੱਚੇ ਗੁਰੂ ਦਾ ਸਿਮਰਨ ਕੀਤਾ[27], ਤਦ[28] ਮੇਰੇ ਚਿੱਤ ਨੂੰ ਪਰਮ[29] ਆਰਾਮ[30] ਪਰਾਪਤ ਹੋ ਗਿਆ ।

ਮਿਟਿ ਗਈ[31] ਗਣਤ[32] ਬਿਨਾਸਿਉ[33] ਸੰਸਾ[34] ॥

My account[32] is effaced[31] and dispelled[33] is my doubt[34].

ਮੇਰਾ ਲੇਖਾ-ਪੱਤਾ[32] ਬਿਨਸ ਗਿਆ[31] ਹੈ ਅਤੇ ਦੂਰ ਹੋ ਗਿਆ ਹੈ[33] ਮੇਰਾ ਵਹਿਮ[34] ।

ਨਾਮਿ ਰਤੇ[35] ਜਨ[36] ਭਏ[38] ਭਗਵੰਤਾ[37] ॥੧॥ਰਹਾਉ॥

Imbued[35] with the Name His slave[36] has become[38] a man of good fortune[37]. Pause.

ਨਾਮ ਨਾਲ ਰੰਗੀਜਣ ਦੁਆਰਾ[35] ਉਸ ਦਾ ਗੋਲਾ[36] ਕਰਮਾਂ ਵਾਲਾ[37] ਬੰਦਾ ਬੀ ਗਿਆ ਹੈ[38] । ਠਹਿਰਾਉ ।

ਜਉ[39] ਮੈ ਅਪੁਨਾ ਸਾਹਿਬੁ ਚੀਤਿ[40] ॥ ਤਉ[41] ਭਉ[42] ਮਿਟਿਓ[43] ਮੇਰੇ ਮੀਤ[44]॥੨॥

When[39] I remembered[40] my Lord, then[41] was my fear[42] dispelled[43], O my friend[44].

ਜਦ[39] ਮੈਂ ਆਪਣੇ ਸੁਆਮੀ ਦਾ ਸਿਮਰਨ ਕੀਤਾ[40], ਤਦ[41] ਮੇਰਾ ਡਰ[42] ਦੂਰ ਹੋ ਗਿਆ[43], ਹੇ ਮੇਰੇ ਮਿੱਤ੍ਰ[44] !

ਜਉ ਮੈ ਓਟ[45] ਗਹੀ[46] ਪ੍ਰਭ ਤੇਰੀ ॥ ਤਾਂ ਪੂਰਨ[47] ਹੋਈ ਮਨਸਾ[48] ਮੇਰੀ ॥੩॥

When I grasped[46] Thy protection[45], O Lord, then was my desire[48] fulfilled[47].

ਜਦ ਮੈਂ ਤੇਰੀ ਪਨਾਹ[45] ਪਕੜੀ[46], ਹੇ ਸੁਆਮੀ ! ਤਦ ਮੇਰੀ ਖ਼ਾਹਿਸ਼[48] ਪੂਰੀ ਹੋ ਗਈ[47] ।

ਦੇਖਿ ਚਲਿਤ[49] ਮਨਿ ਭਏ ਦਿਲਾਸਾ[50] ॥

Beholding Thine wonderous plays[49], my soul acquires patience[50].

ਤੇਰੀਆਂ ਅਸਚਰਜ ਖੇਡਾਂ[49] ਵੇਖ ਕੇ, ਮੇਰੀ ਜਿੰਦੜੀ ਨੂੰ ਧੀਰਜ[50] ਆ ਜਾਂਦਾ ਹੈ ।

ਨਾਨਕ ਦਾਸ[51] ਤੇਰਾ ਭਰਵਾਸਾ[52] ॥੪॥੨੯॥ ੮੦॥

Servant[51] Nanak, has Thy reliance[52], O my Lord.

ਨਫ਼ਰ[51] ਨਾਨਕ ਨੂੰ ਤੇਰਾ ਹੀ ਆਸਰਾ[52] ਹੈ, ਹੇ ਮੇਰੇ ਸੁਆਮੀ !

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਅਨਦਿਨੁ[53] ਮੂਸਾ[54] ਲਾਜੁ[55] ਟੂਕਾਈ[56] ॥

Night and day[53], the mouse[54] gnaws[56] the rope[55]. (of life's span)

ਰੈਣ ਦਿਹੁੰ[53] ਚੂਹਾ[54] (ਜ਼ਿੰਦਗੀ ਰੂਪੀ) ਰੱਸੇ[55] ਨੂੰ ਕੁਤਰੀ[56] ਜਾਂਦਾ ਹੈ ।

ਗਿਰਤ[57] ਕੂਪ[58] ਮਹਿ[59] ਖਾਹਿ ਮਿਠਾਈ[60] ॥੧॥

Falling[57] into[59] the well[58], the mortal is eating the sweets[60]. (of passions)

ਖੂਹ[58] ਵਿਚ[59] ਡਿਗਦਾ[57] ਹੋਇਆ ਪ੍ਰਾਣੀ (ਵਿਕਾਰਾਂ ਦੀ) ਮਿਠਿਆਈ[60] ਖਾ ਰਿਹਾ ਹੈ ।

ਸੋਚਤ ਸਾਚਤ[61] ਰੈਨਿ[62] ਬਿਹਾਨੀ[63] ॥	In thinking and reflecting[61] the (life's) night[62] passes away[63].	ਸੋਚਦਿਆਂ ਤੇ ਵਿਚਾਰਦਿਆਂ[61] (ਜੀਵਨ ਰੂਪੀ) ਰਾਤ੍ਰੀ[62] ਗੁਜ਼ਰ ਜਾਂਦੀ ਹੈ[63] ।
ਅਨਿਕ[64] ਰੰਗ[65] ਮਾਇਆ[66] ਕੇ ਚਿਤਵਤ[67] ਕਬਹੂ ਨ ਸਿਮਰੈ[68] ਸਾਰਿੰਗ[69] ਪਾਨੀ[70] ॥ ੧॥ ਰਹਾਉ ॥	Thinking[67] of the multifarious[64] pleasures[66] of the world[66], man reflects[68] not on God, the sustainer[70] of earth[69]. Pause.	ਸੰਸਾਰ[66] ਦੀਆਂ ਅਨੇਕਾਂ[64] ਮੌਜ ਬਹਾਰਾਂ[65] ਦਾ ਖ਼ਿਆਲ ਕਰਦਾ ਹੋਇਆ[67], ਆਦਮੀ ਕਦਾਚਿਤ ਧਰਤੀ[69] ਨੂੰ ਥੰਮ੍ਹਣਹਾਰ[70] ਸੁਆਮੀ ਦਾ ਆਰਾਧਨ[68] ਨਹੀਂ ਕਰਦਾ । ਠਹਿਰਾਉ ।
ਦ੍ਰੁਮ[71] ਕੀ ਛਾਇਆ[72] ਨਿਹਚਲ[73] ਗ੍ਰਿਹੁ[74] ਬਾਂਧਿਆ[75] ॥	Deeming the tree's[71] shade[72] as immovable[73], man builds[75] his home[74] beneath it.	ਬਿਰਛ[71] ਦੀ ਛਾਂ[72] ਨੂੰ ਅਹਿੱਲ[73] ਖ਼ਿਆਲ ਕਰਕੇ ਇਨਸਾਨ ਆਪਣਾ ਘਰ[74] ਇਸ ਦੇ ਹੇਠ ਬਣਾਉਂਦਾ[75] ਹੈ ।
ਕਾਲ[76] ਕੈ ਫਾਂਸਿ[77] ਸਕਤ[78] ਸਰੁ[79] ਸਾਂਧਿਆ[80] ॥੨॥	Death's[76] noose[77] is around his neck and mammon[78] has aimed[80] her arrow[79] at him.	ਮੌਤ[76] ਦੀ ਫ਼ਾਹੀ ਉਸ ਦੀ ਗਰਦਨ ਦੁਆਲੇ ਹੈ ਅਤੇ ਮਾਇਆ[78] ਨੇ ਆਪਣਾ ਤੀਰ[79] ਉਸ ਤੇ ਸਿੰਨ੍ਹਿਆ[80] ਹੋਇਆ ਹੈ ।
ਬਾਲੂ[81] ਕਨਾਰਾ[82] ਤਰੰਗ[83] ਮੁਖਿ[84] ਆਇਆ[85] ॥	The sandy[81] shore[82] has fallen[85] into the mouth[84] of the waves[83].	ਰੇਤੇ[81] ਦਾ ਕੰਢਾ[82] ਲਹਿਰਾਂ[83] ਦੇ ਮੂੰਹ[84] ਵਿਚ ਆ ਗਿਆ ਹੈ[85] ।
ਸੋ[86] ਥਾਨੁ[87] ਮੂੜਿ[88] ਨਿਹਚਲੁ[89] ਕਰਿ[90] ਪਾਇਆ ॥੩॥	That[86] place[87], the fool[88] deems as[90] permanent[89].	ਉਸ[86] ਥਾਂ[87] ਨੂੰ ਮੂਰਖ[88] ਮੁਸਤਕਿਲ[89] ਕਰਕੇ[90] ਜਾਣਦਾ ਹੈ ।
ਸਾਧ ਸੰਗਿ ਜਪਿਓ[91] ਹਰਿ ਰਾਇ[92] ॥	In the guild of saints, I have meditated[91] on the Sovereign[92] Lord.	ਸਤਿ ਸੰਗਤ ਅੰਦਰ ਮੈਂ ਪਾਤਸ਼ਹ[92] ਪਰਮੇਸ਼ਰ ਦਾ ਸਿਮਰਨ[91] ਕੀਤਾ ਹੈ ।
ਨਾਨਕ ਜੀਵੈ ਹਰਿ ਗੁਣ[93] ਗਾਇ[94] ॥੪॥੩੦॥੮੧॥	Nanak lives by singing[94] God's praises[93].	ਨਾਨਕ, ਵਾਹਿਗੁਰੂ ਦੇ ਗੁਣਾਵਾਦ[93] ਗਾਇਨ[94] ਕਰਨ ਦੁਆਰਾ ਜੀਉਂਦਾ ਹੈ ।
ਆਸਾ ਮਹਲਾ ੫	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਦੁਤੁਕੇ ੯ ॥	Dutke.	ਦੁਤਕੇ ।
ਉਨ[95] ਕੈ ਸੰਗਿ[96] ਤੂ ਕਰਤੀ[97] ਕੇਲ[98] ॥	O body, with[96] the[95] soul, thou art engaged[97] in frolics[98].	ਹੇ ਦੇਹਿ, ਉਸ[96] ਆਤਮਾ ਦੇ ਨਾਲ[96] ਤੂੰ ਖੇਡਾਂ[98] ਖੇਡਦੀ[97] ਹੈਂ ।
ਉਨ ਕੈ ਸੰਗਿ[99] ਹਮ ਤੁਮ[100] ਸੰਗਿ[2] ਮੇਲ[3] ॥	In her company[99] thou comest in contact[3] with[2] every one[100].	ਉਸ ਦੇ ਸਾਥ[95] ਅੰਦਰ ਤੇਰਾ ਹਰ ਇਕਸ[100] ਨਾਲ[2] ਮੇਲ ਮਿਲਾਪ[3] ਹੈ ।
ਉਨ੍ ਕੈ ਸੰਗਿ ਤੁਮ ਸਭੁ ਕੋਊ ਲੋਰੈ[4] ॥	In her company every one desires[4] thee.	ਉਸ ਦੀ ਸੰਗਤ ਅੰਦਰ ਹਰ ਕੋਈ ਤੈਨੂੰ ਚਾਹੁੰਦਾ[4] ਹੈ ।
ਓਸੁ ਬਿਨਾ[5] ਕੋਊ ਮੁਖੁ ਨਹੀ ਜੋਰੈ ॥੧॥	Without[5] her, none wishes to see thee.	ਉਸ ਦੇ ਬਗੈਰ[5] ਕੋਈ ਭੀ ਤੈਨੂੰ ਵੇਖਣਾ ਨਹੀਂ ਲੋੜਦਾ ।
ਤੇ[6] ਬੈਰਾਗੀ[7] ਕਹਾ[8] ਸਮਾਏ[9] ॥	Where[8] is that[6] detached soul[7], now, contained[9] ?	ਉਹ[6] ਨਿਰਲੇਪ ਆਤਮਾ[7], ਹੁਣ ਕਿਥੇ ਲੀਨ ਹੋ ਗਈ ਹੈ[9] ?
ਤਿਸੁ[10] ਬਿਨੁ ਤੁਹੀ ਦੁਹੇਰੀ[12] ਰੀ[13] ॥੧॥ ਰਹਾਉ ॥	Without her[10], thou art is in miserable plight[12], O[13] body. Pause.	ਉਸ ਦੇ[10] ਬਾਝੋਂ ਤੂੰ ਬੁਰੀ ਹਾਲਤ[12] ਵਿਚ ਹੈਂ, ਹੇ[13] ਦੇਹਿ ! ਠਹਿਰਾਉ ।

ਉਨ੍ਹ ਕੈ ਸੰਗਿ ਤੂ ਗ੍ਰਿਹ[14] ਮਹਿ[15] ਮਾਹਰਿ[16] ॥	With it thou wert the mistress[16] in[15] the house[14].	ਉਸ ਦੇ ਨਾਲ ਤੂੰ ਘਰ[14] ਵਿਚ[15] ਪਟਰਾਣੀ[16] ਸੈਂ।
ਉਨ੍ਹ ਕੈ ਸੰਗਿ ਤੂ ਹੋਈ ਹੈ ਜਾਹਰਿ[17] ॥	With it thou didst become distinguished[17].	ਉਸ ਨਾਲ ਤੂੰ ਨਾਮਵਰ[17] ਹੋਈ ਸੈਂ।
ਉਨ੍ਹ ਕੈ ਸੰਗਿ ਤੂ ਰਖੀ ਪਪੋਲਿ[18] ॥	With it thou wert fondled[18].	ਉਸ ਦੇ ਨਾਲ ਤੂੰ ਪਲੋਸ[18] ਕੇ ਰੱਖੀ ਜਾਂਦੀ ਸੈਂ।
ਓਸੁ ਬਿਨਾ ਤੂੰ ਛੁਟਕੀ[19] ਰੋਲਿ[20] ॥੨॥	Without it thou hast been left[19] to roll[20] in dust.	ਉਸ ਦੇ ਬਗੈਰ ਤੂੰ ਘੱਟੇ ਵਿਚ ਰੁਲਣ ਲਈ[20] ਛੱਡ ਦਿਤੀ[19] ਗਈ ਹੈਂ।
ਉਨ੍ਹ ਕੈ ਸੰਗਿ ਤੇਰਾ ਮਾਨੁ ਮਹਤੁ[20*] ॥	In her company thou hast honour and respect[20*].	ਉਸ ਦੇ ਨਾਲ ਤੇਰੀ ਇਜ਼ਤ ਆਬਰੂ[20*] ਹੈ।
ਉਨ੍ਹ ਕੈ ਸੰਗਿ ਤੁਮ ਸਾਕੁ[21] ਜਗਤੁ ॥	In her company thou hast relation[21] with the world.	ਉਸ ਦੇ ਨਾਲ ਤੇਰਾ ਜਹਾਨ ਨਾਲ ਨਾਤਾ-ਰਿਸ਼ਤਾ[21] ਹੈ।
ਉਨ੍ਹ ਕੈ ਸੰਗਿ ਤੇਰੀ ਸਭ ਬਿਧਿ[22] ਥਾਟੀ[23] ॥	In her company, thou were bedecked[23] in all the ways[22].	ਉਸ ਦੀ ਸੰਗਤ ਵਿਚ ਤੈਨੂੰ ਸਾਰਿਆਂ ਤਰੀਕਿਆਂ ਨਾਲ[72] ਸ਼ਿੰਗਾਰਿਆ[23] ਜਾਂਦਾ ਸੀ।
ਓਸੁ ਬਿਨਾ ਤੂੰ ਹੋਈ ਹੈ ਮਾਟੀ[24] ॥੩॥	Without her, thou hast become dust[24].	ਉਸ ਦੇ ਬਾਝੋਂ ਤੂੰ ਮਿੱਟੀ[24] ਹੋ ਗਈ ਹੈਂ।
ਓਹੁ[25] ਬੈਰਾਗੀ[26] ਮਰੈ[27] ਨ ਜਾਇ[28] ॥	The[25] detached soul[26] neither dies[27] nor is born[28].	ਉਹ[25] ਨਿਰਲੇਪ ਆਤਮਾ[26] ਨਾ ਮਰਦੀ[27] ਹੈ, ਅਤੇ ਨਾ ਹੀ ਜੰਮਦੀ[28] ਹੈ।
ਹੁਕਮੇ[29] ਬਾਧਾ[30] ਕਾਰ ਕਮਾਇ[31] ॥	It acts[31] subject to[30] Lord's command[29].	ਸੁਆਮੀ ਦੇ ਫ਼ੁਰਮਾਨ[29] ਦੀ ਬੰਨ੍ਹੀ ਹੋਈ[30] ਇਹ ਕੰਮ[31] ਕਰਦੀ ਹੈ।
ਜੋੜਿ[32] ਵਿਛੋੜੇ[33] ਨਾਨਕ ਥਾਪਿ[34] ॥੪॥	O Nanak, having fashioned[34] the body, the Lord unites[32] and separates[33] the soul from it.	ਹੇ ਨਾਨਕ ! ਸਰੀਰ ਨੂੰ ਰਚ ਕੇ[34], ਸੁਆਮੀ ਆਤਮਾ ਨੂੰ ਇਸ ਨਾਲ ਜੋੜਦਾ[32] ਅਤੇ ਇਸ ਨਾਲੋਂ ਵੱਖਰਾ ਕਰ ਦਿੰਦਾ[33] ਹੈ।
ਅਪਨੀ ਕੁਦਰਤਿ[35] ਜਾਣੈ ਆਪਿ ॥੪॥੩੧॥੮੨॥	His Omnipotence[35] the Lord Himself knows.	ਆਪਣੀ ਅਪਾਰ ਸ਼ਕਤੀ[35] ਨੂੰ ਸੁਆਮੀ ਆਪੇ ਹੀ ਜਾਣਦਾ ਹੈ।
ਆਸਾ ਮਹਲਾ ੫ ॥	Asa 5th Guru	ਆਸਾ ਪੰਜਵੀਂ ਪਾਤਸ਼ਾਹੀ।
੩੯੧		
ਨਾ ਓਹੁ ਮਰਤਾ ਨਾ ਹਮ ਡਰਿਆ[36] ॥	He (God) dies not, nor do I fear[36] death.	ਉਹ ਮਰਦਾ ਨਹੀਂ, ਨਾ ਹੀ ਮੈਂ ਮੌਤ ਤੋਂ ਡਰ[36] ਖਾਂਦਾ ਹਾਂ।
ਨਾ ਓਹੁ ਬਿਨਸੈ[37] ਨਾ ਹਮ ਕੜਿਆ[38] ॥	He perishes[37] not, nor do I grieve[38].	ਉਹ ਨਾਸ[37] ਨਹੀਂ ਹੁੰਦਾ, ਨਾ ਹੀ ਮੈਂ ਔਖਾ ਭਾਰਾ[38] ਹੁੰਦਾ ਹਾਂ।
ਨਾ ਓਹੁ ਨਿਰਧਨੁ[39] ਨਾ ਹਮ ਭੂਖੇ[40] ॥	He is not poor[39], nor am I hungry[40].	ਉਹ ਗ਼ਰੀਬ[39] ਨਹੀਂ, ਨਾ ਹੀ ਮੈਂ ਭੁੱਖਾ[40] ਹਾਂ।
ਨਾ ਓਸੁ ਦੂਖੁ[41] ਨ ਹਮ[42] ਕਉ ਦੂਖੇ ॥੧॥	Neither He is in pain[41], nor do I[42] suffer agony.	ਨਾ ਉਸ ਨੂੰ ਤਕਲੀਫ਼[41] ਹੈ ਅਤੇ ਨਾ ਹੀ ਮੈਂ[42] ਕਸ਼ਟ ਉਠਾਉਂਦਾ ਹਾਂ।

ਅਵਰੁ[43] ਨ ਕੋਊ ਮਾਰਨਵਾਰਾ[44] ॥	There is no other[43] Destroyer[44] but God.	ਵਾਹਿਗੁਰੂ ਦੇ ਬਾਝੋਂ ਹੋਰ ਕੋਈ[43] ਮਾਰਨ ਵਾਲਾ[44] ਨਹੀਂ ।
ਜੀਅਉ[45] ਹਮਾਰਾ ਜੀਉ[46] ਦੇਨਹਾਰਾ[47] ॥੧॥ਰਹਾਉ॥	My very life[46] is God, the Giver[47] of life to me. Pause.	ਮੈਨੂੰ ਜਿੰਦ ਜਾਨ[46] ਬਖ਼ਸ਼ਣਹਾਰ[47] ਵਾਹਿਗੁਰੂ ਹੈ, ਮੈਨੂੰ ਜੀਵਨ ਬਖ਼ਸ਼ਦਾ ਹੈ[45] । ਠਹਿਰਾਉ ।
ਨਾ ਉਸੁ ਬੰਧਨ[48] ਨਾ ਹਮ ਬਾਧੇ[49] ॥	He has no entanglements[48], nor am I in bondage[49].	ਉਸ ਨੂੰ ਕੋਈ ਜੰਜਾਲ[48] ਨਹੀਂ, ਤੇ ਨਾ ਹੀ ਮੈਂ ਫਾਥਾ[49] ਹੋਇਆ ਹਾਂ ।
ਨਾ ਉਸੁ ਧੰਧਾ[50] ਨਾ ਹਮ ਧਾਧੇ[51] ॥	Neither He has any worldly occupation[50], nor do I have any engagements[51].	ਨਾ ਹੀ ਉਸ ਨੂੰ ਕੋਈ ਦੁਨੀਆਵੀ ਰੁਝੇਵੇਂ[50] ਹਨ, ਨਾ ਹੀ ਮੈਨੂੰ ਕੋਈ ਕਜੀਏ[51] ।
ਨਾ ਉਸੁ ਮੈਲੁ[52] ਨ ਹਮ ਕਉ ਮੈਲਾ[53] ॥	Neither He has impurity[52], nor have I any filth[53].	ਨਾ ਉਸ ਵਿਚ ਅਪਵਿੱਤ੍ਰਤਾ[52] ਹੈ, ਨਾ ਹੀ ਮੇਰੇ ਵਿਚ ਕੋਈ ਗੰਦਗੀ[53] ।
ਓਸੁ ਅਨੰਦੁ[54] ਤ[55] ਹਮ ਸਦ[56] ਕੇਲਾ[57] ॥੨॥	He is in ecstasy[54], then[55] I am, ever[56] happy[57].	ਉਹ ਪਰਮ ਪਰਸੰਨਤਾ[54] ਵਿਚ ਹੈ, ਤਦ[55] ਮੈਂ ਸਦੀਵ[56] ਹੀ ਖ਼ੁਸ਼[57] ਹਾਂ ।
ਨਾ ਉਸੁ ਸੋਚੁ[58] ਨ ਹਮ ਕਉ ਸੋਚਾ ॥	He has no anxiety[58], nor do I have any care.	ਉਸ ਨੂੰ ਕੋਈ ਚਿੰਤਾ[58] ਨਹੀਂ, ਨਾ ਹੀ ਮੈਨੂੰ ਕੋਈ ਫ਼ਿਕਰ ਹੈ।
ਨਾ ਉਸੁ ਲੇਪੁ[59] ਨ ਹਮ ਕਉ ਪੋਚਾ[60] ॥	He has no defilement[59], nor have I pollution[60].	ਉਸ ਅੰਦਰ ਕੋਈ ਨਾਪਾਕੀ[59] ਨਹੀਂ, ਨਾ ਹੀ ਮੇਰੇ ਵਿਚ ਪਲੀਤੀ[60] ਹੈ ,
ਨਾ ਉਸੁ ਭੂਖ[61] ਨ ਹਮ ਕਉ ਤ੍ਰਿਸਨਾ[62] ॥	He feels no hunger[61], nor do I have any thirst[62].	ਉਸ ਨੂੰ ਕੋਈ ਭੁੱਖ[61] ਨਹੀਂ, ਨਾ ਹੀ ਮੈਨੂੰ ਕੋਈ ਤ੍ਰੇਹ[62] ਹੈ।
ਜਾ[63] ਉਹੁ ਨਿਰਮਲੁ[64]ਤਾਂ[65] ਹਮ ਜਚਨਾ[66] ॥੩॥	When[63] He is immaculate[64], then[65] do I match[66] Him.	ਜਦ[63] ਉਹ ਪਵਿੱਤ੍ਰ[64] ਹੈ, ਤਦ[65] ਮੈਂ ਉਸ ਨੂੰ ਫ਼ਬਦਾ[66] ਹਾਂ ।
ਹਮ[67] ਕਿਛੁ ਨਾਹੀ ਏਕੈ[68] ਓਹੀ ॥	I[67] am nothing, He alone[68] is all-in-all.	ਮੈਂ[67] ਕੁਝ ਭੀ ਨਹੀਂ, ਕੇਵਲ[68] ਓਹੀ ਸਾਰਾ ਕੁਛ ਹੈ ।
ਆਗੈ[69] ਪਾਛੈ[70] ਏਕੋ[71] ਸੋਈ ॥	In the past[69] and the future[70] He alone[71] is.	ਉਹ ਇਕੱਲਾ[71] ਹੀ ਅਰੰਭ[69] ਤੇ ਅਖ਼ੀਰ[70] ਹੈ ।
ਨਾਨਕ ਗੁਰਿ ਖੋਏ[72] ਭ੍ਰਮ[73] ਭੰਗਾ[74] ॥	Nanak, the Guru has dispelled[72] my doubts[73] and demerits[74].	ਨਾਨਕ ਗੁਰਾਂ ਨੇ ਮੇਰੇ ਸੰਦੇਹ[73] ਅਤੇ ਅਉਗੁਣ[74] ਦੂਰ[72] ਕਰ ਦਿਤੇ ਹਨ ।
ਹਮ ਓਇ[75] ਮਿਲਿ[76] ਹੋਏ ਇਕ ਰੰਗਾ[77] ॥੪॥੩੨॥ ੮੩॥	He[75] and I, uniting together[76], have assumed identical colour[77].	ਉਹ[75] ਤੇ ਮੈਂ ਇਕੱਠੇ ਹੋ[76], ਇਕੋ ਹੀ ਰੰਗਤ[77] ਦੇ ਹੋ ਗਏ ਹਾਂ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਅਨਿਕ[78] ਭਾਂਤਿ[79] ਕਰਿ ਸੇਵਾ[80] ਕਰੀਐ ॥	In various[78] ways[79], render thou service[80] unto the Lord.	ਅਨੇਕਾਂ[78] ਤਰੀਕਿਆਂ[79] ਨਾਲ ਤੂੰ ਸਾਹਿਬ ਦੀ ਘਾਲ[80] ਕਮਾ ।
ਜੀਉ[81]ਪ੍ਰਾਨ[82]ਧਨੁ[83]ਆਗੈ[84] ਧਰੀਐ[85] ॥	Place[85] thou before him[84] thy life[81], soul[82] and wealth[83].	ਆਪਣੀ ਜਿੰਦ ਜਾਨ[81], ਆਤਮਾ[82] ਅਤੇ ਦੌਲਤ[83] ਤੂੰ ਉਸ ਦੇ ਮੂਹਰੇ[84] ਰੱਖ[85] ਦੇ ।

ਪਾਨੀ[86] ਪਖਾ[87] ਕਰਉ ਤਜਿ[88] ਅਭਿਮਾਨੁ[89] ॥	Forsaking[88] thy ego[89], carry water[86] and wave fan[87].	ਆਪਣੀ ਹੰਗਤਾ[89] ਨੂੰ ਛੱਡ ਕੇ[88], ਤੂੰ ਜਲ[86] ਢੋ, ਅਤੇ ਪੱਖੀ[87] ਝੱਲ ।
ਅਨਿਕ[90] ਬਾਰ[91] ਜਾਈਐ ਕੁਰਬਾਨੁ[92] ॥੧॥	Many[90] times[91], be thou a sacrifice[92] unto Him.	ਬਹੁਤ[90] ਦਫ਼ਾ[91] ਤੂੰ ਉਸ ਉਤੋਂ ਬਲਿਹਾਰ[92] ਹੋ ।
ਸਾਈ[93] ਸੁਹਾਗਣਿ[94] ਜੋ ਪ੍ਰਭ ਭਾਈ[95] ॥	She alone[93] is the happy wife[94], who is pleasing[95] to her Lord.	ਕੇਵਲ ਓਹੀ[93] ਸਿਰ-ਸਾਂਦੀ ਪਤਨੀ[94] ਹੈ, ਜਿਹੜੀ ਆਪਣੇ ਸੁਆਮੀ ਨੂੰ ਚੰਗੀ ਲਗਦੀ[95] ਹੈ ।
ਤਿਸ[96] ਕੈ ਸੰਗਿ[97] ਮਿਲਉ[98] ਮੇਰੀ ਮਾਈ[99] ॥੧॥ਰਹਾਉ॥	In her[96] society[97] do I move[98], O my mother[99]. Pause.	ਉਸ ਦੀ[96] ਸੰਗਤ[97] ਵਿਚ ਮੈਂ ਉਠਦੀ ਬੈਠਦੀ ਹਾਂ[98], ਹੇ ਮੇਰੀ ਮਾਤਾ[99] ! ਠਹਿਰਾਉ ।
ਦਾਸਨਿ[100] ਦਾਸੀ ਕੀ ਪਨਿਹਾਰਿ[2] ॥	I am the water-carrier[2] of the handmaids of His handmaids[100].	ਮੈਂ ਉਸ ਦੀਆਂ ਟਹਿਲਣਾਂ[100] ਦੀਆਂ ਟਹਿਲਣਾਂ ਦੀ ਪਾਣੀ ਭਰਨ ਵਾਲੀ[2] ਹਾਂ ।
ਉਨ ਕੀ ਰੇਣੁ[3] ਬਸੈ[4] ਜੀਅ[5] ਨਾਲਿ ॥	The dust[3] of their feet, I cherish[4] in my mind[5].	ਉਨ੍ਹਾਂ ਦੇ ਪੈਰਾਂ ਦੀ ਧੂੜ[3] ਮੈਂ ਆਪਣੇ ਮਨ[5] ਵਿਚ ਪਿਆਰ ਨਾਲ ਰੱਖਦੀ[4] ਹਾਂ ।
ਮਾਥੈ[6] ਭਾਗੁ[7] ਤ[8] ਪਾਵਉ ਸੰਗੁ[9] ॥	If good destiny[7] be recorded on my brow[6], then[8] do I obtain their society[9].	ਜੇਕਰ ਚੰਗੀ ਕਿਸਮਤ[7] ਮੇਰੇ ਮੱਥੇ[6] ਤੇ ਲਿਖੀ ਹੋਈ ਹੋਵੇ, ਤਦ[8] ਹੀ ਮੈਂ ਉਨ੍ਹਾਂ ਦੀ ਸੰਗਤ[9] ਨੂੰ ਪਰਾਪਤ ਹੁੰਦੀ ਹਾਂ ।
ਮਿਲੈ ਸੁਆਮੀ[10] ਅਪੁਨੈ ਰੰਗਿ[12] ॥੨॥	Through His pleasure[12], the Spouse[10] has met me.	ਆਪਣੀ ਖੁਸ਼ੀ[12] ਚਾਹੀਂ ਪਤੀ[10] ਮੈਨੂੰ ਮਿਲ ਪਿਆ ਹੈ ।
ਜਾਪ[13] ਤਾਪ[14] ਦੇਵਉ[15] ਸਭ ਨੇਮਾ[16] ॥	Unto Him I surrender[15] all the meditation[13] austerity[14] and religious rites[16].	ਮੈਂ ਸਮੂਹ ਸਿਮਰਨ[13], ਮੁਸ਼ੱਕਤ[14] ਤੇ ਧਾਰਮਕ ਸੰਸਕਾਰ[16] ਉਸ ਨੂੰ ਸਮਰਪਨ[15] ਕਰਦੀ ਹਾਂ ।
ਕਰਮ[17] ਧਰਮ[18] ਅਰਪਉ[19] ਸਭ ਹੋਮਾ[20] ॥	To Him I offer[19] all spiritual[18] duties[17] and incense-burning[20].	ਸਮੂਹ ਧਾਰਮਕ[18] ਫ਼ਰਜ਼[17] ਅਤੇ ਅਗਨੀ-ਹਵਨ[20] ਮੈਂ ਉਸ ਨੂੰ ਭੇਟਾ[19] ਕਰਦੀ ਹਾਂ ।
ਗਰਬੁ[21] ਮੋਹੁ[22] ਤਜਿ[23] ਹੋਵਉ ਰੇਨ[24] ॥	Having renounced[23] ego[21] and secular love[22], I become the dust[24] of saint's feet.	ਹੰਕਾਰ[21] ਅਤੇ ਸੰਸਾਰੀ ਮਮਤਾ[22] ਨੂੰ ਛੱਡ ਕੇ[23] ਮੈਂ ਸਾਧੂਆਂ ਦੇ ਪੈਰਾਂ ਦੀ ਧੂੜ[24] ਹੁੰਦੀ ਹਾਂ ।
ਉਨ ਕੈ ਸੰਗਿ[25] ਦੇਖਉ ਪ੍ਰਭੁ ਨੈਨ[26] ॥੩॥	In their company[25], I behold my Lord, with my eyes[26].	ਉਨ੍ਹਾਂ ਦੀ ਸੰਗਤ[25] ਅੰਦਰ, ਮੈਂ ਆਪਣੇ ਸੁਆਮੀ ਨੂੰ ਆਪਣੀਆਂ ਅੱਖਾਂ[26] ਨਾਲ ਵੇਖਦਾ ਹਾਂ ।
ਨਿਮਖ ਨਿਮਖ[27] ਏਹੀ[28] ਆਰਾਧਉ[29] ॥	Every moment[27] I, thus[28], ponder[29] on the Lord.	ਹਰ ਮੁਹਤ[27], ਮੈਂ ਇਸ ਤਰ੍ਹਾਂ[28] ਸਾਹਿਬ ਦਾ ਸਿਮਰਨ[29] ਕਰਦਾ ਹਾਂ ।
ਦਿਨਸੁ[30] ਰੈਣਿ[31] ਇਹੁ[32] ਸੇਵਾ[33] ਸਾਧਉ[34] ॥	Day[30] and night[31], like this[32], I perform[34] God's service[33].	ਦਿਹੁੰ[30] ਰਾਤ[31], ਮੈਂ ਐਕੁਰ[32] ਵਾਹਿਗੁਰੂ ਦੀ ਘਾਲ[33] ਕਮਾਉਂਦਾ[34] ਹਾਂ ।
ਭਏ[42] ਕ੍ਰਿਪਾਲ[35] [36]ਗੁਪਾਲ[37] [38]ਗੋਬਿੰਦ[39] ॥ ਸਾਧ[40] ਸੰਗਿ ਨਾਨਕ ਬਖਸਿੰਦ[41] ॥੪॥ ੩੩॥੮੪॥	In the society of saints[40], O Nanak, the world[36]-cherisher[37] and the Master[39] of the Universe[38], becomes[42] merciful[35] and forgives[41] the mortal.	ਸਤਿ ਸੰਗਤ[40] ਅੰਦਰ, ਹੇ ਨਾਨਕ ! ਸ੍ਰਿਸ਼ਟੀ[36] ਦਾ ਪਾਲਣ[37] ਪੋਸਣਹਾਰ ਅਤੇ ਆਲਮ[38] ਦਾ ਮਾਲਕ[39] ਮਿਹਰਵਾਨ[35] ਹੋ ਜਾਂਦਾ ਹੈ[42] ਅਤੇ ਪ੍ਰਾਣੀ ਨੂੰ ਮਾਫ਼ ਕਰ ਦਿੰਦਾ ਹੈ ।

ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਪ੍ਰਭ ਕੀ ਪ੍ਰੀਤਿ[43] ਸਦਾ[44] ਸੁਖੁ[45] ਹੋਇ ॥	By Lord's love[43], eternal[44] peace[45] is obtained.	ਸੁਆਮੀ ਦੇ ਪ੍ਰੇਮ[43] ਦੁਆਰਾ ਸਦੀਵੀ[44] ਆਰਾਮ[45] ਮਿਲ ਜਾਂਦਾ ਹੈ ।
ਪ੍ਰਭ ਕੀ ਪ੍ਰੀਤਿ ਦੂਖੁ[46]ਲਗੈ[47] ਨ ਕੋਇ ॥	By Lord's love agony[46] touches[47] man not.	ਸੁਆਮੀ ਦੇ ਪ੍ਰੇਮ ਦੁਆਰਾ, ਆਦਮੀ ਨੂੰ ਕਸ਼ਟ[46] ਨਹੀਂ ਵਾਪਰਦਾ[47] ।
ਪ੍ਰਭ ਕੀ ਪ੍ਰੀਤਿ ਹਉਮੈ[48] ਮਲੁ[49] ਖੋਇ[50] ॥	By Lord's love the filth[49] of egotism[48] is washed away[50].	ਸੁਆਮੀ ਦੇ ਪ੍ਰੇਮ ਦੁਆਰਾ ਹੰਕਾਰ[48] ਦੀ ਗ਼ਿਲਾਜ਼ਤ[49] ਧੋਤੀ ਜਾਂਦੀ ਹੈ[50] ।
ਪ੍ਰਭ ਕੀ ਪ੍ਰੀਤਿ ਸਦ[51] ਨਿਰਮਲ[52] ਹੋਇ ॥੧॥	By Lord's love, man becomes immaculate[52] for ever[51].	ਸੁਆਮੀ ਦੇ ਪ੍ਰੇਮ ਦੁਆਰਾ, ਬੰਦਾ ਹਮੇਸ਼ਾ[51] ਲਈ ਪਵਿੱਤਰ[52] ਹੋ ਜਾਂਦਾ ਹੈ ।
ਸੁਨਹੁ[53]ਮੀਤ[54]ਐਸਾ[55]ਪ੍ਰੇਮ[56] ਪਿਆਰੁ[61] ॥ ਜੀਅ[57]ਪ੍ਰਾਨ[58] ਘਟ ਘਟ[59] ਆਧਾਰੁ[60]॥੧॥ ਰਹਾਉ ॥	Listen[53] O friend[54], bear thou such[55] love[56] and affection[61] to God, who is the support[60] of soul[57], life[58] and every heart[59]. Pause.	ਸ੍ਰਵਣ ਕਰ[53] ਹੇ ਮਿਤ੍ਰ[54] ! ਵਾਹਿਗੁਰੂ ਨਾਲ, ਜੋ ਆਤਮਾ[57] ਜਿੰਦ-ਜਾਨ[58] ਅਤੇ ਹਰ ਦਿਲ[59] ਦਾ ਆਸਰਾ[60] ਹੈ, ਤੂੰ ਐਹੋ ਜੇਹਾ[55] ਪਿਆਰ[56] ਤੇ ਪਿਰਹੜੀ[61] ਪਾ । ਠਹਿਰਾਉ ।
ਪ੍ਰਭ ਕੀ ਪ੍ਰੀਤਿ ਭਏ[62] ਸਗਲ[64] ਨਿਧਾਨ[63] ॥	By Lord's love, are obtained[62] all[64] the treasures[63].	ਸੁਆਮੀ ਦੇ ਪਿਆਰ ਦੁਆਰਾ ਸਾਰੇ[64] ਖ਼ਜ਼ਾਨੇ ਪਰਾਪਤ[62] ਹੋ ਜਾਂਦੇ ਹਨ ।
ਪ੍ਰਭ ਕੀ ਪ੍ਰੀਤਿ ਰਿਦੈ[65] ਨਿਰਮਲ[66] ਨਾਮ ॥	By Lord's Name the pure[66] Name enters the mind[65].	ਸਾਂਈ ਦੇ ਪ੍ਰੇਮ ਦੁਆਰਾ ਪਵਿਤ੍ਰ[66] ਨਾਮ ਮਨ[65] ਅੰਦਰ ਪ੍ਰਵੇਸ਼ ਕਰ ਜਾਂਦਾ ਹੈ ।
ਪ੍ਰਭ ਕੀ ਪ੍ਰੀਤਿ ਸਦ[67] ਸੋਭਾਵੰਤ[68] ॥	Ever[67] embellished[68] is the love of the Lord.	ਸਦੀਵੀ[67] ਸੁਭਾਇਮਾਨ[68] ਹੈ, ਸਾਹਿਬ ਦੀ ਮੁਹੱਬਤ ।
ਪ੍ਰਭ ਕੀ ਪ੍ਰੀਤਿ ਸਭ ਮਿਟੀ[69] ਹੈ ਚਿੰਤ[70] ॥੨॥	By Lord's love all the anxiety[70] is erased[69].	ਸਾਹਿਬ ਦੇ ਪ੍ਰੇਮ ਦੁਆਰਾ ਸਾਰਾ ਫ਼ਿਕਰ[70] ਨਾਸ[69] ਹੋ ਜਾਂਦਾ ਹੈ ।
ਪ੍ਰਭ ਕੀ ਪ੍ਰੀਤਿ ਇਹੁ[71] [72]ਭਵਜਲੁ[73] ਤਰੈ[74] ॥	By Lord's love, man crosses[74] this[71] terrible[72] world ocean[73].	ਸਾਂਈ ਦੇ ਸਨੇਹ ਦੁਆਰਾ ਬੰਦਾ ਇਸ[71] ਭਿਆਨਕ[72] ਸੰਸਾਰ ਸਮੁੰਦਰ[73] ਤੋਂ ਪਾਰ ਹੋ ਜਾਂਦਾ ਹੈ[74] ।
ਪ੍ਰਭ ਕੀ ਪ੍ਰੀਤਿ ਜਮ[75] ਤੇ ਨਹੀ ਡਰੈ ॥	By Lord's love one fears not death[75].	ਸਾਂਈ ਦੇ ਸਨੇਹ ਦੁਆਰਾ ਇਨਸਾਨ ਮੌਤ[75] ਤੋਂ ਨਹੀਂ ਡਰਦਾ ।
ਪ੍ਰਭ ਕੀ ਪ੍ਰੀਤਿ ਸਗਲ ਉਧਾਰੈ[76] ॥	By Lord's love all are saved.[76]	ਸੁਆਮੀ ਦੇ ਸਨੇਹ ਦੁਆਰਾ ਸਾਰਿਆਂ ਦਾ ਪਾਰ ਉਤਾਰਾ ਹੋ ਜਾਂਦਾ ਹੈ[76] ।
ਪ੍ਰਭ ਕੀ ਪ੍ਰੀਤਿ ਚਲੈ[77] ਸੰਗਾਰੈ[78] ॥੩॥	The love of Lord, abides[77] with[78] the mortal.	ਠਾਕੁਰ ਦਾ ਨੇਹੁ ਪ੍ਰਾਣੀ ਦੇ ਨਾਲ[78] ਜਾਂਦਾ[77] ਹੈ ।
ਆਪਹੁ[79] ਕੋਈ ਮਿਲੈ ਨ ਭੂਲੈ[80] ॥	Of himself[79] man is neither united, nor does he go astray[80].	ਆਪਣੇ ਆਪ[79] ਥੀਂ ਨਾ ਇਨਸਾਨ ਮਿਲਦਾ ਹੈ ਤੇ ਨਾ ਹੀ ਉਹ ਕੁਰਾਹੇ ਪੈਂਦਾ ਹੈ[80] ।
ਜਿਸੁ ਕ੍ਰਿਪਾਲ[81] ਤਿਸੁ[82] ਸਾਧ ਸੰਗਿ[83] ਘੂਲੈ[84] ॥	He[82], to whom the Master is merciful[81], joins[84] the congregation of the righteous[83].	ਜਿਸ ਉਤੇ ਮਾਲਕ ਮਿਹਰਬਾਨ[81] ਹੈ, ਉਹ[82] ਸਚਿਆਰਾਂ ਦੀ ਸੰਗਤ[83] ਅੰਦਰ ਜੁੜਦਾ[84] ਹੈ ।

ਕਹੁ ਨਾਨਕ ਤੇਰੈ ਕੁਰਬਾਣੁ[85] ॥	Says Nanak, I am a sacrifice[85] unto Thee.	ਗੁਰੂ ਜੀ ਆਖਦੇ ਹਨ, ਮੈਂ ਤੇਰੇ ਉਤੋਂ ਵਾਰਨੇ[85] ਜਾਂਦਾ ਹਾਂ ।
ਸੰਤ ਓਟ[86] ਪ੍ਰਭ ਤੇਰਾ ਤਾਣੁ[87] ॥੪॥੩੪॥੮੫॥	Thou art the support[86] and strength[87] of the saints, O Lord.	ਤੂੰ ਸਾਧੂਆਂ ਦਾ ਆਸਰਾ[86] ਅਤੇ ਸਤਿਆ[87] ਹੈਂ, ਹੇ ਸੁਆਮੀ !
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਭੂਪਤਿ[88] ਹੋਇ[89] ਕੈ ਰਾਜੁ[90] ਕਮਾਇਆ[91] ॥ ਕਰਿ ਕਰਿ[92] ਅਨਰਥ[93] ਵਿਹਾਝੀ[94] ਮਾਇਆ[95] ॥	Becoming[89] a King[88], the man exercises[91] command[90] and by committing[92] oppression[93], he acquires[94] wealth[95].	ਰਾਜਾ[88] ਬਣ ਕੇ[89] ਆਦਮੀ ਹਕੂਮਤ[90] ਕਰਦਾ[91] ਹੈ ਅਤੇ ਜ਼ੁਲਮ[93] ਕਮਾ ਕੇ[92] ਧਨ-ਦੌਲਤ[95] ਹਾਸਲ ਕਰਦਾ[94] ਹੈ ।
੩੯੨		
ਸੰਚਤ[96] ਸੰਚਤ ਥੈਲੀ[97] ਕੀਨ੍ਹੀ ॥	Amassing[96] and amassing, he fills bags[97] therewith.	ਇਕੱਤਰ[96], ਇਕੱਤਰ ਕਰਕੇ ਉਹ ਉਸ ਨਾਲ ਥੋਰੇ[97] ਭਰ ਲੈਂਦਾ ਹੈ ।
ਪ੍ਰਭ ਉਸ ਤੇ ਡਾਰਿ[98] ਅਵਰ[99] ਕਉ ਦੀਨ੍ਹੀ[100] ॥ ੧॥	Snatching[98] his wealth from him, the Lord gives[100] it to another[99].	ਉਸ ਦੀ ਦੌਲਤ ਉਸ ਕੋਲੋਂ ਖੋਹ ਕੇ[98] ਸੁਆਮੀ ਕਿਸੇ ਹੋਰਸ[99] ਨੂੰ ਦੇ ਦਿੰਦਾ[100] ਹੈ ।
ਕਾਚ[2] ਗਗਰੀਆ[3] ਅੰਭ[4] ਮਝਰੀਆ[5] ॥	The body is an unbaked[2] vessel[3] in[5] water[4].	ਦੇਹਿ ਇਕ ਕੱਚਾ[2] ਭਾਂਡਾ[3] ਪਾਣੀ[4] ਵਿਚ[5] ਹੈ ।
ਗਰਬਿ[6] ਗਰਬਿ ਉਆਹੂ[7] ਮਹਿ[8] ਪਰੀਆ[9] ॥੧॥ ਰਹਾਉ ॥	Practising ego[6] and pride, it crumbles[9] down in[8] that[7] water. Pause.	ਹੰਕਾਰ[6] ਤੇ ਗ਼ਰੂਰ ਕਰ ਕੇ, ਇਹ ਉਸ[7] ਪਾਣੀ ਵਿਚ[8] ਹੀ ਡਿੱਗ ਪੈਂਦੀ ਹੈ[9] । ਠਹਿਰਾਉ ।
ਨਿਰਭਉ[10] ਹੋਇਓ[12] ਭਇਆ[13] ਨਿਹੰਗਾ[14] ॥	Getting[12] fear-free[10], he becomes[13] dauntless[14].	ਨਿਡਰ[10] ਹੋ[12], ਉਹ ਨਿਧੜਕ[14] ਬਣ ਜਾਂਦਾ[13] ਹੈ ।
ਚੀਤਿ[15]ਨ ਆਇਓ ਕਰਤਾ[16] ਸੰਗਾ[17] ॥	He thinks[15] not of the Creator[16], who is with[17] him.	ਉਹ ਸਿਰਜਣਹਾਰ[16] ਨੂੰ ਯਾਦ[15] ਨਹੀਂ ਕਰਦਾ ਜੋ ਉਸ ਦੇ ਨਾਲ[17] ਹੈ ।
ਲਸਕਰ[18] ਜੋੜੇ[19] ਕੀਆ ਸਮਾਹਾ[20] ॥	He raises[19] armies[18] and collects[20] arms.	ਉਹ ਫੌਜਾਂ[18] ਭਰਤੀ ਕਰਦਾ[19] ਅਤੇ ਹਥਿਆਰ ਜਮ੍ਹਾਂ[20] ਕਰਦਾ ਹੈ ।
ਨਿਕਸਿਆ[20]* ਫੂਕ[21] ਤ[22] ਹੋਇ ਗਇਓ ਸੁਆਹਾ[23]॥੧॥	But when breath[21] leaves[20]* him, he becomes ashes[23], then[22].	ਪਰ ਜਦੋਂ ਸੁਆਸ[21] ਉਸ ਵਿਚੋਂ ਨਿਕਲ ਜਾਂਦਾ[20]* ਹੈ, ਤਦ[22] ਉਹ ਰਾਖ[23] ਬਣ ਜਾਂਦਾ ਹੈ ।
ਊਚੇ[24] ਮੰਦਰ[25] ਮਹਲ[26] ਅਰੁ[27] ਰਾਨੀ[28] ॥ ਹਸਤਿ[29] ਘੋੜੇ[30] ਜੋੜੇ[31] ਮਨਿ[32] ਭਾਨੀ[33] ॥ ਵਡ[34]ਪਰਵਾਰੁ[35] ਪੂਤ[36] ਅਰੁ ਧੀਆ[37] ॥	He possesses lofty[24] mansions[25], places[26] and queens[28]. He acquires elephants[29], pairs[31] of horses[30], to delight[33] the mind[32], and[27] he is blessed with a large[34] family[35] of sons[36] and daughters[37].	ਉਸ ਕੋਲ ਉੱਚੇ[24] ਰਾਜ-ਭਵਨ[25], ਮਹਿਲ ਮਾੜੀਆਂ[26], ਪਟਰਾਣੀਆਂ[28], ਚਿੱਤ[32] ਨੂੰ ਖ਼ੁਸ਼[33] ਕਰਨ ਲਈ ਹਾਥੀ[29], ਕੋਤਲਾਂ[30] ਦੇ ਜੁੱਟ[31] ਅਤੇ[23] ਮੁੰਡੇ[36] ਤੇ ਕੁੜੀਆਂ[37] ਦਾ ਭਾਰਾ[34] ਟੱਬਰ[35] ਕਬੀਲਾ ਹੈ ।
ਮੋਹਿ[38]ਪਚੇ[39]ਪਚਿ[40] ਅੰਧਾ[41] ਮੂਆ[42] ॥੩॥	But engrossed[39] in their love[38], the blind man[41] putrefies[40] and dies[42].	ਪਰ ਉਨ੍ਹਾਂ ਦੀ ਮਮਤਾ[38] ਅੰਦਰ ਖਚਤ ਹੋਇਆ ਹੋਇਆ[39] ਮੁਨਾਖਾ ਮਨੁੱਖ[41] ਗਲ ਸੜ[40] ਕੇ ਮਰ[42] ਜਾਂਦਾ ਹੈ ।

ਜਿਨਹਿ ਉਪਾਹਾ[43] ਤਿਨਹਿ ਬਿਨਾਹਾ[44] ॥	He, who created[43] him, has destroyed[44] him.	ਜਿਸ ਨੇ ਉਸ ਨੂੰ ਪੈਦਾ ਕੀਤਾ ਸੀ[43], ਉਸ ਨੇ ਹੀ ਉਸ ਨੂੰ ਮਾਰ ਛਡਿਆ[44] ਹੈ ।
ਰੰਗ[45] ਰਸਾ[46] ਜੈਸੇ[47] ਸੁਪਨਾਹਾ[48] ॥	Pleasures[45] and enjoyments[46] are like[47] a dream[48].	ਰੰਗ ਰਲੀਆਂ[45] ਤੇ ਸੁਆਦ[46] ਸੁਪਨੇ[48] ਦੀ ਮਾਨਿੰਦ[47] ਹਨ ।
ਸੋਈ[49]ਮੁਕਤਾ[50]ਤਿਸੁ ਰਾਜ[51] ਮਾਲੁ[52] ॥ ਨਾਨਕ ਦਾਸ[53] ਜਿਸੁ ਖਸਮੁ[54] ਦਇਆਲੁ[55]॥ ੪॥੩੫॥੮੬॥	He[49] alone is emancipated[50] and possesses empire[51] and wealth[52]. O servant[53] Nanak, unto whom the Lord[54] is merciful[55].	ਓਹੋ[49] ਮੋਖਸ਼[50] ਹੈ ਅਤੇ ਉਸ ਕੋਲ ਹੀ ਪਾਤਸ਼ਾਹੀ[51] ਤੇ ਧਨ-ਦੌਲਤ[52] ਹੈ, ਹੇ ਨੌਕਰ[53] ਨਾਨਕ ! ਜਿਸ ਉਤੇ ਸਾਹਿਬ[54] ਮਿਹਰਬਾਨ[55] ਹੈ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਇਨ[56] ਸਿਉ ਪ੍ਰੀਤਿ[57] ਕਰੀ ਘਨੇਰੀ[58] ॥	Man cherishes much[58] love[57] for this[56] mammon.	ਆਦਮੀ ਇਸ[56] ਦੌਲਤ ਨੂੰ ਬਹੁਤ[58] ਪਿਆਰ[57] ਕਰਦਾ ਹੈ ।
ਜਉ ਮਿਲੀਐ[59] ਤਉ ਵਧੈ ਵਧੇਰੀ[60] ॥	The more he acquires[59] it, the more and greater[60] it becomes.	ਜਿੰਨੀ ਜ਼ਿਆਦਾ ਉਹ ਇਸ ਨੂੰ ਹਾਸਲ ਕਰਦਾ ਹੈ[59], ਓਨਾ ਜ਼ਿਆਦਾ ਤੇ ਬਹੁਤ[60] ਏਹ ਹੋ ਜਾਂਦਾ ਹੈ ।
ਗਲਿ[60]* ਚਮੜੀ[61] ਜਉ[62] ਛੋਡੈ[63] ਨਾਹੀ ॥	Clung[61] round the neck[60], somehow[62], it leaves[63] not the man.	ਗਰਦਨ[60]* ਨੂੰ ਚਿਮੜੀ[61] ਚੋਈ ਇਹ ਕਿਸੇ ਤਰ੍ਹਾਂ[62] ਆਦਮੀ ਨੂੰ ਛਡਦੀ[63] ਨਹੀਂ ।
ਲਾਗਿ[64] ਛੁਟੋ[65] ਸਤਿਗੁਰ ਕੀ ਪਾਈ[66] ॥੧॥	By falling[64] at the True Guru's Feet[66], thou shalt be liberated[65].	ਸੱਚੇ ਗੁਰਾਂ ਦੇ ਪੈਰਾਂ[66] ਨਾਲ ਜੁੜ ਕੇ[64] ਤੂੰ ਖ਼ਲਾਸੀ[65] ਪਾ ਜਾਵੇਂਗਾ ।
ਜਗ[67] ਮੋਹਨੀ[68] ਹਮ ਤਿਆਗਿ[69] ਗਵਾਈ[70] ॥ ਨਿਰਗੁਨੁ[71] ਮਿਲਿਓ ਵਜੀ ਵਧਾਈ[72] ॥੧॥ਰਹਾਉ॥	The world[67] fascinating[68] mammon I have discarded[69] and dispelled[70], and have met the Absolute Lord[71] now, congratulations are pouring in[72] for me. Pause.	ਦੁਨੀਆਂ[67] ਨੂੰ ਫ਼ਰੇਫ਼ਤਾ ਕਰਨ ਵਾਲੀ[68] ਮਾਇਆ ਮੈਂ ਛੱਡ ਕੇ[69] ਦੂਰ ਕਰ ਦਿਤੀ[70] ਹੈ । ਮੈਂ ਅਲੋਪ ਸੁਆਮੀ[71] ਨੂੰ ਮਿਲ ਪਿਆ ਹਾਂ ਅਤੇ ਮੈਨੂੰ ਮੁਬਾਰਕਾਂ ਮਿਲ ਰਹੀਆਂ[72] ਹਨ । ਠਹਿਰਾਉ ।
ਐਸੀ[73] ਸੁੰਦਰਿ[74] ਮਨ ਕਉ ਮੋਹੈ[75] ॥	It is so[73] charming[74] that it captivates[75] the mind.	ਇਹ ਐਹੋ ਜੇਹੀ[73] ਸੁਨੱਖੀ[74] ਹੈ ਕਿ ਇਹ ਮਨ ਨੂੰ ਲਟੂ ਕਰ ਲੈਂਦੀ ਹੈ[75] ।
ਬਾਟਿ[76] ਘਾਟਿ[77] ਗ੍ਰਿਹਿ[78] ਬਨਿ[79] ਬਨਿ[80] ਜੋਹੈ[81] ॥	It affects[81] man on the way[76] and wharf[77] and in the home[78], jungle[79] and wilderness[80].	ਇਹ ਇਨਸਾਨ ਤੇ ਰਸਤੇ[76] ਪੱਤਣ[77] ਉੱਤੇ, ਅਤੇ ਘਰ[78], ਜੰਗਲ[79], ਬੀਆਬਾਨ[80] ਵਿਚ ਅਸਰ ਕਰਦੀ ਹੈ[81] ।
ਮਨਿ[82] ਤਨਿ[83] ਲਾਗੈ ਹੋਇ[84] ਕੈ ਮੀਠੀ[85] ॥	To the mind[82] and body[83], it tastes[84] sweet[85].	ਚਿੱਤ[82] ਅਤੇ ਦੇਹਿ[83] ਨੂੰ ਇਹ ਮਿੱਠੀ[85] ਲਗਦੀ[84] ਹੈ ।
ਗੁਰ ਪ੍ਰਸਾਦਿ[86] ਮੈ ਖੋਟੀ[87] ਡੀਠੀ[88] ॥੨॥	By Guru's grace[86], I have seen[88] it to be deceitful[87].	ਗੁਰਾਂ ਦੀ ਦਇਆ ਦੁਆਰਾ[86] ਮੈਂ ਇਸ ਪੱਤੇਬਾਜ[87] ਨੂੰ ਵੇਖ ਲਿਆ ਹੈ[88] ।
ਅਗਰਕ[89] ਉਸ ਕੇ ਵਡੇ[90] ਠਗਾਊ[91] ॥	Her courtiers[89] are great[90] cheats[91].	ਉਸ ਦੇ ਮਸਾਹਿਬ[89] ਭਾਰੇ[90] ਠੱਗ[91] ਹਨ ।
ਛੋਡਹਿ[92] ਨਾਹੀ ਬਾਪ[93] ਨ ਮਾਊ[94] ॥	They spare[92] not even their father[93] and mother[94].	ਉਹ ਆਪਣੇ ਬਾਬਲ[93] ਤੇ ਅੰਮੜੀ[94] ਨੂੰ ਭੀ ਨਹੀਂ ਛਡਦੇ[92] ।

ਮੇਲੀ[95] ਅਪਨੇ[96] ਉਨਿ[97] ਲੇ ਬਾਂਧੇ[98] ॥	Their[96] associates[95], they[97] have chained[98].	ਆਪਣੇ[96] ਮਿਲਣ ਵਾਲਿਆਂ[95] ਨੂੰ ਉਨ੍ਹਾਂ[97] ਨੇ ਜਕੜ[98] ਲਿਆ ਹੈ ।
ਗੁਰ ਕਿਰਪਾ[99] ਤੇ ਮੈ ਸਗਲੇ ਸਾਧੇ[100] ॥੩॥	By Guru's grace[99], I have subjugated[100] them all.	ਗੁਰਾਂ ਦੀ ਰਹਿਮਤ ਸਦਕਾ[99], ਮੈਂ ਉਨ੍ਹਾਂ ਸਾਰਿਆਂ ਨੂੰ ਨਿੱਸਲ ਕਰ ਲਿਆ ਹੈ[100] ।
ਅਬ[2] ਮੋਰੈ[3] ਮਨਿ ਭਇਆ ਅਨੰਦ[4] ॥ ਭਉ[5] ਚੂਕਾ[6] ਟੂਟੇ[7] ਸਭਿ ਫੰਦ[8] ॥	Now[2], there is happiness[4] within my[3] mind. My fear[5] is gone[6] and my nooses[8] are cut[7].	ਹੁਣ[2] ਮੇਰੇ[3] ਚਿੱਤ ਅੰਦਰ ਖੁਸ਼ੀ[4] ਹੈ । ਮੇਰਾ ਡਰ[5] ਮਿਟ ਗਿਆ ਹੈ[6] ਅਤੇ ਮੇਰੀਆਂ ਸਾਰੀਆਂ ਫ਼ਾਹੀਆਂ[8] ਕੱਟੀਆਂ[7] ਗਈਆਂ ਹਨ ।
ਕਹੁ ਨਾਨਕ ਜਾ[9] ਸਤਿਗੁਰੁ ਪਾਇਆ ॥ ਘਰੁ[10]ਸਗਲਾ[12] ਮੈ ਸੁਖੀ[13] ਬਸਾਇਆ[14] ॥ ੪॥੩੬॥੮੭॥	Says Nanak, when[9] I met my True Guru, I began to abide[14] in my home[10] with all[12] the comfort[13].	ਗੁਰੂ ਜੀ ਫੁਰਮਾਉਂਦੇ ਹਨ, ਜਦ[9] ਮੈਂ ਆਪਣੇ ਸੱਚੇ ਗੁਰਾਂ ਨੂੰ ਮਿਲ ਪਿਆ, ਮੈਂ ਆਪਣੇ ਭੁੱਗੇ[10] ਵਿਚ ਮੁਕੰਮਲ[12] ਆਰਾਮ[13] ਨਾਲ ਵੱਸਣ[14] ਲਗ ਪਿਆ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ[1] ਪਾਤਸ਼ਾਹੀ ।
ਆਠ ਪਹਰ ਨਿਕਟਿ[15] ਕਰਿ ਜਾਨੈ[16] ॥ ਪ੍ਰਭ ਕਾ ਕੀਆ[17] ਮੀਠਾ ਮਾਨੈ[18] ॥	Throughout the eight watches, the saint realises[16] the nearness[15] of the Lord, And to His sweet will[17] he resigns himself[18].	ਅਠੇ ਪਹਿਰ ਸਾਧੂ ਸਾਹਿਬ ਦੀ ਹਜ਼ੂਰੀ[15] ਅਨੁਭਵ[16] ਕਰਦਾ ਹੈ ਅਤੇ ਆਪਣੇ ਆਪ ਨੂੰ ਉਸ ਦੀ ਮਿੱਠੀ ਰਜ਼ਾ[17] ਦੇ ਅਰਪਨ[18] ਕਰਦਾ ਹੈ ।
ਏਕੁ ਨਾਮੁ ਸੰਤਨ ਆਧਾਰੁ[19]॥ ਹੋਇ ਰਹੇ ਸਭ ਕੀ ਪਗ[20] ਛਾਰੁ[21] ॥੧॥	The One Name is the support[19] of His saints and they deem themselves to be the dust[21] of the feet[20] of all.	ਇਕ ਨਾਮ ਹੀ ਸਾਧੂਆਂ ਦਾ ਆਸਰਾ[19] ਹੈ ਅਤੇ ਉਹ ਆਪਣੇ ਆਪ ਨੂੰ ਸਾਰੇ ਪ੍ਰਾਣੀਆਂ ਦੇ ਪੈਰਾਂ[20] ਦੀ ਧੂੜ[21] ਖ਼ਿਆਲ ਕਰਦੇ ਹਨ ।
ਸੰਤ ਰਹਤ[22] ਸੁਨਹੁ[23] ਮੇਰੇ ਭਾਈ[24] ॥	My brother[24], hear[23] thou the way of living[22] of the saints.	ਮੇਰੇ ਵੀਰ[24] ! ਤੂੰ ਸਾਧੂਆਂ ਦੀ ਜੀਵਨ ਰਹੁ ਰੀਤੀ[22] ਸ੍ਰਵਨ ਕਰ[23] ।
ਉਆ[25] ਕੀ ਮਹਿਮਾ[26] ਕਥਨੁ[27] ਨ ਜਾਈ ॥ ੧ ॥ ਰਹਾਉ ॥	Their[25] praise[26] one cannot describe[27]. Pause.	ਉਨ੍ਹਾਂ[25] ਦੀ ਉਪਮਾ[26] ਆਦਮੀ ਬਿਆਨ[27] ਨਹੀਂ ਕਰ ਸਕਦਾ । ਠਹਿਰਾਉ ।
ਵਰਤਣਿ[28] ਜਾਕੈ[29]ਕੇਵਲ[30] ਨਾਮ ॥	Their[29] occupation[28] is the Name alone[30].	ਉਨ੍ਹਾਂ ਦਾ[29] ਕਾਰ ਵਿਹਾਰ[28] ਸਿਰਫ[30] ਨਾਮ ਹੈ ।
ਅਨਦ[31] ਰੂਪ[32] ਕੀਰਤਨੁ[33] ਬਿਸ੍ਰਾਮ[34] ॥	The praise[33] of God, the Embodiment[32] of bliss[31], is their rest[34].	ਪਰਸੰਨਤਾ[31] ਦੇ ਸਰੂਪ[32] ਵਾਹਿਗੁਰੂ ਦਾ ਜੱਸ[33] ਉਨ੍ਹਾਂ ਦਾ ਆਰਾਮ[34] ਹੈ ।
ਮਿਤ੍ਰ[35] ਸਤ੍ਰੂ[36] ਜਾਕੈ ਏਕ ਸਮਾਨੈ[37] ॥	Friends[35] and foes[36] are alike[37] to them.	ਦੋਸਤ[35] ਅਤੇ ਦੁਸ਼ਮਣ[36] ਉਨ੍ਹਾਂ ਲਈ ਇਕ ਬਰਾਬਰ[37] ਹਨ ।
ਪ੍ਰਭ ਅਪੁਨੇ ਬਿਨੁ[38] ਅਵਰੁ[39] ਨ ਜਾਨੈ[40] ॥੨॥	Save[38] their Lord, they know[40] not another[39].	ਆਪਣੇ ਸਾਹਿਬ ਦੇ ਬਗੈਰ[38] ਉਹ ਹੋਰ ਕਿਸੇ[39] ਨੂੰ ਨਹੀਂ ਜਾਣਦੇ[40] ।
ਕੋਟਿ[41] ਕੋਟਿ ਅਘ[42] ਕਾਟਨਹਾਰਾ[43] ॥	They are the erasers[43] of millions[41] upon millions of sins[42].	ਉਹ ਕ੍ਰੋੜਾਂ[41] ਉਤੇ ਕ੍ਰੋੜਾਂ ਪਾਪਾਂ[42] ਨੂੰ ਮੇਟਣ ਵਾਲੇ[43] ਹਨ ।

ਦੂਖ[44]ਦੂਰਿ[47]ਕਰਨ ਜੀਅ[45] ਕੇ ਦਾਤਾਰਾ[46] ॥

They dispel[47] anguish[44] and are the givers[46] of Divine life[45] unto man.

ਉਹ ਗ਼ਮ[44] ਨੂੰ ਨਵਿਰਤ[47] ਕਰ ਵਿੰਦੇ ਹਨ ਅਤੇ ਆਦਮੀ ਨੂੰ ਰੱਬੀ ਜੀਵਨ[45] ਦੇਣ ਵਾਲੇ[46] ਹਨ ।

ਸੂਰਬੀਰ[48] ਬਚਨ ਕੇ ਬਲੀ[49] ॥

They are valiant[48] and men of word[49].

ਉਹ ਬਹਾਦਰ[48] ਅਤੇ ਜ਼ਬਾਨ ਦੇ ਪੱਕੇ[49] ਹਨ ।

ਕਉਲਾ[50] ਬਪੁਰੀ[51] ਸੰਤੀ ਛਲੀ[52] ॥੩॥

There saints have cheated[52] the poor[51] mammon[50].

ਗਰੀਬ[51] ਮਾਇਆ[50] ਨੂੰ ਸਾਧੂਆਂ ਨੇ ਠੱਗ ਲਿਆ[52] ਹੈ ।

ਤਾਕਾ[53] ਸੰਗੁ[54] ਬਾਛਹਿ[55] ਸੁਰ ਦੇਵ[56] ॥

Their[53] association[54] is cherished[55] even by gods of gods[56].

ਉਨ੍ਹਾਂ ਦੀ[53] ਸੰਗਤ[54] ਨੂੰ ਦੇਵਤਿਆਂ ਦੇ ਦੇਵਤੇ[56] ਭੀ ਲੋੜਦੇ[55] ਹਨ ।

ਅਮੋਘ[57] ਦਰਸੁ[58] ਸਫਲ[59] ਜਾਕੀ ਸੇਵ[60] ॥

Accredited[57] is their sight[58] and fruitful[59] their service[60].

ਲਾਭਦਾਇਕ[57] ਹੈ ਉਨ੍ਹਾਂ ਦਾ ਦਰਸ਼ਨ[58] ਅਤੇ ਫ਼ਲਦਾਇਕ[59] ਹੈ ਉਨ੍ਹਾਂ ਦੀ ਟਹਿਲ[60] ।

ਕਰ[61] ਜੋੜਿ[62] ਨਾਨਕੁ ਕਰੇ ਅਰਦਾਸਿ[63] ॥ ਮੋਹਿ ਸੰਤਹ ਟਹਲ[64] ਦੀਜੈ[67] [65]ਗੁਣਤਾਸਿ[66] ॥੪॥੩੭॥ ੮੮॥

With joined[62] hands[61] Nanak makes a supplication[63], O Lord, the Treasure[66] of excellences[65], bless[67] me with the service[64] of the saints.

ਹੱਥ[61] ਬੰਨ੍ਹ ਕੇ[62] ਨਾਨਕ ਇਕ ਪ੍ਰਾਰਥਨਾ ਕਰਦਾ ਹੈ[63], ਹੇ ਉਤਕ੍ਰਿਸ਼ਟਤਾਈਆਂ[65] ਦੇ ਖ਼ਜ਼ਾਨੇ[66], ਸੁਆਮੀ ! ਮੈਨੂੰ ਸਾਧੂਆਂ ਦੀ ਸੇਵਾ[64] ਦੀ ਦਾਤ ਬਖ਼ਸ਼[67] ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਸਗਲ ਸੂਖ ਜਪਿ[68] ਏਕ ਨਾਮ ॥

All the comforts lie in the meditation[68] of the one Name.

ਸਾਰੇ ਆਰਾਮ ਇਕ ਨਾਮ ਦੇ ਸਿਮਰਨ[68] ਵਿਚ ਹਨ ।

ਸਗਲ ਧਰਮ[69] ਹਰਿ ਕੇ ਗੁਣ[70] ਗਾਮ[71] ॥

All the religions[69] are contained in singing[71] God's praises[70].

ਸਾਰੇ ਮਜ਼ਹਬ[69] ਵਾਹਿਗੁਰੂ ਦੀ ਕੀਰਤੀ[70] ਗਾਇਨ[71] ਕਰਨ ਵਿਚ ਆ ਜਾਂਦੇ ਹਨ ।

ੴ

ਮਹਾ[72] ਪਵਿਤ੍ਰ[73] ਸਾਧ ਕਾ[74] ਸੰਗੁ ॥ ਜਿਸੁ ਭੇਟਤ[75] ਲਾਗੈ[76] ਪ੍ਰਭ ਰੰਗੁ[77] ॥੧॥

Supremely[72] pure[73] is the society of saints[74], meeting[75] which the love[77] for the Lord is embraced[76].

ਪਰਮ[72] ਪੁਨੀਤ[73] ਹੈ ਸੰਤਾਂ ਦੀ ਸੰਗਤ[74], ਜਿਸ ਦੇ ਮਿਲਣ ਦੁਆਰਾ[75] ਸੁਆਮੀ ਨਾਲ ਪ੍ਰੇਮ[77] ਪੈ ਜਾਂਦਾ[76] ਹੈ ।

ਗੁਰ ਪ੍ਰਸਾਦਿ[78] ਓਇ[79] ਆਨੰਦ[80] ਪਾਵੈ ॥

By Guru's grace[78], he[79] attains Divine bliss[80].

ਗੁਰਾਂ ਦੀ ਰਹਿਮਤ[78] ਸਦਕਾ ਉਹ[79] ਰੱਬੀ ਖੁਸ਼ੀ[80] ਪਾ ਲੈਂਦਾ ਹੈ ।

ਜਿਸੁ ਸਿਮਰਤ[81] ਮਨਿ ਹੋਇ ਪ੍ਰਗਾਸਾ[82] ਤਾਕੀ[83] ਗਤਿ[84] ਮਿਤਿ[85] ਕਹਨੁ[86] ਨ ਜਾਵੈ॥ ੧॥ਰਹਾਉ॥

Whose mind is illumined[82] by remembering[81] God. His[83] condition[84] and limit[85] cannot be described[86]. Pause.

ਜਿਸ ਦਾ ਆਰਾਧਨ[81] ਕਰਨ ਦੁਆਰਾ ਚਿੱਤ ਰੌਸ਼ਨ[82] ਹੋ ਜਾਂਦਾ ਹੈ, ਉਸ[83] ਦੀ ਦਸ਼ਾ[84] ਅਤੇ ਅੰਦਾਜ਼ਾ[85] ਬਿਆਨ[86] ਨਹੀਂ ਕੀਤੇ ਜਾ ਸਕਦੇ । ਠਹਿਰਾਉ ।

ਵਰਤ[87] ਨੇਮ[88] ਮਜਨ[89] ਤਿਸੁ[90] ਪੂਜਾ ॥ ਬੇਦ ਪੁਰਾਨ ਤਿਨਿ[93] ਸਿੰਮ੍ਰਿਤਿ ਸੁਨੀਜਾ[92] ॥

All the fastings[87], religious vows[88], ablutions[89] and worship[91] to him[93] lie in the rememberance of God, and also lies therein the hearing[92] of Vedas, Puranas and the Simirtis.

ਜੋ ਵਾਹਿਗੁਰੂ ਨੂੰ ਯਾਦ ਕਰਦਾ ਹੈ, ਉਸ ਨੂੰ ਇਸੇ ਵਿੱਚ ਹੀ ਉਪਹਾਸ[87], ਧਾਰਮਕ ਪ੍ਰਤੱਗਿਆ[88], ਇਸ਼ਨਾਨ[89] ਤੇ ਉਪਾਸ਼ਨਾ[91] ਦਾ ਕਰਨਾ ਅਤੇ ਵੇਦਾਂ, ਪੁਰਾਣਾਂ ਤੇ ਸਿਮਰਤੀਆਂ ਦਾ ਸੁਣਨਾ[92] ਆ ਜਾਂਦਾ ਹੈ ।

ਮਹਾ[94] ਪੁਨੀਤ[95] ਜਾਕਾ[96] ਨਿਰਮਲ[97] ਥਾਨੁ[98] ॥ ਸਾਧ ਸੰਗਤਿ ਜਾਕੈ[99] ਹਰਿ ਹਰਿ[100] ਨਾਮੁ ॥੨॥	Exceedingly[94] pure[95] is he, who[99] in the saints society, meditates on Lord God's Name[100] and pure[97] is his[96] abode[98].	ਪਰਮ[94] ਪਵਿੱਤਰ[95] ਹੈ ਉਹ ਜੋ[99] ਸਤਿਸੰਗਤ ਅੰਦਰ ਵਾਹਿਗੁਰੂ ਸੁਆਮੀ[100] ਦੇ ਨਾਮ ਦਾ ਸਿਮਰਨ ਕਰਦਾ ਹੈ ਅਤੇ ਪਵਿੱਤਰ[97] ਹੈ ਉਸ ਦਾ[96] ਨਿਵਾਸ ਅਸਥਾਨ[98]।
ਪ੍ਰਗਟਿਓ[2] ਸੋ[3] ਜਨੁ[4] ਸਗਲੇ ਭਵਨ[5] ॥	That[3] man[4] becomes manifest[2] in the whole world[5].	ਉਹ[3] ਆਦਮੀ[4] ਸਾਰੇ ਜਹਾਨ[5] ਵਿਚ ਉੱਘਾ ਹੋ ਜਾਂਦਾ[2] ਹੈ।
ਪਤਿਤ[6] ਪੁਨੀਤ[7] ਤਾਕੀ[8] ਪਗ[9] ਰੇਨ[10] ॥	With the dust[10] of his[8] Feet[9], the sinners[6] are rendered pure[7].	ਉਸ ਦੇ[8] ਪੈਰਾਂ[9] ਦੀ ਧੂੜ[10] ਨਾਲ ਪਾਪੀ[6] ਪਵਿੱਤਰ[7] ਹੋ ਜਾਂਦੇ ਹਨ।
ਜਾ ਕਉ[12] ਭੇਟਿਓ[13] ਹਰਿ ਹਰਿ[14] ਰਾਇ[15] ॥ ਤਾਕੀ[16] ਗਤਿ[17] ਮਿਤਿ[18] ਕਥਨੁ[19] ਨ ਜਾਇ ॥੩॥	To whom[12] the Sovereign[15] Lord Master[14] has met[13], his[16] condition[17] and limit[18] cannot be described[19].	ਜਿਸ ਨੂੰ[12] ਪਾਤਸ਼ਾਹ[15] ਪ੍ਰਭੂ ਪਰਮੇਸ਼ਰ[14] ਮਿਲ ਪਿਆ[13] ਹੈ, ਉਸ ਦੀ[16] ਅਵਸਥਾ[17] ਅਤੇ ਕੀਮਤ[18] ਬਿਆਨ[19] ਨਹੀਂ ਕੀਤੀ ਜਾ ਸਕਦੀ।
ਆਠ ਪਹਰ[20]ਕਰ[21] ਜੋੜਿ[22] ਧਿਆਵਉ[23] ॥ ਉਨ[24]ਸਾਧਾ ਕਾ ਦਰਸਨੁ[25] ਪਾਵਉ ॥	Day and night[20], with folded[22] hands[21], I contemplate[23] over the Lord, and see the sight[25] of those[24] saints.	ਦਿਹੁੰ ਰੈਣ[20] ਹਥ[21] ਬੰਨ੍ਹ ਕੇ[22] ਮੈਂ ਸੁਆਮੀ ਦਾ ਸਿਮਰਨ[23] ਕਰਦਾ ਹਾਂ ਅਤੇ ਉਨ੍ਹਾਂ[24] ਸਾਧੂਆਂ ਦਾ ਦੀਦਾਰ[25] ਦੇਖਦਾ ਹਾਂ।
ਮੋਹਿ[26] ਗਰੀਬ[27] ਕਉ ਲੇਹੁ ਰਲਾਇ[28] ॥	Join[28] me[26], the poor[27] one, with Thee, O Lord.	ਮੈਂ[26] ਗਰੀਬੜੇ[27] ਨੂੰ ਆਪਣੇ ਨਾਲ ਮਿਲਾ ਲੈ[28], ਹੇ ਸੁਆਮੀ!
ਨਾਨਕ ਆਇ[29] ਪਏ[30] ਸਰਣਾਇ[31] ॥ ੪ ॥ ੩੮ ॥ ੮੯॥	Nanak has come[29] and entered[30] Thine sanctuary[31].	ਨਾਨਕ ਨੇ ਆ ਕੇ[29] ਤੇਰੀ ਪਨਾਹ[31] ਲੈ ਲਈ ਹੈ[30]।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਆਠ ਪਹਰ[32] ਉਦਕ[33] ਇਸਨਾਨੀ[34] ॥ ਸਦ[35] ਹੀ ਭੋਗੁ ਲਗਾਇ[36] ਸੁ[37] ਗਿਆਨੀ[38] ॥	Our salagram (a Hindu idol) God is, such that takes bath[34] in water[33], all the eight watches[32] of the day and banquets[46] for ever[35] and ever. He is all pure[37] gnosis[38].	ਸਾਡਾ ਸ੍ਰੇਸ਼ਟ ਗਿਆਨ ਵਾਲਾ ਸਾਲਗਰਾਮ, ਦਿਨ ਦੇ ਅਠੇ ਪਹਿਰ[32] ਹੀ ਪਾਣੀ[33] ਵਿਚ ਮਜਨ ਕਰਦਾ ਹੈ[34] ਅਤੇ ਹਮੇਸ਼ਾ[35] ਭੋਜਨ ਪਾਉਂਦਾ ਰਹਿੰਦਾ[36] ਹੈ।
ਬਿਰਥਾ[39] ਕਾਹੂ ਛੋਡੈ[40] ਨਾਹੀ ॥	He leaves[40] none without[39] sustenance.	ਉਹ ਆਹਾਰ ਦੇ ਬਗੈਰ[39] ਕਿਸੇ ਨੂੰ ਨਹੀਂ ਛਡਦਾ[40]।
ਬਹੁਰਿ ਬਹੁਰਿ[41] ਤਿਸੁ[42] ਲਾਗਹ[43] ਪਾਈ[44] ॥੧॥	Again and again[41], I fall[43] at His[42] Feet[44].	ਮੁੜ ਮੁੜ ਕੇ[41] ਮੈਂ ਉਸ ਦੇ[42] ਪੈਰਾਂ[44] ਉੱਤੇ ਪੈਂਦਾ[43] ਹਾਂ।
ਸਾਲਗਿਰਾਮੁ ਹਮਾਰੈ[45] ਸੇਵਾ[46] ॥	Such a Salagram (a Hindu idol) serve[46] I[45].	ਐਹੋ ਜੇਹੇ ਸਾਲਗਰਾਮ ਦੀ ਮੈਂ[45] ਚਾਕਰੀ ਕਰਦਾ[46] ਹਾਂ।
ਪੂਜਾ[47] ਅਰਚਾ[48] ਬੰਦਨ[49] ਦੇਵਾ[50] ॥ ੧ ॥ ਰਹਾਉ ॥	Unto God[50] is my worship[47], flower-offering[48] and obeisance[49]. Pause.	ਵਾਹਿਗੁਰੂ[50] ਪ੍ਰਤੀ ਹੀ ਮੇਰੀ ਉਪਾਸ਼ਨਾ[47], ਫੁੱਲ-ਭੇਟ[48] ਅਤੇ ਨਮਸਕਾਰ[49] ਹੈ। ਠਹਿਰਾਉ।

ਘੰਟਾ[51] ਜਾਕਾ[52] ਸੁਨੀਐ ਚਹੁ ਕੁੰਟ[53] ॥	My Salagram is God, whose[52] bell[51] is heard in the world's four corners[53].	ਮੇਰਾ ਸਾਲਗਰਾਮ ਵਾਹਿਗੁਰੂ ਹੈ, ਜਿਸ ਦਾ[52] ਟੱਲ[51] ਦੁਨੀਆਂ ਦੇ ਚਾਰੇ ਨੁਕਰਾਂ[53] ਵਿਚ ਸੁਣਾਈ ਦਿੰਦਾ ਹੈ।
ਆਸਨੁ[54] ਜਾ ਕਾ ਸਦਾ ਬੈਕੁੰਠ[55] ॥ ਜਾਕਾ ਚਵਰੁ[56] ਸਭ ਊਪਰਿ ਝੂਲੈ[57] ਤਾਕਾ[58] ਧੂਪੁ[59] ਸਦਾ[60] ਪਰਫੂਲੈ[61] ॥ ੨॥	Whose seat[54] is ever in the heaven[55], Whose fly-brush[56] waves[57] over all. Whose[58] incense[59] is, ever perfuming[61].	ਜਿਸ ਦਾ ਟਿਕਾਣਾ[54] ਹਮੇਸ਼ਾ ਹੀ ਸੱਚ ਖੰਡ[55] ਵਿਚ ਹੈ। ਜਿਸ ਦਾ ਚਉਰ[56] ਸਾਰਿਆਂ ਦੇ ਉਤੇ ਝੂਲਦਾ[57] ਹੈ ਅਤੇ ਜਿਸ ਦੀ[58] ਹੋਮ-ਸਮਗਰੀ[59], ਹਮੇਸ਼ਾ[60] ਮਹਿਕਦੀ[61] ਰਹਿੰਦੀ ਹੈ।
ਘਟਿ ਘਟਿ[62] ਸੰਪਟੁ[63] ਹੈ ਰੇ ਜਾਕਾ ॥	Every heart[62] is His casket[63].	ਹਰ ਦਿਲ[62] ਉਸ ਦਾ ਡੱਬਾ[63] ਹੈ।
ਅਭਗ[64] ਸਭਾ[65] ਸੰਗਿ ਹੈ ਸਾਧਾ ॥	Saints' congregation is His imperishable[64] court[65].	ਸਤਿ ਸੰਗਤ ਉਸ ਦੀ ਅਬਿਨਾਸੀ[64] ਕਚਹਿਰੀ[65] ਹੈ।
ਆਰਤੀ[66]ਕੀਰਤਨੁ[67]ਸਦਾ[68] ਅਨੰਦ[69] ॥	His present adoration[66] consists in singing His praises[67], which bestow lasting[68] bliss[69].	ਸਦੀਵੀ[68] ਪ੍ਰਸੰਨਤਾ[69] ਬਖਸ਼ਣ ਵਾਲਾ ਉਸ ਦਾ ਜੱਸ ਗਾਇਨ ਕਰਨਾ[67] ਹੀ, ਉਸ ਦੀ ਸਨਮੁਖ ਉਪਾਸ਼ਨਾ[66] ਹੈ।
ਮਹਿਮਾ[70] ਸੁੰਦਰ[71] ਸਦਾ ਬੇਅੰਤ[72] ॥੩॥	His greatness[70] is beauteous[71] and ever limitless[72].	ਉਸ ਦੀ ਵਿਸ਼ਾਲਤਾ[70] ਸੋਹਣੀ[71] ਅਤੇ ਹਮੇਸ਼ਾ ਹੀ ਬੇਓੜਕ[72] ਹੈ।
ਜਿਸਹਿ ਪਰਾਪਤਿ[73] ਤਿਸ ਹੀ[74] ਲਹਨਾ[75] ॥ ਸੰਤ ਚਰਨ[76] ਓਹੁ ਆਇਓ ਸਰਨਾ[77] ॥	Who comes under the protection[77] of saints' feet[76] and is destined to obtain[73] it, he alone[74] receives[75] such a stone-god.	ਜੋ ਸਾਧੂਆਂ ਦੇ ਪੈਰਾਂ[76] ਦੀ ਪਨਾਹ[77] ਹੇਠ ਆਉਂਦਾ ਹੈ ਅਤੇ ਜਿਸ ਲਈ ਇਸ ਦੀ ਪਰਾਪਤੀ[73] ਲਿਖੀ ਹੋਈ ਹੈ, ਕੇਵਲ ਓਹੀ[74] ਐਸੇ ਪੱਥਰ ਦੇ ਦੇਵਤੇ ਨੂੰ ਪਾਉਂਦਾ ਹੈ।
ਹਾਥ[78] ਚੜਿਓ ਹਰਿ ਸਾਲਗਿਰਾਮੁ[79] ॥	I have obtained[78] God as the stone-god[79].	ਮੈਂ ਵਾਹਿਗੁਰੂ ਨੂੰ ਪੱਥਰ ਦੇ ਦੇਵਤੇ[79] ਵਜੋਂ ਪਰਾਪਤ[78] ਕੀਤਾ ਹੈ।
ਕਹੁ[80] ਨਾਨਕ ਗੁਰਿ ਕੀਨੋ ਦਾਨੁ[82] ॥੫॥੩੯॥੯੦॥	Says[80] Nanak, the Guru has given me this gift[82].	ਗੁਰੂ ਜੀ ਆਖਦੇ ਹਨ[80], ਗੁਰਾਂ ਨੇ ਮੈਨੂੰ ਇਹ ਦਾਤ ਬਖਸ਼ੀ ਹੈ[82]।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਪੰਚਪਦਾ ॥	Panchpada.	ਪੰਚਪਦਾ।
ਜਿਹ ਪੈਡੈ[81] ਲੂਟੀ[83] ਪਨਿਹਾਰੀ[84] ॥ ਸੋ[85]ਮਾਰਗੁ[86] ਸੰਤਨ ਦੂਰਾਰੀ[87] ॥੧॥	The highway[81] on which she carrier of the water of passions is plundered[83], that[85] road[86] is far[87] from the saints.	ਜਿਸ ਸੜਕ[84] ਤੇ ਵਿਸ਼ਿਆਂ ਵਿਕਾਰਾਂ ਦਾ ਪਾਣੀ ਭਰਨ ਵਾਲੀ ਲੁੱਟੀ ਗਈ ਹੈ[83], ਉਹ[85] ਰਸਤਾ[86] ਸਾਧੂਆਂ ਕੋਲੋਂ ਦੂਰ[87] ਹੈ।
ਸਤਿਗੁਰ ਪੂਰੈ ਸਾਚੁ ਕਹਿਆ[88] ॥	The True Guru has told[88] the truth.	ਸੱਚੇ ਗੁਰਾਂ ਨੇ ਸੱਚ ਆਖਿਆ[88] ਹੈ।
ਨਾਮ ਤੇਰੇ ਕੀ ਮੁਕਤੇ[89] ਬੀਥੀ[90]ਜਮ[91] ਕਾ ਮਾਰਗੁ[92] ਦੂਰਿ[93] ਰਹਿਆ ॥੧॥ ਰਹਾਉ॥	Thy Name, O Lord, is the way[90] of salvation[89], and the road[92] of Death's Couriers[91] is far away[93] from it. Pause.	ਤੇਰਾ ਨਾਮ ਹੇ ਪ੍ਰਭੂ! ਮੋਖ਼ਸ਼[89] ਦਾ ਰਸਤਾ[90] ਹੈ ਅਤੇ ਮੌਤ ਦੇ ਦੂਤਾਂ[91] ਦਾ ਰਾਹ[92] ਇਸ ਤੋਂ ਬਹੁਤ ਦੂਰੇਡੇ[93] ਰਹਿ ਜਾਂਦਾ ਹੈ। ਠਹਿਰਾਉ।

ਜਹ[94] ਲਾਲਚ[95]ਜਾਗਾਤੀ[96] ਘਾਟ[97] ॥ ਦੂਰਿ ਰਹੀ ਉਹ[98] ਜਨ[99] ਤੇ ਬਾਟ[100]॥ ੨॥	The place[97] where[94] the greedy[95] toll-gatherer[96] taxes the mortals, that[98] path[100] is removed away from Lord's Slave[99].	ਪੱਤਣ[97], ਜਿਥੇ[94] ਲਾਲਚੀ[95] ਮਸੂਲੀਆਂ[96], ਪ੍ਰਾਣੀਆਂ ਪਾਸੋਂ ਚੁੰਗੀ ਵਸੂਲ ਕਰਦਾ ਹੈ, ਉਹ[98] ਰਾਹ[100] ਸੁਆਮੀ ਦੇ ਗੋਲੇ[99] ਪਾਸੋਂ ਦੂਰੇਡੇ ਰਹਿ ਜਾਂਦਾ ਹੈ।
ਜਹ[2] ਆਵਟੇ[3] ਬਹੁਤ[4] ਘਨ[5] ਸਾਥ[6] ॥ ਪਾਰਬ੍ਰਹਮ[7] ਕੇ ਸੰਗੀ[8] ਸਾਧ ॥੩॥	Where[2] very[4] many[5] caravans[6] of men are tortured[3], there the saints remain in the company[8] of the Transcendent Lord[7].	ਜਿਥੇ[2] ਬੰਦਿਆਂ ਦੇ ਖਰੇ[4] ਹੀ ਜ਼ਿਆਦਾ[5] ਕਾਫ਼ਲਿਆਂ[6] ਨੂੰ ਤਸੀਹੇ ਦਿਤੇ ਜਾਂਦੇ ਹਨ[3], ਉਥੇ ਸੰਤ ਪਰਮ ਪ੍ਰਭੂ[7] ਦੀ ਸੰਗਤ[8] ਅੰਦਰ ਵਿਚਰਦੇ ਹਨ।
ਚਿਤ੍ਰ ਗੁਪਤੁ[9] ਸਭ[10] ਲਿਖਤੇ[12] ਲੇਖਾ[13] ॥ ਭਗਤ ਜਨਾ[14] ਕਉ ਦ੍ਰਿਸਟਿ[15] ਨ ਪੇਖਾ[16] ॥੪॥	The recording angels[9] write[12] the accounts[13] of all[10] the mortals, but the saintly persons[14], they see[16] not with the eye[15].	ਲਿਖਣ ਵਾਲੇ ਫ਼ਰਿਸ਼ਤੇ[9] ਸਾਰਿਆਂ[10] ਜੀਵਾਂ ਦੇ ਹਿਸਾਬ ਕਿਤਾਬ[13] ਲਿਖਦੇ ਹਨ, ਪਰ ਨੇਕ ਪੁਰਸ਼[14] ਨੂੰ ਅੱਖ[15] ਨਾਲ ਨਹੀਂ ਵੇਖਦੇ[16]।
ਕਹੁ ਨਾਨਕ ਜਿਸੁ[17]ਸਤਿਗੁਰੁ ਪੂਰਾ[18] ॥ ਵਾਜੇ[19] ਤਾਕੈ[20] ਅਨਹਦ[21] ਤੂਰਾ[22] ॥੫॥ ੪੦॥੯੧॥	Says Nanak, for him[20], whose[17] Satguru is perfect[18], the unblown[21] trumpets[22] of bliss play[19].	ਗੁਰੂ ਜੀ ਆਖਦੇ ਹਨ, ਜਿਸ ਦਾ[17] ਸਤਿਗੁਰੂ ਪੂਰਨ[18] ਹੈ ਉਸ[20] ਲਈ ਖੁਸ਼ੀ ਦੇ ਬਿਗਲ[22] ਬਿਨਾ ਵਜਾਏ[21] ਵਜਦੇ[19] ਹਨ।
ਆਸਾ ਮਹਲਾ ੫ ਦੁਪਦਾ ੧ ॥	Asa 5th Guru. Dupada.	ਆਸਾ ਪੰਜਵੀਂ ਪਾਤਸ਼ਾਹੀ। ਦੁਪਦਾ।
ਸਾਧੂ ਸੰਗਿ ਸਿਖਾਇਓ[23] ਨਾਮੁ ॥ ਸਰਬ[24] ਮਨੋਰਥ[25] ਪੂਰਨ[26] ਕਾਮੁ[27] ॥	The saints' society teaches[23] the Name's meditation, wherewith all[24] the desires[25] and tasks[27] are fulfilled[26].	ਸਤਿ ਸੰਗਤ ਨਾਮ ਦਾ ਸਿਮਰਨ ਦਰਸਾਉਂਦੀ[23] ਹੈ, ਜਿਸ ਦੁਆਰਾ ਸਾਰੀਆਂ[24] ਖਾਹਿਸ਼ਾਂ[25] ਅਤੇ ਕਾਰਜ[27] ਸੰਪੂਰਣ ਹੋ ਜਾਂਦੇ ਹਨ[26]।
ਬੁਝਿ[28] ਗਈ ਤ੍ਰਿਸਨਾ[29]ਹਰਿ ਜਸਹਿ[30] ਅਘਾਨੇ[31] ॥	Sated[31] with God's praise[30], my thirst[29] is quenched[28].	ਰੱਬ ਦੀ ਕੀਰਤੀ[30] ਨਾਲ ਰੱਜ ਜਾਣ[31] ਦੁਆਰਾ ਮੇਰੀ ਤ੍ਰੇਹ[29] ਬੁਝ ਗਈ ਹੈ[28]।
ਜਪਿ ਜਪਿ[32] ਜੀਵਾ[33] ਸਾਰਿੰਗ[34] ਪਾਨੇ[35] ॥੧॥	I live[33] by continually contemplating[32] over God, the Sustainer of earth[34] in His hand[35].	ਧਰਤੀ[34] ਨੂੰ ਹੱਥ[35] ਵਿਚ ਧਾਰਨ ਵਾਲੇ ਹਰੀ ਨੂੰ ਮੈਂ ਲਗਾਤਾਰ ਆਰਾਧ ਕੇ[32] ਜੀਉਂਦਾ[33] ਹਾਂ।
ਕਰਨ[36]ਕਰਾਵਨ[37]ਸਰਨਿ[38] ਪਰਿਆ[39] ॥	I have entered[39] the sanctuary[38] of the Doer[36] and Prompter[37].	ਖੁਦ ਕਰਨ[36] ਅਤੇ ਹੋਰਨਾਂ ਤੋਂ ਕਰਾਉਣ ਵਾਲੇ[37] ਦੀ ਮੈਂ ਸਰਣਾਗਤ[38] ਸੰਭਾਲੀ[39] ਹੈ।
ਗੁਰ ਪਰਸਾਦਿ[40] ਸਹਜ[41] ਘਰੁ ਪਾਇਆ ਮਿਟਿਆ[42] ਅੰਧੇਰਾ[43]ਚੰਦੁ[44]ਚੜਿਆ[45]॥ ੧॥ਰਹਾਉ॥	By Guru's grace[40], I have easily obtained[41] the home of bliss. The darkness[43] is dispelled[42] and the moon[44] of wisdom has risen[45]. Pause.	ਗੁਰਾਂ ਦੀ ਮਿਹਰ ਦੁਆਰਾ[40] ਮੈਨੂੰ ਪਰਸੰਨਤਾ[41] ਦਾ ਗ੍ਰਹਿ ਪਰਾਪਤ ਹੋ ਗਿਆ ਹੈ। ਅਨ੍ਹੇਰਾ[43] ਦੂਰ ਹੋ ਗਿਆ[42] ਹੈ ਅਤੇ ਦਾਨਾਈ ਦਾ ਚੰਨ[44] ਚੜ੍ਹ ਪਿਆ ਹੈ[45]। ਠਹਿਰਾਉ।
੩੯੪ ਲਾਲ[46] ਜਵੇਹਰ[47] ਭਰੇ[48] ਭੰਡਾਰ[49] ॥	With gems[46] and jewels[47] my treasures[49] are full[48].	ਹੀਰਿਆਂ[46] ਤੇ ਜਵਾਹਿਰਾਤਾਂ[47] ਨਾਲ ਮੇਰੇ ਖਜ਼ਾਨੇ[49] ਪਰੀ ਪੂਰਨ[48] ਹਨ।

ਤੋਟਿ[50] ਨ ਆਵੈ ਜਪਿ[51] ਨਿਰੰਕਾਰ[52] ॥	By remembering[51] the Formless[52], they exhaust[50] not.	ਰੂਪ-ਰਹਿਤ[52] ਵਾਹਿਗੁਰੂ ਨੂੰ ਚੇਤੇ ਕਰਨ ਦੁਆਰਾ[51] ਉਹ ਮੁਕਦੇ[50] ਨਹੀਂ।
ਅੰਮ੍ਰਿਤੁ[53] ਸਬਦੁ[54] ਪੀਵੈ[55] ਜਨੁ[56] ਕੋਇ[57] ॥	Rare[57] is the person[56], who drinks[55] the Name[54] Nectar[53].	ਕੋਈ ਵਿਰਲਾ[57] ਪੁਰਸ਼[56] ਹੀ ਨਾਮ[54] ਸੁਧਾਰਸ[53] ਨੂੰ ਪਾਨ ਕਰਦਾ ਹੈ[55]।
ਨਾਨਕ ਤਾਕੀ[58] ਪਰਮ[59] ਗਤਿ[60] ਹੋਇ ॥੨॥੪੧॥ ੯੨॥	Nanak, he[58] attains to the supreme[59] dignity[60].	ਨਾਨਕ ਉਹ[58] ਮਹਾਨ[59] ਮਰਤਬੇ[60] ਨੂੰ ਪਾ ਲੈਂਦਾ ਹੈ।
ਆਸਾ ਘਰੁ ੭ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਹਰਿ ਕਾ ਨਾਮੁ ਰਿਦੈ[61] ਨਿਤ[62] ਧਿਆਈ[63] ॥	God's Name, do I, ever[62], remember[63] in my mind[61].	ਰੱਬ ਦੇ ਨਾਮ ਨੂੰ ਮੈਂ ਸਦਾ[62] ਹੀ ਆਪਣੇ ਚਿੱਤ[61] ਵਿਚ ਸਿਮਰਦਾ[63] ਹਾਂ।
ਸੰਗੀ[64] ਸਾਥੀ[65] ਸਗਲ[65] ਤਰਾਂਈ[67] ॥੧॥	Thus I save[67] all[66] my associates[64] and comrades[65].	ਐਕੁਰ ਮੈਂ ਆਪਣੇ ਸਾਰੇ[66] ਮੇਲੀਆਂ[64] ਅਤੇ ਹਮਜੋਲੀਆਂ[65] ਨੂੰ ਬਚਾ[67] (ਤਾਰ) ਲੈਂਦਾ ਹਾਂ।
ਗੁਰੁ ਮੇਰੈ ਸੰਗਿ[68] ਸਦਾ[69] ਹੈ ਨਾਲੇ[70] ॥	The Guru is ever[69] with[68] and near[70] me.	ਗੁਰੂ ਹਮੇਸ਼ਾ[69] ਹੀ ਮੇਰੇ ਸਾਥ[68] ਅਤੇ ਨੇੜੇ[70] ਹੈ।
ਸਿਮਰਿ ਸਿਮਰਿ[71] ਤਿਸੁ[72] ਸਦਾ[73] ਸਮ੍ਹਾਲੇ[74] ॥੧॥ ਰਹਾਉ॥	I continuously contemplate[71] over and ever[73] remember[74] Him[72]. Pause.	ਮੈਂ ਉਸ ਨੂੰ[72] ਲਗਾਤਾਰ ਯਾਦ ਕਰਦਾ[71] ਅਤੇ ਨਿਤ[73] ਸਿਮਰਦਾ[74] ਹਾਂ। ਠਹਿਰਾਉ।
ਤੇਰਾ ਕੀਆ[75] ਮੀਠਾ[76] ਲਾਗੈ[77] ॥	Thine doings[75] seem[77] sweet[76] unto me.	ਤੇਰੇ ਕਰਤਬ[75] ਮੈਨੂੰ ਮਿਠੜੇ[76] ਲਗਦੇ[77] ਹਨ।
ਹਰਿਨਾਮੁ ਪਦਾਰਥੁ[78] ਨਾਨਕੁ ਮਾਂਗੈ[79] ॥੨॥੪੨॥ ੯੩॥	Nanak craves[79] for the wealth[78] of God's Name.	ਨਾਨਕ ਵਾਹਿਗੁਰੂ ਦੇ ਨਾਮ ਦੀ ਦੌਲਤ[78] ਦੀ ਯਾਚਨਾ ਕਰਦਾ ਹੈ[79]।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਸਾਧੂ ਸੰਗਤਿ ਤਰਿਆ[80] ਸੰਸਾਰੁ[81] ॥	By the saints' society the world[81] is redeemed[80].	ਸਤਿ ਸੰਗਤ ਦੁਆਰਾ ਜਹਾਨ[81] ਪਾਰ ਉਤਰ ਜਾਂਦਾ ਹੈ[80]।
ਹਰਿ ਕਾ ਨਾਮੁ ਮਨਹਿ[82] ਆਧਾਰੁ[83] ॥੧॥	God's Name is the mainstay[83] of the mind[82].	ਵਾਹਿਗੁਰੂ ਦਾ ਨਾਮ ਮਨ[82] ਦਾ ਆਸਰਾ[83] ਹੈ।
ਚਰਨ[84]ਕਮਲ[85] ਗੁਰਦੇਵ[86] ਪਿਆਰੇ[87] ॥ ਪੂਜਹਿ[88] ਸੰਤ ਹਰਿ ਪ੍ਰੀਤਿ[89] ਪਿਆਰੇ[90] ॥ ੧॥ਰਹਾਉ॥	The saints, who bear love[89] and affection[90] to God, worship[88] the lotus[85] feet[84] of the beloved[87] and bright[86] Guru. Pause.	ਸਾਧੂ, ਜਿਨ੍ਹਾਂ ਦੀ ਵਾਹਿਗੁਰੂ ਨਾਲ ਉਲਫ਼ਤ[89] ਅਤੇ ਮੁਹੱਬਤ[90] ਹੈ, ਪ੍ਰੀਤਮ[87] ਅਤੇ ਉਜਲੇ[86] ਗੁਰਾਂ ਦੇ ਕੰਵਲ[85] ਪੈਰਾਂ[84] ਦੀ ਉਪਾਸ਼ਨਾ[88] ਕਰਦੇ ਹਨ। ਠਹਿਰਾਉ।
ਜਾ ਕੈ ਮਸਤਕਿ[91]ਲਿਖਿਆ[92] ਭਾਗੁ[93] ॥ ਕਹੁ ਨਾਨਕ ਤਾਕਾ[94] ਥਿਰੁ[95] ਸੋਹਾਗੁ[96] ॥ ੨॥੪੩॥੯੪॥	Who has good fortune[93] recorded[92] on her forehead[91], says Nanak, eternal[95] is the married life[96] of her[94].	ਗੁਰੂ ਜੀ ਆਖਦੇ ਹਨ, ਉਸ ਦਾ[94] ਵਿਆਹੁਤਾ ਜੀਵਨ[96] ਅਟੱਲ[95] ਹੋ ਜਾਂਦਾ ਹੈ, ਜਿਸ ਦੇ ਮੱਥੇ[91] ਉਤੇ ਚੰਗੀ ਕਿਸਮਤ[93] ਲਿਖੀ ਹੋਈ[92] ਹੈ।

ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਮੀਠੀ[96]*ਆਗਿਆ[97]ਪਿਰ[98] ਕੀ ਲਾਗੀ ॥	The order[97] of the Beloved[98] is sweet[96]* to me.	ਪ੍ਰੀਤਮ[98] ਦਾ ਹੁਕਮ[97] ਮੈਨੂੰ ਮਿੱਠਾ[96]* ਲਗਦਾ ਹੈ ।
ਸਉਕਨਿ[99] ਘਰ[100] ਕੀ ਕੰਤਿ[2] ਤਿਆਗੀ[3] ॥	My Spouse[2] has driven[3] out of the home[100] my co-wife[99].	ਮੇਰੇ ਪਤੀ[2] ਨੇ ਮੇਰੀ ਸੌਂਕਣ[99] ਨੂੰ ਘਰੋਂ[100] ਕਢ ਦਿਤਾ ਹੈ[3] ।
ਪ੍ਰਿਅ[4] ਸੋਹਾਗਨਿ[5] ਸੀਗਾਰਿ[6] ਕਰੀ ॥	My Groom[4] has decorated[6] me, His happy wife[5].	ਮੇਰੇ ਕੰਤ[4] ਨੇ, ਮੈਂ, ਆਪਣੀ ਸੁਖੀ ਪਤਨੀ[5] ਨੂੰ ਸ਼ਸ਼ੋਭਤ[6] ਕਰ ਦਿਤਾ ਹੈ ।
ਮਨ ਮੇਰੇ ਕੀ ਤਪਤਿ[7] ਹਰੀ[8] ॥੧॥	He has slaked[8] the burning[7] of my mind.	ਉਸ ਨੇ ਮੇਰੇ ਚਿੱਤ ਦੀ ਜਲਨ[7] ਨੂੰ ਸ਼ਾਂਤ[8] ਕਰ ਦਿਤਾ ਹੈ ।
ਭਲੋ[7]* ਭਇਓ ਪ੍ਰਿਅ[8]* ਕਹਿਆ[9] ਮਾਨਿਆ[10] ॥	It is well[7] that I submitted[10] to the bidding[9] of my Spouse[8]*.	ਚੰਗਾ ਹੋਇਆ[7]* ਕਿ ਮੈਂ ਆਪਣੇ ਪਤੀ[8]* ਦਾ ਆਖਿਆ[9] ਮੰਨ ਲਿਆ[10] ।
ਸੂਖੁ[12] ਸਹਜੁ[13] ਇਸੁ ਘਰ ਕਾ ਜਾਨਿਆ[14] ॥੧॥ ਰਹਾਉ॥	I have realised[14] the peace[12] and poise[13] of this house of mine. Pause.	ਮੈਂ ਇਸ ਆਪਣੇ ਗ੍ਰਹਿ ਦੇ ਆਰਾਮ[12] ਅਤੇ ਸ਼ਾਂਤੀ ਨੂੰ ਅਨੁਭਵ[14] ਕਰ ਲਿਆ ਹੈ । ਠਹਿਰਾਉ ।
ਹਉ ਬੰਦੀ[15] ਪ੍ਰਿਅ ਖਿਜਮਤਦਾਰ[16] ॥	I am the hand-maiden[15] and an attendant[16] of my Beloved.	ਮੈਂ ਆਪਣੇ ਪ੍ਰੀਤਮ ਦੀ ਬਾਂਦੀ[15] ਅਤੇ ਟਹਿਲਣ[16] ਹਾਂ ।
ਓਹੁ ਅਬਿਨਾਸੀ[16]*ਅਗਮ[17] ਅਪਾਰ[18] ॥	He is Imperishable[16]*, Inaccessible[17] and Unlimited.	ਉਹ ਨਾਸ਼-ਰਹਿਤ[16]*, ਪਹੁੰਚ ਤੋਂ ਪਰੇ[17] ਅਤੇ ਬਿਅੰਤ[18] ਹੈ ।
ਲੇ[19] ਪਖਾ[20]ਪ੍ਰਿਅ[21]ਝਲਉ[22] ਪਾਏ[23] ॥	Taking[19] the fan[20] and sitting at His Feet[23], I wave[22] it over my Darling Husband[21].	ਪੱਖੀ[20] ਲੈ ਕੇ[19] ਅਤੇ ਉਸ ਦੇ ਪੈਰਾਂ[23] ਵਿਚ ਬੈਠ ਕੇ, ਮੈਂ ਇਸ ਨੂੰ ਆਪਣੇ ਪਿਆਰੇ ਪਤੀ[21] ਨੂੰ ਝੱਲਦੀ ਹਾਂ ।
ਭਾਗਿ[24] ਗਏ ਪੰਚ ਦੂਤ[25] ਲਾਵੇ[26] ॥੨॥	The five demons[25], my torturers[26], have fled away[24].	ਮੈਨੂੰ ਵੱਢਣ ਵਾਲੇ[26] ਪੰਜ ਭੂਤਨੇ[25] ਭੱਜ ਗਏ ਹਨ ।
ਨਾ ਮੈ ਕੁਲੁ[27] ਨਾ ਸੋਭਾਵੰਤ[28] ॥	I am not of high family[27], nor am I beauteous[28].	ਨਾ ਮੈਂ ਉਚੇ ਘਰਾਣੇ[27] ਦੀ ਹਾਂ, ਨਾ ਹੀ ਮੈਂ ਸੁੰਦਰ[28] ਹਾਂ ।
ਕਿਆ[29] ਜਾਨਾ[30] ਕਿਉ ਭਾਨੀ[31] ਕੰਤ[32] ॥	What[29] know[30] I, why I have become pleasing[31] to my husband[32].	ਮੈਂ ਕੀ[29] ਜਾਣਦੀ[30] ਹਾਂ ਕਿ ਮੈਂ ਕਿਉਂ ਆਪਣੇ ਭਰਤੇ[32] ਨੂੰ ਚੰਗੀ[31] ਲਗਣ ਲਗ ਗਈ ਹਾਂ ।
ਮੋਹਿ[33] ਅਨਾਥ[34] ਗਰੀਬ[35] ਨਿਮਾਨੀ[36] ॥	I[33] am orphan[34], poor[35] and unhonoured[36].	ਮੈਂ[33] ਯਤੀਮ[34], ਕੰਗਾਲਣੀ[35] ਅਤੇ ਬੇਪਤੀ[36] ਹਾਂ ।
ਕੰਤ[37] ਪਕਰਿ[38] ਹਮ[39] ਕੀਨੀ[40] ਰਾਨੀ[41] ॥੩॥	My husband[37] took me[38] and made[40] me[39] His queen[41].	ਮੈਨੂੰ ਪਕੜ ਕੇ[38] ਮੇਰੇ ਖ਼ਸਮ[37] ਨੇ ਮੈਨੂੰ[39] ਆਪਣੀ ਮਹਾਰਾਣੀ[41] ਬਣਾ ਲਿਆ[40] ।
ਜਬ ਮੁਖਿ ਪ੍ਰੀਤਮੁ[42]ਸਾਜਨੁ[43] ਲਾਗਾ ॥ ਸੂਖ[44] ਸਹਜ[45] ਮੇਰਾ ਧਨੁ[46] ਸੁਹਾਗਾ[47] ॥	When I saw my Beloved[42] Friend[43] before me, I obtained happiness[44] and poise[45] and blessed[46] became my married life[47].	ਜਦ ਮੈਂ ਆਪਣਾ ਪਿਆਰਾ[42] ਮਿਤ੍ਰ[43] ਆਪਣੇ ਮੂਹਰੇ ਤੱਕ ਲਿਆ ਮੈਨੂੰ ਖੁਸ਼ੀ[44] ਅਤੇ ਸ਼ਾਂਤੀ[45] ਪਰਾਪਤ ਹੋ ਗਈ ਅਤੇ ਸੁਭਾਗਾ[46] ਹੋ ਗਿਆ ਮੇਰਾ ਵਿਆਹੁਲਾ ਜੀਵਨ[47] ।

ਕਹੁ ਨਾਨਕ ਮੋਰੀ[48] ਪੂਰਨ[49] ਆਸਾ[50] ॥	Says Nanak, my[48] desire[50] is fulfilled[49].	ਗੁਰੂ ਜੀ ਆਖਦੇ ਹਨ, ਮੇਰੀ[48] ਖ਼ਾਹਿਸ਼[50] ਪੂਰੀ ਹੋ ਗਈ ਹੈ[49] ।
ਸਤਿਗੁਰ ਮੇਲੀ[51] ਪ੍ਰਭ [52]ਗੁਣਤਾਸਾ[53] ॥੪॥੧॥੯੫॥	The True Guru has united[51] me with Lord, the treasure[53] of excellences[52].	ਸੱਚੇ ਗੁਰਾਂ ਨੇ ਮੈਨੂੰ ਖ਼ੂਬੀਆਂ[52] ਦੇ ਖ਼ਜ਼ਾਨੇ[53] ਸੁਆਮੀ ਨਾਲ ਮਿਲਾ ਦਿਤਾ[51] ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਮਾਥੈ[54] ਤ੍ਰਿਕੁਟੀ[55] ਦ੍ਰਿਸਟਿ[56] ਕਰੂਰਿ[57] ॥	On her forehead[54] is a frown[55] and evil[57] is her look[56].	ਉਸ ਦੇ ਮਥੇ[54] ਉਤੇ ਤਿਊੜੀ[55] ਹੈ ਅਤੇ ਮੰਦੀ[57] ਹੈ ਉਸ ਦੀ ਵੇਖਣੀ[56] ।
ਬੋਲੈ[58]ਕਉੜਾ[59]ਜਿਹਬਾ[60]ਕੀ ਫੂੜਿ[61] ॥	Bitter[59] is her speech[58] and rude[61] her tongue[60].	ਕੁਰਖਤ[59] ਹੈ ਉਸ ਦੀ ਬੋਲਬਾਣੀ[58] ਅਤੇ ਅਖੱੜ[61] ਉਸ ਦੀ ਜੀਭ[60] ।
ਸਦਾ[62] ਭੂਖੀ[63] ਪਿਰੁ[64] ਜਾਨੈ ਦੂਰਿ[65] ॥੧॥	I am ever[62] hungry[63] and knows her Groom[64] to be distant[65].	ਉਹ ਹਮੇਸ਼ਾ[62] ਖੁਧਿਆਵੰਤ[63] ਰਹਿੰਦੀ ਹੈ ਅਤੇ ਆਪਣੇ ਕੰਤ[64] ਨੂੰ ਦੂਰੇਡੇ[65] ਜਾਣਦੀ ਹੈ ।
ਐਸੀ[66] ਇਸਤ੍ਰੀ[67] ਇਕ ਰਾਮਿ[68] ਉਪਾਈ[69] ॥	Such[66] a female[67] mammon has the pervading God[68] created[69].	ਐਹੋ ਜੇਹੀ[66] ਇਕ ਤ੍ਰੀਮਤ[67] ਵਿਆਪਕ ਵਾਹਿਗੁਰੂ[68] ਨੇ ਪੈਦਾ ਕੀਤੀ ਹੈ[69] ।
ਉਨਿ ਸਭੁ ਜਗੁ ਖਾਇਆ[70] ਹਮ ਗੁਰਿ ਰਾਖੇ[71] ਮੇਰੇ ਭਾਈ[72] ॥ਰਹਾਉ॥	She has devoured[70] the whole world. The Guru has saved[71] me, my brother[72]. Pause.	ਉਸ ਨੇ ਸਾਰਾ ਜਹਾਨ ਨਿਗਲ ਲਿਆ ਹੈ[70] । ਗੁਰਾਂ ਨੇ ਮੈਨੂੰ ਬਚਾ[71] ਲਿਆ ਹੈ, ਮੇਰੇ ਵੀਰ[72] ! ਠਹਿਰਾਉ ।
ਪਾਇ[73] ਠਗਉਲੀ[74] ਸਭੁ ਜਗੁ ਜੋਹਿਆ[75] ॥	Administering[73] the poisonous potion[74] she has secured[75] the entire world.	ਜ਼ਹਿਰੀਲੀ ਦੁਆ[74] ਦੇ ਕੇ[73] ਉਸ ਨੇ ਸਾਰੇ ਸੰਸਾਰ ਨੂੰ ਕਾਬੂ[75] ਕਰ ਲਿਆ ਹੈ ।
ਬ੍ਰਹਮਾ[76]ਬਿਸਨੁ[77]ਮਹਾਦੇਉ[78] ਮੋਹਿਆ[79] ॥	She has bewitched[79] the god of creation[76], the god of cherishment[77] and the god of destruction[78].	ਉਸ ਨੇ ਉਤਪਤੀ ਦੇ ਦੇਵ[76], ਪਾਲਣਵਾਲੇ ਦੇਵ[77] ਅਤੇ ਮਾਰਨਹਾਰ[78] ਦੇਵ ਨੂੰ ਫ਼ਰੇਫ਼ਤਾ[79] ਕਰ ਲਿਆ ਹੈ ।
ਗੁਰਮੁਖਿ[80] ਨਾਮਿ ਲਗੇ[81] ਸੇ[82] ਸੋਹਿਆ[83] ॥੨॥	They[82], who are attached[81] to the Name through the Guru[80], look beautiful[83].	ਜੋ ਗੁਰਾਂ ਦੇ ਰਾਹੀਂ[80] ਨਾਮ ਨਾਲ ਜੁੜੇ[81] ਹਨ, ਉਹ[82] ਸੁੰਦਰ[83] ਦਿੱਸਦੇ ਹਨ ।
ਵਰਤ[84] ਨੇਮ[85] ਕਰਿ[86] ਥਾਕੇ[87] ਪੁਨਹ ਚਰਨਾ[88] ॥	Men have grown weary[87] performing[86] fasts[84], vows[85] and expiations[88].	ਇਨਸਾਨ ਉਪਹਾਸ[84], ਪ੍ਰਤੱਗਿਆ[85] ਅਤੇ ਪ੍ਰਾਸਚਿਤ[88] ਕਰਮ ਨਿਭਾਉਂਦੇ[86] ਹਾਰ ਹੁਟ[87] ਗਏ ਹਨ ।
ਤਟ[89] ਤੀਰਥ[90] ਭਵੇ[91] ਸਭ ਧਰਨਾ[92] ॥	They wander[91] to the banks[89] of sacred streams[90] of the whole world[92].	ਉਹ ਸਾਰੇ ਸੰਸਾਰ[92] ਦੀਆਂ ਪਵਿੱਤਰ ਨਦੀਆਂ[90] ਦੇ ਕਿਨਾਰਿਆਂ[89] ਤੇ ਭਉਂਦੇ ਫਿਰਦੇ[91] ਹਨ ।
ਸੇ[93] ਉਬਰੇ[94] ਜਿ ਸਤਿਗੁਰ ਕੀ ਸਰਨਾ[95] ॥੩॥	They[93] alone are saved[94] who seek the shelter[95] of the True Guru.	ਕੇਵਲ ਓਹੀ[93] ਪਾਰ ਉਤਰਦੇ[94] ਹਨ, ਜੋ ਸੱਚੇ ਗੁਰਾਂ ਦੀ ਸ਼ਰਣਾਗਤ ਸੰਭਾਲਦੇ ਹਨ[95] ।
ਮਾਇਆ[96] ਮੋਹਿ[97] ਸਭੋ ਜਗੁ ਬਾਧਾ[98] ॥	By the love[97] of wealth[96], the whole world is bound[98].	ਧਨ-ਪਦਾਰਥ[96] ਦੀ ਮਮਤਾ[97] ਦੇ ਜ਼ਰੀਏ ਸਾਰਾ ਜਹਾਨ ਜਕੜਿਆ ਹੋਇਆ ਹੈ[98] ।
ਹਉਮੈ[99] ਪਚੈ[100] ਮਨਮੁਖ[2] ਮੂਰਾਖਾ[3] ॥	The self-willed[2] fools[3] are consumed[100] by egotism[99].	ਆਪ-ਹੁਦਰੇ[2] ਬੇਵਕੂਫ਼[3] ਹੰਕਾਰ[99] ਅੰਦਰ ਗ਼ਰਕ[100] ਹੋ ਜਾਂਦੇ ਹਨ ।

ਗੁਰ ਨਾਨਕ ਬਾਹ[4] ਪਕਰਿ[5] ਹਮ[6] ਰਾਖਾ[7] ॥੪॥੨॥੯੬॥

Taking[5] me by the arm[4] Guru Nanak has saved[7] me[6].

ਭੁਜਾ[4] ਤੋਂ ਪਕੜ ਕੇ[5] ਗੁਰੂ ਨਾਨਕ ਜੀ ਨੇ ਮੈਨੂੰ[6] ਬਚਾ ਲਿਆ ਹੈ[7] ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਸਰਬ ਦੂਖ ਜਬ[8] ਬਿਸਰਹਿ[9] ਸੁਆਮੀ ॥

All is pain when[8] one forgets[9] the Lord.

ਜਦੋਂ[8] ਆਦਮੀ ਪ੍ਰਭੂ ਨੂੰ ਭੁੱਲ ਜਾਂਦਾ[9] ਹੈ, ਸਮੂਹ ਤਕਲੀਫ਼ ਹੀ ਹੈ ।

ਈਹਾ[10] ਊਹਾ[12] ਕਾਮਿ[13] ਨ ਪ੍ਰਾਨੀ[14] ॥੧॥

Here[10] and hereafter[12], such a mortal[14] is of no avail[13].

ਏਥੇ[10] ਅਤੇ ਓਥੇ[12] ਐਸਾ ਜੀਵ[14] ਕਿਸੇ ਕੰਮ ਦਾ ਨਹੀਂ[13] ।

ਸੰਤ ਤ੍ਰਿਪਤਾਸੇ[15] ਹਰਿ ਹਰਿ[16] ਧ੍ਯਾਇ[17] ॥

The saints are satiated[15] by remembering[17] God's Name[16].

ਵਾਹਿਗੁਰੂ ਦੇ ਨਾਮ[16] ਦਾ ਸਿਮਰਨ ਕਰਨ ਦੁਆਰਾ[17] ਸਾਧੂ ਸੰਤੁਸ਼ਟ[15] ਹੋ ਗਏ ਹਨ ।

ਤੇਰੇ ॥

ਕਰਿ ਕਿਰਪਾ[18] ਅਪੁਨੈ ਨਾਇ ਲਾਏ[19] ਸਰਬ[22] ਸੂਖ[21] ਪ੍ਰਭ ਤੁਮਰੀ ਰਜਾਇ[20] ॥ ਰਹਾਉ॥

Thou, O Lord mercifully[18] attachest[19] men to Thy Name, and all[22] the comforts[21] are in obedience to Thy command[20].

ਤੂੰ ਹੇ ਸੁਆਮੀ ! ਮਿਹਰ ਧਾਰ ਕੇ[18] ਆਪਣੇ ਨਾਮ ਨਾਲ ਜੋੜਦਾ[19] ਹੈਂ । ਸਾਰੇ[22] ਆਰਾਮ[21] ਤੇਰੇ ਹੁਕਮ[20] ਦੀ ਤਾਬੇਦਾਰੀ ਵਿਚ ਹਨ ।

ਸੰਗਿ[23] ਹੋਵਤ ਕਉ ਜਾਨਤ[24] ਦੂਰਿ[25] ॥ ਸੋ[26] ਜਨੁ[27] ਮਰਤਾ ਨਿਤ ਨਿਤ[28] ਝੂਰਿ[29] ॥੨॥

The[26] man[27], who deems[24] the ever-present[23] God to be far[25], dies continuously[28] repenting[29].

ਜੋ[26] ਪੁਰਸ਼[27] ਸਦੀਵੀ-ਹਾਜ਼ਰ[23] ਨਾਜ਼ਰ ਵਾਹਿਗੁਰੂ ਨੂੰ ਦੂਰੇਡੇ[25] ਖ਼ਿਆਲ ਕਰਦਾ ਹੈ[24], ਉਹ ਹਮੇਸ਼ਾ[28] ਹੀ ਪਸਚਾਤਾਪ[29] ਕਰਦਾ ਹੋਇਆ ਮਰ ਜਾਂਦਾ ਹੈ ।

ਜਿਨਿ ਸਭੁ ਕਿਛੁ ਦੀਆ ਤਿਸੁ[30] ਚਿਤਵਤ[31] ਨਾਹਿ ॥

Who has given him all the things, Him[30] the man remembers[31] not.

ਜਿਸ ਨੇ ਉਸ ਨੂੰ ਸਾਰਾ ਕੁਝ ਦਿੱਤਾ ਹੈ ਉਸ ਨੂੰ[30] ਬੰਦਾ ਚੇਤੇ[31] ਨਹੀਂ ਕਰਦਾ ।

ਮਹਾ[32] ਬਿਖਿਆ[33] ਮਹਿ[34] ਦਿਨੁ ਰੈਨਿ ਜਾਹਿ[35] ॥੩॥

Engrossed in[34] the arch[32] deadly sins[33], his day and night are wasted[35].

ਖਰੇ[32] ਹੀ ਪ੍ਰਾਣਨਾਸ਼ਕ ਪਾਪਾਂ[33] ਵਿਚ[34] ਖਚਤ ਹੋਇਆ ਹੋਇਆ ਉਸ ਦੇ ਦਿਹੁੰ ਤੇ ਰੈਣ ਬਰਬਾਦ[35] ਹੋ ਜਾਂਦੇ ਹਨ ।

ਕਹੁ ਨਾਨਕ ਪ੍ਰਭੁ ਸਿਮਰਹੁ[36] ਏਕ ॥

Says Nanak, meditate[36] thou on the one Lord.

ਗੁਰੂ ਜੀ ਆਖਦੇ ਹਨ, ਤੂੰ ਇਕ ਸੁਆਮੀ ਦਾ ਆਰਾਧਨ[36] ਕਰ ।

ਗਤਿ[37] ਪਾਈਐ ਗੁਰ ਪੂਰੇ[38] ਟੇਕ[39] ॥੪॥੩॥੯੭॥

By seeking the shelter[39] of the Perfect[38] Guru, salvation[37] is attained.

ਪੂਰਨ[38] ਗੁਰਾਂ ਦੀ ਪਨਾਹ[39] ਲੈਣ ਦੁਆਰਾ, ਮੁਕਤੀ[37] ਪਰਾਪਤ ਹੋ ਜਾਂਦੀ ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਨਾਮੁ ਜਪਤ[40] ਮਨੁ[41] ਤਨੁ[42] ਸਭੁ ਹਰਿਆ[43] ॥

Meditating[40] on God's Name, man's mind[41] and body[42] are all reverdured[43].

ਰੱਬ ਦੇ ਨਾਮ ਦਾ ਸਿਮਰਨ ਕਰਨ ਨਾਲ[40] ਆਦਮੀ ਦੀ ਆਤਮਾ[41] ਅਤੇ ਦੇਹਿ[42] ਸਮੂਹ ਹਰੇ[43] ਭਰੇ ਥੀ ਜਾਂਵਦੇ ਹਨ ।

ਕਲਮਲ[44] ਦੋਖ[45] ਸਗਲ ਪਰਹਰਿਆ[46] ॥੧॥

All his sins[44] and demerits[45] are washed off[46].

ਉਸ ਦੇ ਸਾਰੇ ਪਾਪ[44] ਅਤੇ ਅਉਗਣ[45] ਧੋਤੇ ਜਾਂਦੇ ਹਨ[46] ।

ਸੋਈ[47] ਦਿਵਸੁ[48] ਭਲਾ[49] ਮੇਰੇ ਭਾਈ[50] ॥ ਹਰਿ ਗੁਨ[51] ਗਾਇ[52] ਪਰਮ[53] ਗਤਿ[54] ਪਾਈ ॥ਰਹਾਉ॥

Auspicious[49] is that[47] day[48], my brother[50], when by singing[52] God's praises[51] the supreme[53] status[54] is obtained. Pause.

ਮੁਬਾਰਕ[49] ਹੈ ਉਹ[47] ਦਿਹਾੜਾ[48], ਮੇਰੇ ਵੀਰ[50] ਜਦ ਵਾਹਿਗੁਰੂ ਦੀ ਕੀਰਤੀ[51] ਗਾਇਨ[52] ਕਰਨ ਦੁਆਰਾ ਮਹਾਨ[53] ਮਰਤਬਾ[54] ਪਾਇਆ ਜਾਂਦਾ ਹੈ । ਠਹਿਰਾਉ ।

ਸਾਧ ਜਨਾ[55] ਕੇ ਪੂਜੇ[56] ਪੈਰ[57] ॥ ਮਿਟੇ[58] ਉਪਦ੍ਰਹ[59] ਮਨ ਤੇ ਬੈਰ[60] ॥੨॥	By worshipping[56] the feet[57] of the pious persons[55], wrangling[59] and enmity[60] are effaced[58] from man's mind.	ਪਵਿੱਤਰ ਪੁਰਸ਼ਾਂ[55] ਦੇ ਪੈਰ[57] ਪੂਜਣ ਦੁਆਰਾ[56] ਮਨੁੱਖ ਦੇ ਮਨੂਏ ਤੋਂ ਬਖੇੜਾ[59] ਤੇ ਦੁਸ਼ਮਣੀ[60] ਮਿਟ ਜਾਂਦੇ ਹਨ[58] ।
ਗੁਰ ਪੂਰੇ[61] ਮਿਲਿ ਝਗਰੁ[62] ਚੁਕਾਇਆ[63] ॥ ਪੰਚ ਦੂਤ[64] ਸਭਿ ਵਸਗਤਿ[65] ਆਇਆ ॥੩॥	Meeting the Perfect[61] Guru, the strife[62] is stilled[63], and all the five demons[64] are subdued[65].	ਪੂਰਨ[61] ਗੁਰਾਂ ਨੂੰ ਮਿਲਣ ਦੁਆਰਾ ਝਗੜਾ[62] ਮਿਟ ਜਾਂਦਾ ਹੈ[63] ਅਤੇ ਸਮੂਹ ਪੰਜੇ ਭੂਤਨੇ[64] ਕਾਬੂ[65] ਆ ਜਾਂਦੇ ਹਨ ।
ਜਿਸੁ ਮਨਿ ਵਸਿਆ[66] ਹਰਿ ਕਾ ਨਾਮੁ ॥ ਨਾਨਕ ਤਿਸੁ[67] ਊਪਰਿ ਕੁਰਬਾਨ[68] ॥੪॥੪॥ ੯੮॥	In whose mind the Name of God abides[66], Nanak is a sacrifice[68] unto him[67].	ਨਾਨਕ ਉਸ[67] ਉਤੋਂ ਬਲਿਹਾਰਨੇ ਜਾਂਦਾ ਹੈ[68], ਜਿਸ ਦੇ ਚਿੱਤ ਅੰਦਰ ਵਾਹਿਗੁਰੂ ਦਾ ਨਾਮ ਵੱਸਦਾ[66] ਹੈ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਗਾਵਿ ਲੇਹਿ[69] ਤੂ ਗਾਵਨਹਾਰੇ[70] ॥ ਜੀਅ[71] ਪਿੰਡ[72] ਕੇ ਪ੍ਰਾਨ[73]ਅਧਾਰੇ[74]॥	O ministral[70], sing[69] thou the praise of God, who is the support[74] of soul[71], body[72] and the life[73].	ਹੇ ਗਵੱਈਏ[70] ! ਤੂੰ ਵਾਹਿਗੁਰੂ ਦਾ ਜੱਸ ਗਾਇਨ ਕਰ[69], ਜੋ ਆਤਮਾ[71], ਦੇਹਿ[72] ਅਤੇ ਜਿੰਦ-ਜਾਨ[73] ਦਾ ਆਸਰਾ[74] ਹੈ ।
ਜਾਕੀ[75] ਸੇਵਾ[76] ਸਰਬ[77] ਸੁਖ[78] ਪਾਵਹਿ ॥	Serve Him, in whose[75] service[76], thou shalt attain all[77] the comforts[78].	ਉਸ ਦੀ ਟਹਿਲ ਕਮਾ, ਜਿਸ ਦੀ[75] ਟਹਿਲ[76] ਅੰਦਰ ਤੂੰ ਸਾਰੇ[77] ਆਰਾਮ[78] ਪਰਾਪਤ ਕਰ ਲਵੇਂਗਾ ।
ਅਵਰ[79] ਕਾਹੂ ਪਹਿ[80] ਬਹੁੜਿ[81] ਨ ਜਾਵਹਿ ॥੧॥	Thou shalt not, then, go to[80] any other[79], again[81].	ਤਦ ਤੂੰ, ਮੁੜ ਕੇ[81], ਕਿਸੇ ਹੋਰ[79] ਕੋਲ[80] ਨਹੀਂ ਜਾਵੇਂਗਾ ।
ਸਦਾ[82] ਅਨੰਦ[83] ਅਨੰਦੀ ਸਾਹਿਬੁ[84] ਗੁਨ[85] ਨਿਧਾਨ[86] ਨਿਤ ਨਿਤ[87] ਜਾਪੀਐ[88] ॥	My joyous Master[84] always[82] remains happy[83]. Ever, ever[87] meditate[88] thou on Lord, the Treasure[86] of excellences[85].	ਮੇਰਾ ਖ਼ੁਸ਼ ਬਾਸ਼ ਮਾਲਕ[84], ਹਮੇਸ਼ਾ[87] ਪ੍ਰਸੰਨ[83] ਰਹਿੰਦਾ ਹੈ । ਸਦਾ ਸਦਾ[87] ਤੂੰ ਸ੍ਰੇਸ਼ਟਤਾਈਆਂ[85] ਦੇ ਖ਼ਜ਼ਾਨੇ[86] ਸਾਹਿਬ ਦਾ ਸਿਮਰਨ ਕਰ[88] ।
ਬਲਿਹਾਰੀ[89] ਤਿਸੁ[90] ਸੰਤ ਪਿਆਰੇ[91] ਜਿਸੁ ਪ੍ਰਸਾਦਿ[92] ਪ੍ਰਭੁ ਮਨਿ ਵਾਸੀਐ[93] ॥ ਰਹਾਉ ॥	I am devoted[89] unto the[90] dear[91] saint, by whose favour[92], the Lord is enshrined[93] within my mind. Pause.	ਮੈਂ ਉਸ[90] ਲਾਡਲੇ[91] ਸਾਧੂ ਉਤੋਂ ਸਦਕੇ[89] ਜਾਂਦਾ ਹਾਂ, ਜਿਸ ਦੀ ਦਇਆ ਦੁਆਰਾ[92] ਸੁਆਮੀ ਚਿੱਤ ਅੰਦਰ ਨਿਵਾਸ[93] ਕਰ ਲੈਂਦਾ ਹੈ । ਠਹਿਰਾਉ ।
ਜਾਕਾ[94] ਦਾਨੁ[95] ਨਿਖੂਟੈ[96] ਨਾਹੀ ॥	Whose[94] bounties[95] exhaust[96] not.	ਜਿਸ ਦੀਆਂ[94] ਬਖ਼ਸ਼ੀਸ਼ਾਂ[95] ਮੁਕਦੀਆਂ[96] ਨਹੀਂ ।
ਭਲੀ[97] ਭਾਤਿ[98]ਸਭ ਸਹਜਿ[99] ਸਮਾਹੀ[100] ॥	Into Him, the Lord[99], all can merge[100] by adopting sublime[97] way of life[98].	ਸ੍ਰੇਸ਼ਟ[97] ਜੀਵਨ ਰਹੁ-ਰੀਤੀ[98] ਧਾਰਨ ਕਰਨ ਦੁਆਰਾ ਸਾਰੇ ਉਸ ਸੁਆਮੀ[99] ਅੰਦਰ ਲੀਨ[100] ਹੋ ਸਕਦੇ ਹਨ ।
ਜਾਕੀ ਬਖਸ[2] ਨ ਮੇਟੈ[3] ਕੋਈ ॥	Whose gifts[2] none can efface[3].	ਜਿਸ ਦੀਆਂ ਦਾਤਾਂ[2] ਨੂੰ ਕੋਈ ਮੇਸ[3] ਨਹੀਂ ਸਕਦਾ ।

ਮਨਿ ਵਾਸਾਈਐ[4] ਸਾਚਾ[5] ਸੋਈ[6] ॥੨॥

That[6] True Lord[5], enshrine[4] thou in thy mind.

ਉਸ[6] ਸੱਚੇ ਸੁਆਮੀ[5] ਨੂੰ ਤੂੰ ਆਪਣੇ ਚਿੱਤ ਵਿੱਚ ਟਿਕਾ[4]।

ਸਗਲ ਸਮਗ੍ਰੀ[7] ਗ੍ਰਿਹ[8] ਜਾਕੈ[9] ਪੂਰਨ[10] ॥ ਪ੍ਰਭ ਕੇ ਸੇਵਕ[12] ਦੂਖ[13] ਨ ਝੂਰਨ[14]॥

Whose[9] house[8] is brimful[10] with all sorts of articles[7], that Lord's slaves[12] never repent[14] in pain[13].

ਜਿਸ[9] ਦੇ ਘਰ[8] ਵਿਚ ਸਾਰੀਆਂ ਵਸਤੂਆਂ[7] ਪਰੀਪੂਰਨ[10] ਹਨ, ਉਸ ਸਾਹਿਬ ਦੇ ਗੋਲੇ[12] ਕਦਾਚਿਤ ਤਕਲੀਫ਼[30] ਅੰਦਰ ਪਛਤਾਵਾ[14] ਨਹੀਂ ਕਰਦੇ।

ਓਟਿ[15] ਗਹੀ[16] ਨਿਰਭਉ[17] ਪਦੁ[18] ਪਾਈਐ ॥

By grasping[16] His protection[15] the fearless[17] status[18] is obtained.

ਉਸ ਦੀ ਪਨਾਹ[15] ਪਕੜਨ[16] ਦੁਆਰਾ ਡਰ-ਰਹਿਤ[17] ਮਰਤਬਾ[18] ਪਾ ਲਈਦਾ ਹੈ।

ਸਾਸਿ ਸਾਸਿ[19] ਸੋ[20] ਗੁਨ[21] ਨਿਧਿ[22] ਗਾਈਐ[23] ॥੩॥

With every breath[19], sing[23] thou, O man, the praise of that[20] Lord, the Treasure[22] of merits[21].

ਹਰ ਸੁਆਸ[19] ਨਾਲ ਤੂੰ, ਹੇ ਬੰਦੇ ! ਉਸ[20] ਖੂਬੀਆਂ[21] ਦੇ ਖ਼ਜ਼ਾਨੇ[22] ਸੁਆਮੀ ਦੀ ਕੀਰਤੀ ਗਾਇਨ ਕਰ[23]।

ਦੂਰਿ[24] ਨ ਹੋਈ ਕਤਹੂ[25] ਜਾਈਐ[26] ॥

He is not far[24] from the mortal wherever[25] he goes[26].

ਉਹ ਪ੍ਰਾਣੀ ਕੋਲੋਂ ਦੂਰੇਡੇ[24] ਨਹੀਂ ਅਤੇ ਕਿਧਰੇ[25] ਜਾਂਦਾ[26] ਨਹੀਂ।

ਨਦਰਿ[27] ਕਰੇ[28] ਤਾ[29] ਹਰਿ ਹਰਿ[30] ਪਾਈਐ ॥

If He shows[28] mercy[27], then[29] alone, the Lord's Name[30] is attained.

ਜੇਕਰ ਉਹ ਮਿਹਰ[27] ਧਾਰੇ[28], ਕੇਵਲ ਤਦ[29] ਹੀ ਸੁਆਮੀ ਦਾ ਨਾਮ[30] ਪਰਾਪਤ ਹੁੰਦਾ ਹੈ।

ਅਰਦਾਸਿ[31] ਕਰੀ ਪੂਰੇ[32] ਗੁਰ ਪਾਸਿ[33] ॥

I, make supplication[31] in the presence[33] of the Perfect[32] Guru.

ਮੈਂ ਪੂਰਨ[32] ਗੁਰਾਂ ਦੀ ਹਜ਼ੂਰੀ[33] ਵਿਚ ਪ੍ਰਾਰਥਨਾ[31] ਕਰਦਾ ਹਾਂ।

ਨਾਨਕੁ ਮੰਗੈ[34] ਹਰਿ ਧਨੁ[35] ਰਾਸਿ[36] ॥੪॥੫॥੯੯॥

Nanak craves[34] for the capital[36] of the wealth[35] of God's Name.

ਨਾਨਕ ਵਾਹਿਗੁਰੂ ਦੇ ਨਾਮ ਦੀ ਦੌਲਤ[35] ਦੀ ਪੂੰਜੀ[36] ਦੀ ਯਾਚਨਾ[34] ਕਰਦਾ ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਪ੍ਰਥਮੇ[37] ਮਿਟਿਆ[38] ਤਨ[39] ਕਾ ਦੂਖੁ[40] ॥ ਮਨ ਸਗਲ[41] ਕਉ ਹੋਆ ਸੂਖੁ[42] ॥

First[37], vanishes[38] the pain[40] of the body[39], and then the mind attains all[41] peace[42].

ਪਹਿਲਾਂ[37] ਦੇਹਿ[39] ਦੀ ਪੀੜ[40] ਨਾਸ[38] ਹੋ ਗਈ ਹੈ ਅਤੇ ਮਗਰੋਂ ਚਿੱਤ ਨੂੰ ਸਮੂਹ[41] ਆਰਾਮ[42] ਪਰਾਪਤ ਹੋ ਗਿਆ ਹੈ।

ਕਰਿ ਕਿਰਪਾ[43] ਗੁਰ ਦੀਨੋ ਨਾਉ ॥

The Guru has mercifully[43] given me God's Name.

ਮਿਹਰਬਾਨੀ ਕਰਕੇ[43] ਗੁਰਾਂ ਨੇ ਮੈਨੂੰ ਹਰੀ ਦਾ ਨਾਮ ਦਿੱਤਾ ਹੈ।

ਬਲਿ[44] ਬਲਿ ਤਿਸੁ[45] ਸਤਿਗੁਰ ਕਉ ਜਾਉ ॥੧॥

A sacrifice[44], a sacrifice am I unto that[45] True Guru.

ਕੁਰਬਾਨ[44], ਕੁਰਬਾਨ ਹਾਂ, ਮੈਂ ਉਸ[45] ਸੱਚੇ ਗੁਰੂ ਉਤੋਂ।

ਗੁਰੁ ਪੂਰਾ[46] ਪਾਇਓ ਮੇਰੇ ਭਾਈ[47] ॥

The Perfect[46] Guru I have obtained, O my brother[47].

ਪੂਰਨ[46] ਗੁਰਾਂ ਨੂੰ ਮੈਂ ਪਰਾਪਤ ਕਰ ਲਿਆ ਹੈ, ਹੇ ਮੇਰੇ ਵੀਰ[47] !

ਰੋਗ[48] ਸੋਗ[49] ਸਭ ਦੂਖ[50] ਬਿਨਾਸੇ[51] ਸਤਿਗੁਰ ਕੀ ਸਰਣਾਈ[52] ॥ਰਹਾਉ॥

By seeking the protection[52] of the True Guru, all my ailments[48], sorrows[49] and distresses[50] are destroyed[51]. Pause.

ਸੱਚੇ ਗੁਰਾਂ ਦੀ ਪਨਾਹ[52] ਲੈਣ ਦੁਆਰਾ, ਮੇਰੀਆਂ ਸਾਰੀਆਂ ਬੀਮਾਰੀਆਂ[48] ਗਮ[49] ਅਤੇ ਤਕਲੀਫ਼ਾਂ[50] ਨਾਸ ਹੋ ਗਈਆਂ[51] ਹਨ। ਠਹਿਰਾਉ।

ਗੁਰ ਕੇ ਚਰਨ[53] ਹਿਰਦੈ[54] ਵਸਾਏ[55] ॥ ਮਨ[56] ਚਿੰਤਤ[57] ਸਗਲੇ ਫਲ[58] ਪਾਏ ॥

Guru's Feet[53], I have placed[55] within my mind[54], and I have received all the fruits[58], my heart[56] desired[57].

ਗੁਰਾਂ ਦੇ ਪੈਰ[53] ਮੈਂ ਆਪਣੇ ਚਿੱਤ[54] ਅੰਦਰ ਟਿਕਾਏ[55] ਹਨ, ਅਤੇ ਮੈਂ ਆਪਣੇ ਦਿਲ[56] ਲੁੜੀਂਦੇ[57] (ਚਿੱਤ ਚਾਹੁੰਦੇ) ਮੇਵੇ[58] ਪਾ ਲਏ ਹਨ।

ਅਗਨਿ[59] ਬੁਝੀ[60] ਸਭ[61] ਹੋਈ ਸਾਂਤਿ[62] ॥	My fire[59] of lust is extinguished[60] and I am all[61] at peace[62].	ਮੇਰੀ ਅੱਗ[59] ਬੁਝ ਗਈ[60] ਹੈ ਅਤੇ ਮੈਂ ਸਮੂਹ[61] ਠੰਢ ਚੈਨ[62] ਵਿੱਚ ਹਾਂ ।
ਕਰਿ[63] ਕਿਰਪਾ[64] ਗੁਰਿ ਕੀਨੀ ਦਾਤਿ[65] ॥੨॥	Showering[63] his benediction[64], the Guru has given me the gift[65] of God's Name.	ਆਪਣੀ ਮਿਹਰ[64] ਧਾਰ ਕੇ[63] ਗੁਰਾਂ ਨੇ ਮੈਨੂੰ ਵਾਹਿਗੁਰੂ ਦੇ ਨਾਮ ਦੀ ਬਖਸ਼ੀਸ[65] ਦਿੱਤੀ ਹੈ ।
ਨਿਥਾਵੇ[66] ਕਉ[67] ਗੁਰਿ ਦੀਨੋ ਥਾਨੁ[68] ॥	To[67] the shelterless[66], the Guru has given the shelter[68].	ਆਸਰਾ ਵਿਹੂਣ[66] ਨੂੰ[67] ਗੁਰੂ ਨੇ ਆਸਰਾ[68] ਦਿੱਤਾ ਹੈ ।
ਨਿਮਾਨੇ[69] ਕਉ ਗੁਰਿ ਕੀਨੋ ਮਾਨੁ[70] ॥	Unto the dishonoured[69] the Guru has bestowed honour[70].	ਬੇਇਜ਼ਤੇ[69] ਨੂੰ ਗੁਰਾਂ ਨੇ ਇੱਜ਼ਤ[70] ਬਖਸ਼ੀ ਹੈ ।
ਬੰਧਨ[71] ਕਾਟਿ[72] ਸੇਵਕ[73] ਕਰਿ[74] ਰਾਖੇ[75] ॥	Shattering[72] the shackles[71], the Guru has protected[75] me like[74] his slave[73].	ਬੇੜੀਆਂ[71] ਵੱਢ ਕੇ[72], ਗੁਰਾਂ ਨੇ ਮੇਰੀ ਆਪਣੇ ਗੋਲੇ[73] ਦੀ ਤਰ੍ਹਾਂ[74] ਰੱਖਿਆ[75] ਕੀਤੀ ਹੈ ।
ਅੰਮ੍ਰਿਤ[76] ਬਾਨੀ[77] ਰਸਨਾ[78] ਚਾਖੇ[79] ॥੩॥	The ambrosial[76] Gurbani[77], I now taste[79] with my tongue[78].	ਸੁਧਾ ਸਰੂਪ[76] ਗੁਰਬਾਣੀ[77], ਹੁਣ ਮੈਂ ਆਪਣੀ ਜੀਭ[78] ਨਾਲ ਚਖਦਾ[79] ਹਾਂ ।
ਵਡੈ[80] ਭਾਗਿ[81] ਪੂਜ[82] ਗੁਰ ਚਰਨਾ[83] ॥	Through the greatest[80] good luck[81], I have adored[82] the Guru's Feet[83].	ਭਾਰੇ ਚੰਗੇ[80] ਨਸੀਬਾਂ[81] ਰਾਹੀਂ ਮੈਂ ਗੁਰਾਂ ਦੇ ਪੈਰਾਂ[83] ਦੀ ਉਪਾਸ਼ਨਾ ਕੀਤੀ[82] ਹੈ ।
ਸਗਲ ਤਿਆਗਿ[84] ਪਾਈ ਪ੍ਰਭ ਸਰਨਾ[85] ॥	Forsaking[84] all, I have obtained the Lord's protection[85].	ਸਭ ਨੂੰ ਛੱਡ ਕੇ[84] ਮੈਂ ਸੁਆਮੀ ਦੀ ਪਨਾਹ[85] ਪਰਾਪਤ ਕੀਤੀ ਹੈ ।
੩੯੬		
ਗੁਰੁ ਨਾਨਕ ਜਾਕਉ[86] ਭਇਆ ਦਇਆਲਾ[87] ॥	The[88] person[89], unto whom Guru, O Nanak, is merciful[87], becomes jubilant[91] for aye[90].	ਉਹ[88] ਪੁਰਸ਼[89] ਜਿਸ ਉਤੇ ਗੁਰੂ, ਹੇ ਨਾਨਕ, ਮਿਹਰਬਾਨ[87] ਹਨ, ਹਮੇਸ਼ਾ[90] ਲਈ ਪਰਸੰਨ[91] ਹੋ ਜਾਂਦਾ ਹੈ ।
ਸੋ[88] ਜਨੁ[89] ਹੋਆ ਸਦਾ[90] ਨਿਹਾਲਾ[91]॥੪॥੬॥੧੦੦॥		
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਸਤਿਗੁਰ ਸਾਚੈ ਦੀਆ[92] ਭੇਜਿ ॥	The True Satguru has sent[92] the child.	ਸੱਚੇ ਸਤਿਗੁਰਾਂ ਨੇ ਬੱਚਾ ਭੇਜਿਆ[92] ਹੈ ।
ਚਿਰੁ ਜੀਵਨੁ[93] ਉਪਜਿਆ[94] ਸੰਜੋਗਿ[95] ॥	The long-lived[93] child has been born[94] by destiny[95].	ਵੱਡੀ ਉਮਰ ਵਾਲਾ[93] ਬੱਚਾ ਭਾਗਾਂ[95] ਦੁਆਰਾ ਪੈਦਾ ਹੋਇਆ[94] ਹੈ ।
ਉਦਰੈ[96] ਮਾਹਿ[98] ਆਇ ਕੀਆ ਨਿਵਾਸੁ[97] ॥ ਮਾਤਾ ਕੈ ਮਨਿ ਬਹੁਤੁ[99]ਬਿਗਾਸੁ[100]॥ ੧॥	When he came and acquired an abode[97] in[98] the womb[96], his mother's heart became very[99] glad[100].	ਜਦ ਉਸ ਨੇ ਆ ਕੇ ਬੱਚੇਦਾਨੀ[96] ਵਿਚ[98] ਵਸੇਬਾ[97] ਕੀਤਾ ਉਸ ਦੀ ਮਾਤਾ ਦਾ ਦਿਲ ਨਿਹਾਇਤ[99] ਹੀ ਪ੍ਰਸੰਨ[100] ਹੋ ਗਿਆ ।
ਜੰਮਿਆ[2] ਪੂਤੁ[3] ਭਗਤੁ[4] [5]ਗੋਵਿੰਦ[6] ਕਾ ॥	The son[3], the saint[4] of the world[5]-Lord[6] is born[2].	ਸ੍ਰਿਸ਼ਟੀ[5] ਦੇ ਸੁਆਮੀ[6] ਦਾ ਸੰਤ[4] ਪੁਤ੍ਰ[3] ਪੈਦਾ ਹੋਇਆ[2] ਹੈ ।
ਪ੍ਰਗਟਿਆ[7] ਸਭ ਮਹਿ ਲਿਖਿਆ[8]ਧੁਰ[9]ਕਾ॥ਰਹਾਉ॥	The primal[9] writ[8] has become manifest[7] amongst all. Pause.	ਮੁੱਢਲੀ[9] ਲਿਖਤ[8] ਸਾਰਿਆਂ ਵਿਚ ਜ਼ਾਹਰ[7] ਹੋ ਗਈ ਹੈ। ਠਹਿਰਾਉ ।

ਦਸੀ ਮਾਸੀ[10] ਹੁਕਮਿ[12] ਬਾਲਕ[13] ਜਨਮੁ[14] ਲੀਆ ॥	In the tenth month[10], by Lord's command[12], the baby[13] has been born[14].	ਦਸਵੇਂ ਮਹੀਨੇ[10] ਵਿਚ ਸਾਹਿਬ ਦੇ ਫਰਮਾਨ[12] ਦੁਆਰਾ ਬਾਲ[13] ਪੈਦਾ ਹੋਇਆ[14] ਹੈ।
ਮਿਟਿਆ[15] ਸੋਗੁ ਮਹਾ[17] ਅਨੰਦੁ[18] ਥੀਆ[19] ॥	Sorrow[16] has left[15] and great[17] joy[18] has become[19] manifest.	ਸੋਗ[16] ਦੂਰ ਹੋ ਗਿਆ[15] ਹੈ ਅਤੇ ਪਰਮ[17] ਖੁਸ਼ੀ[18] ਪਰਗਟ ਹੋ ਗਈ[19] ਹੈ।
ਗੁਰਬਾਣੀ[20]ਸਖੀ[21]ਅਨੰਦੁ[22] ਗਾਵੈ ॥	The mates[21] sing the Guru's hymns[20] in glee[22].	ਖੁਸ਼ੀ[22] ਵਿਚ ਸਈਆਂ[21] ਗੁਰਾਂ ਦੀ ਬਾਣੀ[20] ਗਾਇਨ ਕਰਦੀਆਂ ਹਨ।
ਸਾਚੇ ਸਾਹਿਬ ਕੈ ਮਨਿ[23] ਭਾਵੈ[24] ॥੨॥	This is pleasing[24] to the True Lord's heart[23].	ਇਹ ਸੱਚੇ ਸੁਆਮੀ ਦੇ ਦਿਲ[23] ਨੂੰ ਚੰਗੀ ਲਗਦੀ[24] ਹੈ।
ਵਧੀ[25] ਵੇਲਿ[26] ਬਹੁ[27] ਪੀੜੀ[28] ਚਾਲੀ[29] ॥	The vine[26] has extended[25] and shall last for[29] many[27] generations[28].	ਬੇਲ[26] ਫੈਲਰੀ[25] ਹੈ ਅਤੇ ਬਹੁਤੀਆਂ[27] ਪੁਸ਼ਤਾਂ[28] ਤੋੜੀਂ ਚਲਦੀ[29] ਰਹੇਗੀ।
ਧਰਮ[30] ਕਲਾ[31] ਹਰਿ ਬੰਧਿ ਬਹਾਲੀ[32] ॥	The Lord has firmly established[32] the machinery[31] of devotion and love[30].	ਸੁਆਮੀ ਨੇ ਸ਼ਰਧਾ[30] ਪ੍ਰੇਮ ਦੀ ਮਸ਼ੀਨ[31] ਪੱਕੇ ਪੈਰਾਂ ਤੇ ਅਸਥਾਪਨ[32] ਕਰ ਦਿੱਤੀ ਹੈ।
ਮਨ[33] ਚਿੰਦਿਆ[34]ਸਤਿਗੁਰੂ ਦਿਵਾਇਆ[35] ॥	The Satguru has granted[35] me, what my mind[33] wished[34] for.	ਸਤਿਗੁਰਾਂ ਨੇ ਮੈਨੂੰ ਉਹ ਕੁਛ ਬਖਸ਼ ਦਿੱਤਾ[35] ਹੈ ਜਿਸ ਨੂੰ ਮੇਰਾ ਚਿੱਤ[33] ਚਾਹੁੰਦਾ[34] ਸੀ।
ਭਏ[36] ਅਚਿੰਤ[37]ਏਕ ਲਿਵ[38] ਲਾਇਆ[39] ॥੩॥	I have become[36] care-free[37] and have fixed[39] my attention[38] on one God.	ਮੈਂ ਬੇਫ਼ਿਕਰ[37] ਹੋ ਗਿਆ[36] ਹਾਂ, ਅਤੇ ਮੈਂ ਆਪਣੀ ਬਿਰਤੀ[38] ਇਕ ਵਾਹਿਗੁਰੂ ਵਿਚ ਜੋੜ[39] ਲਈ ਹੈ।
ਜਿਉ[40] ਬਾਲਕੁ[41] ਪਿਤਾ[42] ਉਪਰਿ ਕਰੇ ਬਹੁ[43] ਮਾਣੁ[44]॥	As[40] a child[41] takes great[43] pride[44] on its father[43]. So do I speak[46] as it	ਜਿਸ ਤਰ੍ਹਾਂ[40] ਬੱਚਾ[41] ਆਪਣੇ ਬਾਪ[43] ਤੇ ਘਣੇਰਾ[42] ਫ਼ਖਰ[44] ਕਰਦਾ ਹੈ।
ਬੁਲਾਇਆ[45] ਬੋਲੈ[46] ਗੁਰ ਕੈ ਭਾਣਿ[47] ॥	pleases[47] the Guru to have me speak[46].	ਏਸੇ ਤਰ੍ਹਾਂ ਮੈਂ ਉਹ ਕੁਛ ਆਖਦਾ[46] ਹਾਂ, ਜੋ ਗੁਰਾਂ ਨੂੰ ਮੇਰੇ ਪਾਸੋਂ ਅਖਵਾਉਣਾ ਚੰਗਾ[47] ਲੱਗਦਾ ਹੈ।
ਗੁਝੀ ਛੰਨੀ[48] ਨਾਹੀ ਬਾਤ[49]॥	It is not a concealed and hidden[48] matter[49].	ਇਹ ਕੋਈ ਲੁਕੀ ਛਿਪੀ[48] ਹੋਈ ਗੱਲ[49] ਨਹੀਂ।
ਗੁਰੁ ਨਾਨਕੁ ਤੁਠਾ[50] ਕੀਨੀ ਦਾਤਿ[51] ॥੪॥੭॥੧੦੧॥	Guru Nanak, being mightily pleased[50] has given me this gift[51].	ਗੁਰੂ ਨਾਨਕ ਨੇ ਪਰਮ ਪਰਸੰਨ[50] ਹੋ ਕੇ ਇਹ ਬਖਸ਼ੀਸ਼[51] ਮੈਨੂੰ ਬਖਸ਼ੀ ਹੈ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਗੁਰ ਪੂਰੇ[52] ਰਾਖਿਆ[53] ਦੇ[54] ਹਾਥ[55] ॥	Giving[54] his hand[55] the Perfect[52] Guru has protected[53] the child.	ਆਪਣਾ ਹੱਥ[55] ਦੇ ਕੇ[54] ਪੂਰਨ[52] ਗੁਰਾਂ ਨੇ ਬੱਚੇ ਨੂੰ ਬਚਾ ਲਿਆ[53] ਹੈ।
ਪ੍ਰਗਟੁ[56] ਭਇਆ ਜਨਕਾ[57] ਪਰਤਾਪੁ[58] ॥੧॥	The glory[58] of His servant[57] has become manifest[56].	ਉਸ ਦੇ ਸੇਵਕ[57] ਦੀ ਨਾਮਵਰੀ[58] ਉਜਾਗਰ[56] ਹੋ ਗਈ ਹੈ।
ਗੁਰੁ[59] ਗੁਰੁ ਜਪੀ[60] ਗੁਰੂ[61] ਗੁਰੁ ਧਿਆਈ[62] ॥	Contemplate[60] I on the exalted[59] Guru and on the great[61] Guru do I meditate[62].	ਉਤਕ੍ਰਿਸ਼ਟ[59] ਗੁਰਾਂ ਦਾ ਮੈਂ ਆਰਾਧਨ[60] ਕਰਦਾ ਹਾਂ, ਅਤੇ ਵਿਸ਼ਾਲ[61] ਗੁਰਾਂ ਨੂੰ ਹੀ ਮੈਂ ਸਿਮਰਦਾ[62] ਹਾਂ।
ਜੀਅ[63] ਕੀ ਅਰਦਾਸਿ[64]	What I pray[64] for with my heart[63] I	ਜਿਸ ਕਾਸੇ ਲਈ ਮੈਂ ਆਪਣੇ ਦਿਲੋਂ[63] ਪ੍ਰਾਰਥਨਾ[64]

ਗੁਰੂ ਪਹਿ[65] ਪਾਈ[66] ॥ ਰਹਾਉ॥	receive[66] that from[65] the Guru. Pause.	ਕਰਦਾ ਹਾਂ, ਉਹ ਮੈਂ ਗੁਰਾਂ ਪਾਸੋਂ[65] ਪਾ[66] ਲੈਂਦਾ ਹਾਂ। ਠਹਿਰਾਉ।
ਸਰਨਿ[67] ਪਰੇ[68] ਸਾਚੇ ਗੁਰਦੇਵ[69] ॥	I have entered[68] the sanctuary[67] of the True Divine Guru[69].	ਮੈਂ ਸੱਚੇ ਰੱਬ ਰੂਪ ਗੁਰਾਂ[69] ਦੀ ਓਟ[67] ਲਈ[68] ਹੈ।
ਪੂਰਨ[70] ਹੋਈ ਸੇਵਕ[71]ਸੇਵ॥	His servants'[71] service has been accomplished[70].	ਉਸ ਦੇ ਟਹਿਲੂਏ[71] ਦੀ ਟਹਿਲ ਸੰਪੂਰਨ[70] ਹੋ ਗਈ ਹੈ।
ਜੀਉ[72] ਪਿੰਡੁ[73] ਜੋਬਨੁ[74] ਰਾਖੈ[75] ਪ੍ਰਾਨ[76] ॥	He has preserved[75] my soul[72], body[73], youth[74] and life[76].	ਉਸ ਨੇ ਮੇਰੀ ਆਤਮਾ[72], ਦੇਹਿ[73], ਜੁਆਨੀ[74] ਅਤੇ ਜਿੰਦ ਜਾਨ[76] ਦੀ ਰਖਿਆ[75] ਕੀਤੀ ਹੈ।
ਕਹੁ[77] ਨਾਨਕ ਗੁਰ ਕਉ[78] ਕੁਰਬਾਨ[79] ॥੩॥੮॥੧੦੨॥	Says[77] Nanak, I am a sacrifice[79] unto[78] my Guru.	ਗੁਰੂ ਜੀ ਫੁਰਮਾਉਂਦੇ[77] ਹਨ, ਮੈਂ ਆਪਣੇ ਗੁਰਾਂ ਉਤੋਂ[37] ਬਲਿਹਾਰਨੇ[79] ਜਾਂਦਾ ਹਾਂ।
ਆਸਾ ਘਰੁ ੮ ਕਾਫੀ ਮਹਲਾ ੫	Asa. 5th Guru.	ਆਸਾ ਪੰਜਵੀਂ ਪਾਤਸ਼ਾਹੀ।
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਮੈ ਬੰਦਾ[80] ਬੈ ਖਰੀਦੁ[81] ਸਚੁ ਸਾਹਿਬੁ[82] ਮੇਰਾ ॥	I am a purchased[81] slave[80] of Thine. Thou art my True Lord[82].	ਮੈਂ ਤੇਰਾ ਮੁਲ ਲਿਆ ਹੋਇਆ[81] ਗੋਲਾ[80] ਹਾਂ। ਤੂੰ ਮੇਰਾ ਸੱਚਾ ਸੁਆਮੀ[82] ਹੈਂ।
ਜੀਉ[83] ਪਿੰਡੁ[84] ਸਭੁ[85] ਤਿਸਦਾ[86] ਸਭੁ ਕਿਛੁ[87] ਹੈ ਤੇਰਾ[88] ॥੧॥	My soul[83] and body[84] are all[85] His[86]. My everything[87] is Thine[88], O Lord.	ਮੇਰੀ ਆਤਮਾ[83] ਅਤੇ ਦੇਹਿ[84] ਸਮੂਹ[85] ਉਸੇ[86] ਦੀਆਂ ਹਨ। ਮੇਰੀ ਹਰ ਵਸਤੂ[87] ਤੇਰੀ[88] ਹੈ, ਹੇ ਸੁਆਮੀ।
ਮਾਣੁ[89] ਨਿਮਾਣੇ[90] ਤੂੰ ਧਣੀ[91] ਤੇਰਾ ਭਰਵਾਸਾ[92] ॥	Thou art the honour[89] of the dishonoured[90], O Master[91] and in Thee I put my trust[92].	ਤੂੰ ਬੇਇਜ਼ਤਿਆਂ[90] ਦੀ ਇਜ਼ਤ[89] ਹੈਂ, ਹੇ ਮਾਲਕ[91]। ਤੇਰੇ ਵਿਚ ਹੀ ਮੇਰਾ ਭਰੋਸਾ[92] ਹੈ।
ਬਿਨੁ ਸਾਚੇ[93] ਅਨ[94] ਟੇਕ[95] ਹੈ ਸੋ[96] ਜਾਣਹੁ[97] ਕਾਚਾ[98]॥ ੧॥ਰਹਾਉ॥	He, who has another[94] support[95] except the True One[93], know[97] him[96] to be imperfect[98]. Pause.	ਜਿਸ ਨੂੰ ਸਤਿਪੁਰਖ[93] ਦੇ ਬਗੈਰ ਹੋਰ ਕਿਸੇ[94] ਦੀ ਓਟ[95] ਹੈ ਉਸ ਨੂੰ[96] ਨਾ-ਮੁਕੰਮਲ[98] ਸਮਝ[97]। ਠਹਿਰਾਉ।
ਤੇਰਾ ਹੁਕਮੁ[99] ਅਪਾਰ[100] ਹੈ ਕੋਈ ਅੰਤੁ[2] ਨ ਪਾਏ ॥	Thine empire[99] is boundless[100], No one knows its limit[2].	ਤੇਰੀ ਹਕੂਮਤ[99] ਬੇਹੱਦ[100] ਹੈ। ਕੋਈ ਭੀ ਇਸ ਦਾ ਓੜਕ[2] ਨਹੀਂ ਜਾਣਦਾ।
ਜਿਸੁ ਗੁਰੁ ਪੂਰਾ[3] ਭੇਟਸੀ[4] ਸੋ[5] ਚਲੈ[7] ਰਜਾਏ[6] ॥੨॥	He[5], who, meets[4] the Perfect[3] Guru, walks[7] according to Thy will[6].	ਜਿਸ ਨੂੰ ਪੂਰਨ[3] ਗੁਰੂ ਮਿਲ[4] ਪੈਂਦੇ ਹਨ, ਉਹ[5] ਤੇਰੇ ਭਾਣੇ[6] ਅਨੁਸਾਰ ਟੁਰਦਾ[7] ਹੈ।
ਚਤੁਰਾਈ[8] ਸਿਆਣਪਾ[9] ਕਿਤੈ ਕਾਮਿ[10]ਨ ਆਈਐ[12]॥	Cunning[8] and cleverness[9] serve[12] no purpose[10].	ਚਾਲਾਕੀ[8] ਅਤੇ ਹੁਸ਼ਿਆਰੀ[9] ਕਿਸੇ ਕੰਮ[10] ਨਹੀਂ ਆਉਂਦੀਆਂ[12]।
ਤੁਠਾ[13] ਸਾਹਿਬੁ ਜੋ[14]ਦੇਵੈ[15] ਸੋਈ[16] ਸੁਖੁ[17]ਪਾਈਐ ॥੩॥	Whatever[14] the Lord gives[15] through His pleasure[13] that[16] is my peace[17].	ਜਿਹੜਾ ਕੁਛ[14] ਆਪਣੀ ਪਰਸੰਨਤਾ[13] ਰਾਹੀਂ ਸੁਆਮੀ ਦਿੰਦਾ[15] ਹੈ, ਓਹੀ[16] ਮੇਰਾ ਆਰਾਮ[17] ਹੈ।
ਜੇ[19] ਲਖ ਕਰਮ[20]	Even though[19] a man performs[22] lacs	ਭਾਵੇਂ[19] ਆਦਮੀ ਲੱਖਾਂ ਕਰਮ ਕਾਂਡ[20] ਪਿਆ ਕਮਾਵੇ[22]

ਕਮਾਈਅਹਿ[22] ਕਿਛੁ ਪਵੈ ਨ ਬੰਧਾ[21] ॥

of ceremonies[20], no halt[21] is put to his desire.

ਉਸਦੀ ਤ੍ਰਿਸ਼ਨਾ ਨੂੰ ਕੋਈ ਠੱਲ੍ਹ[21] ਨਹੀਂ ਪੈਂਦੀ ।

ਜਨ[23] ਨਾਨਕ ਕੀਤਾ[24] ਨਾਮੁ ਧਰ[25] ਹੋਰੁ[26]ਛੋਡਿਆ[27] ਧੰਧਾ[28] ॥੪॥੧॥੧੦੩॥

ਜਉ[65]ਕਿਰਪਾ[66] [67]ਗੋਬਿੰਦ[68] ਭਈ[74] ॥

When[65] the World[67] Lord[68] became[74] merciful[66].

ਜਦ[65] ਸ੍ਰਿਸ਼ਟੀ[67] ਦਾ ਸੁਆਮੀ[68] ਮਿਹਰਬਾਨ[66] ਹੋ ਗਿਆ[74] ।

ਸੁਖ[69] ਸੰਪਤਿ[70] ਹਰਿ ਨਾਮ ਫਲ[71]ਪਾਏ[72]ਸਤਿਗੁਰ ਮਿਲਈ[73] ॥੧॥ਰਹਾਉ॥

I met[73] the True Guru, and I have obtained[72] peace[69], wealth[70] and the fruit[71] of God's Name. Pause.

ਸੱਚੇ ਗੁਰਾਂ ਨੂੰ ਮਿਲ ਕੇ[73] ਮੈਨੂੰ ਆਰਾਮ[69], ਧਨ-ਦੌਲਤ[70] ਅਤੇ ਵਾਹਿਗੁਰੂ ਦੇ ਨਾਮ ਦਾ ਮੇਵਾ[71] ਪ੍ਰਾਪਤ[72] ਹੋ ਗਏ ਹਨ । ਠਹਿਰਾਉ ।

ਮੋਹਿ[76] ਕਿਰਪਨ[77] ਕਉ ਕੋਇ ਨ ਜਾਨਤ ਸਗਲ ਭਵਨ[78] ਪ੍ਰਗਟਈ[79] ॥

No one knew me[76], the miserly[77] one; now, I have become famous[79] all the world over[78].

ਮੈਂ[76] ਕੰਜੂਸ[77] ਨੂੰ ਕੋਈ ਨਹੀਂ ਸੀ ਜਾਣਦਾ, ਹੁਣ ਮੈਂ ਸਾਰੇ ਜਹਾਨ[78] ਵਿਚ ਪਰਸਿੱਧ[79] ਹੋ ਗਿਆ ਹਾਂ ।

ਸੰਗਿ[80] ਬੈਠਨੋ[81] ਕਹੀ ਨ ਪਾਵਤ ਹੁਣਿ ਸਗਲ ਚਰਣ[82] ਸੇਵਈ[83] ॥੨॥

Previously no one allowed me to sit[81] by[80] him, but now all worship[83] my feet[82].

ਪਹਿਲਾਂ ਕੋਈ ਜਣਾ ਭੀ ਮੈਨੂੰ ਆਪਣੇ ਕੋਲ[80] ਬਹਿਣ[81] ਨਹੀਂ ਸੀ ਦਿੰਦਾ, ਪ੍ਰੰਤੂ ਹੁਣ ਸਾਰੇ ਮੇਰੇ ਪੈਰ[82] ਪੂਜਦੇ[83] ਹਨ ।

ਆਢੁ[84]ਆਢੁ[85]ਕਉ ਫਿਰਤ[86] ਢੂੰਢਤੇ[87] ਮਨ ਸਗਲ[88] ਤ੍ਰਿਸਨ[89] ਬੁਝਿ[90] ਗਈ ॥
ਏਕੋ ਬੋਲੁ[91] ਭੀ ਖਵਤੋ[92] ਨਾਹੀ ਸਾਧ ਸੰਗਤਿ ਸੀਤਲਈ[93] ॥੩॥
ਏਕ ਜੀਹ[94] ਗੁਣ[95]ਕਵਨ[96] ਵਖਾਨੈ[97] ਅਗਮ[98] ਅਗਮ[99] ਅਗਮਈ[100] ॥
ਦਾਸੁ[2] ਦਾਸ ਦਾਸ ਕੋ ਕਰੀਅਹੁ[3] ਜਨੁ[4] ਨਾਨਕ ਹਰਿ ਸਰਣਈ[5] ॥੪॥੨॥ ੧੨੪॥

Formerly I wandered[86] in search[87] of half[84] a pice[85] and now all[88] the thirst[89] of my mind is quenched[90].
I could not bear[92] even one reproach[91] from any one, but now I am calmed[93] through the society of saints.
What[96] merits[95] of the Inaccessible[98], Infinite[99] and Unfathomable Lord[100], can one tongue[94] describe[97] ?
Serf[4] Nanak, is under God's protection[5]. O Lord, make[3] him the slave[2] of the slave of Thy slave.

ਪਹਿਲਾਂ ਮੈਂ ਅੱਧੋ[84] ਪੈਸੇ[85] ਦੀ ਭਾਲ[87] ਅੰਦਰ ਭਟਕਦਾ[86] ਸਾਂ ਹੁਣ ਮੇਰੇ ਚਿੱਤ ਦੀ ਸਾਰੀ[88] ਤੇਹ[89] ਬੁੱਝ ਗਈ[90] ਹੈ ।
ਮੈਂ ਕਿਸੇ ਦਾ ਇਕ ਕੌੜਾ ਬਚਨ[91] ਨਹੀਂ ਸਾਂ ਸਹਾਰ[92] ਸਕਦਾ, ਹੁਣ ਸਤਿ ਸੰਗਤ ਰਾਹੀਂ ਮੈਂ ਠੰਢਾ ਠਾਰ[93] ਹੋ ਗਿਆ ਹਾਂ ।
ਪਹੁੰਚ ਤੋਂ ਪਰੇ[98], ਬੇਅੰਤ[99] ਅਤੇ ਅਥਾਹ ਪ੍ਰਭੂ[100] ਦੀਆਂ ਕਿਹੜੀਆਂ[96] ਖੂਬੀਆਂ[95],ਇੱਕ ਜੀਭ[94] ਬਿਆਨ[97] ਕਰ ਸਕਦੀ ਹੈ ?
ਨਫ਼ਰ[4] ਨਾਨਕ ਵਾਹਿਗੁਰੂ ਦੀ ਪਨਾਹ[5] ਹੇਠਾਂ ਹੈ ।
ਹੇ ਪ੍ਰਭੂ ! ਉਸ ਨੂੰ ਆਪਣੇ ਗੋਲੇ[2] ਦੇ ਗੋਲੇ ਦਾ ਗੋਲਾ ਬਣਾ[3] ਦੇ ।

ਆਸਾ ਮਹਲਾ ੫ ॥
ਰੇ ਮੂੜੇ[6] ਲਾਹੇ[7] ਕਉ ਤੂੰ ਢੀਲਾ[8] ਢੀਲਾ ਤੋਟੇ[9] ਕਉ ਬੇਗਿ[10] ਧਾਇਆ[12] ॥
ਸਸਤ[13]ਵਖਰੁ[14]ਤੂੰ ਘਿਨਹਿ[15] ਨਾਹੀ ਪਾਪੀ[16] ਬਾਧਾ[17] ਰੇਨਾਇਆ[18] ॥੧॥
ਸਤਿਗੁਰ ਤੇਰੀ ਆਸਾਇਆ[19] ॥ ਪਤਿਤ[20] ਪਾਵਨੁ[21] ਤੇਰੋ ਨਾਮੁ ਪਾਰਬ੍ਰਹਮ[22] ਮੈ ਏਹਾ ਓਟਾਇਆ[23] ॥੧॥ਰਹਾਉ॥
ਗੰਧਣ[24] ਵੈਣ[25] ਸੁਣਹਿ ਉਰਝਾਵਹਿ[26] ਨਾਮੁ ਲੈਤ ਅਲਕਾਇਆ[27] ॥
ਨਿੰਦ[28] ਚਿੰਦ[29] ਕਉ ਬਹੁਤੁ ਉਮਾਹਿਓ[30] ਬੂਝੀ[31] ਉਲਟਾਇਆ[32] ॥
[33]ਪਰਧਨ[34] ਪਰ ਤਨ[35] ਪਰ ਤੀ[36] ਨਿੰਦਾ ਅਖਾਧਿ[37] ਖਾਹਿ ਹਰਕਾਇਆ[38] ॥

Asa 5th Guru.
O Fool[6], thou art very slow[8] in regard to thy profit[7], but in regard to thy loss[9], thou hastily[10] runnest[12].
O sinner[16], thou takest[15] not the cheap[13] merchandise[14] of God's Name but art tied[17] to the debt[18] of vice.
My true Guru, my hope[19] is in thee.
O Transcendent Lord[22], Thy Name is the purifier[21] of the sinners[20], and this alone is my shelter[23]. Pause.
Listening to the evil[24] songs[25] thou art entangled[26], but in repeating the Name thou art indolent[27].
Thou art greatly delighted[30] in the idea[29] of slander[28] and art possessed of perverted[32] understanding[31].
Thou covetest others[33] wealth[34], others son[35], others wife[36] and others slander, and by eating the uneatable[37] thou hast gone mad[38].

ਆਸਾ ਪੰਜਵੀਂ ਪਾਤਸ਼ਾਹੀ ।
ਹੇ ਮੂਰਖ[6] ! ਆਪਣੇ ਨਫ਼ੇ[7] ਦੀ ਖ਼ਾਤਰ ਤੂੰ ਬਹੁਤ ਹੀ ਢਿੱਲਾ[8] ਹੈਂ, ਪ੍ਰੰਤੂ, ਆਪਣੇ ਨੁਕਸਾਨ[9] ਲਈ ਤੂੰ ਛੇਤੀ[10] ਭੱਜ ਕੇ ਜਾਂਦਾ[12] ਹੈਂ ।
ਹੇ ਗੁਨਹਿਗਾਰ[16], ਤੂੰ ਵਾਹਿਗੁਰੂ ਦੇ ਨਾਮ ਦਾ ਸਸਤਾ[13] ਸੌਦਾ[14] ਨਹੀਂ ਲੈਂਦਾ[15] ਤੂੰ ਐਬਾਂ ਦੇ ਕਰਜ਼ੇ[18] ਨਾਲ ਬੱਝਾ ਹੋਇਆ ਹੈਂ[17] ।
ਮੇਰੇ ਸੱਚੇ ਗੁਰੂ ਜੀ, ਮੇਰੀ ਆਸ[19] ਤੇਰੇ ਵਿੱਚ ਹੈ । ਹੇ ਪਰਮ ਪ੍ਰਭੂ[22], ਤੇਰਾ ਨਾਮ ਪਾਪੀਆਂ[20] ਨੂੰ ਪਵਿਤ੍ਰ ਕਰਨ ਵਾਲਾ[21] ਹੈ । ਕੇਵਲ ਇਹੀ ਮੇਰੀ ਓਟ[23] ਹੈ । ਠਹਿਰਾਉ ।
ਵਿਸ਼ਈ[24] ਗਾਉਣੇ[25] ਸੁਣ ਕੇ ਤੂੰ ਉਲਝ ਜਾਂਦਾ ਹੈਂ[26], ਪਰ ਨਾਮ ਉਚਾਰਨ ਕਰਨ ਵਿਚ ਤੂੰ ਆਲਸ[27] ਕਰਦਾ ਹੈਂ ।
ਨਿੰਦਿਆ[28] ਦੇ ਖਿਆਲ[29] ਅੰਦਰ ਤੂੰ ਬੜਾ ਖੁਸ਼ ਹੁੰਦਾ[30] ਹੈਂ ਬਿਪਰੀਤ[32] ਹੈ ਤੇਰੀ ਬੁੱਧੀ[31] ।
ਤੂੰ ਪਰਾਈ[33] ਦੌਲਤ[34], ਪਰਾਇਆ ਪੁਤ੍ਰ[35], ਪਰਾਈ ਇਸਤਰੀ[36] ਅਤੇ ਨਿੰਦਿਆ ਨੂੰ ਲਲਚਾਉਂਦਾ ਹੈਂ, ਨਾ ਖਾਣ ਵਾਲੀ[37] ਸ਼ੈ ਨੂੰ ਖਾ ਕੇ ਤੂੰ ਹਲਕ ਗਿਆ ਹੈਂ[38] ।

ਸਾਚ ਧਰਮ[39] ਸਿਉ ਰੁਚਿ[40] ਨਹੀ ਆਵੈ ਸਤਿ[41] ਸੁਨਤ ਛੋਹਾਇਆ[42] ॥੩॥

Thou cherishest not love[40] for the True faith[39], and on hearing the truth[41] thou art enraged[42].

ਸੱਚੇ ਮਜ਼ਹਬ[39] ਨੂੰ ਤੂੰ ਪਿਆਰ[40] ਨਹੀਂ ਕਰਦਾ ਅਤੇ ਸੱਚ[41] ਨੂੰ ਸੁਣ ਕੇ ਤੂੰ ਗੁੱਸੇ[42] ਹੋ ਜਾਂਦਾ ਹੈਂ।

ਦੀਨ[43] ਦਇਆਲ[44] ਕ੍ਰਿਪਾਲ[45] ਪ੍ਰਭ ਠਾਕੁਰ ਭਗਤ[46] ਟੇਕ[47] ਹਰਿ ਨਾਇਆ[48] ॥

O compassionate[44] to the poor[43], merciful[45] Lord Master, Thy Name[48] is the prop[47] of Thine saints[46].

ਹੇ ਗਰੀਬਾਂ[43] ਤੇ ਤਰਸ ਕਰਨ ਵਾਲੇ[44] ਮਿਹਰਬਾਨ[45] ਸੁਆਮੀ ਮਾਲਕ! ਤੇਰਾ ਨਾਮ[48] ਤੇਰੇ ਸਾਧੂਆਂ[46] ਦਾ ਆਸਰਾ[47] ਹੈ।

ਨਾਨਕ ਆਹਿ[49] ਸਰਣ[50] ਪ੍ਰਭ ਆਇਓ ਰਾਖੁ ਲਾਜ[51] ਅਪਨਾਇਆ[52] ॥੪॥੩॥ ੧੨੫॥

O Lord, Nanak has eagerly[49] entered Thine Sanctuary[50]. Make him Thy own[52] and save his honour[51].

ਹੇ ਸੁਆਮੀ! ਨਾਨਕ ਨੇ ਚਾਹ ਨਾਲ[49] ਤੇਰੀ ਓਟ[50] ਲਈ ਹੈ। ਉਸ ਨੂੰ ਆਪਣਾ ਨਿੱਜ ਦਾ ਬਣਾ ਲੈ[52] ਅਤੇ ਉਸ ਦੀ ਇੱਜ਼ਤ[51] ਰਖ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਮਿਥਿਆ[53] ਸੰਗਿ[54] ਸੰਗਿ[55] ਲਪਟਾਏ[56] ਮੋਹ[57] ਮਾਇਆ[58] ਕਰਿ ਬਾਧੇ[59] ॥

Men are attached[56] with[55] the association[54] of perishable[53] things. With the love[57] of mammon[58] they are bound[59].

ਆਦਮੀ ਨਾਸਵੰਤ[53] ਚੀਜ਼ਾਂ ਦੀ ਸੰਗਤ[54] ਨਾਲ[55] ਚਿਮੜੇ[56] ਹੋਏ ਹਨ। ਮੋਹਨੀ[58] ਦੀ ਮੁਹੱਬਤ[57] ਨਾਲ ਉਹ ਜਕੜੇ[59] ਹੋਏ ਹਨ।

ਜਹ[60] ਜਾਨੋ ਸੋ[61] ਚੀਤਿ[62] ਨ ਆਵੈ [63]ਅਹੰਬੁਧਿ[64] ਭਏ ਆਂਧੇ[65] ॥੧॥

Whither[60] they have to go, that[61] they mind[62] not and through haughty[63] intellect[64] they have gone blind[65].

ਜਿਥੇ[60] ਉਨ੍ਹਾਂ ਨੇ ਜਾਣਾ ਹੈ, ਉਸ ਨੂੰ[61] ਉਹ ਯਾਦ[62] ਹੀ ਨਹੀਂ ਕਰਦੇ। ਹੰਕਾਰੀ[63]-ਮਤ[64] ਰਾਹੀਂ ਉਹ ਅੰਨ੍ਹੇ[65] ਹੋ ਗਏ ਹਨ।

ਮਨ[66] ਬੈਰਾਗੀ[67] ਕਿਉ ਨ ਅਰਾਧੇ[68] ॥

Becoming renouncer[67], O man[66], why rememberest[68] thou not the Lord ?

ਇੱਛਾ-ਰਹਿਤ[67] ਹੋ ਕੇ, ਹੇ ਬੰਦੇ[66]! ਤੂੰ ਕਿਉਂ ਸੁਆਮੀ ਦਾ ਸਿਮਰਨ[68] ਨਹੀਂ ਕਰਦਾ ?

ਕਾਚ[69] ਕੋਠਰੀ[70] ਮਾਹਿ[71] ਤੂੰ ਬਸਤਾ[72] ਸੰਗਿ[73] ਸਗਲ[74] ਬਿਖੈ[75] ਕੀ ਬਿਆਧੇ[76] ॥੧॥ ਰਹਾਉ॥

Thou abidest[72] in[71] the frail[69] chamber[70], where the diseases[76] of all[74] the sins[75] are with[73] thee. Pause.

ਤੂੰ ਕੱਚੀ[69] ਕੋਠੜੀ[70] ਵਿਚ[71] ਰਹਿੰਦਾ[72] ਹੈਂ, ਜਿੱਥੇ ਸਾਰਿਆਂ[74] ਪਾਪਾਂ[75] ਦੀਆਂ ਬੀਮਾਰੀਆਂ[76] ਤੇਰੇ ਨਾਲ[73] ਹਨ। ਠਹਿਰਾਉ।

ਪਦੀ ੪੦੩

ਮੇਰੀ ਮੇਰੀ[77] ਕਰਤ ਦਿਨੁ ਰੈਨਿ ਬਿਹਾਵੈ[78] ਪਲੁ ਖਿਨੁ ਛੀਜੈ[79] ਅਰਜਾਧੇ[80] ॥

Claiming as mine, mine[77], the days and nights pass away[78], and every moment and trice thy life[80] is wearing off[79].

ਅਪਣੱਤ ਕਰਦਿਆਂ[77] ਕਰਦਿਆਂ, ਦਿਹੁੰ ਤੇ ਰਾਤ ਬੀਤ ਜਾਂਦੇ[78] ਹਨ। ਹਰ ਮੁਹਤ ਤੇ ਛਿੰਨ ਤੇਰੀ ਉਮਰ[80] ਕੁਰਦੀ ਜਾ ਰਹੀ[79] ਹੈ।

ਜੈਸੇ[81] ਮੀਠੈ ਸਾਦਿ[82] ਲੋਭਾਏ[83] ਝੂਠ[84] ਧੰਧਿ[85] ਦੁਰਗਾਧੇ[86] ॥੨॥

As[81] men are lured[83] by sweet savours[82], so art thou lured by false[84] and filthy[86] occupations[85].

ਜਿਸ ਤਰ੍ਹਾਂ[81] ਬੰਦਿਆਂ ਨੂੰ ਮਿੱਠੇ ਸੁਆਦਾਂ[82] ਨੇ ਲੁਭਾਇਮਾਨ[83] ਕੀਤਾ ਹੋਇਆ ਹੈ, ਏਸੇ ਤਰ੍ਹਾਂ ਹੀ ਤੈਨੂੰ ਕੂੜੇ[84] ਤੇ ਗੰਦੇ[86] ਕਾਰਾਂ-ਵਿਹਾਰਾਂ[85] ਨੇ।

ਕਾਮ[87] ਕ੍ਰੋਧ[88] ਅਰੁ[89] ਲੋਭ[90]

These[92] sense-organs[93] of thine are

ਤੇਰੇ ਇਹ[92] ਗਿਆਨ-ਅੰਗ[93] ਵਿਸ਼ੇ ਭੋਗ[87], ਗੁਸੇ[88],

ਮੋਹ[91] ਇਹ[92] ਇੰਦ੍ਰੀ[93] ਰਸਿ[94] ਲਪਟਾਧੇ[95] ॥

attached[95] to the pleasures[94] of lust[87], wrath[88], avarice[90] and[89] worldly love[91].

ਲਾਲਚ[90] ਅਤੇ[89] ਸੰਸਾਰੀ ਮਮਤਾ[91] ਦੇ ਸੁਆਦਾਂ[94] ਨਾਲ ਜੁੜੇ[95] ਹੋਏ ਹਨ ।

ਦੀਈ ਭਵਾਰੀ[96] ਪੁਰਖਿ[97] ਬਿਧਾਤੈ[98] ਬਹੁਰਿ[99] ਬਹੁਰਿ ਜਨਮਾਧੇ[100] ॥੩॥

The Omnipotent[97] scribe of destiny[98] has caused thee to go round[96] again[99] and again, in births[100].

ਸਰਬ-ਸ਼ਕਤੀਵਾਨ[97] ਕਿਸਮਤ[98] ਦੇ ਲਿਖਾਰੀ ਨੇ ਤੈਨੂੰ ਮੁੜ[99] ਮੁੜ ਕੇ ਜਨਮਾਂ[100] ਅੰਦਰ ਜਾਣ ਦੀ ਭੁਆਟਣੀ[96] ਦਿੱਤੀ ਹੈ ।

ਜਉ[2] ਭਇਓ[3] ਕ੍ਰਿਪਾਲੂ[4] ਦੀਨ[5] ਦੁਖ[6] ਭੰਜਨੁ[7] ਤਉ[8] ਗੁਰਮਿਲਿ ਸਭ ਸੁਖ ਲਾਧੇ[9] ॥

When the Destroyer[7] of the sorrows[6] of the poor[5] becomes[3] merciful[4], then[8], on meeting the Guru, all the comforts are obtained[9].

ਜਦ[2] ਗਰੀਬਾਂ[5] ਦੇ ਗ਼ਮ[6] ਨਾਸ[7] ਕਰਨ ਵਾਲਾ ਮਿਹਰਬਾਨ[4] ਹੋ ਜਾਂਦਾ[3] ਹੈ, ਤਦ[8] ਗੁਰਾਂ ਨੂੰ ਮਿਲ ਕੇ ਸਾਰੇ ਆਰਾਮ ਪਰਾਪਤ[9] ਹੋ ਜਾਂਦੇ ਹਨ ।

ਕਹੁ ਨਾਨਕ ਦਿਨੁ ਰੈਨਿ[10] ਧਿਆਵਉ[12] ਮਾਰਿ ਕਾਢੀ[13] ਸਗਲ ਉਪਾਧੇ[14] ॥੪॥

Says Nanak, day and night[10], I meditate[12] on the Lord, and He has beaten and banished[13] all my ailments[14].

ਗੁਰੂ ਜੀ ਆਖਦੇ ਹਨ, ਮੈਂ ਦਿਹੁੰ ਰਾਤ[10] ਸੁਆਮੀ ਦਾ ਸਿਮਰਨ[12] ਕਰਦਾ ਹਾਂ ਅਤੇ ਉਸ ਨੇ ਮੇਰੇ ਸਾਰੇ ਰੋਗ[14] ਕੁਟ ਕੇ ਬਾਹਰ ਕੱਢ ਛੱਡੇ[13] ਹਨ ।

ਇਉ[15] ਜਪਿਓ[16] ਭਾਈ[17] ਪੁਰਖੁ[18] ਬਿਧਾਤੈ[19] ॥

Like this[15], O my brother[17] contemplate[16] thou on the powerful[18] Lord of destiny[19].

ਇਸ ਤਰ੍ਹਾਂ[15] ਹੇ ਮੇਰੇ ਵੀਰ[17] ! ਤੂੰ ਬਲਵਾਨ[18], ਕਿਸਮਤ ਦੇ[19] ਸੁਆਮੀ ਦਾ ਸਿਮਰਨ[16] ਕਰ ।

ਭਇਓ ਕ੍ਰਿਪਾਲੁ ਦੀਨ[20] ਦੁਖ[21] ਭੰਜਨੁ[22]ਜਨਮ ਮਰਣ ਦੁਖ[23]ਲਾਥੇ[24] ॥੧॥ਰਹਾਉ॥ ਦੂਜਾ ॥੪॥੪॥੧੨੬॥

The Remover[22] of the grief[21] of the meek[20] has become compassionate and the pain[23] of my birth and death is removed[24]. Pause Second.

ਮਸਕੀਨਾਂ[20] ਦੇ ਗ਼ਮ[21] ਦੂਰ ਕਰਨ ਵਾਲਾ[22]ਦਇਆਵਾਨ ਹੋ ਗਿਆ ਹੈ ਅਤੇ ਮੇਰੀ ਜੰਮਨ ਅਤੇ ਮਰਣ ਦੀ ਪੀੜ[23] ਨਵਿਰਤ[24] ਹੋ ਗਈ ਹੈ । ਠਹਿਰਾਉ ਦੂਜਾ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਨਿਮਖ[25] ਕਾਮ[26] ਸੁਆਦ[27] ਕਾਰਣਿ[28] ਕੋਟਿ[29] ਦਿਨਸ ਦੁਖੁ[31] ਪਾਵਹਿ[30] ॥

For[28] a moment's[25] sexual[26] pleasure[27], thou shalt suffer[30] torture[31] for millions[29] of days.

ਸ਼ਹਿਵਤ[26] ਦੀ ਮੁਹਤ[25] ਦੀ ਮੌਜਬਹਾਰ[27] ਖ਼ਾਤਰ[28] ਤੂੰ ਕਰੋੜਾਂ[29] ਦਿਹਾੜੇ ਕਸ਼ਟ[31] ਉਠਾਵੇਂਗਾ[30] ।

ਘਰੀ[32] ਮੁਹਤ[33] ਰੰਗ[34] ਮਾਣਹਿ[35] ਫਿਰਿ[36] ਬਹੁਰਿ[37] ਬਹੁਰਿ ਪਛੁਤਾਵਹਿ[38] ॥੧॥

For an instant[32] and a trice[33], thou shalt enjoy[35] revelments[34] but afterwards[36], thou shalt repent[38] again and again[37].

ਤੂੰ ਇਕ ਚਸੇ[32] ਅਤੇ ਛਿਨ[33] ਲਈ ਰੰਗ-ਰਲੀਆਂ[34] ਭੋਗੇਂਗਾ[35]ਅਤੇ ਮਗਰੋਂ[36]ਮੁੜ ਮੁੜ ਕੇ[37] ਤੂੰ ਪਸਚਾਤਾਪ[38] ਕਰੇਂਗਾ ।

ਅੰਧੇ[39] ਚੇਤਿ[40]ਹਰਿ ਹਰਿ[41] ਰਾਇਆ[42] ॥

O blind man[39], meditate[40] thou on thy Sovereign[42] Lord Master[41].

ਹੇ ਮੁਨਾਖੇ ਮਨੁੱਖ[39] ! ਤੂੰ ਆਪਣੇ ਪਾਤਸ਼ਾਹ[42] ਪ੍ਰਭੂ ਪਰਮੇਸ਼ਰ[41] ਦਾ ਆਰਾਧਨ[40] ਕਰ ।

ਤੇਰਾ ਸੋ[43] ਦਿਨੁ ਨੇੜੈ[44] ਆਇਆ[45] ॥੧॥ਰਹਾਉ॥

Thy that[43] day (of death) is drawing[45] nigh[44]. Pause.

ਤੇਰਾ ਉਹ[43] ਮੌਤ ਦਾ ਦਿਹਾੜਾ ਤੇਰੇ ਨਜ਼ਦੀਕ[44] ਢੁਕ[45] ਰਿਹਾ ਹੈ । ਠਹਿਰਾਉ ।

ਪਲਕ[46] ਦ੍ਰਿਸਟਿ[47] ਦੇਖਿ[48] ਭੂਲੋ[49] ਆਕ[50]

Thou art misled[49] on beholding[48] with thine eyes[47], for a moment[46] the

ਤੂੰ ਇਕ ਮੁਹਤ[46] ਲਈ ਆਪਣੀਆਂ ਅੱਖਾਂ[47] ਨਾਲ ਕੌੜੇ[52] ਅੱਕ[50] ਨਿੰਮ[51] ਤੇ ਤੂਮੇਂ[53]

ਨੀਮ[51] ਕੋ[52] ਤੂੰਮਰੁ[53] ॥

ਜੈਸਾ[54] ਸੰਗੁ[55] ਬਿਸੀਅਰ[56] ਸਿਉ ਹੈ ਰੇ ਤੈਸੋ[57] ਹੀ ਇਹੁ ਪਰ[58] ਗ੍ਰਿਹੁ[59] ॥੨॥

ਬੈਰੀ[60] ਕਾਰਣਿ[61] ਪਾਪ[62] ਕਰਤਾ[63] ਬਸਤੁ[64] ਰਹੀ[65] ਅਮਾਨਾ[66] ॥

ਛੋਡਿ[67] ਜਾਹਿ ਤਿਨ[68] ਹੀ ਸਿਉ[69] ਸੰਗੀ[70] ਸਾਜਨ[71] ਸਿਉ ਬੈਰਾਨਾ[72] ॥੩॥

ਸਗਲ ਸੰਸਾਰੁ ਇਹੈ ਬਿਧਿ[73] ਬਿਆਪਿਓ[74]ਸੋ[77]ਉਬਰਿਓ[75] ਜਿਸੁ ਗੁਰੁ ਪੂਰਾ[76] ॥

ਕਹੁ ਨਾਨਕ [78]ਭਵਸਾਗਰੁ[79] ਤਰਿਓ[80] ਭਏ ਪੁਨੀਤ[81] ਸਰੀਰਾ[82] ॥੪॥੫॥੧੨੭॥

ਆਸਾ ਮਹਲਾ ੫ ਦੁਪਦੇ ॥

ਲੂਕਿ[83] ਕਮਾਨੋ ਸੋਈ[84] ਤੁਮ੍ਹ ਪੇਖਿਓ[85] ਮੂੜ[86] ਮੁਗਧ[87] ਮੁਕਰਾਨੀ[88] ॥

ਆਪ[89] ਕਮਾਨੇ[90] ਕਉ[91] ਲੇ ਬਾਂਧੇ[92] ਫਿਰਿ[93] ਪਾਛੈ[94] ਪਛੁਤਾਨੀ[95] ॥੧॥

ਪ੍ਰਭ ਮੇਰੇ ਸਭ ਬਿਧਿ[96] ਆਗੈ[97] ਜਾਨੀ[98] ॥

ਭ੍ਰਮ[99] ਕੇ ਮੂਸੇ[100] ਤੂੰ ਰਾਖਤ ਪਰਦਾ[2] ਪਾਛੈ[3] ਜੀਅ[4] ਕੀ[5] ਮਾਨੀ[6] ॥੧॥ਰਹਾਉ॥

ਜਿਤੁ ਜਿਤੁ[7] ਲਾਏ[8] ਤਿਤੁ ਤਿਤੁ[8*]ਲਾਗੇ ਕਿਆ[10] ਕੋ[12] ਕਰੈ ਪਰਾਨੀ[9] ॥

aak (swallow-wort[50]) neem[51] (azadirachta) and bitter[52] tumma (indica[53]).

As[54] is the companionship[55] of a venomous serpent[56], so[57] is the ravishing of another's[58] wife[59].

Thou committest[63] sins[62] for the sake[61] of wealth, thy enemy[60], and thou hast neglected[65] the commodity[64] of Lord's faith[66].

They, who leave[67] thee (in lurch), with[69] them[68] is thy friendship[70], and with thy intimates[71], thou bearest enmity[72].

The entire world is entangled[74] in this way[73]. He[77] alone is saved[75] whose Guru is perfect[76].

Says Nanak, I have crossed[80] the terrible[78] world ocean[79] and my body[82] has become purified[81].

Asa 5th Guru. Dupade.

What man does in secret[83], that[84] Thou beholdest[85] O Lord, though the fool[86] and blockhead[87] deny[88] it.

For[91] his own[89] actions[90], he is bound down[92] and then[93], afterwards[94] he regrets[95].

My Lord comes to know[96], beforehand[97], all the designs[96] of man.

Deceived[100] by doubt[99], thou, O man, concealest[2] thine deeds, but afterwards[3], thou shalt have to confess[6] the secrets of[5] thy mind[4]. Pause.

To whatever[7] they (the people) are yoked[8], to that[8*] they remain yoked. What[10] can any[12] mortal[9] do ?

ਨੂੰ ਵੇਖ ਕੇ[48] ਭੁੱਲ ਗਿਆ[49] ਹੈਂ ।

ਜਿਸ ਤਰ੍ਹਾਂ[54] ਦੀ ਸੁਹਬਤ[55] ਹੈ ਜ਼ਹਿਰੀਲੇ ਸੱਪ[56] ਦੀ ਉਸੇ ਤਰ੍ਹਾਂ[57] ਦਾ ਹੈ ਭੋਗ-ਬਿਲਾਸ ਪ੍ਰਾਈ[58] ਇਸਤਰੀ[59] ਦਾ ।

ਆਪਣੀ ਦੁਸ਼ਮਣ[60] ਧਨ-ਦੌਲਤ ਖ਼ਾਤਰ[61] ਤੂੰ ਗੁਨਾਹ[62] ਕਰਦਾ[63] ਹੈਂ ਅਤੇ ਸੁਆਮੀ ਦੇ ਈਮਾਨ[66] ਦੇ ਵਖਰੇ[64] ਨੂੰ ਤੂੰ ਤਿਆਗ ਦਿੱਤਾ ਹੈ[65] ।

ਜੋ ਤੈਨੂੰ ਤਿਆਗ ਦਿੰਦੇ ਹਨ[67], ਉਨ੍ਹਾਂ[68] ਨਾਲ[69] ਤੇਰਾ ਸੰਗੀਪਣ[70] ਹੈ ਅਤੇ ਆਪਣੇ ਮਿੱਤ੍ਰਾਂ[71] ਨਾਲ ਤੇਰਾ ਵੈਰ[72] ਹੈ ।

ਸਾਰਾ ਜਹਾਨ ਏਸੇ ਤਰੀਕੇ[73] ਨਾਲ ਫਾਥਾ ਹੋਇਆ[74] ਹੈ । ਕੇਵਲ ਓਹੀ[77] ਪਾਰ ਉਤਰਦਾ ਹੈ[75], ਜਿਸ ਦਾ ਗੁਰੂ ਪੂਰਨ[76] ਹੈ ।

ਗੁਰੂ ਜੀ ਆਖਦੇ ਹਨ,ਮੈਂ ਭਿਆਨਕ[78] ਸੰਸਾਰ ਸਮੁੰਦਰ[79] ਤੋਂ ਪਾਰ[80] ਹੋ ਗਿਆ ਹਾਂ ਅਤੇ ਮੇਰੀ ਦੇਹਿ[82] ਪਵਿੱਤ੍ਰ[81] ਹੋ ਗਈ ਹੈ ।

ਆਸਾ ਪੰਜਵੀਂ ਪਾਤਸ਼ਾਹੀ ਦੁਪਦੇ ।

ਜਿਹੜਾ ਕੁੱਛ ਇਨਸਾਨ ਲੁਕਾ ਕੇ[83] ਕਰਦਾ ਹੈ, ਉਸ ਨੂੰ[84] ਤੂੰ ਦੇਖਦਾ[85] ਹੈਂ ਹੇ ਸੁਆਮੀ ! ਭਾਵੇਂ ਮੂਰਖ[86] ਤੇ ਬੁੱਧੂ[87] ਇਸ ਤੋਂ ਮੁਕਰਦੇ[88] ਹਨ ।

ਆਪਣੇ ਨਿੱਜ ਦੇ[89] ਅਮਲਾਂ[90] ਦੀ ਖ਼ਾਤਰ[91] ਉਹ ਨਰਕ[92] ਲਿਆ ਜਾਂਦਾ ਹੈ ਅਤੇ ਤਦ[93], ਉਹ ਮਗਰੋਂ[94] ਅਫ਼ਸੋਸ[95] ਕਰਦਾ ਹੈ ।

ਮੈਂਡਾ ਸੁਆਮੀ ਬੰਦੇ ਦੇ ਸਾਰੇ ਤ੍ਰੀਕੇ[96], ਪਹਿਲਾਂ ਹੀ[97] ਜਾਣ ਲੈਂਦਾ[98] ਹੈ ।

ਵਹਿਮ[99] ਦੇ ਠੱਗੇ ਹੋਏ[100],ਹੇ ਬੰਦੇ ! ਤੂੰ ਆਪਣੇ ਅਮਲਾਂ ਤੇ ਪਰਦਾ ਪਾਉਂਦਾ[2] ਹੈਂ ਪ੍ਰੰਤੂ ਮਗਰੋਂ[3] ਤੈਨੂੰ ਆਪਣੇ ਮਨ[4] ਦੇ[5] ਭੇਤਾਂ ਨੂੰ ਤਸਲੀਮ ਕਰਨਾ[6] ਪਵੇਗਾ । ਠਹਿਰਾਉ ।

ਜਿੱਥੇ ਕਿਤੇ[7] ਉਹ ਜੋੜੇ[8]ਹਨ,ਉਸੇ ਨੂੰ[8*] ਹੀ ਜੁੜੇ ਰਹਿੰਦੇ ਹਨ । ਕੋਈ[12] ਫ਼ਾਨੀ[9] ਬੰਦਾ ਕੀ[10] ਕਰ ਸਕਦਾ ਹੈ ?

ਬਖਸਿ[13] ਲੈਹੁ ਪਾਰਬ੍ਰਹਮ[14] ਸੁਆਮੀ ਨਾਨਕ ਸਦ[15] ਕੁਰਬਾਨੀ[16]॥੨॥੬॥੧੨੮॥

Pardon[13] me, O Supreme Lord[14] Master. Nanak is ever[15] a sacrifice[16] unto Thee.

ਹੇ ਸ੍ਰੇਸ਼ਟੀ ਸਾਹਿਬ-ਮਾਲਕ[14]! ਮੈਨੂੰ ਮਾਫ਼ ਕਰ[13] ਜੀ, ਨਾਨਕ ਸਦੀਵ[15] ਹੀ ਤੇਰੇ ਉੱਤੋਂ ਘੋਲੀ ਵੰਞਦਾ[16] ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਅਪੁਨੇ ਸੇਵਕ[17] ਕੀ ਆਪੇ[20] ਰਾਖੈ[18]ਆਪੇ ਨਾਮੁ ਜਪਾਵੈ[19]॥

The Lord Himself[20] preserves[18] the honour of His slave[17], and of Himself He causes him to repeat[19] His Name.

ਸੁਆਮੀ ਆਪ[20] ਆਪਣੇ ਗੋਲੇ[17] ਦੀ ਇਜ਼ਤ ਰਖਦਾ[18] ਹੈ ਅਤੇ ਆਪ ਹੀ ਉਸ ਪਾਸੋਂ ਆਪਣੇ ਨਾਮ ਦਾ ਸਿਮਰਨ ਕਰਵਾਉਂਦਾ ਹੈ[19]।

ਜਹ ਜਹ[21] ਕਾਜ ਕਿਰਤਿ[22] ਸੇਵਕ ਕੀ ਤਹਾ ਤਹਾ[23]ਉਠਿ ਧਾਵੈ[24] ॥੧॥

Whithersoever[21] the business and affair[22] of His slave is, thither[23] the Lord runs[24].

ਜਿੱਥੇ ਕਿਤੇ ਭੀ[21] ਉਸ ਦੇ ਗੋਲੇ ਦਾ ਕੰਮ ਕਾਜ[22] ਹੈ, ਉਥੇ[23] ਹੀ ਸੁਆਮੀ ਭੱਜ ਕੇ ਜਾਂਦਾ ਹੈ[24]।

ਸੇਵਕੁ ਕਉ ਨਿਕਟੀ[25] ਹੋਇ ਦਿਖਾਵੈ[26] ॥

To His servant, the Lord shows[26] Himself to be near[25].

ਆਪਣੇ ਨੌਕਰ ਨੂੰ, ਸਾਹਿਬ ਆਪਣੇ ਆਪ ਨੂੰ ਨੇੜੇ[25] ਵਿਖਾਲਦਾ[26] ਹੈ।

ਜੋ ਜੋ[27] ਕਹੈ ਠਾਕੁਰ ਪਹਿ ਸੇਵਕ ਤਤਕਾਲ[28] ਹੋਇ ਆਵੈ[29] ॥੧॥ਰਹਾਉ॥

Whatever[27] the servant asks his Master, forthwith[28] comes to pass[29]. Pause.

ਜਿਹੜਾ ਕੁਛ[27] ਨੌਕਰ ਆਪਣੇ ਮਾਲਕ ਕੋਲ ਆਖਦਾ ਹੈ, ਉਹ ਫੁਰਤ[28] ਹੀ ਹੋ ਜਾਂਦਾ[29] ਹੈ। ਠਹਿਰਾਓ।

ਤਿਸੁ[30] ਸੇਵਕ ਕੈ ਹਉ ਬਲਿਹਾਰੀ[31] ਜੋ ਅਪਨੇ ਪ੍ਰਭ ਭਾਵੈ[32] ॥

I am a sacrifice[31] unto the[30] attendant, who is pleasing[32] to his Master.

ਮੈਂ ਉਸ[30] ਟਹਿਲੂਏ ਉਤੋਂ ਕੁਰਬਾਨ[31] ਹਾਂ, ਜਿਹੜਾ ਆਪਣੇ ਮਾਲਕ ਨੂੰ ਚੰਗਾ ਲਗਦਾ[32] ਹੈ।

ਤਿਸ[33]ਕੀ ਸੋਇ[34] ਸੁਣੀ ਮਨੁ ਹਰਿਆ[35] ਤਿਸੁ[36] ਨਾਨਕ ਪਰਸਣਿ[37] ਆਵੈ[38] ॥੨॥੭॥੧੨੯॥

Hearing his[33] glory[34], Nanak's mind is reverdured[35] and to him[36] Nanak goes[38] to touch[37] his Feet.

ਉਸ ਦੀ[33] ਸੋਭਾ[34] ਸੁਣ ਕੇ ਨਾਨਕ ਦਾ ਹਿਰਦਾ ਹਰਾ-ਭਰਾ[35] ਹੋ ਜਾਂਦਾ ਹੈ। ਉਸ ਦੇ ਪੈਰਾਂ ਨੂੰ ਛੂਹਣ ਲਈ[37] ਨਾਨਕ ਉਸ[36] ਕੋਲ ਜਾਂਦਾ[38] ਹੈ।

ਆਸਾ ਘਰੁ ੧੧ ਮਹਲਾ ੫

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

੧ ੴ ਸਤਿਗੁਰ ਪ੍ਰਸਾਦਿ ॥

There is but one God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।

ਨਟੁਆ[39] ਭੇਖ[40] ਦਿਖਾਵੈ[41] ਬਹੁ[42] ਬਿਧਿ[43] ਜੈਸਾ[44] ਹੈ ਓਹੁ ਤੈਸਾ[45] ਰੇ ॥

The buffoon[39] exhibits[41] guises[40] in many[42] ways[43], but he remains the same[46] as[44] he is.

ਬਹੁਰੂਪੀਆ[39] ਬਹੁਤਿਆਂ[42] ਤਰੀਕਿਆਂ[43] ਨਾਲ ਸਾਂਗ[40] ਵਿਖਾਲਦਾ[41] ਹੈ। ਪਰ ਉਹ ਉਸ ਤਰ੍ਹਾਂ[46] ਦਾ ਹੀ ਰਹਿੰਦਾ ਹੈ, ਜੇਹੋ ਜੇਹਾ[44] ਉਹ ਹੈ।

ਬਹੁਤਿਆਂ[42] ਤਰੀਕਿਆਂ[43] ਨਾਲ ਸਾਂਗ[40] ਵਿਖਾਲਦਾ[41] ਹੈ। ਪਰ ਉਹ ਉਸ ਤਰ੍ਹਾਂ[46] ਦਾ ਹੀ ਰਹਿੰਦਾ ਹੈ, ਜੇਹੋ ਜੇਹਾ[44] ਉਹ ਹੈ।

ਅਨਿਕ[46] ਜੋਨਿ[47] ਭ੍ਰਮਿਓ[48] ਭ੍ਰਮ[49] ਭੀਤਰਿ[50] ਸੁਖਹਿ[51] ਨਾਹੀ ਪਰਵੇਸਾ[52] ਰੇ ॥੧॥

So does the soul wander[48] in many[46] births[47], through[50] doubt[49], but remains the same and enters[52] not the peace[51].

ਏਸੇ ਤਰ੍ਹਾਂ ਆਤਮਾ ਸੰਦੇਹ[49] ਦੇ ਰਾਹੀਂ[50] ਬਹੁਤਿਆਂ[46] ਜਨਮਾਂ[47] ਅੰਦਰ ਭਟਕਦੀ[48] ਹੈ ਪ੍ਰੰਤੂ ਉਹੋ ਜੇਹੀ ਹੀ ਰਹਿੰਦੀ ਹੈ ਅਤੇ ਆਰਾਮ[51] ਅੰਦਰ ਦਾਖਲ[52] ਨਹੀਂ ਹੁੰਦੀ।

ਸਾਜਨ[53] ਸੰਤ ਹਮਾਰੇ[54]

O saints, my[54] friends[53] and

ਹੇ ਮੇਰੇ[54] ਦੋਸਤ[53] ਅਤੇ ਮਿੱਤ੍ਰ[53] ਸਾਧੂਓ! ਵਾਹਿਗੁਰੂ ਦੇ

ਮੀਤਾ[55] ਬਿਨੁ ਹਰਿ ਹਰਿ[56] ਆਨੀਤਾ[57] ਰੇ ॥

intimates[55], without God's Name[56] everything is perishable[57].

ਨਾਮ[56] ਦੇ ਬਗੈਰ ਹਰ ਸ਼ੈ ਨਾਸਵੰਤ[57] ਹੈ ।

ਸਾਧ ਸੰਗਿ ਮਿਲਿ[61] ਹਰਿ ਗੁਣ[58] ਗਾਏ ਇਹੁ ਜਨਮੁ[59] ਪਦਾਰਥੁ[60] ਜੀਤਾ[62] ਰੇ ॥੧॥ ਰਹਾਉ॥

Joining[61] the society of Saints, I have won[62] this precious[60] human life[59] by singing God's praise[58]. Pause.

ਸਤਿ ਸੰਗਤ ਨਾਲ ਜੁੜ ਕੇ[61] ਵਾਹਿਗੁਰੂ ਦਾ ਜੱਸ[58] ਗਾਇਨ ਕਰਨ ਦੁਆਰਾ, ਮੈਂ ਇਹ ਅਮੋਲਕ[60] ਮਨੁਸ਼ੀ ਜੀਵਨ[59] ਜਿੱਤ ਲਿਆ ਹੈ[62] । ਠਹਿਰਾਉ ।

ਤ੍ਰੈ ਗੁਣ[63] ਮਾਇਆ[64] ਬ੍ਰਹਮ ਕੀ ਕੀਨ੍ਹੀ[65] ਕਹਹੁ[66] ਕਵਨ[67] ਬਿਧਿ[68] ਤਰੀਐ[69] ਰੇ[70] ॥

The Lord has fashioned[65] the world[64] of three qualities[63]. Say[66], O[70] man, in what[67] way[68] can it be crossed[69] ?

ਤਿੰਨਾਂ ਲੱਛਣਾਂ[63] ਵਾਲਾ ਸੰਸਾਰ[64] ਸੁਆਮੀ ਨੇ ਸਾਜਿਆ[65] ਹੈ ਦਸ[66] ਹੇ[70] ਬੰਦੇ ! ਕਿਸ[67] ਤਰੀਕੇ[68] ਨਾਲ ਇਸ ਨੂੰ ਪਾਰ ਕੀਤਾ ਜਾ ਸਕਦਾ ਹੈ[69] ?

ਘੂਮਨ[71] ਘੋਰ ਅਗਾਹ[72] ਗਾਖਰੀ[73] ਗੁਰ ਸਬਦੀ[74] ਪਾਰਿ[75] ਉਤਰੀਐ ਰੇ ॥੨॥

The whirl-pool[71] is unfathomable[72] and formidable[73], and by Guru's word[74] it is ferried across[75].

ਘੁੰਮਣ ਘੇਰੀ[71] ਅਥਾਹ[72] ਅਤੇ ਕਠਨ[73] ਹੈ । ਗੁਰਾਂ ਦੇ ਕਲਾਮ[74] ਦੁਆਰਾ ਇਹ ਤਰ ਲਈ ਜਾਂਦੀ ਹੈ[75] ।

ਖੋਜਤ ਖੋਜਤ[76] ਖੋਜਿ[77] ਬੀਚਾਰਿਓ[78] ਤਤੁ[79] ਨਾਨਕ ਇਹੁ ਜਾਨਾ[80] ਰੇ ॥

By continually searching[76], seeking[77] and deliberating[78], Nanak has realised[80] this reality[79], that by

ਲਗਾਤਾਰ ਢੂੰਡ[76], ਭਾਲ[77] ਅਤੇ ਵਿਚਾਰ[78] ਕਰਨ ਦੁਆਰਾ, ਨਾਨਕ ਨੇ ਇਹ ਅਸਲੀਅਤ[79] ਅਨੁਭਵ[80] ਕੀਤੀ ਹੈ ਕਿ

ਸਿਮਰਤ[81] ਨਾਮੁ ਨਿਧਾਨੁ[82] ਨਿਰਮੋਲਕੁ[83] ਮਨੁ ਮਾਣਕੁ[84] ਪਤੀਆਨਾ[85] ਰੇ ॥੩॥੧॥ ੧੩੦॥

meditating[81] on the invaluable[83] Name treasure[82], the heart jewel[84] is appeased[85].

ਅਮੋਲਕ[83] ਨਾਮ ਦੇ ਖ਼ਜ਼ਾਨੇ[82] ਦਾ ਆਰਾਧਨ[81], ਕਥਨ ਦੁਆਰਾ ਦਿਲ ਹੀਰਾ[84] ਪਤੀਜ ਜਾਂਦਾ ਹੈ[85] ।

ਆਸਾ ਮਹਲਾ ੫ ਦੁਪਦੇ ॥

Asa 5th Guru. Dupade.

ਆਸਾ ਪੰਜਵੀਂ ਪਾਤਸ਼ਾਹੀ । ਦੁਪਦੇ ।

ਗੁਰ ਪਰਸਾਦਿ[86] ਮੇਰੈ ਮਨਿ ਵਸਿਆ[87] ਜੋ[88] ਮਾਗਉ ਸੋ[89] ਪਾਵਉ[90] ਰੇ ॥

By Guru's grace[86], the Lord is enshrined[87] within my mind, and whatever[88] I ask for, that[89] I receive[90].

ਗੁਰਾਂ ਦੀ ਮਿਹਰ ਸਦਕਾ[86] ਸੁਆਮੀ ਮੇਰੇ ਚਿੱਤ ਅੰਦਰ ਟਿਕ ਗਿਆ ਹੈ[87] ਅਤੇ ਜਿਹੜਾ ਕੁਛ[88] ਮੈਂ ਮੰਗਦਾ ਹਾਂ, ਓਹੀ[89] ਮੈਨੂੰ ਮਿਲ ਜਾਂਦਾ ਹੈ[90] ।

ਨਾਮ ਰੰਗਿ[91] ਇਹੁ ਮਨੁ ਤ੍ਰਿਪਤਾਨਾ[92] ਬਹੁਰਿ[93] ਨ ਕਤਹੂੰ[94] ਧਾਵਉ[95] ਰੇ ॥੧॥

With Name's love[91] this mind is sated[92] and goes[95] not anywhere[94] else, again[93].

ਨਾਮ ਦੀ ਪ੍ਰੀਤ[91] ਨਾਲ ਇਹ ਮਨੂਆ ਰੱਜ ਗਿਆ ਹੈ[92] ਅਤੇ ਮੁੜ[93] ਹੋਰ ਕਿਧਰੇ[94] ਨਹੀਂ ਜਾਂਦਾ[95] ।

ਹਮਰਾ ਠਾਕੁਰੁ ਸਭ ਤੇ ਊਚਾ[96] ਰੈਣਿ[97] ਦਿਨਸੁ[98] ਤਿਸੁ[99] ਗਾਵਉ[100] ਰੇ ॥

My Master is the highest of all[96], and, night[97] and day[98], I sing[100] His[99] praises.

ਮੇਰਾ ਮਾਲਕ ਸਾਰਿਆਂ ਨਾਲੋਂ ਬੁਲੰਦ[96] ਹੈ । ਰਾਤ[97] ਅਤੇ ਦਿਨ[98] ਮੈਂ ਉਸ ਦੀਆਂ[99] ਸਿਫ਼ਤਾਂ ਗਾਇਨ[100] ਕਰਦਾ ਹਾਂ ।

ਖਿਨ[2] ਮਹਿ[3] ਥਾਪਿ[4] ਉਥਾਪਨਹਾਰਾ[5] ਤਿਸ[6] ਤੇ ਤੁਝਹਿ[7] ਡਰਾਵਉ[8] ਰੇ ॥ ੧॥ਰਹਾਉ॥

In[3] a moment[2], He is potent to establish[4] and to disestablish[5], and through Him[6], I frighten[8] thee[7]. Pause.

ਇਕ ਮੁਹਤ[2] ਵਿਚ[3] ਉਹ ਟਿਕਾਉਣ[4] ਅਤੇ ਉਖੇੜਨ[5] ਨੂੰ ਸਮਰਥ ਹੈ ਉਸ ਦੇ ਰਾਹੀਂ[6] ਮੈਂ ਤੈਨੂੰ[7] ਭੈ-ਭੀਤ[8] ਕਰਦਾ ਹਾਂ । ਠਹਿਰਾਉ ।

ਜਬ ਦੇਖਉ ਪ੍ਰਭੁ ਅਪੁਨਾ

When I behold my Lord Master,

ਜਦ ਮੈਂ ਆਪਣੇ ਸਾਂਈ ਮਾਲਕ ਨੂੰ ਵੇਖ ਲੈਂਦਾ ਹਾਂ, ਤਦ[9]

ਸੁਆਮੀ ਤਉ[9] ਅਵਰਹਿ[10] ਚੀਤਿ ਨ ਪਾਵਉ[12] ਰੇ ॥
ਨਾਨਕੁ ਦਾਸੁ[13]ਪ੍ਰਭਿ ਆਪਿ[14] ਪਹਿਰਾਇਆ[15]ਭ੍ਰਮ[16]ਭਉ[17] ਮੇਟਿ[18] ਲਿਖਾਵਉ[19] ਰੇ ॥ ੨॥੨॥੧੩੧॥

then[9] I place[12] not another[10] within my mind.
The Lord Himself[14] has dressed[15] slave[13] Nanak with the robe of honour and dispelling[18] his doubt[16] and dread[17], he writes[19] Lord's praises.

ਮੈਂ ਹੋਰਸ ਕਿਸੇ[10] ਨੂੰ ਆਪਣੇ ਚਿੱਤ ਅੰਦਰ ਨਹੀਂ ਟਿਕਾਉਂਦਾ[12] ।
ਗੋਲੇ[13] ਨਾਨਕ ਨੂੰ ਠਾਕੁਰ ਨੇ ਖ਼ੁਦ[14] ਇਜ਼ਤ ਦੀ ਪੁਸ਼ਾਕ ਪਹਿਨਾਈ[15] ਹੈ । ਆਪਣੇ ਸੰਦੇਹ[16] ਅਤੇ ਡਰ[17] ਨੂੰ ਦੂਰ ਕਰਕੇ[18] ਉਹ ਠਾਕੁਰ ਦੀਆਂ ਸਿਫਤਾਂ ਲਿਖਦਾ[19] ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਚਾਰਿ ਬਰਨ[20] ਚਉਹਾ[21] ਕੇ ਮਰਦਨ[22]ਖਟੁ[23]ਦਰਸਨ[24] ਪੰਚਕਰ ਤਲੀ[26] ਰੇ॥ ਸੁੰਦਰ[27] ਸੁਘਰ[28] ਸਰੂਪ[29] ਸਿਆਨੇ[30] ਪੰਚਹੁ[31] ਹੀ ਮੋਹਿ[32] ਛਲੀ[33] ਰੇ ॥੧॥

The four castes[20], the holymen[22] of four[21] castes, the persons on whose hand's[25] palm[26] are the six[23] Shashtras[24], the beauteous[27], the accomplished[28], the fascinating[29] and the wise[30], them all the five[31] mortal passions have bewitched[32] and beguiled[33].

ਚਾਰ ਜਾਤਾਂ[20], ਚੌਹਾਂ[21] ਜਾਤਾਂ ਦੇ ਨੇਕ ਬੰਦੇ[22], ਉਹ ਪੁਰਸ਼ ਜਿਨ੍ਹਾਂ ਦੀ ਹੱਥ[25] ਦੀ ਹਥੇਲੀ[26] ਉਤੇ ਛੇ[23] ਸ਼ਾਸ਼ਤਰ[24] ਹਨ, ਸੁਹਣੇ ਸੁਨੱਖੇ[27], ਕਾਮਲ[28], ਮਨੋਹਰ[29] ਅਤੇ ਅਕਲਮੰਦ[30], ਉਨ੍ਹਾਂ ਨੂੰ ਪ੍ਰਾਣ ਲੇਵਾ ਪੰਜਾਂ[31] ਵਿਕਾਰਾਂ (ਕਾਮ ਆਦਿ) ਨੇ ਮੋਹਿਤ[32] ਕਰਕੇ ਠੱਗ ਲਿਆ[33] ਹੈ ।

ਜਿਨਿ ਮਿਲਿ[34] ਮਾਰੇ ਪੰਚ ਸੂਰਬੀਰ[35] ਐਸੋ[36] ਕਉਨੁ[37] ਬਲੀ[38] ਰੇ ॥

Who[37] is there such[36] a powerful person[38], who has seized[34] and destroyed the five puissant heroes[35].

ਐਹੋ ਜੇਹਾ[36] ਜ਼ੋਰਾਵਰ ਪੁਰਸ਼[38] ਕਿਹੜਾ[37] ਹੈ, ਜਿਸ ਨੇ ਪੰਜਾਂ ਬਲਵਾਨ ਸੂਰਮਿਆਂ[35] ਨੂੰ ਫੜ ਕੇ[34] ਮਾਰ ਮੁਕਾਇਆ ਹੈ ।

ਜਿਨਿ ਪੰਚ ਮਾਰਿ[44]ਬਿਦਾਰਿ[39] ਗੁਦਾਰੇ[40] ਸੋ[41] ਪੂਰਾ[42] ਇਹ ਕਲੀ[43] ਰੇ ॥੧॥ਰਹਾਉ॥

He[41], who passes[40] his life having defeated[39] and slain[44] the five, is perfect[42] in this Dark age[43]. Pause.

ਜੋ ਪੰਜਾਂ ਨੂੰ ਹਰਾ[39] ਅਤੇ ਮਾਰ[44] ਕੇ ਆਪਣਾ ਜੀਵਨ ਗੁਜ਼ਾਰਦਾ[40] ਹੈ, ਉਹ[41] ਇਸ ਕਾਲੇ ਸਮੇਂ[43] ਅੰਦਰ ਪੂਰਨ[42] ਹੈ । ਠਹਿਰਾਉ ।

ਵਡੀ[45] ਕੋਮ[46] ਵਸਿ[47] ਭਾਗਹਿ[48] ਨਾਹੀ ਮੁਹਕਮ[49] ਫਉਜ[50] ਹਠਲੀ[51] ਰੇ ॥

Theirs is a great[45] race[46], which cannot be controlled[47] and which flees[48] not. They form a mighty[49]and stubborn[51] army[50].

ਉਨ੍ਹਾਂ ਦੀ ਇਹ ਭਾਰੀ[45] ਕੌਮ[46] ਹੈ, ਜੋ ਕਾਬੂ[47] ਨਹੀਂ ਕੀਤੀ ਜਾ ਸਕਦੀ ਅਤੇ ਜੋ ਭਜਦੀ[48] ਨਹੀਂ, ਉਨ੍ਹਾਂ ਦੀ ਜ਼ਬਰਦਸਤ[49] ਤੇ ਪੱਕੇ ਇਰਾਦੇ ਵਾਲੀ[51] ਸੈਨਾ[50] ਹੈ ।

ਕਹੁ[52]ਨਾਨਕ ਤਿਨਿ[53]ਜਨਿ[54] ਨਿਰਦਲਿਆ[55]ਸਾਧ ਸੰਗਤਿ ਕੈ ਝਲੀ[56]ਰੇ॥੨॥੩॥੧੩੨॥

Says[52] Nanak, the[53] man[54] who is under the protection[56] of saints' society crushes[55] them.

ਗੁਰੂ ਜੀ ਆਖਦੇ ਹਨ[52], ਉਹ[53] ਇਨਸਾਨ[54] ਜੋ ਸਤਿ ਸੰਗਤ ਦੀ ਪਨਾਹ[56] ਹੇਠਾਂ ਹੈ, ਉਹ ਉਨ੍ਹਾਂ ਨੂੰ ਕੁਚਲ[55] ਸੁਟਦਾ ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਨੀਕੀ[57] ਜੀਅ[58] ਕੀ ਹਰਿ ਕਥਾ[59] ਉਤਮ[60] ਆਨ[61] ਸਗਲ ਰਸ[62] ਫੀਕੀ[63] ਰੇ ॥ ੧॥ਰਹਾਉ॥

The good thing[57] for the soul[58] is the Lord's sublime[60] discourse[59]. All other[61] relishes[62] are insipid[63]. Pause.

ਆਤਮਾ[58] ਲਈ ਚੰਗੀ ਚੀਜ਼[57] ਸੁਆਮੀ ਦੀ ਸ੍ਰੇਸ਼ਟ[60] ਵਾਰਤਾ[59] ਹੈ, ਹੋਰ[61] ਸਾਰੇ ਸੁਆਦ[62] ਫਿਕਲੇ[63] ਹਨ । ਠਹਿਰਾਉ ।

ਬਹੁ[64] ਗੁਨਿ[65] ਧੁਨਿ[66] ਮੁਨਿ ਜਮ[67] ਖਟੁ[68] ਬੇਤੇ[69]

The men of many[64] merits[65], expert musicians[66], silent sages[67] and knowers[69]

ਬਹੁਤੀਆਂ[64] ਖੂਬੀਆਂ[65]ਅਤੇ ਰਾਗਵਿਦਿਆ[66] ਵਾਲੇ ਬੰਦੇ ਖ਼ਾਮੋਸ਼ ਰਿਸ਼ੀ[67] ਅਤੇ ਛੇ[68] ਸ਼ਾਸਤਰਾਂ ਨੂੰ ਜਾਨਣ ਵਾਲੇ[69]

ਅਵਰੁ ਨ ਕਿਛੁ ਲਾਈਕੀ[70] ਰੇ ॥੧॥	of six[68] Shashtras deem nothing else worthy[70] of man's deliberation.	ਹੋਰ ਕਿਸੇ ਸ਼ੈ ਨੂੰ ਬੰਦੇ ਦੀ ਵੀਚਾਰ ਦੇ ਲਾਇਕ[70] ਨਹੀਂ ਸਮਝਦੇ।
ਬਿਖਾਰੀ[71] ਨਿਰਾਰੀ[72] ਅਪਾਰੀ[73] ਸਹਜਾਰੀ[74] ਸਾਧ ਸੰਗਿ ਨਾਨਕ ਪੀਕੀ[75] ਰੇ ॥ ੨॥੪॥੧੩੩॥	This discourse of God is an antidote to passion[71], singular[72], unequalled[73], peace-giving[74] and is quaffed[75] in the saints' society, O Nanak.	ਵਾਹਿਗੁਰੂ ਦੀ ਇਹ ਕਥਾ,ਵਿਸ਼ੇ ਵੇਗਾਂ ਨੂੰ ਮਾਰਨ ਵਾਲੀ[71], ਨਿਰਾਲੀ[72],ਲਾਸਾਨੀ[73] ਅਤੇ ਆਰਾਮ ਦੇਣਹਾਰ[74] ਹੈ,ਅਤੇ ਸਤਿ ਸੰਗਤ ਅੰਦਰ ਪੀਤੀ[75] ਜਾਂਦੀ ਹੈ, ਹੇ ਨਾਨਕ !
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਹਮਾਰੀ ਪਿਆਰੀ[76]ਅੰਮ੍ਰਿਤ[77] ਧਾਰੀ[78] ॥	It (Gurbani) is sweet[76] unto me and it is a stream[78] of Nectar[77].	ਗੁਰਬਾਣੀ ਮੈਨੂੰ ਮਿੱਠੜੀ[76] ਲਗਦੀ ਹੈ। ਇਹ ਰੱਬੀ ਰਸ[77] ਦੀ ਨਦੀ[78] ਹੈ।
ਗੁਰਿ ਨਿਮਖ[79] ਨ ਮਨ[81] ਤੇ ਟਾਰੀ[80] ਰੇ ॥੧॥ਰਹਾਉ॥	The Guru has not diverted[80] it from my mind[81], even for a moment[79]. Pause.	ਗੁਰਾਂ ਨੇ ਇੱਕ ਮੁਹਤ[79] ਲਈ ਭੀ ਇਸ ਦਾ ਵਗਣਾ ਮੇਰੇ ਚਿੱਤ[81] ਤੋਂ ਪਰੇ ਨਹੀਂ ਹਟਾਇਆ[80]। ਠਹਿਰਾਉ।
ਦਰਸਨ[82]ਪਰਸਨ[83]ਸਰਸਨ[84] ਹਰਸਨ[85] ॥	On beholding[82] and touching[83] it, I am sweetened[84] and delighted[85].	ਇਸ ਨੂੰ ਵੇਖ[82] ਅਤੇ ਛੂਹ ਕੇ[83] ਮੈਂ ਮਿੱਠੜਾ[84] ਅਤੇ ਪ੍ਰਸੰਨ ਹੋ ਗਿਆ ਹਾਂ[85]।
ਰੰਗਿ[86] ਰੰਗੀ[87] ਕਰਤਾਰੀ[88] ਰੇ ॥੧॥	It is imbued[87] with Creator's[88] love[86].	ਇਹ ਸਿਰਜਣਹਾਰ[88]ਦੀ ਪ੍ਰੀਤ[86] ਨਾਲ ਰੰਗੀ[87] ਹੋਈ ਹੈ।
ਖਿਨੁ[89] ਰਮ[90] ਗੁਰ ਗਮ[91] ਹਰਿ[92] ਦਮ ਨਹ ਜਮ[93] ॥	By reciting[90] it even for a moment[89], man mounts[91] to the Guru and by ever[92] repeating it he is not trapped by Death's Courier[93].	ਇਕ ਛਿਨ ਮਾਤ੍ਰ[89] ਇਸ ਦਾ ਪਾਠ ਕਰਨ ਦੁਆਰਾ[90] ਇਨਸਾਨ ਗੁਰਾਂ ਕੋਲ ਪੁਜ ਜਾਂਦਾ ਹੈ[91]। ਸਦਾ[92] ਹੀ ਇਸ ਦਾ ਉਚਾਰਨ ਕਰਨ ਦੁਆਰਾ ਉਹ ਮੌਤ ਦੇ ਦੂਤ[93] ਦੇ ਜਾਲ ਵਿਚ ਨਹੀਂ ਫਸਦਾ।
ਹਰਿ ਕੰਠਿ[94]ਨਾਨਕ ਉਰਿ[95] ਹਾਰੀ[96] ਰੇ ॥੨॥੫॥੧੩੪॥	God has garlanded[96] Nanak's neck[94] and heart[95] with Gurbani.	ਵਾਹਿਗੁਰੂ ਨੇ ਨਾਨਕ ਦੇ ਗਲ[94] ਅਤੇ ਦਿਲ[95] ਵਿਚ ਗੁਰਬਾਣੀ ਦਾ ਹਾਰ ਪਾਇਆ ਹੈ[96]।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਨੀਕੀ[97] ਸਾਧ ਸੰਗਾਨੀ ॥ ਰਹਾਉ॥	Good[97] is the society of saints. Pause.	ਚੰਗੀ[97] ਹੈ ਸਤਿ ਸੰਗਤ। ਠਹਿਰਾਉ।
ਪਹਰ[98] ਮੂਰਤ[99] ਪਲ[100] ਗਾਵਤ[2] ਗਾਵਤ [3]ਗੋਵਿਦ[4] ਗੋਵਿੰਦ[5] ਵਖਾਨੀ[6] ॥੧॥	Every watch[98], hour[99] and moment[100] I continuously sing[2] the praise of the world[3]-preserver[4] and speak[6] of the Lord[5].	ਹਰ ਪਹਿਰ[98], ਘੰਟੇ[99] ਤੇ ਮੁਹਤ[100] ਮੈਂ ਜਗਤ[3] ਦੇ ਰਖਿਅਕ[4] ਦਾ ਜੱਸ ਲਗਾਤਾਰ ਗਾਇਨ[2] ਕਰਦਾ ਹਾਂ ਅਤੇ ਸੁਆਮੀ[5] ਦਾ ਉਚਾਰਨ ਕਰਦਾ ਹਾਂ[6]।
ਚਾਲਤ[7] ਬੈਸਤ[8] ਸੋਵਤ[9] ਹਰਿ ਜਸੁ[10] ਮਨਿ ਤਨਿ ਚਰਨ[12] ਖਟਾਨੀ[13] ॥੨॥	Walking[7], sitting[8] and sleeping[9], I utter God's praise[10], and to my mind and body His feet[12] are pleasing[13].	ਚਲਦਿਆਂ[7], ਬਹਿੰਦਿਆਂ[8] ਤੇ ਸੁੱਤਿਆਂ[9], ਮੈਂ ਹਰੀ ਦੀ ਕੀਰਤੀ[10] ਉਚਾਰਦਾ ਹਾਂ ਅਤੇ ਮੇਰੀ ਆਤਮਾ ਅਤੇ ਦੇਹਿ ਨੂੰ ਉਸ ਦੇ ਪੈਰ[12] ਚੰਗੇ ਲਗਦੇ[13] ਹਨ।
ਹੰਉ[14] ਹਉਰੋ[15] ਤੂ ਠਾਕੁਰੁ ਗਉਰੋ[16] ਨਾਨਕ ਸਰਨਿ[17] ਪਛਾਨੀ[18] ॥੩॥੬॥੧੩੫॥	I[14] am small[15], Thou, O Lord art great[16]. O Nanak, have sought[18] Thine protection[17].	ਮੈਂ[14] ਛੋਟਾ[15] ਹਾਂ, ਤੂੰ ਹੇ ਸੁਆਮੀ ! ਵੱਡਾ[16] ਹੈਂ। ਮੈਂ ਹੇ ਨਾਨਕ, ਤੇਰੀ ਪਨਾਹ[17] ਲਈ[18] ਹੈ।

੪੦੫

ਰਾਗੁ ਆਸਾ ਮਹਲਾ ੫
ਘਰੁ ੧੨

Asa Measure 5th Guru.

ਰਾਗ ਆਸਾ ਪੰਜਵੀਂ ਪਾਤਸ਼ਾਹੀ ।

ੴ ਸਤਿਗੁਰ ਪ੍ਰਸਾਦਿ ॥

There is but one God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਤਿਆਗਿ[19] ਸਗਲ ਸਿਆਨਪਾ[20] ਭਜੁ[21] ਪਾਰਬ੍ਰਹਮ[22] ਨਿਰੰਕਾਰੁ[23] ॥
ਏਕ ਸਾਚੇ ਨਾਮੁ ਬਾਝਹੁ[24] ਸਗਲ ਦੀਸੈ[25]ਛਾਰੁ[26] ॥੧॥
ਸੋ[27] ਪ੍ਰਭੁ ਜਾਣੀਐ[28] ਸਦ[30] ਸੰਗਿ[29] ॥
ਗੁਰ ਪ੍ਰਸਾਦੀ[31] ਬੂਝੀਐ[32] ਏਕ ਹਰਿ ਕੈ ਰੰਗਿ[33] ॥੧॥ ਰਹਾਉ॥
ਸਰਣਿ[34] ਸਮਰਥ[35] ਏਕ ਕੇਰੀ[38]ਦੂਜਾ[36]ਨਾਹੀ ਠਾਉ[37]॥

Lay aside[19] all thine clevernesses[20] and remember[21] the Formless[23] Supreme Lord[22].
Without[24] the One True Name, all else appears[25] to be dust[26].
Deem[28] that[27] Lord to be ever[30] with thee[29].
By Guru's favour[31], he who understands[32] this reality, is imbued, with the love[33] of one God. Pause.
Seek thou the shelter[34] of[38] the one Omnipotent Lord[35], as there is no other[36] place[37] of safety.

ਤਿਆਗ ਕੇ ਸਾਰੀਆਂ ਚਤੁਰਾਈਆਂ[20] ਛੱਡ ਦੇ[19] ਅਤੇ ਆਕਾਰ-ਰਹਿਤ[23] ਸ੍ਰੇਸ਼ਟੀ ਸਾਹਿਬ[22]ਦਾ ਸਿਮਰਨ ਕਰ[21] ।
ਇਕ ਸੱਚੇ ਨਾਮ ਦੇ ਬਗੈਰ[24] ਬਾਕੀ ਸਾਰਾ ਕੁੱਛ ਘੱਟਾ[26] ਮਿੱਟੀ ਹੀ ਦਿਸਦਾ[25] ਹੈ ।
ਉਸ[27] ਸੁਆਮੀ ਨੂੰ ਤੂੰ ਹਮੇਸ਼ਾ[30] ਆਪਣੇ ਨਾਲ[29] ਖਿਆਲ ਕਰ[28] ।
ਗੁਰਾਂ ਦੀ ਦਇਆ ਦੁਆਰਾ[31] ਜੋ ਇਸ ਅਸਲੀਅਤ ਨੂੰ ਸਮਝ ਲੈਂਦਾ ਹੈ[32], ਉਹ ਇੱਕ ਵਾਹਿਗੁਰੂ ਦੀ ਪ੍ਰੀਤ[33] ਨਾਲ ਰੰਗਿਆ ਜਾਂਦਾ ਹੈ । ਠਹਿਰਾਉ ।
ਤੂੰ ਇਕ ਸਰਬ-ਸ਼ਕਤੀਵਾਨ ਸੁਆਮੀ[35] ਦੀ[38]ਸ਼ਰਣਾਗਤ[34] ਸੰਭਾਲ, ਕੋਈ ਹੋਰ[36] ਥਾਂ[37] ਬਚਾ ਦੀ ਨਹੀਂ ।

ਮਹਾ[39] [40]ਭਉਜਲੁ[41] ਲੰਘੀਐ[42]ਸਦਾ ਹਰਿ ਗੁਣ[43] ਗਾਉ ॥੨॥
ਜਨਮ ਮਰਣੁ[64] ਨਿਵਾਰੀਐ[44] ਦੁਖੁ ਨ [45]ਜਮ ਪੁਰਿ[46] ਹੋਇ॥

The most[39] dreadful[40] world ocean[41] is crossed[42], by ever singing God's praise[43].
Transmigration[64] comes to an end[44] and man faces not suffering in the city[46] of death[45].

ਹਮੇਸ਼ਾ ਵਾਹਿਗੁਰੂ ਦੀ ਕੀਰਤੀ[43] ਗਾਇਨ ਕਰਨ ਦੁਆਰਾ ਮਹਾਂ[39] ਭਿਆਨਕ[40] ਸੰਸਾਰ ਸਮੁੰਦਰ[41] ਤੋਂ ਪਾਰ ਹੋ ਜਾਈਦਾ ਹੈ[42] ।
ਆਵਾਗਾਉਣ[64] ਮਿੱਟ[44] ਜਾਂਦਾ ਹੈ ਅਤੇ ਇਨਸਾਨ ਨੂੰ ਮੌਤ[45]ਦੇ ਸ਼ਹਿਰ[46] ਵਿਚ ਕਸ਼ਟ ਨਹੀਂ ਉਠਾਉਣਾ ਪੈਂਦਾ।

ਨਾਮੁ ਨਿਧਾਨੁ[47] ਸੋਈ[48] ਪਾਏ ਕ੍ਰਿਪਾ[49] ਕਰੇ ਪ੍ਰਭੁ ਸੋਇ[50] ॥੩॥
ਏਕ ਟੇਕ[51] ਅਧਾਰੁ[52] ਏਕੋ ਏਕ ਕਾ ਮਨਿ ਜੋਰੁ ॥[53]

He[48] alone obtains the Name treasure[47], unto whom He[50], the Lord shows mercy[49].
The one Lord is my mainstay[51] and One support[52], and that one Lord's power[53] is in my mind.

ਕੇਵਲ ਓਹੀ[48] ਨਾਮ ਦੇ ਖ਼ਜ਼ਾਨੇ[47] ਨੂੰ ਪਰਾਪਤ ਹੁੰਦਾ ਹੈ, ਜਿਸ ਉੱਤੇ ਉਹ[50] ਸੁਆਮੀ ਮਿਹਰ ਧਾਰਦਾ[49] ਹੈ ।
ਇਕ ਸਾਹਿਬ ਮੇਰੀ ਓਟ[51] ਹੈ ਅਤੇ ਇਕ ਹੀ ਆਸਰਾ[52] । ਇਕ ਸਾਹਿਬ ਦਾ ਬਲ[53] ਹੀ ਮੇਰੇ ਚਿੱਤ ਅੰਦਰ ਹੈ ।

ਨਾਨਕ ਜਪੀਐ[54] ਮਿਲਿ[55] ਸਾਧ ਸੰਗਤਿ ਹਰਿ ਬਿਨੁ[56] ਅਵਰੁ ਨ ਹੋਰੁ ॥੪॥੧॥ ੧੩੬ ॥

Joining[55] the society of saints, O Nanak, meditate[54] thou on God Without[56] Him, there is not another.

ਸਤਿ ਸੰਗਤ ਨਾਲ ਜੁੜ ਕੇ[55], ਹੇ ਨਾਨਕ ! ਤੂੰ ਉਸ ਦਾ ਸਿਮਰਨ ਕਰ[54], ਵਾਹਿਗੁਰੂ ਦੇ ਬਾਝੋਂ[56] ਹੋਰਸ ਕੋਈ ਨਹੀਂ ।

ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਜੀਉ[57] ਮਨੁ[59] ਤਨੁ[58]ਪ੍ਰਾਨ[60] ਪ੍ਰਭ ਕੇ[61] ਦੀਏ ਸਭਿ ਰਸ[62] ਭੋਗ[63] ॥	The soul[57], mind[59], body[58] and the life[60] are of[61] the Lord. He has given all the pleasures[62] and dainties[63].	ਆਤਮਾ[57], ਚਿੱਤ[59], ਦੇਹਿ[58], ਅਤੇ ਜਿੰਦ-ਜਾਨ[60]ਸੁਆਮੀ ਦੇ[61] ਹਨ । ਉਸ ਨੇ ਹੀ ਸਾਰੇ ਅਨੰਦ[62] ਤੇ ਨਿਹਮਤਾਂ[63] ਦਿੱਤੀਆਂ ਹਨ ।
ਦੀਨ[65] ਬੰਧਪ[66] ਜੀਅ[67] ਦਾਤਾ[68] ਸਰਣਿ[69] ਰਾਖਣ[70] ਜੋਗੁ[71] ॥੧॥	He is the relation[66] of the poor[65], Bestower[68] of life[67] and potent[71] to save[70] those who seek His protection[69].	ਉਹ ਮਸਕੀਨਾਂ[65] ਦਾ ਸਨਬੰਧੀ[66] ਹੈ, ਜ਼ਿੰਦਗੀ[67] ਬਖ਼ਸ਼ਣ ਵਾਲਾ[68] ਹੈ ਅਤੇ ਆਪਣੀ ਪਨਾਹ[69] ਹੇਠ ਆਇਆਂ ਦੀ ਰੱਖਿਆ[70] ਕਰਨ ਨੂੰ ਸਮਰਥ[71] ਹੈ ।
ਮੇਰੇ ਮਨ[74] ਧਿਆਇ[72] ਹਰਿ ਹਰਿ[73] ਨਾਉ ॥	My soul[74], meditate[72] thou on Lord[73] God's Name.	ਮੇਰੀ ਜਿੰਦੇ[74] ! ਤੂੰ ਵਾਹਿਗੁਰੂ ਸੁਆਮੀ[73] ਦੇ ਨਾਮ ਦਾ ਸਿਮਰਨ ਕਰ[72] ।
ਹਲਤਿ[75] ਪਲਤਿ[76]ਸਹਾਇ[77] ਸੰਗੇ[78] ਏਕ ਸਿਉ[79] ਲਿਵ[80] ਲਾਉ[81] ॥੧॥ ਰਹਾਉ॥	Contract[81] love[80] with[79] the One Lord, who is the helper[77] and companion[78] of thine in this world[75] and the world[76] beyond[76]. Pause.	ਇਕ ਸੁਆਮੀ ਨਾਲ[79] ਪਿਰਹੜੀ[80] ਪਾ[81],ਜੋ ਐਸ ਲੋਕ[75] ਅਤੇ ਪਰਲੋਕ[76] ਵਿਚ ਤੇਰਾ ਮਦਦਗਾਰ[77] ਅਤੇ ਸੰਗੀ[78] ਹੈ ! ਠਹਿਰਾਉ ।
ਬੇਦ ਸਾਸਤ੍ਰ ਜਨ[82] ਧਿਆਵਹਿ[83] ਤਰਣ[84] ਕਉ ਸੰਸਾਰੁ[85] ॥	The men[82] ponder[83] on the Vedas and Shashtras to swim[84] across the world[85]-ocean.	ਜਗਤ[85] ਸਮੁੰਦਰ ਤੋਂ ਪਾਰ ਉਤਰਨ ਲਈ[84], ਲੋਕ[82] ਵੇਦਾਂ ਅਤੇ ਸ਼ਾਸਤਰਾਂ ਨੂੰ ਵੀਚਾਰਦੇ[83] ਹਨ ।
ਕਰਮ[86] ਧਰਮ[87] ਅਨੇਕ[88] ਕਿਰਿਆ[89] ਸਭ[91] ਊਪਰਿ ਨਾਮੁ ਅਚਾਰੁ[90] ॥੨॥	To all[91] religious[87] rituals[86] and various[88] ceremonial rites[89], superior[90] is the conduct of the Name's meditation.	ਮਜ਼ਹਬੀ[87] ਕਰਮ-ਕਾਂਡਾਂ[86] ਅਤੇ ਅਨੇਕਾਂ[88] ਰਸਮੀ ਸੰਸਕਾਰਾਂ[89], ਸਮੂਹ[91] ਤੋਂ ਉਤੋਂ ਦੀ ਹੈ, ਨਾਮ ਸਿਮਰਨ ਦਾ ਚਾਲ ਚਲਨ[90] ।
ਕਾਮੁ[92] ਕ੍ਰੋਧੁ[93] ਅਹੰਕਾਰੁ[94] ਬਿਨਸੈ[95] ਮਿਲੈ[96] ਸਤਿਗੁਰ ਦੇਵ[97] ॥	Lust[92], wrath[93] and pride[94] depart[95] on meeting[96] the God-Incarnate[97] True Guru.	ਰੱਬ ਰੂਪ[97] ਸਚੇ ਗੁਰਾਂ ਨੂੰ ਭੇਟਣ ਦੁਆਰਾ[96] ਵਿਸ਼ੇ ਭੋਗ[92], ਗੁੱਸਾ[93] ਅਤੇ ਗ਼ਰੂਰ[94] ਦੂਰ ਹੋ ਜਾਂਦੇ ਹਨ[95] ।
ਨਾਮੁ ਦ੍ਰਿੜੁ[97]*ਕਰਿ ਭਗਤਿ[98] ਹਰਿ ਕੀ ਭਲੀ[99] ਪ੍ਰਭ ਕੀ ਸੇਵ[100] ॥੩॥	Implant[97]* within thee the Name, God's meditation[98] and the sublime[99] service[100] of the Lord.	ਆਪਣੇ ਅੰਦਰ ਨਾਮ, ਰੱਬ ਦਾ ਸਿਮਰਨ[98] ਅਤੇ ਸੁਆਮੀ ਦੀ ਸ੍ਰੇਸ਼ਟ[99] ਸੇਵਾ ਟਹਿਲ[100] ਪੱਕੀ[97]* ਕਰ ।
ਚਰਣ[2] ਸਰਣ[3] ਦਇਆਲ[4] ਤੇਰੀ ਤੂੰ ਨਿਮਾਣੇ[5] ਮਾਣੁ[6] ॥	My Merciful[4] Master, I have sought the protection[3] of Thine Feet[2]. Thou art the honour[6] of the dishonoured[5].	ਮੇਰੇ ਮਿਹਰਬਾਨ[4] ਮਾਲਕ ! ਮੈਂ ਤੇਰੇ ਪੈਰਾਂ[2] ਦੀ ਪਨਾਹ[3] ਲਈ ਹੈ । ਤੂੰ ਨਿਪੱਤਿਆਂ[5] ਦੀ ਪੱਤ[6] ਹੈਂ ।
ਜੀਅ[7] ਪ੍ਰਾਣ[8] ਅਧਾਰੁ[9] ਤੇਰਾ ਨਾਨਕ ਕਾ ਪ੍ਰਭੁ ਤਾਣੁ[10] ॥੪॥੨॥੧੩੭॥	Thou, O Lord art the mainstay[9] of my soul[7] and life[8] and Thou art Nanak's strength[10].	ਤੂੰ ਹੇ ਸੁਆਮੀ ! ਮੇਰੀ ਆਤਮਾ[7] ਅਤੇ ਜਿੰਦ-ਜਾਨ[8] ਦਾ ਆਸਰਾ[9] ਹੈਂ । ਤੂੰ ਹੀ ਨਾਨਕ ਦੀ ਤਾਕਤ[10] ਹੈਂ ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਡੋਲਿ ਡੋਲਿ[12]ਮਹਾ[13] ਦੁਖੁ[14] ਪਾਇਆ ਬਿਨਾ ਸਾਧੂ ਸੰਗ॥	Without the society of saints, man ever wavers[12]and suffers great[13]agony[14].	ਸਤਿ ਸੰਗਤ ਦੇ ਬਗ਼ੈਰ ਆਦਮੀ ਸਦਾ ਡਿੱਕ ਡੋਲੇ[12] ਖਾਂਦਾ ਹੈ ਅਤੇ ਪਰਮ[13] ਤਕਲੀਫ਼[14] ਉਠਾਉਂਦਾ ਹੈ ।

ਖਾਟਿ[15] ਲਾਭੁ[16] ਗੋਬਿੰਦ[17] ਹਰਿ[18] ਰਸੁ[19] ਪਾਰਬ੍ਰਹਮ[20] ਇਕ ਰੰਗੁ[21] ॥੧॥

By the love[21] of the One Supreme God[20], the profit[16] of Lord's[17] divine[18] Nectar[19] is earned[15].

ਅਦੁੱਤੀ ਸ੍ਰੇਸ਼ਟੀ ਵਾਹਿਗੁਰੂ[20] ਦੇ ਪ੍ਰੇਮ[21] ਦੁਆਰਾ ਪ੍ਰਭੂ[17] ਦੇ ਰੱਬੀ[18] ਅੰਮ੍ਰਿਤ[19] ਦਾ ਨਫ਼ਾ[16] ਕਮਾਇਆ ਜਾਂਦਾ ਹੈ[15]।

ਹਰਿ ਕੋ ਨਾਮੁ ਜਪੀਐ[22] ਨੀਤਿ[23] ॥

Meditate[22] thou, ever[23], on God's Name.

ਤੂੰ ਸਦਾ[23] ਹੀ, ਵਾਹਿਗੁਰੂ ਦੇ ਨਾਮ ਦਾ ਆਰਾਧਨ[22] ਕਰ।

ਸਾਸਿ ਸਾਸਿ[24] ਧਿਆਇ[25] ਸੋ[26] ਪ੍ਰਭੁ ਤਿਆਗਿ[27] ਅਵਰ[28] ਪਰੀਤਿ[29] ॥੧॥ਰਹਾਉ॥

With every breath[24], contemplate[25] thou on Him[26], the Lord, and forsake[27] other[28] love[29]. Pause.

ਹਰ ਸੁਆਸ[24] ਨਾਲ ਤੂੰ ਉਸ[26] ਸਾਹਿਬ ਦਾ ਸਿਮਰਨ[25] ਕਰ ਅਤੇ ਹੋਰ[28] ਮੁਹੱਬਤਾਂ[29] ਨੂੰ ਛੱਡ ਦੇ[27]। ਠਹਿਰਾਉ।

ਕਰਣ ਕਾਰਣ[30] ਸਮਰਥ[31] ਸੋ[32] ਪ੍ਰਭੁ ਜੀਅ[33] ਦਾਤਾ[34] ਆਪਿ[35] ॥

He[32], the Omnipotent Lord[31] is the cause of causes[30] and Himself[35] is the Giver[34] of life[33].

ਉਹ[32] ਸਰਬ-ਸ਼ਕਤੀਵਾਨ ਸੁਆਮੀ[31] ਹੇਤੂਆਂ ਦਾ ਹੇਤੂ[30] ਹੈ ਤੇ ਖ਼ੁਦ ਹੀ[35] ਜਿੰਦ-ਜਾਨ[33] ਦੇਣ ਵਾਲਾ[34] ਹੈ।

ਤਿਆਗਿ[36] ਸਗਲ ਸਿਆਣਪਾ[37] ਆਠ ਪਹਰ ਪ੍ਰਭੁ ਜਾਪਿ[38] ॥੨॥

Discord[36] all thy clevernesses[37] and throughout the eight waches, dwell[38] thou on the Lord.

ਤੂੰ ਆਪਣੀਆਂ ਸਾਰੀਆਂ ਚਤੁਰ-ਵਿਧੀਆਂ[37] ਛੱਡ ਦੇ[36] ਅਤੇ ਤੂੰ ਅੱਠੇ ਪਹਿਰ ਹੀ ਸੁਆਮੀ ਦਾ ਸਿਮਰਨ ਕਰ[38]।

ਮੀਤੁ[39] ਸਖਾ[40] ਸਹਾਇ[41] ਸੰਗੀ[42] ਊਚ[43] ਅਗਮ[44] ਅਪਾਰੁ[45] ॥

The lofty[43], Inaccessible[44] and Infinite Lord[45] shall then become thy friend[39], companion[40], helper[41] and an associate[42].

ਤਦ ਉਹ ਉੱਚਾ[43], ਪਹੁੰਚ ਤੋਂ ਪਰੇ[44] ਅਤੇ ਬੇਅੰਤ ਸੁਆਮੀ[45] ਤੇਰਾ ਮਿਤ੍ਰ[39], ਸਾਥੀ[40] ਮਦਦਗਾਰ[41] ਅਤੇ ਜੋੜੀਦਾਰ[42] ਬਣ ਜਾਵੇਗਾ।

ਚਰਣ[46] ਕਮਲ[47] ਬਸਾਇ[48] ਹਿਰਦੈ[49] ਜੀਅ[50] ਕੋ ਆਧਾਰੁ[51] ॥੩॥

Enshrine[48] thou the Lord's lotus[47] Feet[46] in thy mind[49] as he alone is the prop[51] of life[50].

ਸਾਹਿਬ ਦੇ ਕੰਵਲ[47] ਪੈਰ[46] ਆਪਣੇ ਮਨ[49] ਅੰਦਰ ਟਿਕਾ[48] ਕੇਵਲ ਉਹੀ ਜਿੰਦ ਜਾਨ[50] ਦਾ ਆਸਰਾ[51] ਹੈ।

ਕਰਿ[56] ਕਿਰਪਾ[51*] ਪ੍ਰਭ[52] ਪਾਰਬ੍ਰਹਮ[53] ਗੁਣ[54] ਤੇਰਾ ਜਸੁ[55] ਗਾਉ ॥

O my Transcendent Lord[53] Master[52], show[56] mercy[51*] unto me, that I may sing Thine excellences[54] and praises[55].

ਹੇ ਮੇਰੇ ਪਰਮ ਪ੍ਰਭੂ[53] ਮਾਲਕ[52]! ਮੇਰੇ ਉਤੇ ਮਿਹਰ[51*] ਧਾਰ[56], ਤਾਂ ਜੋ ਤੇਰੀਆਂ ਸ੍ਰੇਸ਼ਟਤਾਈਆਂ[54] ਤੇ ਕੀਰਤੀ[55] ਗਾਇਨ ਕਰਾਂ।

ਸਰਬ[56*] ਸੂਖ ਵਡੀ[60] ਵਡਿਆਈ[57] ਜਪਿ[58] ਜੀਵੈ[59] ਨਾਨਕੁ ਨਾਉ ॥੪॥੩॥ ੧੩੮॥

To live[59] by contemplating[58] on Lord's Name, is with Nanak, the entire[56*] peace and the greatest[60] glory[57].

ਸੁਆਮੀ ਦੇ ਨਾਮ ਦਾ ਸਿਮਰਨ ਕਰਨ ਦੁਆਰਾ[58] ਜੀਵਨ ਬਤੀਤ ਕਰਨਾ[59], ਨਾਨਕ ਲਈ ਸਮੂਹ[56*] ਆਰਾਮ ਤੇ ਮਹਾਨ[60] ਮਹਾਨਤਾ[57] ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਉਦਮੁ[61] ਕਰਉ ਕਰਾਵਹੁ[62] ਠਾਕੁਰ ਪੇਖਤ[63] ਸਾਧੂ ਸੰਗਿ[64] ॥

Meeting the society of saints[64], O Lord, prompted[62] by Thee, I make an effort[61] to see[63] Thee.

ਸਤਿ ਸੰਗਤ[64] ਨਾਲ ਜੁੜ ਕੇ, ਹੇ ਸੁਆਮੀ! ਤੇਰਾ ਪ੍ਰੇਰਿਆ ਹੋਇਆ[62], ਮੈਂ ਤੈਨੂੰ ਵੇਖਣ[63] ਦਾ ਉਪਰਾਲਾ[61] ਕਰਦਾ ਹਾਂ।

ਹਰਿ ਹਰਿ[65] ਨਾਮੁ ਚਰਾਵਹੁ ਰੰਗਨਿ[66] ਆਪੇ[67] ਹੀ ਪ੍ਰਭ[68] ਰੰਗਿ[69] ॥੧॥

O Lord God[65], my Master[68], Thou Thyself[67] dye[66] me with the colour[69] of Thy Name.

ਹੇ ਵਾਹਿਗੁਰੂ ਸੁਆਮੀ[65]! ਮੇਰੇ ਮਾਲਕ[68]! ਤੂੰ ਆਪ ਹੀ[67] ਮੈਨੂੰ ਆਪਣੇ ਨਾਮ ਦੀ ਰੰਗਤ[69] ਨਾਲ ਰੰਗ[66] ਦੇ।

ਮਨ ਮਹਿ[70] ਰਾਮ ਨਾਮਾ[71] ਜਾਪਿ[72] ॥
ਕਰਿ[73] ਕਿਰਪਾ[74] ਵਸਹੁ[75] ਮੇਰੈ ਹਿਰਦੈ[76] ਹੋਇ ਸਹਾਈ[77] ਆਪਿ[78] ॥੧॥ਰਹਾਉ॥

Within[70] my mind, I meditate[72] on Lord's Name[71].
Show[73] Thine mercy[74] and abide[75] within my mind[76], and Thyself[78] be my succour[77]. Pause.

ਆਪਣੇ ਚਿੱਤ ਅੰਦਰ[70] ਮੈਂ ਸੁਆਮੀ ਦੇ ਨਾਮ[71] ਦਾ ਚਿੰਤਨ[72] ਕਰਦਾ ਹਾਂ।
ਆਪਣੀ ਮਿਹਰ[74] ਧਾਰ[73] ਅਤੇ ਮੇਰੇ ਚਿੱਤ[76] ਅੰਦਰ ਨਿਵਾਸ ਕਰ[75] ਅਤੇ ਖੁਦ[78] ਮੇਰਾ ਮਦਦਗਾਰ[77] ਬਣ। ਠਹਿਰਾਉ।

੪੦੬

ਸੁਣਿ ਸੁਣਿ[79] ਨਾਮੁ ਤੁਮਾਰਾ ਪ੍ਰੀਤਮ[80] ਪ੍ਰਭੁ ਪੇਖਨ[81] ਕਾ ਚਾਉ[82]॥
ਦਇਆ[83] ਕਰਹੁ ਕਿਰਮ[84] ਅਪੁਨੇ ਕਉ ਇਹੈ ਮਨੋਰਥੁ[85] ਸੁਆਉ[86] ॥੨॥
ਤਨੁ[87] ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ[88] ਕਿਛੁ ਨਾਹਿ ॥
ਜਿਉ ਜਿਉ[89] ਰਾਖਹਿ ਤਿਉ ਤਿਉ[90] ਰਹਣਾ ਤੇਰਾ ਦੀਆ[91] ਖਾਹਿ ॥੩॥
ਜਨਮ ਜਨਮ[92] ਕੇ ਕਿਲਵਿਖ[93]ਕਾਟੈ[94] ਮਜਨੁ[95] ਹਰਿਜਨ[96] ਧੂਰਿ[97] ॥
ਭਾਇ ਭਗਤਿ[98] ਭਰਮ[99] ਭਉ[100] ਨਾਸੈ[2] ਹਰਿ ਨਾਨਕ ਸਦਾ[4] ਹਜੂਰਿ[3] ॥੪॥੪॥ ੧੩੯॥

Continuously hearing[79] Thy Name, my dear[80] Lord, I have come to cherish an ambition[82] to see[81] Thee.
Have compassion[83] on me, Thy worm[84]. This alone is my aim[85] and object[86].
My body[87] and wealth are Thine. Thou art my Lord, nothing is in my power[88].
As[89] Thou keepest me, so[90] do I live and I eat what Thou givest[91] me.
The bath[95] in the dust[97] of the feet of God's slave[96], washes off[94] the sins[93] of many births[92].
By Lord's devotional service[98], doubt[99] and dread[100] depart[2] and one finds, O Nanak, ever[4] in the presence[3] of God.

ਤੇਰਾ ਨਾਮ ਇਕ ਰਸ ਸ੍ਰਵਣ ਕਰਨ ਦੁਆਰਾ[79] ਮੇਰੇ ਪਿਆਰੇ[80] ਠਾਕੁਰ ਤੈਨੂੰ ਵੇਖਣ[81] ਦੀ ਮੈਨੂੰ ਉਮੰਗ[82] ਪੈਦਾ ਹੋ ਗਈ ਹੈ।
ਮੈਂ, ਆਪਣੇ ਕੀੜੇ[84] ਉਤੇ ਰਹਿਮਤ ਧਾਰ[83]। ਕੇਵਲ ਏਹੀ ਮੇਰਾ ਮਤਲਬ[85] ਤੇ ਪ੍ਰਯੋਜਨ[86] ਹੈ!
ਮੇਰੀ ਦੇਹਿ[87]ਅਤੇ ਦੌਲਤ ਤੈਂਡੇ ਹਨ ਤੂੰ ਮੇਰਾ ਸੁਆਮੀ ਹੈਂ। ਮੇਰੇ ਅਖ਼ਤਿਆਰ[88] ਵਿਚ ਕੁਝ ਭੀ ਨਹੀਂ।
ਜਿਸ ਤਰ੍ਹਾਂ[89] ਤੂੰ ਰਖਦਾ ਹੈਂ,ਉਸੇ ਤਰ੍ਹਾਂ[90] ਹੀ ਮੈਂ ਰਹਿੰਦਾ ਹਾਂ। ਮੈਂ ਓਹੀ ਖਾਂਦਾ ਹਾਂ, ਜੋ ਤੂੰ ਮੈਨੂੰ ਦਿੰਦਾ[91] ਹੈਂ।
ਵਾਹਿਗੁਰੂ ਦੇ ਗੋਲੇ[96] ਦੇ ਪੈਰਾਂ ਦੀ ਧੂੜ[97] ਅੰਦਰ ਕੀਤਾ ਹੋਇਆ ਇਸ਼ਨਾਨ[95], ਅਨੇਕਾਂ ਜਨਮਾਂ[92] ਦੇ ਪਾਪ[93] ਧੋ ਸੁੱਟਦਾ[94] ਹੈ।
ਪ੍ਰਭੂ ਦੀ ਪ੍ਰੇਮ ਮਈ ਸੇਵਾ[98] ਦੁਆਰਾ ਸੰਦੇਹ[99] ਤੇ ਡਰ[100] ਦੂਰ ਹੋ ਜਾਂਦੇ ਹਨ[2] ਅਤੇ ਜੀਵ, ਹੇ ਨਾਨਕ ਵਾਹਿਗੁਰੂ ਦੀ ਹਜ਼ੂਰੀ ਵਿਚ ਵਿਚਰਦਾ ਹੈ। ਨਾਨਕ ਹਮੇਸ਼ਾ[4] ਉਸ ਦੀ ਹਜ਼ੂਰੀ[3] ਨੂੰ ਵੇਖਦਾ ਹੈ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਅਗਮ[5] ਅਗੋਚਰੁ[6] ਦਰਸੁ[7] ਤੇਰਾ ਸੋ[10] ਪਾਏ ਜਿਸੁ ਮਸਤਕਿ[8] ਭਾਗੁ[9] ॥

Thy sight[7],O Lord, is unapproachable[5], and incomprehensible[6] and he alone[10] obtains it who has good luck[9] recorded on his forehead[8].

ਤੇਰਾ ਦੀਦਾਰ[7] ਹੇ ਸਾਹਿਬ! ਪਹੁੰਚ ਤੋਂ ਪਰੇ[5] ਅਤੇ ਸੋਚ ਸਮਝ ਤੋਂ ਉਚੇਰਾ[6] ਹੈ। ਕੇਵਲ ਓਹੀ[10] ਇਸ ਨੂੰ ਪਾਉਂਦਾ ਹੈ ਜਿਸ ਦੇ ਮੱਥੇ[8] ਉਤੇ ਚੰਗੀ ਕਿਸਮਤ[9] ਲਿਖੀ ਹੋਈ ਹੈ।

ਆਪਿ[12] ਕ੍ਰਿਪਾਲਿ ਕ੍ਰਿਪਾ[13] ਪ੍ਰਭਿ ਧਾਰੀ[14] ਸਤਿਗੁਰਿ ਬਖਸਿਆ[15] ਹਰਿ ਨਾਮੁ॥੧॥

The Merciful Master, has Himself[12] shown[14] mercy[13] to me, and the True Guru has granted[15] God's Name unto me.

ਮਿਹਰਬਾਨ ਮਾਲਕ ਨੇ ਖੁਦ[12] ਮੇਰੇ ਉਤੇ ਮਿਹਰਬਾਨੀ[13] ਕੀਤੀ[14] ਹੈ, ਇਸ ਲਈ ਸੱਚੇ ਗੁਰਾਂ ਨੇ ਮੈਨੂੰ ਵਾਹਿਗੁਰੂ ਦਾ ਨਾਮ ਪਰਦਾਨ[15] ਕੀਤਾ ਹੈ।

ਕਲਿ ਜੁਗੁ ਉਧਾਰਿਆ[16] ਗੁਰਦੇਵ[17] ॥	The Divine Guru[17] has saved[16] the Dark-age.	ਨਿਰੰਕਾਰੀ ਗੁਰ[17] ਨੇ ਕਲਜੁਗ ਨੂੰ ਤਾਰ ਦਿੱਤਾ ਹੈ[16]।
ਮਲ[18] ਮੂਤ[19] ਮੂੜ[20] ਜਿ ਮੁਘਦ[21] ਹੋਤੇ ਸਭਿ ਲਗੇ[22] ਤੇਰੀ ਸੇਵ[23] ॥੧॥ਰਹਾਉ॥	The fools[20] and blockheads[21], who are filthy like ordure[18] and urine[19], have all taken to[22] Thy service[23]. Pause.	ਮੂਰਖ[20] ਅਤੇ ਬੁਧੂ[21] ਜੋ ਗੰਦਗੀ[18] ਅਤੇ ਪਿਸ਼ਾਬ[19] ਦੀ ਤਰ੍ਹਾਂ ਗਲੀਜ਼ ਹਨ, ਸਾਰੇ ਤੇਰੀ ਟਹਿਲ ਸੇਵਾ[23] ਅੰਦਰ ਜੁੱਟ ਗਏ[22] ਹਨ, ਹੇ ਸੁਆਮੀ ! ਠਹਿਰਾਉ।
ਤੂ ਆਪਿ[24] ਕਰਤਾ[25] ਸਭ ਸ੍ਰਿਸਟਿ[26] ਧਰਤਾ[27] ਸਭ ਮਹਿ ਰਹਿਆ ਸਮਾਇ[28] ॥	Thou Thyself[24] art the Creator[25] and the Establisher[27] of the whole[26] world. Thou art contained[28] amongst all.	ਤੂੰ ਖੁਦ[24] ਸਿਰਜਣਹਾਰ[25] ਅਤੇ ਸਾਰੇ ਸੰਸਾਰ[26] ਨੂੰ ਅਸਥਾਪਨ ਕਰਨ ਵਾਲਾ[27] ਹੈਂ। ਤੂੰ ਸਾਰਿਆਂ ਅੰਦਰ ਰਮ ਰਿਹਾ ਹੈਂ[28]।
ਧਰਮ ਰਾਜਾ ਬਿਸਮਾਦੁ[29] ਹੋਆ ਸਭ ਪਈ ਪੈਰੀ[30] ਆਇ ॥੨॥	The Righteous judge was taken by surprise[29], at the sight of all men falling at the Lord's Feet[30].	ਸਾਰੇ ਲੋਕਾਂ ਨੂੰ ਸਾਹਿਬ ਦੇ ਚਰਣੀ[30] ਪੈਂਦੇ ਵੇਖ ਕੇ ਧਰਮ ਰਾਇ ਹੈਰਾਨ[29] ਹੋ ਗਿਆ ਹੈ।
ਸਤਜੁਗੁ ਤ੍ਰੇਤਾ ਦੁਆਪਰੁ ਭਣੀਐ[31]ਕਲਿਜੁਗੁ ਊਤਮੋ[32] ਜੁਗਾ ਮਾਹਿ ॥	The Satyuga (Gold age), Treta (Silver age) and Doapar (Brass age), are said to be good ages[31], but the Kalyuga (Iron age) is the best[32] of all.	ਸਤਿਯੁਗ, ਤ੍ਰੇਤਾ ਅਤੇ ਦੁਆਪਰ ਚੰਗੇ ਯੁਗ[31] ਆਖੇ ਜਾਂਦੇ ਹਨ ਪ੍ਰੰਤੂ ਕਲਯੁਗ ਸਾਰਿਆਂ ਨਾਲੋਂ ਸ੍ਰੇਸ਼ਟ[32] ਹੈ।
[33]ਅਹਿ ਕਰੁ[34] ਕਰੇ ਸੁ[35] ਅਹਿ ਕਰੁ[36] ਪਾਏ ਕੋਈ ਨ ਪਕੜੀਐ[37] ਕਿਸੈ ਥਾਇ[38]॥ ੩॥	In this age, one who does with this[33] hand[34], receives the[35] same with the other[36] hand. None is apprehended[37] in place[38] of another.	ਇਸ ਸਮੇਂ ਅੰਦਰ ਬੰਦਾ, ਜਿਹੜਾ ਇਸ[33] ਹੱਥ[34] ਨਾਲ ਕਰਦਾ ਹੈ,ਉਸ ਨੂੰ[35] ਹੀ ਉਸ[36] ਹੱਥ ਨਾਲ ਪਾ ਲੈਂਦਾ ਹੈ। ਕੋਈ ਜਣਾ ਦੂਜੇ ਦੀ ਥਾਂ[38] ਤੇ ਨਹੀਂ ਫੜਿਆ[37] ਜਾਂਦਾ।
ਹਰਿ ਜੀਉ[39] ਸੋਈ ਕਰਹਿ ਜਿ ਭਗਤ[40] ਤੇਰੇ ਜਾਚਹਿ[41] ਏਹੁ ਤੇਰਾ ਬਿਰਦੁ[42] ॥	O Reverend[39] God, Thou doest that what Thine slaves[40] ask[41] for. This is Thy inherent disposition[42].	ਹੇ ਪੂਜਨੀਕ[39] ਵਾਹਿਗੁਰੂ ! ਤੂੰ ਓਹੀ ਕੁਛ ਕਰਦਾ ਹੈਂ ਜੋ ਤੇਰੇ ਗੋਲੇ[40] ਯਾਚਨਾ ਕਰਦੇ ਹਨ[41], ਇਹ ਤੇਰਾ ਪਰਕ੍ਰਿਤੀ ਸੁਭਾਵ[42] ਹੈ।
ਕਰ[43] ਜੋੜਿ[44]ਨਾਨਕ ਦਾਨੁ[45] ਮਾਗੈ[46] ਆਪਣਿਆ ਸੰਤਾ ਦੇਹਿ[47] ਹਰਿ ਦਰਸੁ[48] ॥੪॥ ੫॥੧੪੦॥	With clasped[44] hands[43] I, O Nanak, crave[46] for a boon[45], O God. Bless[47] Thine saints with Thy sight[48].	ਹੱਥ[43] ਬੰਨ੍ਹ ਕੇ[44] ਹੇ ਨਾਨਕ, ਇੱਕ ਦਾਤ[45] ਦੀ ਯਾਚਨਾ[46] ਕਰਦਾ ਹਾਂ, ਹੇ ਵਾਹਿਗੁਰੂ ! ਆਪਣੇ ਸਾਧੂਆਂ ਨੂੰ ਆਪਣਾ ਦਰਸ਼ਨ[48] ਬਖ਼ਸ਼[47]।
ਰਾਗੁ ਆਸਾ ਮਹਲਾ ੫ ਘਰੁ ੧੩	Asa Measure. 5th Guru.	ਰਾਗ ਆਸਾ। ਪੰਜਵੀਂ ਪਾਤਸ਼ਾਹੀ।
੧ ੴ ਸਤਿਗੁਰ ਪ੍ਰਸਾਦਿ ॥	There is but one God. By True Guru's grace He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਸਤਿਗੁਰ ਬਚਨ[49] ਤੁਮ੍ਹਾਰੇ ॥ ਨਿਰਗੁਣ[50] ਨਿਸਤਾਰੇ[51] ॥ ੧॥ਰਹਾਉ॥	By thy words[49], O True Guru, even the virtueless[50] have been saved[51]. Pause.	ਤੇਰੀ ਬਾਣੀ[49] ਦੁਆਰਾ ਹੇ ਸੱਚੇ ਗੁਰੂ ! ਨੇਕੀ-ਵਿਹੂਣ[50] ਭੀ ਤਰ ਗਏ ਹਨ[51]। ਠਹਿਰਾਉ।

ਮਹਾ[52] ਬਿਖਾਦੀ[53] ਦੁਸਟ[54] ਅਪਵਾਦੀ[55] ਤੇ ਪੁਨੀਤ[57] ਸੰਗਾਰੇ[58] ॥੧॥

The most[52] quarrelsome[53], vicious[54] and indecent persons[55], have been rendered pure[57] in Thy company[58].

ਪਰਮ[52] ਝਗੜਾਲੂ[53],ਵੈਲੀ[54] ਅਤੇ ਬਦ-ਜ਼ਬਾਨ ਪੁਰਸ਼[55], ਤੇਰੀ ਸੰਗਤ[58] ਅੰਦਰ ਪਵਿੱਤ੍ਰ[57] ਹੋ ਗਏ ਹਨ ।

ਜਨਮ[59] ਭਵੰਤੇ[60] ਨਰਕਿ[61] ਪੜੰਤੇ[62] ਤਿਨ੍[63] ਕੇ ਕੁਲ[64] ਉਧਾਰੇ[65] ॥੨॥

Those who wandered[60] in births[59] and were consigned[62] to hell[61], even their[63] families[64] thou hast redeemed[65].

ਜੋ ਜੂਨੀਆਂ[59] ਅੰਦਰ ਭਟਕਦੇ[60] ਸਨ ਅਤੇ ਦੋਜ਼ਕ[61] ਵਿੱਚ ਪਾਏ ਜਾਂਦੇ ਸਨ[62], ਉਨ੍ਹਾਂ ਦੀਆਂ[63] ਵੰਸ਼ਾਂ[64] ਭੀ ਤੂੰ ਤਾਰ ਛੱਡੀਆਂ ਹਨ[65] ।

ਕੋਇ ਨ ਜਾਨੈ[66] ਕੋਇ ਨ ਮਾਨੈ[66]* ਸੇ[67] ਪਰਗਟੂ[68] ਹਰਿ ਦੁਆਰੇ[69] ॥੩॥

They, whom none knew[66] and whom none honoured[66]*, they[67] have become renowned[68] at God's court[69].

ਜਿਨ੍ਹਾਂ ਨੂੰ ਕੋਈ ਨਹੀਂ ਸੀ ਜਾਣਦਾ[66] ਅਤੇ ਜਿਨ੍ਹਾਂ ਦੀ ਕੋਈ ਇੱਜ਼ਤ[66]* ਨਹੀਂ ਸੀ ਕਰਦਾ, ਉਹ[67] ਵਾਹਿਗੁਰੂ ਦੇ ਦਰਬਾਰ[69] ਅੰਦਰ ਨਾਮਵਰ[68] ਹੋ ਗਏ ਹਨ ।

ਕਵਨ[70] ਉਪਮਾ[71] ਦੇਉ[72] ਕਵਨ ਵਡਾਈ[73] ਨਾਨਕ ਖਿਨੁ ਖਿਨੁ[74] ਵਾਰੇ[75] ॥੪॥੧॥੧੪੧॥

What[70] praise[71] and what greatness[73] should I attribute[72] to thee, O my Guru Nanak, I am every moment[74], a sacrifice[75] unto thee.

ਮੈਂ ਕਿਹੜੀ[70] ਕੀਰਤੀ[71] ਅਤੇ ਕਿਹੜੀ ਵਿਸ਼ਾਲਤਾ[73] ਤੈਨੂੰ ਨਿਰੂਪਣ[72] ਕਰਾਂ, ਹੇ ਮੇਰੇ ਗੁਰੂ ਨਾਨਕ, ਮੈਂ ਹਰ ਮੁਹਤ[74], ਤੇਰੇ ਉਤੋਂ ਕੁਰਬਾਨ[75] ਜਾਂਦਾ ਹਾਂ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਬਾਵਰ[76] ਸੋਇ ਰਹੇ ॥੧॥ ਰਹਾਉ॥

The mad—men[76] are asleep. Pause.

ਪਗਲੇ ਬੰਦੇ[76] ਸੁਤੇ ਪਏ ਹਨ । ਠਹਿਰਾਉ ।

ਮੋਹ[77] ਕੁਟੰਬ[78] ਬਿਖੇ[79]ਰਸ[80] ਮਾਤੇ[81] ਮਿਥਿਆ[82] ਗਹਨ[83] ਗਹੇ[84] ॥੧॥

They are intoxicated[81] with family[78] love[77] and sensual[79] enjoyments[80] and are seized[84] of false[82] grips[83].

ਉਹ ਟੱਬਰ ਕਬੀਲੇ[78] ਦੀ ਪ੍ਰੀਤ[77] ਅਤੇ ਵਿਸ਼ਿਆਂ[79] ਦੇ ਸੁਆਦਾਂ[80] ਨਾਲ ਮਤਵਾਲੇ[81] ਹੋਏ ਹੋਏ ਹਨ ਅਤੇ ਝੂਠੀਆਂ[82] ਪਕੜਾਂ[83] ਨੂੰ ਪਕੜਦੇ[84] ਹਨ ।

ਮਿਥਨ[85] ਮਨੋਰਥ[86] ਸੁਪਨ[87] ਆਨੰਦ[88] ਉਲਾਸ[89] ਮਨਿਮੁਖਿ[90]ਸਤਿ[91]ਕਹੇ[92]॥੨॥

The perverse[90] call[92] true[91], the false[85] desires[86] and the delights[88] and merriments[89] of the dream[87].

ਝੂਠੀਆਂ[85] ਖ਼ਾਹਿਸ਼ਾਂ[86] ਅਤੇ ਸੁਪਨੇ[87] ਦੀਆਂ ਖ਼ੁਸ਼ੀਆਂ[88] ਤੇ ਮਨ ਮੌਜਾਂ[89] ਨੂੰ ਆਪ-ਹੁਦਰੇ[90] ਸੱਚ[91] ਆਖਦੇ[92] ਹਨ ।

ਅੰਮ੍ਰਿਤੁ[93] ਨਾਮੁ ਪਦਾਰਥੁ[94] ਸੰਗੇ[95] ਤਿਲੁ[96] ਮਰਮੁ[97] ਨ ਲਹੇ[98] ॥੩॥

The wealth[94] of the Nectar-Name[93] is with[95] them and they find[98] not even a sesame[96] of its secret[97].

ਸੁਧਾ ਸਰੂਪ ਨਾਮ[93] ਦੀ ਦੌਲਤ[94] ਉਨ੍ਹਾਂ ਦੇ ਨਾਲ[95] ਹੈ । ਇਸ ਦਾ ਉਹ ਹਵਾ ਮਾਤ੍ਰ[96] ਭੀ ਭੇਤ[97] ਨਹੀਂ ਪਾਉਂਦੇ[98] ।

ਕਰਿ ਕਿਰਪਾ[99] ਰਾਖੇ[100] ਸਤਿ ਸੰਗੇ ਨਾਨਕ ਸਰਣਿ[2] ਆਹੇ[3] ॥੪॥੨॥੧੪੨॥

Nanak, they who are[3] under the protection[2] of the saints' society, them the Lord mercifully[99] redeems[100].

ਨਾਨਕ ਜੋ ਸਤਿ ਸੰਗਤ ਦੀ ਪਨਾਹ[2] ਹੇਠਾਂ ਹਨ[3],ਉਨ੍ਹਾਂ ਨੂੰ ਸਾਹਿਬ ਮਿਹਰ ਧਾਰ ਕੇ[99] ਪਾਰ ਉਤਾਰਾ ਕਰ ਦਿੰਦਾ ਹੈ[100] ।

ਆਸਾ ਮਹਲਾ ੫ ॥ ਤਿਪਦੇ ॥

Asa 5th Guru. Tipade.

ਆਸਾ ਪੰਜਵੀਂ ਪਾਤਸ਼ਾਹੀ । ਤਿਪਦੇ ।

ਓਹਾ[4] ਪ੍ਰੇਮ[5] ਪਿਰੀ[6] ॥੧॥ ਰਹਾਉ॥

I seek the love[5] of that[4] Beloved[6] of mine. Pause.

ਮੈਂ ਉਸ[4] ਆਪਣੇ ਪ੍ਰੀਤਮ[6] ਦੀ ਪ੍ਰੀਤ[5] ਲੋੜਦਾ ਹਾਂ । ਠਹਿਰਾਉ ।

ਕਨਿਕ[7] ਮਾਣਿਕ[8] ਗਜ[9] ਮੋਤੀਅਨ[10] ਲਾਲਨ[12] ਨਹ ਨਾਹ ਨਹੀ ॥੧॥	Gold[7], gems[8], elephant[9]-pearls[10] and rubies[12], no, no, I need them not.	ਸੋਨਾ[7], ਜਵਾਹਿਰਾਤ[8], ਹਾਥੀ[9] ਦੇ ਮੱਥੇ ਵਿਚੋਂ ਨਿਕਲੇ ਮੋਤੀ[10] ਅਤੇ ਲਾਲ[12], ਨਹੀਂ,ਨਹੀਂ,ਮੈਨੂੰ ਨਹੀਂ ਚਾਹੀਦੇ।
ਰਾਜ[13] ਨ ਭਾਗ[14]ਨ ਹੁਕਮ[15] ਨ ਸਾਦਨ[16] ॥ ਕਿਛੁ ਕਿਛੁ ਨ ਚਾਹੀ[17] ॥੨॥	No empire[13] no fortune[14], no command[15] and no relish[16], none of these do I desire[17].	ਨਾ ਪਾਤਸ਼ਾਹੀ[13], ਨਾ ਧਨ-ਦੌਲਤ[14], ਨਾ ਫੁਰਮਾਨ[15] ਤੇ ਨਾ ਹੀ ਸੁਆਦ[16], ਇਨ੍ਹਾਂ ਵਿਚੋਂ ਮੈਂ ਕਿਸੇ ਨੂੰ ਭੀ ਨਹੀਂ ਲੋੜਦਾ[17]।
੪੦੭		
ਚਰਨਨ[18] ਸਰਨਨ[19] ਸੰਤਨ ਬੰਦਨ[20] ॥ ਸੁਖੋ ਸੁਖੁ[24] ਪਾਹੀ[22] ॥	The patronage[19] of the Lord's Feet[18] and obeisance[20] unto the saints, in these I find[22] the comfort of comforts[21].	ਪ੍ਰਭੂ ਦੇ ਪੈਰਾਂ[18] ਦੀ ਸਰਪਰਸਤੀ[19], ਅਤੇ ਸਾਧੂਆਂ ਨੂੰ ਨਮਸ਼ਕਾਰ[20], ਇਨ੍ਹਾਂ ਅੰਦਰ ਮੈਂ ਆਰਾਮ ਦਾ ਆਰਾਮ[21] ਪਾਉਂਦਾ[22] ਹਾਂ।
ਨਾਨਕ ਤਪਤਿ[23] ਹਰੀ[24] ॥ ਮਿਲੇ[25] ਪ੍ਰੇਮ[26] ਪਿਰੀ[27] ॥ ੩॥੩॥੧੪੩॥	By obtaining[25] the love[26] of the Beloved[27], Nanak's burning[23] is gone[24].	ਪਿਆਰੇ[27] ਦਾ ਪਿਆਰ[26] ਪਰਾਪਤ ਕਰਨ ਦੁਆਰਾ[25] ਨਾਨਕ ਦੀ ਜਲਨ[23] ਬੁਝ ਗਈ ਹੈ[24]।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਗੁਰਹਿ ਦਿਖਾਇਓ[28] ਲੋਇਨਾ[29] ॥੧॥ਰਹਾਉ॥	The Guru has shown[28] Thee to mine eyes[29], O Lord. Pause.	ਗੁਰਾਂ ਨੇ ਮੇਰੀਆਂ ਅੱਖੀਆਂ[29] ਨੂੰ ਤੂੰ ਵਿਖਾਲ ਦਿੱਤਾ ਹੈ[28], ਹੇ ਪ੍ਰਭੂ! ਠਹਿਰਾਉ।
ਈਤਹਿ[30] ਊਤਹਿ[31] ਘਟਿ ਘਟਿ[32]ਘਟਿ[33] ਘਟਿ॥ ਤੂੰਹੀ ਤੂੰਹੀ ਮੋਹਿਨਾ[34] ॥੧॥	Here[30] and there[31], in every soul[32] and in every body[33], Thou, Thou alone art contained, O Bewitcher[34].	ਏਥੇ[30] ਅਤੇ ਓਥੇ[31], ਹਰ ਆਤਮਾ ਅੰਦਰ[32] ਅਤੇ ਹਰ ਦੇਹਿ[33] ਅੰਦਰ ਤੂੰ ਕੇਵਲ ਤੂੰ ਹੀ ਹੈਂ, ਹੇ ਫ਼ਰੇਫ਼ਤਾ ਕਰਨ (ਮੋਹ ਲੈਣ) ਵਾਲੇ[34]!
ਕਾਰਨ ਕਰਨਾ[35] ਧਾਰਨ[36] ਧਰਨਾ[37] ॥ ਏਕੈ ਏਕੈ[38] ਸੋਹਿਨਾ[39] ॥੨॥	Thou alone[38] art the cause of causes[35] and the supporter[36] of the earth[37], O Unique, Beauteous Lord[39].	ਕੇਵਲ ਤੂੰ ਹੀ[38], ਹੇਤੂਆਂ ਦਾ ਹੇਤੂ[35] ਅਤੇ ਧਰਤੀ[37] ਨੂੰ ਆਸਰਾ ਦੇਣ ਵਾਲਾ[36] ਹੈਂ, ਸੁੰਦਰ ਸੁਆਮੀ[39]!
ਸੰਤਨ ਪਰਸਨ[40]ਬਲਿਹਾਰੀ[41] ਦਰਸਨ[42] ॥ ਨਾਨਕ ਸੁਖਿ[43] ਸੁਖਿ ਸੋਇਨਾ[44] ॥੩॥੪॥ ੧੪੪॥	Nanak devotes[41] himself to meeting[40] and beholding[42] the saints and he sleeps[44] in complete peace[43].	ਨਾਨਕ ਸਾਧੂਆਂ ਦੇ ਮਿਲਾਪ[40] ਅਤੇ ਦੀਦਾਰ[42] ਉੱਤੋਂ ਆਪਣੇ ਆਪ ਨੂੰ ਸਦਕੇ[41] ਕਰਦਾ ਹੈ ਅਤੇ ਉਹ ਪੂਰਨ ਠੰਢ-ਚੈਨ[43] ਅੰਦਰ ਸੌਂਦਾ[44] ਹੈ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਹਰਿ ਹਰਿ ਨਾਮੁ[45]ਅਮੋਲਾ[46]॥ ਓਹੁ[47] ਸਹਜਿ[48] ਸੁਹੇਲਾ[49]॥ ੧॥ਰਹਾਉ॥	Lord God's Name[45] is priceless[46]. The[47] Name is naturally[48] comfortable[49]. Pause.	ਵਾਹਿਗੁਰੂ ਸੁਆਮੀ ਦਾ ਨਾਮ[45] ਅਮੋਲਕ[46] ਹੈ। ਉਹ[47] ਨਾਮ ਕੁਦਰਤੀ ਤੌਰ ਤੇ[48] ਆਰਾਮ[49] ਦੇਣ ਵਾਲਾ[49] ਹੈ। ਠਹਿਰਾਉ।
ਸੰਗਿ[50] ਸਹਾਈ[51] ਛੋਡਿ[52] ਨ ਜਾਈ[53] ਓਹੁ ਅਗਹ[54] ਅਤੋਲਾ[55] ॥੧॥	God is my companion[50] and helper[51] forsaking[52] me he goes[53] nowhere else. He is Unfathomable[54] and Unweighable[55].	ਵਾਹਿਗੁਰੂ ਮੇਰਾ ਸਾਥੀ[50] ਅਤੇ ਸਹਾਇਕ[51] ਹੈ। ਮੈਨੂੰ ਤਿਆਗ ਕੇ[52] ਉਹ ਹੋਰ ਕਿਧਰੇ ਨਹੀਂ ਜਾਂਦਾ[53]। ਉਹ ਅਥਾਹ[54] ਅਤੇ ਅਜੋਖ[55] ਹੈ।

ਪ੍ਰੀਤਮੁ[56] ਭਾਈ ਬਾਪੁ ਮੇਰੋ ਮਾਈ ਭਗਤਨ[57]ਕਾ ਓਲ੍ਹਾ[58]॥ ੨॥	He is my friend[56], brother, father and mother and the shelter[58] of the saints[57].	ਉਹ ਮੇਰਾ ਮਿੱਤ੍ਰ[56], ਵੀਰ, ਬਾਬਲ ਅਤੇ ਅੰਮੜੀ ਹੈ ਅਤੇ ਸਾਧੂਆਂ[57] ਦੀ ਓਟ[58] ਹੈ।
ਅਲਖੁ[59] ਲਖਾਇਆ[60] ਗੁਰ ਤੇ[61] ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ[62] ॥੩॥੫॥ ੧੪੫॥	The Invisible Lord[59] is seen[60] and obtained through the Guru[61], and this, O Nanak is the wonderous play[62] of God.	ਅਦ੍ਰਿਸ਼ਟ ਸੁਆਮੀ[59], ਗੁਰਾਂ ਦੇ ਰਾਹੀਂ[61] ਦੇਖਿਆ[60] ਅਤੇ ਪਾਇਆ ਜਾਂਦਾ ਹੈ। ਇਹ ਹੇ ਨਾਨਕ! ਵਾਹਿਗੁਰੂ ਦਾ ਚੁਹਲ[62] ਹੈ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਆਪੁਨੀ[63] ਭਗਤਿ[64] ਨਿਬਾਹਿ[65] ॥	Sustain[65] my[63] devotional service[64].	ਮੇਰੀ[63] ਪ੍ਰੇਮ-ਮਈ ਸੇਵਾ[64] ਸੰਪੂਰਨ[65] ਕਰ।
ਠਾਕੁਰ ਆਇਓ[66]ਆਹਿ[67]॥ ੧॥ਰਹਾਉ॥	O Lord, with eagerness[67] I have come[66] to Thee. Pause.	ਹੇ ਸੁਆਮੀ! ਮੈਂ ਚਾਹਣਾ[67] ਨਾਲ ਤੇਰੇ ਕੋਲ ਆਇਆ[66] ਹਾਂ। ਠਹਿਰਾਉ।
ਨਾਮੁ ਪਦਾਰਥੁ[68] ਹੋਇ ਸਕਾਰਥੁ[69] ਹਿਰਦੈ[70] ਚਰਨ[71] ਬਸਾਹਿ[72] ॥੧॥	With the Name wealth[68], life becomes fruitful[69]. O man, place[72] Lord's Feet[71] in thy mind[70].	ਨਾਮ ਦੀ ਦੌਲਤ[68] ਨਾਲ ਜੀਵਨ ਸਫਲ[69] ਹੋ ਜਾਂਦਾ ਹੈ। ਹੇ ਬੰਦੇ! ਪ੍ਰਭੂ ਦੇ ਪੈਰ[71] ਆਪਣੇ ਮਨ[70]ਵਿਚ ਟਿਕਾ[72]।
ਏਹ ਮੁਕਤਾ[73] ਏਹ ਜੁਗਤਾ[74] ਰਾਖਹੁ ਸੰਤ ਸੰਗਾਹਿ[75]॥੨॥	This is the salvation[73] and this the way of life[74]. Keep me in the society of saints[75].	ਏਹੀ ਮੋਖ਼ਸ਼[73] ਹੈ ਅਤੇ ਏਹੀ ਜੀਵਨ ਰਹੁ-ਰੀਤੀ[74]। ਮੈਨੂੰ ਸਤਿ ਸੰਗਤ[75] ਅੰਦਰ ਰੱਖ।
ਨਾਮੁ ਧਿਆਵਉ[76] ਸਹਜਿ[77] ਸਮਾਵਉ[78] ਨਾਨਕ ਹਰਿ ਗੁਨ[79] ਗਾਹਿ[80] ॥੩॥੬॥ ੧੪੬॥	By meditating[76] on the Name and singing[80] God's praise[79], Nanak has naturally been absorbed[78] in the Lord[77].	ਨਾਮ ਦਾ ਸਿਮਰਨ[76] ਅਤੇ ਵਾਹਿਗੁਰੂ ਦਾ ਜੱਸ[79] ਗਾਇਨ ਕਰਨ ਦੁਆਰਾ[80], ਨਾਨਕ ਸੁਆਮੀ[77] ਅੰਦਰ ਲੀਨ[78] ਹੋ ਗਿਆ ਹੈ।
ਆਸਾ ਮਹਲਾ ੫ ॥	Asa 5th Guru.	ਆਸਾ ਪੰਜਵੀਂ ਪਾਤਸ਼ਾਹੀ।
ਠਾਕੁਰ ਚਰਣ[81] ਸੁਹਾਵੇ[82]॥ ਹਰਿ ਸੰਤਨ ਪਾਵੇ[83] ॥੧॥ ਰਹਾਉ॥	Beautiful[82] are the Feet[81] of the Lord. God's saints have obtained[83] them. Pause.	ਸੁੰਦਰ[82] ਹਨ ਸੁਆਮੀ ਦੇ ਪੈਰ[81]। ਰੱਬ ਦੇ ਸਾਧੂਆਂ ਨੇ ਉਨ੍ਹਾਂ ਨੂੰ ਪਰਾਪਤ[83] ਕੀਤਾ ਹੈ। ਠਹਿਰਾਉ।
ਆਪੁ[84] ਗਵਾਇਆ[85] ਸੇਵ[86] ਕਮਾਇਆ[87] ਗੁਨ[88] ਰਸਿ[89] ਰਸਿ[90] ਗਾਵੇ[91] ॥੧॥	They dispel[85] their self-conceit[84], perform[87] Lord's service[86] and drenched[90] in love[89] sing[91] His praise[88].	ਉਹ ਆਪਣੀ ਸਵੈ-ਹੰਗਤਾ[84] ਨੂੰ ਦੂਰ ਕਰ ਦਿੰਦੇ ਹਨ[85]। ਸੁਆਮੀ ਦੀ ਘਾਲ[86] ਕਮਾਉਂਦੇ[87] ਹਨ ਅਤੇ ਪਿਆਰ[89] ਅੰਦਰ ਭਿੱਜ[90] ਉਸ ਦੀ ਕੀਰਤੀ[88]ਗਾਇਨ[91]ਕਰਦੇ ਹਨ।
ਏਕਹਿ ਆਸਾ[92] ਦਰਸ[93] ਪਿਆਸਾ[94] ਆਨ[95] ਨ ਭਾਵੇ[96] ॥੨॥	Their faith[92] is in one Lord, they thirst[94] to behold[93] Him and nothing else[95] pleases[96] them.	ਉਨ੍ਹਾਂ ਦਾ ਭਰੋਸਾ[92] ਇਕ ਸੁਆਮੀ ਵਿਚ ਹੈ, ਉਨ੍ਹਾਂ ਨੂੰ ਉਸ ਦੇ ਵੇਖਣ[93] ਦੀ ਤ੍ਰੇਹ[94] ਹੈ ਅਤੇ ਹੋਰ ਕੁਛ[95] ਉਨ੍ਹਾਂ ਨੂੰ ਚੰਗਾ[96] ਨਹੀਂ ਲੱਗਦਾ।
ਦਇਆ[97] ਤੁਹਾਰੀ[98] ਕਿਆ ਜੰਤ[99] ਵਿਚਾਰੀ[100] ਨਾਨਕ	All this is Thy[98] mercy[97], O Lord. What is the poor[100] creature[99]? Nanak	ਇਹ ਸਾਰੀ ਤੇਰੀ[98] ਰਹਿਮਤ[97] ਹੈ। ਗਰੀਬ[100] ਜੀਵ[99] ਕੀ ਹੈ? ਨਾਨਕ ਤੇਰੇ ਉਤੋਂ[1] ਸਦਕੇ[2] ਤੇ ਕੁਰਬਾਨ

ਬਲਿ[2] ਬਲਿ ਜਾਵੇ ॥੩॥੭॥ ੧੪੭॥

is devoted[2] and a sacrifice unto Thee.

ਜਾਂਦਾ ਹੈ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਏਕੁ ਸਿਮਰਿ[4] ਮਨ ਮਾਹੀ[3] ॥ ੧॥ਰਹਾਉ॥

Meditate[4] only on the One Lord, in[3] thy mind. Pause.

ਆਪਣੇ ਚਿੱਤ ਅੰਦਰ[3] ਸਿਰਫ ਇਕ ਸੁਆਮੀ ਦਾ ਹੀ ਆਰਾਧਨ[4] ਕਰ । ਠਹਿਰਾਉ ।

ਨਾਮੁ ਧਿਆਵਹੁ[5] ਰਿਦੈ[6] ਬਸਾਵਹੁ[7] ਤਿਸੁ ਬਿਨੁ[8] ਕੋ[9] ਨਾਹੀ ॥੧॥

Remember[5] Lord's Name and enshrine[7] Him in thy mind[6]. Without[8] Him there is not another[9].

ਸਾਂਈ ਦੇ ਨਾਮ ਨੂੰ ਯਾਦ ਕਰ[5] ਅਤੇ ਉਸ ਨੂੰ ਆਪਣੇ ਚਿੱਤ[6] ਅੰਦਰ ਟਿਕਾ[7],ਉਸ ਦੇ ਬਾਝੋਂ[8] ਹੋਰ ਕੋਈ[9]ਨਹੀਂ ।

ਪ੍ਰਭ ਸਰਨੀ[10] ਆਈਐ ਸਰਬ[12] ਫਲ[13] ਪਾਈਐ ਸਗਲੇ ਦੂਖ[15] ਜਾਹੀ[14]॥੨॥

By entering the sanctuary[10] of the Lord, all[12] the fruits[13] are obtained and all the troubles[15] are removed[14].

ਸਾਹਿਬ ਦੀ ਸ਼ਰਣਾਗਤ[10] ਸੰਭਾਲਣ ਦੁਆਰਾ ਸਾਰੇ[12] ਮੇਵੇ[13] ਪ੍ਰਾਪਤ ਹੋ ਜਾਂਦੇ ਹਨ ਅਤੇ ਸਾਰੀਆਂ ਤਕਲੀਫਾਂ[15] ਮਿੱਟ ਜਾਂਦੀਆਂ ਹਨ[14] ।

ਜੀਅਨ[16] ਕੋ ਦਾਤਾ[17] ਪੁਰਖੁ[18] ਬਿਧਾਤਾ[19] ਨਾਨਕ ਘਟਿ ਘਟਿ[20] ਆਹੀ[21]॥੩॥ ੮॥੧੪੮॥

O Nanak, the Omnipotent[18] Creator[19] is the Donor[17] of all the beings[16], and is[21] contained in every heart[20].

ਹੇ ਨਾਨਕ ! ਸਰਬ-ਸ਼ਕਤੀਵਾਨ[18] ਸਿਰਜਣਹਾਰ[19] ਸਮੂਹ ਜੀਵਾਂ[16] ਨੂੰ ਦੇਣ ਵਾਲਾ[17] ਹੈ ਅਤੇ ਹਰ ਦਿਲ[20] ਅੰਦਰ ਵਿਆਪਕ ਹੈ[21] ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਹਰਿ ਬਿਸਰਤ[22] ਸੋ[23] ਮੂਆ[24] ॥੧॥ਰਹਾਉ॥

He[23], who has forgotten[22] God, is dead[24]. Pause.

ਜਿਸ ਨੇ ਵਾਹਿਗੁਰੂ ਨੂੰ ਭੁਲਾ ਦਿੱਤਾ[22] ਹੈ,ਉਹ[23] ਮੁਰਦਾ[24] ਹੈ । ਠਹਿਰਾਉ ।

ਨਾਮੁ ਧਿਆਵੈ[25] ਸਰਬ[30] ਫਲ[26] ਪਾਵੈ ਸੋ[27] ਜਨੁ[28] ਸੁਖੀਆ[29] ਹੂਆ ॥੧॥

He, who remembers[25] the Name, obtains all[30] the boons[26]. That[27] man[28] becomes happy[29].

ਜੋ ਨਾਮ ਨੂੰ ਸਿਮਰਦਾ[25] ਹੈ, ਉਹ ਸਾਰੀਆਂ[30] ਮੁਰਾਦਾਂ[26] ਪਾ ਲੈਂਦਾ ਹੈ । ਉਹ[27] ਇਨਸਾਨ[28] ਪ੍ਰਸੰਨ[29] ਹੋ ਜਾਂਦਾ ਹੈ ।

ਰਾਜੁ[31] ਕਹਾਵੈ[32] ਹਉ[33] ਕਰਮ ਕਮਾਵੈ[34] ਬਾਧਿਓ[35] ਨਲਿਨੀ[36]ਭ੍ਰਮਿ[37]ਸੂਆ[38]॥੨॥

He, who calls[32] himself a King[31] and practises[34] pride[33], is caught[35] by doubt[37] like a parrot[38] by the trap[36].

ਜੋ ਆਪਣੇ ਆਪ ਨੂੰ ਪਾਤਸ਼ਾਹ[31] ਅਖਵਾਉਂਦਾ[32]ਹੈ, ਅਤੇ ਅਹੰਕਾਰੀ[33] ਕੰਮ ਕਰਦਾ ਹੈ[34],ਉਸ ਨੂੰ ਸੰਦੇਹ[37]ਨੇ ਐਉਂ ਪਕੜ ਲਿਆ ਹੈ[35] ਜਿਸ ਤਰਾਂ ਤੋਤੇ[38] ਨੂੰ ਕੁੜਿੱਕੀ[36] ਨੇ ।

ਕਹੁ ਨਾਨਕ ਜਿਸੁ ਸਤਿਗੁਰੁ ਭੇਟਿਆ[39] ਸੋ[40] ਜਨੁ[41] ਨਿਹਚਲੁ[42] ਥੀਆ[43] ॥੩॥ ੯॥੧੪੯॥

Says Nanak, he who meets[39] the True Guru, that[40] man[41] becomes[43] immortal[42].

ਗੁਰੂ ਜੀ ਆਖਦੇ ਹਨ, ਜੋ ਸੱਚੇ ਗੁਰਾਂ ਨੂੰ ਮਿਲ ਪੈਂਦਾ[39] ਹੈ, ਉਹ[40] ਪੁਰਸ਼[41] ਅਹਿੱਲ[42] ਹੋ ਜਾਂਦਾ[43] ਹੈ ।

ਆਸਾ ਮਹਲਾ ੫ ਘਰੁ ੧੪

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

੧ ੴ ਸਤਿਗੁਰ ਪ੍ਰਸਾਦਿ ॥

There is but one God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪਾਇਆ ਜਾਂਦਾ ਹੈ ।

ਓਹੁ ਨੇਹੁ[44] ਨਵੇਲਾ[45] ॥ ਅਪੁਨੇ[48] ਪ੍ਰੀਤਮ[46] ਸਿਉ ਲਾਗਿ[47] ਰਹੈ ॥੧॥ਰਹਾਉ॥

That love[44] is ever fresh[45], which is embraced[47] for one's[48] Beloved[46]. Pause.

ਉਹ ਪ੍ਰੀਤ[44] ਸਦੀਵ ਹੀ ਨਵੀਂ[45] ਹੈ ਜੋ ਆਪਣੇ[48] ਪਿਆਰੇ[46] ਨਾਲ ਪਾਈ ਜਾਂਦੀ ਹੈ[47] । ਠਹਿਰਾਉ ।

੪੦੮

ਜੋ ਪ੍ਰਭੁ ਭਾਵੈ[49] ਜਨਮਿ ਨ ਆਵੈ ॥ ਹਰਿ ਪ੍ਰੇਮ ਭਗਤਿ[50] ਹਰਿ ਪ੍ਰੀਤਿ[51] ਰਚੈ[52] ॥੧॥

ਉਨ੍ਹਾਂ[60] ਮੁਗ਼ਲਾਂ ਨੇ ਆਪਣੀਆਂ ਬੰਦੂਕਾਂ[61] ਸਿੰਨ[62] ਕੇ ਛੱਡੀਆਂ[63] ਅਤੇ ਉਨ੍ਹਾਂ ਪਠਾਨਾਂ ਨੇ ਹਾਥੀਆਂ[64] ਨਾਲ ਹਮਲਾ ਕੀਤਾ[65] ।

ਜਿਨ੍ ਕੀ ਚੀਰੀ[66] ਦਰਗਹ[67] ਫਾਟੀ[68] ਤਿਨ੍ਾ ਮਰਣਾ ਭਾਈ[69] ॥੫॥

They, whose letter[66] has been torn[68] in God's court[67], must die, O my brethren[69].

ਜਿਨ੍ਹਾਂ ਦੀ ਆਯੂ ਰੂਪੀ ਚਿੱਠੀ[66] ਵਾਹਿਗੁਰੂ ਦੇ ਦਰਬਾਰ[67] ਵਿਚੋਂ ਪਾਟ[68] ਗਈ ਹੈ, ਉਹ ਜ਼ਰੂਰ ਹੀ ਮਰਨਗੇ, ਹੇ ਮੇਰੇ ਵੀਰਨੋ[69] !

ਇਕ ਹਿੰਦਵਾਣੀ ਅਵਰ ਤੁਰਕਾਣੀ[70] ਭਟਿਆਣੀ[71] ਠਕੁਰਾਣੀ[72] ॥ ਇਕਨ੍ਾ[73] ਪੇਰਣ[74] ਸਿਰ[75] ਖੁਰ[76] ਪਾਟੇ[77] ਇਕਨ੍ਾ ਵਾਸੁ[78] ਮਸਾਣੀ[79] ॥

There were the women of Hindus, Muslims[70], Bhattis[71] and Rajputs[72]. The robes[74] of some[73] were torn[77] from head[75] to foot[76], and some had their dwellings[78] in the cremation ground[79].

ਹਿੰਦੂਆਂ, ਮੁਸਲਮਾਨਾਂ[70], ਭੱਟੀਆਂ[71] ਅਤੇ ਰਾਜਪੂਤਾਂ[72] ਦੀਆਂ ਇਸਤਰੀਆਂ ਸਨ । ਕਈਆਂ[73] ਦੇ ਕਪੜੇ[74] ਸਿਰ[75] ਤੋਂ ਪੈਰਾਂ[76] ਤਾਈਂ ਲੀਰਾਂ ਹੋਏ ਹੋਏ[77] ਸਨ ਤੇ ਕਈਆਂ ਦਾ ਵਸੇਬਾ[78] ਸਿਵਿਆਂ[79] ਵਿਚ ਹੋ ਗਿਆ ਸੀ ।

ਜਿਨ੍ ਕੇ ਬੰਕੇ[80] ਘਰੀ ਨ ਆਇਆ ਤਿਨ੍ ਕਿਉ[81] ਰੈਣਿ[82] ਵਿਹਾਣੀ[83] ॥੬॥

How did they, whose majestic husbands[80] came not home, pass[83] their night[82] ?

ਜਿਨ੍ਹਾਂ ਦੇ ਸੁਹਣੇ ਖਸਮ[80] ਘਰਾਂ ਵਿਚ ਨਹੀਂ ਆਏ, ਉਨ੍ਹਾਂ ਦੀ ਰਾਤ[82] ਕਿਸ ਤਰ੍ਹਾਂ[81] ਬੀਤੀ[83] ਹੋਵੇਗੀ ?

ਆਪੇ[84] ਕਰੇ[85] ਕਰਾਏ[86] ਕਰਤਾ[87] ਕਿਸ ਨੋ ਆਖਿ ਸੁਣਾਈਐ[88] ॥

The Creator[87], of Himself[84], acts[85] and causes others to act[86]. To whom should we complain[88] ?

ਸਿਰਜਣਹਾਰ[87], ਖ਼ੁਦ[84] ਹੀ, ਕਰਦਾ[85] ਅਤੇ ਕਰਾਉਂਦਾ[86] ਹੈ । ਆਪਾਂ ਕੀਹਦੇ ਕੋਲ ਜਾ ਕੇ ਫ਼ਰਿਆਦੀ[88] ਹੋਈਏ ?

ਦੁਖੁ[89] ਸੁਖੁ[90] ਤੇਰੈ ਭਾਣੈ[91] ਹੋਵੈ ਕਿਸਥੈ ਜਾਇ ਰੂਆਈਐ[92] ॥

Weal[90] and woe[89], O God, are according to Thy will[91]. To whom should man go to wail[92] ?

ਅੱਖ[89] ਤੇ ਸੌਖ[90] ਤੇਰੀ ਰਜ਼ਾ[91] ਅਨੁਸਾਰ ਹੈ । ਆਦਮੀ ਕਿਸ ਦੇ ਪਾਸ ਜਾ ਕੇ ਵਿਰਲਾਪ[92] ਕਰੇ ?

ਹੁਕਮੀ[93] ਹੁਕਮਿ[94] ਚਲਾਏ[95] ਵਿਗਸੈ ਨਾਨਕ ਲਿਖਿਆ[97] ਪਾਈਐ[98] ॥੭॥੧੨॥

The Commander[93] issues[95] His command[94] and is pleased[96]. Nanak, the mortal obtains[98], what is destined[97] for him.

ਫ਼ੁਰਮਾਨ ਕਰਨ ਵਾਲਾ[93] ਆਪਣੇ ਫ਼ੁਰਮਾਨ[94] ਜਾਰੀ[95] ਕਰਕੇ ਪ੍ਰਸੰਨ[96] ਹੁੰਦਾ ਹੈ । ਨਾਨਕ, ਪ੍ਰਾਣੀ ਨੂੰ ਉਹ ਕੁਛ ਮਿਲਦਾ[98] ਹੈ ਜੋ ਉਸ ਲਈ ਧਰੋਂ ਲਿਖਿਆ ਹੋਇਆ[97] ਹੈ ।

Asa Kafi Ist Guru.
Ashtpadis.

ਆਸਾ ਕਾਫ਼ੀ ਪਹਿਲੀ ਪਾਤਸ਼ਾਹੀ !
ਅਸ਼ਟਪਦੀਆਂ ।

ੴ ਸਤਿਗੁਰ ਪ੍ਰਸਾਦਿ ॥

ਆਸਾ ਕਾਫੀ ਮਹਲਾ ੧
ਘਰੁ ੮ ਅਸਟਪਦੀਆ ॥

There is but One God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਜੈਸੇ[99] ਗੋਇਲਿ[100] ਗੋਇਲੀ[2] ਤੈਸੇ[2] ਸੰਸਾਰਾ[4] ॥	As[99] a herdsman[100] is in the pasture[2] for a short time, so[3] is the mortal in the world[4].	ਜਿਸ ਤਰ੍ਹਾਂ[99] ਵਾਗੀ[100] ਥੋੜ੍ਹੇ ਸਮੇਂ ਲਈ ਚਰਾਂਦ[2] ਵਿੱਚ ਆਉਂਦਾ ਹੈ, ਏਸੇ ਤਰ੍ਹਾਂ[3] ਹੀ ਪ੍ਰਾਣੀ ਜਗਤ[4] ਅੰਦਰ ਹੈ।
ਕੂੜੁ[5] ਕਮਾਵਹਿ[6] ਆਦਮੀ ਬਾਂਧਹਿ[7] ਘਰ[8] ਬਾਰਾ ॥੧॥	The men practise[6] falsehood[5] and build[7] their hearth and home[8].	ਇਨਸਾਨ ਝੂਠ[5] ਦੀ ਕਿਰਤ[6] ਕਰਦੇ ਹਨ ਅਤੇ ਆਪਣਾ ਘਰ ਬੂਹਾ[8] ਬਣਾਉਂਦੇ[7] ਹਨ।
ਜਾਗਹੁ[9] ਜਾਗਹੁ ਸੂਤਿ[10] ਹੋ ਚਲਿਆ[12] ਵਣਜਾਰਾ ॥ ੧॥ਰਹਾਉ॥	Awake[9], awake, ye sleepers[10] and see that soul, the dealer[13], is departing[12].	ਬੇਦਾਰ[9] ਹੋਵੋ, ਬੇਦਾਰ ਹੋਵੋ, ਤੁਸੀਂ ਨਿੰਦਰਾਲਿਓ[10], ਅਤੇ ਵੇਖੋ ਕਿ ਭਉਰਾ ਵਾਪਾਰੀ[13] (ਆਤਮਾ) ਜਾ ਰਿਹਾ ਹੈ[12]।
ਨੀਤ ਨੀਤ[14] ਘਰ[15] ਬਾਂਧੀਅਹਿ[16] ਜੇ[17] ਰਹਣਾ[18] ਹੋਈ ॥	Build[16] houses[15], if[17] ye hast to stay[18] here for ever and aye[14].	ਜੇਕਰ[17] ਤੂੰ ਸਦੀਵ ਤੇ ਹਮੇਸ਼ਾ[14] ਏਥੇ ਵਸਣਾ[18] ਹੈ, ਤਾਂ ਮਕਾਨ[15] ਬਣਾ[16]।
ਪਿੰਡੁ[19] ਪਵੈ[20] ਜੀਉ[21] ਚਲਸੀ[22] ਜੇ[23] ਜਾਣੈ ਕੋਈ[24] ॥੨॥	If[23] some one[24] were to know it,—the body[19] shall fall[20] and the soul[21] shall depart[22].	ਹਰੇਕ[23] ਜਣਾ[24] ਇਸ ਨੂੰ ਜਾਣ ਲਵੇ ਕਿ ਸਰੀਰ[19] ਢਹਿ ਪਊਗਾ[20] ਅਤੇ ਭਉਰ[21] ਟੁਰ ਵੰਞੇਗਾ[22]।
ਓਹੀ[25] ਓਹੀ ਕਿਆ[26] ਕਰਹੁ[27] ਹੈ ਹੋਸੀ ਸੋਈ[28] ॥	Why[26] criest[27] thou 'Alas[25], alas' That[28] Lord is and shall be.	ਤੁਸੀਂ ਕਿਉਂ[26] ਅਫ਼ਸੋਸ[25], ਅਫ਼ਸੋਸ ਪੁਕਾਰਦੀਆਂ ਹੋ[27] ਉਹ[28] ਸਾਹਿਬ ਹੁਣ ਹੈ ਅਤੇ ਅੱਗੇ ਨੂੰ ਹੋਵੇਗਾ ਭੀ।
ਤੁਮ ਰੋਵਹੁਗੇ ਓਸ[29] ਨੋ[30] ਤੁਮ੍ ਕਉ ਕਉਣੁ[31] ਰੋਈ[32] ॥੩॥	Thou bewailest for[30] him[29], but who[31] will bewail[32] for thee ?	ਤੂੰ ਉਸ[29] ਖ਼ਾਤਰ[30] ਰੋਂਦਾ ਹੈਂ, ਪ੍ਰੰਤੂ ਤੈਨੂੰ ਕੌਣ[31] ਰੋਊਗਾ[32] ?
ਧੰਧਾ[33] ਪਿਟਿਹੁ[34] ਭਾਈ[35] ਹੋ ਤੁਮ੍ ਕੂੜੁ[36] ਕਮਾਵਹੁ[37]॥	My brethren[35], ye are engrossed[34] in worldly affairs[33] and practise[37] falsehood[36].	ਮੇਰੇ ਵੀਰਨੋ[35], ਤੁਸੀਂ ਸੰਸਾਰੀ ਵਿਹਾਰਾਂ[33] ਅੰਦਰ ਖ਼ਚਤ[34] ਹੋਏ ਹੋਏ ਹੋ ਅਤੇ ਝੂਠ[36] ਦੀ ਕਿਰਤ ਕਰਦੇ[37] ਹੋ !
ਓਹੁ ਨ ਸੁਣਈ ਕਤਹੀ[38] ਤੁਮ੍ ਲੋਕ[39] ਸੁਣਾਵਹੁ[40] ॥ ੪॥	He, the dead one, hears not at all[38]. You only proclaim[40] unto other people[39].	ਉਹ ਮਰਿਆ ਹੋਇਆ, ਬਿਲਕੁਲ[38] ਨਹੀਂ ਸੁਣਦਾ। ਤੁਸੀਂ ਕੇਵਲ ਹੋਰਨਾਂ ਲੋਕਾਂ[39] ਨੂੰ ਹੀ ਸੁਣਾਉਂਦੇ[40] ਹੋ।
ਜਿਸ ਤੇ ਸੁਤਾ[41] ਨਾਨਕਾ ਜਾਗਾਏ[42] ਸੋਈ[43] ॥	Only He[43], who has lulled him to sleep[41], O Nanak, shall awaken[42] him.	ਜਿਸ ਨੇ ਉਸ ਨੂੰ ਸੁਆਲਿਆ[41] ਹੈ, ਹੇ ਨਾਨਕ ! ਉਹੀ[43] ਉਸ ਨੂੰ ਬੇਦਾਰ[42] ਕਰੇਗਾ।
ਜੇ ਘਰੁ ਬੂਝੈ ਆਪਣਾ ਤਾਂ ਨੀਦ[44] ਨ ਹੋਈ ॥੫॥	If man know his 'Real Home', then he sleeps[44] not.	ਜੇਕਰ ਆਦਮੀ ਆਪਣੇ ਅਸਲੀ ਗ੍ਰਹਿ ਨੂੰ ਸਮਝ ਲਵੇ ਤਦ ਉਹ ਨਹੀਂ ਸੌਂਦਾ[44]।
ਜੇ ਚਲਦਾ[45] ਲੈ ਚਲਿਆ ਕਿਛੁ ਸੰਪੈ[46] ਨਾਲੇ ॥ ਤਾ[47] ਧਨੁ ਸੰਚਹੁ[48] ਦੇਖਿ[49] ਕੈ ਬੂਝਹੁ[50] ਬੀਚਾਰੇ[51] ॥੬॥	If the outgoing[45] man has taken some wealth[46] with him, then[47] thou too amass[48] wealth. See[49], understand[50] and realise[51].	ਜੇਕਰ ਜਾਂਦਾ ਹੋਇਆ[45] ਆਦਮੀ ਕੁਝ ਪਦਾਰਥ[46] ਨਾਲ ਲੈ ਗਿਆ ਹੈ, ਤਦ[47] ਤੂੰ ਭੀ ਦੌਲਤ ਜਮ੍ਹਾਂ ਕਰ[48] ਵੇਖ[49], ਸੋਚ ਸਮਝ[50] ਅਤੇ ਅਨੁਭਵ[51] ਕਰ।
ਵਣਜੁ[52] ਕਰਹੁ ਮਖਸੂਦੁ[53] ਲੈਹੁ[54] ਮਤ[55]ਪਛੋਤਾਵਹੁ[56]॥	Do thy dealings[52], gain[54] thy object[53] lest[55] thou should regret[56] afterwards.	ਆਪਣਾ ਵਾਪਾਰ[52] ਕਰ, ਆਪਣੇ ਮਨੋਰਥ[53] ਨੂੰ ਪ੍ਰਾਪਤ[54] ਕਰ, ਮਤ[55] ਤੈਨੂੰ ਮਗਰੋਂ ਪਸਚਾਤਾਪ[56] ਕਰਨਾ ਪਵੇ।

ਅਉਗਣ[57] ਛੋਡਹੁ[58] ਗੁਣ[59] ਕਰਹੁ[60] ਐਸੇ[61] ਤਤੁ[62] ਪਰਾਵਹੁ[63] ॥੭॥

Forsake vice[57] and practise[60] virtue[59], so[61] shalt thou obtain[63] the Real Thing[62].

ਬਦੀ[57] ਨੂੰ ਤਿਆਗ[58] ਦੇ ਅਤੇ ਨੇਕੀ[59] ਦੀ ਕਮਾਈ ਕਰ[60], ਐਕੁਰ[61] ਤੂੰ ਅਸਲ ਵਸਤੂ[62] ਨੂੰ ਪਾ ਲਵੇਂਗਾ[63]।

ਧਰਮੁ[64] ਭੂਮਿ[65] ਸਤੁ[66] ਬੀਜੁ ਕਰਿ[67] ਐਸੀ[68] ਕਿਰਸ[69] ਕਮਾਵਹੁ[70] ॥

Sow the seed[67] of truth[66] in the soil[65] of faith[64] and practise[70] thou the tillage[69] of such[68] a type.

ਈਮਾਨ[64] ਦੀ ਧਰਤੀ[65] ਅੰਦਰ ਸੱਚ[66] ਦਾ ਬੀਜ ਬੀਜ[67]। ਤੂੰ ਐਹੋ ਜੇਹੀ[68] ਕਿਸਮ ਦੀ ਖੇਤੀ[69] ਕਰ[70]।

ਤਾ[71] ਵਾਪਾਰੀ[72] ਜਾਣੀਅਹੁ ਲਾਹਾ[73] ਲੈ[74] ਜਾਵਹੁ[75] ॥੮॥

Then[71] alone thou shalt be known as a trader[72], if thou departest[75] after taking[74] profit[73].

ਕੇਵਲ ਤਦ[71] ਹੀ ਤੂੰ ਵਣਜਾਰਾ[72] ਜਾਣਿਆ ਜਾਵੇਂਗਾ, ਜੇਕਰ ਤੂੰ ਨਫ਼ਾ[73] ਕਮਾ ਕੇ[74] ਚਾਲੇ ਪਾਵੇਂਗਾ[75]।

ਕਰਮੁ[76] ਹੋਵੈ ਸਤਿਗੁਰੁ ਮਿਲੈ ਬੂਝੈ[77] ਬੀਚਾਰਾ[78] ॥

If it be Lord's grace[76], the mortal meets the True Guru and understands[77] his instruction[78].

ਜੇਕਰ ਮਾਲਕ ਦੀ ਮਿਹਰ[76] ਹੋਵੇ, ਤਾਂ ਪ੍ਰਾਣੀ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ, ਅਤੇ ਉਨ੍ਹਾਂ ਦੇ ਉਪਦੇਸ਼[78] ਨੂੰ ਸਮਝਦਾ[77] ਹੈ।

ਨਾਮੁ ਵਖਾਣੈ[79] ਸੁਣੇ ਨਾਮੁ ਨਾਮੇ ਬਿਉਹਾਰਾ[80] ॥੯॥

He then utters[79] the Name, hears the Name and deals[80] only in the Name.

ਤਦ ਉਹ ਨਾਮ ਉਚਾਰਨ[79] ਕਰਦਾ ਹੈ, ਨਾਮ ਸ੍ਰਵਨ ਕਰਦਾ ਹੈ ਅਤੇ ਕੇਵਲ ਨਾਉਂ ਦਾ ਹੀ ਵਣਜ ਕਰਦਾ[80] ਹੈ।

ਜਿਉ[81] ਲਾਹਾ[82] ਤੋਟਾ[83] ਤਿਵੈ[84] ਵਾਟ[85] ਚਲਦੀ ਆਈ ॥

As[81] is the profit[82], so[84] is the loss[83]. This has been the way[85] of the world.

ਜਿਸ ਤਰ੍ਹਾਂ[81] ਦਾ ਨਫ਼ਾ[82] ਹੈ, ਉਸੇ ਤਰ੍ਹਾਂ[84] ਦਾ ਹੀ ਘਾਟਾ[83]। ਇਸੇ ਤਰ੍ਹਾਂ ਦਾ ਹੀ ਦੁਨੀਆਂ ਦਾ ਰਾਹ[85] ਚਲਦਾ ਆਇਆ ਹੈ।

ਜੋ[86] ਤਿਸੁ[87] ਭਾਵੈ[88] ਨਾਨਕਾ ਸਾਈ[89] ਵਡਿਆਈ[90] ॥ ੧੦॥੧੩॥

Whatever[86] pleases[88] Him[87], that[89] is Nanak's glory[90].

ਜਿਹੜਾ ਕੁੱਛ[86] ਉਸ ਨੂੰ[87] ਚੰਗਾ ਲਗਦਾ[88] ਹੈ, ਓਹੀ[89] ਨਾਨਕ ਦੀ ਕੀਰਤੀ[90] ਹੈ।

ਆਸਾ ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ।

ਚਾਰੇ ਕੁੰਡਾ[91] ਢੂਢੀਆ[92] ਕੋ[93] [94]ਨੀਮੀ[95] ਮੈਡਾ[96] ॥

I have searched[92] in the four directions[91], but no[94] one[93] is[95] mine[96].

ਮੈਂ ਚੌਹੀਂ ਪਾਸੀਂ[91] ਖੋਜ ਭਾਲ[92] ਕੀਤੀ ਹੈ, ਪਰ ਮੇਰਾ[96] ਕੋਈ[93] ਭੀ ਨਹੀਂ[94] ਹੈ[95]।

ਜੇ ਤੁਧੁ ਭਾਵੈ[97] ਸਾਹਿਬਾ ਤੂ ਮੈ[98] ਹਉ[99] ਤੈਡਾ[100] ॥੧॥

If it please[97] Thee, O my Lord, Thou art mine[98] and I[99] am Thine[100].

ਜੇਕਰ ਤੈਨੂੰ ਚੰਗਾ[97] ਲਗੇ, ਹੇ ਮੇਰੇ ਸੁਆਮੀ! ਤੂੰ ਮੇਰਾ[98] ਹੈਂ ਅਤੇ ਮੈਂ[99] ਤੇਰਾ[100] ਹਾਂ।

ਦਰੁ[6] ਬੀਭਾ[2] ਮੈ ਨੀਮ੍[3] ਕੋ ਕੈ[4] ਕਰੀ ਸਲਾਮੁ[5] ॥

I have no[3] other[2] door[6] than Thine. Whom[4] shall I salute[5]?

ਮੇਰੇ ਲਈ ਤੇਰੇ ਬਗੈਰ ਹੋਰ ਕੋਈ[2] ਬੂਹਾ[6] ਨਹੀਂ[3] ਹੈ। ਮੈਂ ਕਿਸ[4] ਨੂੰ ਬੰਦਨਾਂ[5] ਕਰਾਂ?

ਹਿਕੋ[7] ਮੈਡਾ ਤੂ ਧਣੀ[8] ਸਾਚਾ ਮੁਖਿ[9] ਨਾਮੁ ॥੧॥ ਰਹਾਉ॥

I possess Thee alone[7], as my Lord[8]. Thine True Name is in my mouth[9]. Pause.

ਮੇਰਾ ਕੇਵਲ[7] ਤੂੰ ਹੀ ਹੈਂ, ਹੇ ਮੇਰੇ ਮਾਲਕ[8]। ਤੇਰਾ ਸੱਚਾ ਨਾਮ ਮੇਰੇ ਮੂੰਹ[9] ਵਿਚ ਹੈ। ਠਹਿਰਾਉ।

ਸਿਧਾ[10] ਸੇਵਨਿ[12] ਸਿਧ[13] ਪੀਰ[14] ਮਾਗਹਿ[15] ਰਿਧਿ[16] ਸਿਧਿ[17] ॥

Some serve[12] men of miracles[10] to become adepts[13] and religious preceptors[14] and they crave[15] for wealth[16] and supernatural[17] powers.

ਨਿਪੁੰਨ[13] ਅਤੇ ਧਾਰਮਕ ਆਗੂ[14] ਬਨਣ ਦੀ ਖ਼ਾਤਰ ਕਈ ਕਰਾਮਾਤੀ ਬੰਦਿਆਂ[10] ਦੀ ਟਹਿਲ ਕਮਾਉਂਦੇ[12] ਹਨ। ਉਹ ਦੌਲਤ[16] ਅਤੇ ਗ਼ੈਬੀ ਤਾਕਤਾਂ[17] ਦੀ ਯਾਚਨਾ[15] ਕਰਦੇ ਹਨ।

ਮੈ ਇਕੁ ਨਾਮੁ ਨ ਵੀਸਰੈ[18] ਸਾਚੇ ਗੁਰ ਬੁਧਿ[19] ॥੨॥

I should not forget[18] the One Name, is the instruction[19] of true Guru.

ਮੈਨੂੰ ਇੱਕ ਨਾਮ ਨਾ ਭੁੱਲੇ, ਸੱਚੇ ਗੁਰਾਂ ਨੇ ਮੈਨੂੰ ਇਹ ਸਮਝ[19] ਬਖ਼ਸ਼ੀ ਹੈ।

੪੧੯

ਜੋਗੀ[20] ਭੋਗੀ[21] ਕਾਪੜੀ[22] ਕਿਆ[23] ਭਵਹਿ[24] ਦਿਸੰਤਰ[25] ॥

What[23] for do the renunciators[20], revellers[21] and mendicants[22] in tatters roam[24] in foreign land[25] ?

ਤਿਆਗੀ[20], ਮੌਜਾਂ ਮਾਨਣ ਵਾਲੇ[21] ਅਤੇ ਗੋਦੜੀ ਵਾਲੇ ਫ਼ਕੀਰ[22], ਕਿਸ ਲਈ[23] ਪਰਦੇਸਾਂ[25] ਅੰਦਰ ਭੌਂਦੇ[24] ਫਿਰਦੇ ਹਨ ?

ਗੁਰ ਕਾ ਸਬਦੁ[26] ਨ ਚੀਨ੍ਹੀ[27] ਤਤੁ[28] ਸਾਰੁ[29] ਨਿਰੰਤਰ[30] ॥੩॥

They understand[27] not Guru's instruction[26] and the excellent[29] reality[28] within[30] them.

ਉਹ ਗੁਰਾਂ ਦੇ ਉਪਦੇਸ਼[26] ਅਤੇ ਆਪਣੇ ਅੰਦਰ[30] ਦੀ ਪਰਮ ਸ੍ਰੇਸ਼ਟ[29] ਅਸਲੀਅਤ[28] ਨੂੰ ਨਹੀਂ ਸਮਝਦੇ[27]।

ਪੰਡਿਤ[31] ਪਾਧੇ[32] ਜੋਇਸੀ[33] ਨਿਤ[34] ਪੜ੍ਹਹਿ[35] ਪੁਰਾਣਾ[36]॥

The scholars[31], teachers[32] and astrologers[33], ever[34], read[35] the mythological books[36].

ਵਿਦਵਾਨ[31],ਪ੍ਰਚਾਰਕ[32] ਅਤੇ ਜੋਤਸ਼ੀ[33] ਸਦਾ[34],ਵਾਰਤਕ ਗ੍ਰੰਥਾਂ[36] ਨੂੰ ਵਾਚਦੇ[35] ਹਨ।

ਅੰਤਰਿ[37] ਵਸਤੁ[38] ਨ ਜਾਣਨ੍ਹੀ ਘਟਿ[39] ਬ੍ਰਹਮੁ[40] ਲੁਕਾਣਾ[41] ॥੪॥

They know not the Thing[38] within[37]. The Supreme Lord[40] is concealed[41] in the heart[39].

ਉਹ ਅੰਦਰਲੀ[37] ਚੀਜ਼[38] ਨੂੰ ਨਹੀਂ ਪਛਾਣਦੇ। ਸ੍ਰੇਮਣੀ ਸਾਹਿਬ[40] ਦਿਲ[39] ਅੰਦਰ ਛੁੱਪਿਆ[41] ਹੋਇਆ ਹੈ।

ਇਕਿ[42] ਤਪਸੀ[43] ਬਨ[44] ਮਹਿ[45] ਤਪੁ ਕਰਹਿ ਨਿਤ[46] ਤੀਰਥ[47] ਵਾਸਾ[48] ॥

Some[42] penitents[43] perform penitence in[45] the woods[44] and some, ever[46], dwell[48] at the pilgrim places[47].

ਕਈ[42] ਤਪੱਸਵੀ[43] ਜੰਗਲਾਂ[44] ਵਿੱਚ[45] ਤਪੱਸਿਆ ਕਰਦੇ ਹਨ ਅਤੇ ਕਈ, ਸਦਾ[46] ਧਰਮ ਅਸਥਾਨਾਂ[47] ਉੱਤੇ ਰਹਿੰਦੇ[48] ਹਨ।

ਆਪੁ[49] ਨ ਚੀਨਹਿ[50] ਤਾਮਸੀ[51] ਕਾਹੇ[52] ਭਏ ਉਦਾਸਾ[53] ॥੫॥

Those unenlightened people[51] understand[50] not themselves[49], and they have become ascetic[53] for nothing.

ਉਹ ਪ੍ਰਕਾਸ਼-ਹੀਣ ਪੁਰਸ਼[51] ਆਪਣੇ ਆਪ[49] ਨੂੰ ਨਹੀਂ ਸਮਝਦੇ[50]। ਉਹ ਕਾਹਦੇ ਲਈ[52]ਵਿਰਕਤ[53] ਹੋਏ ਹਨ ?

ਇਕਿ[54] ਬਿੰਦੁ[55] ਜਤਨ[56] ਕਰਿ ਰਾਖਦੇ[60] ਸੇ[57] ਜਤੀ[58] ਕਹਾਵਹਿ[59] ॥

Putting in an effort[56], some[54] control[60] their semen[55] and call[59] themselves as celibates[58].

ਕਈ[54] ਉਪਰਾਲਾ[56] ਕਰਕੇ ਆਪਣੇ ਵੀਰਜ[55]ਨੂੰ ਰੋਕਦੇ[60] ਹਨ। ਉਹ[57] ਬ੍ਰਹਮਚਾਰੀ[58] ਆਖੇ ਜਾਂਦੇ[59] ਹਨ।

ਬਿਨੁ ਗੁਰ ਸਬਦ[61] ਨ ਛੂਟਹੀ[62] ਭ੍ਰਮਿ[63] ਆਵਹਿ ਜਾਵਹਿ[64] ॥੬॥

Without the Guru's word[61] they are not saved[62] and they wander[63] in transmigration[64].

ਗੁਰਾਂ ਦੀ ਬਾਣੀ[61] ਦੇ ਬਾਝੋਂ ਉਨ੍ਹਾਂ ਦਾ ਪਾਰ ਉਤਾਰਾ[62] ਨਹੀਂ ਹੁੰਦਾ ਅਤੇ ਉਹ ਆਵਾਗਉਣ[64] ਵਿਚ ਭਟਕਦੇ[63] ਹਨ।

ਇਕਿ[65] ਗਿਰਹੀ[66] ਸੇਵਕ[67] ਸਾਧਿਕਾ[68] ਗੁਰਮਤੀ[69] ਲਾਗੇ[70] ॥

Some[65] are householders[66], Lord's slaves[67] and strivers[68] after truth and are attached[70] to Guru's instruction[69].

ਕਈ[65] ਘਰ ਬਾਰੀ[66], ਸਾਹਿਬ ਦੇ ਗੋਲੇ[67] ਅਤੇ ਸੱਚ ਦੇ ਅਭਿਆਸੀ[68] ਹਨ ਅਤੇ ਉਹ ਗੁਰਾਂ ਦੇ ਉਪਦੇਸ਼[69] ਨਾਲ ਜੁੜੇ[70] ਹੋਏ ਹਨ।

ਨਾਮੁ ਦਾਨੁ[71] ਇਸਨਾਨੁ[72] ਦ੍ਰਿੜੁ[73] ਹਰਿ ਭਗਤਿ[74] ਸੁ[75] ਜਾਗੇ[76] ॥

They[75] holdfast[73] the Name, charity[71] and ablution[72] and remain awake[76] in God's meditation[74].

ਉਹ[75] ਨਾਮ, ਪੁੰਨ ਦਾਨ[71] ਅਤੇ ਮੱਜਨ[72] ਨੂੰ ਪੱਕੀ ਤਰ੍ਹਾਂ ਗ੍ਰਹਿਣ[73] ਕਰਦੇ ਹਨ ਅਤੇ ਵਾਹਿਗੁਰੂ ਦੀ ਬੰਦਗੀ[74] ਅੰਦਰ ਜਾਗਦੇ[76] ਰਹਿੰਦੇ ਹਨ।

ਗੁਰ ਤੇ[76]* ਦਰੁ[77] ਘਰੁ[78] ਜਾਣੀਐ ਸੋ[79] ਜਾਇ[80] ਸਿਞਾਣੈ[81] ॥	Through[76]* the Guru, the gate[77] of Lord's mansion[78] is known, and the man recognises[81] that[79] place[80].	ਗੁਰਾਂ ਦੇ ਰਾਹੀਂ[76]* ਮਾਲਕ ਦੇ ਮੰਦਰ[78] ਦਾ ਬੂਹਾ[77] ਜਾਣਿਆ ਜਾਂਦਾ ਹੈ ਅਤੇ ਆਦਮੀ ਉਸ[79] ਥਾਂ[80] ਨੂੰ ਪਛਾਣ ਲੈਂਦਾ[81] ਹੈ ।
ਨਾਨਕ ਨਾਮੁ ਨ ਵੀਸਰੈ[82] ਸਾਚੇ[83] ਮਨੁ ਮਾਨੈ[84] ॥੮॥ ੧੪॥	Nanak never forgets[82] the Name and his mind is reconciled[84] to the True One[83].	ਨਾਨਕ ਕਦੇ ਭੀ ਨਾਮ ਨੂੰ ਨਹੀਂ ਭੁਲਾਉਂਦਾ[82] ਅਤੇ ਉਸ ਦਾ ਚਿੱਤ ਸਤਿਪੁਰਖ[83] ਨਾਲ ਹਿਲ ਗਿਆ[84] ਹੈ ।
ਆਸਾ ਮਹਲਾ ੧ ॥	Asa Ist Guru.	ਆਸਾ ਪਹਿਲੀ ਪਾਤਸ਼ਾਹੀ ।
ਮਨਸਾ[85] ਮਨਹਿ[86] ਸਮਾਇਲੇ[86]* [87]ਭਉਜਲੁ[88] ਸਚਿ[89] ਤਰਣਾ[90] ॥	Nipping[86]* the desires[85] in the very mind[86], the man assuredly[89] crosses[90] the terrible[87] ocean[88].	ਖ਼ਾਹਿਸ਼ਾਂ[85] ਨੂੰ ਚਿੱਤ[86] ਅੰਦਰ ਹੀ ਮਾਰ[86]* ਕੇ ਪ੍ਰਾਣੀ ਨਿਸਚਿਤ[89] ਹੀ ਭਿਆਨਕ[87] ਸਮੁੰਦਰ[88] ਤੋਂ ਪਾਰ[90] ਹੋ ਜਾਂਦਾ ਹੈ ।
ਆਦਿ[91] ਜੁਗਾਦਿ[92] ਦਇਆਲੁ[93] ਤੂ ਠਾਕੁਰ ਤੇਰੀ ਸਰਣਾ[94] ॥੧॥	Thou, O merciful[93] Lord, wert in the beginning[91] and in the primal age[92]. I have entered Thine asylum[94].	ਤੂੰ ਹੇ ਸਾਹਿਬ ! ਅਰੰਭ[91] ਅਤੇ ਪ੍ਰਿਥਮ ਯੁਗ[92] ਵਿਚ ਸੈਂ । ਤੂੰ ਮਿਹਰਬਾਨ[93] ਹੈਂ, ਮੈਂ ਤੇਰੀ ਓਟ[94] ਲਈ ਹੈ ।
ਤੂ ਦਾਤੌ[95] ਹਮ[96] ਜਾਚਿਕਾ[97] ਹਰਿ ਦਰਸਨੁ[98] ਦੀਜੈ ॥	Thou art the Giver[95], I[96] am a beggar[97] of Thine. My God, grant me a sight[98] of Thee.	ਤੂੰ ਦਾਤਾਰ[95] ਹੈਂ, ਮੈਂ[96] ਤੇਰਾ ਮੰਗਤਾ[97] ਹਾਂ । ਮੇਰੇ ਵਾਹਿਗੁਰੂ ਮੈਨੂੰ ਆਪਣਾ ਦੀਦਾਰ[98] ਬਖ਼ਸ਼ ।
ਗੁਰਮੁਖਿ[99] ਨਾਮੁ ਧਿਆਈਐ[100] ਮਨ ਮੰਦਰੁ[2] ਭੀਜੈ[3] ॥੧॥ਰਹਾਉ॥	By meditating[100] on the Name, through the Guru[99], the mind-mansion[2] rings with joy[3]. Pause.	ਗੁਰਾਂ ਦੇ ਰਾਹੀਂ[99] ਨਾਮ ਦਾ ਅਰਾਧਨ[100] ਕਰਨ ਦੁਆਰਾ ਮਨੂਆ-ਮਹਿਲ[2] ਖ਼ੁਸ਼ੀ[3] ਨਾਲ ਗੂੰਜਦਾ ਹੈ । ਠਹਿਰਾਉ ।
ਕੂੜਾ[4] ਲਾਲਚੁ[5] ਛੋਡੀਐ[6] ਤਉ[7] ਸਾਚੁ ਪਛਾਣੈ[8] ॥	When one renounces[6] the false[4] greed[5], then[7] does one come to realise[8] the truth.	ਜਦ ਆਦਮੀ ਝੂਠੇ[4] ਲੋਭ[5] ਨੂੰ ਤਿਆਗ[6] ਦਿੰਦਾ ਹੈ, ਤਾਂ[7] ਉਹ ਸੱਚ ਨੂੰ ਅਨੁਭਵ[8] ਕਰ ਲੈਂਦਾ ਹੈ ।
ਗੁਰ ਕੈ ਸਬਦਿ[9] ਸਮਾਈਐ[10] ਪਰਮਾਰਥੁ[12] ਜਾਣੈ ॥੨॥	Be absorbed[10] in Guru's instruction[9] and thou shalt know the 'Excellent[12] Thing'.	ਗੁਰਾਂ ਦੇ ਉਪਦੇਸ਼[9] ਅੰਦਰ ਲੀਨ[10] ਹੋ ਜਾ, ਅਤੇ ਤੂੰ ਅਤਿ 'ਸ੍ਰੇਸ਼ਟ ਸ਼ੈ'[12] ਨੂੰ ਜਾਣ ਲਵੇਂਗਾ ।
ਇਹੁ ਮਨੁ[13] ਰਾਜਾ[14] ਲੋਭੀਆ[15] ਲੁਭਤਉ[16] ਲੋਭਾਈ[17] ॥	This mind[13] is a greedy[15] King[14] and is enamoured[17] of avarice[16].	ਇਹ ਮਨੂਆ[13] ਲਾਲਚੀ[15] ਪਾਤਸ਼ਾਹ[14] ਹੈ, ਅਤੇ ਤਮ੍ਹਾ[16] ਉਤੇ ਲੱਟੂ ਹੋਇਆ ਹੋਇਆ[17] ਹੈ ।
ਗੁਰਮੁਖਿ[18] ਲੋਭੁ ਨਿਵਾਰੀਐ[19] ਹਰਿ ਸਿਉ ਬਣਿ ਆਈ[20] ॥੩॥	Under Guru's instruction[18], greed is removed[19], and man arrives at an understanding[20] with God.	ਗੁਰਾਂ ਦੇ ਉਪਦੇਸ਼[18] ਦੇ ਤਾਬੇ, ਲਾਲਚ ਦੂਰ[19] ਹੋ ਜਾਂਦਾ ਹੈ,ਅਤੇ ਬੰਦੇ ਦੀ ਵਾਹਿਗੁਰੂ ਨਾਲ ਠੀਕ ਬੈਠ ਜਾਂਦੀ[20] ਹੈ ।
ਕਲਰਿ[21] ਖੇਤੀ[22] ਬੀਜੀਐ[23] ਕਿਉ[24] ਲਾਹਾ[25] ਪਾਵੈ[26] ॥	By sowing[23] crop[22] in the calcareous[21] soil[21], how[24] can one obtain[26] profit[25]?	ਸ਼ੋਰੇ ਵਾਲੀ[21] ਧਰਤੀ[21] ਵਿਚ ਫ਼ਸਲ[22] ਬੀਜ ਕੇ[23], ਆਦਮੀ ਕਿਸ ਤਰ੍ਹਾਂ[24] ਲਾਭ[25] ਉਠਾ ਸਕਦਾ[26] ਹੈ ।
ਮਨਮੁਖੁ[27] ਸਚਿ ਨ ਭੀਜਈ[28]	The perverse person[27] is not pleased[28]	ਪ੍ਰਤੀਕੂਲ ਪੁਰਸ਼[27] ਸੱਚ ਨਾਲ ਪ੍ਰਸੰਨ[28] ਨਹੀਂ ਹੁੰਦਾ ।

ਕੂੜੁ[29] ਕੂੜਿ[30] ਗਡਾਵੈ[31] ॥ ੪॥	with truth. The liar[29] is buried[31] in falsehood[30].	ਝੂਠਾ[29] ਆਦਮੀ ਝੂਠ [30]ਵਿੱਚ ਦੱਬਿਆ[31] ਹੋਇਆ ਹੈ ।
ਲਾਲਚੁ ਛੋਡਹੁ[35] ਅੰਧਿਹੋ[32] ਲਾਲਚਿ[36] ਦੂਖੁ[33] ਭਾਰੀ[34]॥	Renounce[35] avarice, O ye blind[32], for greed[36] brings great[34] anguish[33].	ਹੇ ਅੰਨ੍ਹਿਓ[32] ! ਤੁਸੀਂ ਲੋਭ ਨੂੰ ਤਿਆਗ ਦਿਓ[35], ਤਮ੍ਹਾਂ[36] ਵੱਡਾ[34] ਦੁਖੜਾ[33] ਹੈ ।
ਸਾਚੋ ਸਾਹਿਬੁ[36*] ਮਨਿ[37] ਵਸੈ[38] ਹਉਮੈ[39] ਬਿਖੁ[40] ਮਾਰੀ[41] ॥੫॥	If the True Lord[36*] abides[38] within the mind[37], the poison[40] of ego[39] is removed[41].	ਜੇਕਰ ਸੱਚਾ ਸੁਆਮੀ[36*] ਹਿਰਦੇ[37] ਅੰਦਰ ਟਿਕ ਜਾਵੇ[38], ਤਾਂ ਹੰਕਾਰ[39] ਦੀ ਜ਼ਹਿਰ[40] ਨਵਿਰਤ[41] ਹੋ ਜਾਂਦੀ ਹੈ ।
ਦੁਬਿਧਾ[42] ਛੋਡਿ[43] ਕੁਵਾਟੜੀ[44] ਮੂਸਹੁਗੇ[45] ਭਾਈ[46] ॥	Leave aside[43] the evil way[44] of worldliness[42], my brethren[46], or ye shall be plundered[45].	ਦੁਨੀਆਦਾਰੀ[42] ਦੇ ਖੋਟੇ ਰਸਤੇ[44] ਨੂੰ ਤਿਆਗ ਦਿਓ[43], ਮੇਰੇ ਭਰਾਓ[46] ! ਨਹੀਂ ਤਾਂ ਤੁਸੀਂ ਲੁੱਟੇ ਜਾਉਗੇ[45] ।
[47]ਅਹਿਨਿਸਿ[48] ਨਾਮੁ ਸਲਾਹੀਐ[49] ਸਤਿਗੁਰ ਸਰਣਾਈ[50] ॥੬॥	Day[47] and night[48] praise[49] the Name under the Guru's protection[50].	ਦਿਹੁੰ[47] ਰੈਣ[48], ਗੁਰਾਂ ਦੀ ਪਨਾਹ[50] ਹੇਠਾਂ, ਨਾਮ ਦੀ ਪਰਸੰਸਾ[49] ਕਰ ।
ਮਨਮੁਖ[51] ਪਥਰੁ[52] ਸੈਲੁ[53] ਹੈ ਧ੍ਰਿਗੁ[54] ਜੀਵਣੁ[55] ਫੀਕਾ[56] ॥	An apostate[51] is a stone[52] and a rock[53]. Accursed[54] and insipid[56] is his life[55].	ਅਧਰਮੀ[51] ਇੱਕ ਪਾਹਨ[52] ਅਤੇ ਚਟਾਨ[53] ਹੈ । ਲਾਨ੍ਹਤ ਮਾਰੀ[54] ਅਤੇ ਫਿੱਕੀ[56] ਹੈ ਉਸ ਦੀ ਜ਼ਿੰਦਗੀ[55] ।
ਜਲ[57] ਮਹਿ[58] ਕੇਤਾ[60] ਰਾਖੀਐ ਅਭਅੰਤਰਿ[59] ਸੂਕਾ[61] ॥੭॥	Howsoever much[60] the stone be kept under[58] water[57], it remains dry[61] at the core[59].	ਜਿੰਨਾ ਚਿਰ ਮਰਜ਼ੀ[60] ਏ, ਇਸ ਨੂੰ ਪਾਣੀ[57] ਵਿਚ[58] ਰੱਖ ਛੱਡੋ, ਇਹ ਹਿਰਦੇ ਅੰਦਰੋਂ[59] ਸੁੱਕਾ[61] ਰਹਿੰਦਾ ਹੈ ।
ਹਰਿ ਕਾ ਨਾਮੁ ਨਿਧਾਨੁ[62] ਹੈ ਪੂਰੈ[63] ਗੁਰਿ ਦੀਆ ॥	God's Name is wealth[62] and the Perfect[63] Guru has given it to me.	ਵਾਹਿਗੁਰੂ ਦਾ ਨਾਮ ਮਾਲ ਦੌਲਤ[62] ਹੈ । ਪੂਰਨ[63] ਗੁਰਾਂ ਨੇ ਇਹ ਮੈਨੂੰ ਦਿੱਤੀ ਹੈ ।
ਨਾਨਕ ਨਾਮੁ ਨ ਵੀਸਰੈ[64] ਮਥਿ[65] ਅੰਮ੍ਰਿਤੁ[66] ਪੀਆ[67] ॥੮॥੧੫॥	He, who forgets[64] not the Name, churns[65] and drinks[67] the Nectar[66], O Nanak.	ਹੇ ਨਾਨਕ ! ਜੋ ਨਾਮ ਨੂੰ ਨਹੀਂ ਭੁਲਾਉਂਦਾ[64],ਉਹ ਆਬਿ ਹਿਯਾਤ[66] ਨੂੰ ਰਿੜਕਦਾ[65] ਅਤੇ ਪਾਨ ਕਰਦਾ[67] ਹੈ ।
ਆਸਾ ਮਹਲਾ ੧ ॥	Asa Ist Guru.	ਆਸਾ ਪਹਿਲੀ ਪਾਤਸ਼ਾਹੀ ।
ਚਲੇ[68] ਚਲਣਹਾਰ[69] ਵਾਟ[70] ਵਟਾਇਆ[71] ॥	The travellers[69] depart[68] via a different[71] route[70].	ਮੁਸਾਫ਼ਰ[69] ਹੋਰਸ[71] ਰਸਤੇ[70] ਰਾਹੀਂ ਤੁਰ ਪੈਂਦੇ[68] ਹਨ ।
ਧੰਧੁ[72] ਪਿਟੇ[73] ਸੰਸਾਰੁ[74] ਸਚੁ ਨ ਭਾਇਆ[75] ॥੧॥	The world[74] is engrossed[73] in worldly affairs[72] and loves[75] not the truth.	ਜਹਾਨ[74] ਸੰਸਾਰੀ ਕੰਮਾਂ[72] ਅੰਦਰ ਖ਼ੱਚਤ[73] ਹੈ ਅਤੇ ਸੱਚ ਨੂੰ ਪਿਆਰ[75] ਨਹੀਂ ਕਰਦਾ ।
ਕਿਆ[76] ਭਵੀਐ[77] ਕਿਆ ਢੂਢੀਐ[78] ਗੁਰ ਸਬਦਿ[79] ਦਿਖਾਇਆ[80] ॥	Why[76] to wander[77] about, and why to make a search[78], when Gurbani[79] shows[80] the Lord to us ?	ਕਿਉਂ[76] ਭਟਕੀਏ[77] ਤੇ ਕਿਉਂ ਖੋਜ-ਭਾਲ[78] ਕਰੀਏ, ਜਦ ਗੁਰਬਾਣੀ[79]ਸਾਨੂੰ ਸਾਹਿਬ ਦੇ ਦਰਸ਼ਨ ਕਰਾਉਂਦੀ[80] ਹੈ ।
ਮਮਤਾ[81]ਮੋਹੁ[82]ਵਿਸਰਜਿਆ[83] ਅਪਨੈ[84] ਘਰਿ[85] ਆਇਆ[86] ॥੧॥ਰਹਾਉ॥	Having renounced[83] egoism[81] and worldly attachment[82], I have arrived[86] at my own[84] 'Home[85]'. Pause.	ਅਪਣੱਤ[81] ਅਤੇ ਸੰਸਾਰੀ ਲਗਣ[82] ਨੂੰ ਤਿਆਗ ਕੇ[83] ਮੈਂ ਆਪਣੇ ਨਿਜ[84] ਦੇ ਧਾਮ[85] ਤੇ ਪੁੱਜ ਗਿਆ[86] ਹਾਂ । ਠਹਿਰਾਉ ।

ਸਚਿ[87] ਮਿਲੈ ਸਚਿਆਰੁ[88] ਕੂੜਿ[89] ਨ ਪਾਈਐ[90] ॥	Through truth[87], the True One[88] is met. Through falsehood[89] He is not obtained[90].	ਸੱਚ[87] ਦੇ ਰਾਹੀਂ ਸਤਿਪੁਰਖ[88] ਮਿਲਦਾ ਹੈ। ਝੂਠ[89] ਦੁਆਰਾ ਉਹ ਪਾਇਆ[90] ਨਹੀਂ ਜਾਂਦਾ।
ਸਚੇ[93] ਸਿਉ ਚਿਤੁ[91] ਲਾਇ[92] ਬਹੁੜਿ[94] ਨ ਆਈਐ ॥੨॥	Fixing[92] attention[91] on the True Lord[93], man comes not into the world, again[94].	ਸੱਚੇ ਸੁਆਮੀ[93] ਨਾਲ ਬਿਰਤੀ[91] ਜੋੜਨ[92] ਦੁਆਰਾ, ਬੰਦਾ ਮੁੜ ਕੇ[94] ਸੰਸਾਰ ਵਿਚ ਨਹੀਂ ਆਉਂਦਾ।
ਮੁਇਆ[95] ਕਉ ਕਿਆ[96] ਰੋਵਹੁ ਰੋਇ ਨ ਜਾਣਹੂ ॥	Why[96] doest thou weep for the dead[95]? Thou knowest not how to weep.	ਤੂੰ ਮਰਿਆਂ[95] ਹੋਇਆਂ ਲਈ ਕਿਉਂ[96] ਰੋਂਦਾ ਹੈਂ ? ਤੂੰ ਰੋਣਾ ਜਾਣਦਾ ਹੀ ਨਹੀਂ।
ਰੋਵਹੁ[97] ਸਚੁ ਸਲਾਹਿ[98] ਹੁਕਮੁ[99] ਪਛਾਣਹੂ[100] ॥੩॥	Wail[97] in love while praising[98] the True Lord, and recognise[100] His command[99].	ਸੱਚੇ ਸਾਂਈ ਦੀ ਸਿਫ਼ਤ[98]ਕਰਦਾ ਹੋਇਆ ਪ੍ਰੇਮ ਵਿਚ ਰੋ[97], ਅਤੇ ਉਸ ਦੇ ਫੁਰਮਾਨ[99] ਨੂੰ ਸਿੰਆਣ[100]।
ਹੁਕਮੀ[2] ਵਜਹੁ[3] ਲਿਖਾਇ[4] ਆਇਆ[5] ਜਾਣੀਐ[6] ॥	Fruitful or Renowned[6] is the advent[5] of him, who is destined[4] by the Commander[2] to receive the maintenance[3] of the Name.	ਸਫਲ ਜਾਂ ਪ੍ਰਸਿੱਧ[6] ਹੋ ਵੰਞਦਾ ਹੈ ਉਸ ਦਾ ਆਗਮਨ[5], ਜਿਸ ਦੇ ਭਾਗਾਂ ਵਿਚ ਹਾਕਮ[2] (ਪ੍ਰਭੂ) ਨੇ ਨਾਮ ਦੇ ਗੁਜ਼ਾਰੇ[3] ਦੀ ਪਰਾਪਤੀ ਲਿਖੀ[4] ਹੈ।
ਲਾਹਾ[7] ਪਲੈ ਪਾਇ[8] ਹੁਕਮੁ[9] ਸਿਞਾਣੀਐ[10] ॥੪॥	By realising[10] the Lord's will[9], the mortal obtains[8] the profit[7].	ਸੁਆਮੀ ਦੀ ਰਜ਼ਾ[9] ਨੂੰ ਅਨੁਭਵ ਕਰਨ ਦੁਆਰਾ[10] ਪ੍ਰਾਣੀ ਨਫ਼ਾ[7] ਪਰਾਪਤ[8] ਕਰ ਲੈਂਦਾ ਹੈ।
੪੨੦		
ਹੁਕਮੀ[12] ਪੈਧਾ[13] ਜਾਇ[14] ਦਰਗਹ[15] ਭਾਣੀਐ[16] ॥	If it please[16] the Commander[12], man goes[14] to His court[15], dressed in the robe of honour[13].	ਜੇਕਰ ਹਾਕਮ[12] ਨੂੰ ਚੰਗਾ[16] ਲੱਗੇ, ਇਨਸਾਨ ਇੱਜ਼ਤ ਦੀ ਪੁਸ਼ਾਕ[13] ਪਾ ਕੇ ਉਸ ਦੇ ਦਰਬਾਰ[15] ਨੂੰ ਜਾਂਦਾ[14] ਹੈ।
ਹੁਕਮੇ[17] ਹੀ ਸਿਰਿ[18] ਮਾਰ[19] ਬੰਦਿ[20] ਰਬਾਣੀਐ[21] ॥੫॥	By His order[17], the God's[21] slaves[20] strike[19] at the mortal's head[18].	ਉਸ ਦੀ ਆਗਿਆ[17] ਦੁਆਰਾ, ਰੱਬ[21] ਦੇ ਦਾਸ[20], ਪ੍ਰਾਣੀ ਦੇ ਮੂੰਡ[18] ਉਤੇ ਸੱਟ ਮਾਰਦੇ[19] ਹਨ।
ਲਾਹਾ[22] ਸਚੁ ਨਿਆਉ[23] ਮਨਿ[24] ਵਸਾਈਐ[25] ॥	Enshrining[25] truth and justice[23] in the mind[24], man gains profit[22].	ਸੱਚ ਅਤੇ ਇਨਸਾਫ਼[23] ਨੂੰ ਆਪਣੇ ਚਿੱਤ[24] ਅੰਦਰ ਟਿਕਾਉਣ[25] ਦੁਆਰਾ ਇਨਸਾਨ ਨਫ਼ਾ[22] ਉਠਾਉਂਦਾ ਹੈ।
ਲਿਖਿਆ ਪਲੈ ਪਾਇ[26] ਗਰਬੁ[27] ਵਞਾਈਐ[28] ॥੬॥	Then one obtains[26] what is written in his lot and stills[28] his ego[27].	ਜੋ ਕੁਛ ਉਸ ਦੇ ਭਾਗਾਂ ਵਿਚ ਲਿਖਿਆ ਹੋਇਆ ਹੈ, ਤਦ ਆਦਮੀ ਉਸ ਨੂੰ ਪਾ ਲੈਂਦਾ[26] ਹੈ ਅਤੇ ਆਪਣੀ ਹਉਮੈ[27] ਨੂੰ ਛੱਡ[28] ਦਿੰਦਾ ਹੈ।
ਮਨਮੁਖੀਆ[29] ਸਿਰਿ ਮਾਰ[30] ਵਾਦਿ[31] ਖਪਾਈਐ[32] ॥	The infidels[29] are thrashed[30] and are ruined[32] in wranglings[31].	ਕਾਫ਼ਰ[29] ਕੁੱਟੇ ਫਾਟੇ[30] ਜਾਂਦੇ ਹਨ ਅਤੇ ਬਖੇੜਿਆਂ[31] ਅੰਦਰ ਤਬਾਹ[32] ਹੋ ਜਾਂਦੇ ਹਨ।
ਠਗਿ[33] ਮੁਠੀ[34] ਕੂੜਿਆਰ[35] ਬੰਨ੍ਹਿ[36] ਚਲਾਈਐ[37] ॥੭॥	The cheats[33] are plundered[34] by falsehood[35]. They are chained[36] and despatched[37].	ਛਲੀਆਂ[33] ਨੂੰ ਝੂਠ[35] ਨੇ ਲੁੱਟ[34] ਲਿਆ ਹੈ। ਉਹ ਨਰੜ[36] ਕੇ ਅਗੇ ਧੱਕੇ ਜਾਂਦੇ[37] ਹਨ।
ਸਾਹਿਬੁ ਰਿਦੈ[38] ਵਸਾਇ[39] ਨ ਪਛੋਤਾਵਹੀ[40] ॥	Enshrine[39] the Lord in thy mind[38], then, thou shalt not have to repent[40].	ਸੁਆਮੀ ਨੂੰ ਆਪਣੇ ਹਿਰਦੇ[38] ਅੰਦਰ ਟਿਕਾ[39], ਤਦ ਤੈਨੂੰ ਪਸਚਾਤਾਪ[40] ਕਰਨਾ ਨਹੀਂ ਪਵੇਗਾ।

ਗੁਨਹਾਂ[41] ਬਖਸਣਹਾਰੁ[42] ਸਬਦੂ[43] ਕਮਾਵਹੀ[44] ॥੮॥	If man acts upto[44] Guru's teaching[43], the Lord pardons[42] his sins[41].	ਜੇਕਰ ਬੰਦਾ ਗੁਰਾਂ ਦੇ ਉਪਦੇਸ਼[43] ਤੇ ਅਮਲ ਕਰੇ[44], ਪ੍ਰਭੂ ਉਸ ਦੇ ਗੁਨਾਹ[41] ਮਾਫ਼[42] ਕਰ ਦਿੰਦਾ ਹੈ।
ਨਾਨਕੁ[45] ਮੰਗੈ ਸਚੁ[46] ਗੁਰਮੁਖਿ[47] ਘਾਲੀਐ[48] ॥	Nanak prays[45] for the True Name[46], which is obtained[48], through the Guru[47].	ਨਾਨਕ ਸੱਚੇ ਨਾਮ[46] ਦੀ ਯਾਚਨਾ[45]ਕਰਦਾ ਹੈ ਜੋ ਗੁਰਾਂ[47] ਦੇ ਰਾਹੀਂ, ਪਰਾਪਤ[48] ਹੁੰਦਾ ਹੈ।
ਮੈ ਤੁਝ ਬਿਨੁ[49] ਅਵਰੁ[52] ਨ ਕੋਇ ਨਦਰਿ[50] ਨਿਹਾਲੀਐ[51] ॥੯॥੧੬॥	Without[49] Thee I have none else[52]. Look[51] Thou with favour[50] on me.	ਤੇਰੇ ਬਗ਼ੈਰ[49] ਮੇਰਾ ਹੋਰ[52] ਕੋਈ ਨਹੀਂ ਤੂੰ ਮੈਨੂੰ ਆਪਣੀ ਰਹਿਮਤ[50] ਰਾਹੀਂ ਵੇਖ[51]।
ਆਸਾ ਮਹਲਾ ੧ ॥	Asa Ist Guru.	ਆਸਾ ਪਹਿਲੀ ਪਾਤਸ਼ਾਹੀ।
ਕਿਆ[53] ਜੰਗਲੁ[54] ਢੂਢੀ[55] ਜਾਇ[56] ਮੈ ਘਰਿ[57] ਬਨੁ[58] ਹਰੀਆਵਲਾ[59] ॥	Why[53] should I go[56] searching[55] in the woods[54], when my home[57] is a verdant[59] forest[58].	ਮੈਂ ਜੰਗਲ ਬੇਲੇ[54] ਵਿਚ ਲਭਣ[55] ਲਈ ਕਿਉ [53]ਜਾਵਾ[56] ਜਦ ਕਿ ਮੇਰਾ ਆਪਣਾ ਝੁੱਗਾ[57] ਹੀ ਇੱਕ ਹਰੀ ਭਰੀ[59] ਰੱਖ[58] ਹੈ ?
ਸਚਿ[60] ਟਿਕੈ[61] ਘਰਿ[62] ਆਇ[63] ਸਬਦਿ[64] ਉਤਾਵਲਾ[65] ॥੧॥	The True[60] Name[64] has come[63] quickly[65] to my heart[62] and has settled[61] there.	ਸੱਚਾ[60] ਨਾਮ[64] ਕਾਹਲੀ ਨਾਲ[65] ਮੇਰੇ ਦਿਲ[62] ਵਿਚ ਆ[63] ਗਿਆ ਹੈ ਅਤੇ ਉਥੇ ਸਥਿਰ[61] ਹੋ ਗਿਆ ਹੈ।
ਜਹ[66] ਦੇਖਾ ਤਹ[67] ਸੋਇ[68] ਅਵਰੁ[69] ਨ ਜਾਣੀਐ[70] ॥	Wherever[66] I look, there[67] He[68] is. I know[70] no one else[69].	ਜਿੱਥੇ ਕਿਤੇ[66] ਮੈਂ ਵੇਖਦਾ ਹਾਂ, ਉੱਥੇ[67] ਉਹ[68] ਸੁਆਮੀ ਹੈ। ਮੈਂ ਹੋਰ ਕਿਸੇ[69] ਨੂੰ ਨਹੀਂ ਜਾਣਦਾ[70]।
ਗੁਰ ਕੀ ਕਾਰ[71] ਕਮਾਇ[72] ਮਹਲੁ[73] ਪਛਾਣੀਐ[74] ॥ ੧॥ਰਹਾਉ॥	Performing[72] Guru's service[71], the Lord's presence[73] is realised[74]. Pause.	ਗੁਰਾਂ ਦੀ ਘਾਲ[71]ਕਮਾਉਣ ਦੁਆਰਾ[72],ਪ੍ਰਭੂ ਦੀ ਹਜ਼ੂਰੀ[73] ਅਨੁਭਵ[74] ਕੀਤੀ ਜਾਂਦੀ ਹੈ। ਠਹਿਰਾਉ।
ਆਪਿ[75] ਮਿਲਾਵੈ[76] ਸਚੁ[77] ਤਾ[78] ਮਨਿ[79] ਭਾਵਈ[80] ॥	When man becomes pleasing[80] to His mind[79], then[78] alone the True[77] Lord blends[76] him with Himself[75].	ਜਦ ਆਦਮੀ ਉਸ ਦੇ ਚਿੱਤ[79] ਨੂੰ ਚੰਗਾ[80] ਲੱਗਣ ਲੱਗ ਜਾਂਦਾ ਹੈ, ਕੇਵਲ ਤਦ[78] ਹੀ ਸੱਚਾ ਸਾਂਈ[77] ਉਸ ਨੂੰ ਆਪਣੇ[75] ਨਾਲ ਮਿਲਾਉਂਦਾ[76] ਹੈ।
ਚਲੈ[81] ਸਦਾ[82] ਰਜਾਇ[83] ਅੰਕਿ[84] ਸਮਾਵਈ[85] ॥੨॥	He, who ever[82] walks[81] according to Lord's will[83], sinks[85] into His lap[84].	ਜੋ ਸਦੀਵ[82] ਹੀ ਸੁਆਮੀ ਦੇ ਭਾਣੇ ਅਨੁਸਾਰ[83] ਟੁਰਦਾ[81] ਹੈ, ਉਹ ਉਸ ਦੀ ਗੋਦੀ[84] ਅੰਦਰ ਲੀਨ[85] ਹੋ ਜਾਂਦਾ ਹੈ।
ਸਚਾ ਸਾਹਿਬੁ ਮਨਿ[86] ਵਸੈ[87] ਵਸਿਆ[88] ਮਨਿ ਸੋਈ[89] ॥	The mind[86], wherein the True Lord abides[87], that[89] mind alone flourishes[88].	ਹਿਰਦਾ[86] ਜਿਸ ਵਿਚ ਸੁਆਮੀ ਵੱਸਦਾ[87] ਹੈ, ਕੇਵਲ ਉਹ[89] ਹਿਰਦਾ ਹੀ ਆਬਾਦ[88] ਹੁੰਦਾ ਹੈ।
ਆਪੇ[90] ਦੇ[91] ਵਡਿਆਈਆ[92] ਦੇ[93] ਤੋਟਿ[94] ਨ ਹੋਈ ॥੩॥	The Lord Himself[90] grants[91] greatness[92] and His gifts[93] exhaust[94] not.	ਪ੍ਰਭੂ ਆਪ[90] ਦੀ ਬਜ਼ੁਰਗੀ[92]ਪਰਦਾਨ[91]ਕਰਦਾ ਹੈ। ਉਸ ਦੀਆਂ ਦਾਤਾਂ[93] ਵਿਚ ਕਿਸੇ ਚੀਜ਼ ਦੀ ਕਮੀ[94] ਨਹੀਂ।
ਅਬੇ ਤਬੇ[95] ਕੀ ਚਾਕਰੀ[96] ਕਿਉ[97] ਦਰਗਹ[98] ਪਾਵੈ[99]॥	How[97] can man obtain[99] Lord's court[98], by serving[96] every Dick and Tom[95] ?	ਜਣੇ ਖਣੇ[95] ਦੀ ਸੇਵਾ ਕਰਕੇ[96], ਬੰਦਾ ਸੁਆਮੀ ਦੇ ਦਰਬਾਰ[98] ਨੂੰ ਕਿਸ ਤਰ੍ਹਾਂ[97] ਪਰਾਪਤ[99] ਹੋ ਸਕਦਾ ਹੈ ?
ਪਥਰ[100] ਕੀ ਬੇੜੀ[2] ਜੇ[3]	If[3] one boards[4] a boat[2] of stone[100],	ਜੇਕਰ[3] ਆਦਮੀ ਪਾਹਨ[100] ਦੀ ਕਿਸ਼ਤੀ[2]ਵਿਚ ਸਵਾਰ[4] ਹੋ

ਚੜੈ[4] ਭਰ[5] ਨਾਲਿ ਬੁਡਾਵੈ[6] ॥੪॥	he shall be drowned[6] with its cargo[5].	ਜਾਵੇ, ਉਹ ਇਸ ਦੇ ਬੋਝ[5] ਨਾਲ ਹੀ ਡੁੱਬ[6] ਜਾਵੇਗਾ ।
ਆਪਨੜਾ[7] ਮਨੁ[8] ਵੇਚੀਐ[9] ਸਿਰੁ[10] ਦੀਜੈ[12] ਨਾਲੇ[13] ॥	Sell[9] thy[7] soul[8] unto the Guru and surrender[12] Thy head[10] alongwith[13].	ਆਪਣੀ[7] ਆਤਮਾ[8] ਗੁਰਾਂ ਕੋਲ ਫ਼ਰੋਖ਼ਤ[9] ਕਰ ਦੇ ਅਤੇ ਆਪਣਾ ਸੀਸ[10] ਭੀ ਸਾਥ ਹੀ[13] ਭੇਟਾ[12] ਧਰ ਦੇ ।
ਗੁਰਮੁਖਿ[14] ਵਸਤੁ[15] ਪਛਾਣੀਐ[16] ਅਪਨਾ ਘਰੁ[17] ਭਾਲੇ[18] ॥੫॥	It is through the Guru[14], that the 'Real Thing[15]' is recognised[16] and one's own home[17] is found[18].	ਗੁਰਾਂ ਦੁਆਰਾ[14] ਹੀ,ਅਸਲੀ ਸ਼ੈ[15] ਸਿੰਆਣੀ[16] ਜਾਂਦੀ ਹੈ, ਅਤੇ ਬੰਦੇ ਨੂੰ ਆਪਣਾ ਝੁੱਗਾ[17] ਲੱਭ ਪੈਂਦਾ[18] ਹੈ ।
ਜੰਮਣ[20] ਮਰਣਾ ਆਖੀਐ[19] ਤਿਨਿ[21] ਕਰਤੈ[22] ਕੀਆ ॥	People discuss[19] birth[20] and death. That[21] Creator[22] has done all this.	ਲੋਕ ਪੈਦਾਇਸ਼[20] ਅਤੇ ਮੌਤ ਬਾਰੇ ਗੱਲਾਂ ਕਰਦੇ ਹਨ[19] । ਇਹ ਸਾਰਾ ਕਿਛ ਉਸ[21] ਸਿਰਜਣਹਾਰ[22] ਨੇ ਕੀਤਾ ਹੈ ।
ਆਪੁ[23] ਗਵਾਇਆ[24] ਮਰਿ ਰਹੇ ਫਿਰਿ[25] ਮਰਣੁ ਨ[26] ਥੀਆ ॥੬॥	They who remain dead by stilling[24] their ego[23], die not[26], again[25].	ਜੋ ਆਪਣੀ ਹੰਗਤਾ[23] ਨੂੰ ਵੰਞਾ[24] ਕੇ, ਮਰੇ ਰਹਿੰਦੇ ਹਨ, ਉਹ ਮੁੜ[25] ਕੇ ਨਹੀਂ[26] ਮਰਦੇ ।
ਸਾਈ[27] ਕਾਰ[28] ਕਮਾਵਣੀ[29] ਧੁਰ[30] ਕੀ ਫੁਰਮਾਈ[31] ॥	One should accomplish[29] the[27] task[28] which the Primal Lord[30] has enjoined[31] upon him.	ਇਨਸਾਨ ਨੂੰ ਉਹ[27] ਕੰਮ[28] ਕਰਨਾ[29] ਉਚਿੱਤ ਹੈ, ਜਿਸ ਬਾਰੇ ਆਦਿ ਪ੍ਰਭੂ[30] ਨੇ ਉਸ ਨੂੰ ਹੁਕਮ ਕੀਤਾ[31] ਹੈ ।
ਜੇ[32] ਮਨੁ[33] ਸਤਿਗੁਰ ਦੇ[34] ਮਿਲੈ[35] ਕਿਨਿ[36] ਕੀਮਤਿ[37] ਪਾਈ[38] ॥੭॥	If[32] man, meeting[35] the True Guru, surrenders[34] his soul[33] unto him, who[36] can appraise[38] his worth[37] ?	ਜੇਕਰ[32] ਆਦਮੀ ਸੱਚੇ ਗੁਰਾਂ ਨੂੰ ਮਿਲ[35] ਕੇ ਆਪਣੀ ਆਤਮਾ[33] ਉਨ੍ਹਾਂ ਦੀ ਭੇਟਾ[34] ਕਰ ਦੇਵੇ, ਤਾਂ ਉਸ ਦਾ ਮੁੱਲ[37] ਕੌਣ[36] ਪਾ ਸਕਦਾ[38] ਹੈ ?
ਰਤਨਾ[39] ਪਾਰਖੁ[40] ਸੋ[41] ਧਣੀ[42] ਤਿਨਿ[43] ਕੀਮਤਿ ਪਾਈ[44] ॥	That[41] Master[42] is the Assayer[40] of the mind jewels[39] and He sets[44] the price thereof[43].	ਉਹ[41] ਮਾਲਕ[42] ਮਨ ਮਾਣਕਾਂ[39] ਨੂੰ ਪਰਖਣਹਾਰ[40] ਹੈ ਅਤੇ ਉਨ੍ਹਾਂ[43] ਦਾ ਮੁੱਲ ਪਾਉਂਦਾ[44] ਹੈ ।
ਨਾਨਕ ਸਾਹਿਬੁ ਮਨਿ ਵਸੈ[45] ਸਚੀ ਵਡਿਆਈ[46] ॥੮॥ ੧੭॥	Nanak, true is the glory[46] of him, in whose heart the Lord dwells[45].	ਨਾਨਕ ਸੱਚੀ ਹੈ ਕੀਰਤੀ[46] ਉਸ ਦੀ, ਜਿਸ ਦੇ ਦਿਲ ਅੰਦਰ ਪ੍ਰਭੂ ਨਿਵਾਸ[45] ਰਖਦਾ ਹੈ ।
ਆਸਾ ਮਹਲਾ ੧ ॥	Asa Ist Guru.	ਆਸਾ ਪਹਿਲੀ ਪਾਤਸ਼ਾਹੀ ।
ਜਿਨ੍ਹੀ ਨਾਮੁ ਵਿਸਾਰਿਆ[47] ਦੂਜੈ[48] ਭਰਮਿ[49] ਭੁਲਾਈ[50]॥	They who have forgotten[47] the Name go astray[50] in another's love[48] and superstition[49].	ਜਿਨ੍ਹਾਂ ਨੇ ਨਾਮ ਨੂੰ ਭੁਲਾਇਆ[47] ਹੈ, ਉਹ ਹੋਰਸ ਦੇ ਪਿਆਰ[48] ਅਤੇ ਸੰਦੇਹ[49]ਅੰਦਰ ਕੁਰਾਹੇ[50] ਪੈ ਜਾਂਦੇ ਹਨ ।
ਮੂਲੁ[51] ਛੋਡਿ[52] ਡਾਲੀ[53] ਲਗੇ[54] ਕਿਆ ਪਾਵਹਿ ਛਾਈ[55] ॥੧॥	They, who let go[52] the root[51] and cling[54] to the branches[53], what do they obtain ? Ashes[55].	ਜੋ ਮੁੱਢ[51] ਨੂੰ ਤਿਆਗ[52] ਕੇ ਟਹਿਣੀਆਂ[53] ਨੂੰ ਚਿਮੜਦੇ[54] ਹਨ, ਉਹ ਕੀ ਹਾਸਲ ਕਰਦੇ ਹਨ ? ਸੁਆਹ[55] ।
ਬਿਨੁ ਨਾਵੈ ਕਿਉ ਛੂਟੀਐ[56] ਜੇ[57] ਜਾਣੈ[58] ਕੋਈ[59] ॥	Without the Name, if one were to understand[58], how[57] can one[59] be emancipated[56] ?	ਨਾਮ ਦੇ ਬਗ਼ੈਰ, ਬੰਦਾ ਕਿਸ ਤਰ੍ਹਾਂ ਬੰਦਖ਼ਲਾਸ[56] ਹੋ ਸਕਦਾ ਹੈ ? ਜੇਕਰ[57] ਕੋਈ ਜਣਾ[59] ਇਸ ਨੂੰ ਸਮਝ[58] ਲਵੇ ।

ਗੁਰਮੁਖਿ[60] ਹੋਇ[61] ਤ ਛੂਟੀਐ[62] ਮਨਮੁਖਿ[63]ਪਤਿ[64] ਖੋਈ[65] ॥੧॥ਰਹਾਉ॥	If man be holy[60], he is saved[62], then[61] the perverse person[63] loses[65] his honour[64] Pause.	ਜੇਕਰ ਬੰਦਾ ਨਿਰਾ-ਅਪਰਾਧ[60] ਹੋ ਜਾਵੇ ਤਾਂ[61]ਉਹ ਤਰ[62] ਜਾਂਦਾ ਹੈ। ਪ੍ਰਭੂ-ਪ੍ਰਤੀਕੂਲ ਪੁਰਸ਼[63] ਆਪਣੀ ਇੱਜ਼ਤ[64] ਗੁਆ[65] ਲੈਂਦਾ ਹੈ। ਠਹਿਰਾਉ।
ਜਿਨ੍ਹੀ ਏਕੋ ਸੇਵਿਆ[66] ਪੂਰੀ[67] ਮਤਿ[68] ਭਾਈ[69] ॥	Perfect[67] is the intellect[68] of those, who serve[66] the one Lord, O brother[69].	ਪੂਰਨ[67] ਹੈ ਅਕਲ[68] ਉਨ੍ਹਾਂ ਦੀ ਜੋ ਇਕ ਸੁਆਮੀ ਦੀ ਘਾਲ ਕਮਾਉਂਦੇ ਹਨ[66], ਹੇ ਵੀਰ[69]!
ਆਦਿ[70] ਜੁਗਾਦਿ[71] ਨਿਰੰਜਨਾ[72] ਜਨ ਹਰਿ[73] ਸਰਣਾਈ[74] ॥੨॥	The slave of God[73] takes shelter[74] in Him, who was in the beginning[70], and in the primal age[71], and who is the Immaculate One[72].	ਰੱਬ ਦਾ ਗੋਲਾ[73] ਉਸ ਦੀ ਪਨਾਹ[74] ਲੈਂਦਾ ਹੈ, ਜੋ ਐਨ ਆਰੰਭ[70] ਅਤੇ ਪ੍ਰਿਥਮ ਯੁੱਗ[71] ਵਿੱਚ ਸੀ ਅਤੇ ਜੋ ਪਵਿੱਤ੍ਰ ਪੁਰਖ[72] ਹੈ।
ਸਾਹਿਬੁ ਮੇਰਾ ਏਕੁ[77] ਹੈ ਅਵਰੁ[75] ਨਹੀ ਭਾਈ[76] ॥	My Master is one[77], and there is not another[75], O brother[76].	ਮੇਰਾ ਮਾਲਕ ਕੇਵਲ ਇੱਕ[77] ਹੈ ਹੋਰ[75] ਕੋਈ ਨਹੀਂ[71], ਹੇ ਭਰਾ[76]!
ਕਿਰਪਾ[78] ਤੇ[78*] ਸੁਖੁ[81] ਪਾਇਆ[82] ਸਾਚੇ[79] ਪਰਥਾਈ[80] ॥੩॥	By[78*] the True Lord's[79] grace[78], celestial[80] bliss[81] is obtained[82].	ਸੱਚੇ ਸਾਹਿਬ[79] ਦੀ ਦਇਆ[78] ਦੁਆਰਾ[78*], ਬੈਕੁੰਠੀ[80] ਅਨੰਦ[81] ਪਰਾਪਤ[82] ਹੁੰਦਾ ਹੈ।
ਗੁਰ ਬਿਨੁ ਕਿਨੈ ਨ ਪਾਇਓ ਕੇਤੀ[83] ਕਹੈ ਕਹਾਏ[84] ॥	Without the Guru, none has obtained God, though many[83] may say and assert[84] so.	ਗੁਰਾਂ ਦੇ ਬਾਝੋਂ ਕਿਸੇ ਨੂੰ ਭੀ ਵਾਹਿਗੁਰੂ ਪਰਾਪਤ ਨਹੀਂ ਹੋਇਆ, ਭਾਵੇਂ ਅਨੇਕਾਂ[83] ਇਸ ਤਰ੍ਹਾਂ ਆਖਣ ਤੇ ਦੱਸਣ[84]।
ਆਪਿ[85] ਦਿਖਾਵੈ[86] ਵਾਟੜੀ[87] ਸਚੀ ਭਗਤਿ[88] ਦ੍ਰਿੜਾਏ[89] ॥ ੪॥	The Lord Himself[85] shows[86] the way[87] and fixes[89] true devotional service[88] in man's mind.	ਸੁਆਮੀ ਖ਼ੁਦ[85] ਰਸਤਾ[87] ਵਿਖਾਲਦਾ[86] ਹੈ ਅਤੇ ਸੱਚੀ ਅਨੁਰਾਗੀ ਸੇਵਾ[88] ਨੂੰ ਮਨੁੱਖ ਦੇ ਮਨ ਵਿਚ ਪੱਕੀ[89] ਕਰਦਾ ਹੈ।
ਮਨਮੁਖੁ[94]ਜੇ[90] ਸਮਝਾਈਐ[91] ਭੀ[93] ਉਝੜਿ[92] ਜਾਏ ॥	Even[90] if an apostate[94] be instructed[91], he still[93] goes to the wilderness[92].	ਜੇਕਰ[90] ਅਧਰਮੀ[94] ਨੂੰ ਸਿੱਖਮਤ[91] ਦਿੱਤੀ ਜਾਵੇ, ਤਾਂ ਭੀ[93] ਉਹ ਬੀਆਬਾਨ[92] ਨੂੰ ਜਾਂਦਾ ਹੈ।
ਬਿਨੁ ਹਰਿਨਾਮ ਨ ਛੂਟਸੀ[95] ਮਰਿ[98] ਨਰਕ[96] ਸਮਾਏ[97] ॥ ੫॥	Without God's Name, he shall not be saved[95], and shall sink[97] into hell[96] after death[98].	ਵਾਹਿਗੁਰੂ ਦੇ ਨਾਮ ਦੇ ਬਾਝੋਂ ਉਸ ਦੀ ਖ਼ਲਾਸੀ[95] ਨਹੀਂ ਹੋਣੀ। ਮਰਨ[98] ਮਗਰੋਂ ਉਹ ਦੋਜ਼ਕ[96] ਵਿਚ ਗ਼ਰਕ[97] ਹੋ ਜਾਵੇਗਾ।
ਜਨਮਿ ਮਰੈ ਭਰਮਾਈਐ[99] ਹਰਿ ਨਾਮੁ ਨ ਲੇਵੈ[100] ॥	He, who repeats[100] not God's Name, wanders[99] in birth and death.	ਜੋ ਵਾਹਿਗੁਰੂ ਦੇ ਨਾਮ ਦਾ ਜਾਪ[100] ਨਹੀਂ ਕਰਦਾ। ਉਹ ਜੰਮਣ ਤੇ ਮਰਨ ਅੰਦਰ ਭਟਕਦਾ[99] ਹੈ।
ਤਾਕੀ[2] ਕੀਮਤਿ[3] ਨਾ ਪਵੈ[5] ਬਿਨੁ ਗੁਰ ਕੀ ਸੇਵੈ[4] ॥੬॥	Without serving[4] the Guru, His[2] worth[3] cannot be realised[5].	ਗੁਰਾਂ ਦੀ ਚਾਕਰੀ[4] ਕਮਾਏ ਬਾਝੋਂ ਉਸ[2] ਦਾ ਮੁੱਲ[3] ਜਾਣਿਆ[5] ਨਹੀਂ ਜਾ ਸਕਦਾ।
੪੨੧		
ਜੇਹੀ[6] ਸੇਵ ਕਰਾਈਐ[7] ਕਰਣੀ[9] ਭੀ ਸਾਈ[8] ॥	Whatever[6] service God causes man to do[7], he does[9] exactly the same[8].	ਜੇਹੋ ਜੇਹੀ[6] ਸੇਵਾ ਵਾਹਿਗੁਰੂ ਬੰਦੇ ਪਾਸੋਂ ਕਰਵਾਉਂਦਾ[7]ਹੈ, ਐਨ ਉਹੋ ਜੇਹੀ[8] ਹੀ ਉਹ ਕਰਦਾ[9] ਹੈ।
ਆਪਿ[10] ਕਰੇ ਕਿਸੁ[12] ਆਖੀਐ[13] ਵੇਖੈ ਵਡਿਆਈ[14] ॥੭॥	The Lord Himself[10] acts, whom[12] else should I mention[13]? He beholds His own greatness[14].	ਸੁਆਮੀ ਖ਼ੁਦ[10] ਹੀ ਕਰਦਾ ਹੈ। ਮੈਂ ਹੋਰ ਕੀਹਦਾ[12] ਜ਼ਿਕਰ[13] ਕਰਾਂ? ਉਹ ਆਪਣੀ ਵਿਸ਼ਾਲਤਾ[14] ਨੂੰ ਦੇਖਦਾ ਹੈ।

ਗੁਰ ਕੀ ਸੇਵਾ[15] ਸੋ[16] ਕਰੇ ਜਿਸੁ[17] ਆਪਿ[18] ਕਰਾਏ[19]॥

He alone[16], performs Guru's service[15], whom[17] the Lord Himself[18] causes so to perform[19].

ਕੋਵਲ ਓਹੀ[16] ਗੁਰਾ ਦੀ ਚਾਕਰੀ[15] ਕਰਦਾ ਹੈ, ਜਿਸ[17] ਪਾਸੋਂ ਸੁਆਮੀ ਖ਼ੁਦ[18] ਕਰਵਾਉਂਦਾ[19] ਹੈ।

ਨਾਨਕ ਸਿਰੁ[20] ਦੇ[21] ਛੂਟੀਐ[22] ਦਰਗਹ[23]ਪਤਿ[24] ਪਾਏ[25] ॥੮॥੧੮॥

Nanak, by surrendering[21] his head[20], the man is emancipated[22] and receives[25] honour[24] in God's court[23].

ਨਾਨਕ,ਸੀਸ[20] ਅਰਪਨ[21] ਕਰਨ ਦੁਆਰਾ ਬੰਦਾ ਖ਼ਲਾਸੀ ਪਾ[22] ਜਾਂਦਾ ਹੈ ਅਤੇ ਰੱਬ ਦੇ ਦਰਬਾਰ[23]ਅੰਦਰ ਇੱਜ਼ਤ[24] ਪਾਉਂਦਾ[25] ਹੈ।

ਆਸਾ ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ।

ਰੂੜੋ[26] ਠਾਕੁਰ[27] ਮਾਹਰੋ[28] ਰੂੜੀ ਗੁਰਬਾਣੀ ॥

Beautiful[26] is the Supreme[28] Lord[27] and beautiful is His Gurbani.

ਸੁੰਦਰ[26] ਹੈ ਸ਼੍ਰੋਮਣੀ[28] ਸੁਆਮੀ[27],ਅਤੇ ਸੁੰਦਰ ਹੈ ਉਸ ਦੀ ਗੁਰਬਾਣੀ।

ਵਡੈ ਭਾਗਿ[29] ਸਤਿਗੁਰੁ ਮਿਲੈ ਪਾਈਐ ਪਦੁ[30] ਨਿਰਬਾਣੀ[31] ॥੧॥

By the greatest good luck[29], the True Guru is met, through whom the immortal[31] status[30] is obtained.

ਭਾਰੇ ਚੰਗੇ ਕਰਮਾਂ[29] ਦੁਆਰਾ ਸੱਚੇ ਗੁਰੂ ਮਿਲਦੇ ਹਨ, ਜਿਨ੍ਹਾਂ ਦੇ ਰਾਹੀਂ ਅਮਰ[31] ਪਦਵੀ[30] ਪਰਾਪਤ ਹੁੰਦੀ ਹੈ।

ਮੈ ਓਲ੍ਹਗੀਆ ਓਲ੍ਹਗੀ[32] ਹਮ[33] ਛੋਰੂ[34] ਥਾਰੇ[35] ॥

I am a menial of Thine menials[32]. I[33] am Thy[35] servile servant[34], O My Master.

ਮੈਂ ਤੇਰੇ ਕੰਮੀਆਂ ਦਾ ਕੰਮੀ[32] ਹਾਂ। ਮੈਂ[33] ਤੈਂਡਾ[35] ਨੀਚ ਨੌਕਰ[34] ਹਾਂ, ਹੇ ਮੈਂਡੇ ਮਾਲਕ!

ਜਿਉ[36] ਤੂੰ ਰਾਖਹਿ ਤਿਉ[37] ਰਹਾ ਮੁਖਿ[38] ਨਾਮੁ ਹਮਾਰੇ[39] ॥੧॥ਰਹਾਉ॥

As[36] Thou keepest me, so[37] do I live. Thy Name is in my[39] mouth[38]. Pause.

ਜਿਸ ਤਰ੍ਹਾਂ[36] ਤੂੰ ਮੈਨੂੰ ਰਖਦਾ ਹੈਂ, ਉਸ ਤਰ੍ਹਾਂ[37] ਹੀ ਮੈਂ ਰਹਿੰਦਾ ਹਾਂ ਤੇਰਾ ਨਾਮ ਮੇਰੇ[39] ਮੂੰਹ[38] ਵਿੱਚ ਹੈ। ਠਹਿਰਾਉ।

ਦਰਸਨ[40] ਕੀ ਪਿਆਸਾ[41] ਘਣੀ[42] ਭਾਣੈ[43] ਮਨਿ[44] ਭਾਈਐ[45] ॥

For Thy vision[40], I have a great[42] thirst[41], and by accepting Thine will[43] the mortal becomes pleasing[45] to Thy mind[44].

ਤੇਰੇ ਦੀਦਾਰ[40] ਦੀ ਮੈਨੂੰ ਬੜੀ[42]ਤ੍ਰੇਹ[41] ਹੈ। ਤੇਰੀ ਰਜ਼ਾ[43] ਨੂੰ ਕਬੂਲ ਕਰਨ ਦੁਆਰਾ ਪ੍ਰਾਣੀ ਤੇਰੇ ਚਿੱਤ[44] ਨੂੰ ਚੰਗਾ ਲੱਗਣ[45] ਲੱਗ ਜਾਂਦਾ ਹੈ।

ਮੇਰੇ ਠਾਕੁਰ[46] ਹਾਥਿ[47] ਵਡਿਆਈਆ[48] ਭਾਣੈ[49] ਪਤਿ[50] ਪਾਈਐ[51] ॥੨॥

Greatness[48] is in the hand[47] of my Lord[46], and through His command[49] honour[50] is obtained[51].

ਵਿਸ਼ਾਲਤਾ[48] ਮੈਂਡੇ ਪ੍ਰਭੂ[46] ਦੇ ਹਸਤ[47]ਕਮਲ ਵਿਚ ਹੈ। ਉਸ ਦੇ ਫੁਰਮਾਨ[49] ਰਾਹੀਂ ਇੱਜ਼ਤ[50] ਪ੍ਰਾਪਤ[51]ਹੁੰਦੀ ਹੈ।

ਸਾਚਉ[52] ਦੂਰਿ[53] ਨ ਜਾਣੀਐ[54] ਅੰਤਰਿ[55] ਹੈ ਸੋਈ[56] ॥

Deem[54] not the True Lord[52] afar[53]. He[56] is within[55] us.

ਸੱਚੇ ਸੁਆਮੀ[52] ਨੂੰ ਦੂਰੇਡੇ[53] ਨਾ ਸਮਝ[54]। ਉਹ[56] ਆਪਣੇ ਅੰਦਰ[55] ਹੀ ਹੈ।

ਜਹ[57] ਦੇਖਾ ਤਹ ਰਵਿ[58] ਰਹੇ[59] ਕਿਨਿ[60] ਕੀਮਤਿ[61] ਹੋਈ[62] ॥੩॥

Wherever[57] I behold, there[58] I find my Lord pervading[59]. How[60] can I ascertain[62] Thy worth[61]?

ਜਿੱਥੇ ਕਿਤੇ[57] ਮੈਂ ਵੇਖਦਾ ਹਾਂ, ਓਥੇ[58] ਮੈਂ ਆਪਣੇ ਪ੍ਰਭੂ ਨੂੰ ਵਿਆਪਕ[59] ਪਾਉਂਦਾ ਹਾਂ। ਤੇਰਾ ਮੁੱਲ[61] ਮੈਂ ਕਿਸ ਤਰ੍ਹਾਂ[60] ਪਾ ਸਕਦਾ[62] ਹਾਂ?

ਆਪਿ[63] ਕਰੇ[64] ਆਪੇ ਹਰੇ[65] ਵੇਖੈ[66] ਵਡਿਆਈ[67] ॥

He does[64] all by Himself[63], He Himself undoes[65], and He Himself sees[66] His glory[67].

ਉਹ ਖ਼ੁਦ[63] ਹੀ ਰਚਦਾ[64] ਹੈ ਅਤੇ ਖ਼ੁਦ ਹੀ ਨਾਸ ਕਰਦਾ ਹੈ[65]। ਉਹ ਆਪ ਹੀ ਆਪਣੀ ਪ੍ਰਭੁਤਾ[67] ਨੂੰ ਤੱਕਦਾ[66] ਹੈ।

ਗੁਰਮੁਖਿ[68] ਹੋਇ[69] ਨਿਹਾਲੀਐ[70] ਇਉ[71] ਕੀਮਤਿ[72] ਪਾਈ[73] ॥੪॥	By becoming[69] pious[68], the Lord is seen[70]. Like this[71] His worth[72] is evaluated[73].	ਪਵਿੱਤ੍ਰ[68] ਹੋ ਵੰਞਣ ਦੁਆਰਾ[69] ਸੁਆਮੀ ਵੇਖਿਆ[70]ਜਾਂਦਾ ਹੈ। ਇਸ ਤਰ੍ਹਾਂ[71]ਉਸ ਦਾ ਮੁੱਲ[72] ਪਾਇਆ ਜਾਂਦਾ[73]ਹੈ।
ਜੀਵਦਿਆ[74] ਲਾਹਾ[75] ਮਿਲੈ[76] ਗੁਰ ਕਾਰ[77] ਕਮਾਵੈ ॥	By performing Guru's service[77], man reaps[76] profit[75] while alive[74].	ਗੁਰਾਂ ਦੀ ਸੇਵਾ[77] ਕਮਾਉਣ ਦੁਆਰਾ ਆਦਮੀ ਜੀਉਂਦੇ[74] ਜੀ ਨਫ਼ਾ[75] ਉਠਾ ਲੈਂਦਾ[76] ਹੈ।
ਪੂਰਬਿ[78] ਹੋਵੈ ਲਿਖਿਆ[79] ਤਾ[80] ਸਤਿਗੁਰੁ ਪਾਵੈ[81]॥੫॥	If it be so pre[78]-ordained[79], then[80] alone, one obtains[81] the True Guru.	ਜੇਕਰ ਧੁਰ[78] ਦੀ ਐਸੀ ਲਿਖਤਾਕਾਰ[79] ਹੋਵੇ, ਕੇਵਲ ਤਦ[80] ਹੀ ਇਨਸਾਨ ਸੱਚੇ ਗੁਰਾਂ ਨੂੰ ਪ੍ਰਾਪਤ[81] ਹੁੰਦਾ ਹੈ।
ਮਨਮੁਖ[82] ਤੋਟਾ[83] ਨਿਤ[86] ਹੈ ਭਰਮਹਿ[84] ਭਰਮਾਏ[85] ॥	The perverse[82] ever[86] suffer loss[83] and wander[84] in doubt[85].	ਪ੍ਰਤੀਕੂਲ[82] ਸਦਾ[86] ਨੁਕਸਾਨ[83] ਉਠਾਉਂਦੇ ਹਨ ਅਤੇ ਵਹਿਮ[85] ਅੰਦਰ ਭਟਕਦੇ[84] ਹਨ।
ਮਨਮੁਖੁ[91] ਅੰਧੁ[87] ਨ ਚੇਤਈ[88] ਕਿਉ[89] ਦਰਸਨੁ[90] ਪਾਏ ॥੬॥	The blind[87] infidel[91] remembers[88] not the Lord. How[89] can he obtain His sight[90] ?	ਅੰਨ੍ਹਾ[87] ਕਾਫ਼ਰ[91] ਸੁਆਮੀ ਦਾ ਸਿਮਰਨ[88] ਨਹੀਂ ਕਰਦਾ ਉਹ ਕਿਸ ਤਰ੍ਹਾਂ[89] ਉਸ ਦਾ ਦੀਦਾਰ[90] ਪਾ ਸਕਦਾ ਹੈ ?
ਤਾ[92] ਜਗਿ[93] ਆਇਆ[94] ਜਾਣੀਐ[95] ਸਾਚੈ[96] ਲਿਵ[97] ਲਾਏ[98] ॥	Then[92] alone man's birth[94] in this world[93] is accounted[95] profitable, if he imbibes[98] love[97] for the True Lord.[96]	ਕੇਵਲ ਤਦ[92] ਹੀ ਬੰਦੇ ਦਾ ਇਸ ਜਹਾਨ[93]ਵਿੱਚ ਜਨਮ[94] ਫਲਦਾਇਕ ਜਾਣਿਆ ਜਾਂਦਾ[95] ਹੈ, ਜੇਕਰ ਉਹ ਸੱਚੇ ਸਾਂਈ[96] ਨਾਲ ਨੇਹ[97] ਲਾਵੇ[96]।
ਗੁਰ ਭੇਟੇ[99] ਪਾਰਸੁ[100] ਭਏ ਜੋਤੀ[2] ਜੋਤਿ[3] ਮਿਲਾਏ ॥ ੭॥	Meeting[99] the Guru, the mortal becomes an invaluable object[100], and his light[3] merges into the Lord's light[2].	ਗੁਰਾਂ ਨੂੰ ਮਿਲ ਕੇ[99]ਪ੍ਰਾਣੀ ਅਮੋਲਕ ਵਸਤੂ[100]ਬਣ ਜਾਂਦਾ ਹੈ ਅਤੇ ਉਸ ਦਾ ਪ੍ਰਕਾਸ਼[3] ਪ੍ਰਭੂ ਦੇ ਪ੍ਰਕਾਸ਼[2] ਵਿੱਚ ਮਿਲ ਜਾਂਦਾ ਹੈ।
[4]ਅਹਿਨਿਸਿ[5] ਰਹੈ ਨਿਰਾਲਮੋ[6] ਕਾਰ[7] ਧੁਰ[8] ਕੀ ਕਰਣੀ ॥	Day[4] and night[5] he remains detached[6] and renders service[7] unto the Primal[8] Being.	ਦਿਹੁੰ[4] ਅਤੇ ਰੈਣ[5] ਉਹ ਅਟੰਕ[6] ਵਿਚਰਦਾ ਹੈ ਅਤੇ ਆਦਿ ਪੁਰਖ[8] ਦੀ ਟਹਿਲ[7] ਕਮਾਉਂਦਾ ਹੈ।
ਨਾਨਕ ਨਾਮਿ ਸੰਤੋਖੀਆ[9] ਰਾਤੇ[10] ਹਰਿ ਚਰਣੀ[12] ॥ ੮॥੧੯॥	Nanak, they, who are imbued[10] with God's Feet[12], remain contented[9] with His Name.	ਨਾਨਕ, ਜੋ ਵਾਹਿਗੁਰੂ ਦੇ ਪੈਰਾਂ[12] ਨਾਲ ਰੰਗੀਜੇ[10] ਹਨ, ਉਹ ਉਸ ਦੇ ਨਾਮ ਨਾਲ ਰੱਜੇ[9] ਰਹਿੰਦੇ ਹਨ।
ਆਸਾ ਮਹਲਾ ੧ ॥	Asa Ist Guru.	ਆਸਾ ਪਹਿਲੀ ਪਾਤਸ਼ਾਹੀ।
ਕੇਤਾ[13] ਆਖਣੁ ਆਖੀਐ[14] ਤਾ[15] ਕੇ ਅੰਤ[16] ਨ ਜਾਣਾ॥	However much[13] I may describe[14] the Lord, I cannot know His[15] limit[16].	ਜਿੰਨਾ ਭੀ[13] ਜੀ ਚਾਹੇ,ਮੈਂ ਸੁਆਮੀ ਨੂੰ ਬਿਆਨ ਕਰਾਂ[14]। ਮੈਂ ਉਸ ਦਾ[15] ਓੜਕ[16] ਨਹੀਂ ਜਾਣ ਸਕਦਾ।
ਮੈ ਨਿਧਰਿਆ[17] ਧਰ ਏਕ[18] ਤੂੰ ਮੈ ਤਾਣੁ[19] ਸਤਾਣਾ[20] ॥੧॥	Thou alone[18] art the prop of the propless[17], and my powerful[20] strength[19].	ਕੇਵਲ[18] ਤੂੰ ਹੀ ਨਿਆਸਰਿਆਂ ਦਾ ਆਸਰਾ[17] ਹੈਂ। ਤੂੰ ਮੇਰੀ ਜ਼ਬਰਦਸਤ[20] ਤਾਕਤ[19] ਹੈਂ।
ਨਾਨਕ ਕੀ ਅਰਦਾਸਿ[21] ਹੈ ਸਚ ਨਾਮਿ ਸੁਹੇਲਾ[22] ॥	Nanak's sincere prayer[21] is, that he may be adorned[22] with the True Name.	ਨਾਨਕ ਦੀ ਪ੍ਰਾਰਥਨਾ[21] ਹੈ ਕਿ ਉਹ ਸੱਚੇ ਨਾਮ ਨਾਲ ਸ਼ਸ਼ੋਭਤ[22] ਹੋ ਜਾਵੇ।

ਆਪੁ[23] ਗਇਆ[24] ਸੋਝੀ[25] ਪਈ[26] ਗੁਰ ਸਬਦੀ[27] ਮੇਲਾ[28] ॥੧॥ਰਹਾਉ॥

When self-conceit[23] is stilled[24], and understanding[25] is obtained[26] then one meets[28] God, through Guru's teaching[27]. Pause.

ਜਦ ਸਵੈ-ਹੰਗਤਾ[23] ਨਾਸ[24] ਹੋ ਜਾਂਦੀ ਹੈ ਅਤੇ ਸਮਝ[25] ਪ੍ਰਾਪਤ[26] ਹੋ ਜਾਂਦੀ ਹੈ ਤਦ ਗੁਰਾਂ ਦੇ ਉਪਦੇਸ਼[27] ਰਾਹੀਂ ਬੰਦਾ ਹਰੀ ਨੂੰ ਮਿਲ[28] ਪੈਂਦਾ ਹੈ। ਠਹਿਰਾਉ।

ਹਉਮੈ[29] ਗਰਬੁ[30]ਗਵਾਈਐ[31] ਪਾਈਐ ਵੀਚਾਰੁ[32] ॥

Abandoning[31] egoism[29] and pride[30], man gathers discrimination[32].

ਹੰਕਾਰ[29] ਤੇ ਘੁਮੰਡ[30] ਨੂੰ ਛੱਡ ਕੇ[31] ਇਨਸਾਨ ਬਿਬੇਕ[32] ਹਾਸਲ ਕਰ ਲੈਂਦਾ ਹੈ।

ਸਾਹਿਬ ਸਿਉ[33] ਮਨੁ[34] ਮਾਨਿਆ[35] ਦੇ[36] ਸਾਚੁ[37] ਆਧਾਰੁ[38] ॥੨॥

When the mortal[34] is pleased[35] with[33] the Lord, He gives[36] him the victual[38] of the True Name[37].

ਜਦ ਪ੍ਰਾਨੀ[34] ਪ੍ਰਭੂ ਨਾਲ[33]ਰੀਝ ਜਾਂਦਾ[35]ਹੈ,ਉਹ ਉਸ ਨੂੰ ਸਤਿਨਾਮ[37] ਦਾ ਭੋਜਨ[38] ਬਖ਼ਸ਼ ਦਿੰਦਾ[36] ਹੈ।

[39]ਅਹਿਨਿਸਿ[40] ਨਾਮਿ ਸੰਤੋਖੀਆ[41] ਸੇਵਾ[44] ਸਚੁ[42] ਸਾਈ[43] ॥

Day[39] and night[40] remain thou satiated[41] with the Name, that[43] is the true[42] service[44].

ਦਿਹੁੰ[39] ਰੈਣ[40] ਤੂੰ ਨਾਮ ਨਾਲ ਰੱਜਿਆ[41] ਰਹੁ, ਉਹ[43] ਹੀ ਸੱਚੀ[42] ਘਾਲ[44] ਹੈ।

ਤਾਕਉ[45] ਬਿਘਨੁ[46] ਨ ਲਾਗਈ[47] ਚਾਲੈ[48] ਹੁਕਮਿ[49] ਰਜਾਈ[50] ॥੩॥

No calamity[46] befalls[47] him[45], who lives[48] according to the will[49] of the Commander[50].

ਉਸ ਨੂੰ[45] ਕੋਈ ਮੁਸੀਬਤ[46] ਨਹੀਂ ਵਿਆਪਦੀ[47] ਜੋ ਰਜ਼ਾ ਦੇ ਮਾਲਕ[50] ਦੇ ਭਾਣੇ[49] ਅਨੁਸਾਰ ਟੁਰਦਾ[48] ਹੈ।

ਹੁਕਮਿ[51] ਰਜਾਈ[52] ਜੋ ਚਲੈ[53] ਸੋ ਪਵੈ[54] ਖਜਾਨੈ[55]॥

He who submits[53] to the Lord's[52] order[51], is consigned[54] to His treasury[55].

ਜੋ ਸੁਆਮੀ[52] ਦੇ ਫੁਰਮਾਨ[51] ਨੂੰ ਸਵੀਕਾਰ[53] ਕਰਦਾ ਹੈ, ਉਹ ਉਸ ਦੇ ਕੋਸ਼[55] ਅੰਦਰ ਪਾਇਆ ਜਾਂਦਾ[54] ਹੈ।

ਖੋਟੇ[56] ਠਵਰ[57] ਨ ਪਾਇਨੀ[58] ਰਲੇ[59] ਜੂਠਾਨੈ[60] ॥੪॥

The counterfeit[56] find[58] no place[57]. They mix[59] with the dirty ones[60].

ਜਾਲ੍ਹੀਆਂ[56] ਨੂੰ ਕੋਈ ਥਾਂ[57] ਨਹੀਂ ਲੱਭਦੀ[58]। ਉਨ੍ਹਾਂ ਦਾ ਗੰਦਿਆਂ[60] ਨਾਲ ਮੇਲ ਜੋਲ[59] ਹੈ।

ਨਿਤ[61] ਨਿਤ ਖਰਾ[62] ਸਮਾਲੀਐ[63] ਸਚੁ ਸਉਦਾ[64] ਪਾਈਐ ॥

Ever[61] and ever the genuine[62] coins are taken care of[63] and with them true merchandise[64] is purchased.

ਹਮੇਸ਼ਾ[61] ਤੇ ਹਮੇਸ਼ਾ ਹੀ ਅਸਲੀ[62] ਸਿੱਕੇ ਸੰਭਾਲੇ ਜਾਂਦੇ[63] ਹਨ। ਉਨ੍ਹਾਂ ਨਾਲ ਸੱਚਾ ਮਾਲ[64] ਖ਼ਰੀਦਿਆ ਜਾਂਦਾ ਹੈ।

ਖੋਟੇ[68] ਨਦਰਿ[65] ਨ ਆਵਨੀ ਲੇ[66] ਅਗਨਿ ਜਲਾਈਐ[67]॥ ੫॥

The false ones[68] are not seen[65] in Lord's treasury. They are seized[66] and cast into the fire[67] again.

ਸੁਆਮੀ ਦੇ ਖ਼ਜ਼ਾਨੇ ਵਿਚ ਝੂਠੇ[68] ਸਿੱਕੇ ਦਿਸਦੇ[65] ਹੀ ਨਹੀਂ। ਉਹ ਫੜ[66] ਕੇ ਮੁੜ ਅੱਗ ਵਿਚ ਪਾਏ ਜਾਂਦੇ[67] ਹਨ।

ਜਿਨੀ[69] ਆਤਮੁ[70]ਚੀਨਿਆ[71] ਪਰਮਾਤਮੁ[72] ਸੋਈ[73] ॥

They[73], who[69] understand[71] their soul[70], are themselves the Supreme soul[72].

ਜੋ[69] ਆਪਣੀ ਆਤਮਾ[70] ਨੂੰ ਸਮਝਦੇ[71] ਹਨ, ਉਹ[73] ਖ਼ੁਦ ਪ੍ਰਮਾਤਮਾ (ਪਰਮ ਆਤਮਾ[72]) ਹਨ।

ਏਕੋ[74] ਅੰਮ੍ਰਿਤ[75] ਬਿਰਖੁ[76] ਹੈ ਫਲੁ[77] ਅੰਮ੍ਰਿਤੁ[78] ਹੋਈ[79] ॥੬॥

The Lord alone[74] is the Nectar[75] tree[76], which bears[79] the ambrosial[78] fruit[77].

ਕੇਵਲ[74] ਸੁਆਮੀ ਹੀ ਆਬਿ-ਹਿਯਾਤ[75] ਦਾ ਰੁੱਖ[76] ਹੈ, ਜਿਸ ਨੂੰ ਸੁਧਾ ਸਰੂਪ[78] ਮੇਵਾ[77] ਲੱਗਦਾ[79] ਹੈ।

ਅੰਮ੍ਰਿਤ ਫਲੁ ਜਿਨੀ

They, who taste[80] the Nectareous

ਜੋ ਅੰਮ੍ਰਿਤ ਮਈ ਮੇਵੇ ਨੂੰ ਚੱਖਦੇ[80] ਹਨ, ਉਹ ਸੱਚ ਨਾਲ

ਚਾਖਿਆ[80] ਸਚਿ ਰਹੇ ਅਘਾਈ[81] ॥

fruit, remain sated[81] with truth.

ਰੱਜੇ[81] ਰਹਿੰਦੇ ਹਨ ।

ਤਿੰਨਾ[82] ਭਰਮੁ[83] ਨ ਭੇਦੁ[84] ਹੈ ਹਰਿ[85] ਰਸਨ[86] ਰਸਾਈ[87] ॥੭॥

They[82], whose tongue[86] enjoys[87] Divine[85] elixir[85], have no doubt[83] and separation[84].

ਜਿਨ੍ਹਾਂ ਦੀ ਜਿਹਭਾ[86] ਰੱਬੀ[85] ਰਸ[85] ਨੂੰ ਮਾਣਦੀ[87] ਹੈ, ਉਨ੍ਹਾਂ[82] ਨੂੰ ਕੋਈ ਸੰਦੇਹ[83] ਤੇ ਵਿਛੋੜਾ[84] ਨਹੀਂ ਵਾਪਰਦਾ ।

ਹੁਕਮਿ[88] ਸੰਜੋਗੀ[89] ਆਇਆ ਚਲੁ[90] ਸਦਾ[91] ਰਜਾਈ[92]॥

By Lord's order[88] and through past actions[89] thou came in this world. Ever[91] walk[90] thou in His will[92].

ਪ੍ਰਭੂ ਦੇ ਫ਼ਰਮਾਨ[88] ਦੁਆਰਾ ਤੇ ਪੂਰਬਲੇ ਕਰਮਾਂ[89] ਰਾਹੀਂ ਤੂੰ ਜਹਾਨ ਵਿਚ ਆਇਆ ਹੈਂ । ਹਮੇਸ਼ਾ[91] ਉਸ ਦੀ ਰਜ਼ਾ[92] ਵਿਚ ਟੁਰ[90] ।

ਅਉਗਣਿਆਰੇ[93] ਕਉ ਗੁਣੁ[94] ਨਾਨਕੈ ਸਚੁ[95] ਮਿਲੈ[96] ਵਡਾਈ[97] ॥੮॥੨੦॥

Grant[96] unto Nanak, the virtueless[93] one, the merit[94] and greatness[97] of Thy True Name[95], O Lord.

ਨੇਕੀ-ਵਿਹੂਣ[93] ਨਾਨਕ ਨੂੰ, ਹੇ ਸੁਆਮੀ ! ਆਪਣੇ ਸੱਚੇ ਨਾਮ[95] ਦੀ ਖ਼ੂਬੀ[94] ਅਤੇ ਬਜ਼ੁਰਗੀ[97] ਪਰਦਾਨ[96] ਕਰ ।

੪੨੨

ਆਸਾ ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ ।

ਮਨੁ[98] ਰਾਤਉ[99] ਹਰਿ ਨਾਇ ਸਚੁ ਵਖਾਣਿਆ[100] ॥

He, whose mind[98] is imbued[99] with God's Name, tells[100] the truth.

ਜਿਸ ਦਾ ਹਿਰਦਾ[98] ਵਾਹਿਗੁਰੂ ਦੇ ਨਾਮ ਨਾਲ ਰੰਗਿਆ[99] ਹੋਇਆ ਹੈ, ਉਹ ਸੱਚ ਬੋਲਦਾ[100] ਹੈ ।

ਲੋਕਾ ਦਾ ਕਿਆ ਜਾਇ[2] ਜਾ[3] ਤੁਧੁ ਭਾਣਿਆ[4] ॥੧॥

What do people lose[2], if[3] I become pleasing[4] to Thee, O Lord ?

ਲੋਗਾਂ ਦਾ ਕੀ ਵਿਗੜਦਾ[2] ਹੈ, ਜੇਕਰ[3] ਮੈਂ ਤੈਨੂੰ ਚੰਗਾ[4] ਲਗਣ ਲੱਗ ਜਾਵਾਂ ! ਹੇ ਸਾਂਈ ?

ਜਉ ਲਗੁ[5] ਜੀਉ[6] ਪਰਾਣ[7] ਸਚੁ[8] ਧਿਆਈਐ[9] ॥

As long as[5] there are life[6] and breath[7], meditate[9] thou on the True Lord[8].

ਜਦ ਤਾਈਂ[5] ਜ਼ਿੰਦਗੀ[6] ਅਤੇ ਸੁਆਸ[7] ਹਨ, ਤੂੰ ਸੱਚੇ ਸੁਆਮੀ[8] ਦਾ ਸਿਮਰਨ[9] ਕਰ ।

ਲਾਹਾ[10] ਹਰਿ ਗੁਣ[12] ਗਾਇ[13] ਮਿਲੈ[14] ਸੁਖੁ[15] ਪਾਈਐ[16] ॥੧॥ਰਹਾਉ॥

The profit[10] of singing[13] God's praise[12] is received[14] and the man gathers[16] gladness[15]. Pause.

ਵਾਹਿਗੁਰੂ ਦੇ ਜੱਸ[12] ਗਾਇਨ[13] ਕਰਨ ਦਾ ਨਫ਼ਾ[10] ਮਿਲ[14] ਜਾਂਦਾ ਹੈ, ਅਤੇ ਆਦਮੀ ਪਰਸੰਨਤਾ[15] ਪਰਾਪਤ[16] ਕਰ ਲੈਂਦਾ ਹੈ । ਠਹਿਰਾਉ ।

ਸਚੀ ਤੇਰੀ ਕਾਰ[17] ਦੇਹਿ[18] ਦਇਆਲ[19] ਤੂੰ ॥

True is Thine service[17]. Grant[18] it to me, O Thou Merciful[19] Master.

ਸੱਚੀ ਹੈ ਤੇਰੀ ਸੇਵਾ[17], ਇਹ ਮੈਨੂੰ ਪ੍ਰਦਾਨ ਕਰ[18], ਤੂੰ ਹੇ ਮਿਹਰਬਾਨ[19] ਮਾਲਕ !

ਹਉ ਜੀਵਾ ਤੁਧੁ ਸਾਲਾਹਿ[20] ਮੈ ਟੇਕ[21] ਅਧਾਰੁ[22] ਤੂੰ ॥੨॥

I live by admiring[20] Thee and Thou art my mainstay[21] and support[22]

ਮੈਂ ਤੇਰੀ ਕੀਰਤੀ ਕਰ ਕੇ[20] ਜੀਉਂਦਾ ਹਾਂ, ਤੂੰ ਮੇਰਾ ਆਸਰਾ[21] ਤੇ ਓਟ[22] ਹੈਂ !

ਦਰਿ[23] ਸੇਵਕੁ[24] ਦਰਵਾਨੁ[25] ਦਰਦੂ[26] ਤੂੰ ਜਾਣਹੀ[27] ॥

I am Thine slave[24] and a porter[25] at Thy gate[23] Thou knowest[27] my pain[26].

ਮੈਂ ਤੇਰਾ ਗੋਲਾ[24], ਅਤੇ ਤੇਰੇ ਬੂਹੇ[23] ਤੇ ਦੁਆਰਪਾਲ[25] ਹਾਂ । ਤੂੰ ਮੇਰੀ ਪੀੜ[26] ਨੂੰ ਜਾਣਦਾ[27] ਹੈਂ ।

ਭਗਤਿ[28] ਤੇਰੀ ਹੈਰਾਨੁ[29] ਦਰਦੁ[30] ਗਵਾਵਹੀ[31] ॥੩॥

Wondrous[29] is Thy devotional service[28]. Which removes[31] all pain[30].

ਅਸਚਰਜ[29] ਹੈ ਤੇਰੀ ਪ੍ਰੇਮ ਮਈ ਸੇਵਾ[28] । ਇਹ ਸਮੂਹ ਪੀੜ[30] ਨੂੰ ਦੂਰ[31] ਕਰ ਦਿੰਦੀ ਹੈ ।

ਦਰਗਹ[32] ਨਾਮੁ ਹਦੂਰਿ[33] ਗੁਰਮੁਖਿ[34] ਜਾਣਸੀ[35] ॥

The Guru-wards[34] know[35] that by uttering God's Name, they shall abide in His court[32] and presence[33].

ਗੁਰੂ-ਸਮਰਪਣ[34] ਜਾਣਦੇ[35] ਹਨ ਕਿ ਹਰੀ ਦੇ ਨਾਮ ਦਾ ਜਾਪ ਕਰਨ ਦੁਆਰਾ ਉਹ ਉਸ ਦੇ ਦਰਬਾਰ[32] ਤੇ ਹਜ਼ੂਰੀ[33] ਵਿਚ ਵੱਸਣਗੇ ।

ਵੇਲਾ[36] ਸਚੁ ਪਰਵਾਣੁ[37]

True and acceptable[37] is the time[36],

ਸੱਚਾ ਅਤੇ ਪ੍ਰਮਾਣੀਕ[37] ਹੈ ਉਹ ਸਮਾਂ[36], ਜਦ ਇਨਸਾਨ

ਸਬਦੁ[38] ਪਛਾਣਸੀ[39] ॥੪॥	when one recognises[39] the Lord's Name[38].	ਸੁਆਮੀ ਦੇ ਨਾਮ[38] ਦੀ ਸਿੰਆਣ[39] ਕਰਦਾ ਹੈ ।
ਸਤੁ[40] ਸੰਤੋਖੁ[41] ਕਰਿ[42] ਭਾਉ[43] ਤੋਸਾ[44] ਹਰਿ ਨਾਮੁ ਸੇਇ[45] ॥	They[45], who practise[42] truth[40], contentment[41] and love[43], obtain the viaticum[44] of God's Name.	ਜੋ ਸੱਚ[40],ਸੰਤੁਸ਼ਟਤਾ[41]ਅਤੇ ਪ੍ਰੀਤ[43] ਦੀ ਕਮਾਈ ਕਰਦੇ[42] ਹਨ, ਉਹ[45] ਹਰੀ ਦੇ ਨਾਮ ਦਾ ਸਫ਼ਰ-ਖ਼ਰਚ[44] ਹਾਸਲ ਕਰ ਲੈਂਦੇ ਹਨ ।
ਮਨਹੁ[46] ਛੋਡਿ[47] ਵਿਕਾਰ[48] ਸਚਾ[49] ਸਚੁ[50] ਦੇਇ[51] ॥੫॥	From thy mind[46], banish[47] thou thy vice[48] and the True One[49] shall grant[51] thee truth[50].	ਆਪਣੇ ਹਿਰਦੇ[46] ਤੋਂ ਤੂੰ ਪਾਪ[48] ਨੂੰ ਦੂਰ ਕਰ[47] ਦੇ,ਅਤੇ ਸਤਿਪੁਰਖ[49] ਤੈਨੂੰ ਸੱਚ[50] ਪਰਦਾਨ[51] ਕਰੇਗਾ ।
ਸਚੇ[52] ਸਚਾ ਨੇਹੁ[53] ਸਚੈ[54] ਲਾਇਆ[55] ॥	The True Lord[52] inspires[55] the true[54] with the True love[53] of His.	ਸੱਚਾ ਸੁਆਮੀ[52], ਸਚਿਆਰਾਂ[54] ਨੂੰ ਆਪਣਾ ਸੱਚਾ ਪ੍ਰੇਮ[53] ਲਾ ਦਿੰਦਾ[55] ਹੈ ।
ਆਪੇ[56] ਕਰੇ ਨਿਆਉ[57] ਜੋ[58] ਤਿਸੁ[59] ਭਾਇਆ[60] ॥ ੬॥	The Lord Himself[56] administers justice[57], the one which[58] pleases[60] Him[59].	ਸੁਆਮੀ ਆਪ ਹੀ[56] ਇਨਸਾਫ਼[57] ਕਰਦਾ ਹੈ, ਜਿਹੜਾ[58] ਉਸ ਨੂੰ[59] ਚੰਗਾ[60] ਲੱਗਦਾ ਹੈ ।
ਸਚੇ[61] ਸਚੀ[66]ਦਾਤਿ[62]ਦੇਹਿ[63] ਦਇਆਲੁ[64] ਹੈ[65] ॥	True[66] is[65] the gift[62], which the True[61] and Merciful[64] Master bestows[63].	ਸੱਚੀ ਸੁੱਚੀ[66] ਹੈ[65] ਬਖ਼ਸ਼ੀਸ਼[62], ਜੋ ਸੱਚਾ[61] ਅਤੇ ਮਿਹਰਬਾਨ[64] ਮਾਲਕ ਬਖ਼ਸ਼ਦਾ[63] ਹੈ ।
ਤਿਸੁ[67] ਸੇਵੀ[68] ਦਿਨੁ ਰਾਤਿ ਨਾਮੁ ਅਮੋਲੁ[69] ਹੈ ॥੭॥	Day and night I serve[68] Him[67], priceless[69] is whose Name.	ਦਿਹੁੰ ਰੈਣ ਮੈਂ ਉਸ[67] ਦੀ ਸੇਵਾ[68] ਕਰਦਾ ਹਾਂ,ਅਮੋਲਕ[69] ਹੈ ਜਿਸ ਦਾ ਨਾਮ ।
ਤੂੰ ਉਤਮੁ[70] ਹਉ[71] ਨੀਚੁ[72] ਸੇਵਕੁ[73] ਕਾਂਢੀਆ[74] ॥	Thou art sublime[70] and I[71] am grovelling[72] but I am called[74] Thine serf[73].	ਤੂੰ ਸ੍ਰੇਸ਼ਟ[70] ਹੈਂ ਅਤੇ ਮੈਂ[71] ਅਧਮ[72] ਹਾਂ, ਪਰ ਮੈਂ ਤੇਰਾ ਨਫ਼ਰ[73] ਆਖਿਆ ਜਾਂਦਾ[74] ਹਾਂ ।
ਨਾਨਕੁ ਨਦਰਿ[75] ਕਰੇਹੁ[76] ਮਿਲੈ[77] ਸਚੁ[79] ਵਾਂਢੀਆ[78] ॥੮॥੨੧॥	Cast[76] Thy merciful glance[75] on me, Nanak, that I, who am separated[78] from Thee, may meet[77] Thee, O True Lord[79].	ਆਪਣੀ ਮਿਹਰ ਦੀ ਨਜ਼ਰ[75] ਮੈਂ, ਨਾਨਕ ਉੱਤੇ, ਧਾਰ[76] ਤਾਂ ਜੋ, ਮੈਂ ਜੋ ਤੇਰੇ ਨਾਲੋਂ ਵਿਛੜਿਆ[78] ਹੋਇਆ ਹਾਂ, ਤੈਨੂੰ ਮਿਲ[77] ਪਵਾਂ, ਹੇ ਸੱਚੇ ਸਾਹਿਬ[79] !
ਆਸਾ ਮਹਲਾ ੧ ॥	Asa Ist Guru.	ਆਸਾ ਪਹਿਲੀ ਪਾਤਸ਼ਾਹੀ ।
ਆਵਣ[80] ਜਾਣਾ ਕਿਉ[81] ਰਹੈ[82] ਕਿਉ ਮੇਲਾ ਹੋਈ ॥	How[81] can man's transmigration[80] cease[82], and how can he meet the Lord ?	ਇਨਸਾਨ ਦਾ ਆਵਾਗਉਨ[80]ਕਿਸ ਤਰ੍ਹਾਂ[81] ਮੁੱਕ[82] ਸਕਦਾ ਹੈ, ਅਤੇ ਕਿਸ ਤਰ੍ਹਾਂ ਉਹ ਪ੍ਰਭੂ ਨੂੰ ਮਿਲ ਸਕਦਾ ਹੈ ?
ਜਨਮ[83] ਮਰਣ[84] ਕਾ ਦੂਖੁ[85] ਘਣੋ[86] ਨਿਤ[87] ਸਹਸਾ[88] ਦੋਈ[89] ॥੧॥	Great[86] is the agony[85] of birth[83] and death[84], and doubt[88] and duality[89] ever[87] agonise the mortal.	ਘਣੇਰੀ[86] ਹੈ ਪੀੜ[85] ਜੰਮਣ[83] ਅਤੇ ਮਰਨ[84]ਦੀ ਸੰਦੇਹ[88] ਅਤੇ ਦਵੈਤ-ਭਾਵ[89] ਸਦਾ[87]ਪ੍ਰਾਣੀ ਨੂੰ ਦੁਖੀ ਕਰਦੇ ਹਨ।
ਬਿਨੁ ਨਾਵੈ ਕਿਆ[90] ਜੀਵਨਾ[91] ਫਿਟੁ[92] ਧ੍ਰਿਗੁ[93] ਚਤੁਰਾਈ[94] ॥	Of what[90] avail is the life[91] without the Name ? Detestable[92] and accursed[93] is the cleverness[94].	ਨਾਮ ਦੇ ਬਾਝੋਂ ਜੀਉਣ[91] ਦਾ ਕੀ[90] ਲਾਭ ਹੈ, ਫਿੱਟੇ ਮੂੰਹ[92]ਅਤੇ ਲਾਨ੍ਹਤ[93] ਹੈ ਉਸ ਦੀ ਦਿਮਾਗੀ ਸਿਆਣਪ[94] ਉਤੇ ।

ਸਤਿਗੁਰ ਸਾਧੂ[95] ਨ ਸੇਵਿਆ[96] ਹਰਿ ਭਗਤਿ[97] ਨ ਭਾਈ[98] ॥੧॥ਰਹਾਉ॥	He, who serves[96] not the saintly[95] True Guru, him the God's service[97] pleases[98] not. Pause.	ਜੋ ਸੰਤ ਸਰੂਪ[95]ਸੱਚੇ ਗੁਰਾਂ ਦੀ ਘਾਲ[96]ਨਹੀਂ ਕਮਾਉਂਦਾ, ਉਸ ਨੂੰ ਵਾਹਿਗੁਰੂ ਦੀ ਬੰਦਗੀ[97] ਚੰਗੀ[98] ਨਹੀਂ ਲਗਦੀ। ਠਹਿਰਾਉ।
ਆਵਣ ਜਾਵਣੁ ਤਉ[99] ਰਹੈ[2] ਪਾਈਐ[3] ਗੁਰੁ ਪੂਰਾ[100] ॥	Then[99] alone do coming and going cease[2], if one meets[3] the Perfect[100] Guru.	ਕੇਵਲ ਤਦ[99] ਹੀ ਆਉਣਾ ਤੇ ਜਾਣਾ ਮਿਟਦਾ[2] ਹੈ,ਜੇਕਰ ਜੀਵ ਪੂਰਨ[100] ਗੁਰਾਂ ਨੂੰ ਮਿਲ ਪਵੇ[3]।
ਰਾਮ[4] ਨਾਮੁ ਧਨੁ[5] ਰਾਸਿ[6] ਦੇਇ ਬਿਨਸੈ[7] ਭ੍ਰਮੁ[8] ਕੂਰਾ[9] ॥੨॥	He gives the capital[6] of the wealth[6] of Lord's[4] Name, wherewith the false[9] doubt[8] is destroyed[7].	ਉਹ ਸਾਂਈ[4] ਦੇ ਨਾਮ ਦੀ ਦੌਲਤ[5] ਦੀ ਪੂੰਜੀ[6]ਦਿੰਦੇ ਹਨ, ਜਿਸ ਦੇ ਨਾਲ ਕੂੜਾ[9] ਸੰਦੇਹ[8] ਨਾਸ[7] ਹੋ ਜਾਂਦਾ ਹੈ।
ਸੰਤ ਜਨਾ[10] ਕਉ ਮਿਲਿ[12] ਰਹੈ ਧਨੁ[13] ਧਨੁ ਜਸੁ[14] ਗਾਏ ॥	Hail[13]! hail unto the man who remains[12] in the society of the pious persons[10], and sings Lord's praise[14].	ਸ਼ਾਬਾਸ਼[13]! ਸ਼ਾਬਾਸ਼ ਹੈ, ਉਸ ਇਨਸਾਨ ਨੂੰ ਜੋ ਪਵਿੱਤ੍ਰ ਪੁਰਸ਼ਾਂ[10] ਦੀ ਸੰਗਤ ਵਿਚ ਰਹਿੰਦਾ[12] ਹੈ ਅਤੇ ਸਾਂਈ ਦੀ ਕੀਰਤੀ[14] ਗਾਉਂਦਾ ਹੈ।
ਆਦਿ ਪੁਰਖੁ[15] ਅਪਰੰਪਰਾ[16] ਗੁਰਮੁਖਿ[17] ਹਰਿ ਪਾਏ[18] ॥ ੩॥	God, the Limitless[16] Primal[15] Lord, is obtained[18], through the Guru[17].	ਅੰਤ-ਰਹਿਤ[16] ਪ੍ਰਿਥਮ[15] ਪ੍ਰਭੂ ਵਾਹਿਗੁਰੂ, ਗੁਰਾਂ ਦੇ ਰਾਹੀਂ[17], ਪ੍ਰਾਪਤ[18] ਹੁੰਦਾ ਹੈ।
ਨਟੂਐ[19] ਸਾਂਗੁ[20]ਬਣਾਇਆ[21] ਬਾਜੀ[22] ਸੰਸਾਰਾ[23] ॥	This world[23] play[22] is fashioned[21] like the mimicry[20] of a buffoon[19].	ਇਹ ਜਗਤ[23] ਖੇਡ[22] ਬਹੁਰੂਪੀਏ[19] ਦੇ ਸੁਆਂਗ[20] ਦੀ ਮਾਨਿੰਦ ਸਾਜੀ[21] ਹੋਈ ਹੈ।
ਖਿਨੁ[24] ਪਲੁ[25] ਬਾਜੀ[26] ਦੇਖੀਐ ਉਝਰਤ[27] ਨਹੀ ਬਾਰਾ[28] ॥੪॥	For a moment[24] and trice[25] one sees the show[26] but it takes no time[28] in disappearing[27].	ਇਕ ਮੁਹਤ[24]ਅਤੇ ਚਸੇ[25] ਲਈ ਆਦਮੀ ਇਹ ਤਮਾਸ਼ਾ[26] ਵੇਖਦਾ ਹੈ। ਇਸ ਦੇ ਨਾਸ[27] ਹੁੰਦਿਆਂ ਕੋਈ ਵਕਤ[28] ਨਹੀਂ ਲੱਗਦਾ।
ਹਉਮੈ[29] ਚਉਪੜਿ[30] ਖੇਲਣਾ[31]ਝੂਠੇ[32]ਅਹੰਕਾਰਾ[33]॥	With the dice of falsehood[32] and egotism[33], the mortals play[31] the dice-game[30] of self-conceit[29].	ਕੂੜ[32] ਅਤੇ ਹੰਕਾਰ[33] ਦੀਆਂ ਨਰਦਾਂ ਨਾਲ, ਪ੍ਰਾਣੀ ਸਵੈ-ਹੰਗਤਾ[29] ਦੇ ਪਾਸੇ ਦੀ ਖੇਡ[30] ਖੇਡਦੇ[31] ਹਨ।
ਸਭੁ ਜਗੁ[34] ਹਾਰੈ[35] ਸੋ[36] ਜਿਣੈ[37] ਗੁਰ ਸਬਦੁ[38] ਵੀਚਾਰਾ[39] ॥੫॥	The whole world[34] loses[35], but wins[37] he[36], who ponders over[39] Guru's hymns[38].	ਸਾਰਾ ਜਹਾਨ[34] ਹਾਰ ਜਾਂਦਾ[35] ਹੈ, ਅਤੇ ਜਿਤਦਾ[37] ਹੈ ਉਹ[36],ਜੋ ਗੁਰਾਂ ਦੀ ਬਾਣੀ[38] ਦਾ ਧਿਆਨ ਧਾਰਦਾ[39]ਹੈ।
ਜਿਉ[40] ਅੰਧੁਲੈ[41] ਹਥਿ[42] ਟੋਹਣੀ[43] ਹਰਿਨਾਮੁ ਹਮਾਰੈ[44] ॥	As[40] is the stick[43] in the hand[42] of the blind[41], so is God's Name with me[44].	ਜਿਸ ਤਰ੍ਹਾਂ[40] ਅੰਨ੍ਹੇ[41] ਦੇ ਹੱਥ[42] ਵਿੱਚ ਸੋਟੀ[43] ਹੈ, ਏਸੇ ਤਰ੍ਹਾਂ ਹੀ ਮੇਰੇ[44] ਲਈ ਵਾਹਿਗੁਰੂ ਦਾ ਨਾਮ ਹੈ।
ਰਾਮ[45] ਨਾਮੁ ਹਰਿ[46] ਟੇਕ[47] ਹੈ ਨਿਸਿ[48] ਦਉਤ[49] ਸਵਾਰੈ[50] ॥੬॥	Night[48], day[49] and morn[50] Lord[46] God's[46] Name is my support[47].	ਰੈਣ[48] ਦਿਹੂੰ[49] ਅਤੇ ਸਵੇਰੇ[50] ਵਾਹਿਗੁਰੂ[45] ਸੁਆਮੀ[46] ਦਾ ਨਾਮ ਮੇਰਾ ਆਸਰਾ[47] ਹੈ।
ਜਿਉ[51] ਤੂੰ ਰਾਖਹਿ ਤਿਉ[52] ਰਹਾ ਹਰਿਨਾਮ ਅਧਾਰਾ[53]॥	As[51] Thou keepest me, O God, so[52] do I live. Thy Name is my mainstay[53].	ਜਿਸ ਤਰ੍ਹਾਂ[51] ਤੂੰ ਮੈਨੂੰ ਰਖਦਾ ਹੈਂ, ਹੇ ਵਾਹਿਗੁਰੂ! ਉਸੇ ਤਰ੍ਹਾਂ[52]ਹੀ ਮੈਂ ਰਹਿੰਦਾ ਹਾਂ। ਤੇਰਾ ਨਾਮ ਮੇਰੀ ਓਟ[53]ਹੈ।

ਅੰਤਿ[54] ਸਖਾਈ[55] ਪਾਇਆ[59] [56]ਜਨ ਮੁਕਤਿ[57] ਦੁਆਰਾ[58] ॥੭॥	Thy serf[56] has found[59] the Name, which is the succourer[58] in the end[54] and door[56] to salvation[57].	ਨਾਮ ਨੂੰ ਜੋ ਅਖੀਰ[54] ਨੂੰ ਸਹਾਇਤਾ ਕਰਨ ਵਾਲਾ[55] ਅਤੇ ਮੋਖਸ਼[57] ਦਾ ਦਰਵਾਜ਼ਾ[58] ਹੈ ਤੇਰੇ ਗੋਲੇ[56] ਨੇ ਪ੍ਰਾਪਤ[59] ਕਰ ਲਿਆ ਹੈ।
ਜਨਮ ਮਰਣ ਦੁਖ ਮੇਟਿਆ[60] ਜਪਿ[61] ਨਾਮੁ [62]ਮੁਰਾਰੇ[63] ॥	The pain of birth and death is removed[60] by uttering[61] the Name of God, the Enemy[63] of pride[62].	ਹੰਕਾਰ[62] ਦੇ ਵੈਰੀ[63] ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰਨ ਦੁਆਰਾ[61] ਜੰਮਣ ਤੇ ਮਰਨ ਦਾ ਕਸ਼ਟ ਦੂਰ[60] ਹੋ ਜਾਂਦਾ ਹੈ।
ਨਾਨਕ ਨਾਮੁ ਨ ਵੀਸਰੈ[64] ਪੂਰਾ[65] ਗੁਰੁ ਤਾਰੇ[66] ॥੮॥ ੨੨॥	Nanak, the Perfect[65] Guru delivers[66] the mortal, who forgets[64] not God's Name.	ਨਾਨਕ, ਪੂਰਣ[65] ਗੁਰੂ ਜੀ ਉਸ ਪ੍ਰਾਣੀ ਦਾ ਪਾਰ[66] ਉਤਾਰਾ ਕਰ ਦਿੰਦੇ ਹਨ, ਜੋ ਰੱਬ ਦੇ ਨਾਮ ਨੂੰ ਨਹੀਂ ਭੁਲਾਉਂਦਾ[64]।
ਆਸਾ ਮਹਲਾ ੩ ਅਸਟਪਦੀਆ ਘਰੁ ੨	Asa 3rd Guru. Ashtpadis.	ਆਸਾ ਤੀਜੀ ਪਾਤਸ਼ਾਹੀ। ਅਸਟਪਦੀਆਂ।
੧ ੴ ਸਤਿਗੁਰ ਪ੍ਰਸਾਦਿ ॥	There is but one God. By True Guru's grace He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਸਾਸਤੁ ਬੇਦੁ ਸਿੰਮ੍ਰਿਤਿ ਸਰੁ[67] ਤੇਰਾ ਸੁਰਸਰੀ[68] ਚਰਣ[69] ਸਮਾਣੀ[70] ॥	The six Shashtras, four Vedas and the twentyseven Simritis are contained in the ocean[67] of Thy Name and the Ganges[68] is contained[70] in Thine holy feet[69], O Lord.	ਛੇ ਸ਼ਾਸਤਰ, ਚਾਰ ਵੇਦ ਅਤੇ ਸਤਾਈ ਸਿਮਰਤੀਆਂ ਤੇਰੇ ਨਾਮ ਦੇ ਸਮੁੰਦਰ[67] ਅੰਦਰ ਰਮੀਆਂ ਹੋਈਆਂ ਹਨ ਅਤੇ ਗੰਗਾ[68] ਤੇਰੇ ਪੈਰਾਂ[69] ਵਿਚ ਲੀਨ[70] ਹੋਈ ਹੈ, ਹੇ ਸੁਆਮੀ!
ਸਾਖਾ[71] ਤੀਨਿ[72] ਮੂਲੁ[73] ਮਤਿ[74] ਰਾਵੈ[75] ਤੂੰ ਤਾਂ ਸਰਬ[76] ਵਿਡਾਣੀ[77] ॥	Human intellect[74] can understand[75] the world of three[72] qualities or branches[71], but Thou O Primal Lord[73], art altogether[76] wondrous[77].	ਮਨੁੱਖੀ ਅਕਲ[74] ਤਿੰਨਾਂ[72] ਗੁਣਾਂ ਜਾਂ ਟਹਿਣੀਆਂ[71] ਵਾਲੇ ਸੰਸਾਰ ਨੂੰ ਸਮਝ[75] ਸਕਦੀ ਹੈ, ਪਰ ਤੂੰ ਤਾਂ, ਹੇ ਆਦੀ ਸਾਹਿਬ[73] ਬਿਲਕੁਲ[76] ਹੀ ਅਦੁਭੁਤ[77] ਹੈਂ।
ਤਾਕੇ[78] ਚਰਣ[79] ਜਪੈ[80] ਜਨੁ[81] ਨਾਨਕੁ ਬੋਲੇ[82] ਅੰਮ੍ਰਿਤ[83] ਬਾਣੀ[84] ॥੧॥ ਰਹਾਉ॥	Slave[81] Nanak, meditates[80] on His[78] Feet[79] and utters[82] the ambrosial[83] Gurbani[84]. Pause.	ਨਫ਼ਰ[81] ਨਾਨਕ,ਉਸ ਦੇ[78]ਪੈਰਾਂ[79] ਦਾ ਆਰਾਧਨ[80]ਕਰਦਾ ਅਤੇ ਸੁਧਾ ਸਰੂਪ[83] ਗੁਰਬਾਣੀ[84] ਨੂੰ ਉਚਾਰਦਾ[82] ਹੈ। ਠਹਿਰਾਉ।
੪੨੩		
ਤੇਤੀਸ[85] ਕਰੋੜੀ ਦਾਸ[86] ਤੁਮ੍ਹਾਰੇ ਰਿਧਿ[87] ਸਿਧਿ[88] ਪ੍ਰਾਣ[89] ਅਧਾਰੀ[90] ॥	Thirty-three[85] crores of gods are Thine servants[86], Thou givest wealth[87] and supernatural powers[88] and Thou art the prop[90] of life[89].	ਤੇਤੀ[85] ਕਰੋੜ ਦੇਵਤੇ ਤੇਰੇ ਨੌਕਰ[86] ਹਨ, ਤੂੰ ਦੌਲਤ[87] ਅਤੇ ਗ਼ੈਬੀ ਤਾਕਤਾਂ[88] ਬਖ਼ਸ਼ਦਾ ਹੈਂ। ਤੂੰ ਹੀ ਜੀਵਨ[89] ਦਾ ਆਸਰਾ[90] ਹੈਂ।
ਤਾਕੇ[91] ਰੂਪ[92] ਨ ਜਾਹੀ ਲਖਣੇ[93] ਕਿਆ[94] ਕਰਿ[95] ਆਖਿ[96] ਵੀਚਾਰੀ[97] ॥੨॥	His[91] forms[92] cannot be comprehended[93]. What[94] can men do[95] by narrating[96] and discussing[97] ?	ਉਸ ਦੇ[91] ਸਰੂਪ[92] ਜਾਣੇ[93]ਨਹੀਂ ਜਾ ਸਕਦੇ। ਵਰਨਣ[96] ਕਰਨ ਤੇ ਸੋਚਣ[97] ਦੁਆਰਾ ਬੰਦੇ ਕੀ[94] ਕਰ ਸਕਦੇ[95] ਹਨ ?

ਤੀਨਿ ਗੁਣਾ[98] ਤੇਰੇ ਜੁਗ ਹੀ ਅੰਤਰਿ[99] ਚਾਰੇ ਤੇਰੀਆ ਖਾਣੀ[100] ॥	In[99] every age, Thine art the three qualities[98] and Thine the four sources of production[100].	ਹਰ ਯੁੱਗ ਅੰਦਰ[99] ਤਿੰਨੇ ਲੱਛਣ[98] ਤੇਰੇ ਹਨ, ਅਤੇ ਚਾਰੇ ਉਤਪਤੀ[100] ਦੇ ਸੋਮੇ ਭੀ ਤੇਰੇ ।
ਕਰਮੁ[2] ਹੋਵੈ ਤਾ[3] [4]ਪਰਮ ਪਦੁ[5] ਪਾਈਐ ਕਥੇ[6] ਅਕਥ[7] ਕਹਾਣੀ[8] ॥ ੩॥	If Thou be graoious[2], then[3] does the man obtain the supreme[4] status[5] and utters[6] the ineffable[7] discourse[8] of Thine, O Lord.	ਜੇਕਰ ਤੂੰ ਮਿਹਰਬਾਨ[2] ਹੋਵੇਂ ਤਾਂ[3] ਹੀ ਇਨਸਾਨ ਮਹਾਨ[4] ਮਰਤਬੇ[5] ਨੂੰ ਪਾਉਂਦਾ ਹੈ ਅਤੇ ਤੇਰੀ ਅਕਹਿ[7] ਸਾਖੀ[8] ਨੂੰ ਉਚਾਰਨ[6] ਕਰਦਾ ਹੈ, ਹੇ ਸੁਆਮੀ !
ਤੂੰ ਕਰਤਾ[9] ਕੀਆ ਸਭੁ ਤੇਰਾ ਕਿਆ[10] ਕੋ[12] ਕਰੇ ਪਰਾਣੀ[13] ॥	Thou art the Creator[9], all are created by Thee. What[10] can any[12] mortal[13] do ?	ਤੂੰ ਸਿਰਜਣਹਾਰ[9] ਹੈਂ,ਸਾਰੇ ਤੇਰੇ ਸਾਜੇ ਹੋਏ ਹਨ, ਕੋਈ[12] ਜੀਵ[13] ਕੀ[10] ਕਰ ਸਕਦਾ ਹੈ ?
ਜਾ ਕਉ ਨਦਰਿ[14] ਕਰਹਿ[15] ਤੂੰ ਅਪਣੀ ਸਾਈ[16] ਸਚਿ ਸਮਾਣੀ[17] ॥੪॥	He alone[16], on whom Thou showerest[15] Thy grace[14], gets absorbed[17] in truth.	ਕੇਵਲ ਓਹੀ[16], ਜਿਸ ਉੱਤੇ ਤੂੰ ਆਪਣੀ ਰਹਿਮਤ[14] ਧਾਰਦਾ[15] ਹੈਂ, ਸੱਚ ਅੰਦਰ ਲੀਨ[17] ਹੁੰਦਾ ਹੈ ।
ਨਾਮੁ ਤੇਰਾ ਸਭੁ ਕੋਈ[18] ਲੇਤੁ[19] ਹੈ ਜੇਤੀ ਆਵਣ ਜਾਣੀ ॥	Every one[18], who comes and goes, utters[19] Thy Name.	ਹਰ ਜਣਾ[18], ਜੋ ਆਉਂਦਾ ਅਤੇ ਜਾਂਦਾ ਹੈ ਤੇਰੇ ਨਾਮ ਨੂੰ ਉਚਾਰਦਾ[19] ਹੈ ।
ਨਾ ਤਰਨਾ[62] ਤੁਲਹਾ[63] ਹਮ[64] ਬੂਡਸਿ[65] ਤਾਰਿ ਲੇਹਿ[68] ਤਾਰਣ[66] ਰਾਇਆ[67] ॥੧੯॥	I have no boat[62], nor any raft[63]. I[64] am drowning[65]. Save[68] me, O my Saviour[66] King[67].	ਮੇਰੇ ਕੋਲ ਨਾ ਕਿਸ਼ਤੀ[62] ਹੈ, ਨਾ ਹੀ ਕੋਈ ਤੁਲਹੜਾ[63] । ਮੈਂ[64] ਡੁਬ ਰਿਹਾ[65] ਹਾਂ । ਹੇ ਬਚਾਉਣ ਵਾਲੇ[66] ਪਾਤਸ਼ਾਹ[67] ! ਮੈਨੂੰ ਬਚਾ ਲੈ[68] ।
ਥਥੈ ਥਾਨਿ[69] ਥਾਨੰਤਰਿ[70] ਸੋਈ[71] ਜਾ ਕਾ[72] ਕੀਆ[73] ਸਭੁ[74] ਹੋਆ[75] ॥	Th:—In spaces[69] and inter-spaces[70] He[71],the Lord,is and by His[72] doing[73] everything[74] has come into being[75].	ਥ-ਥਾਵਾਂ[69] ਅਤੇ ਥਾਵਾਂ ਦੇ ਅੰਤਰੀਵ[70] ਉਹ[71] ਸੁਆਮੀ ਹੈ । ਉਸ ਦੇ[72] ਕਰਨ[73] ਦੁਆਰਾ ਹਰ ਸ਼ੈ[74] ਹੋਂਦ ਵਿਚ ਆਈ ਹੈ[75] ।
ਕਿਆ[76] ਭਰਮੁ[77] ਕਿਆ	What[76] is doubt[77]? What is called[79]	ਸੰਦੇਹ[77] ਕੀ[76] ਹੈ ? ਮੋਹਨੀ[78] ਕਿਸ ਨੂੰ ਆਖਦੇ[79] ਹਨ ?

ਮਾਇਆ[78] ਕਹੀਐ[79] ਜੋ[80] ਤਿਸੁ[81] ਭਾਵੈ[82] ਸੋਈ[83] ਭਲਾ[84] ॥੨੦॥	mammon[78]? whatever[80] pleases[82] Him[81], that[83] is good[84].	ਜਿਹੜਾ ਕੁਛ[80] ਉਸ ਨੂੰ[81] ਭਾਉਂਦਾ[82] ਹੈ, ਉਹੀ[83] ਚੰਗਾ[84] ਹੈ।
ਦਦੈ ਦੋਸੁ[85] ਨ ਦੇਊ[86] ਕਿਸੈ ਦੋਸੁ ਕਰੰਮਾ[87] ਆਪਣਿਆ ॥	D:—Impute[86] not blame[85] to any one. The fault is of thy own deeds[87].	ਡ-ਕਿਸੇ ਤੇ ਇਲਜ਼ਾਮ[85] ਨਾ ਲਾ[86]। ਕਸੂਰ ਤੇਰੇ ਆਪਣੇ ਅਮਲਾਂ[87] ਦਾ ਹੈ।
ਜੋ[88] ਮੈ ਕੀਆ ਸੋ[89] ਮੈ ਪਾਇਆ ਦੋਸੁ ਨ ਦੀਜੈ ਅਵਰ[90] ਜਨਾ[91] ॥੨੧॥	Whatever[88] I did, for that[89] I have suffered. I blame no one[91] else[90].	ਜੋ ਕੁਛ[88] ਮੈਂ ਕੀਤਾ ਸੀ, ਉਸ ਦਾ[89] ਫਲ ਮੈਂ ਪਾ ਲਿਆ ਹੈ। ਮੈਂ ਕਿਸੇ ਹੋਰਸ[90] ਪੁਰਸ਼[91] ਤੇ ਦੂਸ਼ਨ ਨਹੀਂ ਲਾਉਂਦਾ।
ਧਧੈ ਧਾਰਿ[92] ਕਲਾ[93] ਜਿਨਿ[94] ਛੋਡੀ[95] ਹਰਿ ਚੀਜੀ[96] ਜਿਨਿ[97] ਰੰਗ[98] ਕੀਆ[99] ॥ ਤਿਸ[100] ਦਾ ਦੀਆ[2] ਸਭਨੀ[3] ਲੀਆ[4] ਕਰਮੀ ਕਰਮੀ[5] ਹੁਕਮੁ[6] ਪਇਆ[7] ॥੨੨॥	Dh:—Whose[94] power[93] has installed[95] and upheld[92] the earth and who[97] has imparted[99] dye[98] to everything[96], whose[100] gifts[2], everyone[3] receives[4], His will[6] works[7] according to mortals deeds[5].	ਢ-ਜਿਸ ਦੀ[94] ਤਾਕਤ[93] ਨੇ ਧਰਤੀ ਨੂੰ ਟਿਕਾਇਆ[95], ਅਤੇ ਥੰਮਿਆ[92] ਹੋਇਆ ਹੈ, ਜਿਸ ਨੇ[97] ਹਰ ਸ਼ੈ[96] ਨੂੰ ਰੰਗਤ[98] ਬਖ਼ਸ਼ੀ[99] ਹੈ ਅਤੇ ਜਿਸ ਦੀਆਂ[100] ਦਾਤਾਂ[2] ਹਰ ਜਣਾ[3] ਲੈਂਦਾ[4] ਹੈ, ਉਸ ਦੀ ਰਜ਼ਾ[6] ਪ੍ਰਾਣੀਆਂ ਦੇ ਅਮਲਾਂ[5] ਅਨੁਸਾਰ ਕੰਮ[7] ਕਰਦੀ ਹੈ।
ਨੰਨੈ ਨਾਹ[8] ਭੋਗ[9] ਨਿਤ[10] ਭੋਗੈ[12] ਨਾ ਡੀਠਾ[13] ਨਾ ਸੰਮ੍ਹਲਿਆ[14] ॥	N:—The Spouse[8] ever[10] enjoys[12] pleasures[9] but He is neither seen[13] nor comprehended[14].	ਨ-ਕੰਤ[8] ਸਦਾ[10] ਹੀ ਅਨੰਦ[9] ਮਾਣਦਾ[12] ਹੈ। ਉਹ ਨਾ ਦੇਖਿਆ[13] ਤੇ ਨਾ ਹੀ ਸਮਝਿਆ[14] ਜਾਂਦਾ ਹੈ।
ਗਲੀ[15] ਹਉ[16] ਸੋਹਾਗਣਿ[17] ਭੈਣੇ[18] ਕੰਤੁ[19] ਨ ਕਬਹੂੰ ਮੈ ਮਿਲਿਆ ॥੨੩॥	Undoubtedly I[16] am called[15] the wife[17], but my Groom[19] has never met me, O my sister[18].	ਮੈਂ[16] ਆਖਣ ਨੂੰ ਤਾਂ ਵਿਆਹੁਤੀ ਵਹੁਟੀ[17] ਆਖੀ ਜਾਂਦੀ[15] ਹਾਂ, ਪਰ ਮੇਰਾ ਭਰਤਾ[19] ਮੈਨੂੰ ਕਦੇ ਭੀ ਨਹੀਂ ਮਿਲਿਆ, ਹੇ ਮੇਰੀ ਅੰਮਾ ਜਾਈਏ[18]!
ਪਪੈ ਪਾਤਿਸਾਹੁ[20] ਪਰਮੇਸਰੁ[21] ਵੇਖਣ[22] ਕਉ ਪਰਪੰਚੁ[23] ਕੀਆ[24] ॥	P:—The Transcendent Lord[21] our King[20], has made[24] the world[23] to behold[22].	ਪ-ਪਰਮ ਪ੍ਰਭੂ[21], ਸਾਡੇ ਰਾਜੇ[20] ਨੇ ਦੇਖਣ[22] ਲਈ ਸੰਸਾਰ[23] ਸਾਜਿਆ[24] ਹੈ।
ਦੇਖੈ ਬੂਝੈ ਸਭ ਕਿਛੁ[25] ਜਾਣੈ ਅੰਤਰਿ ਬਾਹਰਿ ਰਵਿ ਰਹਿਆ[26] ॥੨੪॥	He sees, understands and knows everything[25]. Within and without He is pervading[26].	ਉਹ ਵੇਖਦਾ ਹੈ, ਸਮਝਦਾ ਹੈ, ਅਤੇ ਸਾਰਾ ਕੁੱਝ[25] ਜਾਣਦਾ ਹੈ। ਅੰਦਰ ਤੇ ਬਾਹਰ ਉਹ ਵਿਆਪਕ[26] ਹੋ ਰਿਹਾ ਹੈ।
ਫਫੈ ਫਾਹੀ[27] ਸਭੁ ਜਗੁ ਫਾਸਾ[28] ਜਮ[29] ਕੈ ਸੰਗਲਿ[30] ਬੰਧਿ ਲਇਆ[31] ॥	Ph:—The whole world is entangled[28] in a noose[27] and bound[31] with Death's[29] chain[30].	ਫ-ਸਾਰਾ ਜਹਾਨ ਫਾਂਸੀ[27] ਵਿਚ ਫਾਥਾ ਹੋਇਆ[28] ਹੈ ਅਤੇ ਮੌਤ[29] ਦੇ ਜੰਜ਼ੀਰ[30] ਨਾਲ ਜਕੜਿਆ[31] ਹੋਇਆ ਹੈ।
ਗੁਰ ਪਰਸਾਦੀ[31*] ਸੇ[32] ਨਰ[33] ਉਬਰੇ[34] ਜਿ ਹਰਿ ਸਰਣਾਗਤਿ[35] ਭਜਿ[36] ਪਇਆ[37] ॥੨੫॥	Only those[32] persons[33] are saved[34] who by Guru's grace[31*] run[36] and enter[37] God's sanctuary[35].	ਕੇਵਲ ਓਹੀ[32] ਪੁਰਸ਼[33] ਪਾਰ ਉਤਰਦੇ[34] ਹਨ, ਜੋ ਗੁਰਾਂ ਦੀ ਦਇਆ ਦੁਆਰਾ[31*] ਨਸ ਕੇ[36] ਵਾਹਿਗੁਰੂ ਦੀ ਓਟ[35] ਲੈ ਲੈਂਦੇ[37] ਹਨ।
੪੩੪		
ਬਬੈ ਬਾਜੀ[38] ਖੇਲਣ[39]	B:—The Lord began to play[39] the	ਬ-ਚਾਰਾਂ ਹੀ ਯੁਗਾਂ ਨੂੰ ਆਪਣਾ ਨਰਦਾਂ ਵਾਲਾ ਕਪੜਾ[40]

ਲਾਗਾ ਚਉਪੜਿ[40] ਕੀਤੇ[41] ਚਾਰਿ ਜੁਗਾ ॥

game[38] by making[41] the four ages His dice-cloth[40].

ਬਣਾ ਕੇ[41] ਸਾਂਈਂ ਨੇ ਖੇਡ[38] ਖੇਡਣੀ[39] ਸ਼ੁਰੂ ਕਰ ਦਿੱਤੀ।

ਜੀਅ[42] ਜੰਤ[43] ਸਭ[44] ਸਾਰੀ[45] ਕੀਤੇ[46] ਪਾਸਾ ਢਾਲਣਿ[47] ਆਪਿ[48] ਲਗਾ ॥੨੬॥

He made[46] all[44] the men[42] and other beings[43] His draughtmen[45], and Himself[48] began to throw the dice[47].

ਉਸ ਨੇ ਸਾਰੇ[44] ਇਨਸਾਨਾਂ[42] ਅਤੇ ਹੋਰ ਪ੍ਰਾਣ ਧਾਰੀਆਂ[43] ਨੂੰ ਆਪਣੀਆਂ ਨਰਦਾਂ[45] ਬਣਾ ਲਿਆ[46] ਅਤੇ ਖ਼ੁਦ[48] ਗੋਟੀਆਂ ਸੁੱਟਣੀਆਂ[47] ਅਰੰਭ ਕਰ ਦਿੱਤੀਆਂ।

ਭਭੈ ਭਾਲਹਿ[49] ਸੇ ਫਲੁ[51] ਪਾਵਹਿ ਗੁਰ ਪਰਸਾਦੀ[52] ਜਿਨ੍ ਕਉ ਭਉ[53] ਪਇਆ[54] ॥

Bh :—They[50] who search[49] God and feel[54] His fear[53], by Guru's grace[52], obtain the fruit[51].

ਭ-ਜੋ[50] ਗੁਰਾਂ ਦੀ ਰਹਿਮਤ[52] ਸਦਕਾ ਵਾਹਿਗੁਰੂ ਨੂੰ ਲਭਦੇ[49] ਅਤੇ ਉਸ ਦੇ ਡਰ[53] ਨੂੰ ਅਨੁਭਵ ਕਰਦੇ[54] ਹਨ, ਉਹ[50] ਮੇਵੇ[51] ਨੂੰ ਪਾ ਲੈਂਦੇ ਹਨ।

ਮਨਮੁਖ[55] ਫਿਰਹਿ[56] ਨ ਚੇਤਹਿ[57] ਮੂੜੇ[58] ਲਖ ਚਉਰਾਸੀਹ ਫੇਰੁ[59] ਪਇਆ[60] ॥੨੭॥

The self-willed[55] fools[58] wander[56] about and remember[57] not the Lord. They go round[60] in the circuit[59] of eightyfour lakhs of births.

ਆਪ-ਹੁਦਰੇ[55] ਮੂਰਖ[58] ਭਟਕਦੇ[56] ਫਿਰਦੇ ਹਨ ਅਤੇ ਸੁਆਮੀ ਨੂੰ ਨਹੀਂ ਸਿਮਰਦੇ[57]। ਉਹ ਚੁਰਾਸੀ ਲੱਖ ਜੂਨੀਆਂ ਦੇ ਗੇੜੇ[59] ਅੰਦਰ ਪੈਂਦੇ[60] ਹਨ।

ਮੰਮੈ ਮੋਹੁ[61] ਮਰਣੁ[62] ਮਧੁ[63] ਸੂਦਨੁ[64] ਮਰਣ[65] ਭਇਆ[66] ਤਬ[67] ਚੇਤਵਿਆ[68] ॥

M :—Because of worldly love[61], the mortal thinks[68] of death[62] and God, the lover[64] of Nectar[63], only, when[67] he is about[66] to die[65].

ਮ-ਸੰਸਾਰੀ ਮਮਤਾ[61] ਦੇ ਕਾਰਨ ਪ੍ਰਾਣੀ ਮੌਤ[62] ਅਤੇ ਅੰਮ੍ਰਿਤ[63] ਦੇ ਪਿਆਰੇ[64] ਵਾਹਿਗੁਰੂ ਨੂੰ ਕੇਵਲ ਓਦੋਂ[67] ਹੀ ਚੇਤੇ ਕਰਦਾ[68] ਹੈ, ਜਦ ਉਹ ਮਰਨ[65] ਕਿਨਾਰੇ ਹੁੰਦਾ[66] ਹੈ।

ਕਾਇਆ[69]ਭੀਤਰਿ[70] ਅਵਰੋ[71] ਪੜਿਆ[72] ਮੰਮਾ ਅਖਰੁ[73] ਵੀਸਰਿਆ[74] ॥੨੮॥

As long as there is breath in[70] the body[69], he reads[72] of other[71] things and forgets[74] the letter[73] 'M' (Mout, death), and God

ਜਦ ਤਾਂਈ ਸਰੀਰ[69] ਵਿੱਚ[70] ਸੁਆਸ ਹੈ, ਉਹ ਹੋਰਸ[71] ਚੀਜ਼ਾਂ ਬਾਰੇ ਪੜ੍ਹਦਾ[72] ਹੈ ਅਤੇ 'ਮ' ਦੇ ਅਖਸ਼ਰ[73] ਮੌਤ ਤੇ ਮਧਸੂਦਨ ਨੂੰ ਭੁਲਾ ਛੱਡਦਾ[74] ਹੈ।

ਯਯੈ ਜਨਮੁ ਨ ਹੋਵੀ ਕਦ ਹੀ ਜੇਕਰਿ[75] ਸਚੁ[76] ਪਛਾਣੈ[77] ॥

Y:—if[75] man recognises[77] the True Lord[76], he is never born again,

ਯ-ਜੇ[75] ਇਨਸਾਨ ਸੱਚੇ ਸਾਹਿਬ[76] ਨੂੰ ਸਿੰਆਣ[77] ਲਵੇ, ਤਦ ਉਹ ਮੁੜ ਕੇ ਕਦਾਚਿਤ ਜਨਮ ਨਹੀਂ ਧਾਰਦਾ।

ਗੁਰਮੁਖਿ[78] ਆਖੈ[79] ਗੁਰਮੁਖਿ ਬੂਝੈ[80] ਗੁਰਮੁਖਿ ਏਕੋ[81] ਜਾਣੈ[82] ॥੨੯॥

The Guru-ward[78] utters[79], the Guru-ward understands[80], and the Guru-ward knows[82] but one God[81].

ਕੇਵਲ ਇਕ ਵਾਹਿਗੁਰੂ[81] ਨੂੰ ਹੀ ਗੁਰੂ ਅਨੁਸਾਰੀ[78] ਉਚਾਰਦਾ[79] ਹੈ। ਗੁਰੂ ਅਨੁਸਾਰੀ ਸਮਝਦਾ[80] ਹੈ ਅਤੇ ਗੁਰੂ ਅਨੁਸਾਰੀ ਜਾਣਦਾ[82] ਹੈ।

ਰਾਰੈ ਰਵਿ[83] ਰਹਿਆ ਸਭ ਅੰਤਰਿ[84] ਜੇਤੇ[85] ਕੀਏ[86] ਜੰਤਾ[87] ॥

R:—The Lord is contained[83] among[84] all the beings[87], Which[85] He has made[86].

ਰ-ਸੁਆਮੀ ਸਾਰੇ ਜੀਆਂ[87]ਅੰਦਰ[84] ਵਿਆਪਕ[83] ਹੋ ਰਿਹਾ ਹੈ, ਜਿਹੜੇ[85] ਉਸ ਨੇ ਪੈਦਾ ਕੀਤੇ[86] ਹਨ।

ਜੰਤ ਉਪਾਇ[88] ਧੰਧੈ[89] ਸਭ[90] ਲਾਏ[91] ਕਰਮੁ[92] ਹੋਆ ਤਿਨ[93] ਨਾਮੁ ਲਇਆ[94] ॥੩੦॥

Having created[88] the beings, He has put[91] them all[90] to work[89]. they[93], on whom is His grace[92], remember[94] His Name.

ਪ੍ਰਾਣਧਾਰੀਆਂ ਨੂੰ ਪੈਦਾ ਕਰਕੇ[88]ਉਸ ਨੇ ਉਨ੍ਹਾਂ ਸਾਰਿਆਂ[90] ਨੂੰ ਕੰਮਾਂ[89] ਵਿਚ ਲਾ ਦਿੱਤਾ[91]ਹੈ। ਜਿਨ੍ਹਾਂ ਉੱਤੇ ਉਸ ਦੀ ਰਹਿਮਤ[92] ਹੈ। ਉਹ[93] ਉਸ ਦਾ ਨਾਮ ਲੈਂਦੇ[94] ਹਨ।

ਲਲੈ ਲਾਇ ਧੰਧੈ[95] ਜਿਨਿ[96] ਛੋਡੀ ਮੀਠਾ[97] ਮਾਇਆ[98] ਮੋਹੁ[99] ਕੀਆ[100] ॥
ਖਾਣਾ ਪੀਣਾ ਸਮ[2] ਕਰਿ[3] ਸਹਣਾ[4] ਭਾਣੈ[5] ਤਾਕੈ[6] ਹੁਕਮੁ[7] ਪਇਆ[8] ॥੩੧॥

L:—He who[96] put the creatures to various jobs[95] has made[100] love[99] of wealth[98] sweet[97] to them.
The Lord gives to eat and drink. Whatever befalls[8] man under His[6] will[6] and command[7], he should endure[4] it as[3] alike[2].

ਲ-ਜਿਸ ਨੇ[96]ਜੀਵ-ਜੰਤਾਂ ਨੂੰ ਮੁਖ਼ਤਲਿਫ਼ ਵਿਹਾਰਾਂ[95]ਵਿੱਚ ਲਾਇਆ ਹੈ ਉਸ ਨੇ ਉਨ੍ਹਾਂ ਨੂੰ ਧਨ-ਦੌਲਤ[98] ਦਾ ਪਿਆਰ[99] ਮਿੱਠਾ[97] ਲਾ ਦਿੱਤਾ[100] ਹੈ।
ਪ੍ਰਭੂ ਖਾਣ ਅਤੇ ਪੀਣ ਨੂੰ ਦਿੰਦਾ ਹੈ! ਜਿਹੜਾ ਕੁੱਛ ਉਸ ਦੀ[6] ਰਜ਼ਾ[5] ਅਤੇ ਫ਼ੁਰਮਾਨ[7] ਤਾਬੇ ਆਦਮੀ ਨਾਲ ਵਾਪਰਦਾ[8] ਹੈ, ਉਸ ਨੂੰ ਇੱਕ ਸਮਾਨ[2] ਕਰਕੇ[3] ਸਹਾਰਨਾ[4] ਚਾਹੀਦਾ ਹੈ।

ਵਵੈ ਵਾਸੁ[9] ਦੇਉ ਪਰਮੇਸਰੁ[10] ਵੇਖਣ[12] ਕਉ ਜਿਨਿ[13] ਵੇਸੁ[14] ਕੀਆ[15] ॥
ਵੇਖੈ ਚਾਖੈ[16] ਸਭੁ[17] ਕਿਛੁ ਜਾਣੈ ਅੰਤਰਿ[18] ਬਾਹਰਿ ਰਵਿ ਰਹਿਆ[19] ॥੩੨॥

W:—The All-pervading Lord[9] is one Master[10], who[13] created[15] the vesture[14] of the world to behold[12] it.
He(God), sees, tastes[16], and knows everything[17]and is pervading[19] within[18] and without.

ਵ-ਸਰਬ-ਵਿਆਪਕ ਸੁਆਮੀ[9]ਸਾਡਾ ਮਾਲਕ[10] ਹੈ,ਜਿਸ[13] ਨੇ ਸੰਸਾਰ ਦੇ ਭੇਸ[14] ਨੂੰ ਦੇਖਣ[12] ਲਈ ਰਚਿਆ[15] ਹੈ।
ਉਹ ਦੇਖਦਾ, ਚੱਖਦਾ[16] ਅਤੇ ਸਾਰਾ ਕੁਝ[17] ਜਾਣਦਾ ਹੈ। ਅੰਦਰ[18] ਅਤੇ ਬਾਹਰ ਉਹ ਵਿਆਪਕ[19] ਹੋ ਰਿਹਾ ਹੈ।

ੜਾੜੈ ਰਾੜਿ[20]ਕਰਹਿ ਕਿਆ[21] ਪ੍ਰਾਣੀ[22] ਤਿਸਹਿ[23] ਧਿਆਵਹੁ[24] ਜਿ[25] ਅਮਰੁ[26] ਹੋਆ[27] ॥ ਤਿਸਹਿ ਧਿਆਵਹੁ ਸਚਿ[28] ਸਮਾਵਹੁ[29] ਓਸੁ[30] ਵਿਟਹੁ[31] ਕੁਰਬਾਣੁ[32] ਕੀਆ ॥੩੩॥

R:—Why[21] quarrellest[20] thou, O mortal[22] ? Meditate[24] thou on Him[23] who[25] is[27] the Imperishable Lord[26]. Meditate Him, be absorbed[29] in the True One[28], and be a sacrifice[32] unto[31] Him.[30]

ੜ-ਤੂੰ ਕਿਉਂ[21]ਬਖੇੜਾ ਕਰਦਾ ਹੈਂ[20], ਹੇ ਫਾਨੀ ਬੰਦੇ[22] ? ਤੂੰ ਉਸ ਦਾ[23] ਆਰਾਧਨ[24] ਕਰ ਜੋ[25] ਅਬਿਨਾਸ਼ੀ ਪ੍ਰਭੂ[26] ਹੈ[27]। ਉਸ ਦਾ ਸਿਮਰਨ ਕਰ, ਸਤਿਪੁਰਖ[28] ਦੇ ਅੰਦਰ ਲੀਨ[29] ਥੀ ਵੰਞ, ਅਤੇ ਉਸ[30] ਉੱਤੋਂ[31] ਬਲਿਹਾਰ[32] ਹੋ ਜਾ।

ਹਾਹੈ ਹੋਰੁ[33] ਨ ਕੋਈ ਦਾਤਾ[34] ਜੀਅ[35] ਉਪਾਇ[36] ਜਿਨਿ[37] ਰਿਜਕੁ[38] ਦੀਆ ॥
ਹਰਿ ਨਾਮੁ ਧਿਆਵਹੁ[39] ਹਰਿ ਨਾਮਿ ਸਮਾਵਹੁ[40] ਅਨਦਿਨੁ[41] ਲਾਹਾ[42] ਹਰਿ ਨਾਮੁ ਲੀਆ[43] ॥੩੪॥

H:—There is no other[33] Giver[34] than He, who[37] on creating[36] the creaturcs[35] gives them sustenance[38].
Meditate[39] on God's Name, be absorbed[40] in God's Name, and night[41] and day derive[43] thou the profit[42] of God's Name.

ਹ-ਉਸ ਦੇ ਬਾਝੋਂ ਹੋਰ ਕੋਈ[33] ਦਾਤਾਰ[34] ਨਹੀਂ, ਜੋ[37] ਜੀਵ ਜੰਤੂਆਂ[35] ਨੂੰ ਪੈਦਾ ਕਰਕੇ[36] ਉਨ੍ਹਾਂ ਨੂੰ ਰੋਜ਼ੀ[38] ਦਿੰਦਾ ਹੈ।
ਰੱਬ ਦੇ ਨਾਮ ਦਾ ਸਿਮਰਨ[39] ਕਰ, ਰੱਬ ਦੇ ਨਾਮ ਅੰਦਰ ਲੀਨ[40] ਹੋ ਵੰਞ ਅਤੇ ਰੈਣ[41] ਦਿਹੁੰ ਤੂੰ ਰੱਬ ਦੇ ਨਾਮ ਦਾ ਨਫ਼ਾ[42] ਉਠਾ[43]।

ਆਇੜੈ ਆਪਿ[44] ਕਰੇ[45] ਜਿਨਿ[46] ਛੋਡੀ[45] ਜੋ ਕਿਛੁ[47] ਕਰਣਾ ਸੁ[48] ਕਰਿ ਰਹਿਆ ॥
ਕਰੇ ਕਰਾਏ ਸਭ ਕਿਛੁ[49] ਜਾਣੈ ਨਾਨਕ ਸਾਇਰ[50] ਇਵ[51] ਕਹਿਆ[52] ॥੩੫॥ ੧॥

A:—What[47] God, who[46] Himself[44] made[45] the world, has to do, that[48] He continues to do.
The Lord acts and causes others to act, He knows everything[49] and Like this[51] says[52] Nanak, the poet[50]

ਅ-ਜਿਹੜਾ ਕੁਝ[47] ਵਾਹਿਗੁਰੂ, ਜਿਸ ਨੇ[46] ਖ਼ੁਦ[44] ਸੰਸਾਰ ਸਾਜਿਆ[45] ਹੈ, ਨੇ ਕਰਨਾ ਹੈ, ਉਸ ਨੂੰ ਉਹ[48] ਕਰੀ ਜਾਂਦਾ ਹੈ।
ਜੋ ਕੁਝ ਸਾਹਿਬ ਕਰਦਾ ਅਤੇ ਕਰਾਉਂਦਾ ਹੈ, ਉਹ ਸਾਰਾ ਕੁਝ[49] ਜਾਣਦਾ ਹੈ। ਨਾਨਕ ਕਵੀ[50] ਇਸ ਤਰ੍ਹਾਂ[51] ਆਖਦਾ[52] ਹੈ।

ਰਾਗੁ ਆਸਾ ਮਹਲਾ ੩ ਪਟੀ[53]	Asa Measure 3rd Guru. Alphabetical hymn.[53]	ਰਾਗ ਆਸਾ ਤੀਜੀ ਪਾਤਸ਼ਾਹੀ । ਪੈਂਤੀ ਦੇ ਅਖਰਾਂ ਵਾਰ ਸ਼ਬਦ[53] ।
੧ ੴ ਸਤਿਗੁਰ ਪ੍ਰਸਾਦਿ ॥	There is but one God. By True Guru's grace He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪ੍ਰਾਪਤ ਹੁੰਦਾ ਹੈ ।
ਅਯੋ ਅੰਞੈ ਸਭੁ ਜਗੁ[54] ਆਇਆ[55] ਕਾਖੈ ਘੰਞੈ ਕਾਲੁ ਭਇਆ[56] ॥	Ayu Ange and Kakhe Ghange, the whole world[54] that is born[55], shall pass away[56].	ਅਯੋ ਅੰਞੈ ਅਤੇ ਕਾਖੈ ਘੰਞੈ । ਸਾਰਾ ਸੰਸਾਰ[54] ਜੋ ਜਨਮਿਆ[55] ਹੈ, ਮਰ ਵੰਞੇਗਾ[56] ।
ਰੀਰੀ ਲਲੀ ਪਾਪ[57] ਕਮਾਣੇ[58] ਪੜਿ[59] ਅਵਗਣ[60] ਗੁਣ[61] ਵੀਸਰਿਆ[62] ॥੧॥	Riri Lali, the mortal commits[58] sins[57] and falling[59] in vices[60] forgets[62] virtues.[61].	ਰੀਰੀ ਲਲੀ । ਪ੍ਰਾਣੀ ਗੁਨਾਹ[57] ਕਰਦਾ[58] ਹੈ ਅਤੇ ਬਦੀਆਂ[60] ਵਿਚ ਪੈ ਕੇ[59] ਨੇਕੀਆਂ[61] ਨੂੰ ਭੁਲ ਜਾਂਦਾ[62]ਹੈ।
ਮਨ[63] ਐਸਾ[68] ਲੇਖਾ[64] ਤੂੰ ਕੀ[65] ਪੜਿਆ[66] ॥ ਲੇਖਾ ਦੇਣਾ ਤੇਰੈ ਸਿਰਿ[67] ਰਹਿਆ ॥੧॥ਰਹਾਉ॥	O my soul[63] why[65] hast thou learnt[66] such[68] an account[64], by which rendering of account still remains due[67] from thee ? Pause.	ਹੇ ਮੇਰੀ ਜਿੰਦੜੀਏ[63], ਤੂੰ ਐਹੋ[68]ਜੇਹਾ ਹਿਸਾਬ ਕਿਤਾਬ[64] ਕਿਉਂ[65] ਸਿੱਖਿਆ[66] ਹੈ, ਜਿਸ ਕਰਕੇ ਹਿਸਾਬ ਕਿਤਾਬ ਦੇਣਾ ਅਜੇ ਭੀ ਤੇਰੇ ਜ਼ਿਮੇਂ[67] ਬਾਕੀ ਹੈ ? ਠਹਿਰਾਉ ।
ਸਿਧੰ ਞਾਇਐ ਸਿਮਰਹਿ[68]* ਨਾਹੀ ਨੰਨੈ ਨਾ ਤੁਧੁ ਨਾਮੁ ਲਇਆ[69] ॥	Sidhan Naiain. Thou O man, rememberest[68]*not God. N:—Neither thou takest[69] the Name.	ਸਿੰਧ ਞਾਇਐ । ਤੂੰ ਹੇ ਬੰਦੇ ਵਾਹਿਗੁਰੂ ਨੂੰ ਨਹੀਂ ਆਰਾਧਦਾ[68]* ! ਨ-ਨਾ ਹੀ ਤੂੰ ਨਾਮ ਨੂੰ ਲੈਂਦਾ[69] ਹੈ ।
ਛਛੈ ਛੀਜਹਿ[70] ਅਹਿ[71] ਨਿਸਿ[72] ਮੂੜੇ[73] ਕਿਉ[74] ਛੂਟਹਿ[75] ਜਮਿ[76] ਪਾਕੜਿਆ[77] ॥੨॥	Chh:—Day[71] and night[72] thou art wearing off,[70] O fool[73]. seized[77] by Death's myrmidon[76], how[74] wilt thou be released[75]?	ਛ-ਦਿਹੁੰ[71] ਰੈਣ[72] ਤੂੰ ਨਾਸ[70] ਹੁੰਦਾ ਜਾ ਰਿਹਾ ਹੈਂ, ਹੇ ਮੂਰਖ[73] ! ਮੌਤ ਦੇ ਦੂਤ[76] ਦਾ ਫੜਿਆ ਹੋਇਆ[77] ਤੂੰ ਕਿਸ ਤਰ੍ਹਾਂ[74] ਛੁਟਕਾਰਾ ਪਾਵੇਂਗਾ[75] ?
ਬਬੈ ਬੂਝਹਿ[78] ਨਾਹੀ ਮੂੜੇ[83] ਭਰਮਿ[79] ਭੂਲੇ[80] ਤੇਰਾ ਜਨਮੁ[81] ਗਇਆ[82] ॥	B:— Thou understandest[78] not O stupid[83] and led astray[80] by doubt[79], thou art wasting away[82] thy life.[81]	ਬ-ਤੂੰ ਸਮਝਦਾ[78] ਨਹੀਂ, ਹੇ ਬੇਸਮਝ ਬੰਦੇ[83] ! ਸੰਦੇਹ[79] (ਸੰਸੇ) ਦਾ ਕੁਰਾਹੇ[80] ਪਾਇਆ ਹੋਇਆ ਤੂੰ ਆਪਣਾ ਜੀਵਨ[81] ਗੁਆ[82] ਰਿਆ ਹੈਂ ।
ਅਣਹੋਦਾ[84] ਨਾਉ ਧਰਾਇਓ[85] ਪਾਧਾ[86]ਅਵਰਾ[87] ਕਾ ਭਾਰੁ[88] ਤੁਧੁ ਲਇਆ[89] ॥ ੩॥	Without cause[84] thou callest thyself[85] a teacher,[86] and takest[89] on thee the load[88] of others[87].	ਤੂੰ ਬਿਨਾ ਵਜ੍ਹਾ[84] ਆਪਣੇ ਆਪ ਨੂੰ ਉਸਤਾਦ[86] ਅਖਵਾਉਂਦਾ[85] ਹੈਂ ਅਤੇ ਹੋਰਨਾਂ[87] ਦਾ ਬੋਝ[88] ਆਪਣੇ ਉੱਤੇ ਲੈਂਦਾ[89] ਹੈਂ ।
ਜਜੈ ਜੋਤਿ[90] ਹਿਰਿ[91] ਲਈ ਤੇਰੀ ਮੂੜੇ[92]ਅੰਤ[93] ਗਇਆ[94] ਪਛੁਤਾਵਹਿਗਾ[95] ॥	J:—Thou hast been robbed[91] of thy Divine light[90], O fool[92] and when departing[94], in the end[93], thou shalt repent[95].	ਜ-ਤੇਰਾ ਈਸ਼ਵਰੀ ਨੂਰ[90] ਲੁੱਟਿਆ ਪੁੱਟਿਆ[91] ਗਿਆ ਹੈ, ਹੇ ਬੇਵਕੂਫ਼[92] ! ਅਖੀਰ[93] ਨੂੰ ਜਾਂਦਾ[94] ਹੋਇਆ ਤੂੰ ਪਸਚਾਤਾਪ[95] ਕਰੇਂਗਾ ।
ਏਕੁ ਸਬਦੁ[96] ਤੂੰ ਚੀਨਹਿ[97]	The one Lord[96] thou rememberest[97]	ਇਕ ਪ੍ਰਭੂ[96] ਦਾ ਤੂੰ ਸਿਮਰਨ[97]ਨਹੀਂ ਕਰਦਾ,ਇਸ ਲਈ

ਨਾਹੀ ਫਿਰਿ ਫਿਰਿ[99] ਜੂਨੀ ਆਵਹਿਗਾ[100] ॥੪॥	not, so thou shalt enter the womb[100], again and again.[99]	ਮੁੜ ਮੁੜ[99] ਕੇ, ਤੂੰ ਗਰਭ ਵਿਚ ਪਵੇਂਗਾ[100]।
੪੩੫		
ਤੁਧੁ ਸਿਰਿ[2] ਲਿਖਿਆ ਸੋ[3] ਪੜੁ[4] ਪੰਡਿਤ[5] ਅਵਰਾ[6] ਨੋ ਨ ਸਿਖਾਲਿ[7] ਬਿਖਿਆ[8]॥	Read[4] thou that[3] what is written on thy forehead[2], O scholar[5] and teach[7] not wickedness[8] to others[6].	ਤੂੰ ਉਸ[3] ਨੂੰ ਵਾਚ[4] ਜਿਹੜਾ ਤੇਰੇ ਮਸਤਕ[2] ਤੇ ਲਿਖਿਆ ਹੋਇਆ ਹੈ, ਹੇ ਵਿਦਵਾਨ[5]! ਤੂੰ ਹੋਰਨਾਂ[6] ਨੂੰ ਕੁਕਰਮ[8] ਨਾ ਪੜ੍ਹਾ[7]।
ਪਹਿਲਾ[9] ਫਾਹਾ ਪਇਆ[10] ਪਾਧੇ[12] ਪਿਛੋ[13] ਦੇ[14] ਗਲਿ[15] ਚਾਟੜਿਆ[16] ॥੫॥	To begin with[9] the teacher[12] is roped[10], and afterwards[13] the noose is put around[14] the pupil's[16] neck[15].	ਅੱਵਲ[9] ਤਾਂ ਮੁਰਸ਼ਿਦ[12] ਫਾਹਿਆ ਜਾਂਦਾ[10] ਹੈ ਅਤੇ ਮਗਰੋਂ[13] ਫ਼ਾਹੀ ਸ਼ਗਿਰਦਾਂ[16] ਦੀ ਗਰਦਨ[15] ਦੁਆਲੇ ਪਾਈ ਜਾਂਦੀ[14] ਹੈ।
ਸਸੈ ਸੰਜਮੁ[17] ਗਇਓ[18] ਮੂੜੇ[21] ਏਕੁ ਦਾਨੁ[19] ਤੁਧੁ ਕੁਥਾਇ[20] ਲਇਆ[22] ॥	S:— Thou hast lost[18] self discipline[17], O stupid[21] and thou hast taken[22] an improper[20] charity[19].	ਸ-ਤੂੰ ਆਪਣਾ ਸਵੈ-ਜ਼ਬਤ[17] ਗੁਆ[18] ਲਿਆ ਹੈ, ਹੇ ਬੇਵਕੂਫ ਬੰਦੇ[21]! ਤੈਂ ਇੱਕ ਨਾ-ਮੁਨਾਸਬ[20] ਖ਼ੈਰਾਤ[19] ਲਈ[22] ਹੈ।
ਸਾਈ[23] ਪੁਤ੍ਰੀ[24] ਜਜਮਾਨ[25] ਕੀ ਸਾ[26] ਤੇਰੀ ਏਤੁ[27] ਧਾਨਿ[28] ਖਾਧੈ[29] ਤੇਰਾ ਜਨਮੁ[30] ਗਇਆ[31] ॥੬॥	As[23] is she the daughter[24] of thy alms-giver[25], so[26] is she thine. By taking[29] this[27] payment[28] (for performing wedding ceremony) thou hast wasted[31] thy life[30].	ਜੇਹੋ ਜੇਹੀ[23] ਉਹ ਧੀ[24] ਹੈ ਦਾਨ ਦੇਣ ਵਾਲੇ[25] ਦੀ, ਓਹੋ ਜੇਹੀ[26] ਹੀ ਉਹ ਤੇਰੀ ਹੈ। ਇਸ[27] ਲਾਗ[28] ਨੂੰ ਲੈਣ[29]ਦੁਆਰਾ, ਤੂੰ ਆਪਣੇ ਜੀਵਨ[30] ਦਾ ਸਤਿਆਨਾਸ[31] ਕਰ ਲਿਆ ਹੈ।
ਮੰਮੈ ਮਤਿ[32] ਹਿਰਿ ਲਈ[33] ਤੇਰੀ ਮੂੜੇ ਹਉਮੈ[34] ਵਡਾ[35] ਰੋਗੁ[36] ਪਇਆ[37] ॥	M:—Thou hast been denuded[33] of thy intellect[32], O fool, and art infested[37] with the great[35] malady[36] of self-conceit[34].	ਮ-ਤੇਰੀ ਅਕਲ[32] ਮਾਰੀ ਗਈ[33] ਹੈ, ਹੇ ਮੂਰਖ! ਤੈਨੂੰ ਸਵੈ-ਹੰਗਤਾ[34] ਦੀ ਭਾਰੀ[35] ਬੀਮਾਰੀ[36] ਚਿਮੜ ਗਈ[37] ਹੈ।
ਅੰਤਰ[38] ਆਤਮੈ[39] ਬ੍ਰਹਮੁ[40] ਨ ਚੀਨ੍ਹਿਆ[41] ਮਾਇਆ[42] ਕਾ ਮੁਹਤਾਜੁ[43] ਭਇਆ ॥ ੭॥	Within[38] thy mind[39], thou seest[41] not the Lord[40] and demeanest[43] thyself for wealth[42].	ਆਪਣੇ ਹਿਰਦੇ[39]ਅੰਦਰ[38]ਤੂੰ ਪ੍ਰਭੂ[40] ਨੂੰ ਨਹੀਂ ਵੇਖਦਾ[41], ਅਤੇ ਧਨ-ਦੌਲਤ[42] ਦੀ ਖ਼ਾਤਰ ਆਪਣੇ ਆਪ ਨੂੰ ਬੇਇੱਜ਼ਤ[43] ਕਰਦਾ ਹੈਂ।
ਕਕੈ ਕਾਮਿ[44] ਕ੍ਰੋਧਿ[45] ਭਰਮਿਓਹੁ[46] ਮੂੜੇ ਮਮਤਾ[47] ਲਾਗੇ[48] ਤੁਧੁ ਹਰਿ ਵਿਸਰਿਆ[49] ॥	K:—In lust[44] and wrath[45], thou wanderest[46], O fool. Attached[48] to worldly love[47], thou hast forgotten[49] God.	ਕ-ਮਿਥਨ ਹੁਲਾਸ[44] ਅਤੇ ਗੁੱਸੇ[45] ਅੰਦਰ ਤੂੰ ਭਟਕਦਾ ਫਿਰਦਾ[46] ਹੈਂ, ਹੇ ਮੂਰਖ! ਸੰਸਾਰੀ ਮੋਹ[47]ਨਾਲ ਜੁੜ ਕੇ[48] ਤੂੰ ਵਾਹਿਗੁਰੂ ਨੂੰ ਭੁਲਾ[49] ਦਿੱਤਾ।
ਪੜਹਿ[50] ਗੁਣਹਿ[51] ਤੂੰ ਬਹੁਤੁ[52] ਪੁਕਾਰਹਿ[53] ਵਿਣੁ ਬੂਝੇ[54] ਤੂੰ ਡੂਬਿ[55] ਮੁਆ॥੮॥	Thou readest[50], reflectest[51] and proclaimest[53] much[52], but without knowing[54],thou art drowned[55]to death.	ਤੂੰ ਵਾਚਦਾ[50], ਵੀਚਾਰਦਾ[51] ਅਤੇ ਘਣੇਰਾ[52] ਕੂਕਦਾ[53] ਹੈਂ, ਪ੍ਰੰਤੂ ਗਿਆਤ[54] ਦੇ ਬਾਝੋਂ ਤੂੰ ਡੁਬ[55] ਕੇ ਮਰ ਗਿਆ ਹੈਂ।
ਤਤੈ ਤਾਮਸਿ[56] ਜਲਿਓਹੁ[57] ਮੂੜੇ[58] ਥਥੈ ਥਾਨ[59]ਭਰਿਸਟੁ[60] ਹੋਆ[61] ॥	T:—In wrath[56] thou art burnt[57], O ignorant[58] man. Th:—The place[59] thou livest in, has become[61] accursed[60].	ਤ-ਰੋਹ[56] ਨੇ ਤੇਨੂੰ ਸਾੜ ਫੂਕ[57]ਛੱਡਿਆ ਹੈ,ਹੇ ਬੇਵਕੂਫ[58] ਬੰਦੇ! ਥ-ਜਿਸ ਜਗ੍ਹਾ[59] ਤੇ ਤੂੰ ਰਹਿੰਦਾ ਹੈਂ, ਉਹ ਭੀ ਲਾਨ੍ਹਤ[60] ਮਾਰੀ ਹੋ ਗਈ[61] ਹੈ।

ਘਘੈ ਘਰਿ ਘਰਿ[62] ਫਿਰਹਿ[63] ਤੂੰ ਮੂੜੇ ਦਦੈ ਦਾਨੁ[64] ਨ ਤੁਧੁ ਲਇਆ[65] ॥੯॥

Gh:—Thou beggest[63] from door to door[62], O fool. D:—Thou receivest[65] not the Name's gift[64].

ਘ-ਤੂੰ ਬੂਹੇ ਬੂਹੇ[62] ਤੇ ਮੰਗਦਾ ਫਿਰਦਾ[63] ਹੈਂ, ਹੇ ਮੂਰਖ ! ਦ-ਤੂੰ ਨਾਮ ਦੀ ਦਾਤ[64] ਨੂੰ ਪ੍ਰਾਪਤ[65] ਨਹੀਂ ਕਰਦਾ ।

ਪਪੈ ਪਾਰਿ[66] ਨ ਪਵਹੀ ਮੂੜੇ ਪਰਪੰਚਿ[67] ਤੂੰ ਪਲਚਿ[68] ਰਹਿਆ ॥

P:—Thou shalt not swim[66] across, O fool, as thou art engrossed[68] in the wordly affairs[67].

ਪ-ਤੇਰਾ ਪਾਰ ਉਤਾਰਾ[66] ਨਹੀਂ ਹੋਣਾ, ਹੇ ਮੂਰਖ ! ਕਿਉਂ ਜੋ ਤੂੰ ਸੰਸਾਰ[67] ਅੰਦਰ ਖੱਚਤ[68] ਹੋ ਰਿਹਾ ਹੈਂ ।

ਸਚੈ[69] ਆਪਿ[70] ਖੁਆਇਓਹੁ[71] ਮੂੜੇ ਇਹੁ[72] ਸਿਰਿ[73] ਤੇਰੈ ਲੇਖੁ ਪਇਆ[74] ॥੧੦॥

The True Lord[69] has Himself[70] beguiled[71] thee, O fool. It[72] was so ordained[74] on thy brow[73].

ਸੱਚੇ ਸੁਆਮੀ[69] ਨੇ ਖ਼ੁਦ[70] ਤੈਨੂੰ ਗੁਮਰਾਹ[71] ਕੀਤਾ ਹੈ, ਹੇ ਮੂਰਖ ! ਤੇਰੇ ਮੱਥੇ[73] ਉੱਤੇ ਏਹੋ[72] ਹੀ ਲਿਖਿਆ ਹੋਇਆ[74] ਸੀ ।

ਭਭੈ [75]ਭਵਜਲਿ[76] ਡੁਬੋਹੁ[77] ਮੂੜੇ ਮਾਇਆ[78] ਵਿਚਿ ਗਲਤਾਨੁ[79] ਭਇਆ ॥

Bh :—O fool, thou art drowned[77] in the terrible[75] world ocean[76], and art engrossed[79] in the worldly valuables[78].

ਭ-ਹੇ ਮੂਰਖ ! ਤੂੰ ਭਿਆਨਕ[75] ਸੰਸਾਰ ਸਮੁੰਦਰ[76] ਅੰਦਰ ਡੁੱਕ[77]ਗਿਆ ਹੈਂ ਅਤੇ ਸੰਸਾਰੀ ਪਦਾਰਥਾਂ[78]ਵਿੱਚ ਖ਼ੱਚਤ[79] ਹੋ ਰਿਹਾ ਹੈਂ ।

ਗੁਰ ਪਰਸਾਦੀ[80] ਏਕੋ[81] ਜਾਣੈ[82] ਏਕ ਘੜੀ[83] ਮਹਿ[84] ਪਾਰਿ ਪਇਆ[85] ॥੧੧॥

He, who by Guru's grace[80] knows[82] the One Lord[81], crosses[85] the world ocean in[84] a moment[83].

ਜੋ ਗੁਰਾਂ ਦੀ ਦਇਆ[80] ਦੁਆਰਾ ਇੱਕ ਸਾਂਈਂ[81] ਨੂੰ ਸਮਝਦਾ[82] ਹੈ, ਉਹ ਇੱਕ ਮੁਹਤ[83] ਅੰਦਰ[84] ਜਗਤ ਸਮੁੰਦਰ ਤੋਂ ਤਰ[85] ਜਾਂਦਾ ਹੈ ।

ਵਵੈ ਵਾਰੀ[86] ਆਈਆ ਮੂੜੇ ਵਾਸੁਦੇਉ[87] ਤੁਧੁ ਵੀਸਰਿਆ[88] ॥

W :—Thy turn[86] has come, O ignorant man. But, thou hast forgotten[88] the Luminous[87] Lord.

ਵ-ਤੇਰੀ ਬਾਰੀ[86] ਆ ਗਈ ਹੈ, ਹੇ ਬੇਵਕੂਫ਼ ਬੰਦੇ ! ਤੂੰ ਪ੍ਰਕਾਸ਼ਵਾਨ[87] ਪ੍ਰਭੂ ਨੂੰ ਭੁਲਾਇਆ[88] ਹੋਇਆ ਹੈ ।

ਏਹ ਵੇਲਾ[89] ਨ ਲਹਸਹਿ[90] ਮੂੜੇ ਫਿਰਿ[91] ਤੂੰ ਜਮ[92] ਕੈ ਵਸਿ[93] ਪਇਆ[94] ॥੧੨॥

This opportunity[89] thou shalt not get[90] again[91]. Thou shalt fall[94] in the power[93] of Death's myrmidons[92], O fool.

ਇਹ ਮੌਕਾ[89] ਤੈਨੂੰ ਮੁੜ ਕੇ[91] ਨਹੀਂ ਮਿਲਣਾ[90] । ਤੂੰ ਮੌਤ ਦੇ ਫ਼ਰੇਸ਼ਤਿਆਂ[92] ਦੇ ਕਾਬੂ[93] ਵਿਚ ਆ ਜਾਵੇਂਗਾ[94], ਹੇ ਮੂਰਖ !

ਝਝੈ ਕਦੇ ਨ ਝੂਰਹਿ[95] ਮੂੜੇ ਸਤਿਗੁਰ ਕਾ ਉਪਦੇਸੁ[96] ਸੁਣਿ[97] ਤੂੰ ਵਿਖਾ[98] ॥

Jh :—Thou shalt never repent[95], O fool, if thou hearest[97] the True Guru's instruction[96] even a little[98].

ਝ-ਤੂੰ ਕਦਾਚਿਤ ਪਸਚਾਤਾਪ[95]ਨਹੀਂ ਕਰੇਂਗਾ,ਹੇ ਮੂਰਖ ! ਜੇਕਰ ਤੂੰ ਸੱਚੇ ਗੁਰਾਂ ਦੀ ਸਿਖਮਤ[96] ਭੋਰਾ ਭਰ[98] ਭੀ ਸੁਣ[97] ਲਵੇਂ ।

ਸਤਿਗੁਰ ਬਾਝਹੁ[99] ਗੁਰੁ ਨਹੀ ਕੋਈ[4] ਨਿਗੁਰੇ[100] ਕਾ ਹੈ ਨਾਉ[2] ਬੁਰਾ[3] ॥੧੩॥

Within[99] the True Guru, there is not another[4] Guru, and the one without the Guru[100] has a bad[3] name[2].

ਸੱਚੇ ਗੁਰਾਂ ਦੇ ਬਗ਼ੈਰ[99] ਹੋਰ ਕੋਈ[4] ਗੁਰੂ ਨਹੀਂ[4] ਅਤੇ ਗੁਰੂ-ਬਿਹੂਨ[100] (ਨਿਗੁਰੇ) ਦਾ ਨਾਮ[2] ਹੀ ਮੰਦਾ[3] ਹੈ ।

ਧਧੈ ਧਾਵਤ[5] ਵਰਜਿ[6] ਰਖੁ ਮੂੜੇ ਅੰਤਰਿ[7] ਤੇਰੈ ਨਿਧਾਨੁ[8] ਪਇਆ[9] ॥

Dh :—Restrain[6] thy wandering[5] mind O foolish man. Within[7] thee is[9] the Name treasure[8].

ਧ-ਆਪਣੇ ਭਟਕਦੇ ਹੋਏ[5] ਮਨੂਏ ਨੂੰ ਰੋਕ ਰੱਖ[6], ਹੇ ਬੇਸਮਝ ਬੰਦੇ ! ਤੇਰੇ ਅੰਦਰ[7] ਨਾਮ ਦਾ ਖ਼ਜ਼ਾਨਾ[8] ਹੈ[9] ।

ਗੁਰਮੁਖਿ[10] ਹੋਵਹਿ[12] ਤਾ[13] ਹਰਿ ਰਸੁ[14] ਪੀਵਹਿ[15] ਜੁਗਾ ਜੁਗੰਤਰਿ[16] ਖਾਹਿ ਪਇਆ[17] ॥੧੪॥

If man becomes[12] a Guru-ward[10], then[13] does he drink[15] God's elixir[14], and continues he, to quaff[17] it, all the ages through[16].

ਜੇਕਰ ਇਨਸਾਨ ਗੁਰੂ-ਅਨੁਸਾਰੀ[10] ਥੀ ਵੰਞੇ[12], ਤਦ[13]ਹੀ ਉਹ ਵਾਹਿਗੁਰੂ ਦੇ ਅੰਮ੍ਰਿਤ[14] ਨੂੰ ਪੀਂਦਾ[15] ਹੈ ਅਤੇ ਸਾਰਿਆਂ ਯੁਗਾਂ ਅੰਦਰ[16] ਹੀ ਉਹ ਇਸ ਨੂੰ ਪਾਨ[17]ਕਰਦਾ ਰਹਿੰਦਾ ਹੈ ।

ਗਗੈ [18]ਗੋਬਿੰਦੂ[19] ਚਿਤਿ[20] ਕਰਿ ਮੂੜੇ ਗਲੀ[21] ਕਿਨੈ ਨ ਪਾਇਆ[22] ॥
ਗੁਰ ਕੇ ਚਰਨ[23] ਹਿਰਦੈ[24] ਵਸਾਇ[25] ਮੂੜੇ[29] ਪਿਛਲੇ[26] ਗੁਨਹ[27] ਸਭ[30] ਬਖਸਿ ਲਇਆ[28] ॥੧੫॥

G :—Think[20] thou of the world[18] Lord[19], O fool. By mere talk[21], none has ever attained[22] Him.
Guru's feet[23] abide[25] thou in thy mind[24], O stupid person[29]. All[30] thine past[26] sins[27], he shall forgive[28].

ਗ-ਸ੍ਰਿਸ਼ਟੀ[18] ਦੇ ਸੁਆਮੀ[19] ਨੂੰ ਯਾਦ[20] ਕਰ, ਹੇ ਮੂਰਖ ! ਨਿਰੀਆਂ ਗੱਲਾਂ ਬਾਤਾਂ[21] ਦੁਆਰਾ ਕਦੇ ਭੀ ਕਿਸੇ ਨੇ ਉਸ ਨੂੰ ਪ੍ਰਾਪਤ[22] ਨਹੀਂ ਕੀਤਾ ।
ਗੁਰਾਂ ਦੇ ਪੈਰ[23] ਤੂੰ ਆਪਣੇ ਅੰਤਸ਼ਕਰਨ[24]ਵਿਚ ਟਿਕਾ[25], ਹੇ ਬੇਸਮਝ ਬੰਦੇ[29] ! ਤੇਰੇ ਪੂਰਬਲੇ[26] ਪਾਪ[27] ਉਹ ਸਾਰੇ[30] ਮਾਫ਼[28] ਕਰ ਦੇਣਗੇ ।

ਹਾਹੈ ਹਰਿ ਕਥਾ[29*] ਬੂਝੁ[30*] ਤੂੰ ਮੂੜੇ ਤਾ[31] ਸਦਾ[32] ਸੁਖੁ[33] ਹੋਈ ॥
ਮਨਮੁਖਿ[34] ਪੜਹਿ ਤੇਤਾ[35] ਦੁਖੁ[36] ਲਾਗੈ[37] ਵਿਣੁ ਸਤਿਗੁਰ ਮੁਕਤਿ[38] ਨ ਹੋਈ ॥੧੬॥

H :—God's discourse[29*] understand[30*] thou, O fool, then[31] alone shalt thou attain eternal[32] peace[33].
The more the perverse[34] read, more[35] the anguish[36] they suffer[37]. Without the True Guru there is no salvation[38].

ਹ-ਵਾਹਿਗੁਰੂ ਦੀ ਕਥਾ-ਵਾਰਤਾ[29*] ਨੂੰ ਸਮਝ[30*] ਤੂੰ ਹੇ ਮੂਰਖ, ਤਾਂ ਹੀ[31] ਤੈਨੂੰ ਸਦੀਵੀ[32] ਆਰਾਮ[33] ਪ੍ਰਾਪਤ ਹੋਵੇਗਾ ।
ਜਿੰਨਾ ਬਹੁਤਾ ਮਨ ਮੱਤੀਏ[34]ਪੜ੍ਹਦੇ ਹਨ, ਉਨਾ ਬਹੁਤਾ[35] ਉਨ੍ਹਾਂ ਨੂੰ ਕਸ਼ਟ[36] ਹੁੰਦਾ[37] ਹੈ । ਸੱਚੇ ਗੁਰਾਂ ਦੇ ਬਗੈਰ ਮੋਖ਼ਸ਼[38] ਪ੍ਰਾਪਤ ਨਹੀਂ ਹੁੰਦੀ ।

ਰਾਰੈ ਰਾਮੁ[39] ਚਿਤਿ[40] ਕਰਿ ਮੂੜੇ ਹਿਰਦੈ[41] ਜਿਨ੍ ਕੈ ਰਵਿ ਰਹਿਆ[42] ॥
ਗੁਰ ਪਰਸਾਦੀ[43] ਜਿਨ੍ਹੀ[44] ਰਾਮੁ[45] ਪਛਾਤਾ[46] ਨਿਰਗੁਣ[47] ਰਾਮੁ ਤਿਨ੍ਹੀ[48] ਬੂਝਿ ਲਹਿਆ[49] ॥੧੭॥

R :—O fool, remember[40] thou the Lord[39], through the persons in whose heart[41] He is abiding[42].
By Guru's grace[43], they[48], who[44] recognise[46] the Lord[45],they understand[49] their Absolute[47] God.

ਰ-ਹੇ ਬੇਸਮਝ ਬੰਦੇ ! ਤੂੰ ਉਨ੍ਹਾਂ ਦੇ ਰਾਹੀਂ ਸੁਆਮੀ[39] ਨੂੰ ਚੇਤੇ[40] ਕਰ ਜਿਨ੍ਹਾਂ ਦੇ ਦਿਲ[41] ਅੰਦਰ ਉਹ ਵਸਦਾ[42] ਹੈ ।
ਗੁਰਾਂ ਦੀ ਦਇਆ[43] ਦੁਆਰਾ, ਜੋ[44] ਸੁਆਮੀ[45] ਨੂੰ ਸਿੰਆਣਦੇ[46] ਹਨ, ਉਹ[48] ਸੁਤੰਤਰ[47] ਵਾਹਿਗੁਰੂ ਨੂੰ ਸਮਝ[49] ਲੈਂਦੇ ਹਨ ।

ਤੇਰਾ ਅੰਤੁ[50] ਨ ਜਾਈ ਲਖਿਆ[51] ਅਕਥ[52] ਨ ਜਾਈ ਹਰਿ[53] ਕਥਿਆ[54] ॥
ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ[55] ਲੇਖਾ[56] ਨਿਬੜਿਆ[57] ॥੧੮॥੨॥

My Master, Thine limit[50] cannot be known[51]. The Indescribable[52] God[53] cannot be described[54].
Nanak, they[55], whom the True Guru meets have their account[56] settled[57].

ਮੇਰੇ ਮਾਲਕ, ਤੇਰਾ ਓੜਕ[50] ਜਾਣਿਆ[51] ਨਹੀਂ ਜਾ ਸਕਦਾ । ਨਾ ਬਿਆਨ ਹੋਣ ਵਾਲਾ[52] ਵਾਹਿਗੁਰੂ[53] ਬਿਆਨ[54] ਕੀਤਾ ਨਹੀਂ ਜਾ ਸਕਦਾ ।
ਨਾਨਕ, ਜਿਨ੍ਹਾਂ ਨੂੰ ਸੱਚੇ ਗੁਰੂ ਜੀ ਮਿਲ ਪੈਂਦੇ ਹਨ, ਉਨ੍ਹਾਂ[55] ਦਾ ਹਿਸਾਬ ਕਿਤਾਬ[56] ਬੇਬਾਕ[57] ਹੋ ਜਾਂਦਾ ਹੈ ।

ਰਾਗੁ ਆਸਾ ਮਹਲਾ ੧
ਛੰਤ[58] ਘਰੁ ੧

Asa Measure Ist Guru.
A chant[58]

ਰਾਗ ਆਸਾ ਪਹਿਲੀ ਪਾਤਸ਼ਾਹੀ ।
ਛੰਦ[58]

੧ ੴ ਸਤਿਗੁਰ ਪ੍ਰਸਾਦਿ ॥

There is but one God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਮੁੰਧ[59] ਜੋਬਨਿ[60] ਬਾਲੜੀਏ[61] ਮੇਰਾ ਪਿਰੁ[62] ਰਲੀਆਲਾ[63] ਰਾਮ ॥

O bride[59] with girl's[61] youth[60], my Beloved[62] is very sportive[63].

ਹੇ ਬਾਲਕੀ[61] ਵਰਗੀ ਜੁਆਨੀ[60] ਵਾਲੀਏ ਪਤਨੀਏ[59], ਮੇਰਾ ਪ੍ਰੀਤਮ[62] ਬੜਾ ਹੀ ਖਿਲੰਦੜਾ[63] ਹੈ ।

੪੩੬

ਧਨ[64] ਪਿਰ[65] ਨੇਹੁ[66] ਘਣਾ[67] ਰਸਿ[68] ਪ੍ਰੀਤਿ[69] ਦਇਆਲਾ[70] ਰਾਮ[71] ॥

When the bride[64] entertains great[67] affection[66] for her Groom[65], the Merciful[70] Lord[71] is delighted[68], and begins to love[69] her.

ਜਦ ਪਤਨੀ[64] ਆਪਣੇ ਪਤੀ[65] ਨੂੰ ਬਹੁਤਾ[67] ਪਿਆਰ[66] ਕਰਦੀ ਹੈ, ਤਾਂ ਮਿਹਰਬਾਨ[70] ਮਾਲਕ[71] ਖ਼ੁਸ਼[68] ਹੋ ਜਾਂਦਾ ਹੈ ਅਤੇ ਉਸ ਨੂੰ ਮੁਹੱਬਤ[69] ਕਰਨ ਲੱਗ ਜਾਂਦਾ ਹੈ ।

ਧਨ[72] ਪਿਰਹਿ[73] ਮੇਲਾ[74] ਹੋਇ ਸੁਆਮੀ[75] ਆਪਿ[76] ਪ੍ਰਭੁ[77] ਕਿਰਪਾ[78] ਕਰੇ[79] ॥

The wife[72] meets[74] her Spouse[73], if the Lord[75] Master[77] Himself[76] shows[79] her favour[78].

ਜੇਕਰ ਸਾਹਿਬ[75] ਮਾਲਕ[77] ਖ਼ੁਦ[76] ਉਸ ਤੇ ਮਿਹਰ[78] ਧਾਰੇ[79], ਤਦ ਵਹੁਟੀ[72] ਆਪਣੇ ਭਰਤੇ[73] ਨੂੰ ਮਿਲ ਪੈਂਦੀ[74] ਹੈ ।

ਸੇਜਾ[80] ਸੁਹਾਵੀ[81] ਸੰਗਿ[82] ਪਿਰ[83] ਕੈ ਸਾਤ[84] ਸਰ[85] ਅੰਮ੍ਰਿਤ[86] ਭਰੇ[87] ॥

Her couch[80] is adorned[81] in the association[82] of her Beloved[83], and her seven[84] tanks[85] are filled[87] with Nectar[86].

ਉਸ ਦਾ ਪਲੰਘ[80] ਆਪਣੇ ਪਿਆਰੇ[83] ਦੀ ਸੰਗਤ ਨਾਲ[82] ਸ਼ਸ਼ੋਭਤ[81] ਹੋ ਜਾਂਦਾ ਹੈ ਤੇ ਉਸ ਦੇ ਸੱਤੇ[84]ਹੀ ਤਾਲਾਬ[85] ਸੁਧਾਰਸ[86] ਨਾਲ ਪਰੀ ਪੂਰਨ[87] ਹੋ ਜਾਂਦੇ ਹਨ ।

ਕਰਿ[88] ਦਇਆ[89] ਮਇਆ[90] ਦਇਆਲ[91] ਸਾਚੇ[92] ਸਬਦਿ[93] ਮਿਲਿ[94] ਗੁਣ[95] ਗਾਵਉ[96] ॥

Show[88] me kindness[89] and compassion[90], O Mecriful[91] True Lord[92], that I may obtain[94] Guru's instruction[93], and sing[96] Thy praise[95].

ਮੇਰੇ ਉਤੇ ਰਹਿਮਤ[89] ਤੇ ਮਿਹਰ[90]ਧਾਰ[88],ਹੇ ਮਿਹਰਬਾਨ[91] ਸੱਚੇ ਸੁਆਮੀ[92] ! ਤਾਂ ਜੋ ਮੈਨੂੰ ਗੁਰਾਂ ਦਾ ਉਪਦੇਸ਼[93] ਪ੍ਰਾਪਤ[94] ਹੋਵੇ ਅਤੇ ਮੈਂ ਤੇਰਾ ਜੱਸ[95] ਗਾਇਨ[96] ਕਰਾਂ ।

ਨਾਨਕਾ ਹਰਿ ਵਰੁ[97] ਦੇਖਿ ਬਿਗਸੀ[98] ਮੁੰਧ[99] ਮਨਿ[100] ਓਮਾਹਉ[2] ॥੧॥

Nanak seeing God, her Husband[97], the wife[99] is delighted[98], and there is joy[2] in her mind[100].

ਨਾਨਕ, ਵਾਹਿਗੁਰੂ ਆਪਣੇ ਖਸਮ[97] ਨੂੰ ਵੇਖ ਕੇ,ਵਹੁਟੀ[99] ਪ੍ਰਸੰਨ[98] ਹੋ ਗਈ ਹੈ ਅਤੇ ਉਸ ਦੇ ਚਿੱਤ[100] ਵਿਚ ਖ਼ੁਸ਼ੀ[2] ਹੈ ।

ਮੁੰਧ[3] ਸਹਜਿ[4] ਸਲੋਨੜੀਏ[5] ਇਕ ਪ੍ਰੇਮ[6] ਬਿਨੰਤੀ[7] ਰਾਮ[8] ॥

O bride[3] with natural[4] beauty[5], make an affectionate[6] supplication[7], before thy Lord[8].

ਹੇ ਕੁਦਰਤੀ[4] ਸੁੰਦਰਤਾ[5] ਵਾਲੀ ਪਤਨੀਏ[3] ! ਆਪਣੇ ਸੁਆਮੀ[8] ਅਗੇ ਇਕ ਲਾਡਲੀ[6] ਪ੍ਰਾਰਥਨਾ[7] ਕਰ ।

ਮੈ[17] ਮਨਿ[9] ਤਨਿ[10] ਹਰਿ ਭਾਵੈ[12] ਪ੍ਰਭੁ[15] ਸੰਗਮਿ[13] ਰਾਤੀ[14] ਰਾਮ[16] ॥

To my[17] soul[9] and body[10], God is pleasing[12], and I am enamoured[14] of Lord[15] Master's[16] association[13].

ਮੇਰੀ[17]ਜਿੰਦੜੀ[9]ਅਤੇ ਦੇਹਿ[10]ਨੂੰ ਵਾਹਿਗੁਰੂ ਚੰਗਾ ਲਗਦਾ[12] ਹੈ ਅਤੇ ਮੈਂ ਸੁਆਮੀ[15] ਮਾਲਕ[16] ਦੇ ਮੇਲ-ਮਿਲਾਪ[13] ਉਤੇ ਫ਼ਰੇਫ਼ਤਾ[14] ਹੋ ਗਈ ਹਾਂ ।

ਪ੍ਰਭ ਪ੍ਰੇਮਿ[18] ਰਾਤੀ[19] ਹਰਿ ਬਿਨੰਤੀ[20] ਨਾਮਿ ਹਰਿ ਕੈ ਸੁਖਿ[21] ਵਸੈ[22] ॥

Imbued[19] with Lord's love[18]. I pray[20] before God, and through God's Name I abide[22] in peace[21].

ਸਾਹਿਬ ਦੀ ਪ੍ਰੀਤ[18] ਨਾਲ ਮੈਂ ਰੰਗੀ[19] ਗਈ ਹਾਂ । ਵਾਹਿਗੁਰੂ ਅਗੇ ਮੈਂ ਜੋਦੜੀ[20] ਕਰਦੀ ਹਾਂ ਅਤੇ ਵਾਹਿਗੁਰੂ ਦੇ ਨਾਮ ਰਾਹੀਂ ਮੈਂ ਆਰਾਮ[21] ਅੰਦਰ ਵਸਦੀ[22] ਹਾਂ ।

ਤਉ[23] ਗੁਣ[24] ਪਛਾਣਹਿ[25] ਤਾ[26] ਪ੍ਰਭੁ ਜਾਣਹਿ ਗੁਣਹ[27] ਵਸਿ[28] ਅਵਗਣ[29] ਨਸੈ[30] ॥

If thou[23] knowest[25] His virtues[24], then[26] shalt thou know the Lord and like this, merits[27] shall abide[28] in thee and demerits[29] shall flee[30] away.

ਜੇਕਰ ਤੂੰ[23] ਉਸ ਦੀਆਂ ਨੇਕੀਆਂ[24] ਨੂੰ ਜਾਣ ਲਵੇਂ[25], ਤਦ[26] ਤੂੰ ਸੁਆਮੀ ਨੂੰ ਜਾਣ ਲਵੇਂਗਾ । ਇਸ ਤਰ੍ਹਾਂ ਭਲਿਆਈਆਂ[27] ਤੇਰੇ ਅੰਦਰ ਟਿੱਕ ਜਾਣਗੀਆਂ[28] ਅਤੇ ਬਦੀਆਂ[29] ਦੌੜ[30] ਜਾਣਗੀਆਂ ।

ਤੁਧੁ ਬਾਝੁ[31] ਇਕੁ ਤਿਲੁ[32] ਰਹਿ ਨ ਸਾਕਾ ਕਹਣਿ ਸੁਨਣਿ ਨ ਧੀਜਏ[33] ॥

Without[31] Thee I cannot remain even for a trice[32]. By merely saying and hearing of Thee I am not satisfied[33].

ਤੇਰੇ ਬਿਨਾ[31] ਮੈਂ ਇੱਕ ਮੁਹਤ ਲਈ[32] ਭੀ ਰਹਿ ਨਹੀਂ ਸਕਦੀ । ਨਿਰਾਪੁਰਾ ਆਖਣ ਤੇ ਸੁਣਨ ਕਰਨ ਦੁਆਰਾ ਮੈਨੂੰ ਰੱਜ[33] ਨਹੀਂ ਆਉਂਦਾ । ਨਾਨਕ, 'ਹੇ ਪ੍ਰੀਤਮ',

ਨਾਨਕਾ ਪ੍ਰਿਉ[34] ਪ੍ਰਿਉ ਕਰਿ ਪੁਕਾਰੇ[35] ਰਸਨ[36] ਰਸਿ[37] ਮਨੁ[38] ਭੀਜਏ[39] ॥੨॥

Nanak cries[35] forth, "O, Beloved[34], O my Beloved". His tongue[36] and mind[38] are drenched[39] with Lord's Nectar[37].

'ਹੇ ਮੇਰੇ ਪ੍ਰੀਤਮ[34] !' ਕਰਕੇ ਕੂਕਦਾ[35] ਹੈ, ਉਸ ਦੀ ਜੀਭਾ[36] ਅਤੇ ਜਿੰਦੜੀ[38] ਪ੍ਰਭੂ ਦੇ ਅੰਮ੍ਰਿਤ[37] ਨਾਲ ਭਿੱਜੀਆਂ[39] ਹੋਈਆਂ ਹਨ ।

ਸਖੀਹੋ[40] ਸਹੇਲੜੀਹੋ[41] ਮੇਰਾ ਪਿਰੁ[42] ਵਣਜਾਰਾ[43] ਰਾਮ ॥

O my companions[40] and friends[41], my Beloved[42] is a merchant[43].

ਹੇ ਮੈਂਡੀ ਹਮਜੋਲਣੋ[40] ਅਤੇ ਸਜਣੀਓ[41] ! ਮੈਂਡਾ ਪ੍ਰੀਤਮ[42] ਇਕ ਸੁਦਾਗਰ[43] ਹੈ ।

ਹਰਿ ਨਾਮੋ[44] ਵਣੰਜੜਿਆ[45] ਰਸਿ[46] ਮੋਲਿ[47] ਅਪਾਰਾ[48] ਰਾਮ ॥

God's Name[44] I have purchased[45] from Him. Its sweetness[46] and value[47] are infinite[48].

ਵਾਹਿਗੁਰੂ ਦਾ ਨਾਮ[44] ਮੈਂ ਉਸ ਪਾਸੋਂ ਖ਼ਰੀਦਿਆ[45] ਹੈ । ਇਸ ਦੀ ਮਿਠਾਸ[46] ਅਤੇ ਮੁਲ[47] ਬੇਇਨਤਹਾ[48] ਹਨ ।

ਮੋਲਿ[49] ਅਮੋਲੋ[50] ਸਚ ਘਰਿ[51] ਢੋਲੋ[52] ਪ੍ਰਭ ਭਾਵੈ[53] ਤਾ[54] ਮੁੰਧ[55] ਭਲੀ[56] ॥

Invaluable[50] is His worth[49] and dwells He in the True Mansion[51]. If the bride[55] becomes pleasing[53] to the darling[52] Lord, then[54] is she rendered illustrious[56].

ਅਮੋਲਕ[50] ਹੈ ਉਸ ਦਾ ਮੁੱਲ[49] ਅਤੇ ਵਸਦਾ ਹੈ ਉਹ ਸੱਚੇ ਮੰਦਰ[51] ਅੰਦਰ । ਜੇਕਰ ਪਤਨੀ[55] ਪਿਆਰੇ[52] ਸੁਆਮੀ ਨੂੰ ਚੰਗੀ[53] ਲਗਣ ਲੱਗ ਜਾਵੇ, ਤਦ[54] ਉਹ ਕੀਰਤੀਮਾਨ[56] ਥੀ ਵੰਞਦੀ ਹੈ ।

ਇਕਿ[57] ਸੰਗਿ[58] ਹਰਿ ਕੈ ਕਰਹਿ[59] ਰਲੀਆ[60] ਹਉ[61] ਪੁਕਾਰੀ[62] ਦਰਿ[63] ਖਲੀ[64]॥

Some[57] enjoy[59] dalliance[60] with[58] God, while I[61] cry[62] standing[64] at His door[63].

ਕਈ[57] ਵਾਹਿਗੁਰੂ ਨਾਲ[58] ਨਾਜ਼-ਨਖ਼ਰੇ[60] ਮਾਣਦੀਆਂ[59] ਹਨ, ਜਦ ਕਿ ਮੈਂ[61] ਉਸ ਦੇ ਬੂਹੇ[63] ਤੇ ਖੜੀ[64]ਕੂਕਦੀ[62] ਹਾਂ ।

ਕਰਣ[65] ਕਾਰਣ[66] ਸਮਰਥ[67] [68]ਸ੍ਰੀਧਰ[69] ਆਪਿ[70] ਕਾਰਜੁ[71] ਸਾਰਏ[72] ॥

The Doer[66] of works[66], and the Omnipotent[67] Lord[69] of wealth[68] Himself[70] adjusts[72] the affairs[71].

ਕੰਮਾਂ[66] ਦੇ ਕਰਨ ਵਾਲਾ[65] ਅਤੇ ਸਰਬ-ਸ਼ਕਤੀਵਾਨ[67] ਧਨ ਦੌਲਤ[68] ਦਾ ਸੁਆਮੀ[69], ਖ਼ੁਦ[70] ਹੀ ਕੰਮ[71] ਕਾਜ ਰਾਸ ਕਰਦਾ ਹੈ[72] ।

ਨਾਨਕ ਨਦਰੀ[73] ਧਨ[74] ਸੋਹਾਗਣਿ[75] ਸਬਦੂ[76] ਅਭੁ[77] ਸਾਧਾਰਏ[78] ॥੩॥

Nanak, blessed[74] is the bride[75] on whom is the Lord's grace[73] and in her heart[77] she treasures up[78] the Name[76].

ਨਾਨਕ, ਮੁਬਾਰਕ[74] ਹੈ ਉਹ ਪਤਨੀ[75] ਜਿਸ ਉੱਤੇ ਸੁਆਮੀ ਦੀ ਰਹਿਮਤ[73] ਹੈ । ਆਪਣੇ ਦਿਲ[77] ਅੰਦਰ ਉਹ ਨਾਮ[76] ਨੂੰ ਇਕੱਤਰ ਕਰਦੀ[78] ਹੈ ।

ਹਮ[79] ਘਰਿ[80] ਸਾਚਾ ਸੋਹਿਲੜਾ[81] ਪ੍ਰਭ ਆਇਅੜੇ[82] ਮੀਤਾ[83] ਰਾਮ ॥

In my[79] home[80] is the true song of rejoicings[81]. The Lord, my friend[83], has visited[82] me.

ਮੇਰੇ[79] ਗ੍ਰਹਿ[80] ਵਿਚ ਸੱਚਾ ਖ਼ੁਸ਼ੀ ਦਾ ਗਾਉਣਾ[81] ਹੈ । ਮੇਰੇ ਮਿੱਤ੍ਰ[83] ਸੁਆਮੀ ਨੇ ਮੈਨੂੰ ਦਰਸ਼ਨ ਦਿੱਤਾ[82] ਹੈ ।

ਰਾਵੇ[84] ਰੰਗਿ[85] ਰਾਤੜਿਆ[86] ਮਨੁ[87] ਲੀਅੜਾ[88] ਦੀਤਾ[89] ਰਾਮ ॥

Imbued[86] with love[85], Lord enjoys[84] me, I have captivated[88] his heart[87] and given[89] mine to Him.

ਪਿਆਰ[85] ਨਾਲ ਰੰਗੀਜਿਆ ਹੋਇਆ[86] ਸਾਈਂ ਮੈਨੂੰ ਮਾਣਦਾ[84] ਹੈ । ਉਸ ਦਾ ਦਿਲ[87] ਮੈਂ ਮੋਹਰ[88]ਕਰ ਲਿਆ ਹੈ ਅਤੇ ਆਪਣਾ ਉਸ ਨੂੰ ਦੇ ਦਿੱਤਾ[89] ਹੈ ।

ਆਪਣਾ ਮਨੁ[90] ਦੀਆ[91] ਹਰਿ ਵਰੁ[92] ਲੀਆ[93] ਜਿਉ[94] ਭਾਵੈ[95] ਤਿਉ[96] ਰਾਵਏ[97] ॥

I tendered[91] my soul[90] and got[93] God as my Groom[92]. As[94] He pleases[95] so[96] does enjoy[97] me.

ਮੈਂ ਆਪਣੀ ਜਿੰਦੜੀ[90] ਅਰਪਨ ਕਰ[91] ਦਿੱਤੀ ਅਤੇ ਵਾਹਿਗੁਰੂ ਪਤੀ[92] ਨੂੰ ਪਾ ਲਿਆ[93] । ਜਿਸ ਤਰ੍ਹਾਂ[94]ਉਸ ਨੂੰ ਚੰਗਾ ਲਗਦਾ[95] ਹੈ, ਉਸੇ ਤਰ੍ਹਾਂ[96]ਉਹ ਮੈਨੂੰ ਮਾਣਦਾ[97]ਹੈ ।

ਤਨੁ[98] ਮਨੁ[99] ਪਿਰ[100] ਆਗੈ[2] ਸਬਦਿ[3] [4]ਸਭਾਗੈ[5] ਘਰਿ[6]

I have placed my body[98] and soul[99] before[2] the Beloved[100], and through

ਮੈਂ ਆਪਣੀ ਦੇਹਿ[98] ਅਤੇ ਜਿੰਦੜੀ[99]ਪ੍ਰੀਤਮ[100]ਮੂਹਰੇ[2]ਧਰ ਦਿੱਤੀ ਹੈ ਅਤੇ ਨਾਮ ਦੇ ਰਾਹੀਂ[3] ਪਰਮ[4] ਕਿਸਮਤ[5]ਵਾਲਾ

ਅੰਮ੍ਰਿਤ[7] ਫਲੁ[8] ਪਾਵਏ[9] ॥	the Name[3] have become very[4] fortunate[5]. Within my home[6] I have attained[9] the ambrosial[7] fruit[8].	ਥੀ ਗਿਆ ਹਾਂ। ਆਪਣੇ ਗ੍ਰਹਿ[6] ਅੰਦਰ ਮੈਂ ਸੁਧਸਰੂਪ[7] ਮੇਵਾ[8] ਪ੍ਰਾਪਤ[9] ਕਰ ਲਿਆ ਹੈ।
ਬੁਧਿ[10] ਪਾਠਿ[12] ਨ ਪਾਈਐ ਬਹੁ[13] ਚਤੁਰਾਈਐ[14] ਭਾਇ[15] ਮਿਲੈ[16] ਮਨਿ[17] ਭਾਣੇ[18] ॥	Through intellect[10], recitation[12] and great[13] cleverness[14] the Lord is not obtained. What the soul[17] desires[18] is attained[15] by love[15].	ਅਕਲ[10], ਪੂਜਾ ਪਾਠ[12] ਅਤੇ ਬਹੁਤੀ[13] ਚਲਾਕੀ[14] ਰਾਹੀਂ ਸੁਆਮੀ ਪ੍ਰਾਪਤ ਨਹੀਂ ਹੁੰਦਾ। ਜਿਹੜਾ ਕੁੱਛ ਜਿੰਦੜੀ[17] ਲੋੜਦੀ[18] ਹੈ, ਉਹ ਪ੍ਰੀਤ[15] ਦੁਆਰਾ ਹਾਸਲ[16] ਹੁੰਦਾ ਹੈ।
ਨਾਨਕ ਠਾਕੁਰ[19] ਮੀਤ[20] ਹਮਾਰੇ[21] ਹਮ ਨਾਹੀ ਲੋਕਾਣੇ[22] ॥੪॥੧॥	Nanak, the Lord[19] is my[21] friend[20]. I am not an ordinary person[22].	ਨਾਨਕ ਪ੍ਰਭੂ[19] ਮੇਰਾ[21] ਮਿੱਤ੍ਰ[20] ਹੈ। ਮੈਂ ਲੋਕਾਂ[22] ਵਿਚੋਂ ਨਹੀਂ ਹਾਂ।
ਆਸਾ ਮਹਲਾ ੧ ॥	Asa Ist Guru.	ਆਸਾ ਪਹਿਲੀ ਪਾਤਸ਼ਾਹੀ।
ਅਨਹਦੋ[23] ਅਨਹਦੁ ਵਾਜੈ[24] ਰੁਣਝੁਣਕਾਰੇ[25] ਰਾਮ ॥	Divine music[23] and the Divine music plays[24] to the accompaniment of the air of the musical instruments[25].	ਸੰਗੀਤਕ ਸਾਜ਼ਾਂ[25] ਦੀ ਧੁਨੀ ਦੇ ਨਾਲ ਰੱਬੀ ਕੀਰਤਨ[23], ਰੱਬੀ ਕੀਰਤਨ ਹੋ ਰਿਹਾ[24] ਹੈ।
ਮੇਰਾ ਮਨੋ[26] ਮੇਰਾ ਮਨੁ ਰਾਤਾ[27] ਲਾਲ[28] ਪਿਆਰੇ[29] ਰਾਮ ॥	My soul[26] and my soul is imbued with the love[27] of my Darling[28] Beloved[29].	ਮੈਂਡੀ ਆਤਮਾ[26], ਮੈਂਡੀ ਆਤਮਾ, ਆਪਣੇ ਪ੍ਰੀਤਮ[28] ਮਹਿਬੂਬ[29] ਦੇ ਪਿਆਰ ਨਾਲ ਰੰਗੀਜੀ ਹੋਈ ਹੈ[27]।
ਅਨਦਿਨੁ[30] ਰਾਤਾ[31] ਮਨੁ ਬੈਰਾਗੀ[32] ਸੁੰਨ[33] ਮੰਡਲਿ[34] ਘਰੁ[35] ਪਾਇਆ[36] ॥	The detached[32] soul, night[30] and day, remains absorbed[31] in one God, and obtains[36] an abode[35] in the realm[34] of profound trance[38].	ਉਪਰਾਮ[32] ਆਤਮਾ, ਰੈਣ[30] ਦਿਹੁੰ ਇੱਕ ਵਾਹਿਗੁਰੂ ਅੰਦਰ ਲੀਨ[31] ਰਹਿੰਦੀ ਹੈ ਅਤੇ ਅਫੁਰ ਸਮਾਧੀ[33] ਦੇ ਦੇਸ[34] ਵਿੱਚ ਵਾਸਾ[35] ਪਾ ਲੈਂਦੀ[36] ਹੈ।
ਆਦਿ ਪੁਰਖੁ[37] ਅਪਰੰਪਰੁ[38] ਪਿਆਰਾ[39] ਸਤਿਗੁਰਿ ਅਲਖੁ[40] ਲਖਾਇਆ[41] ॥	The True Guru has shown[41] me the limitless[38], Unseen[40] and the darling[39] Primal Lord[37].	ਸੱਚੇ ਗੁਰਾਂ ਨੇ ਮੈਨੂੰ ਹਦਬੰਨਾ-ਰਹਿਤ[38], ਅਦ੍ਰਿਸ਼ਟ[40] ਅਤੇ ਲਾਡਲਾ[39] ਆਦੀ-ਪ੍ਰਭੂ[37] ਵਿਖਾਲ[41] ਦਿੱਤਾ ਹੈ!
ਆਸਣਿ[42] ਬੈਸਣਿ[43] ਥਿਰੁ[44] ਨਾਰਾਇਣੁ[45] ਤਿਤੁ[46] ਮਨੁ[49] ਰਾਤਾ[47] ਵੀਚਾਰੇ[48] ॥	My Lord's[45] sitting[43] place[42] is permanent[44], and in His[46] meditation[48] my soul[49] is absorbed[47].	ਮੇਰੇ ਪ੍ਰਭੂ[45] ਦਾ ਬਹਿਣ[43] ਦਾ ਅਸਥਾਨ[42] ਅਹਿੱਲ[44] ਹੈ। ਉਸ ਦੇ[46] ਸਿਮਰਨ[48] ਅੰਦਰ ਮੇਰੀ ਆਤਮਾ[49] ਲੀਨ[47] ਹੋਈ ਹੋਈ ਹੈ।
ਨਾਨਕ ਨਾਮਿ ਰਤੇ[49*] ਬੈਰਾਗੀ[50] ਅਨਹਦ[51] ਰੁਣਝੁਣਕਾਰੇ[52] ॥੧॥	Nanak, the desireless[50] are tinged[49*] with the Name and hear the melodious[52] celestial strain[51].	ਨਾਨਕ ਇੱਛਾ-ਰਹਿਤ[50] ਪ੍ਰਾਣੀ ਨਾਮ ਨਾਲ ਰੰਗੇ ਹੋਏ[49*] ਹਨ ਅਤੇ ਸੁਰੀਲਾ[52] ਬੈਕੁੰਠੀ ਕੀਰਤਨ[51] ਸ੍ਰਵਨ ਕਰਦੇ ਹਨ।
ਤਿਤੁ[53] ਅਗਮ[54] ਤਿਤੁ ਅਗਮਪੁਰੇ[55] ਕਹੁ[56] ਕਿਤੁ[57] ਬਿਧਿ[58] ਜਾਈਐ[59] ਰਾਮ[60]॥	Say[56] in what[57] way[58] can I reach[59] that[53] Unreachable[54], that Unreachable city[55] of the Lord[60]?	ਦਸੋ[56], ਮੈਂ ਸਾਹਿਬ[60] ਦੇ ਉਸ[53] ਅਪੁੱਜ[54], ਉਸ ਅਪੁੱਜ ਸ਼ਹਿਰ[55] ਵਿਚ ਕਿਸ[57] ਤਰੀਕੇ[58] ਨਾਲ ਪੁੱਜ[59] ਸਕਦਾ ਹਾਂ?
ਸਚੁ[61] ਸੰਜਮੋ[62] ਸਾਰਿ[63] ਗੁਣਾ[64] ਗੁਰ ਸਬਦੁ[65]	By practising truth[61], and self-restraint[62], contemplating over[63]	ਸੱਚ[61] ਤੇ ਸਵੈ-ਰੋਕਥਾਮ[62] ਕਮਾਉਣ, ਸਾਹਿਬ ਦੀਆਂ ਸਿਫਤਾਂ[64] ਦਾ ਧਿਆਨ ਧਾਰਨ[63] ਅਤੇ ਗੁਰਾਂ ਦੇ ਉਪਦੇਸ਼[65]

ਕਮਾਈਐ[66] ਰਾਮ ॥	Lord's praises[64], and acting upto[66] Guru's teaching[65].	ਤੇ ਅਮਲ ਕਰਨ ਦੁਆਰਾ[66]।
ਸਚੁ ਸਬਦੁ[67] ਕਮਾਈਐ[68] ਨਿਜ[69] ਘਰਿ[70] ਜਾਈਐ[71] ਪਾਈਐ[72] ਗੁਣੀ[73] ਨਿਧਾਨਾ[74] ॥	By practising[68] the True Name[67], man gets[71] to his own[69] home[70], and obtains[72] the Treasure[74] of merits[73].	ਸੱਚੇ ਨਾਮ[67] ਦਾ ਅਭਿਆਸ ਕਰਨ ਦੁਆਰਾ[68], ਬੰਦਾ ਆਪਣੇ ਨਿੱਜ[69] ਦੇ ਧਾਮ[70] ਪੁੱਜ ਜਾਂਦਾ[71] ਹੈ ਅਤੇ ਸ੍ਰੇਸ਼ਟਤਾਈਆਂ[73] ਦੇ ਖ਼ਜ਼ਾਨੇ[74] ਨੂੰ ਪਾ[72] ਲੈਂਦਾ ਹੈ।
ਤਿਤੁ[75] ਸਾਖਾ[76] ਮੂਲੁ[77] ਪਤੁ[78] ਨਹੀ ਡਾਲੀ[79] ਸਿਰਿ[80] ਸਭਨਾ[81] ਪਰਧਾਨਾ[82] ॥	He[75] has no stem[76], roots[77] leaves[78] and branches[79] and is the Supreme Lord[82] over the heads[80] of all[81].	ਉਸ[75]ਦੇ ਕੋਈ ਟਹਿਣੇ[76],ਜੜ੍ਹਾਂ[77]ਪੱਤੇ[78]ਅਤੇ ਟਹਿਣੀਆਂ[79] ਨਹੀਂ ਅਤੇ ਉਹ ਸਾਰਿਆਂ[81] ਦੇ ਸੀਸਾਂ[80] ਉਤੇ ਸ੍ਰੋਮਣੀ ਸਾਹਿਬ[82] ਹੈ।
ਜਪੁ[83] ਤਪੁ[84] ਕਰਿ ਕਰਿ[85] ਸੰਜਮ[86] ਥਾਕੀ[87] ਹਠਿ[88] ਨਿਗ੍ਰਹਿ[89] ਨਹੀ ਪਾਈਐ[90]॥	Men have grown weary[87] of practising[85] worship[83], penances[84] and self-discipline[86]. They obtain[90] Him not through these persistent[88] rituals[89].	ਲੋਕੀਂ ਪੂਜਾ-ਪਾਠ[83], ਤਪੱਸਿਆ[84] ਅਤੇ ਸਵੈ-ਜ਼ਬਤ[86] ਕਰਦੇ ਕਰਦੇ[85] ਹਾਰ ਹੁੱਟ ਗਏ ਹਨ[87]। ਹਠੀਲੇ[88] ਕਰਮ ਕਾਂਡਾਂ[89] ਰਾਹੀਂ ਭੀ ਉਹ ਉਸ ਨੂੰ ਪ੍ਰਾਪਤ[90] ਨਹੀਂ ਹੁੰਦੇ।
ਨਾਨਕ ਸਹਜਿ[91] ਮਿਲੇ [92]ਜਗਜੀਵਨ[93] ਸਤਿਗੁਰ ਬੂਝ[94] ਬੁਝਾਈਐ[95] ॥੨॥	Nanak, through Divine Knowledge[91], Lord, the Life[93] of the world[92], is met. The True Guru imparts[95] this understanding[94].	ਨਾਨਕ, ਬ੍ਰਹਿਮ ਗਿਆਨ[91] ਦੇ ਰਾਹੀਂ, ਜਗਤ[92] ਦੀ ਜਿੰਦ-ਜਾਨ[93] ਸੁਆਮੀ ਮਿਲਦਾ ਹੈ। ਸੱਚੇ ਗੁਰੂ ਜੀ ਇਹ ਗਿਆਤ[94] ਦਰਸਾਉਂਦੇ[95] ਹਨ।
੪੩੭		
ਗੁਰੁ ਸਾਗਰੋ[96] [97]ਰਤਨਾਗਰੁ[98] ਤਿਤੁ[99] ਰਤਨ[100] ਘਣੇਰੇ[2] ਰਾਮ ॥	The Guru is the mine[98] of jewels[97] and an ocean[96], which[99] abounds[2] in pearls[100].	ਗੁਰੂ ਜੀ ਜਵਾਹਿਰਾਤ[97] ਦੀ ਖਾਣ[98] ਅਤੇ ਸਮੁੰਦਰ[96] ਹਨ, ਜਿਸ[99] ਅੰਦਰ ਬਹੁਤੇ[2] ਮੋਤੀ[100] ਹਨ।
ਕਰਿ ਮਜਨੋ[3] ਸਪਤ[4] ਸਰੇ[5] ਮਨ[6] ਨਿਰਮਲ[7] ਮੇਰੇ ਰਾਮ॥	Take thou bath[3] in the seven[4] seas[5], O my soul[6], and become pure[7].	ਤੂੰ ਸੱਤਾਂ[4] ਸਮੁੰਦਰਾਂ[5] ਅੰਦਰ ਇਸ਼ਨਾਨ[3] ਕਰ, ਹੇ ਮੇਰੀ ਆਤਮਾ[6]! ਅਤੇ ਪਵਿੱਤਰ[7] ਹੋ ਵੰਞ।
ਨਿਰਮਲ[8] ਜਲਿ[9] ਨ੍ਾਏ[10] ਜਾ[12] ਪ੍ਰਭ ਭਾਏ[13] ਪੰਚ[16] ਮਿਲੇ[14] ਵੀਚਾਰੇ[15] ॥	When[12] it pleases[13] the Lord, man bathes[10] in the pure[8] water[9] of Name, and through meditation[15] obtains[14] the five[16] merits.	ਜਦ[12] ਸੁਆਮੀ ਨੂੰ ਚੰਗਾ ਲਗਦਾ[13]ਹੈ,ਇਨਸਾਨ ਪਵਿੱਤ੍ਰ[8] ਪਾਣੀ[9]ਵਿਚ ਇਸ਼ਨਾਨ ਕਰ ਲੈਂਦਾ[10] ਹੈ ਅਤੇ ਸਿਮਰਨ[15] ਦੇ ਦੁਆਰਾ ਪੰਜ[16] ਗੁਣਾਂ ਨੂੰ ਪ੍ਰਾਪਤ[14] ਹੋ ਜਾਂਦਾ ਹੈ।
ਕਾਮੁ[17] ਕਰੋਧੁ[18] ਕਪਟੁ[19] ਬਿਖਿਆ[20] ਤਜਿ[21] ਸਚੁ ਨਾਮ [22]ਉਰਿਧਾਰੇ[23] ॥	Renouucing[21] lust[17], wrath[18], deceit[19] and mortal sins[20] he clasps[23] the True Name to his heart[22].	ਭੋਗ-ਬਿਲਾਸ[17], ਗੁੱਸੇ[18], ਛਲ[19] ਅਤੇ ਪ੍ਰਾਣਨਾਸਕ ਪਾਪਾਂ[20] ਨੂੰ ਛੱਡ[21] ਕੇ ਸੱਚੇ ਨਾਮ ਨੂੰ ਆਪਣੇ ਦਿਲ[22] ਨਾਲ ਲਾ[23] ਲੈਂਦਾ ਹੈ।
ਹਉਮੈ[24] ਲੋਭੁ[25] ਲਹਰਿ[26] ਲਬ[27] ਥਾਕੇ[28] ਪਾਏ[29] ਦੀਨ[30] ਦਇਆਲਾ[31] ॥	When the currents[26] of ego[24], avarice[25] and greed[27] die away[28], the man meets[29] the Master, who is merciful[31] to the meek[30].	ਜਦ ਹੰਕਾਰ[24], ਲਾਲਚ[25] ਅਤੇ ਤਮ੍ਹਾਂ[27]ਦੇ ਤਰੰਗ[26] ਮਿੱਟ ਜਾਂਦੇ ਹਨ[28],ਤਾਂ ਇਨਸਾਨ ਮਸਕੀਨਾਂ[30] ਦੇ ਮਿਹਰਬਾਨ[31] ਮਾਲਕ ਨੂੰ ਮਿਲ ਪੈਂਦਾ[29] ਹੈ।

ਨਾਨਕ ਗੁਰ ਸਮਾਨਿ[32] ਤੀਰਥੁ[33] ਨਹੀ ਕੋਈ ਸਾਚੇ ਗੁਰੁ[34] [35]ਗੋਪਾਲਾ[36] ॥੩॥

Nanak, at par[32] with the Guru, there is no place of pilgrimage[33]. The True Guru[34] is himself the world[36] cherisher[36] Lord.

ਨਾਨਕ, ਗੁਰਾਂ ਦੇ ਤੁਲ[32] ਕੋਈ ਯਾਤ੍ਰਾ-ਅਸਥਾਨ[33] ਨਹੀਂ। ਸੱਚੇ ਗੁਰੂ[34] ਜੀ ਖੁਦ ਪ੍ਰਿਥਵੀ[36] ਦੇ ਪਾਲਕ[36], ਪ੍ਰਭੂ ਹਨ।

ਹਉ[37] ਬਨੁ[38] ਬਨੋ[39] ਦੇਖਿ[40] ਰਹੀ ਤ੍ਰਿਣੁ[41] ਦੇਖਿ[42] ਸਬਾਇਆ[43] ਰਾਮ ॥

I[37] have searched[40] the jungles[38] and forests[39], and have seen[42] all[43] the grass blades[41].

ਮੈਂ[37] ਜੰਗਲ[38] ਅਤੇ ਬੇਲੇ[39] ਢੂੰਡੇ[40] ਹਨ ਅਤੇ ਘਾਅ ਦੀਆਂ ਤਿੜਾਂ[41] ਭੀ ਸਮੂੰਹ[43] ਤੱਕੀਆਂ[42] ਹਨ।

[44]ਤ੍ਰਿਭਵਣੋ[45] ਤੁਝਹਿ[46] ਕੀਆ[47] ਸਭੁ[48] ਜਗਤੁ[49] ਸਬਾਇਆ[50] ਰਾਮ[51] ॥

The three[44] worlds[45], all[48] the sentient beings, and the entire[50] universe[49] thou[46] hast created[47], O Lord[51].

ਤਿੰਨੇ[44] ਜਹਾਨ[45], ਸਮੂਹ[48] ਪ੍ਰਾਣਧਾਰੀ ਅਤੇ ਸਾਰਾ[50] ਆਲਮ[49] ਤੂੰ[46] ਰਚਿਆ[47] ਹੈ, ਹੇ ਸੁਆਮੀ[51]!

ਤੇਰਾ ਸਭੁ ਕੀਆ[55] ਤੂੰ ਥਿਰੁ[52] ਥੀਆ[53] ਤੁਧੁ ਸਮਾਨਿ[54] ਕੋ ਨਾਹੀ ॥

All the created[55] by Thee, Thou alone art[53] ever stable[52]. None is equal[54] to Thee.

ਸਾਰੇ ਤੇਰੇ ਸਾਜੇ[55] ਹੋਏ ਹਨ, ਕੇਵਲ ਤੂੰ ਹੀ ਸਦੀਵੀ[52] ਸਥਿਰ ਹੈਂ[53]! ਤੇਰੇ ਬਰਾਬਰ[54] ਦਾ ਕੋਈ ਨਹੀਂ।

ਤੂੰ ਦਾਤਾ[56] ਸਭ ਜਾਚਿਕ[57] ਤੇਰੇ ਤੁਧੁ ਬਿਨੁ[60] ਕਿਸੁ[58] ਸਾਲਾਹੀ[59] ॥

Thou art the Giver[56] and all others are Thine beggars[57], and without[60] Thee whom[58] else should I praise[59]?

ਤੂੰ ਦਾਤਾਰ[56] ਹੈਂ, ਹੋਰ ਸਾਰੇ ਤੇਰੇ ਮੰਗਤੇ[57] ਹਨ। ਤੇਰੇ ਬਗੈਰ[60] ਮੈਂ ਹੋਰ ਕੀਹਦੀ[58] ਤਾਰੀਫ਼[59] ਕਰਾਂ?

ਅਣਮੰਗਿਆ[61] ਦਾਨੁ[62] ਦੀਜੈ[63] ਦਾਤੇ[64] ਤੇਰੀ [65]ਭਗਤਿ ਭਰੇ[6] [6]ਭੰਡਾਰਾ[67]॥

My Donor[64], Thou givest[63] unasked for[61] gifts[62]. and brimful[66] are the treasures[67] of Thine meditation[65].

ਮੇਰੇ ਦਾਨੀ[64], ਤੂੰ ਬਿਨ-ਮੰਗੀਆਂ[61] ਦਾਤਾਂ[62] ਦਿੰਦਾ[63] ਹੈਂ। ਪਰੀ-ਪੂਰਨ[66] ਹਨ ਤੇਰੇ ਸਿਮਰਨ[65] ਦੇ ਖ਼ਜ਼ਾਨੇ[67]।

ਰਾਮ[68] ਨਾਮ ਬਿਨੁ ਮੁਕਤਿ[69] ਨ ਹੋਈ ਨਾਨਕੁ ਕਹੈ[70] ਵੀਚਾਰਾ[71] ॥੪॥੨॥

Without the Lord's[68] Name, man is not emancipated[69]. So says[70], Nanak the meek[71].

ਸੁਆਮੀ[68] ਦੇ ਨਾਮ ਦੇ ਬਾਝੋਂ ਬੰਦਾ ਮੋਖ਼ਸ਼[69] ਨਹੀਂ ਹੁੰਦਾ, ਮਸਕੀਨ[71] ਨਾਨਕ ਐਸ ਤਰ੍ਹਾਂ ਆਖਦਾ[70] ਹੈ।

ਆਸਾ ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ।

ਮੇਰਾ ਮਨੋ[72] ਮੇਰਾ ਮਨੁ ਰਾਤਾ[73] ਰਾਮ ਪਿਆਰੇ[74] ਰਾਮ ॥

My soul[72], my soul is imbued with the love[73] of my Beloved[74] Lord Master.

ਮੇਰੀ ਜਿੰਦੜੀ[72], ਮੇਰੀ ਜਿੰਦੜੀ ਆਪਣੇ ਪ੍ਰੀਤਮ[74] ਸੁਆਮੀ ਮਾਲਕ ਦੇ ਪਿਆਰ ਨਾਲ ਰੰਗੀ[73] ਹੋਈ ਹੈ।

ਸਚੁ ਸਾਹਿਬੋ[75] ਆਦਿ ਪੁਰਖੁ[76] ਅਪਰੰਪਰੋ[77] ਧਾਰੇ[78] ਰਾਮ ॥

True and infinite[77] is the Primal Lord[76] Master[78], who is sustaining[78] the earth.

ਸੱਚਾ ਅਤੇ ਬੇਅੰਤ[77] ਹੈ ਆਦੀ ਸੁਆਮੀ[76] ਮਾਲਕ[75]! ਜੋ ਧਰਤੀ ਨੂੰ ਆਸਰਾ[78] ਦੇ ਰਿਹਾ ਹੈ।

ਅਗਮ[79] ਅਗੋਚਰੁ[80] ਅਪਰ[81] ਅਪਾਰਾ[82] ਪਾਰਬ੍ਰਹਮੁ[83] ਪਰਧਾਨੋ[84] ॥

The Unapproachable[79], Incomprehensible[80]. limitless[81] and peerless[82] Supreme Master[83] is the Over—Lord[84] of all.

ਪਹੁੰਚ ਤੋਂ ਪਰੇ[79], ਸੋਚ ਸਮਝ ਤੋਂ ਉਰੇਰਾ[80], ਹਦਬੰਨਾ ਰਹਿਤ[81], ਅਤੇ ਲਾਸਾਨੀ[82] ਪਰਮ ਮਾਲਕ[83], ਸਾਰਿਆਂ ਦਾ ਸ਼੍ਰੋਮਣੀ ਸਾਹਿਬ[84] ਹੈ।

ਆਦਿ[85] ਜੁਗਾਦੀ[86] ਹੈ[87] ਭੀ

The Primal Lord[85] was in the

ਆਦੀ ਪ੍ਰਭੂ[85] ਯੁੱਗਾਂ ਦੇ ਆਰੰਭ[86] ਵਿਚ ਸੀ, ਹੁਣ ਹੈ[87],

ਹੋਸੀ[88] ਅਵਰੁ[89] ਝੂਠਾ[90] ਸਭੁ[91] ਮਾਨੋ[92] ॥

beginning of ages[86], is[87] now and shall also be[88]. Deem[92] all[91] else[89] as false[90].

ਅਤੇ ਹੋਵੇਗਾਂ ਭੀ[88] । ਹੋਰ[89] ਸਾਰਿਆਂ[91] ਨੂੰ ਕੂੜੇ[90] ਕਰਕੇ ਜਾਣ[92] ।

ਕਰਮ[93] ਧਰਮ[94] ਕੀ ਸਾਰ[95] ਨ ਜਾਣੈ[96] ਸੁਰਤਿ[97] ਮੁਕਤਿ[98]ਕਿਉ[99]ਪਾਈਐ[100]॥

One knows[96] not the worth[95] of virtuous deeds[93] and piety[94]; how[99] can one obtain[100] high understanding[97] and salvation[98]?

ਇਨਸਾਨ ਨੇਕ ਅਮਲਾਂ[93] ਅਤੇ ਪਵਿੱਤ੍ਰਤਾ[94] ਦੀ ਕਦਰ[95] ਨੂੰ ਨਹੀਂ ਸਮਝਦਾ[96] । ਉਹ ਉੱਚ ਗਿਆਨ[97] ਅਤੇ ਮੋਖਸ਼[98] ਨੂੰ ਕਿਸ ਤਰ੍ਹਾਂ[99] ਪਾ ਸਕਦਾ[100] ਹੈ ?

ਨਾਨਕ ਗੁਰਮੁਖਿ[2] ਸਬਦਿ[3] ਪਛਾਣੈ[4] [5]ਅਹਿਨਿਸਿ[6] ਨਾਮੁ ਧਿਆਈਐ[7] ॥੧॥

Nanak, the pious person[2] knows[4] only the Lord[3], and day[5] and night[6] meditates[7] on His Name.

ਨਾਨਕ ਪਵਿੱਤ੍ਰ ਪੁਰਸ਼[2] ਕੇਵਲ ਪ੍ਰਭੂ[3] ਨੂੰ ਹੀ ਜਾਣਦਾ[4] ਹੈ ਅਤੇ ਦਿਹੁੰ[5] ਰੈਣ[6] ਉਸ ਦੇ ਨਾਮ ਦਾ ਆਰਾਧਨ[7] ਕਰਦਾ ਹੈ ।

ਮੇਰਾ ਮਨੋ[8] ਮੇਰਾ ਮਨੁ ਮਾਇਆ[9] ਨਾਮੁ ਸਖਾਈ[10] ਰਾਮ[12] ॥

My soul[8], my soul has come to believe[9], that Lord's[12] Name alone is Name's succour[10].

ਮੇਰੀ ਆਤਮਾ[8], ਮੇਰੀ ਆਤਮਾ ਨੂੰ ਯਕੀਨ[9] ਆ ਗਿਆ ਹੈ ਕਿ ਕੇਵਲ ਸੁਆਮੀ[12] ਦਾ ਨਾਮ ਹੀ ਆਦਮੀ ਦਾ ਸਹਾਇਕ[10] ਹੈ ।

ਹਉਮੈ[13] ਮਮਤਾ[14] ਮਾਇਆ[15] ਸੰਗਿ[16] ਨ ਜਾਈ[17] ਰਾਮ ॥

Egotism[13], worldly attachment[14] and wealth[15] go[17] not with[16] him, O Lord.

ਹੰਗਤਾ[13], ਸੰਸਾਰੀ ਲਗਨ[14] ਅਤੇ ਧਨ-ਦੌਲਤ[15] ਉਸ ਦੇ ਨਾਲ[16] ਨਹੀਂ ਜਾਂਦੀਆਂ[17] ।

ਮਾਤਾ[18] ਪਿਤ[19] ਭਾਈ[20] ਸੁਤ[21] ਚਤੁਰਾਈ[22] ਸੰਗਿ[23] ਨ ਸੰਪੈ[24] ਨਾਰੇ[25] ॥

Mother[18], father[19]. brother[20], son[21], cleverness[22], property[24] and wife[25] keep not his company[23].

ਅੰਮੜੀ[18], ਬਾਬਲ[19], ਵੀਰ[20], ਪੁੱਤ੍ਰ[21], ਚਾਲਾਕੀ[22], ਜਾਇਦਾਦ[24] ਅਤੇ ਵਹੁਟੀ[25] ਉਸ ਦਾ ਸਾਥ[23] ਨਹੀਂ ਦਿੰਦੇ ।

ਸਾਇਰ[26] ਕੀ ਪੁਤ੍ਰੀ[27] ਪਰਹਰਿ[28] ਤਿਆਗੀ[29] ਚਰਣ[30] ਤਲੈ[31] ਵੀਚਾਰੇ[32]॥

Through Lord's meditation[32], I have abandoned[28] and forsaken[29] wealth, the daughter[27] of ocean[26], and have trampled it under[31] my feet[30].

ਸਾਹਿਬ ਦੇ ਸਿਮਰਨ ਦੇ ਰਾਹੀਂ[32] ਮੈਂ ਸਮੁੰਦਰ[27] ਦੀ ਲੜਕੀ[27], ਮਾਇਆ ਨੂੰ ਤਲਾਂਜਲੀ[28] ਤੇ ਛਾਰਖ਼ਤੀ[29] ਦੇ ਦਿੱਤੀ ਹੈ ਅਤੇ ਇਸ ਨੂੰ ਆਪਣੇ ਪੈਰਾਂ[30] ਹੇਠਾਂ[31] ਲਤਾੜ ਸੁੱਟਿਆ ਹੈ ।

ਆਦਿ ਪੁਰਖਿ[33] ਇਕੁ ਚਲਤੁ[39] ਦਿਖਾਇਆ[34] ਜਹ[35] ਦੇਖਾ[36] ਤਹ[37] ਸੋਈ[38] ॥

The Primal Lord[33] has shown[34] a wondrous[39] show, that whatever[35] I behold[36], there[37] I find him[38].

ਆਦੀ ਪ੍ਰਭੂ[33]ਨੇ ਇਕ ਅਲੌਕਿਕ ਦ੍ਰਿਸ਼ਯ[39]ਵਿਖਾਲਿਆ[34] ਹੈ ਕਿ ਜਿੱਥੇ ਕਿਤੇ ਭੀ[35] ਮੈਂ ਵੇਖਦਾ ਹਾਂ[36], ਓਥੇ[37] ਮੈਂ ਉਸ ਨੂੰ ਪਾਉਂਦਾ[38] ਹਾਂ ।

ਨਾਨਕ ਹਰਿ ਕੀ ਭਗਤਿ[40] ਨ ਛੋਡਉ[41] ਸਹਜੇ[42] ਹੋਇ ਸੁ ਹੋਈ[43] ॥੨॥

Nanak, forsake[41] I not Lord's devotional service[40]. In the natural course[42], come what may[43].

ਨਾਨਕ, ਮੈਂ ਪ੍ਰਭੂ ਦੀ ਪ੍ਰੇਮ ਮਈ ਸੇਵਾ[40] ਨੂੰ ਨਹੀਂ ਤਿਆਗਦਾ[41] । ਸੁਤੇ ਸਿੱਧ[42] ਜੋ ਹੋਣਾ ਹੈ ਉਹ ਪਿਆ ਹੋਵੇ[43] ।

ਮੇਰਾ ਮਨੋ[44] ਮੇਰਾ ਮਨੁ ਨਿਰਮਲੁ[45] ਸਾਚੁ ਸਮਾਲੇ[46] ਰਾਮ[47] ॥

My mind[44], my mind has become immaculate[45] by contemplating[46] over the True Lord[47].

ਮੇਰਾ ਹਿਰਦਾ[44], ਮੇਰਾ ਹਿਰਦਾ, ਸੱਚੇ ਸੁਆਮੀ[47] ਦਾ ਸਿਮਰਨ ਕਰਨ ਦੁਆਰਾ[46] ਪਵਿੱਤਰ[45] ਹੋ ਗਿਆ ਹੈ ।

ਅਵਗਣ[48] ਮੇਟਿ[49] ਚਲੇ[50] ਗੁਣ[51] ਸੰਗਮ[52] ਨਾਲੇ[53] ਰਾਮ ॥

Vices[48] I have effaced (dispelled[49]),and I now walk[50] with[53] the company[52] of the good[51].

ਬਦੀਆਂ[48] ਮੈਂ ਮੇਸ[49] ਛੱਡੀਆਂ ਹਨ ਅਤੇ ਮੈਂ ਹੁਣ ਗੁਣਵਾਨਾਂ[51] ਦੀ ਸੰਗਤ[52] ਨਾਲ[53] ਤੁਰਦਾ[50] ਹਾਂ ।

ਅਵਗਣ[54] ਪਰਹਰਿ[55] ਕਰਣੀ[56] ਸਾਰੀ[59] ਦਰਿ[57] ਸਚੈ ਸਚਿਆਰੋ[58] ॥	Discarding[55] vices[54] I do good[59] deeds[56], and am exonerated[58] in the True court[57].	ਪਾਪਾਂ[54] ਨੂੰ ਤਿਆਗ ਕੇ[55] ਮੈਂ ਭਲੇ[59] ਕਰਮ[56]ਕਮਾਉਂਦਾ ਹਾਂ, ਅਤੇ ਸੱਚੇ ਦਰਬਾਰ[57] ਅੰਦਰ ਸੁਰਖ਼ਰੂ[58] ਥੀਂਵਦਾ ਹਾਂ ।
ਆਵਣੁ[60] ਜਾਵਣੁ[61] ਠਾਕਿ ਰਹਾਏ[62] ਗੁਰਮੁਖਿ[63] ਤਤੁ[64] ਵੀਚਾਰੋ[65] ॥	My coming[60] and going[61] are stopped and stayed[62]. For I, through the Guru[63], have reflected[65] on the Real Thing[64].	ਮੇਰਾ ਆਉਣਾ[60] ਅਤੇ ਜਾਣਾ[61] ਵਰਜ ਅਤੇ ਰੋਕ[62] ਦਿਤੇ ਗਏ ਹਨ,ਕਿਉਂਕਿ ਮੈਂ ਗੁਰਾਂ ਦੇ ਰਾਹੀਂ[63] ਸਾਰ-ਵਸਤੂ[64] ਦਾ ਚਿੰਤਨ[65] ਕੀਤਾ ਹੈ ।
ਸਾਜਨੁ[66] ਮੀਤੁ[67] ਸੁਜਾਣੁ[68] ਸਖਾ[69] ਤੂੰ ਸਚਿ[70] ਮਿਲੈ[71] ਵਡਿਆਈ[72] ॥	My Master, Thou art, my intimate[66] friend[67] and wise[68] comrade[69]. Grant[71] me the glory[72] of Thy True Name[70]	ਮੇਰੇ ਮਾਲਕ, ਤੂੰ ਮੇਰਾ ਯਾਰ[66], ਮਿੱਤ੍ਰ[67] ਅਤੇ ਸਿਆਣਾ[68] ਸਾਥੀ[69] ਹੈਂ । ਮੈਨੂੰ ਆਪਣੇ ਸੱਚੇ ਨਾਮ[70] ਦੀ ਕੀਰਤੀ[72] ਪ੍ਰਦਾਨ ਕਰ[71] ।
ਨਾਨਕ ਨਾਮੁ ਰਤਨੁ[73] ਪਰਗਾਸਿਆ[74] ਐਸੀ[75] ਗੁਰਮਤਿ[76] ਪਾਈ[77] ॥੩॥	Nanak, I have received[77] such[75] an instruction[76] from the Guru, that the Name jewel[73] is revealed[74] unto me.	ਨਾਨਕ, ਗੁਰਾਂ ਪਾਸੋਂ ਮੈਨੂੰ ਐਹੋ[75] ਜੇਹਾ ਉਪਦੇਸ਼[76] ਪ੍ਰਾਪਤ[77] ਹੋਇਆ ਹੈ ਕਿ ਨਾਮ ਦਾ ਜਵੇਹਰ[73] ਮੇਰੇ ਤੇ ਪ੍ਰਗਟ[74] ਹੋ ਆਇਆ ਹੈ ।
ਸਚੁ ਅੰਜਨੋ ਅੰਜਨੁ[78] ਸਾਰਿ[79] ਨਿਰੰਜਨਿ[80] ਰਾਤਾ[81] ਰਾਮ[82]॥	Collyrium[78], the collyrium of truth, I have carefully[79] applied to my eyes, and am imbued[81] with the Immaculate[80] Lord[82].	ਸੁਰਮਾ[78], ਸੱਚ ਦਾ ਸੁਰਮਾ, ਮੈਂ ਸੰਭਾਲ ਕੇ[79] ਆਪਣੀਆਂ ਅੱਖਾਂ ਵਿਚ ਪਾਇਆ ਹੈ ਅਤੇ ਮੈਂ ਪਵਿੱਤ੍ਰ[80] ਪ੍ਰਭੂ[82] ਨਾਲ ਰੰਗਿਆ[81] ਗਿਆ ਹਾਂ ।
ਮਨਿ[83] ਤਨਿ[84] ਰਵਿ ਰਹਿਆ[85] ਜਗਾ[86] ਜੀਵਨੋ[87] ਦਾਤਾ[88] ਰਾਮ[89] ॥	Within my mind[83] and body[84] is contained[85] the Bestower[88] Lord[89], the life[87] of the world[86].	ਮੇਰੀ ਆਤਮਾ[83] ਤੇ ਦੇਹਿ[84] ਅੰਦਰ, ਜਗਤ[86] ਦੀ ਜਿੰਦ-ਜਾਨ[87], ਦਾਤਾਰ[88] ਪ੍ਰਭੂ[89] ਰਮ[85] ਰਿਹਾ ਹੈ ।
ਜਗ ਜੀਵਨੁ ਦਾਤਾ[90] ਹਰਿ ਮਨਿ[91] ਰਾਤਾ[92] ਸਹਜਿ[93] ਮਿਲੈ[94] ਮੇਲਾਇਆ[95] ॥	My soul[91] is imbued[92] with the beneficient[90] God, the life of the world, and is easily[93] united[94] and blended[95] with Him.	ਮੇਰੀ ਜਿੰਦੜੀ[91], ਸੰਸਾਰ ਦੀ ਜਿੰਦ-ਜਾਨ, ਉਦਾਰਚਿੱਤ[90] ਵਾਹਿਗੁਰੂ ਨਾਲ ਰੰਗੀਜੀ[92] ਹੋਈ ਹੈ ਅਤੇ ਸੁਖੈਨ[93] ਹੀ ਉਸ ਨਾਲ ਇੱਕਮਿੱਕ[94] ਤੇ ਅਭੇਦ[95] ਹੋ ਗਈ ਹੈ ।
ਸਾਧ[96] ਸਭਾ[97] ਸੰਤਾ[98] ਕੀ ਸੰਗਤਿ[99] ਨਦਰਿ[100] ਪ੍ਰਭੂ ਸੁਖੁ[2] ਪਾਇਆ ॥	By Lord's grace[100], man obtains peace[2] in the saints'[96] society[97] and the association[99] of the holymen[98].	ਸਾਂਈਂ ਦੀ ਮਿਹਰ ਦੁਆਰਾ[100] ਇਨਸਾਨ ਨੇਕਾਂ[96] ਦੀ ਸੁਹਬਤ[97] ਅਤੇ ਪਵਿੱਤ੍ਰ ਪੁਰਸ਼ਾਂ[98] ਦੇ ਮੇਲ-ਮਿਲਾਪ[99] ਅੰਦਰ ਆਰਾਮ[2] ਪਾਉਂਦਾ ਹੈ ।
ਹਰਿ ਕੀ ਭਗਤਿ[3] ਰਤੇ[4] ਬੈਰਾਗੀ[5] ਚੂਕੇ[6] ਮੋਹ[7] ਪਿਆਸਾ[8] ॥	The world denouncers[5] remain absorbed[4] in God's worship[3] and are rid of[6] attachment[7] and desire[8].	ਜਗਤ-ਤਿਆਗੀ[5] ਵਾਹਿਗੁਰੂ ਦੀ ਉਪਾਸਨਾ[3] ਅੰਦਰ ਲੀਨ[4] ਰਹਿੰਦੇ ਹਨ ਅਤੇ ਲਗਨ[7] ਤੇ ਖ਼ਾਹਿਸ਼[8] ਤੋਂ ਖ਼ਲਾਸੀ[6] ਪਾ ਜਾਂਦੇ ਹਨ ।
ਨਾਨਕ ਹਉਮੈ[9] ਮਾਰਿ[10] ਪਤੀਣੇ[12] ਵਿਰਲੇ[13] ਦਾਸ[14] ਉਦਾਸਾ[15] ॥੪॥੩॥੪॥੩॥	Nanak, rare[13] is the desireless[15] slave[14] of God, who by quelling[10] his ego[9] remains pleased[12] with the Lord.	ਨਾਨਕ, ਕੋਈ ਟਾਵਾਂ[13] ਹੀ ਇੱਛਾ-ਰਹਿਤ[15] ਹਰੀ ਦਾ ਗੋਲਾ[14] ਹੈ, ਜੋ ਆਪਣੀ ਹੰਗਤਾ[9] ਨੂੰ ਮੋਸ ਕੇ[10] ਸੁਆਮੀ ਨਾਲ ਪ੍ਰਸੰਨ[12] ਰਹਿੰਦਾ ਹੈ ।

੪੩੮

ਰਾਗੁ ਆਸਾ ਮਹਲਾ ੧
ਛੰਤ[16] ਘਰੁ ੨

Asa Measure. Ist Guru
A Metre[16].

ਰਾਗੁ ਆਸਾ ਪਹਿਲੀ ਪਾਤਸ਼ਾਹੀ
ਛੰਦ[16]

ੴ ਸਤਿਗੁਰ ਪ੍ਰਸਾਦਿ ॥

There is but one God. By True Guru's grace He is attained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਤੂੰ ਸਭਨੀ[17] ਥਾਈ[18] ਜਿਥੈ[19] ਹਉ ਜਾਈ ਸਾਚਾ ਸਿਰਜਣਹਾਰੁ[20] ਜੀਉ ॥

Thou art at all[17] the places[18], wherever[19] I go, O my True Creator[20].

ਤੂੰ ਸਾਰੀਆਂ[17] ਥਾਵਾਂ[18] ਤੇ ਹੈਂ ਜਿੱਥੇ ਕਿਤੇ ਭੀ[19] ਮੈਂ ਜਾਂਦਾ ਹਾਂ, ਹੇ ਮੇਰੇ ਸੱਚੇ ਕਰਤਾਰ[20] !

ਸਭਨਾ ਕਾ ਦਾਤਾ[21] ਕਰਮ[22] ਬਿਧਾਤਾ[23] ਦੂਖ[24] ਬਿਸਾਰਣਹਾਰੁ[25] ਜੀਉ ॥

Thou art the Giver of all[21], the Architect[23] of destiny[22] and the Distress[24] Dispeller[25].

ਤੂੰ ਸਾਰਿਆਂ ਦਾ ਦਾਤਾਰ[21], ਕਿਸਮਤ[22] ਬਣਾਉਣ ਵਾਲਾ[23] ਅਤੇ ਤਕਲੀਫ਼[24] ਦੂਰ ਕਰਨ ਵਾਲਾ[25] ਹੈਂ।

ਦੂਖ ਬਿਸਾਰਣਹਾਰੁ[26] ਸੁਆਮੀ ਕੀਤਾ ਜਾ ਕਾ ਹੋਵੈ ॥

Destroyer of pain[26] is the Lord and, all that takes place is of His doing.

ਗ਼ਮ[26] ਨੂੰ ਮੇਟਣ ਵਾਲਾ ਹੈ ਸਾਹਿਬ। ਸਾਰਾ ਕੁਛ ਜੋ ਹੁੰਦਾ ਹੈ, ਉਸ ਦਾ ਕੀਤਾ ਹੋਇਆ ਹੈ।

ਕੋਟ[27] ਕੋਟੰਤਰ ਪਾਪਾ[28] ਕੇਰੇ[29] ਏਕ ਘੜੀ[30] ਮਹਿ[31] ਖੋਵੈ[32] ॥

Millions[27] upon millions of[29] sins[28], He destroys[32] in[31] a moment[30].

ਗੁਨਾਹਾਂ[28] ਦੇ[29] ਕ੍ਰੋੜਾਂ ਹੀ ਕ੍ਰੋੜਾਂ[27], ਉਹ ਇੱਕ ਮੁਹਤ[30] ਵਿੱਚ[31] ਨਾਸ[32] ਕਰ ਦਿੰਦਾ ਹੈ।

ਹੰਸ[33] ਸਿ ਹੰਸਾ ਬਗ[34] ਸਿ ਬਗਾ ਘਟ ਘਟ[35] ਕਰੇ ਬੀਚਾਰੁ[36] ਜੀਉ ॥

Thou assayest[36] every heart[35], and declarest a swan[33], a swan, and a crane[34] a crane.

ਤੂੰ ਹਰ ਦਿਲ[35]ਦੀ ਪਰਖ ਕਰਦਾ[36] ਹੈਂ ਅਤੇ ਰਾਜਹੰਸ[33] ਨੂੰ ਰਾਜਹੰਸ ਅਤੇ ਬਗਲੇ[34] ਨੂੰ ਬਗਲਾ ਪ੍ਰਗਟ ਕਰ ਦਿੰਦਾ ਹੈਂ।

ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥੧॥

Thou art at all the places, wherever I go, O my True Creator.

ਤੂੰ ਸਾਰੀਆਂ ਥਾਵਾਂ ਤੇ ਹੈਂ, ਜਿੱਥੇ ਕਿਤੇ ਭੀ ਮੈਂ ਜਾਂਦਾ ਹਾਂ, ਹੇ ਮੇਰੇ ਸੱਚੇ ਕਰਤਾਰ !

ਜਿਨ੍ਹ ਇਕ ਮਨਿ[37] ਧਿਆਇਆ[38] ਤਿਨ੍ਹ[41] ਸੁਖੁ[42] ਪਾਇਆ ਤੇ[39] ਵਿਰਲੇ[40] ਸੰਸਾਰਿ ਜੀਉ ॥

They[41], who remember[38] God with single mind[37], attain peace[42], but rare[40] are they[39] in the world.

ਜੋ ਹਰੀ ਨੂੰ ਇੱਕ ਚਿੱਤ[37] ਨਾਲ ਸਿਮਰਦੇ[38] ਹਨ, ਉਹ[41] ਆਰਾਮ[42] ਪਾਉਂਦੇ ਹਨ, ਪ੍ਰੰਤੂ ਟਾਵੇਂ ਟੱਲੇ[40] ਹੀ ਹਨ ਉਹ[39] ਜਗਤ ਵਿੱਚ।

ਤਿਨ ਜਮੁ[43] ਨੇੜਿ[44] ਨ ਆਵੈ ਗੁਰ ਸਬਦੁ[45] ਕਮਾਵੈ[46] ਕਬਹੁ ਨ ਆਵਹਿ ਹਾਰਿ[47] ਜੀਉ ॥

Death's courier[43] draws not near[44] them, they act up to[46] Guru's instruction[45], and they never return routed[47].

ਮੌਤ ਦਾ ਦੂਤ[43] ਉਨ੍ਹਾਂ ਦੇ ਲਾਗੇ[44] ਨਹੀਂ ਲਗਦਾ, ਉਹ ਗੁਰਾਂ ਦੇ ਉਪਦੇਸ਼[45] ਤੇ ਅਮਲ ਕਰਦੇ ਹਨ[46] ਅਤੇ ਉਹ ਕਦੇ ਭੀ ਸ਼ਿਕਸ਼ਤ ਖਾ ਕੇ[47] ਨਹੀਂ ਆਉਂਦੇ।

ਤੇ ਕਬਹੁ[48] ਨ ਹਾਰਹਿ[49]ਹਰਿ ਹਰਿ[50]ਗੁਣ[51] ਸਾਰਹਿ[52] ਤਿਨ੍

They, who dwell[52] upon Lord God's[50] excellences[51], suffer not defeat[49]

ਜੋ ਵਾਹਿਗੁਰੂ ਸੁਆਮੀ[50] ਦੀਆਂ ਸ੍ਰੇਸ਼ਟਤਾਈਆਂ[51] ਦਾ ਚਿੰਤਨ[52] ਕਰਦੇ ਹਨ, ਉਹ ਕਦੇ ਭੀ[48]

ਜਮੁ ਨੇੜਿ ਨ ਆਵੈ ॥	ever, Death's myrmidon goes not near them.	ਹਾਰ[49] ਨਹੀਂ ਖਾਂਦੇ। ਮੌਤ ਦਾ ਫ਼ਰੇਸ਼ਤਾ ਉਨ੍ਹਾਂ ਦੇ ਨੇੜੇ ਨਹੀਂ ਜਾਂਦਾ।
ਜੰਮਣੁ ਮਰਣੁ ਤਿਨ੍ਹਾ[53] ਕਾ ਚੂਕਾ[54] ਜੋ ਹਰਿ ਲਾਗੇ[55] ਪਾਵੈ[56] ॥	Ended[54] are the births and deaths of those[53], who are attached[55] with God's feet[56],	ਮੁੱਕ[54] ਜਾਂਦੇ ਹਨ, ਜੰਮਣੇ ਅਤੇ ਮਰਣੇ ਉਨ੍ਹਾਂ[53] ਦੇ, ਜੋ ਵਾਹਿਗੁਰੂ ਦੇ ਪੈਰਾਂ[56] ਨਾਲ ਜੁੜੇ[55] ਹਨ।
ਗੁਰਮਤਿ[57] ਹਰਿ ਰਸੁ[58] ਹਰਿ ਫਲੁ[59] ਪਾਇਆ ਹਰਿ[60] ਹਰਿ ਨਾਮੁ [61]ਉਰਧਾਰਿ[62] ਜੀਉ ॥	By Guru's teaching[57], they obtain God's elixir[58] and God's Fruit[59] and Lord[60] God's Name, they clasp[62] to their heart[61].	ਗੁਰਾਂ ਦੇ ਉਪਦੇਸ਼[57] ਦੁਆਰਾ ਉਹ ਰੱਬ ਦੇ ਅੰਮ੍ਰਿਤ[58] ਅਤੇ ਰੱਬ ਦੇ ਮੇਵੇ[59] ਨੂੰ ਪ੍ਰਾਪਤ ਹੁੰਦੇ ਹਨ। ਵਾਹਿਗੁਰੂ ਸੁਆਮੀ[60] ਦੇ ਨਾਮ ਨੂੰ ਉਹ ਆਪਣੇ ਦਿਲ[61] ਨਾਲ ਲਾਉਂਦੇ[62] ਹਨ।
ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥੨॥	They who think of the Lord with single mind, obtain joys, but a few are they in this world.	ਜੋ ਸਾਈਂ ਨੂੰ ਇੱਕ ਚਿੱਤ ਨਾਲ ਯਾਦ ਕਰਦੇ ਹਨ, ਉਹ ਖ਼ੁਸ਼ੀ ਨੂੰ ਪ੍ਰਾਪਤ ਹੁੰਦੇ ਹਨ। ਪ੍ਰੰਤੂ, ਬਹੁਤ ਹੀ ਥੋੜੇ ਹਨ ਉਹ ਇਨਸਾਨ ਜਹਾਨ ਅੰਦਰ।
ਜਿਨਿ ਜਗਤੁ[63]ਉਪਾਇਆ[64] ਧੰਧੈ[65] ਲਾਇਆ[66] ਤਿਸੈ[67] ਵਿਟਹੁ[68] ਕੁਰਬਾਣੁ[69] ਜੀਉ ॥	He who created[64] the beings[63] and has put[66] them to task[65], Unto[68] Him[67] I am a sacrifice[69].	ਜਿਸ ਨੇ ਜੀਵ[63] ਪੈਦਾ ਕੀਤੇ[64] ਹਨ,ਅਤੇ ਉਨ੍ਹਾਂ ਨੂੰ ਕੰਮੀਂ ਕਾਜੀਂ[65] ਜੋੜਿਆ[66] ਹੈ, ਉਸ[67] ਉੱਤੋਂ[68] ਵਾਰਣੇ[69] ਜਾਂਦਾ ਹਾਂ।
ਤਾਕੀ[70] ਸੇਵ[71] ਕਰੀਜੈ[72] ਲਾਹਾ[73] ਲੀਜੈ[74] ਹਰਿ ਦਰਗਹ[75] ਪਾਈਐ ਮਾਣੁ[76] ਜੀਉ ॥	Perform[72] His[70] service[71], gather[74] profit[73] and thus thou obtain honour[76] in God's Court[75].	ਉਸ[70] ਦੀ ਘਾਲ[71] ਕਮਾ[72], ਲਾਭ[73] ਉਠਾ[74] ਅਤੇ ਇਸ ਤਰ੍ਹਾਂ ਤੂੰ ਵਾਹਿਗੁਰੂ ਦੇ ਦਰਬਾਰ[75] ਅੰਦਰ ਇੱਜ਼ਤ[76] ਹਾਸਲ ਕਰ।
ਹਰਿ ਦਰਗਹ ਮਾਨੁ ਸੋਈ[77] ਜਨੁ[78] ਪਾਵੈ ਜੋ[79]ਨਰੁ[80] ਏਕੁ[81] ਪਛਾਣੈ[82] ॥	The[79] man[80], who recognises[82] but One God[81], that[77] man[78] alone gathers honour in God's court.	ਜਿਹੜਾ[79] ਪੁਰਸ਼[80] ਕੇਵਲ ਇੱਕ ਵਾਹਿਗੁਰੂ[81] ਨੂੰ ਸਿਆਣਦਾ[82] ਹੈ, ਕੇਵਲ ਓਹੀ[77] ਪੁਰਸ਼[78] ਹੀ ਰੱਬ ਦੇ ਦਰਬਾਰ ਵਿੱਚ ਇੱਜ਼ਤ ਪਾਉਂਦਾ ਹੈ।
ਓਹੁ [83]ਨਵਨਿਧਿ[84] ਪਾਵੈ ਗੁਰਮਤਿ[85] ਹਰਿ ਧਿਆਵੈ[86] ਨਿਤ[87] ਹਰਿ ਗੁਣ[88] ਆਖਿ[89] ਵਖਾਣੈ[90] ॥	He, who under Guru's instruction[85], remembers[86] God and ever[87] utters[89] and repeats[90] God's praise[88], obtain to the Nine[83] treasures[84].	ਜੋ ਗੁਰਾਂ ਦੀ ਸਿੱਖਿਆ[85] ਤਾਬੇ ਵਾਹਿਗੁਰੂ ਨੂੰ ਸਿਮਰਦਾ[86] ਹੈ ਅਤੇ ਹਮੇਸ਼ਾ[87] ਵਾਹਿਗੁਰੂ ਦੇ ਜੱਸ[88] ਨੂੰ ਉਚਾਰਦਾ[89] ਤੇ ਕਹਿੰਦਾ[90] ਹੈ, ਉਹ ਨੌਂ[83] ਖ਼ਜ਼ਾਨੇ[84] ਪ੍ਰਾਪਤ ਕਰ ਲੈਂਦਾ ਹੈ।
[91]ਅਹਿਨਿਸਿ[92] ਨਾਮੁ ਤਿਸੈ[93] ਕਾ ਲੀਜੈ[94] ਹਰਿ[95] ਊਤਮੁ[96] ਪੁਰਖੁ[97] ਪਰਧਾਨੁ[98] ਜੀਉ॥	Day[91] and night[92] take[94] thou[93] the Name of the God[95], who is sublime[96] and the Lord[97] President[98] of all.	ਦਿਹੁੰ[91] ਤੇ ਰੈਣ[92] ਉਸ[93] ਵਾਹਿਗੁਰੂ[95] ਦਾ ਨਾਮ ਲੈ[94], ਜੋ ਸ੍ਰੇਸ਼ਟ[96] ਅਤੇ ਸਾਰਿਆਂ ਦਾ ਸ੍ਰੋਮਣੀ[98] ਸੁਆਮੀ[97] ਹੈ।
ਜਿਨਿ ਜਗਤੁ[99] ਉਪਾਇਆ ਧੰਧੈ[100] ਲਾਇਆ ਹਉ ਤਿਸੈ ਵਿਟਹੁ ਕੁਰਬਾਨੁ ਜੀਉ ॥ ੩॥	I am a sacrifice unto Him, who having created the world[99], has put it to work[100].	ਮੈਂ ਉਸ ਉਤੋਂ ਬਲਿਹਾਰਨੇ ਜਾਂਦਾ ਹਾਂ,ਜਿਸ ਨੇ ਸੰਸਾਰ[99] ਨੂੰ ਸਾਜ ਕੇ, ਇਸ ਨੂੰ ਕਾਰ-ਵਿਹਾਰ[100] ਵਿਚ ਜੋੜਿਆ ਹੈ।
ਨਾਮੁ ਲੈਨਿ[2] ਸਿ[3] ਸੋਹਹਿ[4]	They[3], who repeat[2] the Name look	ਜੋ ਨਾਮ ਨੂੰ ਉਚਾਰਦੇ[2] ਹਨ, ਉਹ[3] ਸ਼ਸ਼ੋਭਤ[4] ਦਿਸਦੇ

ਤਿਨ ਸੁਖ ਫਲ[7] ਹੋਵਹਿ ਮਾਨਹਿ[5] ਸੇ ਜਿਣਿ[6] ਜਾਹਿ ਜੀਉ ॥

embelished[4] and obtain the fruit[7] of peace. They who believe[5] in the Name win[6] the life's game.

ਹਨ ਅਤੇ ਸੁਖ-ਮੇਵੇ[7], ਨੂੰ ਪਾਉਂਦੇ ਹਨ। ਜੋ ਨਾਮ ਨੂੰ ਮੰਨਦੇ[5] ਹਨ ਉਹ ਜੀਵਨ ਦੀ ਖੇਡ ਨੂੰ ਜਿੱਤ[6] ਲੈਂਦੇ ਹਨ।

ਤਿਨ[8] ਫਲ[9] ਤੋਟਿ[10] ਨ ਆਵੈ ਜਾ[12] ਤਿਸੁ[13] ਭਾਵੈ[14] ਜੇ[15] ਜੁਗ ਕੇਤੇ[16] ਜਾਹਿ[17] ਜੀਉ ॥

If[12] it pleases[14] Him[13], they[8] run not short[10] of Lord's boons[9], even though[15] series[16] of ages may pass[17].

ਜੇਕਰ[12] ਉਸ[13] ਨੂੰ ਚੰਗਾ ਲਗੇ[14], ਉਨ੍ਹਾਂ[8] ਨੂੰ ਸਾਂਈਂ ਦੀਆਂ ਬਖ਼ਸ਼ੀਸ਼ਾਂ[9] ਦੀ ਕੋਈ ਕਮੀ[10] ਨਹੀਂ ਵਾਪਰਦੀ ਭਾਵੇਂ[15] ਅਨੇਕਾਂ[16] ਹੀ ਜੁੱਗ ਬੀਤ ਜਾਣ[17]।

ਜੇ ਜੁਗ ਕੇਤੇ ਜਾਹਿ ਸੁਆਮੀ ਤਿਨ ਫਲੁ ਤੋਟਿ[18] ਨ ਆਵੈ ॥

Though several ages may pass away, to their boons there, is no end[18], O Lord.

ਭਾਵੇਂ ਕਈ ਇਕ ਜੁੱਗ ਗੁਜ਼ਰ ਜਾਣ, ਉਨ੍ਹਾਂ ਦੀਆਂ ਦਾਤਾਂ ਖ਼ਤਮ[18] ਨਹੀਂ ਹੁੰਦੀਆਂ, ਹੇ ਪ੍ਰਭੂ!

ਤਿਨ੍[19] ਜਰਾ[20] ਨ ਮਰਣਾ[25] ਨਰਕਿ[21] ਨ ਪਰਣਾ[22] ਜੋ[23] ਹਰਿ ਨਾਮੁ ਧਿਆਵੈ[24] ॥

They[19] age[20] not, die[25] not and fall[22] not into hell[21], only[23] if they meditate[24] on God's Name.

ਉਹ[19] ਬੁੱਢੇ[20] ਨਹੀਂ ਹੁੰਦੇ, ਮਰਦੇ[25] ਨਹੀਂ ਅਤੇ ਦੋਜ਼ਕ[21] ਵਿਚ ਨਹੀਂ ਪੈਂਦੇ[22], ਜੋ[23] ਉਹ ਵਾਹਿਗੁਰੂ ਦੇ ਨਾਮ ਦਾ ਆਰਾਧਨ[24] ਕਰਦੇ ਹਨ।

ਹਰਿ ਹਰਿ[26] ਕਰਹਿ[27] ਸਿ[28] ਸੂਕਹਿ[29] ਨਾਹੀ ਨਾਨਕ ਪੀੜ[30] ਨ ਖਾਹਿ[31] ਜੀਉ ॥

They[28] who utter[27] God's Name[26], wither[29] not and, O Nanak, nor do they suffer[31] pain[30].

ਜੋ ਵਾਹਿਗੁਰੂ ਦੇ ਨਾਮ[26] ਦਾ ਉਚਾਰਨ[27] ਕਰਦੇ ਹਨ, ਉਹ[28] ਸੁਕਦੇ[29] ਨਹੀਂ ਅਤੇ ਹੇ ਨਾਨਕ! ਨਾ ਹੀ ਉਹ ਦੁੱਖ[30] ਉਠਾਉਂਦੇ[31] ਹਨ।

ਨਾਮੁ ਲੈਨ੍ਹਿ[32] ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ[33] ਸੇ ਜਿਣਿ ਜਾਹਿ ਜੀਉ ॥੪॥੧॥੪॥

They who take[32] the Name, look beauteous and reap the fruit of happiness. They who accept[33] the Name, win the life game.

ਜੋ ਨਾਮ ਨੂੰ ਲੈਂਦੇ[32] ਹਨ, ਉਹ ਸੁੰਦਰ ਭਾਸਦੇ ਹਨ ਅਤੇ ਖ਼ੁਸ਼ੀ ਦੇ ਮੇਵੇ ਨੂੰ ਪਾਉਂਦੇ ਹਨ। ਜੋ ਨਾਮ ਨੂੰ ਕਬੂਲ[33] ਕਰਦੇ ਹਨ, ਉਹ ਜੀਵਨ-ਖੇਡ ਨੂੰ ਜਿੱਤ ਲੈਂਦੇ ਹਨ।

ੴ ਸਤਿਗੁਰ ਪ੍ਰਸਾਦਿ ॥

There is but one God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।

ਆਸਾ ਮਹਲਾ ੧
ਛੰਤ[34] ਘਰੁ ੩ ॥

Asa Ist Guru.
Rhythm[34]

ਆਸਾ ਪਹਿਲੀ ਪਾਤਸ਼ਾਹੀ।
ਛੰਦ[34]।

ਤੂੰ ਸੁਣਿ ਹਰਣਾ[34*] ਕਾਲਿਆ ਕੀ[35] ਵਾੜੀਐ[36] ਰਾਤਾ[37] ਰਾਮ ॥

Hear thou, O black buck[34*], why[35] art thou enamoured[37] of the orchard[36] (of passion)?

ਤੂੰ ਸ੍ਰਵਣ ਕਰ, ਹੇ ਕਾਲੇ ਮਿਰਗ[34*] (ਵਿਸ਼ਿਆਂ ਦੀ) ਬਗੀਚੀ[36] ਨਾਲ ਤੂੰ ਕਿਉਂ[35] ਮਸਤ[37] ਹੋਇਆ ਹੋਇਆ ਹੈਂ?

ਬਿਖੁ[38] ਫਲੁ[39] ਮੀਠਾ[40] ਚਾਰਿ ਦਿਨੁ ਫਿਰਿ[41] ਹੋਵੈ ਤਾਤਾ[42] ਰਾਮ ॥

The fruit[39] of sin[38] is sweet[40] for but four days. It then[41] grows hot (unsavoury).

ਪਾਪ[38] ਦਾ ਮੇਵਾ[39] ਕੇਵਲ ਚਹੁ ਦਿਹਾੜਿਆਂ ਲਈ ਮਿੱਠਾ[40] ਹੁੰਦਾ ਹੈ ਮੁੜ[41] ਇਹ (ਕਿਉੜਾ) ਜਾਂ (ਤੱਤਾ[42]) ਹੋ ਜਾਂਦਾ ਹੈ।

ਫਿਰਿ ਹੋਇ ਤਾਤਾ ਖਰਾ[43] ਮਾਤਾ[44] ਨਾਮ ਬਿਨੁ [45]ਪਰਤਾਪਏ[46] ॥

Then, the fruit, which thou greatly[43] longest[44] for, becomes bitter, nay rather very[45] bitter[46], without the Name.

ਮੁੜ ਉਹ ਮੇਵਾ, ਜਿਸ ਲਈ ਤੂੰ ਘਣੇਰਾ[43] ਤਰਸਦਾ[44] ਹੈਂ, ਨਾਮ ਦੇ ਬਗੈਰ ਕਉੜਾ ਨਹੀਂ ਸਗੋਂ ਬਹੁਤਾ[45] ਕਉੜਾ[46] ਬੀ ਵੰਞਦਾ ਹੈ।

੪੩੯

ਓਹੁ[47] ਜੇਵ[48] ਸਾਇਰ[49] ਦੇਇ[50] ਲਹਰੀ[51] ਬਿਜੁਲ[52] ਜਿਵੈ[53] ਚਮਕਏ[54] ॥

That[47] fruit is transitory, like[48] the sea[49]-risen[50] ripples[51] and like[53] lightning's[52] flash[54].

ਉਹ[47] ਮੇਵਾ ਸਮੁੰਦਰ[49] ਵਿੱਚ ਉਤਪੰਨ[50] ਹੋਈਆਂ ਲਹਿਰਾਂ[51] ਦੀ ਮਾਨਿੰਦ[48] ਅਤੇ ਬਿਜਲੀ[52] ਦੀ ਲਿਸ਼ਕ[54] ਦੇ ਮਾਨਿੰਦ[53] ਆਰਜ਼ੀ ਹੈ।

ਹਰਿ ਬਾਝੁ[55] ਰਾਖਾ[56] ਕੋਇ ਨਾਹੀ ਸੋਇ[57] ਤੁਝਹਿ[58] ਬਿਸਾਰਿਆ[59] ॥

Without[55] God, there is no other protector[56] and Him[57] thou[58] hast forgotten[59].

ਵਾਹਿਗੁਰੂ ਦੇ ਬਗੈਰ[55]ਹੋਰ ਕੋਈ ਰੱਖਿਆ ਕਰਨ ਵਾਲਾ[56] ਨਹੀਂ ਅਤੇ ਉਸ[57] ਨੂੰ ਤੂੰ[58] ਭੁਲਾ ਛੱਡਿਆ[59] ਹੈ।

ਸਚੁ ਕਹੈ ਨਾਨਕੁ ਚੇਤਿ[60] ਰੇ[62] ਮਨ[63] ਮਰਹਿ[64] ਹਰਣਾ ਕਾਲਿਆ ॥੧॥

Nanak tells the truth, think[60] of it, O[62] man[63]. Thou shalt die[64], O black deer.

ਨਾਨਕ ਸੱਚ ਆਖਦਾ ਹੈ, ਇਸ ਨੂੰ ਸੋਚ ਸਮਝ[60], ਹੇ[62] ਬੰਦੇ[63] ! ਤੂੰ ਮਰ ਵੰਞੇਂਗਾ[64], ਹੇ ਕਾਲਿਆ ਮਿਰਗਾ !

ਭਵਰਾ[65]ਫੂਲਿ[66] ਭਵੰਤਿਆ[67] ਦੂਖੁ[68] ਅਤਿ[69] ਭਾਰੀ[70] ਰਾਮ ॥

O bumble bee[65], thou wanderest[67] amongst the flowers[66]. Exceedingly[69] great[70] calamity[68] shall befall thee.

ਹੇ ਭਉਰੇ[65] ! ਤੂੰ ਫੁੱਲਾਂ[66] ਵਿੱਚ ਚੱਕਰ ਕੱਟਦਾ ਫਿਰਦਾ[67] ਹੈਂ। ਖਰੀ[69] ਬਹੁਤੀ[70] ਬਣੇਗੀ ਤੈਨੂੰ ਮੁਸੀਬਤ[68]।

ਮੈ ਗੁਰੁ ਪੂਛਿਆ[71] ਆਪਣਾ ਸਾਚਾ ਬੀਚਾਰੀ[72] ਰਾਮ ॥

I have inquired[71] of my Guru regarding the true comprehension[72].

ਮੈਂ ਆਪਣੇ ਗੁਰਾਂ ਪਾਸੋਂ ਸੱਚੀ ਗਿਆਤ[72] ਬਾਰੇ ਪਤਾ ਕੀਤਾ[71] ਹੈ।

ਬੀਚਾਰਿ ਸਤਿਗੁਰੁ ਮੁਈ[73] ਪੂਛਿਆ ਭਵਰੁ ਬੇਲੀ[74] ਰਾਤਓ[75] ॥

O bumble-bee, mad after[75] the creepers'[74] flowers, I[73] have asked[2] my True Guru, regarding the knowledge of the Lord.

ਹੇ ਵੇਲਾਂ ਦੇ ਫੁੱਲਾ[74] ਨਾਲ ਮਸਤ ਹੋਏ[75] ਹੋਏ ਭਉਰੇ, ਮੈਂ[73] ਪ੍ਰਭੂ ਦੀ ਗਿਆਤ ਬਾਰੇ ਆਪਣੇ ਸੱਚੇ ਗੁਰਾਂ ਪਾਸੋਂ ਪਤਾ ਕੀਤਾ ਹੈ।

ਸੂਰਜੁ[76] ਚੜਿਆ[77] ਪਿੰਡੁ[78] ਪੜਿਆ[79] ਤੇਲੁ[80] ਤਾਵਣਿ[81] ਤਾਤਓ[82] ॥

When the sun[76] rises[77] (after the night of life is over), the body[78] falls[79] and the soul is boiled[81] in hot[82] oil[80].

ਜਦ ਸੂਰਜ[76] ਉਦੈ ਹੁੰਦਾ[77] ਤੇ ਮੌਤ ਆਉਂਦੀ ਹੈ, ਦੇਹਿ[78] ਡਿਗ ਪੈਂਦੀ[79] ਹੈ ਅਤੇ ਜਿੰਦੜੀ ਤੱਤੇ[82] ਤੇਲ[80] ਵਿਚ ਉਬਾਲੀ[81] ਜਾਂਦੀ ਹੈ।

ਜਮ[83] ਮਗਿ[84] ਬਾਧਾ[85] ਖਾਹਿ[86] ਚੋਟਾ[87] ਸਬਦ[88] ਬਿਨੁ[90] ਬੇਤਾਲਿਆ[91] ॥

O demon[91], without[90] God's Name[88] thou shalt be bound[85] and suffer[86] strokes[87] on the road[84] of Death[83].

ਹੇ ਭੂਤਨੇ[91] ਮਨੁੱਖ ! ਵਾਹਿਗੁਰੂ ਦੇ ਨਾਮ[88] ਦੇ ਬਾਝੋਂ[90] ਤੂੰ, ਮੌਤ[83] ਦੇ ਰਾਹ[84] ਉੱਤੇ ਨਰੜਿਆ[85] ਜਾਵੇਂਗਾ ਅਤੇ ਸੱਟਾਂ[87] ਸਹਾਰੇਂਗਾ[86]।

ਸਚੁ ਕਹੈ ਨਾਨਕੁ ਚੇਤਿ[92] ਰੇ ਮਨ[93] ਮਰਹਿ ਭਵਰਾ ਕਾਲਿਆ ॥੨॥

Verily says Nanak, contemplate[92] over the Lord, O my soul[93], as thou shalt die, O honey-bee.

ਨਾਨਕ ਸੱਚ ਆਖਦਾ ਹੈ, ਸਾਹਿਬ ਦਾ ਸਿਮਰਨ[92] ਕਰ, ਹੇ ਮੇਰੀ ਜਿੰਦੜੀਏ[93] ! ਤੂੰ ਮਰ ਵੰਞੇਂਗਾ, ਹੇ ਕਾਲੇ ਭਉਰਿਆ !

ਮੇਰੇ ਜੀਅੜਿਆ[94] ਪਰਦੇਸੀਆ[95] ਕਿਤੁ[96] ਪਵਹਿ[97] ਜੰਜਾਲੇ[98] ਰਾਮ ॥

O my stranger[95] soul[94], why[96] fallest[97] thou into entanglements[98]?

ਹੇ ਮੇਰੀ ਬਿਦੇਸਣ[95] ਜਿੰਦੜੀਏ[94] ! ਤੂੰ ਕਿਉਂ[96] ਧੰਦਿਆਂ ਦੀਆਂ ਫਾਹੀਆਂ[98] ਵਿੱਚ ਪੈਂਦੀ[97] ਹੈਂ ?

ਸਾਚਾ ਸਾਹਿਬੁ ਮਨਿ ਵਸੈ[99] ਕੀ[100] ਫਾਸਹਿ[2] ਜਮ[3] ਜਾਲੇ[4] ਰਾਮ ॥

When the True Lord abides[99] within thy mind, why[100] shouldest thou be entrapped[2] in Death's[3] noose[4]?

ਜਦ ਸੱਚਾ ਸੁਆਮੀ ਤੇਰੇ ਚਿੱਤ ਅੰਦਰ ਵਸਦਾ[99] ਹੈ, ਤਾਂ ਤੂੰ ਕਿਉਂ[100] ਮੌਤ[3] ਦੀ ਫਾਹੀ[4] ਵਿੱਚ ਫਸੇਂਗੀ[2] ?

ਮਛੁਲੀ[5] ਵਿਛੁੰਨੀ[6] ਨੈਣ[7] ਰੁੰਨੀ[8] ਜਾਲੁ[9] ਬਧਿਕਿ[10] ਪਾਇਆ[12] ॥

The fisherman[10] casts[12] his net[9], the fish[5] leaves[6] the water with tearful[8] eyes[7].

ਮੱਛੀਆਂ ਫੜਨ ਵਾਲਾ[10] ਫੰਧਾ[9] ਸੁੱਟਦਾ[12] ਹੈ ਅਤੇ ਹੰਝੂ ਭਰੀਆਂ[8] ਅੱਖਾਂ[7] ਨਾਲ ਮੱਛੀ[5] ਪਾਣੀ ਨਾਲੋਂ ਵੱਖਰੀ[6] ਹੁੰਦੀ ਹੈ।

ਸੰਸਾਰੁ[13] ਮਾਇਆ[14] ਮੋਹੁ[15] ਮੀਠਾ[16] ਅੰਤਿ[17] ਭਰਮੁ[18] ਚੁਕਾਇਆ[19] ॥

To the world[13] love[15] of wordly (wealth)[14] is sweet[16], but this delusion[18] is set aside[19] in the end[17].

ਜਗਤ[13] ਨੂੰ ਸੰਸਾਰੀ ਪਦਾਰਥਾਂ[14] ਦਾ ਪਿਆਰ[15] ਮਿੱਠਾ[16] ਲਗਦਾ ਹੈ, ਪਰ ਅਖ਼ੀਰ[17] ਨੂੰ ਇਹ ਵਹਿਮ[18] ਨਵਿਰਤ[19] ਹੋ ਜਾਂਦਾ ਹੈ।

ਭਗਤਿ[20] ਕਰਿ ਚਿਤੁ[21] ਲਾਇ[22] ਹਰਿ ਸਿਉ[23] ਛੋਡਿ[24] ਮਨਹੁ[25] ਅੰਦੇਸਿਆ[26] ॥

Serve[20] thy God, attach[22] thy mind[21] with[23] God and dispel[24] thine mental[25] anxieties[26].

ਆਪਣੇ ਵਾਹਿਗੁਰੂ ਦੀ ਘਾਲ ਕਮਾ[20], ਆਪਣੇ ਮਨ[21] ਨੂੰ ਵਾਹਿਗੁਰੂ ਨਾਲ[23] ਜੋੜ[22] ਅਤੇ ਆਪਣੇ ਚਿੱਤ[25] ਦੇ ਫ਼ਿਕਰ[26] ਦੂਰ ਕਰ[24] ਦੇ।

ਸਚੁ ਕਹੈ ਨਾਨਕੁ ਚੇਤਿ[27] ਰੇ ਮਨ[28] ਜੀਅੜਿਆ[29] ਪਰਦੇਸੀਆ[30] ॥੩॥

Nanak tells the truth, meditate[27] thou on the Lord in thy mind[28], O my stranger[30] soul[29].

ਨਾਨਕ ਸੱਚ ਆਖਦਾ ਹੈ, ਤੂੰ ਆਪਣੇ ਹਿਰਦੇ[28] ਅੰਦਰ ਸਾਹਿਬ ਦਾ ਸਿਮਰਨ ਕਰ[27], ਹੇ ਮੇਰੀ ਬਿਦੇਸਣ[30] ਜਿੰਦੜੀਏ[29]!

ਨਦੀਆ[31] ਵਾਹ[32] ਵਿਛੁੰਨਿਆ[34] ਮੇਲਾ[35] ਸੰਜੋਗੀ ਰਾਮ[33] ॥

The river[31] courses[32] which separate[34], do meet[35] again perchance[33].

ਦਰਿਆਵਾਂ[31] ਦੇ ਵਹਿਣ[32], ਜੋ ਨਿੱਖੜ[34] ਜਾਂਦੇ ਹਨ, ਰੱਬ ਸਬੱਬੀ[33] ਹੀ ਮੁੜ ਕੇ ਮਿਲਦੇ[35] ਹਨ।

ਜੁਗੁ ਜੁਗੁ[36] ਮੀਠਾ[37] ਵਿਸੁ[38] ਭਰੇ[42] ਕੋ[39] ਜਾਣੈ[40] ਜੋਗੀ[41] ਰਾਮ ॥

In every age[36], what is sweet[37], is full[42] of poison[38]. Some rare[39] renouncer[41] understands[40] this.

ਹਰ ਯੁੱਗ[36] ਅੰਦਰ ਜੋ ਕੁਛ ਮਿੱਠਾ[37] ਹੈ ਉਹ ਵਿਹੁ[38] ਨਾਲ ਭਰਿਆ[42] ਹੋਇਆ ਹੁੰਦਾ ਹੈ। ਕੋਈ ਵਿਰਲਾ[39] ਤਿਆਗੀ[41] ਹੀ ਇਸ ਨੂੰ ਸਮਝਦਾ[40] ਹੈ।

ਕੋਈ[43] ਸਹਜਿ[44] ਜਾਣੈ[45] ਹਰਿ ਪਛਾਣੈ[46] ਸਤਿਗੁਰੂ ਜਿਨਿ[47] ਚੇਤਿਆ[48] ॥

Some rare[43] person, who[47] thinks[48] of the True Guru, knows[45] Divine Knowledge[44] and realises[46] God.

ਕੋਈ ਵਿਰਲਾ[43] ਪੁਰਸ਼ ਜੋ[47] ਸੱਚੇ ਗੁਰਾਂ ਨੂੰ ਯਾਦ[48] ਕਰਦਾ ਹੈ, ਬ੍ਰਹਿਮ ਗਿਆਨ[44] ਨੂੰ ਸਮਝਦਾ[45] ਤੇ ਵਾਹਿਗੁਰੂ ਨੂੰ ਅਨੁਭਵ[46] ਕਰਦਾ ਹੈ।

ਬਿਨੁ ਨਾਮ ਹਰਿ ਕੇ ਭਰਮਿ[49] ਭੂਲੇ[50] ਪਚਹਿ[51] ਮੁਗਧ[52] ਅਚੇਤਿਆ[53] ॥

Without God's Name, the thoughtless[53] fools[52] stray[50] insuperstition[49] and are ruined[51].

ਰੱਬ ਦੇ ਨਾਮ ਦੇ ਬਗੈਰ ਬੇਖ਼ਬਰ[53] ਬੇਵਕੂਫ਼[52] ਵਹਿਮ[49] ਅੰਦਰ ਭੁੱਲੇ ਫਿਰਦੇ[50] ਹਨ ਅਤੇ ਬਰਬਾਦ[51] ਹੋ ਜਾਂਦੇ ਹਨ।

ਹਰਿਨਾਮੁ ਭਗਤਿ[54] ਨ ਰਿਦੈ[55] ਸਾਚਾ[56] ਸੇ[57] ਅੰਤਿ[58] ਧਾਹੀ[59] ਰੁੰਨਿਆ[60] ॥

They[57] whose mind[55] contains not God's True[56] Name and devotion[54], bewail[60] loudly[59] in the end[58].

ਜਿਨ੍ਹਾਂ ਦੇ ਹਿਰਦੇ[55] ਅੰਦਰ ਵਾਹਿਗੁਰੂ ਦਾ ਸੱਚਾ[56] ਨਾਮ ਅਤੇ ਅਨੁਰਾਗ[54] (ਪ੍ਰੇਮ) ਨਹੀਂ, ਉਹ[57] ਅਖ਼ੀਰ[58] ਦੇ ਵੇਲੇ ਭੁੱਬਾਂ[59] ਮਾਰਕੇ ਵਿਰਲਾਪ[60] ਕਰਦੇ ਹਨ।

ਸਚੁ ਕਹੈ ਨਾਨਕੁ ਸਬਦਿ[61] ਸਾਚੈ ਮੇਲਿ[62] ਚਿਰੀ[63] ਵਿਛੁੰਨਿਆ[64] ॥੪॥੧॥੫॥

Nanak utters a truth, through the true Gurbani[61], the since long[63] separated[64] souls unite[62] with the Lord.

ਨਾਨਕ ਸੱਚ ਆਖਦਾ ਹੈ, ਸੱਚੀ ਗੁਰਬਾਣੀ[61] ਰਾਹੀਂ ਮੁੱਦਤਾਂ[63] ਤੋਂ ਵਿਛੁੜੀਆਂ[64] ਹੋਈਆਂ ਰੂਹਾਂ ਸੁਆਮੀ ਨੂੰ ਮਿਲ ਪੈਂਦੀਆਂ[62] ਹਨ!

੧ ੴ ਸਤਿਗੁਰ ਪ੍ਰਸਾਦਿ ॥

There is but one God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।

ਆਸਾ ਮਹਲਾ ੩
ਛੰਤ ਘਰੁ ੧ ॥

Asa 3rd Guru.
A Metre

ਆਸਾ ਤੀਜੀ ਪਾਤਸ਼ਾਹੀ।
ਛੰਦ।

ਹਮ[65] ਘਰੇ[66] ਸਾਚਾ[70] ਸੋਹਿਲਾ[67] ਸਾਚੈ ਸਬਦਿ[68] ਸੁਹਾਇਆ[69] ਰਾਮ ॥	Within my[65] home[66] are sung the true[70] songs of rejoicing[67], and with the Guru's True word[68] my home is adorned[69].	ਮੇਰੇ[65] ਧਾਮ[66] ਵਿੱਚ ਸੱਚੀ[70] ਖ਼ੁਸ਼ੀ ਦੇ ਗੀਤ[67] ਗਾਏ ਜਾਂਦੇ ਹਨ। ਸੱਚੀ ਗੁਰਬਾਣੀ[68] ਨਾਲ ਮੇਰਾ ਧਾਮ ਸ਼ਸ਼ੋਭਤ[69] ਹੋਇਆ ਹੋਇਆ ਹੈ।
ਧਨ[71] ਪਿਰ[72] ਮੇਲੁ ਭਇਆ ਪ੍ਰਭਿ ਆਪਿ[73] ਮਿਲਾਇਆ[74] ਰਾਮ ॥	The bride[71] has met her Groom[72] and the Lord Master has Himself[73] accomplished the union[74].	ਪਤਨੀ[71] ਆਪਣੇ ਪਤੀ[72]ਨੂੰ ਮਿਲ ਪਈ ਹੈ ਅਤੇ ਸੁਆਮੀ ਮਾਲਕ ਨੇ ਖ਼ੁਦ[73] ਹੀ ਮਿਲਾਪ[74] ਕੀਤਾ ਹੈ।
ਪ੍ਰਭਿ ਆਪਿ[75] ਮਿਲਾਇਆ ਸਚੁ[76] ਮੰਨਿ ਵਸਾਇਆ[77] ਕਾਮਣਿ[78]ਸਹਜੇ[79]ਮਾਤੀ[80]॥	The bride[78] is intoxicated[80] with Divine Knowledge[79], as the True Name[76] she has enshrined in her mind, and the Lord has united her with Himself[75].	ਵਹੁਟੀ[78] ਬ੍ਰਹਿਮ-ਗਿਆਨ[79] ਨਾਲ ਮਤਵਾਲੀ ਹੋਈ[80] ਹੋਈ ਹੈ, ਕਿਉਂਕਿ ਉਸ ਨੇ ਸੱਚਾ ਨਾਮ[76] ਆਪਣੇ ਰਿਦੇ ਅੰਦਰ ਟਿਕਾਇਆ ਹੋਇਆ ਹੈ ਅਤੇ ਸਾਹਿਬ ਨੇ ਉਸ ਨੂੰ ਆਪਣੇ[75] ਨਾਲ ਮਿਲਾ ਲਿਆ ਹੈ।
ਗੁਰ ਸਬਦਿ[81] ਸੀਗਾਰੀ[82] ਸਚਿ ਸਵਾਰੀ[83] ਸਦਾ[84] ਰਾਵੇ[85] ਰੰਗਿ[86] ਰਾਤੀ[87] ॥	Embelished[82] with Gurbani[81], beautified[83] with truth and tinctured[87] in love[86], she ever[84] enjoys[85] her Beloved.	ਗੁਰਬਾਣੀ[81] ਨਾਲ ਸ਼ਸ਼ੋਭਤ[82]ਹੋ,ਸੱਚ ਨਾਲ ਸਜਧਜ[83] ਕੇ ਅਤੇ ਪਿਆਰ[86] ਅੰਦਰ ਰੰਗੀਜ[87] ਕੇ, ਉਹ ਹਮੇਸ਼ਾ[84] ਆਪਣੇ ਪ੍ਰੀਤਮ ਨੂੰ ਮਾਣਦੀ[85] ਹੈ।
ਆਪੁ[88]ਗਵਾਏ[89]ਹਰਿ ਵਰੁ[90] ਪਾਏ ਤਾ[91] ਹਰਿ ਰਸੁ[92] ਮੰਨਿ ਵਸਾਇਆ[93] ॥	Stilling[89] her ego[88], she attains God, her Spouse[90], and then[91] God's elixir[92] is embedded[93] in her mind.	ਆਪਣੀ ਹੰਗਤਾ[88] ਨੂੰ ਮਾਰ ਕੇ[89],ਉਹ ਵਾਹਿਗੁਰੂ, ਆਪਣੇ ਪਤੀ[90] ਨੂੰ ਪਾ ਲੈਂਦੀ ਹੈ ਅਤੇ ਤਦ[91] ਵਾਹਿਗੁਰੂ ਦਾ ਅੰਮ੍ਰਿਤ[92] ਉਸ ਦੇ ਚਿੱਤ ਵਿਚ ਟਿਕ ਜਾਂਦਾ[93] ਹੈ।
ਕਹੁ[99]ਨਾਨਕ ਗੁਰ ਸਬਦਿ[94] ਸਵਾਰੀ[95] ਸਫਲਿਉ[96] ਜਨਮੁ[97] ਸਬਾਇਆ[98]॥੧॥	Says[99] Nanak, fruitful[96] is the entire[98] life[97] of her, who is bedecked[95] with Guru's hymns[94].	ਗੁਰੂ ਜੀ ਫੁਰਮਾਉਂਦੇ[99] ਹਨ, ਫਲਦਾਇਕ[96] ਹੈ ਉਸ ਦਾ ਸਾਰਾ[98] ਜੀਵਨ[97], ਜੋ ਗੁਰਬਾਣੀ[94] ਨਾਲ ਸਜੀ ਧਜੀ[95] ਹੋਈ ਹੈ।
ਦੂਜੜੈ[100] ਕਾਮਣਿ[2] ਭਰਮਿ[3] ਭੁਲੀ[4] ਹਰਿ ਵਰੁ[5] ਨ ਪਾਏ ਰਾਮ ॥	The damsel[2], who is gone astray[4] in duality[100] and doubt[3], attains not God, her Groom[5].	ਮੁਟਿਆਰ[2], ਜੋ ਦਵੈਤ-ਭਾਵ[100] ਅਤੇ ਵਹਿਮ[3] ਅੰਦਰ ਕੁਰਾਹੇ ਪਈ ਹੋਈ[4] ਹੈ, ਉਹ ਵਾਹਿਗੁਰੂ ਆਪਣੇ ਪਤੀ[5] ਨੂੰ ਪ੍ਰਾਪਤ ਨਹੀਂ[4] ਹੁੰਦੀ।
ਕਾਮਣਿ[6] ਗੁਣੁ[7] ਨਾਹੀ ਬਿਰਥਾ[8] ਜਨਮੁ[9] ਗਵਾਏ[10] ਰਾਮ ॥	The wife[6] has no merit[7], so she vainly[8] loses[10] her life[9], O Lord.	ਵਹੁਟੀ[6] ਵਿਚ ਕੋਈ ਚੰਗਿਆਈ[7] ਨਹੀਂ, ਇਸ ਲਈ ਉਹ ਆਪਣੀ ਜ਼ਿੰਦਗੀ[9] ਬੇਫ਼ਾਇਦਾ[8] ਗੁਆ ਲੈਂਦੀ[10] ਹੈ।
ਬਿਰਥਾ ਜਨਮੁ ਗਵਾਏ ਮਨਮੁਖਿ[12] ਇਆਣੀ[13] ਅਉਗਣਵੰਤੀ[14] ਝੂਰੇ[15] ॥	The self-willed[12], ignorant[13] and impious[14] woman wastes her life in vain and ultimately repents[15].	ਆਪ ਹੁਦਰੀ[12], ਬੇਸਮਝ[13] ਅਤੇ ਗੁਨਾਹਗਾਰ[14] ਤ੍ਰੀਮਤ ਆਪਣਾ ਜੀਵਨ ਵਿਅਰਥ ਵੰਞਾਂ ਲੈਂਦੀ ਹੈ ਅਤੇ ਓੜਕ ਨੂੰ ਪਛਤਾਉਂਦੀ[15] ਹੈ।
ਆਪਣਾ ਸਤਿਗੁਰੁ ਸੇਵਿ[16] ਸਦਾ[17] ਸੁਖੁ ਪਾਇਆ ਤਾ[18] ਪਿਰੁ[20] ਮਿਲਿਆ ਹਦੂਰੇ[19]॥	When she serves[16] her True Guru, she receives eternal[17] peace and then[18] her Beloved[20] meets her face to face[19].	ਜਦ ਉਹ ਸੱਚੇ ਗੁਰਾਂ ਦੀ ਟਹਿਲ ਕਮਾਉਂਦੀ[16] ਹੈ, ਉਹ ਅਮਰ[17] ਆਰਾਮ ਨੂੰ ਪਾ ਲੈਂਦੀ ਹੈ ਅਤੇ ਤਦ[18] ਉਸ ਦਾ ਪ੍ਰੀਤਮ[20] ਉਸ ਨੂੰ ਐਨ ਪ੍ਰਤੱਖ[19] ਹੀ ਮਿਲ ਪੈਂਦਾ ਹੈ।

ਦੇਖਿ ਪਿਰੁ ਵਿਗਸੀ[21] ਅੰਦਰਹੁ[22] ਸਰਸੀ[23] ਸਚੈ ਸਬਦਿ[24] ਸੁਭਾਏ[25] ॥

Beholding her Spouse she blooms[21] forth, her heart[22] is delighted[23] and she is beautified[25] with the True Name[24].

ਆਪਣੇ ਪਤੀ ਨੂੰ ਵੇਖ ਕੇ ਉਹ ਖਿੜ ਜਾਂਦੀ[21] ਹੈ। ਆਪਣੇ ਦਿਲ[22] ਅੰਦਰ ਖ਼ੁਸ਼ ਹੁੰਦੀ[23] ਹੈ ਅਤੇ ਸੱਚੇ ਨਾਮ[24] ਨਾਲ ਸੁਭਾਇਮਾਨ[25] ਹੋ ਜਾਂਦੀ ਹੈ।

੪੪੦

ਨਾਨਕ ਵਿਣੁ[31] ਨਾਵੈ ਕਾਮਣਿ[26] ਭਰਮਿ[27] ਭੁਲਾਣੀ[28] ਮਿਲਿ ਪ੍ਰੀਤਮ[29] ਸੁਖੁ[30] ਪਾਏ ॥੨॥

Nanak, without[31] the Name, the bride[26] strays[28] in suspicion[27] and meeting her Spouse[29], she obtains peace[30].

ਨਾਨਕ, ਨਾਮ ਦੇ ਬਾਝੋਂ[31] ਪਤਨੀ[26] ਸੰਦੇਹ[27] ਅੰਦਰ ਭਟਕਦੀ[28] ਹੈ ਅਤੇ ਆਪਣੇ ਕੰਤ[29] ਨੂੰ ਮਿਲ ਕੇ ਆਰਾਮ[30] ਪਾਉਂਦੀ ਹੈ।

ਪਿਰੁ[32] ਸੰਗਿ[33] ਕਾਮਣਿ[34] ਜਾਣਿਆ ਗੁਰਿ ਮੇਲਿ[35] ਮਿਲਾਈ[36] ਰਾਮ ॥

The wife[31], whom the Guru unites[36] with the society of saints[35], knows her Groom[32] to be with[33] her, O Lord.

ਉਹ ਪਤਨੀ[34], ਜਿਸ ਨੂੰ ਗੁਰੂ ਜੀ ਸਤਿ ਸੰਗਤ[35] ਨਾਲ ਜੋੜ ਦਿੰਦੇ[36] ਹਨ, ਆਪਣੇ ਪਤੀ[32] ਨੂੰ ਆਪਣੇ ਅੰਗ ਸੰਗ[33] ਜਾਣਦੀ ਹੈ।

ਅੰਤਰਿ[37] ਸਬਦਿ[38] ਮਿਲੀ[39] ਸਹਜੇ[40] ਤਪਤਿ[41] ਬੁਝਾਈ[42] ਰਾਮ ॥

Her heart[37] is united[39] with the Guru's hymns[38] and her fire[41] of desire is easily[40] extinguished[42].

ਉਸ ਦਾ ਦਿਲ[37] ਗੁਰਾਂ ਦੀ ਬਾਣੀ[38] ਨਾਲ ਜੁੜਿਆ[39] ਹੋਇਆ ਹੈ ਅਤੇ ਉਸ ਦੀ ਖਾਹਿਸ਼ ਦੀ ਅੱਗ[41] ਸੁਖ਼ੈਨ[40] ਹੀ ਬੁਝ ਗਈ[42] ਹੈ।

ਸਬਦਿ[43] ਤਪਤਿ ਬੁਝਾਈ ਅੰਤਰਿ[44] ਸਾਂਤਿ[45] ਆਈ[46] ਸਹਜੇ ਹਰਿ ਰਸੁ[47] ਚਾਖਿਆ[48] ॥

With God's Name[43], the fire was extinguished, peace[45] reigned[46] within[44] her and she easily tasted[48] God's elixir[47].

ਰੱਬ ਦੇ ਨਾਮ[43] ਨਾਲ ਅੱਗ ਬੁਝ ਗਈ, ਉਸ ਦੇ ਅੰਦਰ[44] ਠੰਢ-ਚੈਨ[45] ਵਰਤ ਗਈ[46] ਅਤੇ ਉਸ ਨੇ ਸੁਖ਼ੈਨ ਹੀ ਵਾਹਿਗੁਰੂ ਦੇ ਅੰਮ੍ਰਿਤ[47] ਨੂੰ ਪਾਨ ਕਰ ਲਿਆ[48]।

ਮਿਲਿ[49] ਪ੍ਰੀਤਮ[50] ਅਪਣੇ ਸਦਾ[55] ਰੰਗੁ[50*] ਮਾਣੇ[51] ਸਚੈ ਸਬਦਿ[54] [52]ਸੁਭਾਖਿਆ[53] ॥

Meeting[49] her Beloved[50], she ever[55] enjoys[51] His love[50*] and throughly[52] preaches[53] the Guru's true hymns[54].

ਆਪਣੇ ਪਿਆਰੇ[50] ਨੂੰ ਭੇਟ ਕੇ[49], ਉਹ ਹਮੇਸ਼ਾ[55] ਉਸ ਦੇ ਪਿਆਰ[50*] ਦਾ ਅਨੰਦ ਲੈਂਦੀ[51] ਹੈ ਅਤੇ ਗੁਰਾਂ ਦੀ ਸੱਚੀ ਬਾਣੀ[54] ਦਾ ਚੰਗੀ ਤਰ੍ਹਾਂ[52] ਪ੍ਰਚਾਰ ਕਰਦੀ[53] ਹੈ।

ਪੜਿ ਪੜਿ[56] ਪੰਡਿਤ[57] ਮੋਨੀ[58] ਥਾਕੇ[59] ਭੇਖੀ[60] ਮੁਕਤਿ[61] ਨ ਪਾਈ ॥

By continual reading[56], the scholars[57] and silent sages[58] are tired[59], and through religious garbs[60] emancipation[61] is not attained.

ਲਗਾਤਾਰ[56] ਪੜ੍ਹਨ ਦੁਆਰਾ, ਵਿਦਵਾਨ[57] ਅਤੇ ਖ਼ਾਮੋਸ਼ ਸਾਧੂ[58] ਹੰਭ ਗਏ[59] ਹਨ। ਮਜ਼ਹਬੀ ਲਿਬਾਸਾਂ[60] ਰਾਹੀਂ ਕਲਿਆਣ[61] ਪ੍ਰਾਪਤ ਨਹੀਂ ਹੁੰਦੀ।

ਨਾਨਕ ਬਿਨੁ[67] ਭਗਤੀ[62] ਜਗੁ[63] ਬਉਰਾਨਾ[64] ਸਚੈ ਸਬਦਿ[65] ਮਿਲਾਈ[66] ॥੩॥

Nanak, without[67] love-worship[62], the world[63] is gone mad[64], through the True Gurbani[65], the man meets[66] the Lord.

ਨਾਨਕ, ਪਿਆਰ-ਉਪਾਸ਼ਨਾ[62] ਦੇ ਬਾਝੋਂ[67] ਸੰਸਾਰ[63] ਕਮਲਾ ਹੋਇਆ[64] ਹੋਇਆ ਹੈ। ਸੱਚੀ ਗੁਰਬਾਣੀ[65] ਰਾਹੀਂ ਇਨਸਾਨ ਸੁਆਮੀ ਨੂੰ ਮਿਲ ਪੈਂਦਾ[66] ਹੈ।

ਸਾਧਨ[68] ਮਨਿ ਅਨਦੁ[69] ਭਇਆ[70] ਹਰਿ ਜੀਉ[71] ਮੇਲਿ ਪਿਆਰੇ[72] ਰਾਮ ॥

Bliss[69] reigns[70] in the mind of the bride[68], whom reverend[71] God, the Beloved[72], meets.

ਜਿਸ ਪਤਨੀ[68] ਨੂੰ ਮਾਣਨੀਯ[71] ਵਾਹਿਗੁਰੂ ਪ੍ਰੀਤਮ[72] ਮਿਲ ਪੈਂਦਾ ਹੈ, ਉਸ ਦੇ ਚਿੱਤ ਅੰਦਰ ਖ਼ੁਸ਼ੀ[69] ਵਰਤ[70] ਜਾਂਦੀ ਹੈ।

ਸਾਧਨ ਹਰਿ ਕੈ ਰਸਿ[73]

Through the Infinite[76] words[75] of the

ਗੁਰਾਂ ਦੀ ਅਨੰਤ[76] ਬਾਣੀ[75] ਰਾਹੀਂ ਪਤਨੀ ਵਾਹਿਗੁਰੂ ਦੇ

ਰਸੀ[74] ਗੁਰ ਕੈ ਸਬਦਿ[75] ਅਪਾਰੇ[76] ਰਾਮ ॥

Guru, the bride is enraptured[74] with God's ambrosia[73].

ਅੰਮ੍ਰਿਤ[73] ਨਾਲ ਪਰਮ-ਪ੍ਰਸੰਨ[74] ਥੀ ਵੰਞਦੀ ਹੈ ।

ਸਬਦਿ ਅਪਾਰੇ[77] ਮਿਲੇ ਪਿਆਰੇ[78] ਸਦਾ[79] ਗੁਣ[80] ਸਾਰੇ[81] ਮਨਿ[83] ਵਸੇ[82] ॥

By means of the peerless[77] Gurbani, she meets her Beloved[78] and she ever[79] ponders[81] on and enshrines[82] His virtues[80] in her mind[83].

ਲਾਸਾਨੀ[77] ਗੁਰਬਾਣੀ ਰਾਹੀਂ ਉਹ ਆਪਣੇ ਪ੍ਰੀਤਮ[78] ਨੂੰ ਮਿਲ ਪੈਂਦੀ ਹੈ ਅਤੇ ਉਹ ਉਨ ਦੀਆਂ ਨੇਕੀਆਂ[80] ਨੂੰ ਆਪਣੇ ਚਿੱਤ[83] ਵਿਚ ਹਮੇਸ਼ਾ[79] ਯਾਦ[C1] ਕਰਦੀ ਅਤੇ ਟਿਕਾਉਂਦੀ[82] ਹੈ ।

ਸੇਜ[84] ਸੁਹਾਵੀ[85] ਜਾ[86] ਪਿਰਿ[87] ਰਾਵੀ[88] ਮਿਲਿ[89] ਪ੍ਰੀਤਮ[90] ਅਵਗਣ[91] ਨਸੇ[92]॥

Her couch[84] got bedecked[85] when[86] she enjoyed[88] her Spouse[87] and by meeting[89] with her Love[90], her demerits[91] fled away[92].

ਜਦ[86] ਉਸ ਨੇ ਆਪਣੇ ਕੰਤ[87] ਨੂੰ ਮਾਣਿਆ[88], ਤਾਂ ਉਸ ਦਾ ਪਲੰਘ[84] ਸ਼ਸ਼ੋਭਤ[85] ਹੋ ਗਿਆ । ਆਪਣੇ ਦਿਲਬਰ[90] ਨੂੰ ਭੇਟਣ[89] ਦੁਆਰਾ ਉਸ ਦੀਆਂ ਬਦੀਆਂ[91] ਦੌੜ ਗਈਆਂ[92] ।

ਜਿਤੁ[93] ਘਰਿ[94] ਨਾਮੁ ਹਰਿ ਸਦਾ[95] ਧਿਆਈਐ[96] ਸੋਹਿਲੜਾ[97] ਜੁਗ ਚਾਰੇ[98] ॥

Throughout the four[98] ages, the wedding songs[97] (songs of joy) are sung in the house[94], wherein[93] God's Name is ever[95] meditated[96] upon.

ਚੌਹਾਂ[98] ਹੀ ਯੁੱਗਾਂ ਅੰਦਰ ਉਸ ਧਾਮ[94] (ਹਿਰਦੇ) ਵਿਚ ਵਿਆਹ (ਖੁਸ਼ੀ) ਦੇ ਗੀਤ[97] ਗਾਏ ਜਾਂਦੇ ਹਨ, ਜਿਸ ਵਿਚ[93] ਵਾਹਿਗੁਰੂ ਦਾ ਨਾਮ ਹਮੇਸ਼ਾ[95] ਹੀ ਸਿਮਰਿਆ[96] ਜਾਂਦਾ ਹੈ ।

ਨਾਨਕ ਨਾਮਿ ਰਤੇ[99] ਸਦਾ ਅਨਦੁ[100] ਹੈ ਹਰਿ ਮਿਲਿਆ ਕਾਰਜ[2] ਸਾਰੇ[3] ॥੪॥੧॥੬॥

Nanak, tinctured[99] with the Name, the mortal ever abides in happiness[100]. By meeting God, the affairs[2] get adjusted[3].

ਨਾਨਕ, ਨਾਮ ਨਾਲ ਰੰਗੀਜਣ[99] ਦੁਆਰਾ, ਪ੍ਰਾਣੀ ਹਮੇਸ਼ਾ ਖੁਸ਼ੀ[100]ਅੰਦਰ ਵਸਦਾ ਹੈ । ਵਾਹਿਗੁਰੂ ਨੂੰ ਮਿਲਣ ਰਾਹੀਂ ਕੰਮ ਕਾਜ[2] ਰਾਸ ਹੋ ਜਾਂਦੇ[3] ਹਨ ।

੧ ੴ ਸਤਿਗੁਰ ਪ੍ਰਸਾਦਿ ॥

There is but one God. By True Guru's grace He is met.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਮਿਲਦਾ ਹੈ ।

ਆਸਾ ਮਹਲਾ ੩

Asa 3rd Guru.

ਆਸਾ ਤੀਜੀ ਪਾਤਸ਼ਾਹੀ ।

ਛੰਤੁ ਘਰੁ ੩ ॥

Rhythm.

ਛੰਦ ।

ਸਾਜਨ[4] ਮੇਰੇ ਪ੍ਰੀਤਮਹੁ[5] ਤੁਮ ਸਹ[6] ਕੀ ਭਗਤਿ[7] ਕਰੇ[8] ਹੋ ॥

O my friend[4] and intimate[5], devote[8] thyself to the meditation[7] of Lord, the Spouse[6].

ਹੇ ਮੇਰੇ ਮਿੱਤ੍ਰ[4] ਤੇ ਯਾਰ ਬੇਲੀਆਂ[5] ! ਤੂੰ ਪ੍ਰਭੂ ਪਤੀ[6] ਦਾ ਸਿਮਰਨ[7] ਕਰ[8] ।

ਗੁਰੁ ਸੇਵਹੁ[9] ਸਦਾ[13] ਆਪਣਾ ਨਾਮੁ ਪਦਾਰਥੁ[10] ਲੇਹੋ[12] ॥

Ever[13] serve[9] thou thy Guru and obtain[12] the wealth[10] of the Name.

ਤੂੰ ਹਮੇਸ਼ਾ[13] ਆਪਣੇ ਗੁਰਾਂ ਦੀ ਘਾਲ ਕਮਾ[9], ਅਤੇ ਨਾਮ ਦੀ ਦੌਲਤ[10] ਪ੍ਰਾਪਤ ਕਰ[12] ।

ਭਗਤਿ[14] ਕਰਹੁ ਤੁਮ ਸਹੈ[15] ਕੇਰੀ[16] ਜੋ ਸਹ ਪਿਆਰੇ ਭਾਵਏ[17] ॥

Perform thou the service[14] of[16] the Master[15], which service is pleasing[17] to the dear Groom.

ਤੂੰ ਆਪਣੇ ਮਾਲਕ[15] ਦੀ[16] ਸੇਵਾ[14] ਕਰ, ਜਿਹੜੀ ਸੇਵਾ ਪ੍ਰੀਤਮ ਕੰਤ ਨੂੰ ਚੰਗੀ ਲਗਦੀ[17] ਹੈ ।

ਆਪਣਾ ਭਾਣਾ[18] ਤੁਮ ਕਰਹੁ ਤਾ ਫਿਰਿ[19] ਸਹ ਖੁਸੀ[20] ਨ ਆਵਏ ॥

If thou walk according to thy own will[18], then[19], the Spouse, shall not be pleased[20] with thee.

ਜੇਕਰ ਤੂੰ ਆਪਣੀ ਨਿੱਜੀ ਮਰਜ਼ੀ[18] ਅਨੁਸਾਰ ਚੱਲੇਂਗਾ, ਤਦ[19], ਕੰਤ ਨੇ ਤੇਰੇ ਉੱਤੇ ਪ੍ਰਸੰਨ[20] ਨਹੀਂ ਹੋਣਾ ।

ਭਗਤਿ[21] ਭਾਵ[22] ਇਹੁ ਮਾਰਗੁ[23] ਬਿਖੜਾ[24] ਗੁਰਦੁਆਰੈ ਕੋ[25] ਪਾਵਏ ॥
ਕਹੈ ਨਾਨਕੁ ਜਿਸੁ ਕਰੇ[26] ਕਿਰਪਾ[27] ਸੋ[28] ਹਰਿ ਭਗਤੀ ਚਿਤੁ[29] ਲਾਵਏ[30] ॥੧॥

This way[23] of love[22] worship[21] is difficult[24], through the Guru some rare one[25] finds it.
Says Nanak, he[28], to whom God shows[26] mercy[27], attaches[30] his mind[29] to His meditation.

ਇਸ ਪਿਆਰ[22]-ਉਪਾਸ਼ਨਾ[21] ਦਾ ਰਸਤਾ[23] ਔਖਾ[24] ਹੈ। ਗੁਰਾਂ ਦੇ ਰਾਹੀਂ ਕੋਈ ਵਿਰਲਾ ਬੰਦਾ[25] ਹੀ ਇਸ ਨੂੰ ਪਾਉਂਦਾ ਹੈ।
ਗੁਰੂ ਜੀ ਆਖਦੇ ਹਨ, ਜਿਸ ਉੱਤੇ ਵਾਹਿਗੁਰੂ ਮਿਹਰ[27] ਧਾਰਦਾ[26] ਹੈ ਉਹ[28] ਉਸ ਦੀ ਬੰਦਗੀ ਨਾਲ ਆਪਣੇ ਮਨ[29] ਨੂੰ ਜੋੜਦਾ[30] ਹੈ।

ਮੇਰੇ ਮਨ[31] ਬੈਰਾਗੀਆ[32] ਤੂੰ ਬੈਰਾਗੁ[33] ਕਰਿ ਕਿਸੁ ਦਿਖਾਵਹਿ[34] ॥

O my detached[32] soul[31], whom showest[34] thou thy indifference[33] towards the world ?

ਹੇ ਮੇਰੀ ਤਿਆਗਣ[32] ਜਿੰਦੜੀਏ[31] ! ਤੂੰ ਸੰਸਾਰ ਵਲੋਂ ਆਪਣੀ ਉਪਰਾਮਤਾ[33] ਕਿਸ ਨੂੰ ਵਿਖਾਲਦੀ[34] ਹੈਂ ?

ਹਰਿ[35] ਸੋਹਿਲਾ[36] ਤਿਨ੍[37] ਸਦ ਸਦਾ[38] ਜੋ[39] ਹਰਿ ਗੁਣ[40] ਗਾਵਹਿ[41] ॥

They[37], who[39] sing[41] God's praise[40], are ever and ever[38], in Divine[35] bliss[36].

ਜਿਹੜੇ[39] ਵਾਹਿਗੁਰੂ ਦਾ ਜੱਸ[40] ਗਾਇਨ[41] ਕਰਦੇ ਹਨ, ਉਹ[37] ਹਮੇਸ਼ਾ ਤੇ ਹਮੇਸ਼ਾ[38] ਹੀ ਰੱਬੀ[35] ਖ਼ੁਸ਼ੀ[36] ਵਿੱਚ ਵਿਚਰਦੇ ਹਨ।

ਕਰਿ[42] ਬੈਰਾਗੁ[43] ਤੂੰ ਛੋਡਿ[44] ਪਾਖੰਡੁ[45] ਸੋ[46] ਸਹੁ[47] ਸਭੁ ਕਿਛੁ[48] ਜਾਣਏ ॥

Detach[43] thyself[42] from the world and shed[44] thy hypocrisy[45]. He[46], the Lord[47] knows everything[48].

ਪ੍ਰਭੂ[43]ਨਾਲ ਪ੍ਰੀਤ ਪਾ[42]ਅਤੇ ਆਪਣੇ ਦੰਭ[45]ਨੂੰ ਤਿਆਗ[44] ਦੇ। ਉਹ[46] ਸੁਆਮੀ[47] ਸਾਰਾ ਕੁਝ[48] ਜਾਣਦਾ ਹੈ।

ਜਲਿ[49] ਥਲਿ[50] [51]ਮਹੀਅਲਿ[52]ਏਕੋ[53]ਸੋਈ[54] ਗੁਰਮੁਖਿ[55] ਹੁਕਮੁ[56] ਪਛਾਣਏ[57] ॥

The[54] One Lord[53] is pervading the ocean[49], desert[50], earth[51] and the sky[52], the one resigned to Guru's will[55] recognises[57] Lord's will[56].

ਉਹ[54] ਇੱਕ ਸੁਆਮੀ[53] ਹੀ ਸਮੁੰਦਰ[49], ਮਾਰੂਥਲ[50], ਧਰਤੀ[51] ਅਤੇ ਅਕਾਸ਼[52] ਅੰਦਰ ਵਿਆਪਕ ਹੋ ਰਿਹਾ ਹੈ। ਗੁਰੂ-ਅਨੁਸਾਰੀ[55], ਸਾਈਂ ਦੀ ਰਜ਼ਾ[56] ਨੂੰ ਸਿਆਣਦਾ[57] ਹੈ।

ਜਿਨਿ ਹੁਕਮੁ ਪਛਾਤਾ ਹਰੀ ਕੇਰਾ[58] ਸੋਈ[59] ਸਰਬ[60] ਸੁਖ[61] ਪਾਵਏ ॥

He alone[59], who recognises the order[58] of God, receives all[60] the comforts[61].

ਕੇਵਲ ਓਹੀ[59], ਜੋ ਵਾਹਿਗੁਰੂ ਦੇ ਫ਼ੁਰਮਾਨ[58] ਨੂੰ ਪਛਾਣਦਾ ਹੈ, ਸਾਰੇ[60] ਆਰਾਮ[61] ਪਾਉਂਦਾ ਹੈ।

ਇਵ[62] ਕਹੈ ਨਾਨਕੁ ਸੋ[63] ਬੈਰਾਗੀ[64] ਅਨਦਿਨੁ[65] ਹਰਿ ਲਿਵ[66] ਲਾਵਏ[67] ॥੨॥

Thus[62] says Nanak, such[63] a solitarian[64], night[65] and day, remains absorbed[67] in God's love[66].

ਨਾਨਕ ਇਸ ਤਰ੍ਹਾਂ[62] ਆਖਦਾ ਹੈ ਕਿ ਐਸਾ[63] ਵਿਰੱਕਤ[64] ਰੱਬ ਦੇ ਪਿਆਰ[66] ਅੰਦਰ ਰੈਣ[65] ਦਿਹੁੰ ਲੀਨ[67] ਰਹਿੰਦਾ ਹੈ।

ਜਹ ਜਹ[68] ਮਨ ਤੂੰ ਧਾਵਦਾ[69] ਤਹ ਤਹ[70] ਹਰਿ ਤੇਰੈ ਨਾਲੇ[71] ॥

Wherever[68], thou wanderest[69], O my mind, there[70] the Lord is with[71] thee.

ਜਿਥੇ ਕਿਤੇ[68] ਭੀ ਤੂੰ ਭਟਕਦਾ ਫਿਰਦਾ[69] ਹੈਂ, ਹੇ ਮੇਰੇ ਮਨੂਏ ! ਓਥੇ ਓਥੇ[70] ਹੀ ਸੁਆਮੀ ਤੇਰੇ ਅੰਗ ਸੰਗ[71] ਹੈ।

ਮਨ ਸਿਆਣਪ[72] ਛੋਡੀਐ[73] ਗੁਰ ਕਾ ਸਬਦੁ[74] ਸਮਾਲੇ[75] ॥

Shed[73] thou thy cleverness[72], O my mind, and deliberate[75] over the Guru's hymns[74].

ਤੂੰ ਆਪਣੀ ਚਤੁਰਾਈ[72] ਤਿਆਗ[73] ਦੇ ਅਤੇ ਗੁਰਾਂ ਦੀ ਬਾਣੀ[74] ਦਾ ਧਿਆਨ ਧਾਰ[75], ਹੇ ਮੇਰੇ ਮਨੂਏ !

ਸਾਥਿ[76] ਤੇਰੈ ਸੋ[77] ਸਹੁ[78] ਸਦਾ[80] ਹੈ ਇਕੁ ਖਿਨੁ[79] ਹਰਿ ਨਾਮੁ ਸਮਾਲਹੇ[81] ॥

He[77], the Bridegroom[78] is ever[80] with[76] thee, even if thou rememberest[81] God's Name for a moment[79].

ਉਹ[77] ਭਰਤਾ[78] ਹਮੇਸ਼ਾ[80] ਤੇਰੇ ਅੰਗ ਸੰਗ[76] ਹੈ, ਜੇਕਰ ਤੂੰ ਵਾਹਿਗੁਰੂ ਦੇ ਨਾਮ ਦਾ ਇੱਕ ਮੁਹਤ[79] ਲਈ ਭੀ ਸਿਮਰਨ[81] ਕਰ ਲਵੇਂ।

ਜਨਮ ਜਨਮ[82] ਕੇ ਤੇਰੇ ਪਾਪ[83] ਕਟੇ[84] ਅੰਤਿ[85] ਪਰਮ[86] ਪਦੁ[87] ਪਾਵਹੇ ॥	Thy sins[83] of many births[82] shall be washed off[84], and in the end[85], thou shalt attain the supreme[86] status[87].	ਤੇਰੇ ਅਨੇਕਾਂ ਜਨਮਾਂ[82] ਦੇ ਗੁਨਾਹ[83] ਧੋਤੇ ਜਾਣਗੇ[84] ਅਤੇ ਅਖੀਰ[85] ਨੂੰ ਤੂੰ ਮਹਾਨ[86] ਮਰਤਬਾ[87] ਪਾ ਲਵੇਂਗਾ ।
ਸਾਚੇ[88] ਨਾਲਿ ਤੇਰਾ ਗੰਢੁ ਲਾਗੈ[89] ਗੁਰਮੁਖਿ[90] ਸਦਾ[91] ਸਮਾਲੇ[92] ॥	Thou shalt patch up[89] with the True Lord[88], by ever[91] remembering[92] Him through the Guru[90].	ਗੁਰਾਂ ਦੇ[90] ਰਾਹੀਂ ਸਦੀਵ[91] ਹੀ ਉਸ ਦਾ ਸਿਮਰਨ[92] ਕਰਨ ਦੁਆਰਾ, ਤੂੰ ਸੱਚੇ ਸੁਆਮੀ[88] ਨਾਲ ਜੁੜ[89] ਜਾਵੇਂਗਾ ।
ਇਉ[93] ਕਹੈ[94] ਨਾਨਕੁ ਜਹ[95] ਮਨ[98] ਤੂੰ ਧਾਵਦਾ[96] ਤਹ[97] ਹਰਿ ਤੇਰੈ ਸਦਾ[99] ਨਾਲੇ[100] ॥੩॥	Thus[93], says[94] Nanak, whatever[95] thou goes[96], O my mind[98], thither[97] God is ever[99] with[100] thee.	ਨਾਨਕ ਇਸ ਤਰ੍ਹਾਂ[93] ਆਖਦਾ[94] ਹੈ : ਜਿਥੇ ਕਿਤੇ[95] ਤੂੰ ਜਾਂਦਾ[96] ਹੈਂ, ਹੇ ਮੇਰੇ ਮਨੂਏ[98], ਓਥੇ[97] ਵਾਹਿਗੁਰੂ ਹਮੇਸ਼ਾ[99] ਹੀ ਤੇਰੇ ਸਾਥ[100] ਹੈ ।
ਸਤਿਗੁਰ ਮਿਲਿਐ[2] ਧਾਵਤੁ[3] ਥੰਮ੍ਹਿਆ[4] ਨਿਜ[5] ਘਰਿ[6] ਵਸਿਆ[7] ਆਏ[8] ॥	Meeting[2] the True Guru, the wandering[3] mind is held[4], and it comes[8] and abides[7] in its own[5] home[6].	ਸੱਚੇ ਗੁਰਾਂ ਨੂੰ ਭੇਟ[2] ਕੇ ਭਟਕਦਾ[3] ਹੋਇਆ ਮਨ ਅਸਥਿਰ[4] ਹੋ ਜਾਂਦਾ ਹੈ ਅਤੇ ਆ ਕੇ[8] ਆਪਣੇ ਨਿੱਜ[5] ਦੇ ਧਾਮ[6] ਵਿਚ ਟਿੱਕ ਜਾਂਦਾ[7] ਹੈ ।
ਨਾਮੁ ਵਿਹਾਝੈ[9] ਨਾਮੁ ਲਏ[10] ਨਾਮਿ ਰਹੈ ਸਮਾਏ[12] ॥	It then purchases[9] the Name, utters[10] the Name and in the Name it remains absorbed[12].	ਤਦੋਂ ਇਹ ਨਾਮ ਨੂੰ ਖ਼ਰੀਦਦਾ[9] ਹੈ, ਨਾਮ ਨੂੰ ਉਚਾਰਨ[10] ਕਰਦਾ ਹੈ ਅਤੇ ਨਾਮ ਅੰਦਰ ਹੀ ਲੀਨ[12] ਰਹਿੰਦਾ ਹੈ ।
੪੪੧		
ਧਾਵਤੁ[16] ਥੰਮ੍ਹਿਆ ਸਤਿਗੁਰਿ ਮਿਲਿਐ[13] ਦਸਵਾ ਦੁਆਰੁ[14] ਪਾਇਆ[15] ॥	The outgoing[16] soul becomes steady by meeting[13] the True Guru and enters[15] into the Tenth[14] gate.	ਸੱਚੇ ਗੁਰਾਂ ਨੂੰ ਭੇਟ[13] ਕੇ ਬਾਹਰ ਜਾਂਦੀ ਹੋਈ[16] ਆਤਮਾ ਸਥਿਰ ਹੋ ਜਾਂਦੀ ਹੈ ਅਤੇ ਦਸਮੋਂ[14] ਦੁਆਰ ਅੰਦਰ ਪ੍ਰਵੇਸ਼[15] ਕਰ ਜਾਂਦੀ ਹੈ ।
ਤਿਥੈ[17] ਅੰਮ੍ਰਿਤ[18] ਭੋਜਨੁ[19] ਸਹਜ ਧੁਨਿ[20] ਉਪਜੈ[21] ਜਿਤੁ[22] ਸਬਦਿ[23] ਜਗਤੁ[24] ਥੰਮ੍ਹਿ[25] ਰਹਾਇਆ ॥	There[17], ambrosia[18] is man's food[19] and resounds[21] there the celestial strain[20], with which[22] music[23] the world[24] is sustained[25].	ਓਥੇ[17] ਆਬਿਹਿਯਾਤ[18] ਬੰਦੇ ਦੀ ਖ਼ੁਰਾਕ[19] ਹੈ, ਅਤੇ ਗੂੰਜਦਾ[21] ਹੈ ਓਥੇ ਇਲਾਹੀ ਕੀਰਤਨ[20], ਜਿਸ[22] ਰਾਗ[23] ਦੇ ਨਾਲ ਜਹਾਨ[24] ਥੰਮਿਆ ਹੋਇਆ[25] ਹੈ ।
ਤਹ[26] ਅਨੇਕ[27] ਵਾਜੇ[28] ਸਦਾ[29] ਅਨਹਦੁ[30] ਹੈ ਸਚੇ[31] ਰਹਿਆ ਸਮਾਏ[32] ॥	Many[27] musical instruments[28] and unstruck[30] music ever[29] resounds there[26] and the mortal remains absorbed[32] in the True[31] Lord.	ਓਥੇ[26] ਘਣੇਰੇ[27]ਸੰਗੀਤਕ ਸਾਜ[28]ਅਤੇ ਖ਼ੁਦ-ਬ-ਖ਼ੁਦ ਹੋਣ ਵਾਲੇ ਕੀਰਤਨ[30] ਸਦੀਵ[29] ਹੀ ਗੂੰਜਦੇ ਹਨ ਅਤੇ ਪ੍ਰਾਣੀ ਸੱਚੇ ਸਾਹਿਬ[31] ਅੰਦਰ ਲੀਨ[32] ਰਹਿੰਦਾ ਹੈ ।
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥ ੪॥	Thus says Nanak, by meeting the True Guru, the wandering mind becomes steady and comes and dwells within its own home.	ਗੁਰੂ ਜੀ ਇਸ ਤਰ੍ਹਾਂ ਆਖਦੇ ਹਨ, ਸੱਚੇ ਗੁਰਾਂ ਨੂੰ ਭੇਟਣ ਦੁਆਰਾ ਭੱਜਾ ਫਿਰਦਾ ਮਨ ਅਹਿਲ ਹੋ ਜਾਂਦਾ ਹੈ ਅਤੇ ਆ ਕੇ ਆਪਣੇ ਨਿੱਜ ਦੇ ਧਾਮ ਅੰਦਰ ਟਿੱਕ ਜਾਂਦਾ ਹੈ ।
ਮਨ ਤੂੰ ਜੋਤਿ[33] ਸਰੂਪੁ[34] ਹੈ	My soul, thou art thee mbodiment[34]	ਮੇਰੀ ਆਤਮਾ ! ਤੂੰ ਰੱਬੀ ਨੂਰ[33]ਦਾ ਰੂਪ[34] ਹੈਂ, ਇਸ ਲਈ

ਆਪਣਾ ਮੂਲੁ[35] ਪਛਾਣੂ[36] ॥	(image) of Divine light[33], so know[36] thy source[35].	ਆਪਣੇ ਮੁੱਢ[35] ਨੂੰ ਸਮਝ[36] ।
ਮਨ ਹਰਿ ਜੀ[37] ਤੇਰੈ ਨਾਲਿ[38] ਹੈ ਗੁਰਮਤੀ[39] ਰੰਗੁ[40] ਮਾਣੂ[41] ॥	O my soul, the reverend[37] Lord is with[38] thee. By Guru's teaching[39] enjoy[41] His love[40].	ਹੇ ਮੇਰੀ ਜਿੰਦੜੀਏ ! ਪੂਜਨ[37] ਪ੍ਰਭੂ ਤੇਰੇ ਅੰਗ ਸੰਗ[38] ਹੈ । ਗੁਰਾਂ ਦੇ ਉਪਦੇਸ਼[39] ਦੁਆਰਾ ਉਸ ਦੀ ਪ੍ਰੀਤ[40] ਦਾ ਅਨੰਦ ਲੈ[41] ।
ਮੂਲੁ ਪਛਾਣਹਿ ਤਾਂ[42] ਸਹੁ[43] ਜਾਣਹਿ ਮਰਣ[44] ਜੀਵਣ[45] ਕੀ ਸੋਝੀ[46] ਹੋਈ ॥	If thou recognise thy origin, then[42], shalt thou know thy Spouse[43] and understand[46] the secret of death[44] and birth[45].	ਜੇਕਰ ਤੂੰ ਆਪਣੇ ਮੰਬੇ ਨੂੰ ਸਿੰਆਣ ਲਵੇਂ, ਤਦ[42] ਤੂੰ ਆਪਣੇ ਕੰਤ[43] ਨੂੰ ਜਾਣ ਲਵੇਂਗੀ ਅਤੇ ਮੌਤ[44] ਤੇ ਪੈਦਾਇਸ਼[45] ਦੇ ਭੇਤ ਦੀ ਤੈਨੂੰ ਸਮਝ[46] ਆ ਜਾਵੇਗੀ ।
ਗੁਰ ਪਰਸਾਦੀ[47] ਏਕੋ ਜਾਣਹਿ[48] ਤਾਂ[49] ਦੂਜਾ[50] ਭਾਉ[51] ਨ ਹੋਈ ॥	If by Guru's grace[47], thou grasp[48] the One Lord, then[49] thou shalt lose the love[51] of another[50].	ਗੁਰਾਂ ਦੀ ਦਇਆ[47] ਦੁਆਰਾ, ਜੇਕਰ ਤੂੰ ਇੱਕ ਸੁਆਮੀ ਨੂੰ ਅਨੁਭਵ[48]ਕਰ ਲਵੇਂ ਤਦ[49]ਤੇਰੀ ਹੋਰਸ[50] (ਮਾਇਆ) ਦੀ ਮੁਹੱਬਤ[51] ਮਿਟ ਜਾਵੇਗੀ ।
ਮਨਿ ਸਾਂਤਿ[52] ਆਈ ਵਜੀ[53] ਵਧਾਈ[54] ਤਾ[55] ਹੋਆ ਪਰਵਾਣੂ[56] ॥	If in thy mind comes peace[52] and gladness[54] resounds[53], then[55] alone thou shalt be approved[56].	ਜੇਕਰ ਤੇਰੇ ਚਿੱਤ ਅੰਦਰ ਠੰਢ-ਚੈਨ[52] ਆ ਜਾਵੇ ਅਤੇ ਖ਼ੁਸ਼ੀ[54] ਗੂੰਜੇ[53], ਕੇਵਲ ਤਾਂ ਹੀ[55] ਤੂੰ ਪ੍ਰਮਾਣੀਕ[56] ਹੋਵੇਂਗਾ ।
ਇਉ ਕਹੈ ਨਾਨਕੁ ਮਨ ਤੂੰ ਜੋਤਿ[57] ਸਰੂਪੁ[58] ਹੈ ਅਪਣਾ ਮੂਲੁ[59] ਪਛਾਣੂ[60] ॥੫॥	Thus says Nanak, O my soul, thou art the image[58] of the Luminous Lord[57]. Realise[60] thou the true origin[59] of thy being.	ਗੁਰੂ ਜੀ ਇਸ ਤਰ੍ਹਾਂ ਆਖਦੇ ਹਨ, ਹੇ ਮੇਰੀ ਜਿੰਦੜੀਏ ! ਤੂੰ ਪ੍ਰਕਾਸ਼ਵਾਨ ਪ੍ਰਭੂ[57] ਦੀ ਤਸਵੀਰ[58] ਹੈਂ । ਤੂੰ ਆਪਣੇ ਵਜੂਦ ਦੇ ਅਸਲੀ ਮੰਬੇ[59] ਨੂੰ ਅਨੁਭਵ ਕਰ[60] ।
ਮਨ[61] ਤੂੰ ਗਾਰਬਿ[62] ਅਟਿਆ[63] ਗਾਰਬਿ ਲਦਿਆ[64] ਜਾਹਿ[65] ॥	O man[61], thou art full of[63] with pride[62] and laden[64] with pride and thou shalt depart[65].	ਹੇ ਇਨਸਾਨ[61] ! ਤੂੰ ਹੰਕਾਰ[62]ਨਾਲ ਪਰੀਪੂਰਨ[63] ਹੈਂ ਅਤੇ ਹੰਕਾਰ ਨਾਲ ਭਰਿਆ ਹੋਇਆ[64] ਹੀ ਟੁਰ ਵੰਵੇਂਗਾ[65] ।
ਮਾਇਆ[66] ਮੋਹਣੀ[67] ਮੋਹਿਆ[68] ਫਿਰਿ[69] ਫਿਰਿ ਜੂਨੀ[70] ਭਵਾਹਿ[71] ॥	Fascinating[67] mammon[66] has facinated[68] thee and again[69] and again thou shalt be goaded[71] into existences[70].	ਫ਼ਰੇਫ਼ਤਾ ਕਰਨ ਵਾਲੀ[67] ਸ਼ਕਤੀ[66] ਨੇ ਤੈਨੂੰ ਫ਼ਰੇਫ਼ਤਾ ਕਰ ਲਿਆ[68] ਹੈ ਅਤੇ ਮੁੜ[69] ਮੁੜ ਕੇ ਤੂੰ ਜੂਨੀਆਂ[70] ਅੰਦਰ ਧੱਕਿਆ[77] ਜਾਵੇਂਗਾ ।
ਗਾਰਬਿ ਲਾਗਾ[72] ਜਾਹਿ[73] ਮੁਗਧ[74] ਮਨ ਅੰਤਿ[75] ਗਇਆ[76] ਪਛੁਤਾਵਹੋ[77] ॥	Clinging[72] to pride thou goest[73], O foolish[74] man, and while departing[76], thou shalt repent[77] in the end[75].	ਹੰਕਾਰ ਨੂੰ ਚਿਮੜਿਆ[72] ਹੋਇਆ ਤੂੰ ਲੱਗਾ ਫਿਰਦਾ[73]ਹੈਂ, ਹੇ ਮੂਰਖ[74] ਬੰਦੇ ! ਅਖੀਰ[75] ਨੂੰ ਟੁਰਦਾ ਹੋਇਆ[76] ਤੂੰ ਪਸਚਾਤਾਪ[77] ਕਰੇਂਗਾ ।
ਅਹੰਕਾਰੁ[78] ਤਿਸਨਾ[79] ਰੋਗੁ[80] ਲਗਾ[81] ਬਿਰਥਾ[82] ਜਨਮੁ[83] ਗਵਾਵਹੋ[84] ॥	With the ailment[80] of ego[78] and desire[79], thou art afflicted[81] and art vainly[82]devastating[84](wasting) thy life.[83]	ਹੰਗਤਾ[78] ਤੇ ਖ਼ਾਹਿਸ਼[79] ਦੀ ਬੀਮਾਰੀ[80] ਤੈਨੂੰ ਚਿਮੜੀ[81] ਹੋਈ ਹੈ ਅਤੇ ਤੂੰ ਆਪਣਾ ਜੀਵਨ[83] ਵਿਅਰਥ[82] ਬਰਬਾਦ[84] ਕਰ ਰਿਹਾ ਹੈਂ ।
ਮਨਮੁਖ[85] ਮੁਗਧ[86] ਚੇਤਹਿ[87] ਨਾਹੀ ਅਗੈ[88] ਗਇਆ[89] ਪਛੁਤਾਵਹੇ[90] ॥	The self-willed[85] fool[86] remembers[87] not the Lord and repents[90] while going[89] yonder[88](in the next world).	ਆਪ-ਹੁੱਦਰਾ[85] ਮੂਰਖ[86] ਸੁਆਮੀ ਦਾ ਸਿਮਰਨ[87] ਨਹੀਂ ਕਰਦਾ ਅਤੇ ਅਗਾਹ[88] (ਪ੍ਰਲੋਕ) ਨੂੰ ਟੁਰਦਾ ਹੋਇਆ[89] ਅਫ਼ਸੋਸ ਕਰਦਾ[90] ਹੈ ।

ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਵਹੇ ॥੬॥

Thus says Nanak, O man ! thou art filled with pride, and laden with pride thou shalt depart.

ਨਾਨਕ ਇਸ ਤਰ੍ਹਾਂ ਆਖਦਾ ਹੈ : ਹੇ ਇਨਸਾਨ ! ਤੂੰ ਹੰਕਾਰ ਨਾਲ ਭਰਿਆ ਹੋਇਆ ਹੈਂ ਅਤੇ ਹੰਕਾਰ ਨਾਲ ਲੱਦਿਆ ਲਦਾਟਿਆ ਹੀ ਟੁਰ ਜਾਵੇਂਗਾ ।

ਮਨ[91] ਤੂੰ ਮਤ[92] ਮਾਣੁ[93] ਕਰਹਿ[94] ਜਿ ਹਉ ਕਿਛੁ ਜਾਣਦਾ ਗੁਰਮੁਖਿ[95] ਨਿਮਾਣਾ[96] ਹੋਹੁ[97] ॥

O man[91], take[94] not[92] pride[93] that thou knowest some thing, but be[97] thou, pious[95] and humble[96].

ਹੇ ਮਨ[91] ! ਤੂੰ ਹੰਕਾਰ[93] ਨਾ[92] ਕਰ[94] ਕਿ ਤੂੰ ਕੁਝ ਜਾਣਦਾ ਹੈਂ । ਤੂੰ ਪਵਿੱਤ੍ਰ[95]ਅਤੇ ਆਜਿਜ਼[96] ਥੀ ਵੰਞ[97] ।

ਅੰਤਰਿ[98] ਅਗਿਆਨੁ[99] ਹਉ[100] ਬੁਧਿ[2] ਹੈ ਸਚਿ ਸਬਦਿ[3] ਮਲੁ[4] ਖੋਹੁ[5] ॥

Within[98] thee are ignorance[99] and pride[100] of intellect[2]. By the True word[3] wash[5] off this filth[4].

ਤੇਰੇ ਅੰਦਰ[98] ਬੇਸਮਝੀ[99] ਅਤੇ ਅਕਲ[2] ਦਾ ਹੰਕਾਰ[100] ਹੈ । ਸੱਚੀ ਗੁਰਬਾਣੀ[3] ਤੁਆਰਾ ਇਸ ਮੈਲ[4] ਨੂੰ ਧੋ ਸੁੱਟ[5] ।

ਹੋਹੁ ਨਿਮਾਣਾ[10] ਸਤਿਗੁਰੂ ਅਗੈ[6] ਮਤ[7] ਕਿਛੁ ਆਪੁ[8] ਲਖਾਵਹੇ[9] ॥

Be humble[10] before[6] the True Guru and show[9] not[7] thy ownself[8].

ਸੱਚੇ ਗੁਰਦੇਵ ਜੀ ਦੇ ਮੂਹਰੇ[6] ਮਸਕੀਣ[10] ਬਣ ਅਤੇ ਆਪਣੇ ਆਪ[8] ਨੂੰ ਜ਼ਾਹਰ[9] ਨਾ[7] ਕਰ ।

ਆਪਣੈ ਅਹੰਕਾਰਿ[12] ਜਗਤੁ[13] ਜਲਿਆ[14] ਮਤ[15] ਤੂੰ ਆਪਣਾ ਆਪੁ ਗਵਾਵਹੇ[15*] ॥

By its own pride[12] the world[13] is burning[14]. Allow not[15] thyself to be ruined[15*] likewise.

ਆਪਣੇ ਗਰੂਰ[12] ਅੰਦਰ ਸੰਸਾਰ[13] ਸੜ ਰਿਹਾ[14] ਹੈ । ਤੂੰ ਭੀ ਆਪਣੇ ਆਪ ਨੂੰ ਇਸ ਤਰ੍ਹਾਂ ਹੀ ਤਬਾਹ[15*]ਨਾ[15] ਕਰ ਲਈਂ ।

ਸਤਿਗੁਰ ਕੈ ਭਾਣੈ[16] ਕਰਹਿ[17] ਕਾਰ[18] ਸਤਿਗੁਰ ਕੈ ਭਾਣੈ ਲਾਗਿ[19] ਰਹੁ ॥

Attend[17] to thy business[18] according to the will[16] of the True Guru and remain attached[19] to the will of the True Guru.

ਸੱਚੇ ਗੁਰਾਂ ਦੀ ਰਜ਼ਾ[16]ਅਨੁਸਾਰ ਆਪਣਾ ਕਾਰ ਵਿਹਾਰ[18] ਕਰ[17], ਅਤੇ ਸੱਚੇ ਗੁਰਾਂ ਦੀ ਰਜ਼ਾ ਦੇ ਨਾਲ ਜੁੜਿਆ[19] ਰਹੁ ।

ਇਉ ਕਹੈ ਨਾਨਕੁ ਆਪੁ[20] ਛਡਿ[21] ਸੁਖ[22] ਪਾਵਹਿ ਮਨ ਨਿਮਾਣਾ[23] ਹੋਇ ਰਹੁ[24] ॥੭॥

Thus says Nanak, forsake[21] thou thy self-conceit[20] and continue to be[24] meek[23], O man. Thus shalt thou obtain happiness[22].

ਗੁਰੂ ਜੀ ਇਸ ਤਰ੍ਹਾਂ ਫੁਰਮਾਉਂਦੇ ਹਨ, ਤੂੰ ਆਪਣੀ ਸਵੈ ਹੰਗਤਾ[20] ਨੂੰ ਤਿਆਗ[21] ਦੇ ਅਤੇ ਮਸਕੀਨ[23] ਬਣਿਆ[24] ਰਹੁ, ਹੇ ਬੰਦੇ ! ਐਕੁਰ ਤੈਨੂੰ ਖ਼ੁਸ਼ੀ[22] ਹਾਸਲ ਹੋਵੇਗੀ ।

ਧੰਨੁ[25] ਸੁ[26] ਵੇਲਾ[27] ਜਿਤੁ[28] ਮੈ ਸਤਿਗੁਰੁ ਮਿਲਿਆ[31] ਸੋ[32]ਸਹੁ[29]ਚਿਤਿ ਆਇਆ[30]॥

Blest[25] is the[26] time[27] when[28] I met[31] the True Guru and remembered[30] God, the[32] Spouse[29].

ਮੁਬਾਰਕ[25] ਹੈ ਉਹ[26] ਸਮਾਂ[27],ਜਦ ਮੈਂ[28] ਸੱਚੇ ਗੁਰਾਂ ਨੂੰ ਭੇਟਿਆ[31] ਅਤੇ ਉਸ[32] ਭਰਤੇ[29] ਵਾਹਿਗੁਰੂ ਨੂੰ ਯਾਦ[30] ਕੀਤਾ ।

ਮਹਾ[33] ਅਨੰਦੁ[34] ਸਹਜੁ[35] ਭਇਆ ਮਨਿ[36] ਤਨਿ[37] ਸੁਖੁ[38] ਪਾਇਆ ॥

I naturally[35] got exceedingly[33] delighted[34] and obtained the peace[38] of mind[36] and body[37].

ਮੈਂ ਸੁਭਾਵਕ[35] ਹੀ ਪਰਮ[33] ਪ੍ਰਸੰਨ[34] ਹੋ ਗਿਆ ਅਤੇ ਮੈਨੂੰ ਦਿਲ[36] ਅਤੇ ਦੇਹਿ[37] ਦਾ ਆਰਾਮ[38] ਪ੍ਰਾਪਤ ਹੋ ਗਿਆ ।

ਸੋ ਸਹੁ ਚਿਤਿ ਆਇਆ ਮੰਨਿ ਵਸਾਇਆ[39]ਅਵਗਣ[40] ਸਭਿ ਵਿਸਾਰੇ[41] ॥

I remembered the Bridegroom, enshrined[39] Him within my mind and forsook[41] all the evils[40].

ਮੈਂ ਉਸ ਕੰਤ ਨੂੰ ਯਾਦ ਕੀਤਾ ਹੈ, ਉਸ ਨੂੰ ਆਪਣੇ ਮਨ ਅੰਦਰ ਟਿਕਾਇਆ[39] ਹੈ ਅਤੇ ਸਾਰੀਆਂ ਬਦੀਆਂ[40] ਭੁਲਾ ਛੱਡੀਆਂ[41] ਹਨ ।

ਜਾ[42] ਤਿਸੁ[43] ਭਾਣਾ[44] ਗੁਣ[45] ਪਰਗਟ[46] ਹੋਏ ਸਤਿਗੁਰ ਆਪਿ[47] ਸਵਾਰੇ[48]॥

When[42] it pleased[44] Him[43], virtues[45] became manifest[46] in me and the Guru himself[47] bedecked[48] me.

ਜਦ[42] ਉਸ[43] ਨੂੰ ਚੰਗਾ[44] ਲੱਗਾ ਮੇਰੇ ਵਿੱਚ ਨੇਕੀਆਂ[45] ਜ਼ਾਹਰ ਹੋ ਆਈਆਂ[46] ਅਤੇ ਗੁਰਦੇਵ ਜੀ ਨੇ ਖ਼ੁਦ[47] ਮੈਨੂੰ ਸ਼ਸ਼ੋਭਤ ਕਰ ਦਿੱਤਾ[48]।

ਸੇ[49] ਜਨ[50] ਪਰਵਾਣੁ[51] ਹੋਏ ਜਿਨ੍ਹੀ ਇਕੁ ਨਾਮੁ ਦਿੜਿਆ[52] ਦੂਤੀਆ[53] ਭਾਉ[54] ਚੁਕਾਇਆ[55] ॥

The[49] persons[50], who cling[52] to One Name and renounce[55] another's[53] love[54], become acceptable[51].

ਜੋ[49] ਪੁਰਸ਼[50] ਇਕ ਨਾਮ ਨਾਲ ਪੱਕੀ ਤਰ੍ਹਾਂ ਜੁੜ ਜਾਂਦੇ[52] ਹਨ ਅਤੇ ਹੋਰਸ ਦੀ[53]ਪ੍ਰੀਤ[54] ਨੂੰ ਤਿਆਗ ਦਿੰਦੇ[55]ਹਨ, ਉਹ ਕਬੂਲ ਪੈ ਜਾਂਦੇ[51] ਹਨ।

ਇਉ ਕਹੈ ਨਾਨਕੁ ਧੰਨੁ[56] ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ[57] ਆਇਆ ॥੮॥

Thus says Nanak, blessed[56] is the time when I met the True Guru and remembered[57] that Groom of mine.

ਗੁਰੂ ਜੀ ਇਸ ਤਰ੍ਹਾਂ ਫੁਰਮਾਉਂਦੇ ਹਨ—ਭਾਗਾਂ ਭਰਿਆ[56] ਹੈ ਉਹ ਵਕਤ, ਜਦ ਮੈਂ ਸੱਚੇ ਗੁਰਾਂ ਨੂੰ ਮਿਲਿਆ ਅਤੇ ਉਸ ਆਪਣੇ ਪਤੀ ਨੂੰ ਚੇਤੇ ਕੀਤਾ[57]।

ਇਕਿ[58] ਜੰਤ[59] ਭਰਮ[60] ਕੁਲੇ[61] ਤਿਨਿ[62] ਸਹਿ[63] ਆਪਿ[64] ਭੁਲਾਏ[65] ॥

Some[58] people[59] are gone astray[61] in doubt[60] but them[62] the Spouse[63] Himself[64] has strayed[65].

ਕਈ[58] ਲੋਕੀਂ[59] ਸੰਦੇਹ[60] ਅੰਦਰ ਕੁਰਾਹੇ ਪਏ ਹੋਏ[61] ਹਨ। ਉਨ੍ਹਾਂ[62] ਨੂੰ ਕੰਤ[63] ਨੇ ਖ਼ੁਦ[64] ਗੁਮਰਾਹ[65] ਕਰ ਛੱਡਿਆ ਹੈ।

ਦੂਜੈ[66] ਭਾਇ[67] ਫਿਰਹਿ[68] ਹਉਮੈ[69] ਕਰਮ[70] ਕਮਾਏ[71]॥

They wander[68] about in another's[66] love[67] and go about[71] their business[70] in pride[69].

ਉਹ ਹੋਰਸ[66] ਦੇ ਪਿਆਰ[67] ਅੰਦਰ ਭਟਕਦੇ[68] ਹਨ ਅਤੇ ਹੰਕਾਰ[69] ਅੰਦਰ ਆਪਣੇ ਕਾਰ-ਵਿਹਾਰ[70] ਕਰਦੇ[71]ਹਨ।

ਤਿਨਿ ਸਹਿ ਆਪਿ ਭੁਲਾਏ [72]ਕੁਮਾਰਗਿ[73] ਪਾਏ ਤਿਨ ਕਾ ਕਿਛੁ ਨ ਵਸਾਈ[74] ॥

Them, the Lord has Himself misled and put them on the evil[72] track[73]. Nothing lies in their power[74].

ਉਨ੍ਹਾਂ ਨੂੰ ਸੁਆਮੀ ਨੇ ਆਪੇ ਹੀ ਗੁਮਰਾਹ ਕੀਤਾ ਹੈ ਅਤੇ ਖੋਟੇ[72] ਰਸਤੇ[73] ਪਾਇਆ ਹੈ। ਉਨ੍ਹਾਂ ਦੇ ਅਖ਼ਤਿਆਰ[74] ਵਿਚ ਕੁਝ ਨਹੀਂ।

ਤਿਨ ਕੀ ਗਤਿ[75] ਆਵਗਤਿ[76] ਤੂੰ ਹੈ ਜਾਣਹਿ ਜਿਨਿ[77] ਇਹ ਰਚਨ[78] ਰਚਾਈ[79] ॥

Their ascent[75] and decent[76], thou alone knowest, Thou, who[77] hast created[79] the creation[78].

ਉਨ੍ਹਾਂ ਦਾ ਚੜ੍ਹਾਉ[75]ਤੇ ਉਤਰਾਉ[76]ਕੇਵਲ ਤੂੰ ਹੀ ਜਾਣਦਾ ਹੈਂ; ਤੂੰ, ਜਿਸ[77] ਨੇ ਇਹ ਸ੍ਰਿਸ਼ਟੀ[78] ਸਾਜੀ[79] ਹੈ।

ਹੁਕਮੁ[80] ਤੇਰਾ ਖਰਾ[81]ਭਾਰਾ[82] ਗੁਰਮੁਖਿ[83] ਕਿਸੈ[84] ਬੁਝਾਏ[85]॥

Exceedingly[81] strict[82] is thine command[80] to act upon but through the[83] Guru, hardly one[84] realises[85] it.

ਪਰਮ[81] ਕਠਨ[82] ਹੈ ਤੇਰੇ ਫ਼ੁਰਮਾਨ[80]ਤੇ ਅਮਲ ਕਰਨਾ। ਗੁਰਾਂ ਦੇ ਰਾਹੀਂ[83] ਕੋਈ ਵਿਰਲਾ[84] ਹੀ ਇਸ ਨੂੰ ਅਨੁਭਵ ਕਰਦਾ[85] ਹੈ।

੪੪੨

ਇਉ ਕਹੈ ਨਾਨਕੁ ਕਿਆ[86] ਜੰਤ[87] ਵਿਚਾਰੇ[88] ਜਾ ਤੁਧੁ ਭਰਮਿ ਭੁਲਾਏ ॥੯॥

Thus says Nanak, What[86] can be poor[88] creatures[87] do, when Thou misleadest them into doubt ?

ਗੁਰੂ ਜੀ ਇਸ ਤਰ੍ਹਾਂ ਫੁਰਮਾਉਂਦੇ ਹਨ, ਗਰੀਬ[88] ਜੀਵ[87] ਕੀ[86] ਕਰ ਸਕਦੇ ਹਨ, ਜਦ ਤੂੰ ਉਨ੍ਹਾਂ ਨੂੰ ਸੰਦੇਹ ਅੰਦਰ ਭੁਲਾ ਦਿੰਦਾ ਹੈਂ ?

ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ[89] ॥

My True Lord, true is Thine greatness[89].

ਮੇਰੇ ਸੱਚੇ ਸੁਆਮੀ, ਸੱਚੀ ਹੈ ਤੇਰੀ ਵਿਸ਼ਾਲਤਾ[89]।

ਤੂੰ ਪਾਰਬ੍ਰਹਮੁ[90] ਬੇਅੰਤੁ[91]

Thou art the Transcendent Lord[90]

ਤੂੰ ਪਰਮ ਪ੍ਰਭੂ[90]ਤੇ ਅਨੰਤ[91]ਮਾਲਕ ਹੈਂ। ਤੇਰੀ ਸ਼ਕਤੀ[92]

ਸੁਆਮੀ ਤੇਰੀ ਕੁਦਰਤਿ[92] ਕਹਣੁ[93] ਨ ਜਾਈ ॥

and the Infinite[91] Master. Thy might[92] cannot be described[93].

ਬਿਆਨ[93] ਨਹੀਂ ਕੀਤੀ ਜਾ ਸਕਦੀ ।

ਸਚੀ ਤੇਰੀ ਵਡਿਆਈ[94] ਜਾ ਕਉ ਤੁਧੁ ਮੰਨਿ[97] ਵਸਾਈ[95] ਸਦਾ[98] ਤੇਰੇ ਗੁਣ[96] ਗਾਵਹੇ[99] ॥

True is thy grandeur[94], and he, within whose mind[97], Thou enshrines[95] it, ever[98] sings[99] Thine praises[96].

ਸੱਚੀ ਹੈ ਤੇਂਡੀ ਬਜ਼ੁਰਗੀ[94] । ਜਿਸ ਦੇ ਹਿਰਦੇ[97] ਅੰਦਰ ਤੂੰ ਇਸ ਨੂੰ ਟਿਕਾਉਂਦਾ[95] ਹੈਂ, ਉਹ ਹਮੇਸ਼ਾ[98] ਤੇਂਡੀ ਕੀਰਤੀ[96] ਗਾਇਨ ਕਰਦਾ[99] ਹੈ !

ਤੇਰੇ ਗੁਣ[7] ਗਾਵਹਿ ਜਾ[100] ਤੁਧੁ ਭਾਵਹਿ[2] ਸਚੇ[3] ਸਿਉ[4] ਚਿਤੁ[5] ਲਾਵਹੇ[6] ॥

When[100] the mortal becomes pleasing[2] to Thee, he sings Thy glory[7] and fixes[6] his attention[5] on[4] Thee, O True Lord[3].

ਜਦ[100]ਪ੍ਰਾਣੀ ਤੈਨੂੰ ਚੰਗਾ[2]ਲਗਦਾ ਹੈ,ਉਹ ਤੇਰੀ ਮਹਿਮਾ[7] ਗਾਉਂਦਾ ਹੈ ਅਤੇ ਤੇਰੇ ਨਾਲ[4] ਆਪਣੀ ਬਿਰਤੀ[5]ਜੋੜਦਾ[6] ਹੈ, ਹੇ ਸੱਚੇ ਸੁਆਮੀ[3] ।

ਜਿਸ ਨੋ ਤੂੰ ਆਪੇ[8] ਮੇਲਹਿ[9] ਸੁ[10] ਗੁਰਮੁਖਿ[12] ਰਹੈ ਸਮਾਈ[13] ॥ ਇਉ ਕਹੈ ਨਾਨਕੁ ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ ॥ ੧੦॥੨॥੭॥੫॥੨॥੭॥

Whom Thou unitest[9] with Thyself[8], he[10] by Guru's grace[12], remains absorbed[13] in Thee. Thus says Nanak O my True Lord, true is Thine glory.

ਜਿਸ ਨੂੰ ਤੂੰ ਆਪਣੇ[8] ਨਾਲ ਜੋੜ ਲੈਂਦਾ[9] ਹੈਂ, ਉਹ[10] ਗੁਰਾਂ ਦੀ ਦਇਆ ਦੁਆਰਾ[12], ਤੇਰੇ ਵਿਚ ਲੀਨ[13] ਹੋਇਆ ਰਹਿੰਦਾ ਹੈ । ਗੁਰੂ ਜੀ ਇਸ ਤਰ੍ਹਾਂ ਫੁਰਮਾਉਂਦੇ ਹਨ, ਹੇ ਮੇਂਡੇ ਸਾਂਈਂ ! ਸੱਚੀ ਹੈ ਤੇਂਡੀ ਮਹਾਨਤਾ ।

ਰਾਗੁ ਆਸਾ ਛੰਤ
ਮਹਲਾ ੪ ਘਰੁ ੧

Asa Measure
4th Guru.

ਰਾਗ ਆਸਾ
ਚੌਥੀ ਪਾਤਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but one God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਜੀਵਨੋ[14] ਮੈ ਜੀਵਨੁ ਪਾਇਆ ਗੁਰਮੁਖਿ[15] ਭਾਏ[16] ਰਾਮ ॥ ਹਰਿ ਨਾਮੋ ਹਰਿ ਨਾਮੁ ਦੇਵੈ[17] ਮੇਰੈ ਪ੍ਰਾਨਿ[18] ਵਸਾਏ[19] ਰਾਮ ॥

Life[14], the real life, I have obtained through love[16] of the Exalted Guru[15]. God's Name, God's Name, the Guru has given[17] me, and has enshrined[19] it in my mind[18].

ਮੁਖੀ ਗੁਰਾਂ[15] ਦੀ ਪ੍ਰੀਤ[16] ਰਾਹੀਂ ਮੈਨੂੰ ਜ਼ਿੰਦਗੀ[14],ਅਸਲ ਜ਼ਿੰਦਗੀ ਪ੍ਰਾਪਤ ਹੋ ਗਈ ਹੈ । ਰੱਬ ਦਾ ਨਾਮ, ਰੱਬ ਦਾ ਨਾਮ ਗੁਰਾਂ ਨੇ ਮੈਨੂੰ ਦਿੱਤਾ[17] ਹੈ ਅਤੇ ਇਸ ਨੂੰ ਮੇਰੇ ਮਨ[18] ਅੰਦਰ ਟਿਕਾਇਆ[19] ਹੈ ।

ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ ਸਭੁ ਸੰਸਾ[20] ਦੂਖੁ[21] ਗਵਾਇਆ[22] ॥

The Lord God's Name, he has placed within my mind, and all my doubts[20] and troubles[21] have departed[22].

ਵਾਹਿਗੁਰੂ ਸੁਆਮੀ ਦਾ ਨਾਮ ਉਨ੍ਹਾਂ ਨੇ ਮੇਰੇ ਚਿੱਤ ਵਿੱਚ ਅਸਥਾਪਨ ਕਰ ਦਿੱਤਾ ਹੈ ਅਤੇ ਮੇਰਾ ਸਾਰਾ ਸੰਦੇਹ[20] ਤੇ ਦੁੱਖੜਾ[21] ਦੂਰ[22] ਹੋ ਗਿਆ ਹੈ ।

ਅਦਿਸਟੁ[23] ਅਗੋਚਰੁ[24] ਗੁਰ ਬਚਨਿ[25] ਧਿਆਇਆ[26] ਪਵਿਤ੍ਰੁ[27] ਪਰਮ[28] ਪਦੁ[29] ਪਾਇਆ ॥

By Guru's word[25], I have meditated[26] on the Invisible[23] and Inapprehensible[24] Lord and have obtained the pure[27] supreme[28] status[29].

ਗੁਰਾਂ ਦੀ ਬਾਣੀ[25]ਦੁਆਰਾ ਮੈਂ ਅਡਿੱਠ[23] ਅਤੇ ਸੋਚ ਸਮਝ ਤੋਂ ਉਚੇਰੇ[24] ਸਾਹਿਬ ਦਾ ਸਿਮਰਨ[26] ਕੀਤਾ ਹੈ, ਅਤੇ ਪਾਵਨ[27], ਮਹਾਨ[28] ਮਰਤਬਾ[29] ਪ੍ਰਾਪਤ ਕਰ ਲਿਆ ਹੈ ।

ਅਨਹਦ[30] ਧੁਨਿ[31] ਵਾਜਹਿ[32]

On singing[35] the hymns of the

ਸੱਚੇ ਗੁਰਾਂ[36] ਦੀ ਬਾਣੀ ਦਾ ਕੀਰਤਨ[35] ਕਰਨ ਨਾਲ

ਨਿਤ[33] ਵਾਜੇ[34] ਗਾਈ[35] ਸਤਿਗੁਰ ਬਾਣੀ[36] ॥	True Guru[36], the musical instruments[34] ever[33] play[32] and the unstruck music[30] resounds[31].	ਹਮੇਸ਼ਾ[33] ਹੀ ਸੰਗੀਤਕ ਸਾਜ਼[34]ਵੱਜਦੇ[32] ਹਨ ਅਤੇ ਆਪਣੇ ਆਪ ਹੋਣ ਵਾਲਾ ਰਾਗ[36] ਗੂੰਜਦਾ[30] ਹੈ ।
ਨਾਨਕ ਦਾਤਿ[37] ਕਰੀ[42] ਪ੍ਰਭਿ ਦਾਤੈ[38] ਜੋਤੀ[39] ਜੋਤਿ[40] ਸਮਾਣੀ[41] ॥੧॥	Nanak, the Giver[38] Lord has given[42] me a gift[37] and my light[40] has blended[41] with His Supreme Light[39].	ਦਾਤਾਰ[38] ਸੁਆਮੀ ਨੇ ਮੈਨੂੰ ਇੱਕ ਬਖਸ਼ੀਸ਼[39] ਬਖਸ਼ੀ[42] ਹੈ—ਮੇਰਾ ਪ੍ਰਕਾਸ਼[40] ਉਸ ਦੇ ਪਰਮ ਪ੍ਰਕਾਸ਼[39] ਨਾਲ ਅਭੇਦ[41] ਹੋ ਗਿਆ ਹੈ ।
ਮਨਮੁਖਾ[43] ਮਨਮੁਤਿ[44] ਮੁਏ[48] ਮੇਰੀ[45] ਕਤਿ[46] ਮਾਇਆ[47] ਰਾਮ ॥	The perverse[43] die[48] in their perversity[44], proclaiming[46] wealth[47] as their own[45].	ਆਪ-ਹੁਦਰੇ[43], ਧਨ-ਦੌਲਤ[47] ਨੂੰ ਆਪਣੀ[45] ਪੁਕਾਰਦੇ[46] ਹੋਏ ਮਨਮੁਖਤਾ[44] ਅੰਦਰ ਹੀ ਮਰ[48] ਜਾਂਦੇ ਹਨ ।
ਖਿਨੁ[49] ਆਵੈ ਖਿਨੁ ਜਾਵੈ[54] ਦੁਰਗੰਧ[50] ਮੜੈ[51] ਚਿਤੁ[52] ਲਾਇਆ[53] ਰਾਮ ॥	They attach[53] their mind[52] to the nasty-smelling[50] mound[51], which comes for a moment[49] and in a moment departs[54].	ਉਹ ਆਪਣੇ ਮਨ[52] ਨੂੰ ਬਦਬੂ[50] ਦੇਣ ਵਾਲੇ ਢੇਰ[51] ਨਾਲ ਜੋੜਦੇ[53] ਹਨ, ਜੋ ਇਕ ਮੁਹਤ[49] ਭਰ ਲਈ ਆਉਂਦਾ ਹੈ ਅਤੇ ਇਕ ਮੁਹਤ ਵਿੱਚ ਚਲਿਆ ਜਾਂਦਾ[54] ਹੈ ।
ਲਾਇਆ[55] ਦੁਰਗੰਧ ਮੜੈ ਚਿਤੁ ਲਾਗਾ[56] ਜਿਉ[57] ਰੰਗੁ[58] ਕਸੁੰਭੁ[59] ਦਿਖਾਇਆ[60] ॥	They attach[55] and fix[56] their mind on the heap of bad odour, which is seen[60]fleeting like[57]the colour[58] of saf-flower[59].	ਉਹ ਆਪਣੇ ਮਨ ਨੂੰ ਗੰਦੇ ਮੁਸ਼ਕ ਦੀ ਢੇਰੀ ਨਾਲ ਜੋੜਦੇ[55] ਤੇ ਚਮੇੜਦੇ[56] ਹਨ, ਜੋ ਕਸੁੰਭੇ ਦੇ ਫੁੱਲ[59] ਦੀ ਰੰਗਤ[58] ਦੀ ਮਾਨਿੰਦ[57] ਉੱਡ ਪੁੱਡ ਜਾਣ ਵਾਲਾ ਦਿਸਦਾ[60] ਹੈ ।
ਖਿਨੁ[61] ਪੂਰਬਿ[62] ਖਿਨੁ ਪਛਮਿ[63] ਛਾਏ[64] ਜਿਉ[65] ਚਕੁ[66] ਕੁਮ੍ਹਿਆਰਿ[67] ਭਵਾਇਆ[68] ॥	In an instant[61] they go[64] to the east[62], and in an instant to the west[63]. They continue revolving[68] like[65] the potter's[67] wheel[66].	ਇੱਕ ਮੁਹਤ[61] ਵਿੱਚ ਉਹ ਚੜ੍ਹਦੇ[62] ਨੂੰ ਜਾਂਦੇ[64] ਹਨ ਅਤੇ ਇੱਕ ਮੁਹਤ ਵਿਚ ਛਿਪਦੇ[63] ਨੂੰ । ਉਹ ਘੁਮਿਆਰ[67] ਦੇ ਪਹੀਏ[66] ਦੀ ਤਰ੍ਹਾਂ[65] ਘੁੰਮਦੇ[68] ਰਹਿੰਦੇ ਹਨ ।
ਦੂਖੁ[69] ਖਾਵਹਿ[70] ਦੂਖੁ ਸੰਚਹਿ[71] ਭੋਗਹਿ[72] ਦੂਖ ਕੀ ਬਿਰਧਿ[73] ਵਧਾਈ[74] ॥	In pain[69] they eat[70], in pain they amass[71] and enjoy[72]. They increase[74] their store[73] of sorrow.	ਤਕਲੀਫ਼[69] ਵਿੱਚ ਉਹ ਖਾਂਦੇ[70] ਹਨ,ਤਕਲੀਫ਼ ਵਿੱਚ ਉਹ ਇਕੱਤਰ[71]ਕਰਦੇ ਤੇ ਖਰਚਦੇ[72] ਹਨ । ਆਪਣੀ ਤਕਲੀਫ਼ ਦੇ ਭੰਡਾਰੇ[73] ਨੂੰ ਉਹ ਵਧੇਰਾ[74] ਕਰੀ ਜਾਂਦੇ ਹਨ ।
ਨਾਨਕ ਬਿਖਮੁ[75] ਸੁਹੇਲਾ[76] ਤਰੀਐ[77] ਜਾ[78] ਆਵੈ[79] ਗੁਰ ਸਰਣਾਈ[80] ॥੨॥	Nanak, when[78] man enters[79] the Guru's Sanctuary[80], he easily[76] crosses[77] the arduous[75] ocean.	ਨਾਨਕ, ਜਦ[78] ਇਨਸਾਨ ਗੁਰਾਂ ਦੀ ਛਤ੍ਰ ਛਾਇਆ[80]ਹੇਠ ਆ ਜਾਂਦਾ[79] ਹੈ ਤਾਂ ਉਹ ਕਠਨ[75] ਸਮੁੰਦਰ ਤੋਂ ਸੁਖੈਨ[76] ਹੀ ਪਾਰ[77] ਹੋ ਜਾਂਦਾ ਹੈ ।
ਮੇਰਾ ਠਾਕੁਰੋ ਠਾਕੁਰੁ[81] ਨੀਕਾ[82] ਅਗਮ[83] ਅਥਾਹਾ[84] ਰਾਮ ॥	The Lord[81], my Lord is sublime[82] unapproachable[83] and unfathomable[84].	ਸੁਆਮੀ[81] ! ਮੇਰਾ ਸ੍ਰੇਸ਼ਟ[82], ਸੁਆਮੀ ਪਹੁੰਚ ਤੋਂ ਪਰੇ[83] ਅਤੇ ਅਥਾਹ[84] ਹੈ ।
ਹਰਿ ਪੂਜੀ[85] ਹਰਿ ਪੂਜੀ ਚਾਹੀ[86] ਮੇਰੇ ਸਤਿਗੁਰ ਸਾਹਾ[87] ਰਾਮ ॥	God's capital[85], God's capital I desire[86] from my True Guru, the banker[87].	ਵਾਹਿਗੁਰੂ ਦੀ ਰਾਸ[85], ਵਾਹਿਗੁਰੂ ਦੀ ਰਾਸ ਮੈਂ ਆਪਣੇ ਸੱਚੇ ਗੁਰੂ ਸ਼ਾਹੂਕਾਰ[87], ਪਾਸੋਂ ਲੋੜਦਾ[86] ਹਾਂ ।
ਹਰਿ ਪੂਜੀ[88] ਚਾਹੀ[89] ਨਾਮੁ	I long[89] for God's wealth[88] to	ਨਾਮ ਖਰੀਦਣ[90] ਲਈ ਮੈਂ ਰੱਬ ਦੇ ਪਦਾਰਥ[88] ਨੂੰ

ਬਿਸਾਹੀ[90] ਗੁਣ[91] ਗਾਵੈ[92] ਗੁਣ ਭਾਵੈ[93] ॥
ਨੀਦ[94] ਭੂਖ[95] ਸਭ[96] ਪਰਹਰਿ ਤਿਆਗੀ[97] ਸੁੰਨੇ[98] ਸੁੰਨਿ[99] ਸਮਾਵੈ[100] ॥

buy[90] the Name. I sing[92] God's praises[91] and God's praise do I love[93]. Sleep[94] and hunger[95] I have all[96] cast and shaken off[97] and through profound concentration[98]. I am absorbed[100] in the Absolute Lord[99].

ਤਰਸਦਾ[89] ਹਾਂ। ਮੈਂ ਰੱਬ ਦਾ ਜੱਸ[91] ਗਾਉਂਦਾ[92] ਹਾਂ ਤੇ ਰੱਬ ਦੇ ਜੱਸ ਨੂੰ ਹੀ ਮੈਂ ਪਿਆਰ[93] ਕਰਦਾ ਹਾਂ। ਨਿੰਦ੍ਰਾ[94] ਤੇ ਖੁਧਿਆ[95] ਮੈਂ ਸਮੂਹ[96] ਛੱਡ ਛੱਡੀਆਂ[97] ਹਨ। ਪਰ ਇਕਾਗ੍ਰਤਾ[98] ਦੇ ਰਾਹੀਂ ਮੈਂ ਨਿਰਗੁਣ ਸਾਂਈਂ[99] ਅੰਦਰ ਲੀਨ[100] ਹੋ ਗਿਆ ਹਾਂ।

ਵਣਜਾਰੇ[2] ਇਕ ਭਾਤੀ[3] ਆਵਹਿ ਲਾਹਾ[4] ਹਰਿ ਨਾਮੁ ਲੈ ਜਾਹੇ[5] ॥

The dealers[2] of one kind[3] come and take away[5] God's Name as their profit[4].

ਇੱਕੋ ਕਿਸਮ[3] ਦੇ ਸੁਦਾਗਰ[2] ਆਉਂਦੇ ਹਨ ਅਤੇ ਵਾਹਿਗੁਰੂ ਦੇ ਨਾਮ ਦਾ ਮੁਨਾਫਾ[4] ਲੈ ਜਾਂਦੇ[5] ਹਨ।

ਨਾਨਕ ਮਨੁ[6] ਤਨੁ[7] ਅਰਪਿ[8] ਗੁਰ ਆਗੈ ਜਿਸੁ ਪ੍ਰਾਪਤਿ[9] ਸੋ[10] ਪਾਏ[12] ॥੩॥

Nanak, dedicate[8] thy soul[6] and body[7] to the Guru. He[10] who is destined to attain[9], attains[12] God's Name.

ਨਾਨਕ, ਆਪਣੀ ਆਤਮਾ[6] ਅਤੇ ਦੇਹਿ[7] ਗੁਰਾਂ ਦੇ ਮੂਹਰੇ ਸਮਰਪਣ ਕਰ[8] ਦੇ। ਜਿਸ ਦੇ ਭਾਗਾਂ ਵਿਚ ਇਸ ਦੀ ਪ੍ਰਾਪਤੀ[9] ਲਿਖੀ ਹੋਈ ਹੈ, ਓਹੀ[10] ਰੱਬ ਦੇ ਨਾਮ ਨੂੰ ਪਾਉਂਦਾ[12] ਹੈ।

ਰਤਨਾ ਰਤਨ[13] ਪਦਾਰਥ[14] ਬਹੁ[15] ਸਾਗਰੁ[16] ਭਰਿਆ[17] ਰਾਮ ॥

The great[15] ocean[16] is full[17] of the wealth[14] of jewels, upon jewels[13].

ਜਵਾਹਿਰਾਤ[13] ਉੱਤੇ, ਜਵਾਹਿਰਾਤ ਦੀ ਦੌਲਤ[14] ਨਾਲ ਵੱਡਾ[15] ਸਮੁੰਦਰ[16] ਪਰੀਪੂਰਨ[17] ਹੈ।

ਬਾਣੀ[18] ਗੁਰਬਾਣੀ ਲਾਗੇ[19] ਤਿਨ੍[20] ਹਥਿ ਚੜਿਆ[21] ਰਾਮ ॥

They[20] who are attached[19] with Divine word[18], the Gurbani, obtain it[21].

ਜੋ ਰੱਬੀ ਕਲਾਮ[18]—ਗੁਰਾਂ ਦੀ ਬਾਣੀ—ਨਾਲ ਜੁੜੇ[19] ਹਨ, ਉਹ[20] ਇਸ ਨੂੰ ਪ੍ਰਾਪਤ[21] ਕਰਦੇ ਹਨ।

ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ[22] ਰਤਨੁ[23] ਅਪਾਰਾ[24] ॥

They, (this wealth) who are attached with the Guru's hymns, obtain the invaluable[22], unrivalled[24] jewel[23].

ਜੋ ਗੁਰੂ ਕੀ ਬਾਣੀ ਨਾਲ ਜੁੜੇ ਹਨ, ਉਹ ਅਮੋਲਕ[22] ਤੇ ਲਾਸਾਨੀ[24] ਜਵੇਹਰ[23] (ਨਾਮ) ਨੂੰ ਪਾ ਲੈਂਦੇ ਹਨ।

ਹਰਿ ਹਰਿ[25] ਨਾਮੁ ਅਤੋਲਕੁ[26] ਪਾਇਆ ਤੇਰੀ ਭਗਤਿ[27] ਭਰੇ[28] ਭੰਡਾਰਾ[29] ॥

They who obtain Thy immeasurable[26] Name, O Lord God[25], have their treasures[29] brimful[28] with Thy devotional service[27].

ਜੋ, ਹੇ ਵਾਹਿਗੁਰੂ[25] ਸੁਆਮੀ! ਤੇਰੇ ਅਮਾਪ[26] ਨਾਮ ਨੂੰ ਪ੍ਰਾਪਤ ਹੁੰਦੇ ਹਨ, ਉਨ੍ਹਾਂ ਦੇ ਖਜ਼ਾਨੇ[29] ਤੇਰੀ ਪ੍ਰੇਮਮਈ ਸੇਵਾ[27] ਨਾਲ ਪਰੀਪੂਰਨ[28] ਰਹਿੰਦੇ ਹਨ।

ਸਮੁੰਦੁ[30] ਵਿਰੋਲਿ[31] ਸਰੀਰੁ[32] ਹਮ[33] ਦੇਖਿਆ[34] ਇਕ ਵਸਤੁ[35] ਅਨੂਪ[36] ਦਿਖਾਈ[37] ॥

I have churned[31] the body[32] ocean[30] and I[33] have seen[34] an enamourning[36] thing[35] come to view[37].

ਮੈਂ[33] ਦੇਹਿ[32] ਸਮੁੰਦਰ[30] ਨੂੰ ਰਿੜਕਿਆ[31] ਹੈ ਅਤੇ ਮੈਂ[33] ਇੱਕ ਮਨੋਹਰ[36] ਚੀਜ[35] ਨਜਰੀਂ[37] ਪੈਂਦੀ ਤੱਕੀ[34] ਹੈ।

ਗੁਰ ਗੋਵਿੰਦੁ[38] ਗੋਵਿੰਦੁ ਗੁਰੂ ਹੈ ਨਾਨਕ ਭੇਦੁ[39] ਨ ਭਾਈ[40] ॥੪॥੧॥੮॥

The Guru is God[38] and God is the Guru, O Nanak. There is no difference[39] between the two, my brother[40].

ਗੁਰੂ ਵਾਹਿਗੁਰੂ[38] ਹੈ ਅਤੇ ਵਾਹਿਗੁਰੂ ਗੁਰੂ ਹੈ, ਹੇ ਨਾਨਕ! ਦੋਨਾਂ ਵਿਚ ਕੋਈ ਫ਼ਰਕ[39] ਨਹੀਂ, ਮੇਰੇ ਵੀਰ[40]।

ਆਸਾ ਮਹਲਾ ੪ ॥

Asa 4th Guru.

ਆਸਾ ਚੌਥੀ ਪਾਤਸਾਹੀ।

ਝਿਮਿ ਝਿਮੇ[41] ਝਿਮਿ ਝਿਮਿ

Slowly, steadily[41] and slowly and

ਹੌਲੀ ਹੌਲੀ[41] ਇਕਰਸ ਅਤੇ ਹੌਲੀ ਇਕਰਸ ਆਂਬਿ

ਵਰਸੈ[42] ਅੰਮ੍ਰਿਤ[43] ਧਾਰਾ[44] ਰਾਮ ॥	steadily trickles[42] (pours down) the Nectar[43]-fall[44].	ਹਿਯਾਤ[42] ਦੀ ਧਾਰ[44] ਟਪਕਦੀ[42] ਹੈ।
੪੪੩		
ਗੁਰਮੁਖੈ[45] ਗੁਰਮੁਖਿ[46] ਨਦਰੀ[47] ਰਾਮੁ[48] ਪਿਆਰਾ[49] ਰਾਮ[50] ॥	Through the Guru the Guru-ward[46] beholds[47] the Beloved[49] Omnipresent Lord[48] Master[50].	ਗੁਰਾਂ ਦੇ ਰਾਹੀਂ[45], ਗੁਰੂ-ਸਮਰਪਣ[46], ਪ੍ਰੀਤਮ[49] ਸਰਬ ਵਿਆਪਕ ਸੁਆਮੀ[48] ਮਾਲਕ[50] ਨੂੰ ਵੇਖ[47] ਲੈਂਦਾ ਹੈ।
ਰਾਮ ਨਾਮੁ[51] ਪਿਆਰਾ[52] ਜਗਤ[53] ਨਿਸਤਾਰਾ[54] ਰਾਮ ਨਾਮਿ ਵਡਿਆਈ[55] ॥	God's Name[51], the World[53] emancipator[54] is dear[52] unto him in the God's Name alone is the glory[55].	ਸੰਸਾਰ[53] ਨੂੰ ਪਾਰ ਉਤਾਰਨ ਵਾਲਾ[54], ਰੱਬ ਦਾ ਨਾਮ[51] ਉਸ ਨੂੰ ਮਿੱਠੜਾ[52] ਲਗਦਾ ਹੈ। ਕੇਵਲ ਰੱਬ ਦੇ ਨਾਮ ਵਿੱਚ ਹੀ ਬਜ਼ੁਰਗੀ[55] ਹੈ।
ਕਲਿਜੁਗਿ[56] ਰਾਮ ਨਾਮੁ ਬੋਹਿਥਾ[57] ਗੁਰਮੁਖਿ[58] ਪਾਰਿ ਲਘਾਈ[59] ॥	In the Dark age[56], Lord's Name is the ship[57] and through the Guru[58] the man swims across[59].	ਕਾਲੇ ਸਮੇਂ[56] ਅੰਦਰ ਸਾਹਿਬ ਦਾ ਨਾਮ ਇੱਕ ਜਹਾਜ਼[57] ਹੈ ਅਤੇ ਗੁਰਾਂ ਦੇ ਰਾਹੀਂ[58]ਆਦਮੀ ਪਾਰ ਉੱਤਰ ਜਾਂਦਾ[59] ਹੈ।
ਹਲਤਿ[60] ਪਲਤਿ[61] ਰਾਮ ਨਾਮਿ ਸੁਹੇਲੇ[62] ਗੁਰਮੁਖਿ[63] ਕਰਣੀ[64] ਸਾਰੀ[65] ॥	This world[60] and the world beyond[61] get adorned[62] with Lord's Name. The Guru-ward's[63] way of life[64] is sublime[65].	ਇਹ ਲੋਕ[60] ਅਤੇ ਪਰਲੋਕ[61], ਪ੍ਰਭੂ ਦੇ ਨਾਮ ਨਾਲ ਸੁਭਾਇਮਾਨ[62] ਥੀ ਵੰਞਦੇ ਹਨ। ਗੁਰੂ-ਸਮਰਪਣ[63] ਦੀ ਜੀਵਨ ਰਹੁ-ਰੀਤੀ[64] ਸ੍ਰੇਸ਼ਟ[65] ਹੁੰਦੀ ਹੈ।
ਨਾਨਕ ਦਾਤਿ[66] ਦਇਆ[67] ਕਰਿ[68] ਦੇਵੈ[69] ਰਾਮ ਨਾਮਿ ਨਿਸਤਾਰੀ[70] ॥੧॥	Nanak, showering[68] His benediction[67], God gives[69] the gift[66] of His emancipating[70] Name.	ਨਾਨਕ, ਆਪਣੀ ਰਹਿਮਤ[67] ਧਾਰ[68] ਕੇ ਮੁਕਤ ਕਰਨ[70] ਵਾਲਾ ਵਾਹਿਗੁਰੂ ਆਪਣੇ ਨਾਮ ਦਾ ਦਾਨ[66] ਦਿੰਦਾ[69]ਹੈ।
ਰਾਮੋ ਰਾਮ ਨਾਮੁ[71] ਜਪਿਆ[72] ਦੁਖ[73] ਕਿਲਵਿਖ[74] ਨਾਸ ਗਵਾਇਆ[75] ਰਾਮ ॥	The Lord Master's Name[71], I have repeated[72], and it has destroyed and dispelled[75] my sorrow[73] and sin[74], O Lord.	ਸੁਆਮੀ ਮਾਲਕ ਦੇ ਨਾਮ[71] ਦਾ ਮੈਂ ਜਾਪ[72] ਕੀਤਾ ਹੈ ਅਤੇ ਇਸ ਨੇ ਮੇਰਾ ਗ਼ਮ[73] ਅਤੇ ਪਾਪ[74] ਮਾਰ ਕੱਢੇ[75] ਹਨ।
ਗੁਰ ਪਰਚੈ[76] ਗੁਰ ਪਰਚੈ ਧਿਆਇਆ[77] ਮੈ ਹਿਰਦੈ[78] ਰਾਮੁ ਰਵਾਇਆ[79] ਰਾਮ ॥	By Guru's association[76], Guru's association, I have remembered[77] the Lord Master, and have enshrined[79] Him in my mind[78].	ਗੁਰੂ ਦੇ ਮੇਲ ਮਿਲਾਪ[76], ਗੁਰੂ ਦੇ ਮੇਲ ਮਿਲਾਪ ਦੁਆਰਾ ਮੈਂ ਸੁਆਮੀ ਮਾਲਕ ਦਾ ਸਿਮਰਨ[77] ਕੀਤਾ ਹੈ ਅਤੇ ਉਸ ਨੂੰ ਆਪਣੇ ਮਨ[78] ਵਿਚ ਟਿਕਾਇਆ[79] ਹੈ।
ਰਵਿਆ[80] ਰਾਮੁ ਹਿਰਦੈ [81]ਪਰਮਗਤਿ[82] ਪਾਈ ਜਾ[83] ਗੁਰ ਸਰਣਾਈ[85] ਆਏ[86] ॥	When[83] I sought[86] the Guru's protection[85], Lord's Name got established[80] in my mind and I obtained the supreme[81] rank[82].	ਜਦ[83] ਮੈਂ ਗੁਰਾਂ ਦੀ ਪਨਾਹ[85] ਲੈ ਲਈ[86], ਸਾਂਈਂ ਦਾ ਨਾਮ ਮੇਰੇ ਚਿੱਤ ਅੰਦਰ ਅਸਥਾਪਨ[80] ਹੋ ਗਿਆ ਅਤੇ ਮੈਨੂੰ ਮਹਾਨ[81] ਮਰਤਬਾ[82] ਪ੍ਰਾਪਤ ਹੋ ਗਿਆ।
ਲੋਭੁ[87] ਵਿਕਾਰ[88] ਨਾਵ[89] ਡੁਬਦੀ[90] ਨਿਕਲੀ[92] ਜਾ ਸਤਿਗੁਰਿ ਨਾਮੁ ਦਿੜਾਏ[91]॥	When the True Guru Implanted[91] God's Name within me, my sinking[90] boat[89], laden with avarice[87], and sin[88], safely emerged out[92].	ਜਦ ਸੱਚੇ ਗੁਰਾਂ ਨੇ ਮੇਰੇ ਅੰਦਰ ਪ੍ਰਭੂ ਦਾ ਨਾਮ ਪੱਕਾ ਕਰ ਦਿੱਤਾ[91], ਤਾਂ ਲਾਲਚ[87] ਅਤੇ ਪਾਪ[88] ਨਾਲ ਲੱਦੀ ਹੋਈ ਮੇਰੀ ਡੁਬਦੀ[90] ਹੋਈ ਬੇੜੀ[89] ਬੱਚ[92] ਨਿਕਲੀ।

ਜੀਅ ਦਾਨੁ[93] ਗੁਰਿ ਪੂਰੈ[94] ਦੀਆ[95] ਰਾਮ ਨਾਮਿ ਚਿਤੁ[96] ਲਾਏ[97] ॥	The perfect[94] Guru has given[95] me the gift of spiritual life[93] and I have fixd[97] my attention[96] on Lord's Name.	ਪੂਰਨ[94] ਗੁਰਾਂ ਨੇ ਮੈਨੂੰ ਰੂਹਾਨੀ ਜੀਵਨ[93] ਦੀ ਦਾਤ ਬਖ਼ਸ਼ੀ[95] ਹੈ ਅਤੇ ਮੈਂ ਆਪਣੀ ਬਿਰਤੀ[96] ਸੁਆਮੀ ਦੇ ਨਾਮ ਨਾਲ ਜੋੜ[97] ਲਈ ਹੈ।
ਆਪਿ[98] ਕ੍ਰਿਪਾਲੁ[99] ਕ੍ਰਿਪਾ[100] ਕਰਿ ਦੇਵੈ ਨਾਨਕ ਗੁਰ ਸਰਣਾਏ[2] ॥੨॥	O Nanak, the merciful Master[99] Himself[98] mercifully[100] gives the Name to him, who seeks the Guru,s protection[2].	ਹੇ ਨਾਨਕ ! ਮਿਹਰਬਾਨ[98]ਮਾਲਕ ਖ਼ੁਦ[99] ਮਿਹਰਬਾਨੀ[100] ਕਰ ਕੇ ਨਾਮ ਉਸ ਨੂੰ ਦਿੰਦਾ ਹੈ, ਜੋ ਗੁਰਾਂ ਦੀ ਪਨਾਹ[2] ਲੈਂਦਾ ਹੈ।
ਬਾਣੀ[3] ਰਾਮ ਨਾਮ ਸੁਣੀ ਸਿਧਿ[4] ਕਾਰਜ[5] ਸਭਿ ਸੁਹਾਏ[6] ਰਾਮ ॥	Hearing the word[3] of Lord's Name all my affairs[5] got adjusted[4] and embellished[6], O Lord.	ਪ੍ਰਭੂ ਦੇ ਨਾਮ ਦਾ ਕਲਾਮ[3] ਸੁਣਨ ਦੁਆਰਾ ਮੇਰੇ ਸਾਰੇ ਕੰਮ ਕਾਜ[5] ਦਰੁਸਤ[4] ਅਤੇ ਸੁਹਣੇ[6] ਹੋ ਗਏ।
ਰੋਮੇ ਰੋਮਿ[7] ਰੋਮਿ ਰੋਮੇ ਮੈ ਗੁਰਮੁਖਿ[8] ਰਾਮੁ[9] ਧਿਆਏ[10] ਰਾਮ ॥	With every hair[7], every hair of mine I meditate[10] on the Lord[9], through the Guru[8].	ਆਪਣੇ ਹਰ ਵਾਲ[7], ਹਰ ਵਾਲ ਦੁਆਰਾ ਮੈਂ ਗੁਰਾਂ ਦੇ ਰਾਹੀਂ[8], ਸੁਆਮੀ[9] ਦਾ ਸਿਮਰਨ[10] ਕਰਦਾ ਹਾਂ।
ਰਾਮ ਨਾਮੁ ਧਿਆਏ[12] ਪਵਿਤੁ[13] ਹੋਇ ਆਏ ਤਿਸੁ[14] ਰੂਪੁ[15] ਨ ਰੇਖਿਆ[16] ਕਾਈ ॥	I have become pure[13] by remembering[12] the Name of the Lord, who[14] has no form[15] and outline[16].	ਸੁਆਮੀ ਦੇ ਨਾਮ ਦਾ ਸਿਮਰਨ[12] ਕਰਨ ਦੁਆਰਾ ਮੈਂ ਪਵਿੱਤਰ[13] ਹੋ ਗਿਆ ਹਾਂ। ਉਸ[14] ਦਾ ਕੋਈ ਸਰੂਪ[15]ਅਤੇ ਮੁਹਾਂਦਰਾ[16] ਨਹੀਂ।
ਰਾਮੋ ਰਾਮੁ[17] ਰਵਿਆ[18] ਘਟ[19] ਅੰਤਰਿ[20] ਸਭ[21] ਤ੍ਰਿਸਨਾ[22] ਭੂਖ[23] ਗਵਾਈ[24]॥	Lord's Name[17] is contained[18] in[20] my heart[19], and my desire[22] and hunger[23] have all[21] disappeared[24].	ਸੁਆਮੀ ਦਾ ਨਾਮ[17] ਮੇਰੇ ਦਿਲ[19] ਅੰਦਰ[20] ਰਮਿਆ ਹੋਇਆ[18] ਹੈ ਅਤੇ ਮੇਰੀ ਖ਼ਾਹਿਸ਼[22] ਤੇ ਭੁੱਖ[23], ਸਮੂਹ[21] ਦੂਰ ਹੋ ਗਈਆਂ[24] ਹਨ।
ਮਨੁ[25] ਤਨੁ[26] ਸੀਤਲੁ[27] ਸੀਗਾਰੁ[28] ਸਭੁ[29] ਹੋਆ ਗੁਰਮਤਿ[30] ਰਾਮੁ[31] ਪ੍ਰਗਾਸਾ[32] ॥	By Guru's instruction[30] the Lord[31] is revealed[32] unto me, and my mind[25] and body[26] are all[29] adorned[28] with peace[27].	ਗੁਰਾਂ ਦੀ ਸਿਖਮੱਤ[30] ਦੁਆਰਾ ਪ੍ਰਭੂ[31] ਮੇਰੇ ਉੱਤੇ ਨਾਜ਼ਲ[32] ਹੋ ਗਿਆ ਹੈ (ਮਨ ਵਿਚ ਵਸ ਗਿਆ ਹੈ) ਅਤੇ ਮੇਰੀ ਆਤਮਾ[25] ਤੇ ਦੇਹਿ[26] ਠੰਢ ਚੈਨ[27] ਦੇ ਸਮੂਹ[29] ਨਾਲ ਸ਼ਸ਼ੋਭਤ[28] ਹੋ ਗਏ ਹਨ।
ਨਾਨਕ ਆਪਿ[33] ਅਨੁਗ੍ਰਹੁ[34] ਕੀਆ[35] ਹਮ[37] ਦਾਸਨਿ ਦਾਸਨਿ ਦਾਸਾ[36] ॥੩॥	The Lord Himself[33] has shown[35] mercy[34] unto Nanak and He has made me[37] the slave[36] of the slaves of His slaves.	ਪ੍ਰਭੂ ਨੇ ਖ਼ੁਦ[33] ਨਾਨਕ ਤੇ ਕਿਰਪਾ[34] ਕੀਤੀ[35] ਹੈ ਅਤੇ ਮੈਨੂੰ[37] ਆਪਣੇ ਗੋਲਿਆਂ ਦੇ ਗੋਲਿਆਂ ਦਾ ਗੋਲਾ[36] ਬਣਾ ਲਿਆ ਹੈ।
ਜਿਨੀ[38] ਰਾਮੋ ਰਾਮ[39] ਨਾਮੁ ਵਿਸਾਰਿਆ[40] ਸੇ[41] ਮਨਮੁਖ[42] ਮੂੜ[43] ਅਭਾਗੀ[44] ਰਾਮ ॥	Self-willed[42], foolish[43] and unfortunate[44] are they[41] who[38] have forgotten[40] the name of the Lord Master[39].	ਆਪ ਹੁਦਰੇ[42], ਮੂਰਖ[43] ਅਤੇ ਨਿਕਰਮਨ[44] ਹਨ ਉਹ[41] ਜਿਨ੍ਹਾਂ ਨੇ[38] ਪ੍ਰਭੂ ਮਾਲਕ[39] ਦੇ ਨਾਮ ਨੂੰ ਭੁਲਾ[40] ਦਿੱਤਾ ਹੈ।
ਤਿਨ[45] ਅੰਤਰੇ[46] ਮੋਹੁ[47] ਵਿਆਪੈ[48] ਖਿਨੁ ਖਿਨੁ[49]	Their[45] heart[46] is engrossed[48]in worldly love[47], and every moment[49],	ਉਨ੍ਹਾਂ[45] ਦਾ ਦਿਲ[46] ਸੰਸਾਰੀ ਮਮਤਾ[47] ਅੰਦਰ ਖੱਚਤ ਹੋਇਆ[48] ਹੈ ਅਤੇ ਹਰ ਮੁਹਤ[49] ਉਨ੍ਹਾਂ ਨੂੰ ਮੋਹਣੀ[50]

ਮਾਇਆ[50] ਲਾਗੀ[51] ਰਾਮ ॥	mammon[50] remains attached[51] to them.	ਚਿਮੜੀ[51] ਰਹਿੰਦੀ ਹੈ ।
ਮਾਇਆ[52] ਮਲੁ[53] ਲਾਗੀ ਮੂੜ[54] ਭਏ[55] ਅਭਾਗੀ[56] ਜਿਨ ਰਾਮ[57] ਨਾਮੁ ਨਹ ਭਾਇਆ[58] ॥	The filth[53] of worldly-valuables[52] clings to them who[57] love[58] not Lord's Name, they become[55] unfortunate[56] fools[54].	ਸੰਸਾਰੀ ਪਦਾਰਥਾਂ[52] ਹੀ ਮਲੀਣਤਾ[53] ਉਨ੍ਹਾਂ ਨੂੰ ਚਿਮੜ ਜਾਂਦੀ ਹੈ ਜੋ[57]ਪ੍ਰਭੂ ਦੇ ਨਾਮ ਨੂੰ ਪਿਆਰ[58] ਨਹੀਂ ਕਰਦੇ, ਉਹ ਬਦਕਿਸਮਤ[56] ਬੇਵਕੂਫ[54] ਬਣ ਜਾਂਦੇ[55] ਹਨ ।
ਅਨੇਕ[59] ਕਰਮ[60] ਕਰਹਿ[61] ਅਭਿਮਾਨੀ[62] ਹਰਿ ਰਾਮੋ[64] ਨਾਮੁ ਚੋਰਾਇਆ[63] ॥	The men of ego[62] perform[61] many[59] rituals[60], but they hesitate to remember[63] Lord God's[64] Name.	ਹੰਕਾਰੀ[62] ਬੰਦੇ ਘਣੇਰੇ[59] ਕਰਮ ਕਾਂਡ[60] ਕਰਦੇ[61] ਹਨ ਪਰ ਉਹ ਵਾਹਿਗੁਰੂ[64]ਸੁਆਮੀ ਦੇ ਨਾਮ ਤੋਂ ਝਿਜਕ ਕਰਦੇ ਜਾਂ ਚੁਰਾਉਂਦੇ[63] ਹਨ ।
ਮਹਾ[65] ਬਿਖਮੁ[66] ਜਮ[67] ਪੰਥੁ[68] ਦੁਹੇਲਾ[69] ਕਾਲੂਖਤ[70] ਮੋਹ[71] ਅੰਧਿਆਰਾ[72] ॥	Extremely[65] arduous[66] and painful[69] is the Death's[67] path[68], stained[70] with the darkness[72] of worldly[71] love.	ਸੰਸਾਰੀ[71] ਮਮਤਾ ਦੇ ਅਨ੍ਹੇਰੇ[72] ਨਾਲ ਕਾਲਾ[70] ਹੋਇਆ ਹੋਇਆ ਮੌਤ[67] ਦਾ ਰਸਤਾ[68] ਬੜਾ[65] ਹੀ ਕਠਨ[66] ਤੇ ਦੁਖਦਾਈ[69] ਹੈ ।
ਨਾਨਕ ਗੁਰਮੁਖਿ[73] ਨਾਮੁ ਧਿਆਇਆ[74] ਤਾ[75] ਪਾਏ[76] ਮੋਖ[77] ਦੁਆਰਾ[78] ॥੪॥	Nanak, if through the Guru[73], the mortal meditates[74] on the Name, then[75], he finds[76] the gate[78] of salvation[77].	ਨਾਨਕ, ਜੇਕਰ ਬੰਦਾ ਗੁਰਾਂ[73] ਦੇ ਰਾਹੀਂ ਨਾਮ ਦਾ ਆਰਾਧਨ[74] ਕਰ ਲਵੇ, ਤਦ[75] ਉਹ ਮੁਕਤੀ[77] ਦੇ ਦਰਵਾਜ਼ੇ[78] ਨੂੰ ਪਾ ਲੈਂਦਾ[76] ਹੈ ।
ਰਾਮੋ[79] ਰਾਮ ਨਾਮੁ ਗੁਰੂ[80] ਰਾਮੁ[81] ਗੁਰਮੁਖੇ[82] ਜਾਣੈ[83] ਰਾਮ ॥	The Lord[79] Master's Name and great[80] Pervading God[81] are known[83], through the Guru[82].	ਸੁਆਮੀ ਮਾਲਕ[79] ਦਾ ਨਾਮ ਅਤੇ ਵੱਡਾ[80] ਵਿਆਪਕ ਵਾਹਿਗੁਰੂ[81] ਗੁਰਾਂ ਦੇ ਰਾਹੀਂ[82] ਜਾਣੇ ਜਾਂਦੇ[83] ਹਨ ।
ਇਹੁ ਮਨੂਆ[84]ਖਿਨੁ[85] ਊਭੁ[86] ਪਇਆਲੀ[87] ਭਰਮਦਾ[88] ਇਕਤੁ[89] ਘਰਿ[90] ਆਣੈ[91] ਰਾਮ ॥	In a moment[85] this mind[84] is in heaven[86], and in a moment in nether region[87]. The Guru brings back[91] the wandering[88] mind into one[89] home[90] (on one point).	ਇੱਕ ਮੁਹਤ[85] ਵਿੱਚ ਇਹ ਮਨ[84] ਆਕਾਸ਼[86] ਵਿੱਚ ਹੁੰਦਾ ਹੈ ਅਤੇ ਇੱਕ ਮੁਹਤ ਵਿਚ ਪਾਤਾਲ[87] ਵਿੱਚ । ਗੁਰੂ ਜੀ ਭਟਕਦੇ[88] ਹੋਏ ਮਨੂਏ ਨੂੰ ਇੱਕ[89] ਗ੍ਰਿਹ[90] ਅੰਦਰ ਮੋੜ[91] ਲਿਆਉਂਦੇ ਹਨ ।
ਮਨੁ[100] ਇਕਤੁ[92] ਘਰਿ ਆਣੈ[93] ਸਭੁ[94] ਗਤਿ[95] ਮਿਤਿ[96] ਜਾਣੈ[97] ਹਰਿ ਰਾਮੋ[98] ਨਾਮੁ ਰਸਾਏ[99] ॥	When the mind[100] returns[93] to the one home[92], the man wholly[94] realises[97] the worth[96] of salvation[95] and enjoys the relish[99] of Lord[98] God's name.	ਜਦ ਮਨੂਆ[100] ਇੱਕ ਧਾਮ[92] ਅੰਦਰ ਮੁੜ ਆਉਂਦਾ[93] ਹੈ, ਆਦਮੀ ਮੁਕਤੀ[95] ਦੀ ਕਦਰ[96] ਨੂੰ ਪੂਰੀ ਤਰ੍ਹਾਂ[94] ਅਨੁਭਵ[97] ਕਰ ਲੈਂਦਾ ਹੈ ਅਤੇ ਵਾਹਿਗੁਰੂ[98] ਸੁਆਮੀ ਦੇ ਨਾਮ ਦੇ ਰਸ ਨੂੰ ਮਾਣਦਾ[99] ਹੈ ।
ਜਨ[2] ਕੀ ਪੈਜ[3] ਰਖੈ[4] ਰਾਮ ਨਾਮਾ ਪ੍ਰਹਿਲਾਦ ਉਧਾਰਿ[5] ਤਰਾਏ[6] ॥	Lord's Name perserves[4] the honour[3] of His serf[2], as He emancipated[5] and saved[6] Prahlad.	ਪ੍ਰਭੂ ਦਾ ਨਾਮ ਉਸ ਦੇ ਨਫਰ[2] ਦੀ ਇੱਜ਼ਤ[3] ਰਖਦਾ[4] ਹੈ, ਜਿਸ ਤਰ੍ਹਾਂ ਉਸ ਨੇ ਪ੍ਰਹਿਲਾਦ ਨੂੰ ਮੁਕਤ ਕੀਤਾ[5] ਅਤੇ ਤਾਰਿਆ[6] ਸੀ ।
ਰਾਮੋ ਰਾਮੁ[7] ਰਮੋ ਰਮੁ[8] ਊਚਾ[9] ਗੁਣ[10] ਕਹਤਿਆ[12] ਅੰਤੁ[13] ਨ ਪਾਇਆ[14] ॥	Continually repeat[8] thou the lofty[9] Lord's Name[7], by narrating[12] whose praises[10] His limit[13] cannot be found.	ਤੂੰ ਉਚੇ[9]ਸੁਆਮੀ ਦੇ ਨਾਮ[7] ਦਾ ਇਕਰਸ ਉਚਾਰਨ[8]ਕਰ; (ਪ੍ਰੰਤੂ,ਯਾਦ ਰੱਖ ਕਿ) ਉਸ ਦੀਆਂ ਸਿਫਤਾਂ[10] ਬਿਆਨ[12] ਕਰਨ ਦੁਆਰਾ ਉਨ੍ਹਾਂ ਦਾ ਓਤਕ[13] ਲੱਭਿਆਂ[14] ਨਹੀਂ ਜਾ ਸਕਦਾ ।

ਨਾਨਕ ਰਾਮ ਨਾਮੁ ਸੁਣ ਭੀਨੇ[15] ਰਾਮੈ ਨਾਮਿ ਸਮਾਇਆ[16] ॥੫॥	Hearing Lord's Name, Nanak is drenched in happiness[15] and has merged[16] in the Lord's Name.	ਸੁਆਮੀ ਦਾ ਨਾਮ ਸ੍ਰਵਣ ਕਰਨ ਦੁਆਰਾ, ਨਾਨਕ ਖ਼ੁਸ਼ੀ ਅੰਦਰ ਭਿੱਜ ਗਿਆ[15] ਹੈ ਅਤੇ ਉਹ ਸੁਆਮੀ ਦੇ ਨਾਮ ਵਿਚ ਲੀਨ ਹੋ ਗਿਆ[16] ਹੈ ।
ਜਿਨ ਅੰਤਰੇ[17] ਰਾਮ ਨਾਮੁ ਵਸੈ[18] ਤਿਨ[19] ਚਿੰਤਾ[20] ਸਭ ਗਵਾਇਆ[21] ਰਾਮ ॥	They[19], within whose mind[17] Lord's Name abides[18], forsake[21] all the anxieties[20].	ਜਿਨ੍ਹਾਂ ਦੇ ਚਿੱਤ[17] ਅੰਦਰ ਪ੍ਰਭੂ ਦਾ ਨਾਮ ਨਿਵਾਸ ਰਖਦਾ[18] ਹੈ, ਉਨ੍ਹਾਂ[19] ਦੇ ਸਾਰੇ ਫ਼ਿਕਰ[20] ਦੂਰ ਹੋ ਜਾਂਦੇ[21] ਹਨ ।
ਸਭਿ ਅਰਥਾ[22] ਸਭਿ ਧਰਮ[23] ਮਿਲੇ[24] ਮਨਿ[25] ਚਿੰਦਿਆ[26] ਸੋ[28] ਫਲੁ[27] ਪਾਇਆ ਰਾਮ ॥	They obtain[24] all the wealth[22] and all piety[23] and obtain the[28] fruit[27] which their mind[25] desires[26].	ਉਨ੍ਹਾਂ ਨੂੰ ਸਾਰੀ ਦੌਲਤ[22] ਅਤੇ ਸਮੂਹ ਪਵਿੱਤ੍ਰਤਾ[23] ਪ੍ਰਾਪਤ[24] ਹੋ ਜਾਂਦੀ ਹੈ ਅਤੇ ਉਹ ਉਸ[28] ਮੇਵੇ[27] ਨੂੰ ਹਾਸਲ ਕਰ ਲੈਂਦੇ ਹਨ ਜਿਸ ਨੂੰ ਉਨ੍ਹਾਂ ਦਾ ਚਿੱਤ[25] ਚਾਹੁੰਦਾ[26] ਹੈ ।
ਮਨ ਚਿੰਦਿਆ ਫਲੁ[29] ਪਾਇਆ[33] ਰਾਮ ਨਾਮੁ ਧਿਆਇਆ[30] ਰਾਮ ਨਾਮ ਗੁਣ[31] ਗਾਏ[32] ॥	Meditating[30] on Lord's Name and singing[32] the praise[31] of Lord's Name man gathers[33] his heart-desired boon[29].	ਪ੍ਰਭੂ ਦੇ ਨਾਮ ਦਾ ਸਿਮਰਨ[30] ਕਰਨ ਅਤੇ ਪ੍ਰਭੂ ਦੇ ਨਾਮ ਦੀ ਕੀਰਤੀ[31] ਗਾਉਣ[32] ਦੁਆਰਾ, ਇਨਸਾਨ ਆਪਣੇ ਦਿਲ ਚਾਹੁੰਦੀ ਮੁਰਾਦ[29] ਪਾ ਲੈਂਦਾ[33] ਹੈ ।
੪੪੪		
[34]ਦੂਰਮਤਿ[35] [36]ਕਬੁਧਿ[37] ਗਈ[38] ਸੁਧਿ[39] ਹੋਈ ਰਾਮ ਨਾਮਿ ਮਨੁ ਲਾਏ[40] ॥	His evil[34] inclination[35] and mal-[36] intellect[37] depart[38], he obtains right understanding[39] and attaches[40] his mind to the Lord's Name.	ਉਸ ਦੀ ਮੰਦੀ[34] ਰੁਚੀ[35] ਅਤੇ ਖੋਟੀ[36] ਅਕਲ[37] ਦੂਰ ਹੋ ਜਾਂਦੀਆਂ[38] ਹਨ, ਉਸ ਨੂੰ ਸਾਰੀ ਸਮਝ[39] ਪੈ ਜਾਂਦੀ ਹੈ ਅਤੇ ਉਹ ਆਪਣੇ ਚਿੱਤ ਨੂੰ ਸਾਂਈਂ ਦੇ ਨਾਮ ਨਾਲ ਜੋੜ ਲੈਂਦਾ[40] ਹੈ ।
ਸਫਲੁ[41] ਜਨਮੁ[42] ਸਰੀਰੁ[43] ਸਭੁ ਹੋਆ ਜਿਤੁ ਰਾਮ[45] ਨਾਮੁ ਪਰਗਾਸਿਆ[44] ॥	Profitable[41] becomes the life[42] and the whole body[43], wherein[45] the Lord's Name is illumined[44].	ਲਾਭਦਾਇਕ[41] ਹੋ ਵੰਞਦਾ ਹੈ ਜੀਵਨ[42] ਅਤੇ ਸਾਰਾ ਜਿਸਮ[43] ਜਿਸ ਵਿਚ[45] ਸਾਂਈਂ ਦਾ ਨਾਮ ਪ੍ਰਕਾਸ਼ ਹੋ ਜਾਂਦਾ[44] ਹੈ ।
ਰਸਿ[91] ਪ੍ਰੇਮ[92] ਭਰੀ[94] ਕਛੁ ਬੋਲਿ[93] ਨ ਜਾਣੀ ॥	I was so filled[94] with the elixir[91] of His love[92], that I could not say[93] anything.	ਉਸ ਦੀ ਪ੍ਰੀਤ[92] ਦੇ ਅੰਮ੍ਰਿਤ[91] ਨਾਲ ਮੈਂ ਐਨੀ ਲਬਾਲਬ[94] (ਨਕੋ ਨੱਕ ਭਰੀ ਪਈ) ਸੀ ਕਿ ਮੈਂ ਕੁਝ ਭੀ ਆਖ[93] ਨਾ ਸਕੀ।
ਗੁਣ[95] ਗੂੜ[96] ਗੁਪਤ[97] ਅਪਾਰ[98] ਕਰਤੇ[99] ਨਿਗਮ[100] ਅੰਤੁ[2] ਨ ਪਾਵਹੇ[3] ॥	The attributes[95] of the Creator[99] are profound[96], mysterious[97] and boundless[98]. The Vedas[100] know[3] not His limit[2].	ਸਿਰਜਣਹਾਰ[99] ਦੀਆਂ ਖ਼ੂਬੀਆਂ[95], ਡੂੰਘੀਆਂ[96], ਗੈਬੀ[97] ਅਤੇ ਹੱਦਬੰਨਾ-ਰਹਿਤ[98] ਹਨ। ਵੇਦ[100] ਉਸ ਦੇ ਓੜਕ[2] ਨੂੰ ਨਹੀਂ ਜਾਣਦੇ[3]।
ਭਗਤਿ[4] ਭਾਇ[5] ਧਿਆਇ[6] ਸੁਆਮੀ ਸਦਾ[7] ਹਰਿ ਗੁਣ[8] ਗਾਵਹੇ ॥	With devotion[4] and love[5] I meditate[6] on the Lord and ever[7] sing God's praise[8].	ਪ੍ਰੇਮ[4] ਅਤੇ ਪਿਆਰ[5] ਨਾਲ ਮੈਂ ਪ੍ਰਭੂ ਦਾ ਭਜਨ ਕਰਦੀ[6] ਹਾਂ ਅਤੇ ਹਮੇਸ਼ਾ[7] ਵਾਹਿਗੁਰੂ ਦਾ ਜੱਸ[8] ਗਾਉਂਦੀ ਹਾਂ।
ਸਗਲ[9] ਗੁਣ[10] ਸੁ[12] ਗਿਆਨੁ[13] ਪੂਰਨ[14] ਆਪਣੇ ਪ੍ਰਭੁ[15] ਭਾਣੀ[16] ॥	Being full[14] of all[9] virtues[10] and sublime[12] wisdom[13], I have become pleasing[16] to my Master[15].	ਸਮੂਹ[9] ਨੇਕੀਆਂ[10] ਅਤੇ ਸ੍ਰੇਸ਼ਟ[12] ਸਿਆਣਪਾਂ[13] ਨਾਲ ਪਰੀਪੂਰਨ[14] ਹੋਣ ਕਰਕੇ ਮੈਂ ਆਪਣੇ ਮਾਲਕ[15] ਨੂੰ ਚੰਗੀ ਲੱਗਣ[16] ਲੱਗ ਗਈ ਹਾਂ।

ਬਿਨਵੰਤਿ[17] ਨਾਨਕ ਰੰਗਿ[18] ਰਾਤੀ[19] ਪ੍ਰੇਮ[20] ਸਹਜਿ[21] ਸਮਾਣੀ[22] ॥੩॥

Prays[17] Nanak, I am imbued[19] with the dye[18] of Lord's love[20], and am easily[21] absorbed[22] in Him.

ਨਾਨਕ ਬਿਨੇ ਕਰਦਾ[17] ਹੈ, ਕਿ ਸੁਹਾਗਣ ਪ੍ਰਭੂ ਦੀ ਪ੍ਰੀਤ[20] ਦੀ ਰੰਗਤ[18] ਨਾਲ ਰੰਗੀਜ ਗਈ[19] ਹਾਂ ਅਤੇ ਸੁਖੈਨ[21] ਹੀ ਉਸ ਵਿੱਚ ਲੀਨ ਹੋ ਗਈ[22] ਹਾਂ।

ਸੁਖ ਸੋਹਿਲੜੇ[23] ਹਰਿ ਗਾਵਣ ਲਾਗੇ ॥ ਸਾਜਨ[24] ਸਰਸਿਅੜੇ[25] ਦੂਖ[26] ਦੁਸਮਨ[27] ਭਾਗੇ[28] ॥

When I began to sing songs of joy[23] to God, my friends[24] became glad[25] and my troubles[26] and my enemies[27] fled away[28].

ਜਦ ਮੈਂ ਵਾਹਿਗੁਰੂ ਦੇ ਖ਼ੁਸ਼ੀ[23] ਦੇ ਗੀਤ ਗਾਉਣ ਲੱਗ ਪਿਆ, ਮੇਰੇ ਮਿੱਤ੍ਰ[24] ਖ਼ੁਸ਼[25] ਹੋ ਗਏ ਅਤੇ ਮੇਰੀਆਂ ਤਕਲੀਫ਼ਾਂ[26] ਤੇ ਮੇਰੇ ਵੈਰੀ[27] ਦੌੜ ਗਏ[28]।

ਸੁਖ[29] ਸਹਜ[30] ਸਰਸੇ[31] ਹਰਿ ਨਾਮਿ ਰਹਸੇ[32] ਪ੍ਰਭਿ ਆਪਿ[33] ਕਿਰਪਾ[34] ਧਾਰੀਆ[35] ॥

My happiness[29] and comfort[30] increased[31], I rejoiced[32] in God's Name and the Lord Himself[33] bestowed[35] mercy[34] on me.

ਮੇਰੀ ਖ਼ੁਸ਼ੀ[29] ਤੇ ਆਰਾਮ[30] ਵਧੇਰੇ ਹੋ ਗਏ[31], ਮੈਂ ਵਾਹਿਗੁਰੂ ਦੇ ਨਾਮ ਅੰਦਰ ਅਨੰਦ[32] ਮਾਣਿਆ, ਅਤੇ ਮਾਲਕ ਨੇ ਖ਼ੁਦ[33] ਮੇਰੇ ਉਤੇ ਰਹਿਮ[34] ਕੀਤਾ[35]।

ਹਰਿ ਚਰਣ[36] ਲਾਗੇ[37] ਸਦਾ[38] ਜਾਗੇ[39] ਮਿਲੇ ਪ੍ਰਭ[40] ਬਨਵਾਰੀਆ[41] ॥

I clung[37] to God's Feet[36], and being ever[38] wakeful[39], I met Lord[40], the Creator[41].

ਮੈਂ ਭਗਵਾਨ ਦੇ ਪੈਰਾਂ[36] ਨਾਲ ਚਿਮੜ ਗਿਆ[37] ਤੇ ਹਮੇਸ਼ਾ[38] ਸਾਵਧਾਨ[39] ਰਹਿਣ ਕਾਰਨ ਮੈਂ ਸੁਆਮੀ[40] ਸਿਰਜਣਹਾਰ[41] ਨੂੰ ਮਿਲ ਪਿਆ।

ਸੁਭ[42] ਦਿਵਸ[43] ਆਏ ਸਹਜਿ[44] ਪਾਏ ਸਗਲ[45] ਨਿਧਿ[46] ਪ੍ਰਭ ਪਾਗੇ[47] ॥

Auspicious[42] days[43] came and I attained poise[44]. All[45] the treasures[46] are in Lord's Feet[47].

ਮੁਬਾਰਕ[42] ਦਿਹਾੜੇ[43] ਆ ਗਏ ਤੇ ਮੈਂ ਆਰਾਮ[44] ਪਾ ਲਿਆ। ਸਾਰੇ[45] ਖ਼ਜ਼ਾਨੇ[46] ਸਾਹਿਬ ਦੇ ਪੈਰਾਂ[47] ਵਿੱਚ ਹਨ।

ਬਿਨਵੰਤਿ[48] ਨਾਨਕ ਸਰਣਿ[49] ਸੁਆਮੀ ਸਦਾ[51] ਹਰਿ ਜਨ[50] ਤਾਗੇ[52] ॥੪॥੧॥੧੦॥

Supplicates[48] Nanak, God's slaves[50] ever[51] seek[52] Lord's asylum[49].

ਨਾਨਕ ਬੇਨਤੀ[48] ਕਰਦਾ ਹੈ, ਵਾਹਿਗੁਰੂ ਦੇ ਗੋਲੇ[50] ਸਦੀਵ[51] ਹੀ ਸਾਹਿਬ ਦੀ ਸ਼ਰਣਾਗਤ[49] ਲੋੜਦੇ[52] ਹਨ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਉਠਿ[53] ਵੇਞੁ[54] ਵਟਾਊੜਿਆ[55] ਤੈ ਕੀਆ[57] ਚਿਰੁ[56] ਲਾਇਆ[58] ॥

Get[53] up and go[54], O traveller[55], why[57] doest thou make[58] delay[56]?

ਉਠ ਖੜਾ[53] ਹੋ ਅਤੇ ਟੁਰ[54], ਹੇ ਰਾਹੀਆ[55]! ਤੂੰ ਕਿਉਂ[57] ਦੇਰ[56] ਲਾਉਂਦਾ[58] ਹੈਂ?

ਮੁਹਲਤਿ[59] ਪੁੰਨੜੀਆ[60] ਕਿਤੁ[61] ਕੂੜਿ[62] ਲੁਭਾਇਆ[63] ॥

Thine appointed time[59] is complete[60] and why[61] art thou engrossed[63] in falsehood[62]?

ਤੇਰਾ ਮੁਕੱਰਰ ਵਕਤ[59] (ਜੀਵਨ) ਪੂਰਾ[60] ਹੋ ਗਿਆ ਹੈ। ਤੂੰ ਕਿਉਂ[61] ਝੂਠ[62] ਅੰਦਰ ਖੱਚਤ ਹੋਇਆ ਹੋਇਆ[63] ਹੈਂ?

ਕੂੜੇ ਲੁਭਾਇਆ[64] ਧੋਹੁ[65] ਮਾਇਆ[66] ਕਰਹਿ[67] ਪਾਪ[68] ਅਮਿਤਿਆ[69] ॥

Thou covetest[64] what is false and, because of the deceit[65] of mammon[66], thou committest[67] numberless[69] sins[68].

ਤੂੰ ਝੂਠ ਨੂੰ ਲਲਚਾਉਂਦਾ[64] ਹੈਂ ਅਤੇ ਮੋਹਨੀ[66] (ਮਾਇਆ) ਦੇ ਧੋਖੇ[65] ਦੇ ਕਾਰਨ ਤੂੰ ਅਣਗਿਣਤ[69] ਗੁਨਾਹ[68] ਕਰਦਾ[67] ਹੈਂ।

ਤਨੁ[70] ਭਸਮ[71] ਢੇਰੀ[72] ਜਮਹਿ[73] ਹੇਰੀ[74] ਕਾਲਿ[75] ਬਪੁੜੈ[76] ਜਿਤਿਆ[77] ॥

O wretched man[76], Death's myrmidon[73] has sighted[74] thee, thou shalt be overcome[77] by Death[75] and thy body[70] shall be a heap[72] of dust[71].

ਹੇ ਬਦਬਖ਼ਤ ਬੰਦੇ[76]! ਮੌਤ ਦੇ ਫ਼ਰੇਸ਼ਤੇ[73] ਨੇ ਤੈਨੂੰ ਦੇਖ ਲਿਆ[74] ਹੈ। ਮੌਤ[75] ਤੇਰੇ ਉੱਤੇ ਕਾਬੂ ਪਾ[77] ਲਊਗੀ ਅਤੇ ਤੇਰਾ ਸਰੀਰ[70] ਸੁਆਹ[71] ਦਾ ਅੰਬਾਰ[72] ਹੋ ਜਾਵੇਗਾ।

੪੬੦

ਮਾਲੁ[78] ਜੋਬਨੁ[79] ਛੋਡਿ[80] ਵੈਸੀ[81] ਰਹਿਓ[82] ਪੈਨਣੁ[83] ਖਾਇਆ[84] ॥

Abandoning[80] wealth[78] and youth[79], thou shalt depart[81] and thou shalt be shorn[82] of raiment[83] and food[84].

ਧਨ-ਦੌਲਤ[78] ਤੇ ਜੁਆਨੀ[79] ਨੂੰ ਛੱਡ ਕੇ[80] ਤੂੰ ਤੁਰ ਜਾਵੇਂਗਾ[81] ਅਤੇ ਤੇਰੀ ਪੁਸ਼ਾਕ[83] ਤੇ ਭੋਜਨ[84] ਨਖੁੱਟ ਜਾਸਣ[82] ।

ਨਾਨਕ ਕਮਾਣਾ[85] ਸੰਗਿ[86] ਜੁਲਿਆ[87] ਨਹ ਜਾਇ ਕਿਰਤੁ[88] ਮਿਟਾਇਆ[89] ॥ ੧॥

Nanak, thine actions[85] shall go[87] with[86] thee. The effects of actions[88] cannot be effaced[89].

ਨਾਨਕ, ਤੇਰੇ ਅਮਲ[85] ਤੇਰੇ ਨਾਲ[86] ਜਾਣਗੇ[87] । ਕਰਮਾਂ[88] ਦਾ ਅਸਰ ਮੇਸਿਆ ਨਹੀਂ ਜਾ ਸਕਦਾ[89] ।

ਫਾਥੋਹੁ[90] ਮਿਰਗ[91] ਜਿਵੈ[92] ਪੇਖਿ[93] ਰੈਣਿ[94] ਚੰਦਾਇਣੁ[95] ॥ ਸੂਖਹੁ[96] ਦੂਖ[97] ਭਏ[98] ਨਿਤ[99] ਪਾਪ[100] ਕਮਾਇਣੁ[2] ॥

Lo[93], as[92] a dear[91] is ensnared[90] on a moon-lit[95] night[94], so from pleasure[96] and commission[2] of sins[100] ever[99] results[98] pain[97].

ਵੇਖ[93], ਜਿਸ ਤਰ੍ਹਾਂ[92] ਚੰਦ-ਚਾਨਣੀ[95] ਰਾਤ[94] ਵਿੱਚ ਹਰਨ[91] ਫਸ[90] ਜਾਂਦਾ ਹੈ, ਏਸੇ ਤਰ੍ਹਾਂ ਗੁਨਾਹ[100] ਕਰਨ[2] ਦੇ ਕਾਰਨ ਖ਼ੁਸ਼ੀ[96] ਤੋਂ ਹਮੇਸ਼ਾ[99] ਗ਼ਮੀ[97] ਪੈਦਾ ਹੁੰਦੀ[98] ਹੈ ।

ਪਾਪਾ ਕਮਾਣੇ ਛਡਹਿ[3] ਨਾਹੀ ਲੈ ਚਲੇ[4] ਘਤਿ[5] ਗਲਾਵਿਆ[6] ॥

The sins thou hast committed shall leave[3] thee not. Putting[5] a halter round thy neck[6], they shall goad[4] thee away.

ਤੇਰੇ ਕੀਤੇ ਹੋਏ ਕੁਕਰਮ ਤੇਰਾ ਖਹਿੜਾ ਨਹੀਂ ਛੱਡਣਗੇ[3] । ਤੇਰੀ ਗਰਦਨ[6] ਦੁਆਲੇ ਰੱਸਾ ਪਾ ਕੇ[5] ਉਹ ਤੈਨੂੰ ਅਗੇ ਲਾ[4] ਲੈਣਗੇ ।

ਹਰਿ ਚੰਦਉਰੀ[7] ਦੇਖਿ[8] ਮੂਠਾ[9] ਕੂੜੁ[10] ਸੇਜਾ[12] ਰਾਵਿਆ[13] ॥

Thou art deceived[9] by beholding[8] an optical illusion[7] and on thy couch[12] thou enjoyest[13] but a false lover[10].

ਤੂੰ ਦ੍ਰਿਸ਼ਅਕ[7] ਗ਼ਲਤ-ਫ਼ਹਿਮੀ ਨੂੰ ਵੇਖ ਕੇ[8] ਠੱਗੀ ਹੋਈ[9] ਹੈਂ ਅਤੇ ਆਪਣੇ ਪਲੰਘ[12] ਉਤੇ ਤੂੰ ਝੂਠ-ਰੂਪੀ ਪ੍ਰੀਤਮ[10] ਨੂੰ ਮਾਣ ਰਹੀ[13] ਹੈਂ ।

ਲਬਿ[14] ਲੋਭਿ[15] ਅਹੰਕਾਰਿ[16] ਮਾਤਾ[17] ਗਰਬਿ[18] ਭਇਆ ਸਮਾਇਣੁ[19] ॥

With greed[14], avarice[15] and ego[16], thou art intoxicated[17] and in self-conceit[18] thou art engrossed[19].

ਤਮ੍ਹਾਂ[14], ਲਾਲਚ[15] ਤੇ ਗ਼ਰੂਰ[16] ਨਾਲ ਤੂੰ ਮਤਵਾਲੀ ਹੋਈ ਹੋਈ[17] ਹੈਂ ਅਤੇ ਸ੍ਵੈ-ਹੰਗਤਾ[18] ਅੰਦਰ ਤੂੰ ਗ਼ਲਤਾਨ[19] ਹੈਂ ।

ਨਾਨਕ ਮ੍ਰਿਗ ਅਗਿਆਨਿ[20] ਬਿਨਸੇ[21] ਨਹ ਮਿਟੈ[22] ਆਵਣੁ[23] ਜਾਇਣੁ[24] ॥੨॥

Nanak, like the deer, thou art destroyed[21], through ignorance[20], and cease[22] not Thine comings[23] and goings[24].

ਨਾਨਕ, ਹਰਨ ਦੀ ਤਰ੍ਹਾਂ ਤੂੰ ਬੇਸਮਝੀ[20] ਰਾਹੀਂ ਬਰਬਾਦ ਹੋ ਗਈ[21] ਹੈਂ ਅਤੇ ਤੇਰੇ ਆਉਣੇ[23] ਤੇ ਜਾਣੇ[24] (ਜਨਮ ਮਰਨ) ਨਹੀਂ ਮੁਕਣੇ[22] ।

ਮਿਠੈ[25] ਮਖੁ[26] ਮੁਆ[27] ਕਿਉ[28] ਲਏ ਓਡਾਰੀ[29] ॥

The fly[26] is caught[27] in the sweets[25]. How[28] can it take flight[29] ?

ਮੱਖੀ[26] ਮਿਠਾਸ[25] ਵਿਚ ਫੱਸ ਜਾਂਦੀ[27] ਹੈ । ਇਹ ਕਿਸ ਤਰ੍ਹਾਂ[28] ਪਰਵਾਜ਼[29] ਲੈ (ਉੱਡ) ਸਕਦੀ ਹੈ ।

ਹਸਤੀ[30] ਗਰਤਿ[31] ਪਇਆ[32] ਕਿਉ[33] ਤਰੀਐ ਤਾਰੀ[34] ॥

When the elephant[30] has fallen[32] into a pit[31], how[33] can it escape[34] ?

ਹਾਥੀ[30] ਟੋਏ[31] ਵਿਚ ਡਿੱਗ ਪਿਆ[32] ਹੈ । ਇਹ ਹੁਣ ਕਿਸ ਤਰ੍ਹਾਂ[33] ਬੱਚ ਕੇ ਨਿਕਲ[34] ਸਕਦਾ ਹੈ ?

ਤਰਣੁ[35] ਦੁਹੇਲਾ[36] ਭਇਆ ਖਿਨੁ[37] ਮਹਿ ਖਸਮੁ[38] ਚਿਤਿ[39] ਨ ਆਇਓ ॥

To swim across[35] shall be difficult[36] for her, who remembers[39] not her Spouse[38] even for an instant[37].

ਜਿਹੜੀ ਆਪਣੇ ਕੰਤ[38] ਨੂੰ ਇਕ ਮੁਹਤ[37] ਭਰ ਲਈ ਭੀ ਚੇਤੇ ਨਹੀਂ ਕਰਦੀ[39], ਉਸ ਨੂੰ ਪਾਰ ਲੰਘਣਾ[35] ਔਖਾ[36] ਹੋ ਜਾਵੇਗਾ ।

ਦੂਖਾ[40] ਸਜਾਈ[41] ਗਣਤ[45]

Her sufferings[40], and punishments[41],

ਉਸ ਦੀਆਂ ਤਕਲੀਫ਼ਾਂ[40] ਅਤੇ ਦੰਡ[41] ਗਿਣਤੀ[45] ਰੋਂ

ਨਾਹੀ[42] ਕੀਆ[43] ਅਪਣਾ ਪਾਇਓ[44] ॥

are beyond[42] reckoning[45] and she obtains[44] the fruit of her actions[43].

ਬਾਹਰ[42] ਹਨ, ਉਹ ਆਪਣੇ ਅਮਲਾਂ[43] ਦਾ ਫਲ ਭੋਗਦੀ[44] ਹੈ ।

ਗੁਝਾ[46] ਕਮਾਣਾ[47] ਪ੍ਰਗਟੁ[48] ਹੋਆ ਈਤ[49] ਉਤਹਿ[50] ਖੁਆਰੀ[51] ॥

The hidden[46] deeds[47] are laid bare[48] and she is ruined[51] here[49] and hereafter[50].

ਪੋਸ਼ੀਦਾ[46] (ਲੁਕ ਕੇ ਕੀਤੇ) ਅਮਲ[47] ਉੱਘੜ ਜਾਂਦੇ[48]ਹਨ ਅਤੇ ਉਹ ਏਥੇ[49] ਤੇ ਓਥੇ[50] ਤਬਾਹ[51] ਹੋ ਜਾਂਦੀ ਹੈ ।

ਨਾਨਕ ਸਤਿਗੁਰ ਬਾਝੂ[52] ਮੂਠਾ[53] ਮਨਮੁਖੁ[54] ਅਹੰਕਾਰੀ[55] ॥੩॥

Nanak, without[52] the True Guru, the self-willed[54] egotist[55] is defrauded[53].

ਨਾਨਕ, ਸੱਚੇ ਗੁਰਾਂ ਦੇ ਬਿਨਾ[52],ਆਪ-ਹੁੱਦਰੀ[54],ਹੈਂਕੜ-ਖਾਂ[55] ਠੱਗੀ ਜਾਂਦੀ[53] ਹੈ ।

ਹਰਿ ਕੇ ਦਾਸ[56] ਜੀਵੇ[57] ਲਗਿ[58] ਪ੍ਰਭ ਕੀ ਚਰਣੀ[59]॥

God's slaves[56] live[57] by clinging[58] to Lord's Feet[59].

ਵਾਹਿਗੁਰੂ ਦੇ ਗੋਲੇ[56], ਸੁਆਮੀ ਦੇ ਪੈਰਾਂ[59]ਨਾਲ ਚਿੱਮੜ[58] ਕੇ ਜੀਉਂਦੇ[57] ਹਨ ।

ਕੰਠਿ[60] ਲਗਾਇ[61] ਲੀਏ ਤਿਸੁ[63] ਠਾਕੁਰ[62] ਸਰਣੀ[64]॥

The Lord[62] hugs[61] to His bosom[60] those who seek His[63] protection[64].

ਸਾਹਿਬ[62] ਉਨ੍ਹਾਂ ਨੂੰ ਆਪਣੀ ਛਾਤੀ[60]ਨਾਲ ਲਾ ਲੈਂਦਾ[61] ਹੈ, ਜੋ ਉਸ[63] ਦੀ ਪਨਾਹ[64] ਲੈਂਦੇ ਹਨ ।

ਬਲ[65] ਬੁਧਿ[66] ਗਿਆਨੁ[67] ਧਿਆਨੁ[68] ਅਪਣਾ ਆਪਿ ਨਾਮੁ ਜਪਾਇਆ[69] ॥

God gives them power[65], intellect[66], gnosis[67] and meditation[68], and He Himself makes them repeat[69]His Name.

ਹਰੀ ਉਨ੍ਹਾਂ ਨੂੰ ਤਾਕਤ[65], ਅਕਲ[66], ਬ੍ਰਹਿਮਬੋਧ[67] ਤੇ ਸਿਮਰਨ[68] ਬਖ਼ਸ਼ਦਾ ਹੈ । ਉਹ ਖ਼ੁਦ ਹੀ ਉਨ੍ਹਾਂ ਪਾਸੋਂ ਆਪਣੇ ਨਾਮ ਦਾ ਉਚਾਰਨ[69] ਕਰਵਾਉਂਦਾ ਹੈ ।

ਸਾਧ ਸੰਗਤਿ ਆਪਿ[70] ਹੋਆ ਆਪਿ ਜਗਤੁ[71] ਤਰਾਇਆ[72] ॥

The Lord Himself[70] is the society of saints and He Himself savers[72] the world[71].

ਸੁਆਮੀ ਆਪੇ[70] ਸਤਿ ਸੰਗਤ ਹੈ ਅਤੇ ਖ਼ੁਦ ਹੀ ਸੰਸਾਰ[71] ਦਾ ਪਾਰ ਉਤਾਰਾ ਕਰਦਾ[72] ਹੈ ।

ਰਾਖਿ ਲੀਏ[73] ਰਖਣਹਾਰੈ[74] ਸਦਾ[75] ਨਿਰਮਲ[76]ਕਰਣੀ[77]॥

The Preserver[74] preserves[73] those, whose acts[77] are ever[75] pure[76].

ਰੱਖਣ ਵਾਲਾ[74] ਹਰੀ ਉਨ੍ਹਾਂ ਦੀ ਰੱਖਿਆ ਕਰਦਾ[73] ਹੈ, ਜਿਨ੍ਹਾਂ ਦੇ ਅਮਲ[77] ਹਮੇਸ਼ਾ[75] ਪਵਿੱਤਰ[76] ਹੁੰਦੇ ਹਨ ।

ਨਾਨਕ ਨਰਕਿ[78] ਨ ਜਾਹਿ ਕਬਹੂੰ ਹਰਿ ਸੰਤ ਹਰਿ ਕੀ ਸਰਣੀ[79] ॥੪॥੨॥੧੧॥

Nanak, they never go to hell[78]. God's saints are under God's protection[79].

ਨਾਨਕ, ਉਹ ਕਦੇ ਭੀ ਦੋਜ਼ਕ[78] ਨੂੰ ਨਹੀਂ ਜਾਂਦੇ । ਵਾਹਿਗੁਰੂ ਦੇ ਸਾਧੂ ਵਾਹਿਗੁਰੂ ਦੀ ਪਨਾਹ[79] ਵਿੱਚ ਹਨ ।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ ।

ਵੰਞੂ[80] ਮੇਰੇ ਆਲਸਾ[81] ਹਰਿ ਪਾਸਿ[82] ਬੇਨੰਤੀ[33] ॥

Get away[80], O my sloth[81], that I may pray[83] to[82] my Lord.

ਪਰੇ ਹੱਟ ਜਾ[80], ਹੇ ਮੇਰੀ ਸੁਸਤੀਏ[81] ! ਤਾਂ ਜੋ ਮੈਂ ਆਪਣੇ ਪ੍ਰਭੂ ਕੋਲ[82] ਪ੍ਰਾਰਥਨਾ[83] ਕਰਾਂ ।

ਰਾਵਉ[84] ਸਹੁ[85] ਆਪਨੜਾ ਪ੍ਰਭ ਸੰਗਿ[86] ਸੋਹੰਤੀ[87] ॥

I enjoy[84] my spouse[85] and look beauteous[87] in Lord's company[86].

ਮੈਂ ਆਪਣੇ ਹਰੀ-ਕੰਤ[85] ਨੂੰ ਮਾਣਦੀ[84] ਹਾਂ ਅਤੇ ਸੁਆਮੀ ਦੀ ਸੰਗਤ[86] ਵਿਚ ਸੁਹਣੀ[87] ਲਗਦੀ ਹਾਂ ।

ਸੰਗੇ ਸੋਹੰਤੀ ਕੰਤ[88] ਸੁਆਮੀ ਦਿਨਸੁ[89] ਰੈਣੀ[90] ਰਾਵੀਐ ॥

Beauteous I look in the company of my Groom[88], the Lord, and day[89] and night[90] I enjoy Him.

ਸੁਹਣੀ ਮੈਂ ਲਗਦੀ ਹਾਂ ਆਪਣੇ ਪਤੀ[88] ਪਰਮੇਸ਼ਰ ਨਾਲ ਅਤੇ ਦਿਨ[89] ਰਾਤ[90] ਮੈਂ ਉਸ ਨੂੰ ਮਾਣਦੀ ਹਾਂ ।

ਸਾਸਿ ਸਾਸਿ[91] ਚਿਤਾਰਿ[92] ਜੀਵਾ[93] ਪ੍ਰਭੁ[94] ਪੇਖਿ[95]ਹਰਿ[96] ਗੁਣ[97] ਗਾਵੀਐ[98] ॥

I live[93] by remembering[92] the Lord[94] with every breath[91], and by seeing[95] God[96] and singing[98] His Praise[97].

ਹਰ ਸੁਆਸ[91] ਨਾਲ ਸੁਆਮੀ[94] ਨੂੰ ਸਿਮਰਨ[92], ਵਾਹਿਗੁਰੂ[96] ਨੂੰ ਵੇਖਣ[95] ਅਤੇ ਉਸ ਦਾ ਜੱਸ[97] ਗਾਉਣ[98] ਦੁਆਰਾ ਮੈਂ ਜੀਉਂਦੀ[93] ਹਾਂ ।

ਬਿਰਹਾ[99] ਲਜਾਇਆ[100]

Separation[99] feels shy[100], for I have

ਵਿਛੋੜਾ[99] ਸ਼ਰਮ[100] ਕਰਦਾ ਹੈ, ਕਿਉਂਕਿ ਮੈਂ ਆਪਣੇ

ਦਰਸੁ[2] ਪਾਇਆ ਅਮਿਉ[3] ਦ੍ਰਿਸਟਿ[4] ਸਿੰਚੰਤੀ[5] ॥	seen my spouse's sight[2] and His ambrosial[3] look[4] has irrigated[5] me.	ਪਤੀ ਦਾ ਦੀਦਾਰ[2] ਵੇਖ ਲਿਆ ਹੈ। ਉਸ ਦੀ ਅੰਮ੍ਰਿਤ-ਮਈ[3] ਨਿਗ੍ਹਾ[4] ਨੇ ਮੈਨੂੰ ਤਰੋ ਤਰ ਕਰ ਦਿੱਤਾ[5] ਹੈ।
ਬਿਨਵੰਤਿ[6] ਨਾਨਕੁ ਮੇਰੀ ਇਛ[7] ਪੁੰਨੀ[8] ਮਿਲੇ ਜਿਸੁ[9] ਖੋਜੰਤੀ[10] ॥੧੦॥	Prays[6] Nanak, my desire[7] is fulfilled[8], for I have met Him, whom[9] I was looking for[10].	ਨਾਨਕ ਬਿਨੇ ਕਰਦਾ[6] ਹੈ, ਮੇਰੀ ਖ਼ਾਹਿਸ਼[7] ਪੂਰੀ ਹੋ ਗਈ[8] ਹੈ, ਕਿਉਂ ਜੋ ਮੈਂ ਉਸ ਨੂੰ ਮਿਲ ਪਿਆ ਹਾਂ, ਜਿਸ ਨੂੰ[9] ਮੈਂ ਢੂੰਡਦਾ[10] ਸੀ।
ਨਸਿ ਵੰਞਹੁ[12] ਕਿਲਵਿਖਹੁ[13] ਕਰਤਾ[14] ਘਰਿ[15] ਆਇਆ॥	Run away[12] O ye sins[13] as my Creator[14]has visited my home[15](heart).	ਦੌੜ ਜਾਓ[12], ਤੁਸੀਂ ਹੇ ਪਾਪੋ[13] ! ਮੇਰਾ ਸਿਰਜਣਹਾਰ[14] ਮੇਰੇ ਹਿਰਦੇ[15] ਵਿਚ ਆਇਆ ਹੈ।
ਦੂਤਹ[16] ਦਹਨੁ[17] ਭਇਆ [18]ਗੋਵਿੰਦੁ[19] ਪ੍ਰਗਟਾਇਆ[20]॥	The demons[16] within me are burnt[17] as the Lord[19] of the world[18] is revealed[20] to me.	ਮੇਰੇ ਅੰਦਰ ਦੇ ਭੂਤਨੇ[16] ਸੜ ਗਏ[17] ਹਨ। ਸ੍ਰਿਸ਼ਟੀ[18] ਦਾ ਸੁਆਮੀ[19] ਮੇਰੇ ਤੇ ਪ੍ਰਤੱਖ[20] ਹੋ ਗਿਆ ਹੈ।
ਪ੍ਰਗਟੇ [21]ਗੁਪਾਲ[22] ਗੋਬਿੰਦ[23] ਲਾਲਨ[24] ਸਾਧ ਸੰਗਿ ਵਖਾਣਿਆ[25] ॥	Manifest unto me is the Beloved[24] Lord[23], the World[21] Cherisher[22] and in the society of saints I repeat[25] His Name.	ਪ੍ਰਤੱਖ ਹੈ ਮੇਰੇ ਉਤੇ ਸ੍ਰਿਸ਼ਟੀ[21] ਨੂੰ ਪਾਲਣ-ਪੋਸਣ ਵਾਲਾ[22] ਪ੍ਰੀਤਮ[24] ਸੁਆਮੀ[23] ਅਤੇ ਸਤਿ ਸੰਗਤ ਅੰਦਰ ਮੈਂ ਉਸ ਦੇ ਨਾਮ ਦਾ ਉਚਾਰਨ ਕਰਦਾ[25] ਹਾਂ।
ਆਚਰਜੁ[26] ਡੀਠਾ[27]ਅਮਿਉ[28] ਵੂਠਾ[29] ਗੁਰ ਪ੍ਰਸਾਦੀ[30] ਜਾਣਿਆ ॥	I have seen[27] the wondrous Lord[26], He sprinkles[29] Nectar[28] on me and by Guru's grace[30] I have known Him.	ਮੈਂ ਅਦਭੁਤ ਸੁਆਮੀ[26] ਨੂੰ ਵੇਖ ਲਿਆ[27] ਹੈ। ਉਹ ਮੇਰੇ ਉੱਤੇ ਅੰਮ੍ਰਿਤ[28] ਛਿੜਕਦਾ[29] ਹੈ। ਗੁਰਾਂ ਦੀ ਦਇਆ[30] ਦੁਆਰਾ ਮੈਂ ਉਸ ਨੂੰ ਜਾਣ ਲਿਆ ਹੈ।
ਮਨਿ[31] ਸਾਂਤਿ[32] ਆਈ ਵਜੀ ਵਧਾਈ[33] ਨਹ ਅੰਤੁ[34] ਜਾਈ ਪਾਇਆ ॥	My soul[31] is pacified[32] and overjoyed[33]. Lord's limit[34] cannot be found.	ਮੇਰੀ ਆਤਮਾ[31] ਠੰਡੀ, ਸਿੱਲ੍ਹੀ[32] ਤੇ ਪਰਮ ਅਨੰਦਤ[33] ਹੋ ਗਈ ਹੈ। ਸਾਹਿਬ ਦਾ ਓੜਕ[34] ਪਾਇਆ ਨਹੀਂ ਜਾ ਸਕਦਾ।
ਬਿਨਵੰਤਿ ਨਾਨਕ ਸੁਖ[35] ਸਹਜਿ[36] ਮੇਲਾ[37] ਪ੍ਰਭੁ ਆਪਿ[38] ਬਣਾਇਆ[39] ॥੨॥	Says Nanak, the man's union[37] with the Lord, in peace[35] and poise[36], is effected[39] by the Lord.	ਗੁਰੂ ਜੀ ਫ਼ੁਰਮਾਉਂਦੇ ਹਨ, ਸੁੱਖ[35] ਅਤੇ ਅਡੋਲਤਾ[36] ਅੰਦਰ ਇਨਸਾਨ ਦਾ ਸੁਆਮੀ ਨਾਲ ਮਿਲਾਪ[37], ਸੁਆਮੀ ਖ਼ੁਦ[38] ਹੀ ਰਚਦਾ[39] ਹੈ।
ਨਰਕ[40] ਨ ਡੀਠੜਿਆ[41] ਸਿਮਰਤ[42] ਨਾਰਾਇਣ[43] ॥	Man sees[41] not the hell[40], by meditating[42] on the Pervading God[43].	ਵਿਆਪਕ ਵਾਹਿਗੁਰੂ[43] ਦਾ ਭਜਨ ਕਰਨ ਦੁਆਰਾ[42] ਆਦਮੀ ਦੋਜ਼ਕ[40] ਨੂੰ ਨਹੀਂ ਦੇਖਦਾ[41] (ਜਾਂਦਾ)।
ਜੈ ਜੈ[44] ਧਰਮੁ[45] ਕਰੇ ਦੂਤ[46] ਭਏ ਪਲਾਇਣ[47] ॥	The Righteous Judge[45] hails[44] them and the Death's Courirs[46] flee[47] away.	ਧਰਮ ਰਾਜਾ[45] ਉਨ੍ਹਾਂ ਨੂੰ 'ਜੀ ਆਇਆਂ[44]' ਆਖਦਾ ਹੈ ਅਤੇ ਮੌਤ ਦੇ ਫ਼ਰੇਸ਼ਤੇ[46] ਦੌੜ[47] ਜਾਂਦੇ ਹਨ।
ਧਰਮ[48] ਧੀਰਜ[49] ਸਹਜ[50] ਸੁਖੀਏ[51] ਸਾਧ ਸੰਗਤਿ ਹਰਿ ਭਜੇ[52] ॥	By pondering over[52] God, in the saints' guild, man attains faith[48], patience[49], poise[50] and peace[51].	ਸਤਿ ਸੰਗਤ ਅੰਦਰ ਵਾਹਿਗੁਰੂ ਦਾ ਸਿਮਰਨ ਕਰਨ ਦੁਆਰਾ[52] ਆਦਮੀ ਈਮਾਨ[48], ਸਹਿਨ ਸ਼ਕਤੀ[49], ਅਡੋਲਤਾ[50] ਤੇ ਆਰਾਮ[51] ਪਾ ਲੈਂਦਾ ਹੈ।
ਕਰਿ[53] ਅਨੁਗ੍ਰਹੁ[54] ਰਾਖਿ[55] ਲੀਨੇ ਮੋਹ[56] ਮਮਤਾ[57] ਸਭ ਤਜੇ[58] ॥	Showering[53] His benediction[54], the Lord has delivered[55] those who have abandoned[58] all the worldly-love[56] and self-hood[57].	ਆਪਣੀ ਰਹਿਮਤ[54] ਧਾਰ ਕੇ[53], ਸੁਆਮੀ ਨੇ ਉਨ੍ਹਾਂ ਨੂੰ ਤਾਰ ਦਿੱਤਾ[55] ਹੈ, ਜਿਨ੍ਹਾਂ ਨੇ ਸਮੂਹ ਸੰਸਾਰੀ ਲਗਨ[56] ਤੇ ਅਪਣਤ[57] ਨੂੰ ਛੱਡ ਦਿੱਤਾ[58] ਹੈ।

ਗਹਿ ਕੰਠਿ[59] ਲਾਏ ਗੁਰਿ ਮਿਲਾਏ[60] ਗੋਵਿੰਦ[61] ਜਪਤ[62] ਅਘਾਇਣ[63] ॥

The Guru unites[60] them with the Lord. He hugs them to His bosom[59]. Contemplating[62] on their Lord[61] they are sated[63].

ਗੁਰੂ ਉਨ੍ਹਾਂ ਨੂੰ ਸਾਈਂ ਨਾਲ ਮਿਲਾ ਦਿੰਦਾ[60] ਹੈ। ਉਹ ਉਨ੍ਹਾਂ ਨੂੰ ਆਪਣੀ ਛਾਤੀ[59] ਨਾਲ ਲਾ ਲੈਂਦਾ ਹੈ। ਸੁਆਮੀ[61] ਨੂੰ ਸਿਮਰ[62] ਕੇ ਉਹ ਰੱਜ[63] ਜਾਂਦੇ ਹਨ।

੪੬੧

ਬਿਨਵੰਤਿ ਨਾਨਕ ਸਿਮਰਿ[64] ਸੁਆਮੀ ਸਗਲ[65] ਆਸ[66] ਪੁਜਾਇਣ[67] ॥੩॥

Supplicates Nanak, by remembering[64] the Lord, all[65] the hopes[66] are realised[67].

ਨਾਨਕ ਬਿਨੈ ਕਰਦਾ ਹੈ, ਪ੍ਰਭੂ ਦਾ ਆਰਾਧਨ ਕਰਨ ਦੁਆਰਾ[64] ਸਮੂਹ[65] ਆਸਾਂ ਉਮੈਦਾਂ[66] ਪੂਰੀਆਂ ਹੋ ਜਾਂਦੀਆਂ[67] ਹਨ।

ਨਿਧਿ[68] ਸਿਧਿ[69] ਚਰਣ[70] ਗਹੇ[71] ਤਾ[72] ਕੇਹਾ[73] ਕਾੜਾ[74] ॥

If I grasp[71], Lord's Feet[70], the treasure[68] of miracles[69], what[73] sufferings[74] can, then[72], befall me ?

ਜੇਕਰ ਮੈਂ ਕਰਾਮਾਤਾਂ[69] ਦੇ ਖਜਾਨੇ[68], ਪ੍ਰਭੂ, ਦੇ ਪੈਰ[70] ਪਕੜ[71] ਲਵਾਂ, ਤਦ[72], ਮੈਨੂੰ ਕਿਹੜੀਆਂ[73] ਤਕਲੀਫ਼ਾਂ[74] ਵਾਪਰ ਸਕਦੀਆਂ ਹਨ ?

ਸਭੁ[79] ਕਿਛੁ ਵਸਿ[75] ਜਿਸੈ[76] ਸੋ[77] ਪ੍ਰਭੁ ਅਸਾੜਾ[78] ॥

He[77] alone[79], in whose[76] power[75] are all the things[74], is my[78] Lord.

ਜਿਸ[76] ਦੇ ਅਖ਼ਤਿਆਰ[75] ਵਿੱਚ ਸਾਰੀਆਂ ਚੀਜ਼ਾਂ[79] ਹਨ, ਕੇਵਲ ਓਹੀ[77] ਮੇਰਾ[78] ਸੁਆਮੀ ਹੈ।

ਗਹਿ[80] ਭੁਜਾ[81] ਲੀਨੇ[79] ਨਾਮ ਦੀਨੇ[82] ਕਰੁ[83] ਧਾਰਿ[84] ਮਸਤਕਿ[85] ਰਾਖਿਆ[86] ॥

Holding[80] me by the arm[81], the Lord has blessed[82] me with His Name and, placing[84] His hand[83] on my frontal[85], He has saved[86] me.

ਮੈਨੂੰ ਬਾਹੋਂ[81] ਪਕੜ ਕੇ[80] ਪ੍ਰਭੂ ਨੇ ਆਪਣਾ ਨਾਮ ਬਖ਼ਸ਼ਿਆ[82] ਹੈ ਅਤੇ ਮੇਰੇ ਮੱਥੇ[85] ਉਤੇ ਆਪਣਾ ਹੱਥ[83] ਰਖ ਕੇ[84] ਮੇਰੀ ਰੱਖਿਆ ਕੀਤੀ[86] ਹੈ।

ਸੰਸਾਰ[87] ਸਾਗਰੁ[88] ਨਹ ਵਿਆਪੈ[89] ਅਮਿਉ[90] ਹਰਿ ਰਸੁ[91] ਚਾਖਿਆ[92] ॥

The world[87]-ocean[88] affects[89] me not, for I have quaffed[92] the immortalising[90] elixir[91] of God.

ਜਗਤ[87] ਸਮੁੰਦਰ[88] ਮੇਰੇ ਉਤੇ ਅਸਰ[89] ਨਹੀਂ ਕਰਦਾ, ਕਿਉਂਕਿ ਮੈਂ ਅਮਰ ਕਰ ਦੇਣ ਵਾਲਾ[90] ਵਾਹਿਗੁਰੂ ਦਾ ਅੰਮ੍ਰਿਤ[91] ਪਾਨ ਕੀਤਾ[92] ਹੈ।

ਸਾਧ ਸੰਗੇ ਨਾਮ ਰੰਗੇ[93] ਰਣੁ[94] ਜੀਤਿ[95] ਵਡਾ[96] ਅਖਾੜਾ[97] ॥

Through the saints' congregation and the Name's love[93], I have won[95] the great[96] contest[94] of the world battle-field[97].

ਸਤਿ ਸੰਗਤ ਅਤੇ ਨਾਮ ਦੀ ਪ੍ਰੀਤ[93] ਰਾਹੀਂ ਮੈਂ ਸੰਸਾਰ ਦੇ ਮੈਦਾਨੇ-ਜੰਗ[97] ਦੀ ਵੱਡੀ[96] ਲੜਾਈ[94] ਜਿੱਤ ਲਈ[95] ਹੈ।

ਬਿਨਵੰਤਿ ਨਾਨਕ ਸਰਣਿ[98] ਸੁਆਮੀ ਬਹੁੜਿ[99] ਜਮਿ[100] ਨ ਉਪਾੜਾ[2] ॥੪॥੩॥੧੨॥

Prays Nanak, when I am under the Lord's protection[98], death's myrmidon[100] shall destroy[2] me not again[99].

ਨਾਨਕ ਜੋਦੜੀ ਕਰਦਾ ਹੈ, ਸਾਹਿਬ ਦੀ ਪਨਾਹ[98] ਲੈਣ ਕਰਕੇ, ਮੌਤ ਦਾ ਫ਼ਰੇਸ਼ਤਾ[100], ਮੁੜ ਕੇ[99] ਮੈਨੂੰ ਨਹੀਂ ਮਾਰੇ ਜਾਂ ਉਖੇੜੇਗਾ[2]।

ਆਸਾ ਮਹਲਾ ੫ ॥

Asa 5th Guru.

ਆਸਾ ਪੰਜਵੀਂ ਪਾਤਸ਼ਾਹੀ।

ਦਿਨੁ ਰਾਤਿ ਕਮਾਇਅੜੋ[13] ਸੋ[14] ਆਇਓ ਮਾਥੈ[15] ॥

What man does[13], by day and night, that[14] is recorded on his forehead[15].

ਦਿਨੇ ਤੇ ਰੈਣ ਵਿੱਚ ਜਿਹੜਾ ਕੁੱਛ ਆਦਮੀ ਕਰਦਾ[13] ਹੈ, ਉਹ[14] ਉਸ ਦੇ ਮੱਥੇ[15] ਉਤੇ ਲਿਖਿਆ ਜਾਂਦਾ ਹੈ।

ਜਿਸੁ ਪਾਸਿ[16] ਲੁਕਾਇਦੜੋ[17] ਸੋ[18] ਵੇਖੀ[19] ਸਾਥੈ[20] ॥

He[18], from[16] whom he conceals[17] it, is with[20] him and sees[19] his acts.

ਜਿਸ ਕੋਲੋਂ[16] ਉਹ ਛਪਾਉਂਦਾ[17] ਹੈ, ਉਹ[18] ਉਸ ਦੇ ਨਾਲ[20] ਹੈ ਅਤੇ ਉਸ ਦੇ ਅਮਲਾਂ ਨੂੰ ਦੇਖਦਾ[19] ਹੈ।

ਸੰਗਿ[21] ਦੇਖੈ ਕਰਣਹਾਰਾ[22]

The Creator[22] is with[21] him and

ਸਿਰਜਨਹਾਰ[22] ਉਸ ਦੇ ਅੰਗ ਸੰਗ[21] ਹੈ ਤੇ ਉਸ ਦੇ ਕਰਮਾਂ

ਕਾਇ[23] ਪਾਪੁ[25]ਕਮਾਈਐ[24]॥	watches his deeds. So why[23] should he commit[24] sins[25] ?	ਨੂੰ ਤੱਕਦਾ ਹੈ । ਫੇਰ, ਉਹ ਕਿਉਂ[23] ਗੁਨਾਹ[25] ਕਰਦਾ[24] ਹੈ ?
[26]ਸੁਕ੍ਰਿਤੁ[27] ਕੀਜੈ[28] ਨਾਮੁ ਲੀਜੈ[29] ਨਰਕਿ[30] ਮੂਲਿ[31] ਨ ਜਾਈਐ ॥	Do[28] virtuous[26] deeds[27], repeat[29] the Name and thou shalt not, ever[31], go to hell[30].	ਨੇਕ[26] ਅਮਲ[27] ਕਮਾ[28]; ਨਾਮ ਦਾ ਉਚਾਰਨ[29]ਕਰ ਅਤੇ ਤੂੰ ਕਦੇ[31] ਭੀ ਦੋਜ਼ਕ[30] ਨੂੰ ਨਹੀਂ ਜਾਵੇਂਗਾ ।
ਆਠ ਪਹਰ[32] ਹਰਿ ਨਾਮੁ ਸਿਮਰਹੁ[33] ਚਲੈ[34] ਤੇਰੈ ਸਾਥੇ[35] ॥	During the eight watches[32] of the day, remember[33] thou God's Name, and it shall go[34] with[35] thee.	ਦਿਨ ਦੇ ਅੱਠੇ ਪਹਿਰ[32] ਤੂੰ ਰੱਬ ਦੇ ਨਾਮ ਦਾ ਚਿੰਤਨ[33] ਕਰ; ਇਹ ਤੇਰੇ ਨਾਲ[35] ਜਾਵੇਗਾ[34] ।
ਭਜੁ[36] ਸਾਧ ਸੰਗਤਿ ਸਦਾ[37] ਨਾਨਕ ਮਿਟਹਿ[38] ਦੋਖ[39] ਕਮਾਤੇ[40] ॥੧॥	Ever[37] meditate[36] on the Lord, in the guild of saints, O Nanak, and the sins[39] committed[40] by thee, shall be effaced[38].	ਸਤਿ ਸੰਗਤ ਅੰਦਰ ਸਦੀਵ[37]ਹੀ ਸੁਆਮੀ ਦਾ ਸਿਮਰਨ[36] ਕਰ, ਹੇ ਨਾਨਕ ! ਅਤੇ ਤੇਰੇ ਕੀਤੇ ਹੋਏ[40] ਪਾਪ[39] ਮਿੱਟ ਜਾਣਗੇ[38] ।
ਵਲਵੰਚ[41] ਕਰਿ[42] ਉਦਰੁ[43] ਭਰਹਿ[46] ਮੂਰਖ[44]ਗਾਵਾਰਾ[45]॥	By practising[42] deceit[41], thou fillest[46] thy belly[43], O ignorant[45] fool[44].	ਵਲਛਲ[41] ਕਰਕੇ[42] ਤੂੰ ਆਪਣਾ ਢਿੱਡ[43] ਭਰਦਾ[46] ਹੈਂ ਬੇਸਮਝ[45], ਬੇਵਕੂਫ[44] !
ਸਭੁ ਕਿਛੁ ਦੇ ਰਹਿਆ ਹਰਿ ਦੇਵਣਹਾਰਾ[47] ॥	God, the Giver[47], continuesly gives thee everything.	ਵਾਹਿਗੁਰੂ, ਦਾਤਾਰ[47], ਤੈਨੂੰ ਸਾਰਾ ਕੁੱਝ ਦੇਈ ਜਾ ਰਿਹਾ ਹੈ ।
ਦਾਤਾਰੁ[48] ਸਦਾ[49] ਦਇਆਲੁ[50] ਸੁਆਮੀ ਕਾਇ[51] ਮਨਹੁ[52] ਵਿਸਾਰੀਐ[53] ॥	The Beneficient[48] Lord is ever[49] merciful[50]. Why[51] should we forget[53] Him from our mind[52] ?	ਸਖੀ[48], ਪ੍ਰਭੂ ਹਮੇਸ਼ਾ[49] ਹੀ ਮਿਹਰਬਾਨ[50] ਹੈ । ਅਸੀਂ ਆਪਣੇ ਚਿੱਤੋਂ[52] ਕਿਉਂ[51] ਉਸ ਨੂੰ ਭੁਲਾਈਏ[53] ?
ਮਿਲੁ[54] ਸਾਧ ਸੰਗੇ ਭਜੁ[55] ਨਿਸੰਗੇ[56] ਕੁਲ[57] ਸਮੂਹਾ[58] ਤਾਰੀਐ[59] ॥	Join[54] the society of saints, dauntlessly[56] dwell upon[55] the Lord, and thus shall save[59] thine entire[58] lineage[57].	ਸਤਿ ਸੰਗਤ ਨਾਲ ਜੁੜ[54]ਅਤੇ ਨਿੰਧੜਕ[56] ਹੋ ਸਾਹਿਬ ਦਾ ਸਿਮਰਨ[55] ਕਰ । ਇਸ ਤਰ੍ਹਾਂ ਤੂੰ ਆਪਣੀ ਸਾਰੀ[58] ਵੰਸ[57] ਨੂੰ ਬਚਾ ਲਵੇਂਗਾ[59] ।
ਸਿਧ[60] ਸਾਧਿਕ[61] ਦੇਵ[62] ਮੁਨਿ ਜਨ[63] ਭਗਤ[64] ਨਾਮੁ ਅਧਾਰਾ[65] ॥	The Name is the support[65] of the perfect persons[60], strivers[61], gods[62], silent sages[63] and devotees[64].	ਨਾਮ ਹੀ ਪੂਰਨ ਪੁਰਸ਼ਾਂ[60] ਅਭਿਆਸੀਆਂ[61], ਦੇਵਤਿਆਂ[62], ਖਾਮੋਸ਼ ਰਿਸ਼ੀਆਂ[63] ਅਤੇ ਸ਼ਰਧਾਲੂਆਂ[64] ਦਾ ਆਸਰਾ[65] ਹੈ ।
ਬਿਨਵੰਤਿ ਨਾਨਕ ਸਦਾ[66] ਭਜੀਐ[67] ਪ੍ਰਭੁ ਏਕੁ[68] ਕਰਣੈਹਾਰਾ[69] ॥੨॥	Prays Nanak, ever[66] meditate[67] thou on Lord, the sole[68] Creator[69].	ਨਾਨਕ ਬੇਨਤੀ ਕਰਦਾ ਹੈ : ਤੂੰ ਸਦੀਵ[66] ਹੀ ਸੁਆਮੀ, ਅਦੁੱਤੀ[68] ਸਿਰਜਣਹਾਰ[69] ਦਾ ਸਿਮਰਨ[67] ਕਰ ।
ਖੋਟੁ[70] ਨ ਕੀਚਈ[71] ਪ੍ਰਭੁ ਪਰਖਣਹਾਰਾ[72] ॥	Practise[71] not deception[70], as the Lord is the Assayer[72] of all.	ਛਲ ਫ਼ਰੇਬ[70] ਨਾ ਕਰ[71] । ਸੁਆਮੀ ਸਾਰਿਆਂ ਦੀ ਜਾਂਚ-ਪੜਤਾਲ ਕਰਨ ਵਾਲਾ[72] ਹੈ ।
ਕੂੜੁ[73] ਕਪਟੁ[74] ਕਮਾਵਦੜੇ[75] ਜਨਮਹਿ[76] ਸੰਸਾਰਾ[77] ॥	They who practise[75] falsehood[73] and deceit[74], are born[76], again, in this world[77].	ਜੋ ਝੂਠ[73] ਅਤੇ ਠੱਗੀਠੋਰੀ[74] ਦੀ ਕਿਰਤ[75] ਕਰਦੇ ਹਨ ਉਹ ਇਸ ਜਗਤ[77] ਅੰਦਰ ਫੇਰ ਜਨਮ ਧਾਰਦੇ[76] ਹਨ ।
ਸੰਸਾਰੁ[78] ਸਾਗਰੁ[79] ਤਿਨ੍ਹੀ[80]	They[80] alone, who[82] deliberate[83] over	ਕੇਵਲ ਓਹੀ[80]ਜਗਤ[78] ਸਮੁੰਦਰ[79] ਤੋਂ ਪਾਰ ਹੁੰਦੇ[81] ਹਨ,

ਤਰਿਆ[81] ਜਿਨ੍ਹੀ[82] ਏਕੁ ਧਿਆਇਆ[83] ॥	the one Lord, cross[81] the world[78]-ocean[79].	ਜੋ[82] ਇੱਕ ਸਾਹਿਬ ਦਾ ਸਿਮਰਨ[83] ਕਰਦੇ ਹਨ ।
ਤਜਿ[84] ਕਾਮੁ[85] ਕ੍ਰੋਧੁ[86] ਅਨਿੰਦ[87] ਨਿੰਦਾ[88] ਪ੍ਰਭ ਸਰਣਾਈ[89] ਆਇਆ[90] ॥	They abandon[84] lust[85], wrath[86], flattery[87] and slander[88] and enter[90] the sanctuary[89] of the Lord.	ਉਹ ਵਿਸ਼ੇ ਭੋਗ[85], ਗੁੱਸਾ[86] ਖੁਸ਼ਾਮਦ[87] ਅਤੇ ਨਿੰਦਾ ਨੂੰ ਛੱਡ ਦਿੰਦੇ[84] ਹਨ ਤੇ ਸਾਹਿਬ ਦੀ ਸ਼ਰਣ ਲੈਂਦੇ[89] ਹਨ ।
ਜਲਿ[91] ਥਲਿ[92] ਮਹੀਅਲਿ[93] ਰਵਿਆ[94] ਸੁਆਮੀ ਊਚ[95] ਅਗਮ[96] ਅਪਾਰਾ[97] ॥	The lofty[95], inaccessible[96] and infinite[97] Lord is pervading[94] the sea[91], the land[92] and the sky[93].	ਬੁਲੰਦ[95], ਅਪਹੁੰਚ[96] ਅਤੇ ਬੇਅੰਤ[97] ਪ੍ਰਭੂ ਸਮੁੰਦਰ[91], ਧਰਤੀ[92] ਅਤੇ ਆਕਾਸ਼[93] ਵਿੱਚ ਵਿਆਪਕ[94] ਹੋ ਰਿਹਾ ਹੈ ।
ਬਿਨਵੰਤਿ ਨਾਨਕ ਟੇਕ[98] ਜਨਕੀ[99] ਚਰਣ[100] ਕਮਲ[2] ਅਧਾਰਾ[3] ॥੩॥	Supplicates Nanak, God is the support[98] of His slaves[99] and His lotus[2]-feet[100] are their sustenance[3].	ਨਾਨਕ ਬੇਨਤੀ ਕਰਦਾ ਹੈ ਕਿ ਵਾਹਿਗੁਰੂ ਆਪਣੇ ਗੋਲਿਆਂ[99] ਦਾ ਆਸਰਾ[98] ਹੈ ਅਤੇ ਉਸ ਦੇ ਕੰਵਲ[2] ਚਰਨ[100] ਉਹਨਾਂ ਦਾ ਅਹਾਰ[3] ਹਨ ।
ਪੇਖੁ[4] ਹਰਿ ਚੰਦਉਰੜੀ[5] ਅਸਥਿਰੁ[6] ਕਿਛੁ ਨਾਹੀ ॥	Lo[4], the world is phantom-city[5] (mirage) and nothing is ever stable[6].	ਵੇਖ[4] ! ਸੰਸਾਰ ਇਕ ਗੰਧਰਬ ਨਗਰੀ[5] ਹੈ, ਕੋਈ ਸ਼ੈ ਭੀ ਸਦੀਵੀ ਸਥਿਰ[6] ਨਹੀਂ ।
ਮਾਇਆ[7] ਰੰਗ[8] ਜੇਤੇ[9] ਸੇ[10] ਸੰਗਿ[12] ਨ ਜਾਹੀ[13] ॥	The revelments[8] of the world[7] that there are[9], they[10] go[13] not with[12] the mortal.	ਦੁਨੀਆਂ[7] ਦੀਆਂ ਰੰਗ-ਰਲੀਆਂ[8], ਜਿੰਨੀਆਂ ਭੀ ਉਹ ਹਨ[9], ਉਹ[10] ਪ੍ਰਾਣੀ ਦੇ ਨਾਲ[12] ਨਹੀਂ ਜਾਂਦੀਆਂ[13] ।
ਹਰਿ ਸੰਗਿ[14] ਸਾਥੀ[15] ਸਦਾ ਤੇਰੈ ਦਿਨਸੁ ਰੈਣਿ ਸਮਾਲੀਐ[16] ॥	God, Thy companion[15] is ever with[14] thee. Remember[16] Him day and night.	ਤੇਰਾ ਹਮਜੋਲੀ[15] ਵਾਹਿਗੁਰੂ ਹਮੇਸ਼ਾ ਤੇਰੇ ਨਾਲ[14] ਹੈ । ਦਿਹੁੰ ਤੇ ਰੈਣ ਉਸ ਦਾ ਸਿਮਰਨ[16] ਕਰ ।
ਹਰਿ ਏਕ ਬਿਨੁ[17] ਕਛੁ ਅਵਰੁ ਨਾਹੀ ਭਾਉ[18] ਦੁਤੀਆ[19] ਜਾਲੀਐ[20] ॥	Without[17] one God, there is not any other. Burn[20] thou the love[18] of another[19].	ਵਾਹਿਗੁਰੂ ਦੇ ਬਗੈਰ[17] ਹੋਰ ਕੋਈ ਨਹੀਂ । ਤੂੰ ਹੋਰਸ[19] ਦੀ ਪ੍ਰੀਤ[18] ਨੂੰ ਸਾੜ ਸੁੱਟ[20] ।
ਮੀਤੁ[21] ਜੋਬਨੁ[22] ਮਾਲੁ[23] ਸਰਬਸੁ[24] ਪ੍ਰਭੁ ਏਕੁ[25] ਕਰਿ[26] ਮਨ[27] ਮਾਹੀ[28] ॥	Deem[26] in[28] thy mind[27], that the Lord alone[25] is thy friend[21], thy youth[22], thy wealth[23] and thine all[24].	ਆਪਣੇ ਚਿੱਤ[27] ਅੰਦਰ[28] ਜਾਣ[26] ਲੈ ਕਿ ਕੇਵਲ[25] ਸੁਆਮੀ ਹੀ ਤੇਰਾ ਮਿੱਤ੍ਰ[21], ਤੇਰੀ ਜੁਆਨੀ[22], ਤੇਰੀ ਦੌਲਤ[23] ਅਤੇ ਤੇਰਾ ਸਭ ਕਿੱਛ[24] ਹੈ ।
ਬਿਨਵੰਤਿ[29] ਨਾਨਕੁ [30]ਵਡਭਾਗਿ[31] ਪਾਈਐ[32] ਸੂਖਿ[33] ਸਹਜਿ[34] ਸਮਾਹੀ[35] ॥ ੪॥੪॥੧੩॥	Prays[29] Nanak, through the greatest[30] good fortune[31], he who obtains[32] God, merges[35] into pleasure[33] and peace[34].	ਨਾਨਕ ਬੇਨਤੀ ਕਰਦਾ[29] ਹੈ; ਪਰਮ[30] ਚੰਗੇ ਨਸੀਬਾਂ[31] ਰਾਹੀਂ ਜੋ ਵਾਹਿਗੁਰੂ ਨੂੰ ਪਾ ਲੈਂਦਾ[32] ਹੈ ਉਹ ਅਨੰਦ[33] ਅਤੇ ਆਰਾਮ[34] ਅੰਦਰ ਲੀਨ ਹੋ ਜਾਂਦਾ[35] ਹੈ ।
ਆਸਾ ਮਹਲਾ ੫	Asa 5th Guru.	ਆਸਾ ਪੰਜਵੀਂ ਪਾਤਸ਼ਾਹੀ ।
ਛੰਤ ਘਰੁ ੮	Chhant.	ਛੰਦ ।
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ ।

ਕਮਲਾ[36] ਭ੍ਰਮ[37] ਭੀਤਿ[38] ਹੇ[45] ਤੀਖਣ[39] ਮਦ[40] ਬਿਪਰੀਤਿ[41] ਹੇ ਅਵਧ[44] ਅਕਾਰਥ[42] ਜਾਤ[43] ॥

Mammon[36] is the wall[38] of doubt[37]; mammon is[45] the wall of doubt. Strong[39] and degenerating[41] is its intoxication[40] and life[44] attached to it, goes[43] in vain[42].

ਮਾਇਆ[36] ਇੱਕ ਸੰਦੇਹ[37] ਦੀ ਕੰਧ[38] ਹੈ, ਮਾਇਆ ਇਕ ਸੰਸੇ ਦੀ ਕੰਧ ਹੈ[45]। ਤੇਜ਼[39] ਅਤੇ ਪਤਿਤ ਕਰਨ ਵਾਲੀ[41] ਹੈ ਇਸ ਦੀ ਖ਼ੁਮਾਰੀ[40]। ਇਸ ਦੇ ਨਾਲ ਜੁੜ ਕੇ ਜੀਵਨ[44] ਵਿਅਰਥ[42] ਚਲਿਆ ਜਾਂਦਾ[43] ਹੈ।

ਗਹਬਰ[46] ਬਨ[47] ਘੋਰ[48] ਹੇ[49] ਗ੍ਰਿਹ[50] ਮੂਸਤ[51] ਮਨ[52] ਚੋਰ[53] ਹੇ ਦਿਨਕਰੋ[54] ਅਨਦਿਨੁ[55] ਖਾਤ[56] ॥

In the dense[46] and aweful[48] world-forest[47], in the dense and aweful world-forest, alas[49]! the thieves[53] are plundering[51] man's[52] house[50], in broad day-light[54], and night[55] and day are eating up[56] his life.

ਜਗਤ ਦੇ ਸੰਘਣੇ[46] ਤੇ ਭਿਆਨਕ[48] ਜੰਗਲ[47] ਅੰਦਰ, ਜਗਤ ਦੇ ਸੰਘਣੇ ਤੇ ਭਿਆਨਕ ਜੰਗਲ ਅੰਦਰ, ਚੋਰ[53], ਮਨੁੱਖ[52] ਦੇ ਘਰ[50] ਨੂੰ ਦਿਨ-ਦਿਹਾੜੇ[54] ਲੁਟ ਰਹੇ[51] ਹਨ ਅਤੇ ਰੈਣ ਦਿਹੁੰ[55] ਉਸ ਦੀ ਜ਼ਿੰਦਗੀ ਨੂੰ ਖਾਈ ਜਾਂਦੇ[56] ਹਨ।

੪੬੨

ਦਿਨ[57] ਖਾਤ ਜਾਤ[58] ਬਿਹਾਤ[59] ਪ੍ਰਭ ਬਿਨੁ[60] ਮਿਲਹੁ ਪ੍ਰਭ[62] [61]ਕਰੁਣਾਪਤੇ[63] ॥

The days[57] are eating up[58] the life, which is passing away[59] without[60] the Lord. Meet thou, therefore, God[62], the Lord[63] of mercy[61].

ਦਿਹਾੜੇ[57] ਉਸ ਉਮਰ ਨੂੰ ਖਾਈ ਜਾ ਰਹੇ[58] ਹਨ, ਜੋ ਸੁਆਮੀ ਦੇ ਬਗੈਰ[60] ਬੀਤਦੀ ਜਾ ਰਹੀ[59] ਹੈ। ਇਸ ਲਈ ਤੂੰ ਵਾਹਿਗੁਰੂ[62] ਰਹਿਮਤ[61] ਦੇ ਸੁਆਮੀ[63] ਨੂੰ ਮਿਲ।

ਜਨਮ[64] ਮਰਣ[65] ਅਨੇਕ[66] ਬੀਤੇ[67] ਪ੍ਰਿਅ[68] ਸੰਗ[69]ਬਿਨੁ[71] ਕਛੁ ਨਹ ਗਤੇ[70] ॥

Many[66] births[64] and deaths[65] I have passed[67] through, but without[71] the union[69] of the Beloved[68], without[71] obtaining salvation[70].

ਘਣੇਰੀਆਂ[66] ਪੈਦਾਇਸ਼ਾਂ[64] ਤੇ ਮੌਤਾਂ[65] ਵਿਚ ਦੀ ਮੈਂ ਗੁਜ਼ਰਿਆ[67] ਹਾਂ, ਪ੍ਰੰਤੂ ਪ੍ਰੀਤਮ[68]ਦੇ ਮਿਲਾਪ[69]ਦੇ ਬਗੈਰ[71] ਮੁਕਤੀ[70] ਪ੍ਰਾਪਤ ਨਹੀਂ ਹੁੰਦੀ।

ਕੁਲ[72] ਰੂਪ[73] ਧੂਪ[74] ਗਿਆਨ[75] ਹੀਨੀ[76] ਤੁਝ ਬਿਨਾ ਮੋਹਿ[77] ਕਵਨ[78] ਮਾਤ[79] ॥

I am without[76] good lineage[72], beauty[73], glory[74] and Divine Knowledge[75]. Who[78] is mine[77] without Thee O God, my Mother[79]?

ਮੈਂ ਚੰਗੇ ਖ਼ਾਨਦਾਨ[72], ਸੁੰਦਰਤਾ[73], ਕੀਰਤੀ[74] ਅਤੇ ਬ੍ਰਹਿਮ-ਬੋਧ[75] ਦੇ ਬਗੈਰ[76] ਹਾਂ। ਹੇ ਮੇਰੀ ਮਾਤਾ[79]! ਵਾਹਿਗੁਰੂ ਬਾਝੋਂ ਮੇਰਾ[77] ਕੌਣ[78] ਹੈ?

ਕਰ[80] ਜੋੜਿ[81] ਨਾਨਕੁ ਸਰਣਿ[82] ਆਇਓ[83] ਪ੍ਰਿਅ[84] ਨਾਥ[85] ਨਰਹਰ[86] ਕਰਹੁ ਗਾਤ[87] ॥੧॥

With joined[81] hands[80], Nanak has entered[83] Thine sanctuary[82]. O my very powerful[86], Beloved[84] Lord[85], emancipate[87] Thou me.

ਹੱਥ[80] ਬੰਨ੍ਹ ਕੇ[81]ਨਾਨਕ ਨੇ ਤੇਰੀ ਸ਼ਰਣਾਗਤ[82] ਸੰਭਾਲੀ[83] ਹੈ। ਹੇ ਮੇਰੇ ਪਰਮ[86] ਪਿਆਰੇ[84] ਬਲੀ ਪ੍ਰਭੂ[85]! ਤੂੰ ਮੈਨੂੰ ਬੰਦ-ਖ਼ਲਾਸ[87] ਕਰ।

ਮੀਨਾ[88] ਜਲ[89] ਹੀਨ[90] ਹੇ[91] ਓਹੁ[92] ਬਿਛੁਰਤ[93] ਮਨ[94] ਤਨ[95] ਖੀਨ[96] ਹੇ ਕਤ[97] ਜੀਵਨੁ[98] ਪ੍ਰਿਅ[99] ਬਿਨੁ[100] ਹੋਤ ॥

Alas[91]! as the mind[94] and body[95] of a fish[88] out of[90] water[89], a fish out of water perishes[96] by separation[93] from the[92] water, so, do[97] I live[98] without[100] my Love[99]?

ਸ਼ੋਕ[91]! ਜਿਸ ਤਰ੍ਹਾਂ ਪਾਣੀ[89] ਤੋਂ ਬਾਹਰ[90] ਮੱਛੀ[88], ਪਾਣੀ ਤੋਂ ਬਾਹਰ ਮੱਛੀ ਦਾ ਚਿੱਤ[94] ਅਤੇ ਸ਼ਰੀਰ[95] ਉਸ[92] ਪਾਣੀ ਦੇ ਵਿਛੋੜੇ[93] ਕਾਰਨ ਨਾਸ ਹੋ ਜਾਂਦੇ[96] ਹਨ, ਏਸੇ ਤਰ੍ਹਾਂ ਆਪਣੇ ਪਿਆਰੇ[99] ਦੇ ਬਾਝੋਂ[100] ਮੈਂ ਕਿਸ ਤਰ੍ਹਾਂ[97] ਜੀਉ[98] ਸਕਦੀ ਹਾਂ?

ਸਨਮੁਖ[2] ਸਹਿ[3] ਬਾਨ[4]

The deer[5] head-on[2] bears[3] the

ਹਰਨ[5]ਸਿੱਧੇ ਮੱਥੇ[2]ਤੀਰ[4] ਸਹਾਰਦਾ[3]ਹੈ, ਸਿੱਧੇ ਮੱਥੇ ਤੀਰ

ਸਨਮੁਖ ਸਹਿ ਬਾਨ ਹੇ ਮ੍ਰਿਗ[5] ਅਰਪੇ[6] ਮਨ[7] ਤਨ[8] ਪ੍ਰਾਨ[9] ਹੇ ਓਹੁ ਬੇਧਿਓ[10] ਸਹਜ[12] ਸਰੋਤ[13] ॥

arrow[4], head-on bears the arrow, and being pierced[10] through with the soothing[12] tune[13], he surrenders[6] his soul[7], body[8] and very life[9].

ਸਹਾਰਦਾ ਹੈ, ਸ਼ੋਕ ! ਸੁਖਦਾਈ[12] ਆਵਾਜ਼[13] ਨਾਲ ਵਿੰਨ੍ਹਿਆਂ ਹੋਇਆ[10] ਉਹ ਆਪਣੀ ਆਤਮਾ[7], ਦੇਹ[8] ਅਤੇ ਜਿੰਦ-ਜਾਨ[9] ਸਪੁਰਦ ਕਰ ਦਿੰਦਾ[6] ਹੈ ।

ਪ੍ਰਿਅ[14] ਪ੍ਰੀਤਿ[15] ਲਾਗੀ[16] ਮਿਲੁ ਬੈਰਾਗੀ[17] ਖਿਨੁ[18] ਰਹਨੁ ਧ੍ਰਿਗੁ[19] ਤਨੁ[20] ਤਿਸੁ[21] ਬਿਨਾ[22] ॥

I have enshrined[16] love[15] for my Beloved[14] and to meet Him I have become the world-renouncer[17]. Accursed[19]is the body[20],which remains without[22] Him[21], even for a trice[18].

ਆਪਣੇ ਪ੍ਰੀਤਮ[14] ਨਾਲ ਮੇਰਾ ਪਿਆਰ[15] ਪੈ ਗਿਆ[16]ਹੈ । ਉਸ ਨੂੰ ਮਿਲਣ ਲਈ ਮੈਂ ਜਗਤ-ਤਿਆਗੀ[17] ਹੋ ਗਿਆ ਹਾਂ । ਲਾਨ੍ਹਤ[19] ਹੈ ਉਸ ਸ਼ਰੀਰ[20] ਨੂੰ ਜੋ ਉਸ ਦੇ[21]ਬਾਝੋਂ[22] ਇੱਕ ਮੁਹਤ ਭਰ[18] ਭੀ ਰਹਿੰਦਾ ਹੈ ।

ਪਲਕਾ[23] ਨ ਲਾਗੈ[24] ਪ੍ਰਿਅ[25] ਪ੍ਰੇਮ[26] ਪਾਗੈ[27] ਚਿਤਵੰਤਿ[28] ਅਨਦਿਨੁ[29] ਪ੍ਰਭ ਮਨਾ[30] ॥

My eye-lids[23] close not[24], I am absorbed[27] in the love[26] of my Dear One[25]. My mind[30], night[29] and day, thinks[28] of the Lord.

ਮੇਰੀਆਂ ਅੱਖਾਂ ਦੇ ਪਰਦੇ[23] ਬੰਦ ਨਹੀਂ ਹੁੰਦੇ[24] । ਮੈਂ ਆਪਣੇ ਪਿਆਰੇ[25] ਦੀ ਪਿਰਹੜੀ[26] ਅੰਦਰ ਲੀਨ[27] ਹੋ ਗਈ ਹਾਂ । ਮੇਰਾ ਚਿੱਤ[30] ਰਾਤ[29] ਦਿਨ ਸਾਹਿਬ ਨੂੰ ਯਾਦ[28] ਕਰਦਾ ਹੈ ।

ਸ੍ਰੀ ਰੰਗ[31] ਰਾਤੇ[32] ਨਾਮ ਮਾਤੇ[33] ਭੈ[34] ਭਰਮ[35] ਦੂਤੀਆ[36] ਸਗਲ[37] ਖੋਤ[38]॥

Imbued[32] with the Lord of wealth[31] and intoxicated[33] with His Name, I have shed[38] all[37] fear[34], doubt[35] and duality[36].

ਧਨ-ਦੌਲਤ ਦੇ ਪਤੀ[31] ਨਾਲ ਰੰਗੀਜ[32] ਅਤੇ ਉਸ ਦੇ ਨਾਮ ਨਾਲ ਮਤਵਾਲੇ[33] ਹੋ, ਮੈਂ ਸਮੂਹ[37] ਡਰ[34], ਸੰਦੇਹ[35] ਤੇ ਦਵੈਤ-ਭਾਵ[36] ਨਵਿਰਤ ਕਰ[38] ਦਿਤੇ ਹਨ ।

ਕਰਿ[39] ਮਇਆ[40] ਦਇਆ[41] ਦਇਆਲ[42] ਪੂਰਨ[43] ਹਰਿ ਪ੍ਰੇਮ[44] ਨਾਨਕ ਮਗਨ[45] ਹੋਤ ॥੨॥

Bestow[39] Thine mercy[40] and compassion[41], O kind[42] and all-pervading[43] God, that Nanak may be intoxicated[45] with Thy love[44].

ਨੇ ਮਿਹਰਬਾਨ[42] ! ਤੇ ਸਰਬ-ਵਿਆਪਕ[43] ਵਾਹਿਗੁਰੂ ! ਆਪਣੀ ਰਹਿਮਤ[40] ਤੇ ਮਿਹਰ[41] ਧਾਰ[39], ਤਾਂ ਜੋ ਨਾਨਕ ਤੇਰੀ ਪ੍ਰੀਤ[44] ਨਾਲ ਮਖ਼ਮੂਰ[45] ਥੀ ਵੰਞੇ ।

ਅਲੀਅਲ[46] ਗੁੰਜਾਤ[47] ਅਲੀਅਲ ਗੁੰਜਾਤ ਹੇ ਮਕਰੰਦ[48] ਰਸ[49] ਬਾਸਨ[50] ਮਾਤ[51] ਹੇ ਪ੍ਰੀਤਿ[52] ਕਮਲ[53] ਬੰਧਾਵਤ[54] ਆਪ[55] ॥

The bumble-bee[46] is humming[47], the bumble-bee is humming, fascinated[51] with the savour[49], fragrance[50] and honey[48] of flowers, and on account of its love[52] for the lotus[53], it entangles[54] itself[55].

ਭੌਰਾ[46] ਗੁੰਜ[47] ਰਿਹਾ ਹੈ, ਭੌਰਾ ਗੁੰਜ[47] ਰਿਹਾ ਹੈ । ਫੁੱਲਾਂ ਦੇ ਸੁਆਦ[49], ਸੁਗੰਧੀ[50] ਅਤੇ ਸ਼ਹਿਦ[48] ਨਾਲ ਮਸਤ[51] ਹੋਇਆ ਹੋਇਆ,ਕੰਵਲ[53] ਦੇ ਪਿਆਰ[52] ਦੇ ਕਾਰਨ ਇਹ ਆਪਣੇ ਆਪ ਨੂੰ[55] ਫਸਾ ਲੈਂਦਾ[54] ਹੈ ।

ਚਾਤ੍ਰਿਕ[56] ਚਿਤ[57] ਪਿਆਸ[58] ਚਾਤ੍ਰਿਕ ਚਿਤ ਪਿਆਸ ਹੇ ਘਨ[59] ਬੂੰਦ[60] ਬਚਿਤ੍ਰ[61] ਮਨਿ[62] ਆਸ[63] ਹੇ ਅਲ[64] ਪੀਵਤ[65] ਬਿਨਸਤ[66] ਤਾਪ[67]॥

The heart[57] of the pied-cuckoo[56] thirsts[58], the heart of the pied-cuckoo thirsts, its mind[62] longs[63] for the beautiful[61] cloud[59]-drops[60], drinking[65] which, the fever[67] of the pied-cuckoo[64] departs[66].

ਪਪੀਹੇ[56] ਦੇ ਦਿਲ[57] ਅੰਦਰ ਤ੍ਰੇਹ[58] ਹੈ, ਪਪੀਹੇ ਦੇ ਦਿਲ ਅੰਦਰ ਤ੍ਰੇਹ[58] ਹੈ । ਇਸ ਦਾ ਚਿੱਤ[62] ਬੱਦਲ[59] ਦੀਆਂ ਸੁੰਦਰ[61] ਕਣੀਆਂ[60] ਲਈ ਤਰਸਦਾ[63] ਹੈ, ਜਿਨ੍ਹਾਂ ਨੂੰ ਪਾਨ[65] ਕਰਨ ਦੁਆਰਾ ਪਪੀਹੇ[64] ਦੀ ਜਲਨ[67] ਉੱਤਰ ਜਾਂਦੀ[66] ਹੈ ।

ਤਾਪਾ[68] ਬਿਨਾਸਨ[69] ਦੂਖ[70]

Meet me, O Thou Destroyer[69] of

ਮੈਨੂੰ ਮਿਲ ਤੂੰ, ਹੇ ਜਲਨ[68] ਨੂੰ ਦੂਰ ਕਰਨਹਾਰ[69], ਹਰੀ !

ਨਾਸਨ[71] ਮਿਲੁ ਪ੍ਰੇਮੁ[72] ਮਨਿ[73] ਤਨਿ[74] ਅਤਿ[75] ਘਨਾ[76] ॥	burning[68] and the Remover[71] of pain[70]. Within my soul[73] and body[74] there is very[75] excessive[76] love[72] for Thee.	ਅਤੇ ਪੀੜ[70] ਨੂੰ ਨਵਿਰਤ ਕਰਨ ਵਾਲੇ[71]। ਮੇਰੀ ਆਤਮਾ[73] ਤੇ ਦੇਹ[74] ਅੰਦਰ ਤੇਰੇ ਲਈ ਬਹੁਤ[75] ਹੀ ਜ਼ਿਆਦਾ[76] ਪਿਆਰ[72] ਹੈ।
ਸੁੰਦਰੁ[77] ਚਤੁਰੁ[78] ਸੁਜਾਨ[79] ਸੁਆਮੀ ਕਵਨ[80] ਰਸਨਾ[81] ਗੁਨ[82] ਭਨਾ[83] ॥	My beauteous[77], wise[78] and Omniscient[79] Lord, with what[80] tongue[81] should I utter[83] Thine praises[82] ?	ਮੇਰੇ ਸੋਹਣੇ[77], ਸਿਆਣੇ[78] ਅਤੇ ਸਰਬੱਗ[79] ਸਾਹਿਬ, ਮੈਂ ਕਿਹੜੀ[80] ਜੀਭ[81] ਨਾਲ ਤੇਰੀਆਂ ਸਿਫ਼ਤਾਂ[82] ਉਚਾਰਨ[83] ਕਰਾਂ ?
ਗਹਿ[84] ਭੁਜਾ[85] ਲੇਵਹੁ ਨਾਮੁ ਦੇਵਹੁ[86] ਦ੍ਰਿਸਟਿ[87] ਧਾਰਤ[88] ਮਿਟਤ[89] ਪਾਪ[90] ॥	Grasp[84] me by the arm[85] and grant[86] me Thy Name. He, on whom Thou casteth[88] a merciful glance[87], has his sins[90] earsed[89].	ਮੇਰਾ ਹੱਥ[85] ਪਕੜ[84] ਲੈ ਅਤੇ ਮੈਨੂੰ ਆਪਣਾ ਨਾਮ ਪਰਦਾਨ ਕਰ[86]। ਜਿਸ ਉਤੇ ਤੂੰ ਮਿਹਰ ਦੀ ਨਿਗ੍ਹਾ[87] ਕਰਦਾ[88] ਹੈਂ, ਉਸ ਦੇ ਪਾਪ[90] ਕੱਟੇ ਜਾਂਦੇ[89] ਹਨ।
ਨਾਨਕੁ ਜੰਪੈ[91] ਪਤਿਤ[92] ਪਾਵਨ[93] ਹਰਿ ਦਰਸੁ[94] ਪੇਖਤ[95] ਨਹ ਸੰਤਾਪ[96] ॥੩॥	Nanak, meditates[91] on God, the Purifier[93] of sinners[92]. Seeing[95] His vision[94] one suffers no hardship[96].	ਨਾਨਕ, ਪਾਪੀਆਂ[92] ਨੂੰ ਪਵਿੱਤਰ ਕਰਨ ਵਾਲੇ[93]ਵਾਹਿਗੁਰੂ ਨੂੰ ਜਪਦਾ[91] ਹੈ। ਉਸ ਦਾ ਦੀਦਾਰ[94] ਦੇਖਣ ਨਾਲ[95] ਇਨਸਾਨ ਨੂੰ ਕੋਈ ਕਸ਼ਟ[96] ਨਹੀਂ ਵਾਪਰਦਾ।
ਚਿਤਵਉ[97] ਚਿਤ[98] ਨਾਥ[99] ਚਿਤਵਉ ਚਿਤ ਨਾਥ ਹੇ ਰਖਿ ਲੇਵਹੁ[100] ਸਰਣਿ[2] ਅਨਾਥ[3] ਹੇ ਮਿਲੁ[7] ਚਾਉ[4] ਚਾਈਲੇ[5] ਪ੍ਰਾਨ[6] ॥	Within my mind[98] I meditate[97] on the Lord[99], within my mind I meditate on the Lord. Keep me[100] who is helpless[3] under Thine protection[2]. I delight[4] to meet[7] Thee and my soul[6] longs for[5] Thee.	ਆਪਣੇ ਮਨ[98] ਵਿੱਚ ਮੈਂ ਮਾਲਕ[99] ਨੂੰ ਸਿਮਰਦਾ[97] ਹਾਂ ਆਪਣੇ ਮਨ ਵਿੱਚ ਮੈਂ ਮਾਲਕ ਨੂੰ ਸਿਮਰਦਾ ਹਾਂ। ਮੈਂ, ਨਿਖਸਮੇ[3] ਨੂੰ ਤੂੰ ਆਪਣੀ ਪਨਾਹ[2] ਹੇਠਾਂ ਰੱਖ[100]। ਮੈਂ ਤੈਨੂੰ ਮਿਲ ਕੇ[7] ਖ਼ੁਸ਼[4] ਹੁੰਦਾ ਹਾਂ। ਮੇਰੀ ਜ਼ਿੰਦੜੀ[6] ਤੈਨੂੰ ਚਾਹੁੰਦੀ[5] ਹੈ।
ਸੁੰਦਰ[8] ਤਨ[9] ਧਿਆਨ[10] ਸੁੰਦਰ ਤਨ ਧਿਆਨ ਹੇ ਮਨੁ[12] ਲੁਬਧ[13] [14]ਗੋਪਾਲ[15] ਗਿਆਨ[16] ਹੇ ਜਾਚਿਕ ਜਨ[17] ਰਾਖਤ[18] ਮਾਨ[19] ॥	My attention is fixed on Thine beautiful[8] body[9], my attention[10] is fixed on Thine beautiful body, my soul[12] is fascinated[13] by Thy knowledge[16], O World[14]-Cherisher[15], and Thou art to preserve[18] the honour[19] of Thy slaves[17] and beggars.	ਮੇਰੀ ਬਿਰਤੀ[10] ਤੇਰੇ ਸੁਹਣੇ[8] ਸਰੀਰ[9]ਉਤੇ ਜੁੜੀ ਹੋਈ ਹੈ, ਮੇਰੀ ਬਿਰਤੀ ਤੇਰੇ ਸੁਹਣੇ ਸਰੀਰ ਤੇ ਜੁੜੀ ਹੋਈ ਹੈ,ਮੇਰੀ ਆਤਮਾ[12] ਤੇਰੀ ਗਿਆਤ[16] ਨੇ ਫ਼ਰੇਫ਼ਤਾ[13] ਕਰ ਲਈ ਹੈ, ਹੇ ਸ੍ਰਿਸ਼ਟੀ[14] ਦੇ ਪਾਲਣਹਾਰ[15], ਆਪਣੇ ਮੰਗਤੇ ਪੁਰਸ਼[17] ਦੀ ਤੂੰ ਇੱਜ਼ਤ[19] ਬਰਕਰਾਰ ਰਖਦਾ[18] ਹੈਂ।
ਪ੍ਰਭ ਮਾਨ[20] ਪੂਰਨ[21] ਦੂਖ[22] ਬਿਦੀਰਨ[23] ਸਗਲ[24] ਇਛ[25] ਪੁਜੰਤੀਆ[26] ॥	The Lord, who bestows full[21] honour[20] and destroys[23] anguish[22], has fulfilled[26] all[24] my desires[25].	ਸੁਆਮੀ ਨੇ, ਜੋ ਪੂਰੀ[21] ਇੱਜ਼ਤ-ਆਬਰੂ[20] ਬਖ਼ਸ਼ਦਾ ਹੈ ਅਤੇ ਦਰਦ[22] ਨੂੰ ਨਾਸ ਕਰਦਾ[23] ਹੈ, ਮੇਰੀਆਂ ਸਾਰੀਆਂ[24] ਖ਼ਾਹਿਸ਼ਾਂ[25] ਪੂਰੀਆਂ ਕਰ ਦਿੱਤੀਆਂ[26] ਹਨ।
ਹਰਿ ਕੰਠਿ[27] ਲਾਗੇ[28] ਦਿਨ ਸਭਾਗੇ[29] ਮਿਲਿ[30] ਨਾਹ[31]	Very auspicious[29] is the day when God embraces[28] me to His bosom[27] and	ਪਰਮ ਸ਼ੁਭ[29] ਸੀ ਉਹ ਦਿਹਾੜਾ, ਜਦ ਵਾਹਿਗੁਰੂ ਨੇ ਮੈਨੂੰ ਆਪਣੀ ਹਿੱਕ[27] ਨਾਲ ਲਾਇਆ[28]! ਆਪਣੇ ਕੰਤ[31] ਨੂੰ

ਸੇਜ[32] ਸੋਹੰਤੀਆ[33] ॥

ਪ੍ਰਭ ਦ੍ਰਿਸਟਿ[34] ਧਾਰੀ[35] [41]ਮਿਲੇ [36]ਮੁਰਾਰੀ[37] ਸਗਲ[38] ਕਲਮਲ[39] ਭਏ ਹਾਨ[40] ॥
ਬਿਨਵੰਤਿ[42] ਨਾਨਕ ਮੇਰੀ ਆਸ[43] ਪੂਰਨ[44] ਮਿਲੇ ਸ੍ਰੀਧਰ[45] ਗੁਣ[46] ਨਿਧਾਨ[47]॥ ੪॥੧॥੧੪॥

on meeting[30] my spouse[31], my couch[32] is adorned[33].

When Lord, the Enemy[37] of pride[36] shows[35] mercy[34] and meets[41] me, then all[38] my sins[39] get erased[40].

Supplicates[42] Nanak, my hope[43] is realised[44] and I have met Lord, the Pioneer of prosperity[45] and the Treasure[47] of excellences[46] (virtues).

ਭੇਟਣ[30] ਤੇ ਮੇਰਾ ਹਿਰਦੇ-ਪਲੰਘ[32] ਸ਼ਸ਼ੋਭਤ[33] ਹੋ ਗਿਆ ।

ਜਦ ਹੰਕਾਰ[36] ਦੇ ਵੈਰੀ[37] ਸੁਆਮੀ ਨੇ ਰਹਿਮ[34] ਕੀਤਾ[35] ਅਤੇ ਮੈਨੂੰ ਮਿਲਿਆ[41], ਤਦ ਮੇਰੇ ਸਾਰੇ[38] ਪਾਪ[39] ਨਸ਼ਟ[40] ਹੋ ਗਏ ।

ਨਾਨਕ ਬੇਨਤੀ ਕਰਦਾ[42]ਹੈ, ਮੇਰੀ ਉਮੈਦ[43] ਬਰ ਆਈ[44] ਹੈ ਅਤੇ ਮੈਂ ਇਕਬਾਲ[45] ਦੇ ਮਾਲਕ ਤੇ ਉਤਕ੍ਰਿਸ਼ਟ-ਤਾਈਆਂ[46] (ਖੂਬੀਆਂ) ਦੇ ਖ਼ਜ਼ਾਨੇ[47] ਪ੍ਰਭੂ ਨੂੰ ਮਿਲ ਪਿਆ ਹਾਂ ।

੧ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

There is but One God. True is His Name and creative His personality. He is without fear, without enmity, Immortal in form, Unborn and Self-illumined. By Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚਾ ਹੈ ਉਸ ਦਾ ਨਾਮ, ਰਚਨਹਾਰ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ । ਉਹ ਨਿਡਰ, ਦੁਸ਼ਮਨੀ-ਰਹਿਤ, ਅਜਨਮਾ ਅਤੇ ਸ੍ਵੈ-ਪ੍ਰਕਾਸ਼ਵਾਨ ਹੈ । ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਆਸਾ ਮਹਲਾ ੧ ॥

Asa Ist Guru.

ਆਸਾ ਪਹਿਲੀ ਪਾਤਸ਼ਾਹੀ ।

ਵਾਰ[48] ਸਲੋਕਾ ਨਾਲਿ[49] ਸਲੋਕ ਭੀ ਮਹਲੇ ਪਹਿਲੇ ਕੇ ਲਿਖੇ[50] ਟੁੰਡੇ ਅਸਰਾਜੈ ਕੀ ਧੁਨੀ[51] ॥

The dirge of praise[48] with[49] sloks. The sloks, too, of the first Guru are written[50]. The stanzas should be sung to the tune[51] of Tunda As Raja.

ਜੱਸਮਈ[48] ਕਵਤਾ ਸਲੋਕਾਂ ਸਮੇਤ[49] । ਸਲੋਕ ਭੀ ਪਹਿਲੀ ਪਾਤਸ਼ਾਹੀ ਦੇ ਲਿਖੇ ਗਏ[50] ਹਨ । ਪਉੜੀਆਂ ਟੁੰਡੇ ਅਸਰਾਜੇ ਦੀ ਤਰਜ਼[51] ਤੇ ਗਾਉਣੀਆਂ (ਹਨ) ।

ਸਲੋਕੁ[52] ਮਹਲਾ ੧ ॥
ਬਲਿਹਾਰੀ[52]* ਗੁਰ ਆਪਣੇ ਦਿਉਹਾੜੀ[53] [54]ਸਦਵਾਰ[55]॥
ਜਿਨਿ ਮਾਣਸ[56]*ਤੇ ਦੇਵਤੇ[56] ਕੀਏ ਕਰਤ[58] ਨ ਲਾਗੀ ਵਾਰ[57] ॥੧॥

Slok[52] Ist Guru.

A hundred[54] times[55] a day[53], I am a sacrifice[52]* unto my Guru, who without making[58] any delay[57], made angels[56] out of men[56]*.

ਸਲੋਕ[52] ਪਹਿਲੀ ਪਾਤਸ਼ਾਹੀ ।

ਸੈਂਕੜੇ[54] ਵਾਰੀ[55] ਇਕ ਦਿਨ[53] ਵਿਚ ਮੈਂ ਆਪਣੇ ਗੁਰਾਂ ਉੱਤੋਂ ਕੁਰਬਾਨ[52]* ਜਾਂਦਾ ਹਾਂ, ਜਿਨ੍ਹਾਂ ਚਿਰ[57]ਲਾਉਣ[58] ਦੇ ਬਗੈਰ (ਤੁਰਤ) ਮਨੁੱਖ[56]* ਨੂੰ ਫ਼ਰਿਸ਼ਤਾ[56] ਬਣਾ ਦਿੱਤਾ ਹੈ ।

੪੬੩

ਮਹਲਾ ੨ ॥

2nd Guru.

ਦੂਜੀ ਪਾਤਸ਼ਾਹੀ ।

ਜੇ[59] ਸਉ[60] ਚੰਦਾ[61] ਉਗਵਹਿ[62]ਸੂਰਜ[63]ਚੜਹਿ[64] ਹਜਾਰ ॥ ਏਤੇ[65] ਚਾਨਣ[66] ਹੋਦਿਆਂ ਗੁਰ ਬਿਨੁ ਘੋਰ[67] ਅੰਧਾਰ[68] ॥੨॥

If[59] hundred[60] moons[61] arise[62] and a thousand suns[63] appear[64], even with such[65] light[66], there would be pitch[67] darkness[68] without the Guru.

ਜੇਕਰ[59] ਸੌ[60] ਚੰਦਮੇ[61] ਚੜ੍ਹ ਪੈਣ[62] ਅਤੇ ਹਜ਼ਾਰ ਭਾਨ[63] (ਸੂਰਜ) ਨਿਕਲ ਪੈਣ[64], ਐਨੀਂ[65] ਰੌਸ਼ਨੀ[66] ਦੇ ਹੁੰਦਿਆਂ ਸੁੰਦਿਆਂ ਭੀ ਗੁਰਾਂ ਦੇ ਬਾਝੋਂ ਅਨ੍ਹੇਰ[68] ਘੁੱਪ[67] ਹੀ ਹੋਵੇਗਾ ।

ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ ।
ਨਾਨਕ ਗੁਰੂ ਨ ਚੇਤਨੀ[69] ਮਨਿ ਆਪਣੈ ਸੁਚੇਤ[70] ॥	Nanak, they who think[69] not of the Guru and in their heart deem themselves very clever[70],	ਨਾਨਕ ਜੋ ਗੁਰੂ ਜੀ ਨੂੰ ਚੇਤੇ[69] ਨਹੀਂ ਕਰਦੇ ਅਤੇ ਆਪਣੇ ਦਿਲ ਵਿਚ ਆਪਣੇ ਆਪ ਨੂੰ ਬਹੁਤਾ ਚਤੁਰ[70] ਖ਼ਿਆਲ ਕਰਦੇ ਹਨ,
ਛੁਟੇ[71] ਤਿਲ[72] ਬੂਆੜ[73] ਜਿਉ[74] ਸੁੰਞੇ[75] ਅੰਦਰਿ ਖੇਤ[76] ॥	shall be left[71] forlorn[76] in the reaped field[76] like[74] a spurious[73] sesame[72].	ਉਹ ਥੋਥੇ[73] ਕੁੰਜਦ[72] (ਤਿਲ-ਸੱਲਿਆਂ) ਵਾਂਗੂੰ[74] ਵਢੀ ਹੋਈ ਪੈਲੀ[76] ਵਿਚ ਸੁੰਨੇ[75] ਛੱਡ[71] ਦਿੱਤੇ ਜਾਣਗੇ ।
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ[77]* [77]ਨਾਹ ॥	They are left in the field, says Nanak and they have a hundred[77]* owners[77].	ਉਹ ਪੈਲੀ ਵਿਚ ਛੱਡ ਦਿੱਤੇ ਜਾਂਦੇ ਹਨ, ਗੁਰੂ ਨਾਨਕ ਜੀ ਆਖਦੇ ਹਨ, ਅਤੇ ਉਨ੍ਹਾਂ ਦੇ ਸੌ[77]* (ਅਨੇਕ) ਮਾਲਕ[77] ਹੁੰਦੇ ਹਨ ।
ਫਲੀਅਹਿ[78] ਫੁਲੀਅਹਿ[79] ਬਪੁੜੇ[80] ਭੀ[81] ਤਨ[82] ਵਿਚਿ ਸੁਆਹ[83] ॥੩॥	The wretches[80] bear fruit[78] and flower[79], but still[81], within their body[82] they have but ashes[83].	ਉਹ ਬਦ-ਨਸੀਬ[80] ਫਲਦੇ[78] ਅਤੇ ਫੁਲਦੇ[79] ਹਨ, ਪਰ ਤਾਂ ਭੀ[81] ਉਨ੍ਹਾਂ ਦੇ ਸਰੀਰ[82] ਅੰਦਰ ਨਿਰੀ ਰਾਖ[83] ਹੀ ਹੁੰਦੀ ਹੈ !
ਪਉੜੀ ॥	Pauri.	ਪੌੜੀ ।
ਆਪੀਨ੍ਹੈ[84] ਆਪੁ[85]ਸਾਜਿਓ[86] ਆਪੀਨ੍ਹੈ ਰਚਿਓ[87] ਨਾਉ ॥	The Lord, of Himself[84] created[86] Hisownself[85] and assumed[87] He Himself the Name.	ਸੁਆਮੀ ਨੇ ਖ਼ੁਦ[84] ਆਪਣੇ ਆਪ[85] ਨੂੰ ਬਣਾਇਆ[86]ਅਤੇ ਖ਼ੁਦ ਹੀ ਉਸ ਨੇ ਨਾਮ ਅਖਤਿਆਰ[87] ਕੀਤਾ ।
ਦੁਯੀ[88]ਕੁਦਰਤਿ[89]ਸਾਜੀਐ[90] ਕਰਿ ਆਸਣੁ[91] ਡਿਠੋ[92] ਚਾਉ[93] ॥	Secondly[88] He made[90] the creation[89] and seated[91] therein, He beholds[92] it with delight[93].	ਦੋਇਮ[88] ਉਸ ਨੇ ਰਚਨਾ[89] ਬਣਾਈ[90] ਅਤੇ ਇਸ ਅੰਦਰ ਬੈਠ ਕੇ[91] ਉਹ ਇਸ ਨੂੰ ਖ਼ੁਸ਼ੀ[93] ਨਾਲ ਵੇਖਦਾ[92] ਹੈ ।
ਦਾਤਾ[94] ਕਰਤਾ[95] ਆਪਿ[96] ਤੂੰ ਤੁਸਿ[97] ਦੇਵਹਿ[98]ਕਰਹਿ[99] ਪਸਾਉ[100] ॥	Thou Thyself[96] art the Donor[94] and Creator[95] and being pleased[97], Thou bestoweth[98] and showest[99] mercy[100].	ਤੂੰ ਆਪੇ[96] ਹੀ ਦਾਤਾਰ[94] ਅਤੇ ਸਿਰਜਨਹਾਰ[95] ਹੈਂ । ਪ੍ਰਸੰਨ[97] ਹੋ ਤੂੰ ਦਿੰਦਾ[98] ਅਤੇ ਕ੍ਰਿਪਾਲਤਾ[100] ਕਰਦਾ[99] ਹੈਂ ।
ਤੂੰ ਜਾਣੋਈ[2] ਸਭਸੈ[3] ਦੇ[4] ਲੈਸਹਿ[5] ਜਿੰਦੁ[6] ਕਵਾਉ[7] ॥	Thou art the Knower[2] of all[3] and Thou givest[4] and takest[5] life[6] with a word[7].	ਤੂੰ ਸਾਰਿਆਂ ਨੂੰ[3]ਜਾਨਣ ਵਾਲਾ[2] ਹੈਂ । ਇਕ ਲਫ਼ਜ਼[7]ਨਾਲ ਤੂੰ ਜਿੰਦ-ਜਾਨ[6] ਨੂੰ ਦੇ ਦਿੰਦਾ[4] ਤੇ ਲੈ ਲੈਂਦਾ[5] ਹੈਂ ।
ਕਰਿ ਆਸਣੁ[8] ਡਿਠੋ[9] ਚਾਉ[10] ॥੧॥	Abiding[8] within, Thou beholdest[9] Thy creation with delight[10].	ਅੰਦਰ ਵੱਸ ਕੇ[8] ਤੂੰ ਆਪਣੀ ਰਚਨਾ ਨੂੰ ਖ਼ੁਸ਼ੀ[10] ਨਾਲ ਵੇਖਦਾ[9] ਹੈਂ ।
ਸਲੋਕੁ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਸ਼ਾਹੀ ।
ਸਚੇ[12] ਤੇਰੇ ਖੰਡ[13] ਸਚੇ ਬ੍ਰਹਮੰਡ[14] ॥	True[12] are Thy continents[13] and true Thine solar systems[14].	ਸਤਿ[12] ਹਨ ਤੇਰੇ ਮਹਾਂਦੀਪ[13] ਅਤੇ ਸਤਿ ਹਨ ਤੇਰੇ ਸੂਰਜ ਮੰਡਲ[14] ।
ਸਚੇ ਤੇਰੇ ਲੋਅ[15] ਸਚੇ ਆਕਾਰ[16] ॥	True are Thine worlds[15] and true Thy creation[16].	ਸੱਚੇ ਹਨ ਤੇਰੇ ਜਗਤ[15] ਅਤੇ ਸੱਚੀ ਤੇਰੀ ਰਚਨਾ[16] ।
ਸਚੇ ਤੇਰੇ ਕਰਣੇ[17] ਸਰਬ[18] ਬੀਚਾਰ[19] ॥	True are Thine doings[17] and all[18] the deliberations[19].	ਸੱਚੇ ਹਨ ਤੇਰੇ ਕੰਮ ਕਾਜ[17] ਅਤੇ ਸਾਰੇ[18] ਧਿਆਨ[19] ।
ਸਚਾ ਤੇਰਾ ਅਮਰੁ[20] ਸਚਾ ਦੀਬਾਣੁ[21] ॥	True is Thy order[20] and true Thy court[21].	ਸੱਚਾ ਹੈ ਤੇਰਾ ਹੁਕਮ[20] ਅਤੇ ਸੱਚਾ ਤੇਰਾ ਦਰਬਾਰ[21] ।

ਸਚਾ ਤੇਰਾ ਹੁਕਮੁ[22] ਸਚਾ ਫੁਰਮਾਣੁ[23] ॥	True is Thy will[22] and true Thy order[23].	ਸੱਚੀ ਹੈ ਤੇਰੀ ਰਜ਼ਾ[22] ਤੇ ਸੱਚਾ ਤੇਰਾ ਉਚਾਰਨ[23] ।
ਸਚਾ ਤੇਰਾ ਕਰਮੁ[24] ਸਚਾ ਨੀਸਾਣੁ[25] ॥	True is Thy grace[24] and true Thy sign[25].	ਸੱਚੀ ਹੈ ਤੇਰੀ ਰਹਿਮਤ[24] ਅਤੇ ਸੱਚਾ ਤੇਰਾ ਚਿੰਨ੍ਹ[25] ।
ਸਚੇ ਤੁਧੁ ਆਖਹਿ[26] ਲਖ ਕਰੋੜਿ[27] ॥	Lacs and millions[27] call[26] Thee true.	ਲੱਖਾਂ ਅਤੇ ਕ੍ਰੋੜਾਂ[27] ਹੀ ਤੈਨੂੰ ਸੱਚਾ ਕਹਿੰਦੇ[26] ਹਨ ।
ਸਚੈ ਸਭਿ ਤਾਣਿ[28] ਸਚੈ ਸਭਿ ਜੋਰਿ[29] ॥	In the True Lord is all power[28] and all might[29].	ਸੱਚੇ ਸਾਂਈਂ ਅੰਦਰ ਹੀ ਸਾਰੀ ਤਾਕਤ[28] ਤੇ ਸਾਰੀ ਸ਼ਕਤੀ[29] ਹੈ ।
ਸਚੀ ਤੇਰੀ ਸਿਫਤਿ[30] ਸਚੀ ਸਾਲਾਹ[31] ॥	True is Thy praise[30] and true Thy commendation[31].	ਸੱਚੀ ਹੈ ਤੇਰੀ ਕੀਰਤੀ[30] ਅਤੇ ਸੱਚੀ ਤੇਰੀ ਤਾਰੀਫ਼[31] ।
ਸਚੀ ਤੇਰੀ ਕੁਦਰਤਿ[32] ਸਚੇ ਪਾਤਿਸਾਹ[33] ॥	O True King[33], true is Thine Omnipotence[32].	ਹੇ ਸੱਚੇ ਸੁਲਤਾਨ[33] ! ਸੱਚੀ ਹੈ ਤੇਰੀ ਅਪਾਰ ਸ਼ਕਤੀ[32] ।
ਨਾਨਕ ਸਚੁ[34] ਧਿਆਇਨਿ[35] ਸਚੁ ॥	Nanak, true are they who remember[35] the True One[34].	ਨਾਨਕ, ਸੱਚੇ ਹਨ ਉਹ, ਜੋ ਸਤਿਪੁਰਖ[34] ਦਾ ਸਿਮਰਨ[35] ਕਰਦੇ ਹਨ ।
ਜੋ ਮਰਿ ਜੰਮੇ ਸੁ[36] ਕਚੁ ਨਿਕਚੁ[37] ॥੧॥	They[36] who are born and die, are the falsest of the false[37].	ਜਿਹੜੇ ਜੰਮਦੇ ਅਤੇ ਮਰਦੇ ਹਨ, ਉਹ[36] ਕੂੜਿਆਂ ਦੇ ਪਰਮ ਕੂੜੇ[37] ਹਨ ।
ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ ।
ਵਡੀ[38] ਵਡਿਆਈ[39] ਜਾ[40] ਵਡਾ ਨਾਉ ॥	Great[38] is Lord's glory[39], as[40] great is His Name.	ਮਹਾਨ[38] ਹੈ ਪ੍ਰਭੂ ਦੀ ਪ੍ਰਭਤਾ[39], ਕਿਉਂਕਿ[40] ਮਹਾਨ ਹੈ ਉਸ ਦਾ ਨਾਮ ।
ਵਡੀ ਵਡਿਆਈ ਜਾ ਸਚੁ ਨਿਆਉ[41] ॥	Great is His glory, as true is His justice[41].	ਮਹਾਨ ਹੈ ਉਸ ਦੀ ਪ੍ਰਭਤਾ, ਕਿਉਂਕਿ ਸੱਚਾ ਹੈ ਉਸ ਦਾ ਇਨਸਾਫ਼[41] ।
ਵਡੀ ਵਡਿਆਈ ਜਾ ਨਿਹਚਲ[42] ਥਾਉ[43] ॥	Great is His glory, as, stable[42] is His seat[43].	ਮਹਾਨ ਹੈ ਉਸ ਦੀ ਪ੍ਰਭਤਾ, ਕਿਉਂਕਿ ਅਹਿਲ[42] ਹੈ ਉਸ ਦਾ ਆਸਣ[43] ।
ਵਡੀ ਵਡਿਆਈ ਜਾਣੈ ਆਲਾਉ[44] ॥	Great is His glory, as He knows our utterances[44].	ਮਹਾਨ ਹੈ ਉਸ ਦੀ ਪ੍ਰਭਤਾ ਕਿਉਂਕਿ ਉਹ ਸਾਡੇ ਗੱਲਾਂ[44] ਨੂੰ ਜਾਣਦਾ ਹੈ ।
ਵਡੀ ਵਡਿਆਈ ਬੁਝੈ[45] ਸਭਿ[46] ਭਾਉ[47] ॥	Great is His glory, as He understands[45] all[46] our affections[47].	ਮਹਾਨ ਹੈ ਉਸ ਦੀ ਪ੍ਰਭਤਾ ਕਿਉਂਕਿ ਉਹ ਸਾਡੀਆਂ ਸਾਰੀਆਂ[46] ਮੁਹੱਬਤਾਂ[47] ਨੂੰ ਸਮਝਦਾ[45] ਹੈ ।
ਵਡੀ ਵਡਿਆਈ ਜਾ ਪੁਛਿ[48] ਨ ਦਾਤਿ[49] ॥	Great is His glory, as He gives gifts[49] without being asked[48] for.	ਮਹਾਨ ਹੈ ਉਸ ਦੀ ਪ੍ਰਭਤਾ, ਕਿਉਂਕਿ ਉਹ ਬਿਨਾਂ ਕਿਸੇ ਦੀ ਸਲਾਹ[48]ਲੈਣ ਜਾਂ ਆਖਣ ਦੇ ਬਖ਼ਸ਼ੀਸ਼ਾਂ[49]ਦਿੰਦਾ ਹੈ ।
ਵਡੀ ਵਡਿਆਈ ਜਾ ਆਪੇ ਆਪਿ[50] ॥	Great is His glory, as He Himself[50] is all in all.	ਮਹਾਨ ਹੈ ਉਸ ਦੀ ਪ੍ਰਭਤਾ, ਕਿਉਂਕਿ ਸਾਰਾ ਕੁੱਛ ਉਹ ਆਪ[50] ਹੀ ਆਪ ਹੈ ।
ਨਾਨਕ ਕਾਰ[51] ਨ ਕਥਨੀ[52] ਜਾਇ ॥	Nanak, His acts[51] cannot be narrated[52].	ਨਾਨਕ, ਉਸ ਦੇ ਕੰਮ[51] ਵਰਨਣ[52] ਕੀਤੇ ਨਹੀਂ ਜਾ ਸਕਦੇ ।
ਕੀਤਾ[53] ਕਰਣਾ[54] ਸਰਬ[55] ਰਜਾਇ[56] ॥੨॥	What He did[53] or shall do[54], is all[55] His own will[56].	ਜੋ ਕੁਛ ਉਸ ਨੇ ਕੀਤਾ[53] ਹੈ ਜਾਂ ਕਰੇਗਾ[54], ਸਭ[55] ਉਸ ਦਾ ਆਪਣਾ ਭਾਣਾ[56] ਹੈ !

ਮਹਲਾ ੨ ॥
ਇਹੁ ਜਗੁ ਸਚੈ[57] ਕੀ ਹੈ ਕੋਠੜੀ[58] ਸਚੇ ਕਾ ਵਿਚਿ ਵਾਸੁ[59] ॥
ਇਕਨ੍ਹਾ[60] ਹੁਕਮਿ[61]ਸਮਾਇ[62] ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ[63] ॥
ਇਕਨ੍ਹਾ ਭਾਣੈ[64] ਕਢਿ ਲਏ[65] ਇਕਨ੍ਹਾ ਮਾਇਆ[67] ਵਿਚਿ ਨਿਵਾਸੁ[66] ॥
ਏਵ ਭਿ ਆਖਿ[67]* ਨ ਜਾਪਈ ਜਿ[68] ਕਿਸੈ ਆਣੇ ਰਾਸਿ[69] ॥
ਨਾਨਕ ਗੁਰਮੁਖਿ[70] ਜਾਣੀਐ ਜਾਕਉ[71] ਆਪਿ[72] ਕਰੇ ਪਰਗਾਸੁ[73] ॥੩॥

ਪਉੜੀ ॥
ਨਾਨਕ ਜੀਅ[74] ਉਪਾਇਕੈ[75] ਲਿਖਿ[76] ਨਾਵੈ[77] ਧਰਮੁ[78] ਬਹਾਲਿਆ[79] ॥
ਓਥੈ ਸਚੇ ਹੀ ਸਚਿ ਨਿਬੜੈ[80] ਚੁਣਿ[81] ਵਖਿ ਕਢੇ[82] ਜਜਮਾਲਿਆ[83] ॥
ਥਾਉ[84] ਨ ਪਾਇਨਿ ਕੂੜਿਆਰ[85] ਮੁਹ[86] ਕਾਲੇ[87] ਦੋਜਕਿ[88] ਚਾਲਿਆ[89] ॥
ਤੇਰੈ ਨਾਇ ਰਤੇ[90] ਸੇ[91] ਜਿਣਿ[92] ਗਏ ਹਾਰਿ[93] ਗਏ ਸਿ[94] ਠਗਣ ਵਾਲਿਆ[95] ॥
ਲਿਖਿ ਨਾਵੈ[97] ਧਰਮੁ ਬਹਾਲਿਆ[96] ॥੨॥

ਸਲੋਕ ਮਹਲਾ ੧ ॥
ਵਿਸਮਾਦੁ[98] ਨਾਦ[99] ਵਿਸਮਾਦੁ ਵੇਦ[100] ॥
ਵਿਸਮਾਦੁ ਜੀਅ[2] ਵਿਸਮਾਦੁ ਭੇਦ[3] ॥

2nd Guru.
This world is the True Lord's[57] chamber[58] and within it is the abode[59] of the True One.
Some[60], by His order[61], He absorbs[62] in Himself, and some, by His order, He destroys[63].
Some at His pleasure[64], He withdraws[65] from mammon[67], and others He causes to abide[66] therein.
This too cannot be said[67]*, as[68] to whom He will reclaim[69].
Nanak, he alone is known to be Guru-ward[70] unto whom[71] the Lord reveals[73] Himself[72].

Pauri.
Creating[75] the beings[74], God has installed[79] the Righteous Judge[78] to record[76] their accounts[77].
There, only the truth is adjudged[80] true and the sinners[83] are picked up[81] and separated out[82].
The false[85] find no place[84] there and they go[89] to hell[88] with blackened[87] faces[86].
They[91] who are imbued[90] with Thy Name win[92], O Lord. They who are cheats[95] they[94] lose[93] the day.
God has installed[96] Dharamraj to record the accounts[97].

Slok Ist Guru.
Marvellous[98] (wonderful) is Thy word[99] and marvellous Thy knowledge[100].
Marvellous are Thine creatures[2] and marvellous their species[3].

ਦੂਜੀ ਪਾਤਸ਼ਾਹੀ ॥
ਇਹ ਸੰਸਾਰ ਸੱਚੇ ਸੁਆਮੀ[57] ਦਾ ਕਮਰਾ[58] (ਟਿਕਾਣਾ) ਹੈ। ਇਸ ਦੇ ਵਿੱਚ ਸਤਿ ਪੁਰਖ ਦਾ ਵਸੇਬਾ[59] ਹੈ।
ਕਈਆਂ ਨੂੰ[60] ਉਹ ਆਪਣੇ ਅਮਰ[61] ਦੁਆਰਾ ਆਪਣੇ ਵਿਚ ਲੀਨ[62] ਕਰ ਲੈਂਦਾ ਹੈ ਤੇ ਕਈਆਂ ਨੂੰ ਆਪਣੇ ਹੁਕਮ ਦੁਆਰਾ ਉਹ ਤਬਾਹ ਕਰ ਦਿੰਦਾ[63] ਹੈ।
ਕਈਆਂ ਨੂੰ ਉਹ ਆਪਣੀ ਖ਼ੁਸ਼ੀ[64] ਨਾਲ ਮੋਹਨੀ[67] ਮਾਇਆ, ਵਿਚੋਂ ਬਾਹਰ ਧੂ[65] ਲੈਂਦਾ ਹੈ ਤੇ ਹੋਰਨਾਂ ਨੂੰ ਅੰਦਰ ਟਿਕਾ[66] ਦਿੰਦਾ ਹੈ।
ਇਹ ਭੀ ਕਹਿਆ[67]* ਨਹੀਂ ਜਾ ਸਕਦਾ ਕਿ[68] ਉਹ ਕਿਸ ਨੂੰ ਸੁਆਰ ਦੇਵੇਗਾ[69]।
ਨਾਨਕ, ਕੇਵਲ ਓਹੀ ਗੁਰੂ-ਸਮਰਪਨ[70] ਜਾਣਿਆ ਜਾਂਦਾ ਹੈ, ਜਿਸ[71] ਉੱਤੇ ਸੁਆਮੀ ਆਪਣੇ ਆਪ[72] ਨੂੰ ਪ੍ਰਗਟ[73] ਕਰਦਾ ਹੈ।

ਪਉੜੀ।
ਜੀਵਾਂ[74] ਨੂੰ ਪੈਦਾ[75]ਕਰਕੇ ਵਾਹਿਗੁਰੂ ਨੇ ਉਨ੍ਹਾਂ ਦੇ ਨਾਵੇਂ[77] (ਲੇਖਾ) ਲਿਖਣੇ[76] ਲਈ ਧਰਮਰਾਜ[78] ਨੂੰ ਅਸਥਾਪਨ[79] ਕੀਤਾ ਹੈ।
ਉਥੇ ਕੇਵਲ ਸੱਚ ਨੂੰ ਹੀ ਸੱਚ ਦਰਸਾਇਆ[80] ਜਾਂਦਾ ਹੈ। ਪਾਪੀਆਂ[83] ਨੂੰ ਚੁਣ ਕੇ[81]ਵੱਖਰਾ ਕਰ ਦਿੱਤਾ ਜਾਂਦਾ[82]ਹੈ।
ਝੂਠਿਆਂ[85] ਨੂੰ ਉਥੇ ਥਾਂ[84] ਨਹੀਂ ਮਿਲਦੀ, ਉਹ ਸਿਆਹ[87] ਚਿਹਰਿਆਂ[86] ਨਾਲ ਨਰਕ[88] ਨੂੰ ਜਾਂਦੇ[89] ਹਨ।
ਜੋ ਤੇਰੇ ਨਾਮ ਨਾਲ ਰੰਗੇ[90] ਹਨ, ਉਹ[91] ਜਿੱਤ ਜਾਂਦੇ[92] ਹਨ, ਹੇ ਸਾਂਈਂ! ਜੋ ਠੱਗ[95] ਹਨ, ਉਹ[94] ਸ਼ਿਕਸਤ ਖਾ ਜਾਂਦੇ[93] ਹਨ।
ਹਰੀ ਨੇ ਧਰਮ ਰਾਜ ਨੂੰ ਲੇਖੇ ਪੱਤੇ[97] ਲਿਖਣ ਲਈ ਬਿਠਾਇਆ[96] ਹੈ।

ਪਹਿਲੀ ਪਾਤਸਾਹੀ।
ਅਸਚਰਜ[98] ਹੈ ਤੇਰਾ ਸ਼ਬਦ[99] ਅਤੇ ਅਸਚਰਜ ਤੇਰੀ ਗਿਆਤ[100]।
ਅਸਚਰਜ ਹਨ ਤੇਰੇ ਜੀਵ[2] ਅਤੇ ਅਸਚਰਜ ਉਨ੍ਹਾਂ ਦੀਆਂ ਕਿਸਮਾਂ[3]।

ਵਿਸਮਾਦੁ ਰੂਪ[4] ਵਿਸਮਾਦੁ ਰੰਗ[5] ॥	Marvellous are Thine forms[4] and marvellous their colours[5].	ਅਸਚਰਜ ਹਨ ਤੇਰੇ ਸਰੂਪ[4] ਅਤੇ ਅਸਚਰਜ ਉਨ੍ਹਾਂ ਦੇ ਵਰਨ[5] ।
ਵਿਸਮਾਦੁ ਨਾਗੇ[6] ਫਿਰਹਿ[7] ਜੰਤ[8] ॥	Marvellous are the beings[8], who wander[7] naked[6].	ਅਸਚਰਜ ਹਨ ਉਹ ਜੀਵ[8] ਜੋ ਨੰਗੇ[6] ਫਿਰਦੇ[7] ਹਨ ।
੪੬੪		
ਵਿਸਮਾਦੁ ਪਉਣੁ[9] ਵਿਸਮਾਦੁ ਪਾਣੀ[10] ॥	Wonderful is Thy wind[9] and wonderful Thy water[10].	ਅਲੌਕਿਕ ਹੈ ਤੇਰੀ ਹਵਾ[9] ਅਤੇ ਅਲੌਕਿਕ ਤੇਰਾ ਜਲ[10] ।
ਵਿਸਮਾਦੁ ਅਗਨੀ[12]ਖੇਡਹਿ[13] ਵਿਡਾਣੀ[14] ॥	Wonderful is Thy fire[12], which works[13] wonders[14].	ਅਲੌਕਿਕ ਹੈ ਤੇਰੀ ਅੱਗ[12] ਜੋ ਹੈਰਾਨ-ਕੁਨ[14] ਖੇਡਾਂ ਖੇਲ੍ਹਦੀ[13] ਹੈ ।
ਵਿਸਮਾਦੁ ਧਰਤੀ[15] ਵਿਸਮਾਦੁ ਖਾਣੀ[16] ॥	Wonderful is the earth[15] and wonderful the sources of production[16].	ਅਲੌਕਿਕ ਹੈ ਜ਼ਮੀਨ[15] ਅਤੇ ਅਲੌਕਿਕ ਹੀ ਉਤਪਤੀ[16] ਦੇ ਨਿਕਾਸ ।
ਵਿਸਮਾਦੁ ਸਾਦਿ[17] ਲਗਹਿ[18] ਪਰਾਣੀ[19] ॥	Wonderful are the revelments[17] to which the mortals[19] are attached[18].	ਅਲੌਕਿਕ ਹਨ ਰੰਗ-ਰਲੀਆਂ[17], ਜਿਨ੍ਹਾਂ ਨਾਲ ਬੰਦੇ[19] ਚਿਮੜੇ[18] ਹੋਏ ਹਨ ।
ਵਿਸਮਾਦੁ ਸੰਜੋਗੁ[20] ਵਿਸਮਾਦੁ ਵਿਜੋਗੁ[21] ॥	Wonderful is the union[20] and wonderful the separation[21].	ਅਲੌਕਿਕ ਹੈ ਮਿਲਾਪ[20] ਅਤੇ ਅਲੌਕਿਕ ਹੀ ਵਿਛੋੜਾ[21] ।
ਵਿਸਮਾਦੁ ਭੁਖ[22] ਵਿਸਮਾਦੁ ਭੋਗੁ[23] ॥	Wonderful is the hunger[22] and wonderful repletion[23].	ਅਲੌਕਿਕ ਹੈ ਪਦਾਰਥ[22] ਦੀ ਭੁਖ ਅਤੇ ਅਲੌਕਿਕ ਹੀ ਰਜੇਵਾਂ[23] ।
ਵਿਸਮਾਦੁ ਸਿਫਤਿ[24] ਵਿਸਮਾਦੁ ਸਾਲਾਹ[25] ॥	Wonderful is Thy praise[24] and wonderful Thy eulogy[25].	ਹੈਰਾਨ-ਕੁਨ ਹੈ ਤੇਰੀ ਉਪਮਾ[24] ਤੇ ਹੈਰਾਨ-ਕੁਨ ਤੇਰੀ ਕੀਰਤੀ[25] ।
ਵਿਸਮਾਦੁ ਉਝੜ[26]ਵਿਸਮਾਦੁ ਰਾਹ[27] ॥	Wonderful is the wilderness[26] and wonderful the path[27].	ਹੈਰਾਨ-ਕੁਨ ਹੈ ਬੀਆਬਾਨ[26] ਅਤੇ ਹੈਰਾਨ-ਕੁਨ ਹੀ ਵੱਖ ਵੱਖ ਮਾਰਗ[27] ।
ਵਿਸਮਾਦੁ ਨੇੜੈ[28] ਵਿਸਮਾਦੁ ਦੂਰਿ[29] ॥	Wonderful is Thy nearness[28] and wonderful the remoteness[29] from Thee.	ਹੈਰਾਨ-ਕੁਨ ਹੈ ਤੇਰੀ ਨਜ਼ਦੀਕੀ[28] ਅਤੇ ਹੈਰਾਨ-ਕੁਨ ਹੈ ਤੇਰੇ ਪਾਸੋਂ ਦੂਰੇਡਾਪਣ[29] ।
ਵਿਸਮਾਦੁ ਦੇਖੈ[30] ਹਾਜਰਾ ਹਜੂਰਿ[31] ॥	Wonderful is to behold[30] Thee just present[31].	ਹੈਰਾਨ-ਕੁਨ ਹੈ ਤੈਨੂੰ ਐਨ ਪ੍ਰਤੱਖ[31] ਵੇਖਣਾ[30] ।
ਵੇਖਿ[32] ਵਿਡਾਣੁ[33] ਰਹਿਆ ਵਿਸਮਾਦੁ[34] ॥	Beholding[32] Thine wonders[33], wonder-struck[34] am I.	ਤੇਰੇ ਅਚੰਭੇ[33] ਦੇਖ ਕੇ[32] ਮੈਂ ਚਕ੍ਰਿਤ[34] ਹੋ ਰਿਹਾ ਹਾਂ ।
ਨਾਨਕ ਬੁਝਣੁ[35] ਪੂਰੈ[36] ਭਾਗਿ[37] ॥੧॥	Perfectly[36] fortunate[37] are they, O Nanak, who realise[35] this.	ਪੂਰਨ[36] ਕਿਸਮਤ[37] ਵਾਲੇ ਹਨ ਉਹ, ਹੇ ਨਾਨਕ ! ਜੋ ਇਸ ਨੂੰ ਅਨੁਭਵ ਕਰਦੇ[35] ਹਨ ।
ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ ।
ਕੁਦਰਤਿ[38] ਦਿਸੈ[39] ਕੁਦਰਤਿ ਸੁਣੀਐ[40] ਕੁਦਰਤਿ ਭਉ[41] ਸੁਖ[42] ਸਾਰੁ[43] ॥	By Thy power[38] we see[39], by Thy power we hear[40] and by Thy power we fear[41] and have the essence[43] of happiness[42].	ਤੇਰੀ ਸ਼ਕਤੀ[38] ਦੁਆਰਾ ਵੇਖਣਾ[39] ਹੈ, ਤੇਰੀ ਸ਼ਕਤੀ ਦੁਆਰਾ ਸੁਣਨਾ[40] ਹੈ ਅਤੇ ਤੇਰੀ ਸ਼ਕਤੀ ਦੁਆਰਾ ਹੀ ਡਰ[41] ਤੇ ਖ਼ੁਸ਼ੀ[42] ਦਾ ਜੌਹਰ[43] (ਤੱਤ) ਹੈ ।

ਕੁਦਰਤਿ ਪਾਤਾਲੀ[44] ਆਕਾਸੀ[45] ਕੁਦਰਤਿ ਸਰਬ[46] ਆਕਾਰੁ[47] ॥
ਕੁਦਰਤਿ ਵੇਦ ਪੁਰਾਣ ਕਤੇਬਾ[48] ਕੁਦਰਤਿ ਸਰਬ[49] ਵੀਚਾਰੁ[50] ॥

ਕੁਦਰਤਿ ਖਾਣਾ[51] ਪੀਣਾ[52] ਪੈਨ੍ਣੁ[53] ਕੁਦਰਤਿ ਸਰਬ[54] ਪਿਆਰੁ[55] ॥
ਕੁਦਰਤਿ ਜਾਤੀ[56] ਜਿਨਸੀ[57] ਰੰਗੀ[58] ਕੁਦਰਤਿ ਜੀਅ[59] ਜਹਾਨ[60] ॥
ਕੁਦਰਤਿ ਨੇਕੀਆ[61] ਕੁਦਰਤਿ ਬਦੀਆ[62]ਕੁਦਰਤਿ ਮਾਨੁ[63] ਅਭਿਮਾਨੁ[64] ॥
ਕੁਦਰਤਿ ਪਉਣੁ[65] ਪਾਣੀ[66] ਬੈਸੰਤਰੁ[67]ਕੁਦਰਤਿ ਧਰਤੀ[68] ਖਾਕੁ[69] ॥
ਸਭ[70] ਤੇਰੀ ਕੁਦਰਤਿ ਤੂੰ ਕਾਦਿਰੁ[71] ਕਰਤਾ[72] ਪਾਕੀ[73] ਨਾਈ[74] ਪਾਕੁ[75] ॥
ਨਾਨਕ ਹੁਕਮੈ[76] ਅੰਦਰਿ[77] ਵੇਖੈ[78] ਵਰਤੈ[79] ਤਾਕੋ ਤਾਕੁ[80] ॥੨॥

ਪਉੜੀ ॥
ਆਪੀਨ੍ਹੈ[81] ਭੋਗ[82] ਭੋਗਿ[83] ਕੈ ਹੋਇ[84] [85]ਭਸਮੜਿ[86] ਭਉਰੁ[87] ਸਿਧਾਇਆ[88] ॥
ਵਡਾ ਹੋਆ[89] ਦੁਨੀਦਾਰੁ[90] ਗਲਿ[91] ਸੰਗਲੁ[92] ਘਤਿ[93] ਚਲਾਇਆ[94] ॥
ਅਗੈ[95] ਕਰਣੀ[96] ਕੀਰਤਿ[97]

By Thine power exist the nether regions[44] and skies[45] and by Thine power exists the entire[46] creation[47].
By Thine power are the Vedas, the Puranas and the Islamic, Christian and Jewish books[48], and by Thine power is all[49] deliberation[50].
By Thy power is eating[51], drinking[52] and dressing[53], and by Thy power is all[54] love[55].
By Thine power are species[56], kinds[57] and colours[58], and by Thine power the living beings[59] of the world[60].
By Thine power are virtues[61] and by Thine power the vices[62]. By Thine power are honour[63] and dishonour[64].
By Thy power are wind[65], water[66] and fire[67] and by Thy power are the earth[68] and dust[69].
Everything[70] is Thy might. Thou art the Omnipotent[71] Creator[72], and Thy Name[74] is the holiest[75] of the holy[73].
Says Nanak, through[77] Thy pleasure[76], Thou, O Lord beholdest[78] and pervadest[79] everything. Altogether unrivalled[80] Thou art.

Pauri.

Enjoying[83] revelments[82], man himself[81] becomes[84] a heap[86] of ashes[85] and his soul[87] passes away[88].
When the worldly man[90] dies[89], a chain[92] is thrown[93] around his neck[91] and he is led away[94].
There[95], his good[97] and bad acts[96] are

ਤੇਰੀ ਸ਼ਕਤੀ ਦੁਆਰਾ ਹੀ ਪਾਤਾਲ[44] ਤੇ ਆਸਮਾਨ[45]ਹਨ ਤੇ ਤੇਰੀ ਸ਼ਕਤੀ ਦੁਆਰਾ ਹੀ ਸਾਰੀ[46] ਰਚਨਾ[47] ।

ਤੇਰੀ ਸ਼ਕਤੀ ਦੁਆਰਾ ਹੈ ਵੇਦ, ਪੁਰਾਨ ਅਤੇ ਮੁਸਲਮਾਨੀ, ਈਸਾਈ ਤੇ ਯਹੂਦੀ ਕਿਤਾਬਾਂ[48] ਅਤੇ ਤੇਰੀ ਸ਼ਕਤੀ ਦੁਆਰਾ ਹੀ ਸਮੂਹ[49] ਸੋਚ ਬੀਚਾਰ[50] ।

ਤੇਰੀ ਸ਼ਕਤੀ ਦੁਆਰਾ ਛਕਣਾ[51] ਪਾਨ ਕਰਨਾ[52] ਤੇ ਪਹਿਰਨਾ[53] ਹੈ ਅਤੇ ਤੇਰੀ ਸ਼ਕਤੀ ਦੁਆਰਾ ਹੀ ਸਮੂਹ[54] ਪ੍ਰੇਮ[55] ਹੈ ।
ਤੇਰੀ ਸ਼ਕਤੀ ਦੁਆਰਾ ਭਾਂਤਾਂ[56], ਕਿਸਮਾਂ[57] ਤੇ ਵਰਨ[58] ਹਨ ਅਤੇ ਤੇਰੀ ਸ਼ਕਤੀ ਦੁਆਰਾ ਹੀ ਜਗਤ[60] ਦੇ ਜਾਨਦਾਰ ਜੀਵ[59] ।
ਤੇਰੀ ਸ਼ਕਤੀ ਦੁਆਰਾ ਚੰਗਿਆਈਆਂ[61] ਹਨ ਤੇ ਤੇਰੀ ਸ਼ਕਤੀ ਦੁਆਰਾ ਹੀ ਬੁਰਿਆਈਆਂ[62] । ਤੇਰੀ ਸ਼ਕਤੀ ਦੁਆਰਾ ਹੀ ਇੱਜ਼ਤ[63] ਤੇ ਬੇਇੱਜ਼ਤੀ[64] ਹੈ ।
ਤੈਂਡੀ ਸ਼ਕਤੀ ਦੁਆਰਾ ਹਵਾ[65], ਜਲ[66] ਤੇ ਅੱਗ[67] ਹਨ ਅਤੇ ਤੇਰੀ ਸ਼ਕਤੀ ਦੁਆਰਾ ਹੀ ਜ਼ਮੀਨ[68] ਅਤੇ ਮਿੱਟੀ[69] ਹਨ ।
ਹਰ ਵਸਤੂ[70] ਤੇਰੀ ਸੱਤਿਆ ਦੁਆਰੇ ਹੀ ਹੈ । ਤੂੰ ਸਰਬ-ਸ਼ਕਤੀਵਾਨ[71] ਸਿਰਜਨਹਾਰ[72] ਹੈਂ । ਤੈਂਡਾ ਨਾਮ[74] ਪਵਿੱਤਰਾਂ[73] ਦਾ ਪਰਮ ਪਵਿੱਤਰ[75] ਹੈ ।
ਗੁਰੂ ਜੀ ਫੁਰਮਾਉਂਦੇ ਹਨ, ਆਪਣੀ ਖੁਸ਼ੀ[76] ਰਾਹੀਂ[77],ਤੂੰ ਹੇ ਸੁਆਮੀ ! ਹਰ ਵਸਤੂ ਨੂੰ ਤੱਕਦਾ[78] ਅਤੇ ਉਸ ਵਿੱਚ ਵਿਆਪਕ[79] ਹੈਂ । ਤੂੰ ਬਿਲਕੁਲ ਬੇ-ਮਿਸਾਲ[80] ਹੈਂ ।

ਪਉੜੀ ।
ਰੰਗ-ਰਲੀਆਂ[82] ਮਾਨ ਕੇ[83] ਬੰਦਾ ਖ਼ੁਦ[81] ਸੁਆਹ[85] ਦੀ ਢੇਰੀ[86] ਹੋ ਜਾਂਦਾ[84] ਹੈ ਤੇ ਉਸ ਦੀ ਆਤਮਾ[87] ਟੁਰ ਵੰਞਦੀ[88] ਹੈ ।
ਜਦ ਦੁਨੀਆਦਾਰ[90]ਮਰ ਜਾਂਦਾ[89]ਹੈ, ਉਸ ਦੀ ਗਰਦਨ[91] ਦੁਆਲੇ ਜੰਜ਼ੀਰ[92] ਪਾ ਲਿਆ[93] ਜਾਂਦਾ ਹੈ ਤੇ ਉਹ ਅੱਗੇ ਲਾ ਲਿਆ ਜਾਂਦਾ[94] ਹੈ ।
ਉੱਥੇ[95] ਉਸ ਦੇ ਚੰਗੇ[97]ਤੇ ਮੰਦੇ ਅਮਲ[96]ਵਿਚਾਰੇ ਜਾਂਦੇ[98]

ਵਾਚੀਐ[98] ਬਹਿ[99] ਲੇਖਾ[100] ਕਰਿ ਸਮਝਾਇਆ[2] ॥	read[98] out to him and seating[99] him, his account[100] is explained[2] to him.	ਹਨ ਅਤੇ ਉਸ ਨੂੰ ਬਠਾਲ[99] ਕੇ ਉਸ ਦਾ ਹਿਸਾਬ-ਕਿਤਾਬ[10] ਉਸ ਨੂੰ ਦਰਸਾਇਆ ਜਾਂਦਾ[2] ਹੈ।
ਥਾਉ[3] ਨ ਹੋਵੀ ਪਉਦੀਈ[4] ਹੁਣਿ[5] ਸੁਣੀਐ ਕਿਆ[6] ਰੂਆਇਆ[7] ॥	When thrashed[4], he finds no place[3] of shelter, but none[6] hears his bewailings[7] now.	ਜਦ ਕੁੱਟ ਪੈਂਦੀ[4] ਹੈ, ਤਦ ਉਸ ਨੂੰ ਕੋਈ ਪਨਾਹ ਦੀ ਥਾਂ[3] ਨਹੀਂ ਮਿਲਦੀ। ਹੁਣ[5] ਉਸ ਦੇ ਰੋਣ-ਪਿੱਟਣ[7] ਨੂੰ ਕੌਣ[6] ਸੁਣਦਾ ਹੈ ?
ਮਨਿ[8] ਅੰਧੈ[9] ਜਨਮੁ[10] ਗਵਾਇਆ[12] ॥੩॥	The blind[9] man[8] has wasted away[12] his life[10].	ਅੰਨ੍ਹੇ[9] ਆਦਮੀ[8] ਨੇ ਆਪਣੀ ਜ਼ਿੰਦਗੀ[10] ਬਰਬਾਦ[12] ਕਰ ਲਈ ਹੈ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਸ਼ਾਹੀ।
ਭੈ[13] ਵਿਚਿ ਪਵਣੁ[14] ਵਹੈ[15] ਸਦ[16] ਵਾਉ[17] ॥	In Lord's fear[13] wind[14] and breeze[17] ever[16] blow[15].	ਸੁਆਮੀ ਦੇ ਡਰ[13] ਵਿੱਚ ਹਮੇਸ਼ਾ[16] ਵਾਯੂ[14] ਅਤੇ ਧੀਮੀ ਹਵਾਵਾਂ[17] ਵਗਦੀਆਂ[15] ਹਨ।
ਭੈ ਵਿਚਿ ਚਲਹਿ[18] ਲਖ[20] ਦਰੀਆਉ[19] ॥	In Lord's fear flow[18] lacs[20] of rivers[19].	ਸੁਆਮੀ ਦੇ ਡਰ ਅੰਦਰ ਲੱਖਾਂ[20] ਹੀ ਦਰਿਆ[19] ਵਹਿੰਦੇ[18] ਹਨ।
ਭੈ ਵਿਚਿ ਅਗਨਿ[21] ਕਢੈ[22] ਵੇਗਾਰਿ[23] ॥	In Lord's fear fire[21] is forced to perform[22] labour[23].	ਸੁਆਮੀ ਦੇ ਡਰ ਅੰਦਰ ਅੱਗ[21] ਬਿਗਾਰ[23] ਕਰਦੀ[22] ਹੈ।
ਭੈ ਵਿਚਿ ਧਰਤੀ[24] ਦਬੀ[25] ਭਾਰਿ[26] ॥	In Lord's fear the earth[24] is trampled[25] under burden[26].	ਸਾਈਂ ਦੇ ਡਰ ਵਿਚ ਜ਼ਮੀਨ[24] ਬੋਝ[26] ਹੇਠਾਂ ਲਤਾੜੀ ਹੋਈ[25] ਹੈ।
ਭੈ ਵਿਚਿ ਇੰਦੁ[27] ਫਿਰੈ[28] ਸਿਰ ਭਾਰਿ[29] ॥	In Lord's fear the cloud[27] moves[28] head-long[29].	ਸਾਈਂ ਦੇ ਡਰ ਵਿੱਚ ਬੱਦਲ[27] ਸਿਰ-ਪਰਨੇ[29] ਤੁਰਿਆ ਫਿਰਦਾ[28] ਹੈ।
ਭੈ ਵਿਚਿ ਰਾਜਾ ਧਰਮ[30] ਦੁਆਰੁ[31] ॥	In Lord's fear Dharamraj[30] (Righteous Judge) stands at His door[31].	ਸਾਈਂ ਦੇ ਡਰ ਵਿਚ ਧਰਮ ਰਾਜ[30] ਉਸ ਦੇ ਬੂਹੇ[31] ਤੇ ਖੜਾ ਹੈ।
ਭੈ ਵਿਚਿ ਸੂਰਜੁ[32] ਭੈ ਵਿਚਿ ਚੰਦੁ[33] ॥	In Lord's fear is restrained the sun[32] and in Lord's fear the moon[33].	ਸੁਆਮੀ ਦੇ ਡਰ ਵਿੱਚ ਹੈ ਸੂਰਜ[32] ਤੇ ਸੁਆਮੀ ਦੇ ਡਰ ਵਿੱਚ ਹੀ ਚੰਦਰਮਾ[33]।
ਕੋਹ[34] ਕਰੋੜੀ[35] ਚਲਤ[36] ਨ ਅੰਤੁ[37] ॥	They travel[36] myriads[35] of miles[34] without an end[37].	ਉਹ ਕ੍ਰੋੜਾਂ[35] ਹੀ ਮੀਲ[34] ਬਿਨਾ ਕਿਸੇ ਓੜਕ[37] ਦੇ ਤੁਰਦੇ[36] ਹਨ।
ਭੈ ਵਿਚਿ ਸਿਧ[38] ਬੁਧ[39] ਸੁਰ[40] ਨਾਥ[41] ॥	In Lord's fear are the men of miracles[38], Bhudhas[39], the demigods[40] and the Yogis[41].	ਸਾਹਿਬ ਦੇ ਡਰ ਅੰਦਰ ਹਨ ਕਰਾਮਾਤੀ[38] ਬੰਦੇ, ਬੁੱਧ[39], ਦੇਵਤੇ[40] ਅਤੇ ਯੋਗੀ[41]।
ਭੈ ਵਿਚਿ ਆਡਾਣੇ[42] ਆਕਾਸ[43] ॥	In Lord's fear is stretched[42] the sky[43].	ਸਾਹਿਬ ਦੇ ਡਰ ਅੰਦਰ ਆਸਮਾਨ[43] ਤਣਿਆ ਹੋਇਆ[42] ਹੈ।
ਭੈ ਵਿਚਿ ਜੋਧ[44] [45]ਮਹਾਬਲ[46] ਸੂਰ[47] ॥	In Lord's fear are the warriors[44] and the very[45] powerful[46] heroes[47].	ਸੁਆਮੀ ਦੇ ਡਰ ਅੰਦਰ ਹਨ ਯੋਧੇ[44] ਅਤੇ [45]ਪਰਮ-ਬਲਵਾਨ[46] ਸੂਰਮੇ[47]।
ਭੈ ਵਿਚਿ ਆਵਹਿ[48] ਜਾਵਹਿ[49] ਪੂਰ[50] ॥	In Lor'd fear multitudes[50] come[48] and go[49].	ਸਾਹਿਬ ਦੇ ਡਰ ਵਿਚ ਜਮਘਟਿਆਂ[50] ਦੇ ਜਮਘਟੇ ਆਉਂਦੇ[48] ਤੇ ਜਾਂਦੇ[49] ਹਨ।
ਸਗਲਿਆ[51] ਭਉ[52] ਲਿਖਿਆ[53] ਸਿਰਿ[54] ਲੇਖੁ[55]॥	The Lord has written[53] the writ[55] of His fear[52] on the heads[54] of all[51].	ਸੁਆਮੀ ਨੇ ਆਪਣੀ ਡਰ[52] ਦੀ ਸਾਰਿਆਂ[51] ਦੇ ਸਿਰਾਂ[54] ਉਤੇ ਲਿਖਤਾਕਾਰ[55] ਲਿਖੀ ਹੋਈ[53] ਹੈ।

ਨਾਨਕ ਨਿਰਭਉ[56] ਨਿਰੰਕਾਰੁ[57] ਸਚੁ ਏਕੁ[58] ॥ ੧॥	Nanak, the True Formless Lord[57] alone[58] is fearless[56].	ਨਾਨਕ, ਕੇਵਲ[58] ਸੱਚਾ, ਸਰੂਪ-ਰਹਿਤ ਸੁਆਮੀ[57] ਹੀ ਨਿਡਰ[56] ਹੈ।
ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ।
ਨਾਨਕ ਨਿਰਭਉ[59] ਨਿਰੰਕਾਰੁ[60] ਹੋਰਿ ਕੇਤੇ[61]ਰਾਮ ਰਾਮ ਰਵਾਲ[62] ॥	Nanak the Formless Lord[60] alone is fearless[59], and many[61] others like Ram are as dust[62] before Him.	ਨਾਨਕ, ਕੇਵਲ ਆਕਾਰ-ਰਹਿਤ ਪ੍ਰਭੂ[60]ਹੀ ਡਰ-ਰਹਿਤ[59] ਹੈ। ਰਾਮ ਵਰਗੇ ਘਣੇਰੇ[61] ਹੋਰ ਉਹਦੇ ਅੱਗੇ ਧੂੜ[62] ਵਾਂਗੂੰ ਹਨ।
ਕੇਤੀਆ[63] ਕੰਨ[64] ਕਹਾਣੀਆ[65] ਕੇਤੇ ਬੇਦ ਬੀਚਾਰ[66] ॥	Good many[63] are the stories[65] of Krishan[64] and good many the reciters[66] of Vedas.	ਬਹੁਤੀਆਂ[63] ਹਨ ਸਾਖੀਆਂ[65] ਕ੍ਰਿਸ਼ਨ[64] ਦੀਆਂ ਅਤੇ ਬਹੁਤੇ ਹੀ ਹਨ, ਵੇਦਾਂ ਨੂੰ ਵਾਚਣ ਵਾਲੇ[66]।
ਕੇਤੇ[67] ਨਚਹਿ[68] ਮੰਗਤੇ[69] ਗਿੜਿ[70] ਮੁੜਿ ਪੂਰਹਿ[71] ਤਾਲ ॥	Many[67] a beggar[69] dance[68] and, turning and bending[70] round, beat the time[71].	ਅਨੇਕਾਂ[67] ਹੀ ਭਿਖਾਰੀ[69] ਨਿਰਤਕਾਰੀ[68]ਕਰਦੇ ਹਨ ਅਤੇ ਅੱਗੇ ਪਿੱਛੇ[70] ਹੋ ਕੇ ਰਾਗ ਦੀ ਸੁਰ ਪੂਰਦੇ[71] ਹਨ।
ਬਾਜਾਰੀ[72] ਬਾਜਾਰ[73] ਮਹਿ[74] ਆਇ[75] ਕਢਹਿ[76]ਬਾਜਾਰ[77]॥	The guisers[72] come[75] in the[74] market place[73] and exhibit[76] a false show[77].	ਬਹੁ-ਰੂਪੀਏ[72] ਮੰਡੀ[73] ਵਿਚ[74] ਆਉਂਦੇ[75] ਹਨ ਅਤੇ ਝੂਠਾ ਦਿਖਾਵਾ[77] ਵਿਖਾਲਦੇ[76] ਹਨ।
ਗਾਵਹਿ[78] ਰਾਜੇ ਰਾਣੀਆ ਬੋਲਹਿ[79] ਆਲ[80]ਪਤਾਲ[81]॥	They sing[78] as Kings and queens and speak[79] of upper[80] and lower[81] regions.	ਉਹ ਪਾਤਸ਼ਾਹ ਤੇ ਰਾਣੀਆਂ ਬਣ ਕੇ ਗਾਉਂਦੇ[78] ਹਨ ਅਤੇ ਉਪਰਲੇ[80] ਤੇ ਹੇਠਲੇ[81] (ਲੋਕਾਂ) ਦੀਆਂ ਗੱਲਾਂ[79] ਕਰਦੇ ਹਨ।
ਲਖ[82] ਟਕਿਆ[83]ਕੇਮੁੰਦੜੇ[84] ਲਖ ਟਕਿਆ ਕੇ ਹਾਰ[85] ॥	They wear ear-rings[84] worth lacs[82] of rupees[83] and necklaces[85] worth lakhs.	ਉਹ ਲੱਖਾਂ[82] ਹੀ ਰੁਪਿਆਂ[83] ਦੇ ਕੰਨ-ਕੁੰਡਲ[84] ਪਹਿਨਦੇ ਹਨ ਅਤੇ ਲੱਖਾਂ ਰੁਪਿਆਂ ਦੀਆਂ ਮਾਲਾਂ[85]।
ਜਿਤੁ ਤਨਿ[86] ਪਾਈਅਹਿ[90] ਨਾਨਕਾ ਸੇ[87] ਤਨ ਹੋਵਹਿ[88] ਛਾਰ[89] ॥	The bodies[86] on which they are worn[90], O Nanak, those[87] bodies become[88] ashes[89].	ਜਿਨ੍ਹਾਂ ਸਰੀਰਾਂ[86] ਉੱਤੇ ਉਹ ਪਾਏ ਜਾਂਦੇ[90] ਹਨ, ਹੇ ਨਾਨਕ! ਉਹ[87] ਸਰੀਰ ਸੁਆਹ[89] ਹੋ ਜਾਂਦੇ ਹਨ[88]।
੪੬੫		
ਗਿਆਨੁ[90]* ਨ ਗਲੀਈ[91] ਢੂਢੀਐ[92] ਕਥਨਾ[93]ਕਰੜਾ[94] ਸਾਰੁ[95] ॥	Divine Knowledge[90]* is not sought[92] by mere words[91]. To explain[93] it is hard[94] like iron[95].	ਬ੍ਰਹਿਮ-ਬੀਚਾਰ[90]*, ਨਿਰੀਆਂ ਗੱਲਾਂ ਬਾਤਾਂ[91] ਨਾਲ ਨਹੀਂ ਲੱਭਦਾ[92], ਇਸ ਦਾ ਬਿਆਨ[93] ਕਰਨਾ ਲੋਹੇ[95] ਵਰਗਾ ਸਖ਼ਤ[94] ਹੈ।
ਕਰਮਿ[96] ਮਿਲੈ[97] ਤਾ[98] ਪਾਈਐ[99]ਹੋਰ[100]ਹਿਕਮਤਿ[2] ਹੁਕਮੁ[3] ਖੁਆਰੁ[4] ॥੨॥	If one becomes the recipient[97] of Lord's grace[96], then[98] alone he obtains[99] it. Other[100] devices[2] and orders[3] are but ruinous[4].	ਜੇਕਰ ਬੰਦਾ ਸੁਆਮੀ ਦੀ ਰਹਿਮਤ[96] ਦਾ ਪਾਤ੍ਰ[97] ਹੋ ਵੰਞੇ, ਕੇਵਲ ਤਦ[98] ਹੀ ਉਹ ਉਸ ਨੂੰ ਪ੍ਰਾਪਤ[99] ਕਰਦਾ ਹੈ। ਹੋਰਸ[100] ਤਦਬੀਰਾਂ[2] ਤੇ ਅਮਰ[3] (ਹੁਕਮ) ਨਿਰੇ ਪੁਰੇ ਤਬਾਹ ਕਰਨ ਵਾਲੇ[4] ਹਨ।
ਪਉੜੀ ॥	Pauri.	ਪਉੜੀ।
ਨਦਰਿ[5] ਕਰਹਿ[7] ਜੇ[6]	If[6] the merciful Master[8] shows[7] His	ਜ਼ੇਕਰ[6] ਮਿਹਰਬਾਨ ਮਾਲਕ[9] ਆਪਣੀ ਮਿਹਰ[5] ਧਾਰੇ[7],

ਆਪਣੀ ਤਾ[8] ਨਦਰੀ[9] ਸਤਿਗੁਰੁ ਪਾਇਆ ॥	mercy[5], then[8], is the True Guru obtained.	ਤਦ[8] ਹੀ ਸੱਚੇ ਗੁਰੂ ਜੀ ਪਾਏ ਜਾਂਦੇ ਹਨ ।
ਏਹੁ ਜੀਉ[10] ਬਹੁਤੇ[12] ਜਨਮ ਭਰੰਮਿਆ[13] ਤਾ[14] ਸਤਿਗੁਰਿ ਸਬਦੁ[15] ਸੁਣਾਇਆ[16] ॥	This soul[10] wandered[13] through many[12] births and then[14], the True Guru communicated[16] to it the Name[15].	ਇਹ ਆਤਮਾ[10] ਘਣੇਰੇ[12] ਜਨਮਾਂ ਅੰਦਰ ਭਟਕਦੀ ਫਿਰੀ[13], ਤਦ[14] ਸੱਚੇ ਗੁਰਾਂ ਨੇ ਇਸ ਨੂੰ ਨਾਮ[15] ਦਰਸਾਇਆ[16] ।
ਸਤਿਗੁਰ ਜੇਵਡੁ[17] ਦਾਤਾ[18] ਕੋ ਨਹੀ ਸਭਿ[19] ਸੁਣਿਅਹੁ ਲੋਕ[21] ਸਬਾਇਆ[20] ॥	There is no benefactor[18] so great as[17] the True Guru. Hear this, all[19], all[20], O ye people[21].	ਸੱਚੇ ਗੁਰਾਂ ਜਿੱਡਾ ਵੱਡਾ[17] ਹੋਰ ਕੋਈ ਦਾਤਾਰ[18] ਨਹੀਂ । ਇਸ ਨੂੰ ਸੁਣੋ ਤੁਸੀਂ, ਹੇ ਸਾਰੇ[19], ਸਾਰੇ[20] ਜਣਿਓ[21] ।
ਸਤਿਗੁਰਿ ਮਿਲਿਐ[22] ਸਚੁ[23] ਪਾਇਆ[30] ਜਿਨ੍ਹੀ[24] ਵਿਚਹੁ[25] ਆਪੁ[26] ਗਵਾਇਆ[27] ॥ ਜਿਨਿ ਸਚੋ ਸਚੁ[28] ਬੁਝਾਇਆ[29] ॥੪॥	By meeting[22] the Satguru, who[24] has removed[27] self-conceit[26] from within him[25] and who preaches[29] all truth[28], the True Lord[23] is attained[30].	ਸਤਿਗੁਰਾਂ ਨੂੰ ਭੇਟਣ[22] ਦੁਆਰਾ, ਜਿਨ੍ਹਾਂ[24] ਨੇ ਆਪਣੇ ਅੰਦਰੋਂ[25] ਸਵੈ-ਹੰਗਤਾ[26] ਮੇਸ ਛੱਡੀ[27] ਹੈ ਅਤੇ ਜੋ ਸਮੂਹ ਸੱਚ[28] ਨੂੰ ਪ੍ਰਚਾਰਦੇ[29] ਹਨ, ਉਹ ਸੱਚਾ ਸੁਆਮੀ[23] ਪਾਉਂਦੇ[30] ਹਨ ।
ਸਲੋਕ ਮਹਲਾ ੧ ॥	Slok Ist Guru	ਸਲੋਕ ਪਹਿਲੀ ਪਾਤਸ਼ਾਹੀ ।
ਘੜੀਆ[31] ਸਭੇ[32] ਗੋਪੀਆ[33] ਪਹਰ[34] ਕੰਨ੍[35] ਗੋਪਾਲ[36] ॥	All[32] the hours[31] are milk - maids[33] and the quarters[34] of a day are Krishans[35] and herds-men[36].	ਸਾਰੇ[32] ਘੰਟੇ[31] ਗੁਆਲਣਾਂ[33] ਹਨ ਅਤੇ ਦਿਨ ਦੇ ਚੌਥਦੀਏ[34] ਕ੍ਰਿਸ਼ਨ[35] ਅਤੇ ਵਾਗੀ[36] ਹਨ ।
ਗਹਣੇ[37] ਪਉਣੁ[38] ਪਾਣੀ[39] ਬੈਸੰਤਰੁ[40] ਚੰਦੁ[41] ਸੂਰਜੁ[42] ਅਵਤਾਰ[43] ॥	The wind[38], water[39] and the fire[40] are the ornaments[37] and the moon[41] and the sun[42] are the incarnations[43].	ਹਵਾ[38], ਜਲ[39] ਅਤੇ ਅਗਨੀ[40] ਜ਼ੇਵਰਾਤ[37] ਹਨ ਅਤੇ ਚੰਦ੍ਰਮਾ[41] ਤੇ ਸੂਰਜ[42] ਅਵਤਾਰ[43] ਹਨ ।
ਸਗਲੀ[44] ਧਰਤੀ[45] ਮਾਲੁ[46] ਧਨੁ[47] ਵਰਤਣਿ[48] ਸਰਬ[49] ਜੰਜਾਲ[50] ॥	All[44] the goods of the earth[45], property[46], wealth[47] and other things of use[48], are all[49] entanglements[50].	ਜ਼ਮੀਨ[45] ਦਾ ਸਮੂਹ[44] ਵਸਤ-ਵਲੇਵਾ ; ਜਾਇਦਾਦ[46], ਦੌਲਤ[47] ਤੇ ਵਰਤੋਂ ਦੀਆਂ ਹੋਰ ਸ਼ੈਆਂ[48] ਹਨ, ਪਰ ਇਹ ਸਾਰੇ[49] ਝਮੇਲੇ[50] ਹੀ ਹਨ ।
ਨਾਨਕ ਮੁਸੈ[51] ਗਿਆਨ[52] ਵਿਹੂਣੀ[53] ਖਾਇ ਗਇਆ[54] ਜਮ[55] ਕਾਲੁ[56] ॥੧॥	Nanak, one without[53] the Divine Knowledge[52] is plundered[51] and the Death's[56] Minister[55] devours[54] him.	ਨਾਨਕ, ਬ੍ਰਹਿਮ ਬੀਚਾਰ[52] ਤੋਂ ਸੱਖਣਾ[53] ਬੰਦਾ ਲੁੱਟਿਆ ਪੁੱਟਿਆ ਜਾਂਦਾ[51] ਹੈ ਅਤੇ ਮੌਤ[56] ਦਾ ਦੂਤ[55] ਉਸ ਨੂੰ ਨਿਗਲ ਜਾਂਦਾ[54] ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ ।
ਵਾਇਨਿ[57] ਚੇਲੇ[58] ਨਚਨਿ[59] ਗੁਰ[60] ॥	The disciples[58] play the music[57] and the preceptors[60] dance[59].	ਮੁਰੀਦ[58] ਰਾਗ ਅਲਾਪਦੇ[57] ਹਨ ਤੇ ਮੁਰਸ਼ਿਦ[60] ਨਿਰਤ-ਕਾਰੀ[59] ਕਰਦੇ ਹਨ ।
ਪੈਰ[61] ਹਲਾਇਨਿ[62] ਫੇਰਨ੍[63] ਸਿਰਿ[64] ॥	They move[62] their feet[61] and roll[63] their heads[64].	ਉਹ ਆਪਣੇ ਪੱਗ[61] (ਪੈਰ) ਹਿਲਾਉਂਦੇ[62] ਹਨ ਤੇ ਸੀਸ[64] ਘੁਮਾਉਂਦੇ[63] ਹਨ ।
ਉਡਿ ਉਡਿ[65] ਰਾਵਾ[66] ਝਾਟੈ[67] ਪਾਇ[68] ॥	Dust[66] flies[65], flies and falls[68] on their head's hair[67].	ਘਟਾ[66] ਉੱਡ[65], ਉੱਡ ਕੇ ਉਨ੍ਹਾਂ ਦੇ ਸਿਰ ਦੇ ਵਾਲਾਂ[67] ਉੱਤੇ ਪੈਂਦਾ[68] ਹੈ ।

ਵੇਖੈ[69] ਲੋਕੁ[70] ਹਸੈ[71] ਘਰਿ[72] ਜਾਇ[73] ॥

Beholding[69] them the, people[70] laugh[71] and go[73] home[72].

ਉਨ੍ਹਾਂ ਨੂੰ ਵੇਖ[69] ਕੇ ਆਦਮੀ[70] ਹਸਦੇ[71] ਹਨ ਤੇ ਘਰਾਂ[72] ਨੂੰ ਜਾਂਦੇ[73] ਹਨ ।

ਰੋਟੀਆ[74] ਕਾਰਣਿ[75] ਪੂਰਹਿ ਤਾਲ[76] ॥

For the sake of[75] bread[74] they beat the time[76].

ਟੁਕੜੇ[74] ਦੀ ਖ਼ਾਤਰ[75] ਉਹ ਸੁਰ-ਤਾਲ ਮੇਲਦੇ[76] ਹਨ ।

ਆਪੁ[77] ਪਛਾੜਹਿ[78] ਧਰਤੀ[79] ਨਾਲਿ ॥

They dash[78] themselves[77] against the ground[79].

ਉਹ ਆਪਣੇ ਆਪ[77] ਨੂੰ ਜ਼ਮੀਨ[79] ਨਾਲ ਪਟਕਾਉਂਦੇ[78] ਹਨ ।

ਗਾਵਨਿ[80] ਗੋਪੀਆ[81] ਗਾਵਨਿ ਕਾਨ੍[82] ॥

Sing[80] milk - maid[81] and sing Krishans[82].

ਗਾਉਂਦੀਆਂ[80] ਹਨ ਗੁਆਲਣਾਂ[81] ਤੇ ਗਾਉਂਦੇ ਹਨ ਕ੍ਰਿਸ਼ਨ[82] ।

ਗਾਵਨਿ ਸੀਤਾ[83] ਰਾਜੇ[84] ਰਾਮ[85] ॥

Sing Sitas[83] and sing[84] Ramas[85] and Kings.

ਸੀਤਾਵਾਂ[83], ਰਾਜੇ ਤੇ[84] ਰਾਮ ਚੰਦ੍[85] ਗਾਉਂਦੇ ਹਨ ।

ਨਿਰਭਉ[86] ਨਿਰੰਕਾਰੁ[87] ਸਚੁ ਨਾਮੁ ॥ ਜਾ ਕਾ[88] ਕੀਆ[89] ਸਗਲ[90] ਜਹਾਨੁ[91] ॥

Fearless[86] is the Formless[87] Lord, whose Name is true and whose[88] creation[89] is the whole[90] world[91].

ਡਰ-ਰਹਿਤ[86] ਹੈ ਸਰੂਪ-ਰਹਿਤ[87] ਸੁਆਮੀ, ਜਿਸ ਦਾ ਨਾਮ ਸੱਚਾ ਹੈ ਅਤੇ ਜਿਸ ਦੀ[88] ਰਚਨਾ[89] ਹੈ ਸਮੂਹ[90] ਜਗਤ[91] ।

ਸੇਵਕ[92] ਸੇਵਹਿ[93] ਕਰਮਿ[94] ਚੜਾਉ[95] ॥

The slaves[92], whose destiny[94] is awakened[95], they serve[93] their Lord.

ਜਿਨ੍ਹਾਂ ਗੋਲਿਆਂ[92] ਦੀ ਕਿਸਮਤ[94] ਜਾਗ ਉਠਦੀ[95] ਹੈ, ਉਹ ਆਪਣੇ ਸਾਹਿਬ ਦੀ ਸੇਵਾ ਕਮਾਉਂਦੇ[93] ਹਨ ।

ਭਿੰਨੀ[96] ਰੈਣਿ[97] ਜਿਨ੍ਹਾ ਮਨਿ ਚਾਉ[98] ॥

Dewy[96] (Cool) is the night[97] of those within whose mind is Lord's love[98].

ਤ੍ਰੇਉਲੀ[96] ਹੋਈ (ਠੰਡੀ ਸ਼ਾਂਤੀ) ਹੈ ਰਾਤ[97] ਉਨ੍ਹਾਂ ਦੀ, ਜਿਨ੍ਹਾਂ ਦੇ ਚਿੱਤ ਅੰਦਰ ਪ੍ਰਭੂ ਦਾ ਪ੍ਰੇਮ[98] ਹੈ ।

ਸਿਖੀ[99] ਸਿਖਿਆ[100] ਗੁਰ ਵੀਚਾਰਿ[2] ॥ ਨਦਰੀ[3] ਕਰਮਿ[4] ਲਘਾਏ[5] ਪਾਰਿ ॥

Pondering[2] over the Guru, I have learnt[100] this instruction[99], that the Merciful Master[3], through His mercy[4], ferries[5] His slaves across.

ਗੁਰਾਂ ਦਾ ਧਿਆਨ ਧਾਰ ਕੇ[2] ਮੈਂ ਇਹ ਸਿਖਮੱਤ[100]ਸਿੱਖ[99] ਲਈ ਹੈ ਕਿ ਮਿਹਰਬਾਨ ਮਾਲਕ[3] ਆਪਣੀ ਮਿਹਰ[4]ਰਾਹੀਂ ਆਪਣੇ ਗੋਲਿਆਂ ਦਾ ਪਾਰ ਉਤਾਰਾ ਕਰ ਦਿੰਦਾ[5] ਹੈ ।

ਕੋਲੂ ਚਰਖਾ ਚਕੀ ਚਕੁ[6] ॥ ਥਲ[7] ਵਾਰੋਲੇ[8] ਬਹੁਤੁ[9] ਅਨੰਤੁ[10]॥ ਲਾਟੂ ਮਾਧਾਣੀਆ ਅਨਗਾਹ[12] ॥ ਪੰਖੀ[13] ਭਉਦੀਆ[14] ਲੈਨਿ ਨ[15] ਸਾਹ ॥ ਸੂਐ[16] ਚਾੜਿ[17] ਭਵਾਈਅਹਿ[18] ਜੰਤ[19] ॥ ਨਾਨਕ ਭਉਦਿਆ[20] ਗਣਤ[21] ਨ ਅੰਤ[22] ॥

The oil-press, spinning wheel, quern potters wheel[6],and many[9]and endless[10], desert[7], whirl-winds[8]; Tops, the churning - staves and threshers[12], the breathless[15] tumblings[14] of the birds[13], and mounted[17] on the stakes[16] the beings[19] are whirled[18] round. Nanak, the tumblers[20] are countless[21] and endless[22].

ਕੋਲੂ, ਚਰਖਾ, ਚੱਕੀ, ਘੁਮਾਰ ਦਾ ਪੱਹੀਆ[6], ਮਾਰੂ ਥਲ[7] ਦੇ ਅਨੇਕਾਂ[9] ਬੇਅੰਤ[10] ਵਾਵਰੋਲੇ[8] ਲਾਟੂ, ਮਧਾਣੀਆਂ, ਫਲ੍ਹੇ[12], ਇਕ-ਸਾਹਾ[15] ਪੰਛੀਆਂ[13] ਦੀਆਂ ਲੋਟ-ਪੋਟਣੀਆਂ[14] ਅਤੇ ਸੀਖ[16] ਉਤੇ ਟੰਗ[17] ਕੇ ਜੀਵਾਂ[19] ਦਾ ਘੁਮਾਉਣਾ[18]; ਨਾਨਕ, ਘੁੱਮਣ ਵਾਲੇ[20] ਅਣਗਿਣਤ[21] ਅਤੇ ਬੇਓੜਕ[22] ਹਨ ।

ਬੰਧਨ[23] ਬੰਧਿ[24] ਭਵਾਏ[25] ਸੋਇ[26] ॥ ਪਇਐ[27]ਕਿਰਤਿ[28] ਨਚੈ[29] ਸਭੁ ਕੋਇ[30] ॥

He[26], the Lord, swings[25] around the mortals, who are bound[24] in entanglement[23]. According to the acts[28] performed[27], every[30] one dances[29].

ਜੋ ਪ੍ਰਾਣੀ ਜੰਜਾਲਾਂ[23] ਅੰਦਰ ਜਕੜੇ ਹੋਏ[24] ਹਨ ਉਨ੍ਹਾਂ ਨੂੰ ਉਹ[26] ਸਾਹਿਬ ਭੁਆਟਣੀਆਂ[25] ਦਿੰਦਾ ਹੈ । ਕੀਤੇ ਹੋਏ[27] ਕਰਮਾਂ[28] ਅਨੁਸਾਰ ਹਰ ਕੋਈ[30] ਨੱਚਦਾ[29] ਹੈ ।

ਨਚਿ[31] ਨਚਿ ਹਸਹਿ[32] [33]ਚਲਹਿ ਸੇ[34] ਰੋਇ[35] ॥

They[34], who dance[31], dance and laugh[32], shall weep[35] on their departure[33].

ਜੋ ਨੱਚਦੇ[31], ਨੱਚਦੇ ਹਸਦੇ[32] ਹਨ, ਉਹ[34] ਤੁਰਨ[33] (ਮੌਤ) ਵੇਲੇ ਰੋਂਦੇ[35] ਹਨ ।

ਉਡਿ ਨ ਜਾਹੀ[36] ਸਿਧ[37] ਨ ਹੋਹਿ[38] ॥

They fly not to the sky[36] thereby, nor do they become[38] adepts[37].

ਇਸ ਦੁਆਰਾ ਉਹ ਆਸਮਾਨੀ ਨਹੀਂ ਚੜ੍ਹਦੇ[36] ਤੇ ਨਾ ਹੀ ਪੂਰਨ ਪੁਰਸ਼[37] ਬਣਦੇ[38] ਹਨ ।

ਨਚਣੁ ਕੁਦਣੁ[39] ਮਨ ਕਾ ਚਾਉ[40] ॥

Dancing and leaping[39] are mind's yearnings[40].

ਨੱਚਣਾ ਅਤੇ ਕੁੱਦਣਾ[39] ਚਿੱਤ ਦੀਆਂ ਉਮੰਗਾਂ[40] ਹਨ ।

ਨਾਨਕ ਜਿਨ੍ਹ ਮਨਿ[42] ਭਉ[41] ਤਿਨ੍ਹਾ[43] ਮਨਿ ਭਾਉ[44] ॥੨॥

Nanak, those who have God's fear[41] in their mind[42], in their mind[43] is His love[44] as well.

ਨਾਨਕ, ਜਿਨ੍ਹਾਂ ਦੇ ਹਿਰਦੇ[42] ਅੰਦਰ ਵਾਹਿਗੁਰੂ ਦਾ ਡਰ[41] ਹੈ, ਉਨ੍ਹਾਂ[43] ਦੇ ਹਿਰਦੇ ਅੰਦਰ ਹੀ ਉਸ ਦਾ ਪ੍ਰੇਮ[44] ਹੈ ।

ਪਉੜੀ ॥

Pauri.

ਪਉੜੀ ।

ਨਾਉ ਤੇਰਾ ਨਿਰੰਕਾਰੁ[45] ਹੈ ਨਾਇ ਲਇਐ[46] ਨਰਕਿ[47] ਨ ਜਾਈਐ ॥

Thy Name is the Formless[45] Lord and by repeating[46] Thy Name man goes not to hell[47].

(ਹੇ ਵਾਹਿਗੁਰੂ) ਤੇਰਾ ਨਾਮ ਸਰੂਪ-ਰਹਿਤ[45] ਸੁਆਮੀ ਹੈ । ਤੇਰਾ ਨਾਮ ਲੈਣ ਦੁਆਰਾ[46] ਬੰਦਾ ਦੋਜ਼ਕ[47] ਨੂੰ ਨਹੀਂ ਜਾਂਦਾ ।

ਜੀਉ[48] ਪਿੰਡੁ[49] ਸਭ ਤਿਸਦਾ[50] ਦੇ[51] ਖਾਜੈ[52] ਆਖਿ[53] ਗਵਾਈਐ[54] ॥

The soul[48] and body[49] are all His[50]; the man eats[52] what He gives[51], and to say[53] aught else is to waste[54] words.

ਆਤਮਾ[48] ਤੇ ਦੇਹ[49] ਸਾਰੇ ਉਸੇ ਦੇ ਹਨ, ਜੋ ਕੁੱਛ ਉਹ[50] ਦਿੰਦਾ[51] ਹੈ, ਬੰਦਾ ਉਹੀ ਕੁੱਛ ਖਾਂਦਾ[52] ਹੈ । ਕੁਝ ਹੋਰ ਕਹਿਣਾ[53], ਬੇਅਰਥ[54] ਹੈ ।

ਜੇ[55] ਲੋੜਹਿ[56] ਚੰਗਾ[57] ਆਪਣਾ ਕਰਿ ਪੁੰਨਹੁ[58] ਨੀਚੁ[59] ਸਦਾਈਐ[60] ॥

If[56] thou desirest[56] thy good[57], O man, perform virtuous deeds[58] and feel[60] lowly[59].

ਜੇਕਰ[56] ਤੂੰ ਆਪਣਾ ਭਲਾ[57] ਚਾਹੁੰਦਾ[56] ਹੈਂ, ਹੇ ਬੰਦੇ ! ਨੇਕ ਕਰਮ[58] ਕਰ ਅਤੇ ਨੀਵਾਂ[59] ਅਖਵਾ[60] ।

ਜੇ[61] [62]ਜਰਵਾਣਾ[63] ਪਰਹਰੈ[64] ਜਰੁ[65] ਵੇਸ[66] ਕਰੇਦੀ ਆਈਐ[67] ॥

If[61] thou remove[64] the signs[63] of old-age[62], the old age[65] shall come[67] to thee in the guise[66] (of death etc).

ਜੇਕਰ[61] ਤੂੰ ਬੁਢੇਪੇ[62] ਦੇ ਚਿੰਨ੍ਹ[63] ਹਟਾ ਲਵੇਂ[64] ਤਾਂ ਬੁਢੇਪਾ[65] ਤੈਨੂੰ ਕਿਸੇ ਬਦਲੇ ਲਿਬਾਸ[66] ਵਿਚ ਆ ਟੱਕਰੂਗਾ[67], (ਜਿਵੇਂ ਮੌਤ ਆਦਿ) ।

ਕੋ ਰਹੈ ਨ ਭਰੀਐ[68] ਪਾਈਐ[69] ॥੫॥

None remains here when his measure[69] (of breaths) is full[68].

ਜਦ ਬੰਦੇ ਦੀ (ਸਵਾਸਾਂ ਰੂਪੀ) ਪੜੋਪੀ[69] ਭਰ[68] ਜਾਂਦੀ ਹੈ, ਤਾਂ ਕੋਈ ਭੀ ਏਥੇ ਨਹੀਂ ਰਹਿੰਦਾ ।

ਸਲੋਕ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਸ਼ਾਹੀ ।

ਮੁਸਲਮਾਨਾ ਸਿਫਤਿ[70] ਸਰੀਅਤਿ[71] ਪੜਿ ਪੜਿ[72] ਕਰਹਿ ਬੀਚਾਰੁ[73] ॥

The Muslims praise[70] the Islamic law[71] and they read[72] and reflect[73] upon it.

ਮੁਸਲਮਾਨ ਇਸਲਾਮੀ ਕਾਨੂੰਨ[71] ਦੀ ਤਾਰੀਫ਼ ਕਰਦੇ[70] ਹਨ ਤੇ ਇਸ ਨੂੰ ਵਾਚਦੇ[72] ਅਤੇ ਵੀਚਾਰਦੇ[73] ਹਨ ।

ਬੰਦੇ[74] ਸੇ[75] ਜਿ[76] ਪਵਹਿ[77] ਵਿਚਿ[78] ਬੰਦੀ[79] ਵੇਖਣ[80] ਕਉ ਦੀਦਾਰੁ[81] ॥

According to them the Lord's servants[74] are only they[75], who[76] fall[77] in[78] captivity[79] (of orthodoxy of Islamic law) to see[80] His sight[81].

ਉਹਨਾਂ ਅਨੁਸਾਰ ਖ਼ੁਦਾ ਦੇ ਸੇਵਕ[74] ਉਹ[75] ਹਨ ਜੋ[76] ਉਸ ਦਾ ਦਰਸ਼ਨ[81] ਦੇਖਣ[80] ਦੀ ਖ਼ਾਤਰ ਸ਼ਰ੍ਹਾ ਦੀ ਕੈਦ[79] ਅੰਦਰ[78] ਪੈ ਜਾਂਦੇ[77] ਹਨ ।

ਹਿੰਦੂ ਸਾਲਾਹੀ[82] ਸਾਲਾਹਨਿ[83] ਦਰਸਨਿ[84] ਰੂਪਿ[85] ਅਪਾਰੁ[86] ॥

The Hindus praise[83] the Praiseworthy God[82], when they see[84] in many a beauteous form[85].

ਹਿੰਦੂ ਵਡਿਆਏ ਹੋਏ ਪੁਰਖ[82] (ਹਰੀ) ਦੀ ਵਡਿਆਈ ਕਰਦੇ[83] ਹਨ, ਜਿਸ ਦਾ ਦੀਦਾਰ[84] ਤੇ ਸੁੰਦਰਤਾ[85] ਬੇ-ਮਿਸਾਲ ਹਨ ।

ਤੀਰਥਿ[87] ਨਾਵਹਿ[88]ਅਰਚਾ[89] ਪੂਜਾ[90] ਅਗਰ[91] ਵਾਸੁ[92] ਬਹਕਾਰੁ[93] ॥

They bathe[88] at holy places[87], make flower[89]-offerings[90] and spread[93] the perfume[92] of eagle-wood[91] before idols.

ਉਹ ਧਰਮ ਅਸਥਾਨਾਂ[87] ਉੱਤੇ ਨ੍ਹਾਉਂਦੇ[88] ਹਨ, ਬੁੱਤਾਂ ਮੂਹਰੇ ਫੁੱਲਾਂ[89] ਦੀ ਉਪਾਸ਼ਨਾ[90] ਕਰਦੇ ਹਨ ਅਤੇ ਊਦ ਦੀ ਲਕੜੀ[91] ਦੀ ਸੁਗੰਧੀ[92] ਖਿਲਾਰਦੇ[93] ਹਨ ।

੪੬੬

ਜੋਗੀ ਸੁੰਨਿ[94] ਧਿਆਵਨ੍ਹਿ[95] ਜੇਤੇ[96] ਅਲਖ[97] ਨਾਮੁ[98] ਕਰਤਾਰੁ[99] ॥

The Yogis, that there[96] are, meditate[95] on the Absolute Lord[94] and name[98] the Creator[99] as 'Unseen[97]'.

ਯੋਗੀ, ਜਿੰਨੇ ਭੀ[96] ਹਨ, ਨਿਰਗੁਣ ਸੁਆਮੀ[94] ਦਾ ਸਿਮਰਨ ਕਰਦੇ[95] ਹਨ ਅਤੇ ਸਿਰਜਣਹਾਰ[99] ਨੂੰ 'ਅਦ੍ਰਿਸ਼ਟ[97]' ਦਾ ਨਾਮ[98] ਦਿੰਦੇ ਹਨ ।

ਸੂਖਮ[100] ਮੂਰਤਿ[2] ਨਾਮੁ ਨਿਰੰਜਨ[3] ਕਾਇਆ[4] ਕਾ[5] ਆਕਾਰੁ[6] ॥

But to the Lord of minute[100] (form less) personality[2] and of the immaculate[3] Name, they give the form[6] of[5] a body[4].

ਪ੍ਰੰਤੂ, ਮਹੀਨ[100] (ਆਕਾਰ-ਰਹਿਤ) ਵਿਅਕਤੀ[2] ਵਾਲੇ ਅਤੇ ਪਵਿੱਤ੍ਰ[3] ਨਾਮ ਵਾਲੇ ਸਾਹਿਬ ਨੂੰ ਉਹ ਸਰੀਰ[4] ਦਾ[5] ਸਰੂਪ[6] ਦਿੰਦੇ ਹਨ ।

ਸਤੀਆ[7] ਮਨਿ ਸੰਤੋਖੁ[8] ਉਪਜੈ[9] ਦੇਣੈ[10] ਕੈ ਵੀਚਾਰਿ[12] ॥

In the mind of the generous[7], contentment[8] is produced[9] and they think[12] of giving[10] (in charity).

ਦਾਨੀਆਂ[7] ਦੇ ਚਿੱਤ ਅੰਦਰ ਸੰਤੁਸ਼ਟਤਾ[8] ਉਤਪੰਨ ਹੋ ਜਾਂਦੀ[9] ਹੈ । ਉਹ ਦਾਨ ਦੇਣ ਬਾਰੇ[10] ਸੋਚਦੇ[12] ਹਨ ।

ਦੇ ਦੇ ਮੰਗਹਿ[13] ਸਤਾਸਾ[14] ਗੁਣਾ[15] ਸੋਭ[16]ਕਰੇ ਸੰਸਾਰੁ[17]॥

They give and ask[13] in turn. a thousand[14] times[15] more hereafter and wish the world[17] to honour[16] them.

ਪ੍ਰੰਤੂ, ਦਿੱਤੇ ਦਾਨ ਦੇ ਬਦਲੇ ਵਿੱਚ ਹਜ਼ਾਰਾਂ[14] ਗੁਣਾ[15] ਮੰਗਦੇ[13] ਹਨ ਅਤੇ ਚਾਹੁੰਦੇ ਹਨ ਕਿ ਜਗਤ[17] ਉਨ੍ਹਾਂ ਦੀ ਸੋਭਾ ਕਰੇ[16] ।

ਚੋਰਾ[18] ਜਾਰਾ[19] ਤੈ[20] ਕੂੜਿਆਰਾ[21] ਖਾਰਾਬਾ[22] ਵੇਕਾਰ[23] ॥

The thieves[18], adulterers[19], perjurers[21] evil-doers[22] and[20] sinners[23],

ਤਸਕਰ[18], ਜਨਾਹੀ[19], ਝੂਠੇ[21], ਕੁਕਰਮੀ[22] ਅਤੇ[20] ਪਾਪੀ[23] ;

ਇਕਿ[24] ਹੋਦਾ[25] ਖਾਇ[26] ਚਲਹਿ[27] ਐਥਾਊ[28] ਤਿਨਾ[29] ਭਿ ਕਾਈ[30] ਕਾਰ[31] ॥

Like the above, depart[27] after eating[26] here[28], what they had[25]. Have they[29] thus done any[30] good deed[31] ?

ਉਪਰਲਿਆਂ ਵਰਗੇ, ਕਈ[24] ਜੋ ਕੁਛ ਉਨ੍ਹਾਂ ਕੋਲ[25] ਸੀ ਏਥੇ[28] ਖਾ ਕੇ[26] ਟੁਰ ਜਾਂਦੇ[27] ਹਨ । ਕੀ ਉਨ੍ਹਾਂ[29] ਨੇ ਭੀ ਕੋਈ[30] ਚੰਗਾ ਕੰਮ[31] ਕੀਤਾ ਹੈ ?

ਜਲਿ[32] ਥਲਿ[33] ਜੀਆ[34] ਪੁਰੀਆ[35] ਲੋਆ[36]ਆਕਾਰਾ[37] ਆਕਾਰ[38] ॥

There are beings[34] in water[32], on land[33], in the worlds[35], in the universes[36] and in the germs[37] and microbes[38].

ਪਾਣੀ[32]- ਵਿਚ, ਜ਼ਮੀਨ[33] ਉਤੇ, ਜਹਾਨਾਂ[35] ਅੰਦਰ, ਹੋਰ ਆਲਮਾਂ[36] ਵਿਚ ਅਤੇ ਸਰੂਪਾਂ ਦੇ ਅੰਦਰਲੇ ਜਰਾਸੀਮਾਂ[37] ਦੇ ਅੰਦਰ ਜੀਵ[34] ਹਨ ।

ਓਇ[39] ਜਿ[40] ਆਖਹਿ[41] ਸੁ[42] ਤੂੰ ਹੈ ਜਾਣਹਿ[43] ਤਿਨਾ ਭਿ ਤੇਰੀ ਸਾਰ[44] ॥

What[40] they[39] say[41], that[42] thou knowest[43] and for them, too, Thou carest[44].

ਜੋ ਕੁਛ[40] ਉਹ[39] ਕਹਿੰਦੇ[41] ਹਨ, ਉਸ[42] ਨੂੰ ਵਾਹਿਗੁਰੂ ਤੂੰ ਜਾਣਦਾ[43] ਹੈਂ । ਉਨ੍ਹਾਂ ਦੀ ਖ਼ਬਰਦਾਰੀ[44] ਭੀ ਤੂੰ ਹੀ ਕਰਦਾ ਹੈਂ ।

ਨਾਨਕ ਭਗਤਾ[45] ਭੁਖ[46] ਸਾਲਾਹਣੁ[47] ਸਚੁ ਨਾਮੁ ਆਧਾਰੁ[48] ॥

But, the saints[45], O Nanak, hunger[46] to praise[47] Thee, O Lord, and the True Name is their mainstay[48].

ਪ੍ਰੰਤੂ, ਸੰਤ[45] ਜਨ, ਹੇ ਨਾਨਕ, ਤੇਰੀ ਸਿਫ਼ਤ[47] ਕਰਨ ਦੇ ਭੁੱਖੇ[46] ਹਨ, ਅਤੇ ਸੱਚਾ ਨਾਮ ਉਨ੍ਹਾਂ ਦਾ ਆਸਰਾ[48] ਹੈ ।

ਸਦਾ[49] ਅਨੰਦਿ[50] ਰਹਹਿ[51]
ਦਿਨੁ ਰਾਤੀ ਗੁਣ[52]ਵੰਤਿਆ[53]
ਪਾ ਛਾਰੁ[54] ॥੧॥

The eternal[49] beatitude[50], they abide[51], day and night, and they are the dust[54] of the feet[53] of the virtuous[52].

ਸਦੀਵੀ ਸਥਿਰ[49] ਪ੍ਰਸੰਨਤਾ[50] ਅੰਦਰ ਉਹ ਦਿਹੁੰ ਰੈਣ ਵਿਚਰਦੇ[51] ਹਨ। ਉਹ ਗੁਣਵਾਨ[52] ਬੰਦਿਆਂ ਦੇ ਪੈਰਾ[53] ਦੀ ਧੂੜ[54] ਹਨ।

ਮਹਲਾ ੧ ॥

Ist Guru.

ਪਹਿਲੀ ਪਾਤਸ਼ਾਹੀ।

ਮਿਟੀ[49] ਮੁਸਲਮਾਨ ਕੀ
ਪੇੜੈ[50]ਪਈ[51]ਕੁਮ੍ਹਿਆਰ[52] ॥
ਘੜਿ[53] ਭਾਂਡੇ[54] ਇਟਾ[55]
ਕੀਆ[56] ਜਲਦੀ[57] ਕਰੇ
ਪੁਕਾਰ[58] ॥
ਜਲਿ[59] ਜਲਿ ਰੋਵੈ[60]ਬਪੁੜੀ[61]
ਝੜਿ ਝੜਿ ਪਵਹਿ[62]
ਅੰਗਿਆਰ[64] ॥
ਨਾਨਕ ਜਿਨਿ ਕਰਤੈ[65]
ਕਾਰਣੁ[66] ਕੀਆ[67] ਸੋ ਜਾਣੈ
ਕਰਤਾਰੁ[68] ॥੨॥

The clay[49] of a muslim (in the grave after death) falls[51] into the potter's[52] clod[50].
From it vessels[54] are fashioned[53] and bricks[55] made[56] and it cries[58] out as it burns[57].
The poor[61] clay burns[59], burns and weeps[60] and the fiery coals[64] continually fall[62] from it.
Nanak, God[68], the Creator[65], who made[67] the world[66], alone knows, whether it is better to burn or bury.

ਮੁਸਲਮਾਨ ਦੀ ਕਬਰ ਦੀ ਮਿੱਟੀ[49] ਘੁਮਾਰ[52] ਦੇ ਪਿੰਨੇ[50] ਵਿਚ ਪੈਂਦੀ[51] ਹੈ।
ਇਸ ਤੋਂ ਬਰਤਨ[54] ਬਣਾਏ ਜਾਂਦੇ[53] ਹਨ ਤੇ ਇੱਟਾਂ[55] ਘੜੀਆਂ[56] ਜਾਂਦੀਆਂ ਹਨ। ਸੜਦੀ ਹੋਈ[57] ਇਹ ਚੀਕ-ਚਿਹਾੜਾ ਪਾਉਂਦੀ[58] ਹੈ।
ਗ਼ਰੀਬ[61] ਮਿੱਟੀ ਮੱਚਦੀ[59], ਮੱਚਦੀ ਅਤੇ ਰੋਂਦੀ[60]ਹੈ ਅਤੇ ਸੜਦੇ ਹੋਏ ਕੋਲੇ[64] ਇਸ ਤੋਂ ਡਿੱਗ ਡਿੱਗ ਪੈਂਦੇ[62] ਹਨ।
ਨਾਨਕ, ਕੇਵਲ ਵਾਹਿਗੁਰੂ[68],ਸਿਰਜਨਹਾਰ[65] ਹੀ, ਜਿਸ ਨੇ ਸੰਸਾਰ[66] ਸਾਜਿਆ[67] ਹੈ, ਜਾਣਦਾ ਹੈ ਕਿ ਸਾੜਨਾ ਚੰਗਾ ਹੈ ਜਾਂ ਦੱਬਣਾ।

ਪਉੜੀ ॥

Pauri.

ਪਉੜੀ।

ਬਿਨੁ[69] ਸਤਿਗੁਰ ਕਿਨੈ ਨ
ਪਾਇਓ[70] ਬਿਨੁ ਸਤਿਗੁਰ
ਕਿਨੈ ਨ ਪਾਇਆ ॥

Without[69] the True Guru none has obtained[70] the Lord; without the True Guru, none has obtained the Lord.

ਸੱਚੇ ਗੁਰਾਂ ਦੇ ਬਗੈਰ[69] ਕਿਸੇ ਨੂੰ ਭੀ ਪ੍ਰਭੂ ਪ੍ਰਾਪਤ[70]ਨਹੀਂ ਹੋਇਆ, ਸੱਚੇ ਗੁਰਾਂ ਦੇ ਬਗੈਰ ਕਿਸੇ ਨੂੰ ਭੀ ਪ੍ਰਭੂ ਪ੍ਰਾਪਤ ਨਹੀਂ ਹੋਇਆ।

ਸਤਿਗੁਰ ਵਿਚਿ[70] ਆਪੁ[71]
ਰਖਿਓਨੁ[72] ਕਰਿ ਪਰਗਟੁ[73]
ਆਖਿ ਸੁਣਾਇਆ[74] ॥
ਸਤਿਗੁਰ ਮਿਲਿਐ[75] ਸਦਾ[76]
ਮੁਕਤੁ[77] ਹੈ ਜਿਨਿ ਵਿਚਹੁ
ਮੋਹੁ[78] ਚੁਕਾਇਆ[79] ॥

In[70] the True Guru, the Lord has placed[72] Himself[71], and I openly declare[73] and proclaim[74] it.
Salvation[77] is obtained for aye[76], by meeting[75] the True Guru, who has banished[79] worldly attachment[78] from within him.

ਸੱਚੇ ਗੁਰਾਂ ਅੰਦਰ[70*] ਪ੍ਰਭੂ ਨੇ ਆਪਣੇ ਆਪ ਨੂੰ[71] ਅਸਥਾਪਨ ਕੀਤਾ[72] ਹੈ। ਮੈਂ ਇਹ ਜ਼ਾਹਿਰਾ ਤੌਰ ਤੇ[73], ਪੁਕਾਰ ਕੇ ਆਖਦਾ[74] ਹਾਂ।
ਸੱਚੇ ਗੁਰੂ, ਜਿਨ੍ਹਾਂ ਨੇ ਆਪਣੇ ਅੰਦਰੋਂ ਸੰਸਾਰੀ ਮਮਤਾ[78] ਦੂਰ ਕੀਤੀ[79] ਹੈ, ਨੂੰ ਭੇਟਣ ਦੁਆਰਾ[75], ਹਮੇਸ਼ਾ[76] ਲਈ ਕਲਿਆਣ[77] ਹੋ ਜਾਂਦੀ ਹੈ।

ਉਤਮੁ[80] ਏਹੁ ਬੀਚਾਰੁ[81] ਹੈ
ਜਿਨਿ[82] ਸਚੇ[83] ਸਿਉ[84]
ਚਿਤੁ[85] ਲਾਇਆ[86] ॥
ਜਗ[87] ਜੀਵਨੁ[88] ਦਾਤਾ[89]
ਪਾਇਆ[90] ॥੬॥

The excellent[80] idea[81] (theme) is this that[82] one attaches[86] one's mind[85] to[84] the True Lord[83].
Like this, one attains[90] the Beneficient Lord[89], the Life[88] of the world[87].

ਸ੍ਰੇਸ਼ਟ[80] ਖਿਆਲ[81] ਇਹ ਹੈ ਕਿ[82] ਇਨਸਾਨ ਆਪਣੇ ਮਨ[85] ਨੂੰ ਸੱਚੇ ਸੁਆਮੀ[83] ਨਾਲ[84] ਜੋੜ ਲਵੇ[86]।
ਇਸ ਤਰ੍ਹਾਂ ਉਹ ਜਗਤ[87] ਦੀ ਜਿੰਦ-ਜਾਨ[88] ਦਾਤਾਰ ਸੁਆਮੀ[89] ਨੂੰ ਪਾ ਲੈਂਦਾ[90] ਹੈ।

ਸਲੋਕ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਸ਼ਾਹੀ।

ਹਉ[91] ਵਿਚਿ[94] ਆਇਆ[92]
ਹਉ ਵਿਚਿ ਗਇਆ[93] ॥

In[94] pride[91] man comes[92], in pride he departs[93].

ਹੰਕਾਰ[91] ਅੰਦਰ[94] ਬੰਦਾ ਆਉਂਦਾ[92] ਹੈ। ਹੰਕਾਰ ਅੰਦਰ ਹੀ ਉਹ ਚਲਿਆ ਜਾਂਦਾ[93] ਹੈ।

ਹਉ ਵਿਚਿ ਜੰਮਿਆ ਹਉ ਵਿਚਿ ਮੁਆ[96] ॥	In pride he is born[95], in pride he dies[96].	ਹੰਕਾਰ ਅੰਦਰ ਉਹ ਜੰਮਦਾ[95] ਹੈ, ਹੰਕਾਰ ਅੰਦਰ ਹੀ ਉਹ ਮਰ ਜਾਂਦਾ[96] ਹੈ ।
ਹਉ ਵਿਚਿ ਦਿਤਾ[97] ਹਉ ਵਿਚਿ ਲਇਆ[98] ॥	In pride he gives[97], in pride he takes[98].	ਹੰਕਾਰ ਅੰਦਰ ਉਹ ਦਿੰਦਾ[97] ਹੈ, ਹੰਕਾਰ ਵਿਚ ਹੀ ਉਹ ਲੈਂਦਾ[98] ਹੈ ।
ਹਉ ਵਿਚਿ ਖਟਿਆ[99] ਹਉ ਵਿਚਿ ਗਇਆ[100] ॥	In pride he earns[99], in prlde he loses[100].	ਹੰਕਾਰ ਅੰਦਰ ਉਹ ਕਮਾਉਂਦਾ[99] ਹੈ, ਹੰਕਾਰ ਅੰਦਰ ਹੀ ਉਹ ਗੁਆ ਲੈਂਦਾ[100] ਹੈ ।
ਹਉ ਵਿਚਿ ਸਚਿਆਰੁ[2] ਕੂੜਿਆਰੁ[3] ॥	In pride he becomes true[2] or false[3].	ਹੰਕਾਰ ਅੰਦਰ ਉਹ ਸੱਚਾ[2] ਜਾਂ ਝੂਠਾ[3] ਹੋ ਜਾਂਦਾ ਹੈ ।
ਹਉ ਵਿਚਿ ਪਾਪ[4] ਪੁੰਨ[5] ਵੀਚਾਰੁ[6] ॥	In pride he reflects[6] on virtue[5] or vice[4].	ਹੰਕਾਰ ਅੰਦਰ ਉਹ ਨੇਕੀ[5] ਜਾਂ ਬਦੀ[4] ਨੂੰ ਸੋਚਦਾ[6] ਹੈ ।
ਹਉ ਵਿਚਿ ਨਰਕਿ[7] ਸੁਰਗਿ[8] ਅਵਤਾਰੁ[9] ॥	In pride he falls[9] in hell[7] or heaven[8].	ਹੰਕਾਰ ਅੰਦਰ ਉਹ ਦੋਜ਼ਕ[7] ਜਾਂ ਬਹਿਸ਼ਤ[8] ਵਿਚ ਪੈਂਦਾ[9] ਹੈ ।
ਹਉ ਵਿਚਿ ਹਸੈ[10] ਹਉ ਵਿਚਿ ਰੋਵੈ[12] ॥	In pride he laughs[10], in pride he weeps[12].	ਹੰਕਾਰ ਅੰਦਰ ਉਹ ਹਸਦਾ[10] ਹੈ, ਹੰਕਾਰ ਅੰਦਰ ਉਹ ਰੋਂਦਾ[12] ਹੈ ।
ਹਉ ਵਿਚਿ ਭਰੀਐ[13] ਹਉ ਵਿਚਿ ਧੋਵੈ[14] ॥	In pride he is soiled[13], in pride he is washed off[14].	ਹੰਕਾਰ ਅੰਦਰ ਉਹ ਲਿਬੜਦਾ[13] ਹੈ, ਹੰਕਾਰ ਅੰਦਰ ਉਹ ਧੋਤਾ ਜਾਂਦਾ[14] ਹੈ ।
ਹਉ ਵਿਚਿ ਜਾਤੀ[15]ਜਿਨਸੀ[16] ਖੋਵੈ[17] ॥	In pride, he loses[17] he castes[15] and kind[16].	ਹੰਕਾਰ ਅੰਦਰ ਉਹ ਆਪਣੀ ਜਾਤ[15] ਤੇ ਵੰਨਗੀ[16] ਵੰਞਾ ਲੈਂਦਾ[17] ਹੈ ।
ਹਉ ਵਿਚਿ ਮੂਰਖੁ[18] ਹਉ ਵਿਚਿ ਸਿਆਣਾ[19] ॥	In pride, he is ignorant[18], in pride he is wise[19].	ਹੰਕਾਰ ਅੰਦਰ ਉਹ ਬੇਸਮਝ[18] ਹੁੰਦਾ ਹੈ ਤੇ ਹੰਕਾਰ ਅੰਦਰ ਹੀ ਅਕਲਮੰਦ[19] ।
ਮੋਖ[20] ਮੁਕਤਿ[21] ਕੀ ਸਾਰ[22] ਨ ਜਾਣਾ ॥	He knows not the worth[22] of salvation[20] and emancipation[21].	ਉਹ ਮੋਖ਼ਸ਼[20] ਅਤੇ ਕਲਿਆਣ[21] ਦੀ ਕਦਰ[22] ਨੂੰ ਨਹੀਂ ਜਾਣਦਾ ।
ਹਉ ਵਿਚਿ ਮਾਇਆ[23] ਹਉ ਵਿਚਿ ਛਾਇਆ[24] ॥	In pride he loves mammon[23] and in pride he is shadowed[24] by it.	ਹੰਕਾਰ ਅੰਦਰ ਹੀ ਮੋਹਨੀ[23]ਮਾਇਆ ਹੈ ਅਤੇ ਹੰਕਾਰ ਅੰਦਰ ਹੀ ਉਹ ਇਸ ਦੀ ਛਾਂ (ਪ੍ਰਭਾਵ) ਹੇਠਾਂ ਆ ਜਾਂਦਾ[24] ਹੈ ।
ਹਉਮੈ ਕਰਿ ਕਰਿ[25] ਜੰਤ[26] ਉਪਾਇਆ[27] ॥	By taking[25] pride the beings[26] are created[27].	ਹੰਕਾਰ ਕਰਨ ਕਰਕੇ[25] ਜੀਵ[26] ਰਚੇ ਜਾਂਦੇ[27] ਹਨ ।
ਹਉਮੈ ਬੂਝੈ[31] ਤਾ[28] ਦਰੁ[29] ਸੂਝੈ[30] ॥	If ego is stilled[31], then[28] is the God's gate[29] seen[30].	ਜੇਕਰ ਹੰਗਤਾ ਨਵਿਰਤ[31] ਹੋ ਜਾਵੇ, ਤਦ[28] ਹੀ, ਸਾਹਿਬ ਦਾ ਬੂਹਾ[29] ਦਿਸਦਾ[30] ਹੈ ।
ਗਿਆਨ[32] ਵਿਹੂਣਾ[33] ਕਥਿ ਕਥਿ[34] ਲੂਝੈ[35] ॥	Without[33] divine knowledge[32] man prattles, prattles[34] and wrangles[35].	ਰੱਬੀ-ਗਿਆਤ[32] ਦੇ ਬਾਝੋਂ[33] ਬੰਦਾ, ਬਕਦਾ-ਬੋਲਦਾ[34] ਅਤੇ ਝਗੜਦਾ[35] ਹੈ ।
ਨਾਨਕ ਹੁਕਮੀ[36] ਲਿਖੀਐ[37] ਲੇਖੁ[38] ॥	Nanak, by Lord's order[36] the destiny[38] is recorded[37].	ਨਾਨਕ, ਸਾਂਈਂ ਦੇ ਹੁਕਮ[36] ਦੁਆਰਾ ਕਿਸਮਤ[38] ਲਿਖੀ ਜਾਂਦੀ[37] ਹੈ ।
ਜੇਹਾ[39] ਵੇਖਹਿ[40] ਤੇਹਾ[41] ਵੇਖੁ ॥੧॥	As[39] men see[40] Themselves, so God[41] does see Them.	ਜਿਸ ਤਰ੍ਹਾਂ[39] ਬੰਦੇ ਰੱਬ ਨੂੰ ਦੇਖਦੇ[40] ਹਨ, ਉਸੇ ਤਰ੍ਹਾਂ[41] ਹੀ ਰੱਬ ਉਹਨਾਂ ਨੂੰ ਦੇਖਦਾ ਹੈ ।

ਮਹਲਾ ੨ ॥	2nd Guru.	ਦੂਜੀ ਪਾਤਸ਼ਾਹੀ ।
ਹਉਮੈ[42] ਏਹਾ ਜਾਤਿ[43] ਹੈ ਹਉਮੈ ਕਰਮ[44] ਕਮਾਹਿ[45] ॥	The nature[43] of ego[42] is this, that man goes about[45] his business[44] in pride.	ਹੰਕਾਰ[42] ਦੀ ਖ਼ਸਲਤ[43] ਇਹ ਹੈ ਕਿ ਆਦਮੀ ਹੰਕਾਰ ਅੰਦਰ ਆਪਣਾ ਕਾਰ-ਵਿਹਾਰ[44] ਕਰਦਾ[45] ਹੈ ।
ਹਉਮੈ ਏਈ[46] ਬੰਧਨਾ[47] ਫਿਰਿ ਫਿਰਿ[48] ਜੋਨੀ[49] ਪਾਹਿ[50] ॥	The trammel[47] of ego is this[46] that man, again and again[48], enters[50] into existences[49].	ਹੰਗਤਾ ਦਾ ਏਹੀ[46]ਫੰਧਾ[47] ਹੈ, ਕਿ ਇਨਸਾਨ ਮੁੜ ਮੁੜ[48] ਜੂਨੀਆਂ[49] ਅੰਦਰ ਪੈਂਦਾ[50] ਹੈ ।
ਹਉਮੈ ਕਿਥਹੁ ਊਪਜੈ[51] ਕਿਤੁ[52] ਸੰਜਮਿ[53] ਇਹ ਜਾਇ[54] ॥	where is the ego born[51] from and by what[52] way[53] is it removed[54] ?	ਹਉਰ ਕਿਥੋਂ ਪੈਦਾ[51] ਹੁੰਦਾ ਹੈ ਅਤੇ ਕਿਸ[52] ਜੁਗਤੀ ਦੁਆਰਾ[53] ਇਹ ਦੂਰ ਹੁੰਦਾ[54] ਹੈ ?
ਹਉਮੈ[55] ਏਹੋ[56] ਹੁਕਮੁ[57] ਹੈ ਪਇਐ[58] ਕਿਰਤਿ[59] ਫਿਰਾਹਿ[60] ॥	This[56] is the Lord's will[57] that on account of ego[55] men wander[60] according to their past[58] acts[59].	ਸੁਆਮੀ ਦੀ ਰਜ਼ਾ[57] ਇਹ[56] ਹੈ ਕਿ ਸਵੈ-ਹੰਗਤਾ[55] ਦੇ ਸਬੱਬ, ਇਨਸਾਨ ਆਪਣੇ ਪੂਰਬਲੇ[58] ਕਰਮਾਂ[59] ਦੇ ਅਨੁਸਾਰ ਭਟਕਦੇ[60] ਹਨ ।
ਹਉਮੈ ਦੀਰਘ[61] ਰੋਗੁ[62] ਹੈ ਦਾਰੂ[63] ਭੀ ਇਸੁ ਮਾਹਿ ॥	Ego is a chronic[61] disease[62], but it has also its curing medicine[63].	ਹੰਕਾਰ ਇੱਕ ਡਾਢੀ[61] ਬੀਮਾਰੀ[62] ਹੈ, ਪਰ ਇਸ ਨੂੰ ਰਾਜ਼ੀ ਕਰਨ ਵਾਲੀ ਦਵਾਈ[63] ਭੀ ਹੈ; ਭਾਵ—ਇਹ ਲਾ-ਇਲਾਜ ਨਹੀਂ ।
ਕਿਰਪਾ[65] ਕਰੇ[66] ਜੇ[67] ਆਪਣੀ ਤਾ[68] ਗੁਰ ਕਾ ਸਬਦੁ[69] ਕਮਾਹਿ[70] ॥	If[67] the Lord bestows[66] His grace[65], then[68], man acts[70] according to Guru's instruction[69] (And this is the cure for ago).	ਜੇਕਰ[67] ਸੁਆਮੀ ਆਪਣੀ ਮਿਹਰ[65] ਧਾਰੇ[66], ਤਦ[68], ਬੰਦਾ ਗੁਰਾਂ ਦੇ ਉਪਦੇਸ਼[69] ਅਨੁਸਾਰ ਕਰਮ ਕਮਾਉਂਦਾ[70] ਹੈ । (ਇਹ ਇਸ ਦਾ ਇਲਾਜ ਹੈ) ।
ਨਾਨਕੁ ਕਹੈ[71] ਸੁਣਹੁ[72] ਜਨਹੁ[73] ਇਤੁ[74] ਸੰਜਮਿ[75] ਦੂਖ[76] ਜਾਹਿ[77] ॥੨॥	Says[71] Nanak, hear[72], O ye people[73], in this[74] way[75] the trouble[76] departs[77].	ਗੁਰੂ ਜੀ ਆਖਦੇ[71] ਹਨ, ਤੁਸੀਂ ਸ੍ਰਵਣ ਕਰੋ[72], ਹੇ ਲੋਕੋ[73] ! ਇਸ[74] ਜੁਗਤੀ ਦੁਆਰਾ[75] ਇਹ ਰੋਗ[76] ਦੂਰ ਹੋ ਜਾਂਦੇ[77] ਹਨ ।
੪੬੭		
ਪਉੜੀ ॥	Pauri.	ਪਉੜੀ ।
ਸੇਵ[78] ਕੀਤੀ[79] ਸੰਤੋਖੀਈਂ[80] ਜਿਨ੍ਹੀ[81] ਸਚੋ ਸਚੁ[82] ਧਿਆਇਆ[83] ॥	Only those[81] do[79] the real service[78], who[81] being contented[80], meditate[83] on God, the truest of the true[82].	ਸੰਤੋਖਵਾਨ[80], ਜੋ[81] ਸੱਚਿਆਰਾਂ ਦੇ ਪਰਮ ਸਚਿਆਰ[82], ਵਾਹਿਗੁਰੂ ਦਾ ਸਿਮਰਨ ਕਰਦੇ[83] ਹਨ, ਅਸਲ ਘਾਲ[78] ਕਮਾਉਂਦੇ[79] ਹਨ ।
ਓਨ੍ਹੀ[84] ਮੰਦੇ[85] ਪੈਰੁ[86] ਨ ਰਖਿਓ[87] ਕਰਿ[88] ਸੁਕ੍ਰਿਤੁ[90] ਧਰਮੁ[91] ਕਮਾਇਆ[92] ॥	They[84] place[87] not their foot[86] in sin[85], do[88] good[89] deeds[90] and practise[92] piety[91].	ਉਹ[84] ਆਪਣਾ ਪੱਗ[86]ਪਾਪ[85] ਵਿੱਚ ਨਹੀਂ ਟਿਕਾਉਂਦੇ[87], ਚੰਗੇ[89] ਕਰਮ[90] ਕਮਾਉਂਦੇ[88], ਅਤੇ ਈਸ਼ਵਰ ਭਗਤੀ[91] ਕਰਦੇ[92] ਹਨ ।
ਓਨ੍ਹੀ ਦੁਨੀਆ[93] ਤੋੜੇ[94] ਬੰਧਨਾ[95] ਅੰਨੁ[96] ਪਾਣੀ ਥੋੜਾ[97] ਖਾਇਆ[98] ॥	They burn[94] (break) the worldly[93] bonds[95] and live on[98] paltry[97] corn[96] and water.	ਉਹ ਜਗਤ[93] ਦੇ ਜੰਜਾਲਾਂ[95] ਨੂੰ ਤੋੜ ਸੁੱਟਦੇ[94] ਹਨ ਅਤੇ ਥੋੜੇ[97] ਦਾਣੇ[96] ਪਾਣੀ ਤੇ ਗੁਜ਼ਾਰਾ ਕਰਦੇ[98] ਹਨ ।
ਤੂੰ ਬਖਸੀਸੀ[99] ਅਗਲਾ[100]	Thou art a great[100] Bestower[99] and	ਤੂੰ ਵੱਡਾ[100]ਦਾਤਾਰ[99]ਹੈਂ ਅਤੇ ਸਦੀਵ[2]ਹੀ ਦਾਤਾਂ ਦਿੰਦਾ[3]

ਨਿਤ[2] ਦੇਵਹਿ[3] ਚੜਹਿ[4] ਸਵਾਇਆ ॥

Ever[2], givest[3] gifts, which increase day by day[4].

ਹੈ[4], ਜੋ ਰੋਜ਼ ਬਰੋਜ਼ ਵਧੇਰੇ ਹੁੰਦੀਆਂ ਜਾਂਦੀਆਂ[4] ਹਨ ।

ਵਡਿਆਈ[5] ਵਡਾ[6] ਪਾਇਆ[7] ॥੭॥

By the praise[5] of the Great God[6], man attains[7] to Him.

ਵੱਡੇ ਵਾਹਿਗੁਰੂ[6] ਦੇ ਜੱਸ[5] ਦੁਆਰਾ ਬੰਦਾ ਉਸ ਨੂੰ ਪਾ ਲੈਂਦਾ[7] ਹੈ ।

ਸਲੋਕ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਸ਼ਾਹੀ ।

ਪੁਰਖਾਂ[8] ਬਿਰਖਾਂ[9] ਤੀਰਥਾਂ[10] ਤਟਾਂ[12] ਮੇਘਾਂ[13] ਖੇਤਾਂਹ[14] ॥ ਦੀਪਾਂ[15] ਲੋਆਂ[16] ਮੰਡਲਾਂ[17] ਖੰਡਾਂ[18] ਵਰਭੰਡਾਂਹ[19] ॥ ਅੰਡਜ[20] ਜੇਰਜ[21] ਉਤਭੁਜਾਂ[22] ਖਾਣੀ[23] ਸੇਤਜਾਂਹ[24] ॥ ਸੋ[25] ਮਿਤਿ[26] ਜਾਣੈ ਨਾਨਕਾ ਸਰਾਂ[27] ਮੇਰਾਂ[28] ਜੰਤਾਹ[29]॥ ਨਾਨਕ ਜੰਤ[30] ਉਪਾਇ[31] ਕੈ ਸੰਮਾਲੇ[32] ਸਭਨਾਹ[33] ॥

Men[8], trees[9], holy places[10] banks[12] of sacred streams, clouds[13] and fields[14], islands[15], spheres[16], universes[17], continents[18] and solar systems[19] ; The sources of creation[23], egg-born[20], womb-born[21], earth-born[22] and sweat-born[24]. and oceans[27], mountains[28] and sentient beings[29] ; He[25], the Lord, knows their condition[26], O Nanak. Nanak, having created[31] the beings[30]. the Lord takes care[32] of them all[33].

ਇਨਸਾਨਾਂ[8] ਦਰਖਤਾਂ[9], ਧਰਮ-ਅਸਥਾਨਾਂ[10], ਪਵਿੱਤਰ ਨਦੀਆਂ ਦਿਆਂ ਕਿਨਾਰਿਆਂ[12], ਬੱਦਲਾਂ[13], ਪੈਲੀਆਂ[14], ਟਾਪੂਆਂ[15], ਗੋਲਾਕਾਰਾਂ[16] ਆਲਮਾਂ[17], ਮਹਾਂ ਦੀਪਾਂ[18], ਸੂਰਜ-ਮੰਡਲਾਂ[19] । ਉਤਪਤੀ ਦੇ ਨਿਕਾਸਾਂ[23], ਜੋ ਆਂਡੇ ਤੋਂ[20] ਪੈਦਾ ਹੋਇਆ, ਗਰਭ ਤੋਂ[21] ਪੈਦਾ ਹੋਇਆ, ਧਰਤੀ ਤੋਂ[22] ਪੈਦਾ ਹੋਇਆ, ਮੁਤ੍ਰੂਕੇ ਤੋਂ[24] ਪੈਦਾ ਹੋਇਆ, ਸਮੁੰਦਰਾਂ[27], ਪਹਾੜਾਂ[28] ਅਤੇ ਪ੍ਰਾਣਧਾਰੀਆਂ[29] ; ਉਹ[25] ਸਾਹਿਬ ਉਨ੍ਹਾਂ ਸਭ ਦੀ ਦਸ਼ਾ[26] ਨੂੰ ਜਾਣਦਾ ਹੈ, ਹੇ ਨਾਨਕ ! ਨਾਨਕ, ਜੀਵਾਂ[30] ਨੂੰ ਪੈਦਾ ਕਰਕੇ[31], ਸੁਆਮੀ ਉਨ੍ਹਾਂ ਸਾਰਿਆਂ[33] ਦੀ ਸੰਭਾਲ ਕਰਦਾ[32] ਹੈ ।

ਜਿਨਿ[34] ਕਰਤੈ[35] ਕਰਣਾ[36] ਕੀਆ[37] ਚਿੰਤਾ[38] ਭਿ ਕਰਣੀ ਤਾਹ[39] ॥

The Creator[35], who[34] has created[37] the world[36], He[39] takes care[38] of it as well.

ਸਿਰਜਨਹਾਰ[34], ਜਿਸ[35] ਨੇ ਸੰਸਾਰ[36] ਸਾਜਿਆ[37] ਹੈ, ਉਹ[39] ਇਸ ਦਾ ਖ਼ਿਆਲ[38] ਭੀ ਰਖਦਾ ਹੈ ।

ਸੋ[40] ਕਰਤਾ[41] ਚਿੰਤਾ[42] ਕਰੇ[43] ਜਿਨਿ ਉਪਾਇਆ[44] ਜਗੁ[45] ॥

He[40], the Fashioner[41] who fashioned[44] the universe[45], feels[43] anxiety[42] for it.

ਉਹ[40] ਘੜਨਹਾਰ[41]; ਜਿਸ ਨੇ ਆਲਮ[45] ਘੜਿਆ[44] ਹੈ, ਇਸ ਦਾ ਫ਼ਿਕਰ[42] ਭੀ ਕਰਦਾ[43] ਹੈ ।

ਤਿਸੁ[46] ਜੋਹਾਰੀ[47] ਸੁਆਸਤਿ[48] ਤਿਸੁ ਤਿਸੁ ਦੀਬਾਣੁ[49] ਅਭਗੁ[50] ॥

To Him[46] is my obeisance[47] and unto Him is my salutation[48], and Imperishable[50] is His court[49].

ਉਸ ਨੂੰ[46] ਮੇਰੀ ਨਮਸਕਾਰ[47] ਹੈ ਅਤੇ ਉਸੇ ਨੂੰ ਹੀ ਮੇਰੀ ਪ੍ਰਣਾਮ[48] । ਅਬਿਨਾਸ਼ੀ[50] ਹੈ ਉਸ ਦਾ ਦਰਬਾਰ[49] ।

ਨਾਨਕ ਸਚੇ ਨਾਮ[51] ਬਿਨੁ[52] ਕਿਆ[53] ਟਿਕਾ[54] ਕਿਆ ਤਗੁ[55] ॥੧॥

Nanak, without[52] the True Name[51], of what[53] avail is frontal mark[54] and of what a sacred thread[55] ?

ਨਾਨਕ, ਸਤਿਨਾਮ[51] ਦੇ ਬਗੈਰ[52] ਕੀ[53] ਫ਼ਾਇਦਾ ਹੈ ਤਿਲਕ[54] ਦਾ, ਅਤੇ ਕੀ ਜਨੇਊ[55] ਦਾ ?

ਮਹਲਾ ੧ ॥

Ist Guru.

ਪਹਿਲੀ ਪਾਤਸ਼ਾਹੀ ।

ਲਖ ਨੇਕੀਆ[56] ਚੰਗਿਆਈਆ[57] ਲਖੁ ਪੁੰਨਾ[58] ਪਰਵਾਣੁ[59] ॥ ਲਖ ਤਪ[60] ਉਪਰਿ ਤੀਰਥਾਂ[61] ਸਹਜ ਜੋਗ[62] ਬੇਬਾਣ[63] ॥ ਲਖ ਸੂਰਤਣ[64] ਸੰਗਰਾਮ[65] ਰਣ[66]

Lacs of virtues[56] and good actions[57] and lacs of approved[58] charities[58], lacs of penances[60] at holy places[61]; and the practice of the way[62] of Lord's union in wilderness[63], lacs of valours[64] and giving up[68] of the breath[69] in an

ਲੱਖਾਂ ਪਵਿੱਤ੍ਰਤਾਈਆਂ[56] ਅਤੇ ਸ਼ੁਭ ਕਰਮ[57], ਲੱਖਾਂ ਹੀ ਪ੍ਰਮਾਣੀਕ[59] ਦਾਨ[58], ਧਰਮ ਅਸਥਾਨਾਂ[61] ਤੇ ਲੱਖਾਂ ਹੀ ਤਪੱਸਿਆ[60]ਅਤੇ ਬੀਆਬਾਨ[63]ਵਿਚ ਸੁਆਮੀ ਦੇ ਮਿਲਾਪ ਦੇ ਰਸਤੇ[62] ਦੇ ਅਭਿਆਸ, ਲੱਖਾਂ ਸੂਰਮਤਾਈਆਂ[64] ਅਤੇ ਮੁਠ ਭੇੜ[65] ਵਿਚ ਲੜਾਈ ਦੇ ਮੈਦਾਨਾਂ ਵਿਚ[67] ਸੁਆਸ[69] ਤਿਆਗਣੇ[68], ਲੱਖਾਂ ਬ੍ਰਹਿਮ-ਗਿਆਨ[71] ਤੇ

ਮਹਿ[67] ਛੁਟਹਿ[68] ਪਰਾਣ[69] ॥ ਲਖ ਸੁਰਤੀ[70]ਲਖਗਿਆਨ[71] ਧਿਆਨ[72] ਪੜੀਅਹਿ[73] ਪਾਠ[74] ਪੁਰਾਣ ॥ ਜਿਨਿ[75] ਕਰਤੈ[76] ਕਰਣਾ[77] ਕੀਆ[78] ਲਿਖਿਆ[79] ਆਵਣ[80] ਜਾਣੁ[81] ॥ ਨਾਨਕ ਮਤੀ[82] ਮਿਥਿਆ[83] ਕਰਮੁ[84] ਸਚਾ ਨੀਸਾਣੁ[85] ॥੨॥

engagement[65] in[67] the battle-field[66]; lacs of Divine comprehensions[71] and concentrations[72] and lacs of readings[73] of Vedas[70] and recitations[74] of Puranas, Nanak, these acts of wisdom[82] are false[83] and true is the mark[85] of His grace[84], before the Creator[76], Who[75] has made[78] the world[77] and has written[79] coming[80] and going[81].

ਤਾਈਆਂ[72] ਅਤੇ ਲੱਖੂਖਾਂ ਹੀ ਵੇਦਾਂ[70] ਦੇ ਪੜ੍ਹਨੇ[73], ਅਤੇ ਪੁਰਾਣਾਂ ਦੇ ਪਾਠ[74] ਕਰਨੇ;—ਨਾਨਕ ਸਿਰਜਣਹਾਰ[76] ਅਗੇ, ਜਿਸ[75] ਨੇ ਸੰਸਾਰ[77] ਸਾਜਿਆ[78] ਹੈ, ਅਤੇ ਆਵਨ[80] ਤੇ ਗਮਨ[81] ਲਿਖਿਆ[79] ਹੈ; ਅਕਲਮੰਦੀ[82] ਦੇ ਇਹ ਕਰਮ ਕੂੜੇ[83] ਹਨ ਅਤੇ ਸੱਚਾ ਹੈ ਰਹਿਮਤ[84] ਦਾ ਚਿੰਨ੍ਹ[85] ।

ਪਉੜੀ ॥

Pauri.

ਪਉੜੀ ।

ਸਚਾ ਸਾਹਿਬੁ ਏਕ[86] ਤੂੰ ਜਿਨਿ ਸਚੋ ਸਚੁ[87] ਵਰਤਾਇਆ[88] ॥

Thou alone[86] art the True Lord, who hast diffused[88] the absolute truth[87].

ਕੇਵਲ[86] ਤੂੰ ਹੀ ਸੱਚਾ ਸੁਆਮੀ ਹੈਂ, ਜਿਸ ਨੇ ਨਿਰੋਲ ਸੱਚ[87] ਹੀ ਫੈਲਾਇਆ[88] ਹੈ !

ਜਿਸੁ ਤੂੰ ਦੇਹਿ[89]ਤਿਸੁ ਮਿਲੈ[93] ਸਚੁ ਤਾ[90] ਤਿਨ੍ਹੀ[91] ਸਚ ਕਮਾਇਆ[92] ॥

He, to whom Thou givest[89], receives[93] truth, and he[91], then[90], practises[92] truth.

ਜਿਸ ਨੂੰ ਤੂੰ ਦਿੰਦਾ[89] ਹੈਂ, ਓਹੀ ਸੱਚ ਨੂੰ ਪਾਉਂਦਾ[93] ਹੈ । ਅਤੇ ਤਦ[90] ਉਹ[91] ਸੱਚ ਦੀ ਕਮਾਈ ਕਰਦਾ[92] ਹੈ ।

ਸਤਿਗੁਰਿ ਮਿਲਿਐ[94] ਸਚੁ ਪਾਇਆ ॥ ਜਿਨ੍ ਕੈ ਹਿਰਦੈ[95] ਸਚੁ ਵਸਾਇਆ[96]॥

Truth is obtained by meeting[94] the True Guru, in whose mind[95] the truth abides[96].

ਸੱਚੇ ਗੁਰਾਂ, ਜਿਨ੍ਹਾਂ ਦੇ ਮਨ[95] ਅੰਦਰ ਸੱਚ ਵਸਦਾ[96] ਹੈ, ਨੂੰ ਭੇਟਣ[94] ਦੁਆਰਾ ਸੱਚ ਪ੍ਰਾਪਤ ਹੁੰਦਾ ਹੈ ।

ਮੂਰਖ[97] ਸਚੁ ਨ ਜਾਣਨ੍ਹੀ ਮਨਮੁਖੀ[98] ਜਨਮੁ[99] ਗਵਾਇਆ[100] ॥

The fools[97] know not the truth. Being self-willed[98], they lose[100] their life[99].

ਬੇਵਕੂਫ[97] ਸੱਚ ਨੂੰ ਨਹੀਂ ਜਾਣਦੇ । ਆਪ-ਹੁਦਰੇ[98] ਹੋਣ ਕਾਰਨ ਉਹ ਆਪਣਾ ਜੀਵਨ[99] ਗੁਆ ਲੈਂਦੇ[100] ਹਨ ।

ਵਿਚਿ ਦੁਨੀਆ[2] ਕਾਹੇ[3] ਆਇਆ ॥੮॥

Why[3] have they (such persons) come into the world[2] ?

ਅਜੇਹੇ ਲੋਕ ਕਿਉਂ[3] ਜਹਾਨ[2] ਵਿਚ ਆਏ ਹਨ ?

ਸਲੋਕੁ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਸ਼ਾਹੀ ।

ਪੜਿ[4] ਪੜਿ[5] ਗਡੀ[6] ਲਦੀਅਹਿ[7] ਪੜਿ ਪੜਿ ਭਰੀਅਹਿ[8] ਸਾਥ[9] ॥

Man may read[4] and study[5] cart[6]-loads[7] of books and he may read and study the entire[8] multitudes[9] of books.

ਬੰਦਾ ਗ੍ਰੰਥ ਪੜ੍ਹ[4]-ਵਾਚ[5] ਕੇ ਛਕੜੇ[6] ਭਰ[7] ਲਵੇ । ਉਹ ਪੁਸਤਕਾਂ ਦੇ ਸਾਰੇ[8] ਸਮੁਦਾਇ[9] ਪੜ੍ਹ-ਵਾਚ ਲਵੇ ।

ਪੜਿ ਪੜਿ ਬੇੜੀ[10]ਪਾਈਐ[12] ਪੜਿ ਪੜਿ ਗਡੀਅਹਿ[13] ਖਾਤ[14] ॥

He may read and study books and put[12] them in boats[10]. He may read and study books and fill[13] pits[14] with them.

ਉਹ ਕਿਤਾਬਾਂ ਪੜ੍ਹ-ਵਾਚ ਕੇ ਉਨ੍ਹਾਂ ਨੂੰ ਕਿਸ਼ਤੀਆਂ[10] ਵਿੱਚ ਪਾ[12] ਲਵੇ । ਉਹ ਪੋਥੀਆਂ ਵਾਚ-ਪੜ੍ਹ ਕੇ ਉਨ੍ਹਾਂ ਨਾਲ ਟੋਏ[14] ਭਰ[13] ਲਵੇ ।

ਪੜੀਅਹਿ ਜੇਤੇ ਬਰਸ

He may read year upon year[15] and

ਉਹ ਸਾਲ-ਬ-ਸਾਲ[15] ਪੜ੍ਹਦਾ ਰਹੇ,ਅਤੇ ਉਹ ਜਿੰਨੇ[16]ਭੀ

ਬਰਸ[15] ਪੜੀਅਹਿ ਜੇਤੇ[16] ਮਾਸ[17] ॥	may study for all the months[17], that there are[16].	ਮਹੀਨੇ[17] ਹਨ, ਸਾਰੇ ਵਾਚਦਾ ਹੀ ਰਹੇ ।
ਪੜੀਐ ਜੇਤੀ[18] ਆਰਜਾ[19] ਪੜੀਅਹਿ ਜੇਤੇ[20] ਸਾਸ[21] ॥	He may continue reading for his entire[18] life[19] and may study with every[20] breath[21] of his.	ਉਹ ਆਪਣੀ ਸਾਰੀ[18] ਉਮਰ[19] ਵਾਚਦਾ ਹੀ ਰਹੇ ਅਤੇ ਆਪਣੇ ਹਰ[20] ਸੁਆਸ[21] ਨਾਲ ਪੜ੍ਹੇ ।
ਨਾਨਕ ਲੇਖੈ[22] ਇਕ ਗਲ[23] ਹੋਰੁ[24] ਹਉਮੈ[25] ਝਖਣਾ ਝਾਖ[26] ॥੧॥	Nanak, only one thing, God's Name[23] is of account[22] and all else[24] is but to prate and prattle[26] in pride[25].	ਨਾਨਕ, ਕੇਵਲ ਇੱਕ ਚੀਜ਼ ;-ਰੱਬ ਦਾ ਨਾਮ[23], ਹਿਸਾਬ[22] ਵਿਚ ਹੈ । ਬਾਕੀ[24] ਸਮੂਹ ਹੰਕਾਰ[25] ਵਿਚ ਬਕਣਾ ਤੇ ਬਕਵਾਸ[26] ਕਰਨਾ ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ ।
ਲਿਖਿ ਲਿਖਿ ਪੜਿਆ ਤੇਤਾ[27] ਕੜਿਆ[28] ॥	The more one writes and reads, the more[27] one burns[28].	ਜਿੰਨ੍ਹਾਂ ਬਹੁਤਾ ਬੰਦਾ ਲਿਖਦਾ-ਪੜ੍ਹਦਾ ਹੈ, ਉਹਨਾਂ ਹੀ ਬਹੁਤਾ[27] ਉਹ ਸੜਦਾ ਬਲਦਾ[28] ਹੈ ।
ਬਹੁ[29] ਤੀਰਥ[30] ਭਵਿਆ[31] ਤੇਤੋ[33] ਲਵਿਆ[34] ॥	The more[29] the man wanders[31] on pilgrim stations[30], the more[33] he talks[34].	ਜਿੰਨ੍ਹਾਂ ਜ਼ਿਆਦਾ[29]ਉਹ ਯਾਤ੍ਰਾ ਅਸਥਾਨਾਂ[30] ਤੇ ਭਾਉਂਦਾ[31] ਹੈ, ਉਨ੍ਹਾਂ ਜ਼ਿਆਦਾ[33] ਹੀ ਉਹ ਬੋਲਦਾ[34] ਹੈ ।
ਬਹੁ ਭੇਖ[35] ਕੀਆ[36] ਦੇਹੀ[37] ਦੁਖ[38] ਦੀਆ[39] ॥	The more he takes[36] to religious garbs[35], the more discomfort[38] he causes[39] his body[37].	ਜਿੰਨੇ ਜ਼ਿਆਦਾ ਉਹ ਮਜ਼ਹਬੀ ਬਾਣੇ[35] ਪਾਉਂਦਾ[36] ਹੈ, ਓਨੀ ਜ਼ਿਆਦਾ ਤਕਲੀਫ਼[38] ਹੀ ਉਹ ਆਪਣੇ ਸਰੀਰ[37] ਨੂੰ ਦਿੰਦਾ[39] ਹੈ ।
ਸਹੁ[40] ਵੇ[41] ਜੀਆ[42] ਅਪਣਾ ਕੀਆ[43] ॥	Endure[40], O my[41] soul[42], the result of thine acts[43].	ਸਹਾਰ[40] ! ਹੇ ਮੇਰੀ[41] ਜਿੰਦੜੀਏ[42] ! ਤੂੰ ਆਪਣੇ ਅਮਲਾਂ[43] ਦੇ ਫਲ ।
ਅੰਨੁ[44] ਨ ਖਾਇਆ ਸਾਦੁ[45] ਗਵਾਇਆ[46] ॥	He who eats not corn[44], loses[46] the relish[45] of life.	ਜੋ ਅਨਾਜ[44] ਨਹੀਂ ਖਾਂਦਾ, ਉਹ ਜੀਵਨ ਦਾ ਸੁਆਦ[45] ਵੰਞਾ ਲੈਂਦਾ[46] ਹੈ ।
ਬਹੁ[47] ਦੁਖੁ[48] ਪਾਇਆ[50] ਦੂਜਾ[49] ਭਾਇਆ[51] ॥	Through love[51] of another[49], man suffers[50] great[47] hardship[48].	ਹੋਰਸ[49] ਦੀ ਪ੍ਰੀਤ[51] ਦੇ ਰਾਹੀਂ ਬੰਦਾ ਬਹੁਤੀ[47] ਤਕਲੀਫ਼[48] ਉਠਾਉਂਦਾ[50] ਹੈ ।
ਬਸਤ੍ਰੁ[52] ਨ ਪਹਿਰੈ[53] [54]ਅਹਿਨਿਸਿ[55] ਕਹਰੈ[56] ॥	He who wears[53] not clothes[52] endures calamity[56], day[54] and night[55].	ਜੋ ਕਪੜੇ[52] ਨਹੀਂ ਪਹਿਨਦਾ[53], ਉਹ ਦਿਹੁੰ[54] ਰੈਣ[55], ਮੁਸੀਬਤ[56] ਸਹਾਰਦਾ ਹੈ ।
ਮੋਨਿ[57] ਵਿਗੂਤਾ[58] ਕਿਉ[59] ਜਾਗੈ[62]ਗੁਰ ਬਿਨੁ[61]ਸੂਤਾ[60]॥	Through silence[57], the man is ruined[58]. How[59] can the sleeping[60] one be awakened[62] without[61] the Guru ?	ਚੁੱਪ-ਚਾਪ[57] ਰਾਹੀਂ ਬੰਦਾ ਤਬਾਹ[58] ਹੋ ਜਾਂਦਾ ਹੈ । ਸੁੱਤਾ ਹੋਇਆ[60] ਇਨਸਾਨ ਗੁਰੂ ਬਗੈਰ[61] ਕਿਸ ਤਰ੍ਹਾਂ[59] ਜਾਗ[62] ਸਕਦਾ ਹੈ ?
ਪਗ[63] ਉਪੇਤਾਣਾ[64] ਅਪਣਾ ਕੀਆ[65] ਕਮਾਣਾ[66] ॥	He who goes bare[64]-footed[63], obtains[66] the fruit of his actions[65].	ਜੋ [64]ਨੰਗੀ-ਪੈਰੀਂ[63] ਫਿਰਦਾ ਹੈ ਉਹ ਆਪਣੇ ਕਰਮਾਂ[65] ਦਾ ਫਲ ਪਾਉਂਦਾ[66] ਹੈ ।
ਅਲੁ ਮਲੁ[67] ਖਾਈ ਸਿਰਿ[68] ਛਾਈ[69] ਪਾਈ ॥ ਮੂਰਖਿ[70] ਅੰਧੈ[71] ਪਤਿ[72]ਗਵਾਈ[73] ॥	He, who eats filth[67] and throws ashes[69] on his head[68], He, the blind[71] fool[70], loses[73] his honour[72].	ਜੋ ਗੰਦਗੀ[67]ਖਾਂਦਾ ਹੈ, ਉਹ ਆਪਣੇ ਸੀਸ[68] ਤੇ ਸੁਆਹ[69] ਪਾਉਂਦਾ ਹੈ ਉਹ ਅੰਨ੍ਹਾ[71], ਬੇਵਕੂਫ਼[70] ਆਪਣੀ ਇੱਜ਼ਤ[72] ਗੁਆ[73] ਲੈਂਦਾ ਹੈ ।
ਵਿਣੁ ਨਾਵੈ ਕਿਛੁ ਥਾਇ[74] ਨ ਪਾਈ ॥	Without the Name, nothing becomes aceptable[74].	ਨਾਮ ਦੇ ਬਾਝੋਂ ਕੋਈ ਚੀਜ਼ ਭੀ ਕਬੂਲ[74] ਨਹੀਂ ਪੈਂਦੀ ।

ਰਹੈ[75] ਬੇਬਾਣੀ[46] ਮੜੀ[77] ਮਸਾਣੀ[78] ॥

He who dwells[75] in wilderness[76] and at burial[77] and cremation-grounds[78].

ਉਹ ਬੀਆਬਾਨ[76] ਅਤੇ ਕਬਰਸਤਾਨ[77], ਤੇ ਸ਼ਮਸ਼ਾਨ ਭੂਮੀਆਂ[78] ਤੇ ਰਹਿੰਦਾ[75] ਹੈ ।

ਅੰਧੁ[79] ਨ ਜਾਣੈ[80] ਫਿਰਿ[81] ਪਛੁਤਾਣੀ[82] ॥

That blind man[79] knows[80] not the Lord and regrets[82] afterwards[81].

ਅੰਨ੍ਹਾ ਆਦਮੀ[79] ਪ੍ਰਭੂ ਨੂੰ ਨਹੀਂ ਜਾਣਦਾ[80] ਅਤੇ ਮਗਰੋਂ[81] ਅਫ਼ਸੋਸ[82] ਕਰਦਾ ਹੈ ।

੪੬੮

ਸਤਿਗੁਰੁ ਭੇਟੇ[83] ਸੋ[84] ਸੁਖੁ ਪਾਏ ॥

He[84] who meets[83] the True Guru, attains peace.

ਜੋ ਸੱਚੇ ਗੁਰਾਂ ਨੂੰ ਮਿਲ[83] ਪੈਂਦਾ ਹੈ, ਉਹ[84] ਅਰਾਮ ਪਾਉਂਦਾ ਹੈ ।

ਹਰਿ ਕਾ ਨਾਮੁ ਮੰਨਿ[85] ਵਸਾਏ[86] ॥

God's Name, he implants[86] in his mind[85].

ਰੱਬ ਦੇ ਨਾਮ ਨੂੰ ਉਹ ਆਪਣੇ ਹਿਰਦੇ[85] ਅੰਦਰ ਟਿਕਾ[86] ਲੈਂਦਾ ਹੈ ।

ਨਾਨਕ ਨਦਰਿ[87] ਕਰੇ[88] ਸੋ[89] ਪਾਏ ॥

Nanak, he[89], to whom the Lord shows[88] mercy[87], attains Him.

ਨਾਨਕ, ਜਿਸ ਉੱਤੇ ਸਾਂਈਂ ਮਿਹਰ[87] ਕਰਦਾ[88] ਹੈ, ਉਹ[89] ਉਸ ਨੂੰ ਪਾ ਲੈਂਦਾ ਹੈ ।

ਆਸ[90] ਅੰਦੇਸੇ[91] ਤੇ[92] ਨਿਹਕੇਵਲ[93] ਹਉਮੈ[94] ਸਬਦਿ[95] ਜਲਾਏ[96] ॥੨॥

From[92] hope[90] and fear[91], he becomes free[93] and his ego[94], he burns[96] with God's Name[95].

ਉਮੈਦ[90] ਅਤੇ ਫ਼ਿਕਰ[91] ਤੋਂ[92] ਉਹ ਮੁਬਰਰਾ[93] (ਪਾਕਸਾਫ਼) ਹੋ ਜਾਂਦਾ ਹੈ, ਅਤੇ ਆਪਣੀ ਹੰਗਤਾ[94] ਨੂੰ ਰੱਬ ਦੇ ਨਾਮ[95] ਨਾਲ ਸਾੜ[96] ਸੁਟਦਾ ਹੈ ।

ਪਉੜੀ ॥

Pauri.

ਪਉੜੀ ।

ਭਗਤ[97] ਤੇਰੈ ਮਨਿ[98] ਭਾਵਦੇ[99] ਦਰਿ[100] ਸੋਹਨਿ[2] ਕੀਰਤਿ[3] ਗਾਵਦੇ[4] ॥

The saints[97], O Lord, are pleasing[99] to Thy mind[98]. They look beautiful[2] and sing[4] Thine praises[3] at Thy gate[100].

ਭਗਤ[97], ਹੇ ਸੁਆਮੀ ! ਤੇਰੇ ਚਿੱਤ[98] ਨੂੰ ਚੰਗੇ ਲਗਦੇ[99] ਹਨ । ਤੇਰੇ ਬੂਹੇ[100] ਤੇਰੀਆਂ ਸਿਫ਼ਤਾਂ[3] ਗਾਇਨ[4] ਕਰਦੇ ਹੋਏ ਉਹ ਸੁੰਦਰ[2] ਲਗਦੇ ਹਨ ।

ਨਾਨਕ ਕਰਮਾ[5] ਬਾਹਰੇ[6] ਦਰਿ ਢੋਅ[7] ਨ ਲਹਨ੍ਹਿ[8] ਧਾਵਦੇ[9] ॥

Nanak, they who are destitute[6] of Thy favour[5], find[8] not shelter[7] at Thine door and wander[9] about.

ਨਾਨਕ, ਜੋ ਤੇਰੀ ਰਹਿਮਤ[5] ਤੋਂ ਸੱਖਣੇ[6] ਹਨ; ਉਨ੍ਹਾਂ ਨੂੰ ਤੇਰੇ ਦਰਵਾਜ਼ੇ ਤੇ ਪਨਾਹ[7] ਨਹੀਂ ਮਿਲਦੀ[8] ਅਤੇ ਉਹ ਭਟਕਦੇ[9] ਫਿਰਦੇ ਹਨ ।

ਇਕਿ[10] ਮੂਲੁ[12] ਨ ਬੂਝਨ੍ਹਿ[13] ਆਪਣਾ ਅਣਹੋਦਾ[14] ਆਪੁ[15] ਗਣਾਇਦੇ[16] ॥

Some[10] know[13] not their origin[12] and without cause[14] exhibit[16] their self-conceit[15].

ਕਈ[10] ਆਪਣੇ ਮੁੱਢ[12] ਨੂੰ ਨਹੀਂ ਜਾਣਦੇ[13] ਅਤੇ ਬਿਲਾ ਵਜ੍ਹਾ[14] ਆਪਣੀ ਸਵੈ-ਹੰਗਤਾ[15] ਨੂੰ ਵਿਖਾਲਦੇ[16] ਹਨ ।

ਹਉ[17] ਢਾਢੀ[18] ਕਾ[19] ਨੀਚੁ[20] ਜਾਤਿ ਹੋਰਿ[22] ਉਤਮ[23] ਜਾਤਿ[21] ਸਦਾਇਦੇ[24] ॥

I[17] am the Lord's bard[18] of[19] low birth[20], others[22] call themselves[24] of high[23] caste[21].

ਮੈਂ[17] ਨੀਵੇਂ ਘਰਾਣੇ[20] ਦਾ[19] ਸਾਹਿਬ ਦਾ ਭੱਟ[18] ਹਾਂ । ਬਾਕੀ[22] ਦੇ ਆਪਣੇ ਆਪ ਨੂੰ ਉੱਚੀ[23] ਜਾਤੀ[21] ਦੇ ਅਖਵਾਉਂਦੇ[24] ਹਨ ।

ਤਿਨ੍ਹ ਮੰਗਾ[25] ਜਿ ਤੁਝੈ ਧਿਆਇਦੇ[26] ॥੯॥

I ask[25] for the society of those, who meditate[26] on Thee.

ਮੈਂ ਉਨ੍ਹਾਂ ਦੀ ਸੰਗਤ ਮੰਗਦਾ[25] ਹਾਂ, ਜੋ ਤੇਰੀ ਬੰਦਗੀ[26] ਕਰਦੇ ਹਨ ।

ਸਲੋਕ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਸ਼ਾਹੀ ।

ਕੂੜੁ[27] ਰਾਜਾ[28] ਕੂੜੁ ਪਰਜਾ[29] ਕੂੜੁ ਸਭੁ[30] ਸੰਸਾਰੁ[31] ॥

False[27] is the King[28], false the subjects[29] and false is the entire[30] world[31].

ਝੂਠਾ[27] ਹੈ ਪਾਤਸ਼ਾਹ[28], ਝੂਠੀ ਹੀ ਰਿਆਇਆ[29] ਅਤੇ ਝੂਠਾ ਹੈ ਸਾਰਾ[30] ਸੰਸਾਰ[31] ।

ਕੂੜੁ ਮੰਡਪ[32] ਕੂੜੁ ਮਾੜੀ[33]

False is the mansion[32], false the sky-

ਝੂਠਾ ਹੈ ਮਹਿਲ[32], ਝੂਠੀ ਹੀ ਉੱਚੀ ਅਟਾਰੀ[33] ਅਤੇ ਝੂਠਾ

ਕੂੜੁ ਬੈਸਣਹਾਰੁ[34] ॥	scraper[33] and false is the dweller[34] therein.	ਹੈ ਅੰਦਰ ਰਹਿਣ ਵਾਲਾ[34] ।
ਕੂੜੁ ਸੁਇਨਾ[35] ਕੂੜੁ ਰੁਪਾ[36] ਕੂੜੁ ਪੈਨ੍ਣਹਾਰੁ[37] ॥	False is gold[35], false is silver[36] and false is the wearer[37].	ਝੂਠਾ ਹੈ ਸੋਨਾ[35], ਝੂਠੀ ਹੈ ਚਾਂਦੀ[36] ਅਤੇ ਝੂਠਾ ਹੀ ਹੈ ਪਾਉਣ ਵਾਲਾ[37] ।
ਕੂੜੁ ਕਾਇਆ[38] ਕੂੜੁ ਕਪੜੁ[39] ਕੂੜੁ ਰੂਪੁ[40] ਅਪਾਰੁ[41] ॥	False is the body[38], false is the raiment[39] and false is peerless[41] beauty[40].	ਝੂਠੀ ਹੈ ਦੇਹਿ[38], ਝੂਠੀ ਪੁਸ਼ਾਕ[39]ਅਤੇ ਝੂਠੀ ਹੈ ਲਾਸਾਨੀ[41] ਸੁੰਦਰਤਾ[40] ।
ਕੂੜੁ ਮੀਆ[42] ਕੂੜੁ ਬੀਬੀ[43] ਖਪਿ[44] ਹੋਏ ਖਾਰੁ[45] ॥	False is husband[42] and false is wife[43], who pine[44] away and become miserable[45].	ਝੂਠਾ ਹੈ ਪਤੀ[42], ਝੂਠੀ ਹੈ ਵਹੁਟੀ[43], ਜੋ ਖ਼ੁਰ[44] ਜਾਂਦੇ ਅਤੇ ਖ਼ੁਆਰ[45] ਹੁੰਦੇ ਹਨ ।
ਕੂੜਿ ਕੂੜੈ ਨੇਹੁ[46] ਲਗਾ ਵਿਸਰਿਆ[47] ਕਰਤਾਰੁ[48] ॥	The false one loves[46] what is false and forgets[47] the Creator[48].	ਝੂਠਾ ਆਦਮੀ ਝੂਠ ਨੂੰ ਪਿਆਰ[46] ਕਰਦਾ ਹੈ ਅਤੇ ਸਿਰਜਨਹਾਰ[48] ਨੂੰ ਭੁਲਾ[47] ਦਿੰਦਾ ਹੈ ।
ਕਿਸੁ[49] ਨਾਲਿ[50] ਕੀਚੈ[51] ਦੋਸਤੀ[52] ਸਭੁ ਜਗੁ[53] ਚਲਣਹਾਰੁ[54] ॥	With[50] whom[49] should I contract[51] friendship[52], the whole world[53] is to pass away[54].	ਮੈਂ ਕੀਹਦੇ[49] ਸੰਗ[50] ਯਾਰੀ[52] ਪਾਵਾਂ[51] । ਸਾਰਾ ਜਹਾਨ[53] ਟੁਰ ਵੰਞਣ ਵਾਲਾ[54] ਹੈ ।
ਕੂੜੁ ਮਿਠਾ[55] ਕੂੜੁ ਮਾਖਿਉ[56] ਕੂੜੁ ਡੋਬੇ[58] ਪੂਰੁ[57] ॥	False is sweetness[55] and false is honey[56]. In falsehood the boat-lods[57] are drowned[58].	ਝੂਠਾ ਹੈ ਮਿਠਾਸ[55] ਅਤੇ ਝੂਠਾ ਹੀ ਮਖਿਆਲ[56] । ਝੂਠਾਂ ਅੰਦਰ ਬੇੜੀਆਂ ਦੇ ਪੂਰਾਂ ਦੇ ਪੂਰ[57] ਡੁਬ[58] ਗਏ ਹਨ ।
ਨਾਨਕ ਵਖਾਣੈ[58*] ਬੇਨਤੀ[59] ਤੁਧੁ ਬਾਝੁ[60] ਕੂੜੋ ਕੂੜੁ[61]॥੧॥	Nanak makes[58*] a supplication[59] except[60] Thee, O my Master, everything is thoroughly false[61].	ਨਾਨਕ ਪ੍ਰਾਰਥਨਾ[59] ਕਰਦਾ[58*] ਹੈ, ਤੇਰੇ ਬਗੈਰ[60] ਹੇ ਮੇਰੇ ਮਾਲਕ ਹਰ ਸ਼ੈ ਝੂਠ ਹੀ ਝੂਠ[61] ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ ।
ਸਚੁ ਤਾ ਪਰੁ[62] ਜਾਨੀਐ ਜਾ ਰਿਦੈ[63] ਸਚਾ[64] ਹੋਇ ॥	Then alone[62] the man is known as true, if the truth[64] be in his heart[63].	ਕੇਵਲ ਤਦ[62] ਹੀ ਆਦਮੀ ਸੱਚਾ ਜਾਣਿਆ ਜਾਂਦਾ ਹੈ, ਜੇਕਰ ਸੱਚ[64] ਉਸ ਦੇ ਦਿਲ[63] ਵਿਚ ਹੋਵੇ ।
ਕੂੜ ਕੀ ਮਲੁ[65] ਉਤਰੈ[66] ਤਨੁ[67] ਕਰੇ ਹਛਾ[68] ਧੋਇ[69]॥	His filth[65] of falsehood departs[66] and he washes[69] his body[67] clean[68].	ਉਸ ਦੀ ਝੂਠ ਦੀ ਮੈਲ[65] ਲਹਿ[66] ਜਾਂਦੀ ਹੈ ਅਤੇ ਉਹ ਆਪਣੀ ਦੇਹਿ[67]ਨੂੰ ਧੋ ਕੇ[69]ਸਾਫ਼[68]ਸੁਥਰੀ ਕਰ ਲੈਂਦਾ ਹੈ ।
ਸਚੁ ਤਾ ਪਰੁ ਜਾਣੀਐ ਜਾ[70] ਸਚਿ[71] ਧਰੇ[72] ਪਿਆਰੁ[73] ॥	Then alone, man is known as true, if[70] he bears[72] love[73] to the True One[71].	ਕੇਵਲ ਤਦ ਹੀ ਬੰਦਾ ਸੱਚਾ ਜਾਣਿਆ ਜਾਂਦਾ ਹੈ, ਜੇਕਰ[70] ਉਹ ਸਤਿਪੁਰਖ[71] ਨੂੰ ਪ੍ਰੇਮ[73] ਕਰਦਾ[72] ਹੈ ।
ਨਾਉ ਸੁਣਿ[74] ਮਨੁ[75] ਰਹੀਸੀਐ[76] ਤਾ[77] ਪਾਏ ਮੋਖ[78] ਦੁਆਰੁ[79] ॥	When the mind[75] is enraptured[76] on hearing[74] the Name, then[77], the mortal obtains the door[79] of salvation[78].	ਜਦ ਨਾਮ ਨੂੰ ਸ੍ਰਵਣ[74] ਕਰਕੇ ਹਿਰਦਾ[75] ਪਰਮ-ਪ੍ਰਸੰਨ[76] ਹੋ ਜਾਂਦਾ ਹੈ, ਤਦ[77], ਪ੍ਰਾਣੀ ਮੁਕਤੀ[78] ਦੇ ਦਰਵਾਜ਼ੇ[79] ਨੂੰ ਪਾ ਲੈਂਦਾ ਹੈ ।
ਸਚੁ ਤਾ ਪਰੁ ਜਾਣੀਐ ਜਾ	Then alone is the man deemed to be	ਕੇਵਲ ਤਦ ਹੀ ਇਨਸਾਨ ਸੱਚਾ ਸਮਝਿਆ ਜਾਂਦਾ ਹੈ, ਜੇਕਰ

ਜੁਗਤਿ[80] ਜਾਣੈ ਜੀਉ[81] ॥	true, if he knows the true way[80] of life[81].	ਉਹ ਜੀਵਨ[81] ਦੇ ਸੱਚੇ ਰਸਤੇ[80] ਨੂੰ ਜਾਣਦਾ ਹੈ ।
ਧਰਤਿ[82]ਕਾਇਆ[83] ਸਾਧਿ[84] ਕੈ ਵਿਚਿ[85] ਦੇਇ[86]ਕਰਤਾ[87] ਬੀਉ[88] ॥	Preparing[84] the body[83] field[82], he puts[86] into[85] it the seed[88] of the Creator[87].	ਦੇਹਿ[83] ਦੀ ਪੈਲੀ[82] ਨੂੰ ਬਣਾ ਸੁਆਰ[84] ਕੇ, ਉਹ ਇਸ ਅੰਦਰ[85] ਸਿਰਜਨਹਾਰ[87] ਦਾ ਬੀਜ[88] ਬੀਜਦਾ[86] ਹੈ ।
ਸਚੁ ਤਾ ਪਰੁ ਜਾਣੀਐ ਜਾ[89] ਸਿਖ[90] ਸਚੀ ਲੇਇ[91] ॥	Then alone is the mortal deemed to be true, when[89] he receives[91] the true instruction[90].	ਕੇਵਲ ਤਦ ਹੀ ਪ੍ਰਾਣੀ ਸੱਚਾ ਸਮਝਿਆ ਜਾਂਦਾ ਹੈ, ਜਦ[89] ਉਹ ਸੱਚੀ ਸਿਖਮਤ[90] ਪ੍ਰਾਪਤ[91] ਕਰਦਾ ਹੈ ।
ਦਇਆ[92] ਜਾਣੈ ਜੀਅ[93] ਕੀ ਕਿਛੁ[94] ਪੁੰਨੁ ਦਾਨੁ[95] ਕਰੇਇ[96] ॥	He shows mercy[92] to living beings[93] and gives[96] something[94] in charity[95].	ਉਹ ਪ੍ਰਾਣ-ਧਾਰੀਆਂ[93] ਤੇ ਤਰਸ[92]ਕਰਦਾ ਹੈ ਅਤੇ ਕੁਝ[94] ਖ਼ੈਰਾਤ[95] ਵਜੋਂ ਭੀ ਦਿੰਦਾ[96] ਹੈ ।
ਸਚੁ ਤਾਂ ਪਰੁ ਜਾਣੀਐ ਜਾ[97] ਆਤਮ[98] ਤੀਰਥਿ[99] ਕਰੇ ਨਿਵਾਸੁ[100] ॥	Then alone is one known as true, when[97] he abides[100] in the pilgrimage station[99] of his heart[98].	ਕੇਵਲ ਤਦ ਹੀ ਬੰਦਾ ਸੱਚਾ ਜਾਣਿਆ ਜਾਂਦਾ ਹੈ, ਜਦ[97] ਉਹ ਆਪਣੇ ਦਿਲ[98]ਦੇ ਧਰਮ-ਅਸਥਾਨ[99] ਤੇ ਵਸਦਾ[100] ਹੈ ।
ਸਤਿਗੁਰੂ ਨੋ ਪੁਛਿ[2] ਕੈ ਬਹਿ ਰਹੈ[3] ਕਰੇ ਨਿਵਾਸੁ[4] ॥	He takes instruction[2] from the Guru and sits[3] and abides[4] according to his will.	ਉਹ ਗੁਰਾਂ ਪਾਸੋਂ ਸਿਖਮਤ[2] ਲੈਂਦਾ ਹੈ ਅਤੇ ਉਨ੍ਹਾਂ ਦੀ ਰਜ਼ਾ ਅਨੁਸਾਰ ਬੈਠਦਾ[3] ਅਤੇ ਵੱਸਦਾ[4] ਹੈ ।
ਸਚੁ ਸਭਨਾ[5] ਹੋਇ ਦਾਰੂ[6] ਪਾਪ[7] ਕਢੈ[8] ਧੋਇ[9] ॥	Truth is the medicine[6] for all[5] and it removes[8] and washes[9] away the sin[7].	ਸੱਚ ਸਾਰਿਆਂ[5] ਲਈ ਇੱਕ ਦਵਾਈ[6] ਹੈ । ਇਹ ਕਸਮਲ[7] (ਪਾਪ) ਨੂੰ ਧੋ[9] ਕੇ ਬਾਹਰ[8] ਕੱਢ ਦਿੰਦਾ ਹੈ ।
ਨਾਨਕੁ ਵਖਾਣੈ[10] ਬੇਨਤੀ[12] ਜਿਨ ਸਚੁ ਪਲੈ[13]ਹੋਇ ॥੨॥	Nanak makes[10] supplication[12] unto those, who have truth in their lap[13].	ਨਾਨਕ ਉਨ੍ਹਾਂ ਮੂਹਰੇ ਪ੍ਰਾਰਥਨਾ[12] ਕਰਦਾ[10] ਹੈ, ਜਿਨ੍ਹਾਂ ਦੀ ਝੋਲੀ[13] ਵਿਚ ਸੱਚ ਹੈ ।
ਪਉੜੀ ॥	Pauri.	ਪਉੜੀ ।
ਦਾਨੁ[14] ਮਹਿੰਡਾ[15] ਤਲੀ[16] ਖਾਕੁ[17] ਜੇ[18] ਮਿਲੈ[21] ਤ[19] ਮਸਤਕ[20] ਲਾਈਐ ॥	For me[15] gift[14] is the dust[17] of saints' feet[16]. If[18] I obtain[21] it, then[19], I shall apply it to my forehead[20].	ਮੇਰੀ[15] ਦਾਤ[14]ਸੰਤਾਂ ਦੇ ਪੈਰਾਂ[16] ਦੀ ਧੂੜ[17] ਹੈ । ਜੇਕਰ[18] ਇਹ ਮੈਨੂੰ ਮਿਲ[21] ਜਾਵੇ, ਤਦ[19] ਮੈਂ ਇਸ ਨੂੰ ਆਪਣੇ ਮੱਥੇ[20] ਨੂੰ ਲਾਵਾਂਗਾ ।
ਕੂੜਾ[22] ਲਾਲਚੁ[23] ਛਡੀਐ[24] ਹੋਇ ਇਕਮਨਿ[25] ਅਲਖੁ[26] ਧਿਆਈਐ[27] ॥	Forsake[24] false[22] avarice[23] and with single mind[25] meditate[27] thou on the Unseen[26] Lord.	ਝੂਠੇ[22] ਲੋਭ[23] ਨੂੰ ਤਿਆਗ[24] ਦੇ ਅਤੇ, ਇਕ ਚਿੱਤ[25] ਹੋ ਕੇ, ਤੂੰ ਅਦ੍ਰਿਸਟ[26] ਸੁਆਮੀ ਦਾ ਸਿਮਰਨ[27] ਕਰ ।
ਫਲੁ[28] ਤੇਵੇਹੋ[29] ਪਾਈਐ[30] ਜੇਵੇਹੀ[31]ਕਾਰ[32]ਕਮਾਈਐ[33]॥	As[31] are the deeds[32], we do[33], so[29] is the fruit[28] which we obtain[30].	ਜੇਹੋ ਜੇਹੇ[31] ਕਰਮ[32] ਅਸੀਂ ਕਰਦੇ[33] ਹਾਂ, ਉਹੋ ਜੇਹਾ[29] ਹੀ ਮੇਵਾ[28] ਅਸੀਂ ਪ੍ਰਾਪਤ[30] ਕਰਦੇ ਹਾਂ ।
ਜੇ[34]ਹੋਵੈ ਪੂਰਬਿ[35]ਲਿਖਿਆ[36] ਤਾ[37] ਧੂੜਿ[38] ਤਿਨ੍ਹਾ[39] ਦੀ ਪਾਈਐ ॥	If[34] it is so writ[36] in the beginning[35], then[37], the man obtains the dust[38] of the feet of those[39] Saints.	ਜੇਕਰ[34] ਮੁੱਢ[35] ਤੋਂ ਐਸੀ ਲਿਖਤਾਕਾਰ[36] ਹੋਵੇ, ਤਦ[37] ਆਦਮੀ ਉਨ੍ਹਾਂ[39] ਸੰਤਾਂ ਦੇ ਪੈਰਾਂ ਦੀ ਖ਼ਾਕ[38] ਨੂੰ ਪ੍ਰਾਪਤ ਹੁੰਦਾ ਹੈ ।
ਮਤਿ[40] ਥੋੜੀ[41] ਸੇਵ[42] ਗਵਾਈਐ[43] ॥੧੦॥	For reasons of meagre[41] intellect[40] we lose[43] the value of service[42].	ਥੋੜੀ[41] ਮਤ ਕਾਰਣ[42] ਅਸੀਂ ਸੇਵਾ ਦੇ ਮਹਾਤਮ (ਫਲ) ਨੂੰ ਗਵਾ[43] ਲੈਂਦੇ[40] ਹਾਂ ।

ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਸ਼ਾਹੀ ।
ਸਚਿ ਕਾਲੁ[44] ਕੂੜੁ ਵਰਤਿਆ[45]ਕਲਿ[46]ਕਾਲਖ[47] ਬੇਤਾਲ[48] ॥	There is a famine[44] of truth, falsehood prevails[45] and the blackness[47] of the Dark age[46] has made men demons[48].	ਸਚਾਈ ਦਾ ਕਹਿਤ[44] (ਕਾਲ) ਪੈ ਗਿਆ ਹੈ, ਝੂਠ ਪ੍ਰਚੱਲਤ[45] ਹੋ ਰਿਹਾ ਹੈ,ਅਤੇ ਕਾਲੇ ਯੁੱਗ[46]ਦੀ ਸਿਆਹੀ[47] ਨੇ ਬੰਦਿਆਂ ਨੂੰ ਭੂਤਨੇ[48] ਬਣਾ ਛੱਡਿਆ ਹੈ ।
ਬੀਉ[49] ਬੀਜਿ[50] ਪਤਿ[51] ਲੈ ਗਏ[52] ਅਬ[53] ਕਿਉ[54] ਉਗਵੈ[55] ਦਾਲਿ[56] ॥	They, who have sown[50] the seed[49] of the Name have departed[52] with honour[51]. How[54] can the broken seed[56] sprout[55] now[53] ?	ਜਿਨ੍ਹਾਂ ਨੇ ਨਾਮ ਦਾ ਬੀਜ[49] ਬੀਜਿਆ[50]ਹੈ, ਉਹ ਇੱਜ਼ਤ[51] ਆਬਰੂ ਨਾਲ ਗਏ[52] ਹਨ । ਹੁਣ[53] ਟੁੱਟਿਆ ਹੋਇਆ ਬੀਜ[56] ਕਿਸ[54] ਤਰ੍ਹਾਂ ਪੁੰਗਰ[55] ਸਕਦਾ ਹੈ ?
ਜੇ[57] ਇਕੁ[58] ਹੋਇ ਤ[59] ਉਗਵੈ[61] ਰੁਤੀ ਹੂ ਰੁਤਿ[60] ਹੋਇ ॥	If[57] the seed be whole[58] and there be the proper season[60], then[59] the seed germinates[61].	ਜੇਕਰ[57] ਬੀਜ ਮੁਕੰਮਲ[58] ਹੋਵੇ ਅਤੇ ਮੁਨਾਸਬ ਮੌਸਮ[60] ਹੋਵੇ, ਤਦ[59] ਬੀ ਜੰਮ ਪੈਂਦਾ[61] ਹੈ ।
ਨਾਨਕ ਪਾਹੈ[62] ਬਾਹਰਾ[63] ਕੋਰੈ[65] ਰੰਗੁ[64] ਨ ਹੋਇ ॥	Nanak, without[63] a mordant[62], the brand new[65] cloth cannot be dyed[64].	ਨਾਨਕ, ਲਾਗ[62] ਦੇ ਬਗ਼ੈਰ[63] ਨਵਾਂ ਨਕੋਰ[65] ਕਪੜਾ ਰੰਗਿਆ[64] ਨਹੀਂ ਜਾ ਸਕਦਾ ।
ਭੈ[66] ਵਿਚਿ[67] ਖੁੰਬਿ ਚੜਾਈਐ[68] ਸਰਮੁ[69]ਪਾਹੁ[70] ਤਨਿ[71] ਹੋਇ[72] ॥	If the mordant[70] of modesty[69] be applied[72] to the body[71] it is washed white[68] of sins in Lord's[67] fear[66].	ਜੇਕਰ ਦੇਹਿ[71] ਨੂੰ ਲੱਜਿਆ[69] ਦੀ ਲਾਗ[70] ਲਾ ਦਿੱਤੀ[72] ਜਾਵੇ, ਤਾਂ ਇਹ ਪ੍ਰਭੂ[67] ਦੇ ਡਰ[66] ਅੰਦਰ ਪਾਪਾਂ ਤੋਂ ਧੋ ਕੇ ਉੱਜਲ[68] ਹੋ ਜਾਂਦੀ ਹੈ ।
ਨਾਨਕ ਭਗਤੀ[73] ਜੇ[74] ਰਪੈ[75] ਕੂੜੈ[76] ਸੋਇ[77] ਨ ਕੋਇ[78] ॥੧॥	Nanak, if[74] the man be imbued[75] with the Lord's meditation[73], then, his repute[77] is not false[76] even in the least[78].	ਨਾਨਕ, ਜੇਕਰ[74] ਇਨਸਾਨ ਵਾਹਿਗੁਰੂ ਦੇ ਸਿਮਰਨ[73] ਨਾਲ ਰੰਗਿਆ[75] ਜਾਵੇ ਤਾਂ ਉਸ ਦੀ ਸੋਭਾ[77] ਭੋਰਾ-ਭਰ[78] ਭੀ ਝੂਠੀ[76] ਨਹੀਂ ਹੁੰਦੀ ।
ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ ।
ਲਬੁ[79] ਪਾਪੁ[80] ਦੁਇ[81] ਰਾਜਾ[82] ਮਹਤਾ[83] ਕੂੜੁ[84] ਹੋਆ ਸਿਕਦਾਰੁ[85] ॥	Both[81] avarice[79] and sin[80] are the King[82] and Minister[83] and falsehood[84] is the Master of Mint[85].	ਲਾਲਚ[79] ਅਤੇ ਕਸਮਲ[80] (ਪਾਪ) ਦੋਵੇਂ[81] ਪਾਤਸ਼ਾਹ[82] ਅਤੇ ਵਜ਼ੀਰ[83] ਹਨ ਅਤੇ ਝੂਠ[84] ਟਕਸਾਲ ਦਾ ਸਰਦਾਰ[85] (ਚੌਧਰੀ) ਹੈ ।
ਕਾਮੁ[86] ਨੇਬੁ[87] ਸਦਿ[88] ਪੁਛੀਐ[89] ਬਹਿ ਬਹਿ[90] ਕਰੇ ਬੀਚਾਰੁ[91] ॥	Lust[86], the assistant official[87], is summoned[88] and consulted[89] and they all sit together[90] and chalk out[91] evil plans.	ਭੋਗ-ਬਿਲਾਸ[86] ਦੇ ਛੋਟੇ ਹਾਕਮ[87] ਨੂੰ ਬੁਲਾ[88] ਕੇ ਉਸ ਦੀ ਸਲਾਹ[89] ਲਈ ਜਾਂਦੀ ਹੈ । ਸਾਰੇ ਇਕੱਠੇ ਬੈਠ ਕੇ[90] ਮੰਦੇ ਦਾਉ-ਪੇਚ ਸੋਚਦੇ[91] ਹਨ ।
੪੬੯		
ਅੰਧੀ[92] ਰਯਤਿ[93]ਗਿਆਨ[94] ਵਿਹੂਣੀ[95] ਭਾਹਿ[96] ਭਰੇ[97] ਮੁਰਦਾਰੁ[98] ॥	The subjects[93] are blind[92] and, without[95] wisdom[94], they satisfy[97] the official's fire[96] of greed with bribe[98] (carrion).	ਪਰਜਾ[93] ਅੰਨ੍ਹੀ[92] ਅਤੇ ਸਿਆਣਪ[94] ਤੋਂ ਸੱਖਣੀ[95]ਹੈ,ਅਤੇ ਹਾਕਮ ਦੀ ਲਾਲਚ ਦੀ ਅੱਗ[96] ਨੂੰ ਵਢੀ ਦੀ ਲਾਸ਼[98] ਨਾਲ ਸ਼ਾਂਤ[97] ਕਰਦੀ ਹੈ ।
ਗਿਆਨੀ[99]ਨਚਹਿ[100] ਵਾਜੇ[2]	The divines[99] dance[100], play[3] musical[2]	ਵਿਚਾਰਵਾਨ[99] ਨਿਰਤਕਾਰੀ[100] ਕਰਦੇ ਹਨ, ਸੰਗੀਤਕ

ਵਾਵਹਿ[3] ਰੂਪ[4] ਕਰਹਿ ਸੀਗਾਰੁ[5] ॥	instruments and disguise and decorate[5] themselves.	ਸਾਜ਼[2] ਵਜਾਉਂਦੇ[3] ਹਨ ਅਤੇ ਭੇਸ[4] ਧਾਰਦੇ ਤੇ ਹਾਰ-ਸ਼ਿੰਗਾਰ[5] ਲਾਉਂਦੇ ਹਨ ।
ਉਚੇ[6] ਕੂਕਹਿ[7] ਵਾਦਾ[8] ਗਾਵਹਿ[9] ਜੋਧਾ[10] ਕਾ ਵੀਚਾਰੁ[12] ॥	They shout[7] aloud[6] and sing[9] of epic poems[8] and heroes'[10] tales[12].	ਉਹ ਉੱਚੀ ਉੱਚੀ[6] ਪੁਕਾਰਦੇ[7] ਹਨ ਅਤੇ ਯੁੱਧਾਂ ਵਾਲੇ ਕਾਵਯ[8] ਤੇ ਸੂਰਮਿਆਂ[10] ਦੀਆਂ ਰਾਮ-ਕਹਾਣੀਆਂ[12] ਗਾਉਂਦੇ[9] ਹਨ !
ਮੂਰਖ[13] ਪੰਡਿਤ[14] ਹਿਕਮਤਿ[15] ਹੁਜਤਿ[16] ਸੰਜੈ[17] ਕਰਹਿ ਪਿਆਰੁ[18] ॥	The fools[13] call themselves scholars[14] and with devices[15] and cavils[16], they love[18] to amass[17] wealth.	ਬੇਵਕੂਫ[13] ਆਪਣੇ ਆਪ ਨੂੰ ਵਿਦਵਾਨ[14] ਆਖਦੇ ਹਨ ਅਤੇ ਚਾਲਾਕੀਆਂ[15] ਤੇ ਚੁੱਚਰਾਂ[16] ਨਾਲ ਧਨ ਇਕੱਤਰ[17] ਕਰਨ ਨਾਲ ਉਨ੍ਹਾਂ ਦਾ ਪ੍ਰੇਮ[18] ਹੈ ।
ਧਰਮੀ[19] ਧਰਮੁ[20] ਕਰਹਿ[21] ਗਾਵਾਵਹਿ[22] ਮੰਗਹਿ[23] ਮੋਖ[24] ਦੁਆਰੁ[25] ॥	The virtuous[19] disfigure[22] their meritorious[20] acts[21] by asking[23] for the door[25] of salvation[24].	ਨੇਕ ਬੰਦੇ[19] ਮੁਕਤੀ[24] ਦੇ ਦਰ[25] ਦੀ ਜਾਚਨਾ[23] ਕਰਨ ਕਰਕੇ ਆਪਣੇ ਨੇਕ[20] ਕੰਮਾਂ[21] ਨੂੰ ਗਵਾ[22] ਲੈਂਦੇ ਹਨ ।
ਸਤੀ[26] ਸਦਾਵਹਿ[27] ਜੁਗਤਿ[28] ਨ ਜਾਣਹਿ[29] ਛਡਿ[30] ਬਹਹਿ ਘਰ ਬਾਰੁ[31] ॥	They call[27] themselves continent[26] leave[30] their home and hearth[31] and know[29] not the way[28] of life.	ਉਹ ਪ੍ਰਹੇਜ਼ਗਾਰ[26] ਅਖਵਾਉਂਦੇ[27] ਹਨ, ਆਪਣੇ ਦਰ ਘਰ[31] ਨੂੰ ਤਿਆਗ[30] ਦਿੰਦੇ ਹਨ ਅਤੇ ਜੀਵਨ ਦੀ ਰਹੁਰੀਤੀ[28] ਨੂੰ ਨਹੀਂ ਸਮਝਦੇ[29] ।
ਸਭੁ[32] ਕੋ ਪੂਰਾ[33] ਆਪੇ[34] ਹੋਵੈ ਘਟਿ[35] ਨ ਕੋਈ ਆਖੈ[36] ॥	Everyone[32] deems himself[34] perfect[33] and none call[36] himself imperfect[35].	ਹਰ ਕੋਈ [32] ਆਪਣੇ ਆਪ[34] ਨੂੰ ਪੂਰਨ[33] ਸਮਝਦਾ ਹੈ । ਕੋਈ ਭੀ ਆਪਣੇ ਆਪ ਨੂੰ ਘੱਟ[35] ਨਹੀਂ ਕਹਿੰਦਾ[36] ।
ਪਤਿ[37] ਪਰਵਾਣਾ[38] ਪਿਛੈ[39] ਪਾਈਐ ਤਾ[40] ਨਾਨਕ ਤੋਲਿਆ[41] ਜਾਪੈ[42] ॥੨॥	If the weight[38] of honour[37] be put into the hind[39] scale, then[40] alone, O Nanak, the man appears[42] properly weighed[41].	ਜੇਕਰ ਇੱਜ਼ਤ[37] ਦਾ ਵੱਟਾ[38] ਪਿਛਲੇ[39] ਪਲੜੇ ਵਿਚ ਪਾ ਦਿੱਤਾ ਜਾਵੇ, ਕੇਵਲ ਤਦ[40] ਹੀ, ਹੇ ਨਾਨਕ ! ਬੰਦਾ ਚੰਗੀ ਤਰ੍ਹਾਂ ਤੋਲਿਆ[41] ਹੋਇਆ ਮਲੂਮ[42] ਹੁੰਦਾ ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ ।
ਵਦੀ[43] ਸੁ[44] ਵਜਗਿ[45] ਨਾਨਕਾ ਸਚਾ[46] ਵੇਖੈ[47] ਸੋਇ[48] ॥	Wickedness[43] becomes well[44] known[45], but He[48], the True[46] Lord sees[47] everything, O Nanak.	ਬੁਰਾਈ[43] ਭਲੀ ਪ੍ਰਕਾਰ[44] ਉਜਾਗਰ[45] ਹੋ ਜਾਂਦੀ ਹੈ । ਉਹ[48] ਸੱਚਾ ਵਾਹਿਗੁਰੂ[46] ਸਾਰਾ ਕੁਛ ਦੇਖਦਾ[47] ਹੈ, ਹੇ ਨਾਨਕ !
ਸਭਨੀ ਛਾਲਾ[49] ਮਾਰੀਆ[50] ਕਰਤਾ[51] ਕਰੇ ਸੁ[52] ਹੋਇ ॥	Every one has taken[59] a jump[50], but what the Creator[51] does, that[52] alone comes to pass.	ਹਰ ਇਕਸ ਨੇ ਛਲਾਂਗ[49] ਲਗਾਈ[50] ਹੈ, ਪਰ ਜੋ ਕੁਛ ਸਿਰਜਨਹਾਰ[51] ਕਰਦਾ ਹੈ, ਕੇਵਲ ਓਹੀ[52] ਹੁੰਦਾ ਹੈ ।
ਅਗੈ[53] ਜਾਤਿ[54] ਨ ਜੋਰੁ[55] ਹੈ ਅਗੈ[56] ਜੀਉ[57] ਨਵੇ[58] ॥	In the next world[53], caste[54] and power[55] count not; hereafter[56], the mortal has to deal with the new[58] beings[57].	ਪ੍ਰਲੋਕ[53] ਵਿਚ ਜਾਤੀ[54] ਅਤੇ ਬਲ[55] ਦਾ ਕੋਈ ਮੁੱਲ ਨਹੀਂ । ਏਦੂੰ ਮਗਰੋਂ[56], ਪ੍ਰਾਣੀ ਦਾ ਨਵਿਆਂ[58] ਜੀਵਾਂ[57] ਨਾਲ ਵਾਹ ਪੈਂਦਾ ਹੈ ।
ਜਿਨ ਕੀ ਲੇਖੈ[59] ਪਤਿ[60] ਪਵੈ[63] ਚੰਗੇ[61] ਸੇਈ[62] ਕੇਇ[64] ॥੩॥	A few[64], whose honour[60] is[63] of account[59], they[62] are good[61].	ਵਿਰਲੇ[64] ਹੀ, ਜਿਨ੍ਹਾਂ ਦੀ ਇੱਜ਼ਤ[60] ਆਬਰੂ ਗਿਣਤੀ[59] ਵਿੱਚ ਪੈਂਦੀ ਹੈ[63], (ਪਰਵਾਨ[62] ਪੈਂਦੀ ਹੈ) ਭਲੇ[61] ਹੁੰਦੇ ਹਨ ।

ਪਉੜੀ ॥

ਧੁਰਿ[65] ਕਰਮੁ[66] ਜਿਨਾ ਕਉ ਤੁਧੁ ਪਾਇਆ[67]ਤਾ[68]ਤਿਨੀ[69] ਖਸਮੁ[70] ਧਿਆਇਆ[71] ॥

ਏਨਾ ਜੰਤਾ[72] ਕੈ ਵਸਿ[73] ਕਿਛੁ ਨਾਹੀ ਤੁਧੁ ਵੇਕੀ[74] ਜਗਤੁ[75] ਉਪਾਇਆ[76] ॥

ਇਕਨਾ[77] ਨੋ ਤੂੰ ਮੇਲਿ[78] ਲੈਹਿ ਇਕਿ ਆਪਹੁ ਤੁਧੁ ਖੁਆਇਆ[79] ॥

ਗੁਰ ਕਿਰਪਾ[80] ਤੇ ਜਾਣਿਆ ਜਿਥੈ ਤੁਧੁ ਆਪੁ[81] ਬੁਝਾਇਆ[82] ॥

ਸਹਜੇ[83] ਹੀ ਸਚਿ[84] ਸਮਾਇਆ[85] ॥੧੧॥

ਸਲੋਕੁ ਮਹਲਾ ੧ ॥

ਦੁਖੁ[86] ਦਾਰੂ[87] ਸੁਖੁ[88] ਰੋਗੁ[89] ਭਇਆ ਜਾ[90] ਸੁਖੁ ਤਾਮਿ[91] ਨ ਹੋਈ ॥

ਤੂੰ ਕਰਤਾ[92] ਕਰਣਾ[93] ਮੈ ਨਾਹੀ ਜਾ[94] ਹਉ ਕਰੀ ਨ ਹੋਈ ॥੧॥

ਬਲਿਹਾਰੀ[95] ਕੁਦਰਤਿ[96] ਵਸਿਆ[97] ॥

ਤੇਰਾ ਅੰਤੁ[98] ਨ ਜਾਈ ਲਖਿਆ[99] ॥੧॥ਰਹਾਉ॥

ਜਾਤਿ[100] ਮਹਿ[2] ਜੋਤਿ[3] ਜੋਤਿ ਮਹਿ ਜਾਤਾ[4] ਅਕਲ[5] ਕਲਾ[6] ਭਰਪੂਰਿ[7] ਰਹਿਆ ॥

ਤੂੰ ਸਚਾ ਸਾਹਿਬ ਸਿਫਤਿ[8] ਸੁਆਲਿਉ[9] ਜਿਨਿ ਕੀਤੀ ਸੋ ਪਾਰਿ ਪਇਆ[10] ॥

Pauri.

Only[68] they[69], whose destiny[66] Thou, O Lord[70], hast so written[67] from the beginning[65], meditate[71] on Thee.

Nothing is in the power[73] of these creatures[72]. Thou hast created[76] the diverse[74] worlds[75].

Some[77] Thou unitest[78] with Thyself and some Thou leadest astray[79] from Thee.

Thou art known by the grace[80] of the Guru, through whom Thou revealest[82] Thyself[81].

They are easily[83] absorbed[85] in the True Lord[84].

Slok Ist Guru.

Pain[86] is the medicine[87] and pleasure[88] the malady[89], and where[90] there is pleasure, there is no desire[91] for God.

Thou art the Doer[92], I can do[93] nothing. Even[94] if I try to do something, it comes to nothing.

Sacrifice[95] am I unto Thee. Who abides[97] in His creation[96].

Thine limit[98] cannot be comprehended[99]. Pause.

Thy light[3] is contained in[2] the creatures[100] and the creatures[4] are contained in Thine light. Thou, O mighty[6] inconceivable Lord[5], art filling[7] all.

Thou art the True Lord,and beautiful[9] is Thy praise[8]. He who hymns it, swims across[10].

ਪਉੜੀ ।

ਕੇਵਲ[68] ਓਹੀ[69], ਜਿਨ੍ਹਾਂ ਦੀ ਕਿਸਮਤ[66] ਤੂੰ, ਹੇ ਸੁਆਮੀ[70] ! ਮੁੱਢ[65] ਤੋਂ ਐਹੋ ਜੇਹੀ ਲਿਖ[67] ਛੱਡੀ ਹੈ, ਤੈਨੂੰ ਸਿਮਰਦੇ[71] ਹਨ ।

ਇਨ੍ਹਾਂ ਜੀਵਾਂ[72] ਦੇ ਅਖ਼ਤਿਆਰ[73] ਵਿਚ ਕੁਝ ਭੀ ਨਹੀਂ, ਤੂੰ ਮੁਖ਼ਤਲਿਫ਼[74] (ਭਿੰਨ ਭਿੰਨ) ਸੰਸਾਰ[75] ਸਾਜੇ[76] ਹਨ ।

ਕਈਆਂ[77] ਨੂੰ ਤੂੰ ਆਪਣੇ ਨਾਲ ਅਭੇਦ[78]ਕਰ ਲੈਂਦਾ ਹੈਂ, ਅਤੇ ਕਈਆਂ ਨੂੰ ਆਪਣੇ ਕੋਲੋਂ ਖੁੰਝਾ[79] ਦਿੰਦਾ ਹੈਂ ।

ਤੂੰ ਗੁਰਾਂ ਦੀ ਰਹਿਮਤ[80] ਦੁਆਰਾ ਜਾਣਿਆ ਜਾਂਦਾ ਹੈਂ । ਜਿਨ੍ਹਾਂ ਦੇ ਰਾਹੀਂ ਤੂੰ ਆਪਣੇ ਆਪ[81] ਨੂੰ ਪ੍ਰਗਟ[82] ਕਰਦਾ ਹੈਂ ।

ਉਹ ਸੁਖੈਨ[83] ਹੀ ਸੱਚੇ ਸੁਆਮੀ[84] ਵਿੱਚ ਲੀਨ[85] ਹੋ ਜਾਂਦੇ ਹਨ ।

ਸਲੋਕ ਪਹਿਲੀ ਪਾਤਸ਼ਾਹੀ ।

ਦੁਖ[86] ਦਵਾਈ[87] ਹੈ, ਅਤੇ ਖ਼ੁਸ਼ੀ[88] ਬੀਮਾਰੀ[89] । ਜਦ[90] ਖ਼ੁਸ਼ੀ ਹੁੰਦੀ ਹੈ, ਤਦ ਵਾਹਿਗੁਰੂ ਲਈ ਚਾਹ[91]ਨਹੀਂ ਹੁੰਦੀ ।

ਤੂੰ ਕਰਨਹਾਰ[92] ਹੈਂ, ਮੈਂ ਕੁੱਝ ਨਹੀਂ ਕਰ[93] ਸਕਦਾ । ਜੇਕਰ[94] ਮੈਂ ਕੁੱਛ ਕਰਨ ਦੀ ਕੋਸ਼ਿਸ਼ ਭੀ ਕਰਾਂ, ਤਾਂ ਭੀ ਕੁੱਛ ਨਹੀਂ ਬਣਦਾ ।

ਕੁਰਬਾਨ[95] ਹਾਂ ਮੈਂ ਤੇਰੇ ਉਤੋਂ । ਤੂੰ ਆਪਣੀ ਰਚਨਾ[96] ਅੰਦਰ ਵਸਦਾ[97] ਹੈਂ ।

ਤੇਰਾ ਓੜਕ[98] ਜਾਣਿਆ[99] ਨਹੀਂ ਜਾ ਸਕਦਾ । ਠਹਿਰਾਉ ।

ਜੀਵਾਂ[100] ਅੰਦਰ[2] ਤੇਰੀ ਰੋਸ਼ਨੀ[3] ਹੈ ਅਤੇ ਜੀਵ[4] ਤੇਰੀ ਰੋਸ਼ਨੀ ਵਿਚ ਹਨ । ਤੂੰ, ਹੇ ਬਲਵਾਨ[6], ਅਗਾਧ ਸੁਆਮੀ[5] ਸਾਰਿਆਂ ਵਿਚ ਪਰੀ-ਪੂਰਨ[7] ਹੈਂ ।

ਤੂੰ ਸੱਚਾ ਸੁਆਮੀ ਹੈਂ । ਸੁੰਦਰ[9] ਹੈ ਤੇਰੀ ਕੀਰਤੀ[8] । ਜੋ ਇਸ ਨੂੰ ਗਾਇਨ ਕਰਦਾ ਹੈ, ਉਹ ਪਾਰ ਉੱਤਰ[10] ਜਾਂਦਾ ਹੈ ।

ਕਹੁ[16] ਨਾਨਕ ਕਰਤੇ[12] ਕੀਆ[13] ਬਾਤਾ[14] ਜੋ ਕਿਛੁ ਕਰਣਾ ਸੁ[15] ਕਰਿ ਰਹਿਆ॥ ੨॥

Nanak tells[16] the tales[14] of[13] the Creator[12] that what the Lord is to do, that[15] He continues to do.

ਨਾਨਕ ਸਿਰਜਣਹਾਰ[12] ਦੀਆਂ[13] ਵਾਰਤਾਵਾਂ[14] ਬਿਆਨ ਕਰਦਾ[16] ਹੈ, ਜਿਹੜਾ ਕੁਛ ਪ੍ਰਭੂ ਨੇ ਕਰਨਾ ਹੈ, ਉਸ[15]ਨੂੰ ਉਹ ਕਰੀ ਜਾ ਰਿਹਾ ਹੈ।

ਮਹਲਾ ੨ ॥

2nd Guru.

ਦੂਜੀ ਪਾਤਸ਼ਾਹੀ।

ਜੋਗ[17] ਸਬਦੰ[18] ਗਿਆਨ[19] ਸਬਦੰ ਬੇਦ ਸਬਦੰ[20] ਬ੍ਰਹਮਣਹ ॥

The way[18] of union[17] with the Lord is the way of Divine Knowledge[19] but with the Brahmars, the way is through the Vedas[20].

ਪ੍ਰਭੂ ਦੇ ਮਿਲਾਪ[17] ਦਾ ਰਸਤਾ[18], ਈਸ਼ਵਰੀ ਗਿਆਨ[19] ਦਾ ਰਸਤਾ ਹੈ। ਬ੍ਰਹਮਣਾਂ ਦਾ ਰਸਤਾ ਵੇਦਾਂ[20] ਦੇ ਰਾਹੀਂ ਹੈ।

ਖਤ੍ਰੀ ਸਬਦੰ ਸੂਰ[21] ਸਬਦੰ ਸੂਦ੍ਰ ਸਬਦੰ[22] ਪਰਾਕ੍ਰਿਤਹ[23]॥

Khatri's way is the way of bravery[21], of the Sudras the way is the service[23] of others[22].

ਖਤਰੀਆਂ ਦਾ ਰਸਤਾ ਸੂਰਮਤਾਈ[21] ਦਾ ਰਸਤਾ ਹੈ। ਸ਼ੂਦਰਾਂ ਦਾ ਰਸਤਾ ਹੈ, ਹੋਰਨਾਂ[22] ਦਾ ਕਾਰ-ਵਿਹਾਰ[23]।

ਸਰਬ[24] ਸਬਦੰ[25] ਏਕ[26] ਸਬਦੰ ਜੇ[27] ਕੋ[28] ਜਾਣੈ[29] ਭੇਉ[30] ॥ ਨਾਨਕੁ ਤਾ ਕਾ[31] ਦਾਸੁ[32] ਹੈ ਸੋਈ[33] ਨਿਰੰਜਨੁ[34] ਦੇਉ[35] ॥੩॥

If[27] any one[28] knows[29] the secret[30], the duty[25] of all[24] is one Lord's[26] meditation. Of that[31] man Nanak is a serf[32], as he himself[33] is the Immaculate[34] Lord[35].

ਸਾਰਿਆਂ[24] ਦਾ ਫ਼ਰਜ਼[25], ਇਕ ਸਾਹਿਬ[26] ਦੇ ਸਿਮਰਨ ਦਾ ਫ਼ਰਜ਼ ਹੈ। ਜੇਕਰ[27] ਕੋਈ ਜਣਾ[28] ਇਸ ਭੇਤ[30] ਨੂੰ ਜਾਣਦਾ[29] ਹੈ, ਨਾਨਕ ਉਸ ਦਾ[31] ਨਫ਼ਰ[32] ਹੈ। ਉਹ[33] ਖ਼ੁਦ ਹੀ ਪਵਿੱਤਰ[34] ਪ੍ਰਭੂ[35] ਹੈ।

ਮਹਲਾ ੨ ॥

2nd Guru.

ਦੂਜੀ ਪਾਤਸ਼ਾਹੀ।

ਏਕ ਕ੍ਰਿਸਨੰ[36] ਸਰਬ[37] ਦੇਵਾ[38] ਦੇਵ[39] ਦੇਵਾਤ[40] ਆਤਮਾ[41] ॥

The one Lord[36] is the God[39] of all[37] gods[38] and he is the soul[41] of their godliness[40].

ਇੱਕ ਪ੍ਰਭੂ[36] ਸਾਰਿਆਂ[37] ਦੇਵਤਿਆਂ[38] ਦਾ ਈਸ਼ਵਰ[39] ਹੈ। ਉਹ ਉਨ੍ਹਾਂ ਦੇ ਦੇਵਾਪਨ[40] ਦੀ ਰੂਹ[41] ਹੈ।

ਆਤਮਾ ਬਾਸੁਦੇਵਸ੍[42] ਜੇ ਕੋ ਜਾਣੈ[43] ਭੇਉ[44]॥ ਨਾਨਕ ਤਾ ਕਾ ਦਾਸੁ[45] ਹੈ ਸੋਈ ਨਿਰੰਜਨ ਦੇਉ ॥੪॥

If any one knows[43] the mystery[44] of the soul and the Omnipresent[42] Lord, of him Nanak is a slave[45] as he himself is the Pure Lord.

ਜੇਕਰ ਕੋਈ ਜਣਾ, ਰੂਹ ਅਤੇ ਸਰਬ-ਵਿਆਪਕ[42]ਸੁਆਮੀ ਦੇ ਰਾਜ਼[44] ਨੂੰ ਸਮਝਦਾ[43] ਹੋਵੇ, ਉਸ ਦਾ ਨਾਨਕ ਗੁਮਾਸ਼ਤਾ[45] ਹੈ। ਉਹ ਖ਼ੁਦ ਹੀ ਪਵਿੱਤ੍ਰ ਪ੍ਰਭੂ ਹੈ।

ਮਹਲਾ ੧ ॥

Ist Guru.

ਪਹਿਲੀ ਪਾਤਸ਼ਾਹੀ।

ਕੁੰਭੇ[46] ਬਧਾ[47] ਜਲੁ[48] ਰਹੈ[49] ਜਲ ਬਿਨੁ[50] ਕੁੰਭੁ ਨ ਹੋਇ॥ ਗਿਆਨ[51] ਕਾ ਬਧਾ[55] ਮਨੁ[52] ਰਹੈ[56] ਗੁਰ ਬਿਨੁ[53] ਗਿਆਨੁ ਨ[54] ਹੋਇ ॥੫॥

As the water[48] remains[49] confined[47] in a pitcher[46], but the pitcher cannot be shaped without[50] water, so the mind[52], controlled[55] by Divine Knowledge[51] is restrained[56], but sans[53] the Guru, there can be no gnosis[54].

ਜਿਸ ਤਰ੍ਹਾਂ ਘੜੇ[46] ਵਿਚ ਬੱਝਿਆ[47] ਹੋਇਆ ਪਾਣੀ[48] ਟਿਕਿਆ ਰਹਿੰਦਾ[49] ਹੈ; ਪ੍ਰੰਤੂ, ਪਾਣੀ ਦੇ ਬਗ਼ੈਰ[50] ਘੜਾ ਨਹੀਂ ਬਣਦਾ; ਏਸੇ ਤਰ੍ਹਾਂ ਬ੍ਰਹਿਮ-ਬੋਧ[51] ਦਾ ਕਾਬੂ[55] ਕੀਤਾ ਹੋਇਆ ਮਨੂਆ[52] ਟਿਕਿਆ ਰਹਿੰਦਾ[56] ਹੈ, ਪ੍ਰੰਤੂ ਗੁਰਾਂ ਦੇ ਬਾਝੋਂ[53] ਰੱਬੀ ਗਿਆਤ[54] ਨਹੀਂ ਹੁੰਦੀ।

ਪਉੜੀ ॥

Pauri.

ਪਉੜੀ।

ਪੜਿਆ[57] ਹੋਵੈ ਗੁਨਹਗਾਰੁ[58] ਤਾ[59] ਓਮੀ[60] ਸਾਧੁ ਨ ਮਾਰੀਐ[61] ॥	If an educated person[57] is the sinner[58], then[59] an illiterate[60] saint is not to be punished[61] (because of his illiteracy).	ਜੇਕਰ ਵਿਦਵਾਨ ਪੁਰਸ਼[57] ਅਪਰਾਧੀ[58] ਹੋਵੇ, ਤਦ[59] ਅਨਪੜ੍ਹ[60] ਸੰਤ ਨੂੰ (ਕੇਵਲ ਅਨਪੜ੍ਹ ਹੋਣ ਕਰਕੇ) ਸਜ਼ਾ[61] ਨਹੀਂ ਮਿਲਦੀ ।
ਜੇਹਾ[62] ਘਾਲੇ[63] ਘਾਲਣਾ[64] ਤੇਵੇਹੋ[65] ਨਾਉ[66] ਪਚਾਰੀਐ[67] ॥	As[62] are the deeds[64] a man does[63], so[65] is the Name[66], he acquires[67].	ਜੇਹੋ ਜੇਹੇ[62] ਅਮਲ[64] ਬੰਦਾ ਕਮਾਉਂਦਾ[63] ਹੈ, ਉਹੋ ਜੇਹਾ[65] ਹੀ ਉਸ ਦਾ ਨਾਮ[66] ਪੈ ਜਾਂਦਾ[67] ਹੈ ।
ਐਸੀ[68] ਕਲਾ[69] ਨ ਖੇਡੀਐ[70] ਜਿਤੁ[71] ਦਰਗਹ[72] ਗਇਆ[73] ਹਾਰੀਐ[74] ॥	Play[70] not such[68] a game[69], which[71] may bring thee defeat[74] on arriving[73] at God's court[72].	ਐਹੋ ਜੇਹੀ[68] ਖੇਡ[69] ਨਾ ਖੇਲ੍ਹ[70], ਜਿਸ[71] ਕਰਕੇ ਹਰੀ ਦਰਬਾਰ[72] ਪੁੱਜਣ ਤੇ[73] ਤੈਨੂੰ ਸ਼ਿਕਸਤ[74] ਖਾਣੀ ਪਵੇ ।
ਪੜਿਆ ਅਤੈ[75] ਓਮੀਆ ਵੀਚਾਰੁ[76] ਅਗੈ[77] ਵੀਚਾਰੀਐ[78] ॥	Of the educated and[75] the uneducated, the accounts[76] shall be adjudged[78], hereafter[77].	ਵਿਦਵਾਨ ਅਤੇ[75] ਵਿਦਿਆ-ਹੀਣ ਦਾ ਹਿਸਾਬ-ਕਿਤਾਬ[76] ਪ੍ਰਲੋਕ[77] ਵਿੱਚ ਪੜਤਾਲਿਆ[78] ਜਾਵੇਗਾ ।
੪੭੦		
ਮੁਹਿ ਚਲੈ[79] ਸੁ ਅਗੈ[81] ਮਾਰੀਐ[82] ॥੧੨॥	The head-strong[79], shall be thrashed[82] in the next World[81].	ਮੂੰਹ[79] ਜ਼ੋਰ, ਅਗਲੇ ਜਹਾਨ[81] ਵਿਚ ਕੁੱਟੇ ਫਾਟੇ[82] ਜਾਣਗੇ ।
ਸਲੋਕੁ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਸ਼ਾਹੀ ।
ਨਾਨਕ ਮੇਰੁ[83] ਸਰੀਰ[84] ਕਾ ਇਕੁ ਰਥੁ[85]ਇਕੁ ਰਥਵਾਹੁ[86]॥	Nanak, the prime[83] human body[84] has one chariot[85] and one charioteer[86].	ਨਾਨਕ, ਸ੍ਰੇਸ਼ਟੀ[83] ਮਨੁੱਖੀ ਦੇਹ[84] ਦੀ ਇਕ ਗੱਡੀ[85] ਤੇ ਇਕ ਗੱਡੀ ਵਾਨ[86] ਹੈ ।
ਜੁਗੁ ਜੁਗੁ[87] ਫੇਰਿ[88] ਵਟਾਈਅਹਿ[89] ਗਿਆਨੀ[90] ਬੁਝਹਿ[91] ਤਾਹਿ[92] ॥	They change[89] after[88] every age[87] and the divines[90] understand[91] this[92].	ਹਰ ਯੁਗ[87] ਮਗਰੋਂ[88] ਉਹ ਬਦਲ[89] ਜਾਂਦੇ ਹਨ । ਰੱਬੀ ਗਿਆਤ[90] ਵਾਲੇ ਇਸ[92] ਨੂੰ ਸਮਝਦੇ[91] ਹਨ ।
ਸਤਿਜੁਗਿ[93] ਰਥੁ ਸੰਤੋਖ[94] ਕਾ ਧਰਮੁ[95] ਅਗੈ[96] ਰਥਵਾਹੁ ॥	In the Gold-age[93], contentment[94] is the carriage and piety[95] the driver, in front[96].	ਸੁਨਹਿਰੀ ਯੁਗ[93] ਅੰਦਰ ਸੰਤੁਸ਼ਟਤਾ[94] ਗੱਡੀ ਹੈ ਅਤੇ ਪਵਿੱਤ੍ਰਤਾ[95] ਮੂਹਰੇ[96] ਗਾੜੀਵਾਨ ।
ਤ੍ਰੇਤੈ[97] ਰਥੁ ਜਤੈ[98] ਕਾ ਜੋਰੁ[99] ਅਗੈ ਰਥਵਾਹੁ[100] ॥	In the Silver-age[97], continence[98] is the carriage and power[99] the driver[100], in front.	ਚਾਂਦੀ ਦੇ ਯੁਗ[97] ਅੰਦਰ ਪ੍ਰਹੇਜ਼ਗਾਰੀ[98] ਦੀ ਗੱਡੀ ਹੈ ਅਤੇ ਤਾਕਤ[99] ਮੂਹਰੇ ਡਰਾਈਵਰ[100] ।
ਦੁਆਪੁਰਿ[2] ਰਥੁ ਤਪੈ[3] ਕਾ ਸਤੁ[4] ਅਗੈ ਰਥਵਾਹੁ ॥	In the Brass - age[2] penance[3] is the carriage and truth[4] the driver, in front.	ਪਿੱਤਲ ਦੇ ਯੁਗ[2] ਅੰਦਰ ਤਪੱਸਿਆ[3] ਗੱਡੀ ਹੈ ਅਤੇ ਸੱਚ[4] ਮੂਹਰੇ ਗਾੜੀਵਾਨ ।
ਕਲਜੁਗਿ[5] ਰਥੁ ਅਗਨਿ[6] ਕਾ ਕੂੜੁ[7] ਅਗੈ ਰਥਵਾਹੁ ॥ ੧॥	In the Iron-age[5], fire[6] is the chariot and falsehood[7], the charioteer, in front.	ਲੋਹੇ ਦੇ ਸਮੇਂ[5] ਅੰਦਰ ਅੱਗ[6] ਦਾ ਰਥ ਹੈ ਅਤੇ ਝੂਠ[7] ਮੂਹਰੇ ਰਥਵਾਨ ।
ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ ।

ਸਾਮ[8] ਕਹੈ[9] ਸੇਤੰਬਰੁ[10] ਸੁਆਮੀ[12] ਸਚ[18] ਮਹਿ[13] ਆਛੈ[14] ਸਾਚਿ ਰਹੇ[15]॥ ਸਭੁ[16] ਕੋ ਸਚਿ ਸਮਾਵੈ[17] ॥

Sam Ved[8] says[9], that the Lord[12] is white-robed[10], and in[13] the True age[18], every one[16] desired[14] truth, dwelt[15] in truth and was absorbed[17] in truth.

ਸ਼ਾਮ ਵੇਦ[8]ਆਖਦਾ[9] ਹੈ ਕਿ ਸਾਹਿਬ[12] ਸੁਫ਼ੈਦ-ਬਸਤਰਾਂ[10] ਵਾਲਾ ਹੈ। ਸੱਚੇ ਯੁੱਗ[18] ਅੰਦਰ[13] ਹਰ ਜਣਾ[16] ਸੱਚ ਨੂੰ ਚਾਹੁੰਦਾ[14] ਸੀ, ਸੱਚ ਵਿਚ ਵਸਦਾ[15] ਸੀ ਅਤੇ ਸੱਚ ਵਿੱਚ ਹੀ ਲੀਨ[17] ਹੁੰਦਾ ਸੀ।

ਰਿਗੁ[19] ਕਹੈ ਰਹਿਆ ਭਰਪੂਰਿ[20] ॥ ਰਾਮ[21] ਨਾਮੁ ਦੇਵਾ[22] ਮਹਿ[23] ਸੂਰੁ[24] ॥

The Rig Ved[19] says that God is fully contained[20] every where; And amongst[23] the deities[22], the Lord's[21] Name is the most exalted[24].

ਰਿੱਗ ਵੇਦ[19] ਆਖਦਾ ਹੈ ਕਿ ਵਾਹਿਗੁਰੂ ਹਰ ਜਗ੍ਹਾ ਪਰੀ ਪੂਰਨ[20] ਹੈ ਅਤੇ ਦੇਵਤਿਆਂ[22] ਵਿਚੋਂ[23] ਰਾਮ[21] ਦਾ ਨਾਮ ਪਰਮ[24] ਉਤਕ੍ਰਿਸ਼ਟ ਹੈ।

ਨਾਇ ਲਇਐ[25] ਪਰਾਛਤ[26] ਜਾਹਿ[27] ॥ ਨਾਨਕ ਤਉ[28] ਮੋਖੰਤਰੁ[29] ਪਾਹਿ[30] ॥

By uttering[25] the Name, the sins[26] depart[27]. And then[28], O Nanak, man obtains[30] salvation[29].

ਨਾਮ ਦਾ ਉਚਾਰਨ[25] ਕਰਨ ਦੁਆਰਾ ਪਾਪ[26] ਦੂਰ[27] ਹੋ ਜਾਂਦੇ ਹਨ ਅਤੇ ਤਦ[28], ਹੇ ਨਾਨਕ! ਆਦਮੀ ਮੁਕਤੀ[29] ਪਾ ਲੈਂਦਾ[30] ਹੈ।

ਜੁਜ[31] ਮਹਿ[32] ਜੋਰਿ[33] ਛਲੀ[34] ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ[35] ਭਇਆ ॥

In[32] the time of Yujar Veda[31], Kan Krishan of Yadva[35] tribe seduced[34] Chandrawli by force[33].

ਯੁਜਰ ਵੇਦ[31] ਦੇ ਸਮੇਂ[32] ਅੰਦਰ, ਯਾਦਵ[35] ਕੁਲ ਦੇ ਕਾਨ੍ਹ ਕ੍ਰਿਸ਼ਨ ਨੇ ਚੰਦ੍ਰਾਵਲੀ ਨੂੰ ਬਲਿ[33] ਨਾਲ ਠੱਗ[34] ਲਿਆ।

ਪਾਰਜਾਤੁ[36] ਗੋਪੀ[37] ਲੈ ਆਇਆ[38] ਬਿੰਦ੍ਰਾਬਨ ਮਹਿ[39] ਰੰਗੁ ਕੀਆ[40] ॥

He brought[38] the elysian tree[36] for his milk-maid[37] and revelled[40] in[39] Bindraban.

ਉਸ ਨੇ ਆਪਣੀ ਗੁਆਲਣ[37] ਲਈ ਕਲਪ ਬਿਰਛ[36] ਲੈ ਆਂਦਾ[38] ਅਤੇ ਬਿੰਦ੍ਰਾਬਨ ਵਿਚ[39] ਰੰਗ-ਰਲੀਆਂ[40] ਮਾਣੀਆਂ।

ਕਲਿ[41] ਮਹਿ ਬੇਦੁ ਅਥਰਬਣੁ ਹੂਆ ਨਾਉ[42] ਖੁਦਾਈ[43] ਅਲਹੁ[44] ਭਇਆ[45] ॥

In the Dark-age[41], Atharv Veda became prominent and Allah[44] became[45] the Name[42] of God[43].

ਕਾਲੇ ਸਮੇਂ[41] ਅੰਦਰ ਅਥਰਵ ਵੇਦ ਉਘਾ ਹੋਇਆ ਅਤੇ ਵਾਹਿਗੁਰੂ[43] ਦਾ ਨਾਮ[42] ਅੱਲਾ[44] ਪੈ ਗਿਆ[45]।

ਨੀਲ[46] ਬਸਤ੍ਰ[47] ਲੇ[48] ਕਪੜੇ[49] ਪਹਿਰੇ[50] ਤੁਰਕ ਪਠਾਣੀ ਅਮਲੁ[51] ਕੀਆ ॥

Men, then took[48] to and wore[50] blue[46] robes[47] and dresses[49], and Turks and Pathans exercised sway[51].

ਇਨਸਾਨ, ਉਦੋਂ[48] ਨੀਲੇ[46] ਬਾਣੇ[47] ਤੇ ਪੁਸ਼ਾਕੇ[49] ਲੈ ਕੇ[48] ਪਾਉਂਦੇ[50] ਸਨ ਅਤੇ ਮੁਸਲਮਾਨ ਤੇ ਪਠਾਣ ਰਾਜ[51]ਕਰਦੇ ਸਨ।

ਚਾਰੇ ਵੇਦ ਹੋਏ[52] ਸਚਿਆਰ[53] ॥

The four Vedas were professed[52] to be true[53].

ਚਾਰੋਂ[52] ਹੀ ਵੇਦ ਸੱਚੇ[53] ਕਹੇ ਗਏ[52]।

ਪੜਹਿ[54] ਗੁਣਹਿ[55] ਤਿਨ੍ਹ[56] ਚਾਰ ਵੀਚਾਰ[57] ॥

By reading[54] and studying[55] them[56], one finds four doctrines[57] in them.

ਉਨ੍ਹਾਂ[56] ਨੂੰ ਵਾਚਣ[54] ਅਤੇ ਘੋਖਣ ਦੁਆਰਾ[55], ਇਨਸਾਨ ਉਨ੍ਹਾਂ ਵਿਚ ਚਾਰ ਮਤ[57] ਪਾਉਂਦਾ ਹੈ। ਪ੍ਰੰਤੂ,

ਭਾਉ[58] ਭਗਤਿ[59] ਕਰਿ[60] ਨੀਚੁ[61] ਸਦਾਏ[62] ॥ ਤਉ[63] ਨਾਨਕ ਮੋਖੰਤਰੁ[64] ਪਾਏ[65] ॥ ੨॥

Man cherish[60] love[58] and meditation[59] of God and call[62] himself lowly[61], it is then[63], O Nanak that he obtains[65] salvation[64].

ਜੇਕਰ ਆਦਮੀ ਵਾਹਿਗੁਰੂ ਨਾਲ ਪਿਆਰ[58] ਤੇ ਉਸ ਦਾ ਸਿਮਰਨ[59] ਕਰੇ[60] ਅਤੇ ਆਪਣੇ ਆਪ ਨੂੰ ਨੀਵਾਂ[61] ਅਖਵਾਵੇ[62], ਤਾਂ ਹੀ[63], ਹੇ ਨਾਨਕ, ਉਹ ਮੁਕਤੀ[64] ਨੂੰ ਪਾਉਂਦਾ[65] ਹੈ।

ਪਉੜੀ ॥

Pauri.

ਪਉੜੀ।

ਸਤਿਗੁਰ ਵਿਟਹੁ[66]ਵਾਰਿਆ[67]

A sacrifice[67] am I unto[66] the True

ਕੁਰਬਾਨ[67]ਹਾਂ ਮੈਂ ਸੱਚੇ ਗੁਰਾਂ ਉੱਤੋਂ[66]ਜਿਨ੍ਹਾਂ ਨੂੰ[68]ਭੇਟਣ[69]

ਜਿਤੁ[68] ਮਿਲਿਐ[69] ਖਸਮੁ[70] ਸਮਾਲਿਆ[71] ॥

Guru, by meeting[69] whom[68] the Lord[70] is remembered[71].

ਦੁਆਰਾ ਸਾਹਿਬ[70] ਸਿਮਰਿਆ ਜਾਦਾ[71] ਹੈ ।

ਜਿਨਿ[78] ਕਰਿ ਉਪਦੇਸੁ[72] ਗਿਆਨ[73] ਅੰਜਨੁ[74] ਦੀਆ ਇਨੀ ਨੇਤ੍ਰੀ[75] ਜਗਤੁ[76] ਨਿਹਾਲਿਆ[77] ॥

Who[78] has instructed[72] and given me the salv[74] of gnosis[73], and with these eyes[75] I have seen[77] the reality of the world[76].

ਜਿਸ ਨੇ[78] ਮੈਨੂੰ ਸਿਖਿਆ ਦਿੱਤੀ[72] ਅਤੇ ਬ੍ਰਹਿਮ-ਬੋਧ[73]ਦਾ ਸੁਰਮਾ[74] ਬਖ਼ਸ਼ਿਆ ਹੈ ਅਤੇ ਇਨ੍ਹਾਂ ਅੱਖਾਂ[75] ਨਾਲ ਮੈਂ ਸੰਸਾਰ[76] ਦੀ ਅਸਲੀਅਤ ਨੂੰ ਵੇਖ ਲਿਆ[77] ਹੈ ।

ਖਸਮੁ[79] ਛੋਡਿ[80] ਦੂਜੈ[81] ਲਗੇ[82] ਡੁਬੇ[83] ਸੇ[84] ਵਣਜਾਰਿਆ[85] ॥

The[84] dealers[85] who leave[80] Spouse[79] and attach[82] themselves to another[81] are drowned[83].

ਸੁਦਾਗਰ[85] ਜੋ[84] ਪਤੀ[79] ਨੂੰ ਤਿਆਗ ਕੇ[80] ਹੋਰਸ[81]ਨਾਲ ਜੁੜਦੇ[82] ਹਨ, ਉਹ[84] ਡੁੱਬ ਜਾਂਦੇ[83] ਹਨ ।

ਸਤਿਗੁਰੂ ਹੈ ਬੋਹਿਥਾ[86] ਵਿਰਲੈ[87] ਕਿਨੈ ਵੀਚਾਰਿਆ[88] ॥

The True Guru is a boat[86] but a few[87] there are, who realise[88] this.

ਸੱਚੇ ਗੁਰੂ ਜੀ ਇਕ ਜਹਾਜ਼[86] ਹਨ । ਬਹੁਤ ਹੀ ਥੋੜੇ[87] ਇਸ ਨੂੰ ਅਨੁਭਵ ਕਰਦੇ[88] ਹਨ ।

ਕਰਿ[89] ਕਿਰਪਾ[90] ਪਾਰਿ ਉਤਾਰਿਆ[91] ॥੧੩॥

Showering[89] his benediction[90], he ferries[91] them across.

ਆਪਣੀ ਮਿਹਰ[90] ਧਾਰ ਕੇ[89] ਉਹ ਉਨ੍ਹਾਂ ਨੂੰ ਪਾਰ ਕਰ ਦਿੰਦੇ[91] ਹਨ ।

ਸਲੋਕੁ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਸ਼ਾਹੀ ।

ਸਿੰਮਲ[92] ਰੁਖੁ[93] [94]ਸਰਾਇਰਾ[95] ਅਤਿ[96] ਦੀਰਘ[97] ਅਤਿ[98] ਮੁਚੁ[99] ॥

The bombax hepta[92] phylum tree[93] is straight like[96] an arrow[94]. It is very[96] tall[97] and extremely[98] thick[99].

ਸਿੰਬਲ[92] ਦਾ ਬਿਰਛ[93] ਤੀਰ[94] ਵਰਗਾ[95] ਸਿੱਧਾ ਹੈ । ਇਹ ਬਹੁਤਾ[96] ਉੱਚਾ[97] ਅਤੇ ਮਹਾਨ[98] ਮੋਟਾ[99]ਹੁੰਦਾ ਹੈ ।

ਓਇ[100] ਜਿ[2] ਆਵਹਿ[3] ਆਸ[4] ਕਰਿ ਜਾਹਿ[5] ਨਿਰਾਸੇ[6] ਕਿਤੁ[7] ॥

(But) those[100] several[7] birds, which[2] visit[3] it with hope[4], depart[5] disappointed[6].

ਉਹ[100] ਕਿਤਨੇ[7] ਹੀ ਪੰਛੀ ਜੋ[2] ਉਮੈਦ[4] ਧਾਰ ਕੇ ਇਸ ਕੋਲ ਆਉਂਦੇ[3] ਹਨ, ਬੇ-ਉਮੈਦ[6] ਹੋ ਕੇ ਟੁਰ[5]ਜਾਂਦੇ ਹਨ ।

ਫਲ ਫਿਕੇ[8] ਫੁਲ ਬਕਬਕੇ[9] ਕੰਮਿ[10] ਨ ਆਵਹਿ ਪਤ[12]॥

Its fruits are insipid[8], flowers nauseating[9] and leaves[12] useless[10].

ਇਸ ਦੇ ਫਲ ਫਿਕਲੇ[8] ਹੁੰਦੇ ਹਨ, ਫੁੱਲ ਜੀ ਕੱਚਾ ਕਰਨ ਵਾਲੇ[9] ਅਤੇ ਪੱਤੇ[12] ਬੇ-ਮਤਲਬੇ[10] ।

ਮਿਠਤੁ[13] ਨੀਵੀ[14] ਨਾਨਕਾ ਗੁਣ[15] ਚੰਗਿਆਈਆ[16] ਤਤੁ[17] ॥

Sweetness[13] and humility[14], O Nanak, is the essence[17] of merits[15] and virtues[16].

ਮਿਠਾਸ[13] ਅਤੇ ਨਿੰਮ੍ਰਤਾ[14], ਹੇ ਨਾਨਕ ! ਖੂਬੀਆਂ[15] ਅਤੇ ਨੇਕੀਆਂ[16] ਦਾ ਨਿਚੋੜ[17] ਹੈ ।

ਸਭੁ[18] ਕੋ ਨਿਵੈ[19] ਆਪ ਕਉ[20] ਪਰ[21] ਕਉ ਨਿਵੈ ਨ ਕੋਇ[22] ॥

Everyone[18] bows[19] for[20] himself. None[22] bows for another[21].

ਹਰ ਕੋਈ[18] ਆਪਣੀ ਖ਼ਾਤਰ[20] ਨਿਉਂਦਾ[19] ਹੈ । ਓਪਰੇ[21] ਦੀ ਖ਼ਾਤਰ ਕੋਈ ਨਹੀਂ[22] ਨਿਉਂਦਾ ।

ਧਰਿ[23] ਤਾਰਾਜੂ[24] ਤੋਲੀਐ[25] ਨਿਵੈ[26] ਸੁ[28] ਗਉਰਾ[27] ਹੋਇ ॥

If a thing be placed[23] in the pan of a balance[24] and weighed[25], the side which descends[26], that[28] is the heavier[27].

ਜੇਕਰ ਕੋਈ ਚੀਜ਼ ਤੱਕੜੀ[24] ਦੇ ਪਲੜੇ ਵਿਚ ਰੱਖ ਕੇ[23] ਜੋਖੀ ਜਾਵੇ[25] ਤਾਂ ਜਿਹੜਾ ਪਾਸਾ ਨੀਵਾਂ[26] ਹੁੰਦਾ ਹੈ, ਉਹ[28] ਭਾਰਾ[27] ਹੁੰਦਾ ਹੈ ।

ਅਪਰਾਧੀ[29] ਦੂਣਾ[30] ਨਿਵੈ[34] ਜੋ[31] ਹੰਤਾ[32] ਮਿਰਗਾਹਿ[33]॥

The sinner[29], like[31] the deer[33] hunter[32], bows[34] twice[30] as much.

ਹਰਨ[33] ਦੇ ਸ਼ਿਕਾਰੀ[32] ਦੀ ਮਾਨਿੰਦ[31] ਪਾਪੀ[29] ਦੁਗਣਾ[30] ਨੀਵਾਂ[34] ਹੁੰਦਾ ਹੈ ।

ਸੀਸਿ[35] ਨਿਵਾਇਐ[42] ਕਿਆ[36] ਥੀਐ[37] ਜਾ[38] ਰਿਦੈ[39] ਕੁਸੁਧੇ[40] ਜਾਹਿ[41] ॥੧॥

What[36] can be achieved[37] by bowing[42] the head[35], when[38] the man goes[41] with filthy[40] mind[39] ?

ਸਿਰ[35] ਝੁਕਾਉਣ[42] ਦੁਆਰਾ ਕੀ[36] ਪ੍ਰਾਪਤ[37] ਹੋ ਸਕਦਾ ਹੈ, ਜਦ[38] ਇਨਸਾਨ ਮਲੀਨ[40] ਮਨ[39] ਨਾਲ ਜਾਂਦਾ[41] ਹੈ ?

ਮਹਲਾ ੧ ॥

Ist Guru.

ਪਹਿਲੀ ਪਾਤਸ਼ਾਹੀ ।

ਪੜਿ[42*] ਪੁਸਤਕ[43] ਸੰਧਿਆ[44] ਬਾਦੰ[45] ॥ ਸਿਲ[46] ਪੂਜਸਿ[47] ਬਗੁਲ[48] ਸਮਾਧੰ[49] ॥

You read[42*] books[43], say vesper prayers[44] and argue[45], you worship[47] stones[46] and sit in trance[49] like a crane[48].

ਤੁਸੀਂ ਪੋਥੀਆਂ[43]ਵਾਚਦੇ[42] ਹੋ, ਤ੍ਰਿਕਾਲਾਂ ਦੀ ਪ੍ਰਾਰਥਨਾ[44] ਅਤੇ ਬਹਿਸ[45] ਕਰਦੇ ਹੋ, ਪੱਥਰ[46] ਪੂਜਦੇ[47] ਹੋ, ਤੇ ਬਗਲੇ[48] ਦੀ ਤਰ੍ਹਾਂ ਤਾੜੀ[49] ਲਾਉਂਦੇ ਹੋ ।

ਮੁਖਿ[50] ਝੂਠ[51] ਬਿਭੂਖਣ[52] ਸਾਰੰ[53] ॥ ਤ੍ਰੈ[54] ਪਾਲ[55] ਤਿਹਾਲ[56] ਬਿਚਾਰੰ[57] ॥

With your mouth[50] you utter falsehood[51] like the precious[53] ornaments[52], And recite[57] the three[54] line[55] Gaoatri three times[56] a day.

ਆਪਣੇ ਮੂੰਹ[50] ਨਾਲ ਤੁਸੀਂ ਪਰਮ ਸ੍ਰੇਸ਼ਟ[53] ਗਹਿਣਿਆਂ[52] ਵਰਗਾ ਕੂੜ[51] ਬੋਲਦੇ ਹੋ, ਅਤੇ ਤਿਨਾਂ[54] ਪੈਰਾਂ ਵਾਲੀ[55] ਗਾਇਤ੍ਰੀ ਦਾ ਦਿਨ ਵਿੱਚ ਤਿੰਨ ਵਾਰੀ[56] ਪਾਠ[57] ਕਰਦੇ ਹੋ ।

ਗਲਿ[58] ਮਾਲਾ[59] ਤਿਲਕੁ[60] ਲਿਲਾਟੰ[61] ॥ ਦੁਇ[62] ਧੋਤੀ[63] ਬਸਤ੍ਰ[64] ਕਪਾਟੰ[65] ॥

Around your neck[58] is the rosary[59], on your forehead[61] the sacred mark[60] and on your head[65] is a towel[64] and you have two[62] loin-cloths[63].

ਤੁਹਾਡੀ ਗਰਦਨ[58] ਦੁਆਲੇ ਸਿਮਰਨੀ[59] ਹੈ, ਤੁਹਾਡੇ ਮੱਥੇ[61] ਉੱਤੇ ਟਿੱਕਾ[60], ਤੁਹਾਡੇ ਸਿਰ[65]ਉੱਤੇ ਤੌਲੀਆਂ[64] ਅਤੇ ਤੁਹਾਡੇ ਕੋਲ ਦੋ[62] ਧੋਤੀਆਂ[63] ਹਨ ।

ਜੇ[66] ਜਾਣਸਿ[67] ਬ੍ਰਹਮੰ[68] ਕਰਮੰ[69] ॥ ਸਭਿ[70] ਫੋਕਟ[71] ਨਿਸਚਉ[72] ਕਰਮੰ[73] ॥

If[66] you know[67] the nature[69] of the Lord[68], then you will find that all[70] these beliefs[72] and rites[73] are vain[71].

ਜੇਕਰ[66] ਤੂੰ ਪ੍ਰਭੂ[68] ਦੇ ਦਸਤੂਰ[69] ਨੂੰ ਜਾਣਦਾ[67] ਹੋਵੇਂ, ਤਾਂ ਤੈਨੂੰ ਪਤਾ ਲਗੇਗਾ ਕਿ ਇਹ ਸਮੂਹ[70] ਨਿਸਚੇ[72] ਤੇ ਸੰਸਕਾਰ[73] ਵਿਅਰਥ[71] ਹਨ ।

ਕਹੁ[74] ਨਾਨਕ ਨਿਹਚਉ[75] ਧਿਆਵੈ[76] ॥

Says[74] Nanak, in good faith[75] meditate[76] on the Lord.

ਗੁਰੂ ਜੀ ਆਖਦੇ[74] ਹਨ, ਨੇਕ ਨੀਅਤੀ[75] ਨਾਲ ਸੁਆਮੀ ਦਾ ਸਿਮਰਨ[76] ਕਰ ।

ਵਿਣੁ[77] ਸਤਿਗੁਰ ਵਾਟ[78] ਨ ਪਾਵੈ[79] ॥੨॥

Without[77] the True Guru, man finds[79] not the way[78].

ਸੱਚੇ ਗੁਰਾਂ ਦੇ ਬਾਝੋਂ[77] ਇਨਸਾਨ ਨੂੰ ਰਸਤਾ[78] ਨਹੀਂ ਲੱਭਦਾ[79] ।

ਪਉੜੀ ॥

Pauri.

ਪਉੜੀ ।

ਕਪੜੁ[80] ਰੂਪੁ[81] ਸੁਹਾਵਣਾ[82] ਛਡਿ ਦੁਨੀਆ[83] ਅੰਦਰਿ[84] ਜਾਵਣਾ[85] ॥

Leaving comely[82] raiment[80] and beauty[81] in[84] this world[83], the man departs[85].

ਸੁਹਣੀ[82] ਪੁਸ਼ਾਕ[80] ਅਤੇ ਸੁੰਦਰਤਾ[81] ਨੂੰ ਇਸ ਸੰਸਾਰ[83] ਵਿੱਚ[84] ਛੱਡ ਕੇ ਇਨਸਾਨ ਟੁਰ ਜਾਂਦਾ[85] ਹੈ ।

੪੭੧

ਮੰਦਾ[86] ਚੰਗਾ[87] ਆਪਣਾ[88] ਆਪੇ[89] ਹੀ ਕੀਤਾ[90] ਪਾਵਣਾ[91] ॥

Man himself[89] obtains[91] the fruit of his[88] bad[86] and good[87] deeds[90].

ਆਦਮੀ ਖੁਦ[89] ਹੀ ਆਪਣੇ[88] ਬੁਰੇ[86] ਤੇ ਭਲੇ[87]ਅਮਲਾਂ[90] ਦਾ ਫਲ ਪਾ ਲੈਂਦਾ ਹੈ[91] ।

ਹੁਕਮ[92] ਕੀਏ[93] ਮਨਿ

One may issue[93] one's heart-

ਬੰਦਾ ਏਥੇ ਆਪਣੇ ਦਿਲ-ਚਾਹੁੰਦੇ[94] ਫੁਰਮਾਨ[92] ਪਿਆ

ਭਾਵਦੇ[94] ਰਾਹਿ[95] ਭੀੜੈ[96] ਅਗੈ[97] ਜਾਵਣਾ[98] ॥	desired[94] commands[92] here, but he shall proceed[98] by the narrow[96] road[95] hereafter[97].	ਜਾਰੀ[93] ਕਰੇ ਪ੍ਰੰਤੂ ਪ੍ਰਲੋਕ[97] ਵਿਚ ਉਸ ਨੂੰ ਤੰਗ[96] ਰਸਤੇ[95] ਟੁਰਨਾ ਪਵੇਗਾ[98]।
ਨੰਗਾ[99] ਦੋਜਕਿ[100] ਚਾਲਿਆ[2] ਤਾ[3] ਦਿਸੈ[4] ਖਰਾ[5] ਡਰਾਵਣਾ[6] ॥	All-naked[99] when he goes[2] to the hell[100], he, then[3] looks[4] very[5] hideous[6] indeed.	ਨੰਗ-ਧੜੰਗ[99] ਜਦ ਉਹ ਨਰਕ[100] ਨੂੰ ਜਾਂਦਾ[2] ਹੈ, ਤਦ[3] ਉਹ ਸੱਚ ਮੁੱਚ ਡਾਢਾ[5] ਹੀ ਭਿਆਨਕ[6] ਦਿਸਦਾ[4] ਹੈ।
ਕਰਿ[7] ਅਉਗਣ[8] ਪਛੋਤਾਵਣਾ[9] ॥੧੪॥	He regrets[9] the sins[8], he committed[7].	ਉਹ ਕੀਤੇ ਹੋਏ[7] ਪਾਪਾਂ[8] ਤੇ ਪਸਚਾਤਾਪ ਕਰਦਾ[9] ਹੈ।
ਸਲੋਕੁ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਸ਼ਾਹੀ।
ਦਇਆ[10] ਕਪਾਹ[12] ਸੰਤੋਖੁ[13] ਸੂਤੁ[14] ਜਤੁ[15] ਗੰਢੀ[16] ਸਤੁ[17] ਵਟੁ[18] ॥ ਏਹੁ ਜਨੇਊ[19] ਜੀਅ[20] ਕਾ ਹਈ[21] ਤ[22] ਪਾਡੇ ਘਤੁ[23] ॥	Make compassion[10] the cotton[12], contentment[13] the thread[14], continence[15] the knot[16] and truth[17] the twist[18]. This is the sacred thread[19] of the soul[20] and if thou hast[21] it, O Brahman, then[22], put[23] it on me.	ਮਿਹਰਬਾਨੀ[10] ਨੂੰ ਕਪਾਸ[12], ਸੰਤੁਸ਼ਟਤਾ[13] ਨੂੰ ਧਾਗਾ[14], ਪ੍ਰਹੇਜ਼ਗਾਰੀ[15] ਨੂੰ ਗੱਠ[16] ਅਤੇ ਸੱਚ[17] ਨੂੰ ਮਰੋੜਾ[18]ਬਣਾ। ਇਹ ਹੈ ਜੰਞੂ[19] ਆਤਮਾ[20] ਦਾ। ਜੇ ਤੇਰੇ ਕੋਲ[21] ਇਹ ਹੈ, ਹੇ ਬ੍ਰਾਹਮਣ! ਤਦ[22], ਮੈਨੂੰ ਇਹ ਪਾ ਦੇ[23]।
ਨਾ ਏਹੁ ਤੁਟੈ[24] ਨ ਮਲੁ[25] ਲਗੈ[26] ਨਾ ਏਹੁ ਜਲੈ[27] ਨ ਜਾਇ[28] ॥	It breaks[24] not, nor it is soiled[26] with filth[25], nor it is burnt[27], nor lost[28].	ਇਹ ਟੁੱਟਦਾ[24]ਨਹੀਂ, ਨਾ ਹੀ ਇਸ ਨੂੰ ਮੈਲ[25]ਚਿਮੜਦੀ[26] ਹੈ। ਇਹ ਨਾ ਸੜਦਾ[27] ਹੈ, ਤੇ ਨਾ ਹੀ ਗਵਾਚਦਾ[28] ਹੈ।
ਧੰਨੁ[29] ਸੁ[30] ਮਾਣਸ[31] ਨਾਨਕਾ ਜੋ ਗਲਿ[32] ਚਲੇ[33] ਪਾਇ[34] ॥	Blessed[29] are the[30] mortals[31], O Nanak, who go[33] wearing[34] such a thread on their neck[32].	ਮੁਬਾਰਕ[29] ਹਨ ਉਹ[30] ਪ੍ਰਾਣੀ[31], ਹੇ ਨਾਨਕ! ਜੋ ਐਹੋ ਜੇਹਾ ਜਨੇਊ ਆਪਣੀ ਗਰਦਨ[32] ਦੁਆਲੇ ਪਾ ਕੇ[34] ਜਾਂਦੇ[33] ਹਨ।
[35]ਚਉਕੜਿ[36] ਮੁਲਿ[37] ਅਣਾਇਆ[38] ਬਹਿ[39]ਚਉਕੈ[40] ਪਾਇਆ[41] ॥	Thou buyest[37] and bringest[38] a thread for four[35] shells[36], and seated[39] in an enclosure[40], putest[41] it on.	ਤੂੰ ਚਾਰ[35] ਕਉਡੀਆਂ[36] ਨੂੰ ਧਾਗਾ ਖ਼ਰੀਦ[37] ਕੇ ਲਿਆਉਂਦਾ[38] ਹੈਂ ਅਤੇ ਵਲਗਣ[40] ਵਿਚ ਬੈਠ ਕੇ[39] ਇਸ ਨੂੰ ਪਾਉਂਦਾ[41] ਹੈਂ।
ਸਿਖਾ[42] ਕੰਨਿ[43] ਚੜਾਈਆ[44] ਗੁਰੁ[45] ਬ੍ਰਾਹਮਣੁ ਥੀਆ[46] ॥	The Brahman becomes[46] religious preceptor[45] and whispers[44] instruction[42] into the ears[43].	ਬ੍ਰਹਮਣ ਧਾਰਮਕ ਉਸਤਾਦ[45] ਬਣ[46] ਜਾਂਦਾ ਹੈ ਅਤੇ ਉਹ ਕੰਨਾਂ[43] ਵਿਚ ਸਿੱਖਿਆ[42] ਫੂਕਦਾ[44] ਹੈ।
ਓਹੁ[47] ਮੁਆ ਓਹੁ ਝੜਿ ਪਇਆ[48] [49]ਵੇ ਤਗਾ[50] ਗਇਆ[51] ॥੧॥	(But) that[47] man dies and the sacrificial thread falls[48] and the soul departs[51] without[49] the thread[50].	(ਪ੍ਰੰਤੂ) ਉਹ[47] ਆਦਮੀ ਮਰ ਜਾਂਦਾ ਹੈ, ਉਹ ਜਨੇਊ ਡਿੱਗ ਪੈਂਦਾ[48] ਹੈ ਅਤੇ ਆਤਮਾ ਬਿਨਾ[49] ਧਾਗੇ[50] ਦੇ ਟੁਰ ਪੈਂਦੀ[51] ਹੈ।
ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ।
ਲਖ ਚੋਰੀਆ[52] ਲਖ	Man commits lacs of thefts[52] and	ਆਦਮੀ ਲੱਖਾਂ ਚੋਰੀਆਂ[52]ਅਤੇ ਲਖੂਖਾਂ ਵਿਭਚਾਰ[53]ਕਰਦਾ

ਜਾਰੀਆ[53] ਲਖ ਕੂੜੀਆ[54] ਲਖ ਗਾਲਿ[55] ॥

lacs of adulteries[53] and utters lacs of falsehoods[54] and lacs of abuses[55].

ਹੈ ਅਤੇ ਲੱਖਾਂ ਝੂਠ[54] ਤੇ ਮੰਦੇ ਬਚਨ ਬੋਲਦਾ[55] ਹੈ ।

ਲਖ[56] ਠਗੀਆ[57] ਪਹਿਨਾਮੀਆ[58] ਰਾਤਿ[59] ਦਿਨਸੁ[60] ਜੀਅ[61] ਨਾਲਿ[62]॥

He practises countless[56] deceptions[57] and villainies[58], night[59] and day[60], with[62] his fellow beings[61].

ਉਹ ਰੈਣ[59] ਦਿਹੁੰ[60] ਅਣਗਿਣਤ[56] ਠੱਗੀਆਂ ਠੋਰੀਆਂ[57] ਅਤੇ ਪਾਂਬਰਤਾਈਆਂ[58] ਆਪਣੇ ਸਾਥ ਦੇ ਜੀਵਾਂ[61] ਨਾਲ[62] ਕਰਦਾ ਹੈ ।

ਤਗੁ[63] ਕਪਾਹਹੁ[64] ਕਤੀਐ ਬਾਮਣੁ ਵਟੇ[65] ਆਇ[66] ॥

The thread[63] is spun from cotton[64] and the Brahman comes[66] and twists[65] it.

ਧਾਗਾ[63] ਰੂੰ ਤੋਂ[64] ਕੱਤਿਆ ਜਾਂਦਾ ਹੈ ਅਤੇ ਬਾਹਮਣ ਆ[66] ਕੇ ਇਸ ਨੂੰ ਵੱਟਦਾ[65] ਹੈ ।

ਕੁਹਿ[67] ਬਕਰਾ ਰਿੰਨਿ[69] ਖਾਇਆ[70] ਸਭੁ[68] ਕੋ ਆਖੈ[71] ਪਾਇ[72] ॥

The goat is killed[67], cooked[69] and eaten[70] and everyone[68] then says[71], "Put[72] on the sacred thread".

ਬੱਕਰਾ ਮਾਰਿਆ[67], ਪਕਾਇਆ[69] ਤੇ ਖਾਧਾ ਜਾਂਦਾ[70] ਹੈ । ਤਦ ਹਰ ਕੋਈ[68] ਕਹਿੰਦਾ[71] ਹੈ, 'ਜਨੇਊ ਪਾ[72] ਦਿਉ' ।

ਹੋਇ ਪੁਰਾਣਾ[73] ਸੁਟੀਐ[74] ਭੀ[75] ਫਿਰਿ[76] ਪਾਈਐ[78] ਹੋਰੁ[77] ॥

When it wears off[73], it is thrown[74] away and then[76] another[77] is put[78] on over again[75].

ਜਦ ਇਹ ਬੋਦਾ ਹੋ ਜਾਂਦਾ[73] ਹੈ, ਇਸ ਨੂੰ ਸੁੱਟ ਦਿੰਦੇ[74] ਹਨ ਅਤੇ ਤਦ[76] ਹੋਰ[77] ਨਵੇਂ ਸਿਰਿਓਂ[75] ਪਾ ਦਿੱਤਾ ਜਾਂਦਾ[78] ਹੈ ।

ਨਾਨਕ ਤਗੁ[82] ਨ ਤੁਟਈ[79] ਜੇ[80] ਤਗਿ ਹੋਵੈ ਜੋਰੁ[81] ॥੨॥

Nanak, the thread[82] would not break[79] if[80] it has any strength[81].

ਨਾਨਕ, ਧਾਗਾ[82] ਟੁੱਟੇ[79] ਹੀ ਨਾ, ਜੇਕਰ[80] ਧਾਗੇ ਵਿੱਚ ਕੋਈ ਸੱਤਿਆ[81] ਹੋਵੇ ।

ਮਹਲਾ ੧ ॥

Ist Guru.

ਪਹਿਲੀ ਪਾਤਸ਼ਾਹੀ ।

ਨਾਇ[83] ਮੰਨਿਐ[84] ਪਤਿ[85] ਊਪਜੈ[86] ਸਾਲਾਹੀ[87] ਸਚੁ ਸੂਤੁ[88] ॥

By believing[84] in the Name[83], honour[85] is produced[86] and Lord's praise[87] is the true sacrificial thread[88].

ਨਾਮ[83] ਤੇ ਈਮਾਨ ਲਿਆਉਣ ਦੁਆਰਾ[84], ਇੱਜ਼ਤ[85] ਉਤਪੰਨ[86] ਹੁੰਦੀ ਹੈ । ਸੁਆਮੀ ਦੀ ਸਿਫ਼ਤ-ਸ਼ਲਾਘਾ[87] ਸੱਚਾ ਜਨੇਊ[88] ਹੈ ।

ਦਰਗਹ[89] ਅੰਦਰਿ[90] ਪਾਈਐ[91] ਤਗੁ[92] ਨ ਤੂਟਸਿ[93] ਪੂਤ[94] ॥੩॥

Such a sacred[94] thread[92] is worn[91] in[90] the Lord's court[89] and it breaks[93] not.

ਐਹੋ ਜੇਹਾ ਪਵਿੱਤ੍ਰ[94] ਧਾਗਾ[92] ਪ੍ਰਭੂ ਦੇ ਦਰਬਾਰ[89]ਵਿੱਚ[90] ਪਹਿਰਿਆ[91] ਜਾਂਦਾ ਹੈ ਅਤੇ ਇਹ ਟੁੱਟਦਾ[93] ਨਹੀਂ ।

ਮਹਲਾ ੧ ॥

Ist Guru.

ਪਹਿਲੀ ਪਾਤਸ਼ਾਹੀ ।

ਤਗੁ ਨ ਇੰਦ੍ਰੀ[95] ਤਗੁ ਨ ਨਾਰੀ[96] ॥ ਭਲਕੇ[97] ਥੁਕ[98] ਪਵੈ[2] ਨਿਤ[99] ਦਾੜੀ[100] ॥

There is no thread for the sexual organ[95] and no thread there is for the woman[96]. Because of this, man's beard[100] is daily[97] and ever[99] spat[98] upon[2].

ਲਿੰਗ[95] ਲਈ ਕੋਈ ਧਾਗਾ ਨਹੀਂ, ਅਤੇ ਇਸਤ੍ਰੀ[96] ਲਈ ਕੋਈ ਧਾਗਾ ਨਹੀਂ । ਇਨ੍ਹਾਂ ਦੇ ਸਬੱਬ, ਬੰਦੇ ਦੇ ਦਾੜ੍ਹੇ[100] ਉੱਤੇ ਹਰ ਰੋਜ਼[97] ਅਤੇ ਸਦਾ[99] ਹੀ ਥੁੱਕਾਂ[98] ਪੈਂਦੀਆਂ[2] ਹਨ ।

ਤਗੁ ਨ ਪੈਰੀ[3] ਤਗੁ ਨ ਹਥੀ[4] ॥

There is no thread for the feet[3] and no thread for the hands[4].

ਪਗਾਂ[3] ਲਈ ਕੋਈ ਧਾਗਾ ਨਹੀਂ ਅਤੇ ਧਾਗਾ ਹੱਥਾਂ[4] ਲਈ ਭੀ ਨਹੀਂ ।

ਤਗੁ ਨ ਜਿਹਵਾ[5] ਤਗੁ ਨ ਅਖੀ[6] ॥ ਵੇਤਗਾ[7] ਆਪੇ[8] ਵਤੈ[9] ॥

No thread there is for the tongue[5] and no thread for the eyes[6]. Without[7] the thread the Brahman himself[8] wanders[9] about.

ਧਾਗਾ ਜੀਭ[5] ਲਈ ਨਹੀਂ ਅਤੇ ਨਾ ਹੀ ਧਾਗਾ ਨੇਤ੍ਰਾਂ[6] ਲਈ ਹੈ । ਧਾਗੇ ਦੇ ਬਗੈਰ[7] ਬ੍ਰਹਿਮਣ ਖੁਦ[8] ਭਟਕਦਾ[9] ਫਿਰਦਾ ਹੈ ।

ਵਟਿ[14] ਧਾਗੇ[10] ਅਵਰਾ[12] ਘਤੈ[13] ॥

Twisting[14] the threads[10], he puts[13] them on others[12].

ਡੋਰਾਂ[10] ਨੂੰ ਵੱਟ ਕੇ[14] ਉਹ ਉਨ੍ਹਾਂ ਨੂੰ ਹੋਰਨਾਂ[12] ਦੇ ਪਾਉਂਦਾ[13] ਹੈ ।

ਲੈ[15] ਭਾੜਿ[16]ਕਰੇ ਵੀਆਹੁ[17]॥

He takes[15] remuneration[16] for performing marriages[17].

ਵਿਵਾਹ ਕਰਾਉਣ ਦੀ[17] ਉਹ ਮਜ਼ਦੂਰੀ[16] ਲੈਂਦਾ[15] ਹੈ ।

ਕਢਿ[18] ਕਾਗਲੁ[19] ਦਸੇ[20] ਰਾਹੁ[21] ॥

Pulling[18] out the calendar[19], he shows[20] the way[21].

ਪੱਤ੍ਰੀ[19] ਕੱਢ ਕੇ[18] ਉਹ ਰਸਤਾ[21] ਵਿਖਾਲਦਾ[20] ਹੈ ।

ਸੁਣਿ ਵੇਖਹੁ[22] ਲੋਕਾ[23] ਏਹੁ ਵਿਡਾਣੁ[24] ॥

Hear and see[22], ye people[23], this strange thing[24].

ਸੁਣੋ ਅਤੇ ਦੇਖੋ[22], ਤੁਸੀਂ ਹੇ ਲੋਕੋ[23] ! ਇਹ ਹੈਰਾਨੀ ਦੀ ਗੱਲ[24] ।

ਮਨਿ[25] ਅੰਧਾ[26] ਨਾਉ[27] ਸੁਜਾਣੁ[28] ॥੪॥

While mentally[25] blind[26], the Pandit is named[27] Surjan[28] (wise).

ਆਤਮਕ ਤੌਰ ਤੇ[25] ਅੰਨ੍ਹਾ[26] ਹੁੰਦਿਆਂ ਹੋਇਆਂ ਭੀ ਪੰਡਤ ਦਾ ਨਾਮ[27] ਸਿਆਣਾ[28] ਹੈ ।

ਪਉੜੀ ॥

Pauri.

ਪਉੜੀ ।

ਸਾਹਿਬੁ ਹੋਇ ਦਇਆਲੁ[29] ਕਿਰਪਾ[30] ਕਰੇ[31] ਤਾ[32] ਸਾਈ[33] ਕਾਰ[34]ਕਰਾਇਸੀ[35]॥

The man[33] to whom the Lord is compassionate[29] and[32] shows[31] mercy[30], performs[35] His service[34].

ਜਿਸ ਉੱਤੇ ਸੁਆਮੀ ਮਿਹਰਬਾਨ[29] ਹੈ ਅਤੇ[32] ਦਇਆ[30] ਧਾਰਦਾ[31] ਹੈ, ਉਹ[33] ਉਸ ਦੀ ਚਾਕਰੀ[34] ਕਮਾਉਂਦਾ[35] ਹੈ ।

ਸੋ[36] ਸੇਵਕੁ[37] ਸੇਵਾ[38] ਕਰੇ ਜਿਸ ਨੋ ਹੁਕਮੁ[39] ਮਨਾਇਸੀ[40] ॥

The[36] servant[37], whom the Lord causes to abide[40] by His order[39], serves[38] Him.

ਟਹਿਲੂਆ[37], ਜਿਸ ਪਾਸੋਂ ਸਾਂਈਂ ਆਪਣਾ ਫੁਰਮਾਨ[39] ਸਵੀਕਾਰ ਕਰਾਉਂਦਾ[40] ਹੈ, ਉਹ[36] ਉਸ ਦੀ ਟਹਿਲ[38] ਕਰਦਾ ਹੈ ।

ਹੁਕਮਿ ਮੰਨਿਐ ਹੋਵੈ ਪਰਵਾਣੁ[41] ਤਾ[42] ਖਸਮੈ[43] ਕਾ ਮਹਲੁ[44] ਪਾਇਸੀ[45] ॥

By obeying His command, man becomes acceptable[41] and then[42] obtains[45] the Master's[43] mansion[44].

ਉਸ ਦੀ ਆਗਿਆ ਮੰਨਣ ਦੁਆਰਾ ਇਨਸਾਨ ਕਬੂਲ ਪੈ ਜਾਂਦਾ[41] ਹੈ ਅਤੇ ਤਦ[42], ਮਾਲਕ[43] ਦੇ ਮੰਦਰ[44] ਨੂੰ ਪਾ ਲੈਂਦਾ[45] ਹੈ ।

ਖਸਮੈ ਭਾਵੈ[45*] ਸੋ[46] ਕਰੇ ਮਨਹੁ[47] ਚਿੰਦਿਆ[48] ਸੋ[49] ਫਲੁ[50] ਪਾਇਸੀ[51] ॥

He, who does that[46] what pleases[45*] his Master, obtains[51] the[49] fruit[50] his heart[47] desires[48].

ਜਿਹੜਾ ਉਹ ਕੁਛ[46] ਕਰਦਾ ਹੈ, ਜੋ ਉਸ ਦੇ ਮਾਲਕ ਨੂੰ ਚੰਗਾ ਲਗਦਾ[45*] ਹੈ; ਉਹ, ਉਹ[49] ਮੇਵਾ[50] ਹਾਸਲ[51] ਕਰ ਲੈਂਦਾ ਹੈ, ਜਿਸ ਨੂੰ ਉਸ ਦਾ ਦਿਲ[47] ਲੋੜਦਾ[48]ਹੈ ।

ਤਾ[52] ਦਰਗਹ[53] ਪੈਧਾ[54] ਜਾਇਸੀ[55] ॥੧੫॥

He, then[52], goes[55] to God's court[53], wearing the robe[54] of honour.

ਉਹ ਤਦ[52], ਇੱਜ਼ਤ ਦੀ ਪੁਸ਼ਾਕ[54] ਪਹਿਰ ਕੇ ਵਾਹਿਗੁਰੂ ਦੇ ਦਰਬਾਰ[53] ਨੂੰ ਜਾਂਦਾ[55] ਹੈ ।

ਸਲੋਕੁ ਮਹਲਾ ੧ ॥

Ist Guru.

ਪਹਿਲੀ ਪਾਤਸ਼ਾਹੀ ।

ਗਊ[56] ਬਿਰਾਹਮਣ ਕਉ ਕਰੁ[57] ਲਾਵਹੁ ਗੋਬਰਿ[58] ਤਰਣੁ[59] ਨ ਜਾਈ ॥

Thou chargest tax[57] for the cow[56] and the Brahman, but the cow-dung[58] will not save[59] thee.

ਤੂੰ ਗਾਂ[56] ਅਤੇ ਬ੍ਰਹਿਮਣ ਨੂੰ ਮਸੂਲ[57] ਲਾਉਂਦਾ ਹੈਂ । ਗਾਂ ਦੇ ਗੋਹੇ[58] ਨੇ ਤੇਰਾ ਪਾਰ ਉਤਾਰਾ[59] ਨਹੀਂ ਕਰਨਾ ।

ਧੋਤੀ[60] ਟਿਕਾ[61] ਤੈ[62] ਜਪਮਾਲੀ[66] ਧਾਨੁ[63] ਮਲੇਛਾ[64] ਖਾਈ[65] ॥

Thou wearest a loin-cloth[60] putest a frontal mark[61], carriest a rosary[66] and[62] eatest[65] the muslims[64] provisions[63].

ਤੂੰ ਧੋਤੀ[60] ਪਾਉਂਦਾ ਹੈਂ, ਤਿਲਕ[61] ਲਾਉਂਦਾ ਹੈਂ, ਮਾਲਾ[66]ਚੁੱਕੀ ਫਿਰਦਾ ਹੈਂ ਅਤੇ[62] ਰਾਸ਼ਨ[63]ਮੁਸਲਮਾਨਾਂ[64] ਦਾ ਖਾਂਦਾ[65] ਹੈਂ ।

ਅੰਤਰਿ[67] ਪੂਜਾ[68] ਪੜਹਿ[69] ਕਤੇਬਾ[70] ਸੰਜਮੁ[71] ਤੁਰਕਾ[72] ਭਾਈ[73] ॥

O brother[73], within[67], thou performest worship[68], outside thou readest[69] muslim books[70] and adoptest Muhammadan[72]-way of life[71].

ਹੇ ਭਰਾ[73] ! ਅੰਦਰਵਾਰ[67] ਤੂੰ ਉਪਾਸ਼ਨਾ[68] ਕਰਦਾ ਹੈਂ, ਬਾਹਰਵਾਰ ਤੂੰ ਮੁਸਲਮਾਨੀ ਕਿਤਾਬਾਂ[70]ਵਾਚਦਾ[69]ਹੈਂ ਅਤੇ ਮੁਸਲਮਾਨੀ[72] ਜੀਵਨ ਰਹੁ-ਰੀਤੀ[71] ਧਾਰਨ ਕਰਦਾ ਹੈਂ ।

ਛੋਡੀਲੇ[74] ਪਾਖੰਡਾ[75] ॥	Lay aside[74] the hypocrisy[75].	ਆਪਣਾ ਦੰਭਪੁਣਾ[75] ਤਿਆਗ ਦੇ[74] ।
ਨਾਮਿ ਲਇਐ[76] ਜਾਹਿ ਤਰੰਦਾ[77] ॥੧॥	By taking[76] God's Name. thou shalt swim across[77].	ਰੱਬ ਦਾ ਨਾਮ ਲੈਣ ਦੁਆਰਾ[76], ਤੂੰ ਪਾਰ[77] ਉੱਤਰ ਜਾਵੇਂਗਾ ।
ਮਹਲਾ ੧ ॥	1st Guru.	ਪਹਿਲੀ ਪਾਤਸ਼ਾਹੀ ।
ਮਾਣਸਖਾਣੇ[78] ਕਰਹਿ ਨਿਵਾਜ[79] ॥	The man-eaters[78] say the prayer[79].	ਆਦਮੀ-ਖਾਣ ਵਾਲੇ[78] ਨਮਾਜ਼[79] ਪੜ੍ਹਦੇ ਹਨ ।
ਛੁਰੀ[80] ਵਗਾਇਨਿ[81] ਤਿਨ[82] ਗਲਿ[83] ਤਾਗ ॥	They[82]who wield[81]the Scalpel (knife),[80] wear thread round their neck[83].	ਜੋ ਕਰਦ[80] ਚਲਾਉਂਦੇ[81] ਹਨ, ਉਨ੍ਹਾਂ[82] ਦੀ ਗਰਦਨ[83] ਦੁਆਲੇ ਜਨੇਊ ਹੈ ।
ਤਿਨ ਘਰਿ[84] ਬ੍ਰਹਮਣ ਪੂਰਹਿ[85] ਨਾਦ[86] ॥	In their home[84] the Brahmans sound[85] the conch[86].	ਉਨ੍ਹਾਂ ਦੇ ਗ੍ਰਿਹਿ[84] ਵਿਚ ਬ੍ਰਾਹਮਣ ਸੰਖ[86] ਵਜਾਉਂਦੇ[85] ਹਨ ।
ਉਨ੍ਹਾ ਭਿ[87] ਆਵਹਿ ਓਈ[88] ਸਾਦ[89] ॥	They too[87] have the same[88] taste[89].	ਉਨ੍ਹਾਂ ਨੂੰ ਭੀ[87] ਓਹੀ[88] ਸੁਆਦ[89] ਆਉਂਦਾ ਹੈ ।
ਕੂੜੀ[90] ਰਾਸਿ[91] ਕੂੜਾ ਵਾਪਾਰੁ[92] ॥	False[90] is their capital[91] and false their trade[92].	ਝੂਠੀ[90] ਹੈ ਉਨ੍ਹਾਂ ਦੀ ਪੂੰਜੀ[91] ਅਤੇ ਝੂਠਾ ਉਨ੍ਹਾਂ ਦਾ ਵਣਜ[92] ।
ਕੂੜੁ ਬੋਲਿ ਕਰਹਿ[93] ਆਹਾਰੁ[94] ॥	By telling falsehood, they take[93] their food[94].	ਝੂਠ ਬੋਲ ਕੇ ਉਹ ਭੋਜਨ[94] ਛੱਕਦੇ[93] ਹਨ ।
ਸਰਮ[95] ਧਰਮ[96] ਕਾ ਡੇਰਾ[97] ਦੂਰਿ[98] ॥	The abode[97] of modesty[95] and piety[96] is far[98] from them.	ਲੱਜਿਆ[95] ਅਤੇ ਪਵਿੱਤ੍ਰਤਾ[96] ਦਾ ਵਸੇਬਾ[97] ਉਨ੍ਹਾਂ ਕੋਲੋਂ ਦੂਰੇਡੇ[98] ਹੈ ।
ਨਾਨਕ ਕੂੜੁ ਰਹਿਆ ਭਰਪੂਰਿ[99] ॥	Nanak, falsehood is fully filling[99] them all.	ਨਾਨਕ, ਝੂਠ ਉਨ੍ਹਾਂ ਸਾਰਿਆਂ ਨੂੰ ਪਰੀਪੂਰਨ[99] ਕਰ ਰਿਹਾ ਹੈ ।
ਮਥੈ[4] ਟਿਕਾ[100] ਤੇੜਿ[2] ਧੋਤੀ ਕਖਾਈ[3] ॥	With the sacrificial mark[100] on the brow[4] and on his waist[2] the ochre-coloured[3] loin-cloth.	ਮਨੁਖ ਦੇ ਮਸਤਕ[4] ਤੇ ਤਿਲਕ[100] ਹੈ ਅਤੇ ਉਸ ਦੇ ਲੱਕ[2] ਦੁਆਲੇ ਭਗਵੀਂ[3] ਧੋਤੀ ।
ਹਥਿ ਛੁਰੀ[5] ਜਗਤ[6] ਕਾਸਾਈ[7] ॥	In his hand he holds the knife[5] he is verily the world'[6] butcher[7].	ਉਹਦੇ ਹੱਥ ਵਿਚ ਚਾਕੂ[5] ਹੈ । ਉਹ ਅਵੱਸ਼ ਸੰਸਾਰ[6] ਦਾ ਕਸਾਈ[7] ਹੈ ।
੪੭੨		
ਨੀਲ[8] ਵਸਤ੍ਰ[9] ਪਹਿਰਿ[10] ਹੋਵਹਿ ਪਰਵਾਣੁ[12] ॥	Wearing[10] blue[8] clothes[9], he becomes acceptable[12] (in the eyes of Muslims).	ਨੀਲੇ[8] ਕਪੜੇ[9] ਪਹਿਨ ਕੇ[10] ਉਹ ਮੁਸਲਮਾਨਾਂ ਦੀਆਂ ਅੱਖਾਂ ਵਿਚ ਮਕਬੂਲ[12] ਹੋ ਜਾਂਦਾ ਹੈ ।
ਮਲੇਛ[13] ਧਾਨੁ[14] ਲੇ[15] ਪੂਜਹਿ[16] ਪੁਰਾਣੁ ॥	Taking[15] bread[14] from the Muslims[13] he worships[16] Puranas.	ਮੁਸਲਮਾਨਾਂ[13] ਤੋਂ ਟੁੱਕਰ[14] ਲੈ ਕੇ[15] ਉਹ ਪੁਰਾਣਾਂ ਨੂੰ ਪੂਜਦਾ[16] ਹੈ ।
[17]ਅਭਾਖਿਆ[18] ਕਾ ਕੁਠਾ[19] ਬਕਰਾ ਖਾਣਾ ॥	He eats the he-goat killed[19] by uttering the foreign[17] (Muslim Kalima) words[18].	ਪਰਦੇਸੀ[17] ਸ਼ਬਦ[18] ਉਚਾਰਨ ਕਰਕੇ ਮਾਰੇ ਹੋਏ[19] ਬੱਕਰੇ ਨੂੰ ਉਹ ਖਾਂਦਾ ਹੈ ।
ਚਉਕੇ[20] ਉਪਰਿ ਕਿਸੈ ਨ ਜਾਣਾ[21] ॥	He allows none to enter[21] his cooking enclosure[20].	ਆਪਣੇ ਰਸੋਈ ਕਰਨ ਵਾਲੇ ਵਲਗਣ[20]ਉੱਤੇ ਉਹ ਕਿਸੇ ਨੂੰ ਵੜਨ[21] ਨਹੀਂ ਦਿੰਦਾ ।

ਦੇ ਕੈ ਚਉਕਾ[22] ਕਢੀ[23] ਕਾਰ[24] ॥	Plastering[22] the ground, he draws[23] lines[24] around it.	ਜ਼ਮੀਨ ਨੂੰ ਲੇਪਨ[22] ਕਰਕੇ ਉਹ ਉਸ ਦੇ ਉਦਾਲੇ ਲਕੀਰਾਂ[24] ਖਿੱਚਦਾ[23] ਹੈ ।
ਉਪਰਿ[25] ਆਇ[26] ਬੈਠੇ[27] ਕੂੜਿਆਰ[28] ॥	The false[28] come[26] and sit[27] upon[25] it.	ਝੂਠੇ[28] ਆ ਕੇ[26] ਉਸ ਉੱਤੇ[25] ਬਹਿ ਜਾਂਦੇ[27] ਹਨ ।
ਮਤੁ[29] ਭਿਟੈ[30] ਵੇ[34] ਮਤੁ ਭਿਟੈ ॥ ਇਹੁ ਅੰਨੁ[31] ਅਸਾਡਾ[32] ਫਿਟੈ[33] ॥	They, cry touch[30] not[29], O touch[34] not. Otherwise, this food[31] of ours[32] will be polluted[33]".	ਉਹ ਆਖਦੇ ਹਨ, "ਨਾਲ ਨ[29] ਲੱਗਣਾ[30], ਓ[34] ਨਾਲ ਨਾ ਲਗਣਾ, ਨਹੀਂ ਤਾਂ ਸਾਡਾ[32] ਇਹ ਭੋਜਨ[31] ਪਲੀਤ[33] ਹੋ ਜਾਵੇਗਾ" ।
ਤਨਿ[35] ਫਿਟੈ[36] ਫੇੜ[37] ਕਰੇਨਿ[38] ॥	With the polluted[36] body[35], they commit[38] evil[37] deeds.	ਪਲੀਤ[36] ਦੇਹ[35] ਨਾਲ ਉਹ ਮੰਦੇ[37] ਅਮਲ ਕਮਾਉਂਦੇ[38] ਹਨ ।
ਮਨਿ[39] ਜੂਠੈ[40] ਚੁਲੀ[41] ਭਰੇਨਿ ॥	With the impure[40] mind[39], they gargle[41] their throat.	ਅਪਵਿੱਤ੍ਰ[40] ਹਿਰਦੇ[39] ਨਾਲ ਉਹ ਕੁਰਲੀ[41] ਕਰਦੇ ਹਨ ।
ਕਹੁ[42] ਨਾਨਕ ਸਚੁ[43] ਧਿਆਈਐ[44] ॥	Says[42] Nanak, meditate[44] thou on the True Lord[43].	ਗੁਰੂ ਜੀ ਫ਼ੁਰਮਾਉਂਦੇ[42] ਹਨ, ਤੂੰ ਸੱਚੇ ਸੁਆਮੀ[43] ਦਾ ਸਿਮਰਨ[44] ਕਰ ।
ਸੁਚਿ[45] ਹੋਵੈ ਤਾ[46] ਸਚੁ[47] ਪਾਈਐ[48] ॥੨॥	If thou art unpolluted[45], then[46] alone shalt thou obtain[48] the True[47] One.	ਜੇਕਰ ਤੂੰ ਪਵਿੱਤ੍ਰ ਪਾਵਨ[45] ਹੋਵੇਂਗਾ, ਕੇਵਲ ਤਦ[46] ਹੀ, ਤੂੰ ਸਤਿਪੁਰਖ[47] ਨੂੰ ਪ੍ਰਾਪਤ[48] ਹੋਵੇਂਗਾ ।
ਪਉੜੀ ॥	Pauri.	ਪਉੜੀ ।
ਚਿਤੈ[49] ਅੰਦਰਿ[50] ਸਭੁ[51] ਕੋ ਵੇਖਿ[52] ਨਦਰੀ[53] ਹੇਠਿ[54] ਚਲਾਇਦਾ[55] ॥	All[51] are within[50] Thy mind[49] and Thou seest[52] and movest[55] them beneath[54] Thine glance[53], O Lord.	(ਹੇ ਹਰੀ) ਸਾਰੇ[51] ਤੇਰੇ ਮਨ[49]ਵਿਚ[50] ਹਨ । ਤੂੰ ਉਨ੍ਹਾਂ ਨੂੰ ਦੇਖਦਾ[52] ਅਤੇ ਆਪਣੀ ਨਿਗ੍ਹਾ[53] ਨੀਚੇ[54] ਤੋਰਦਾ[55] ਹੈਂ ।
ਆਪੇ[56] ਦੇ[57] ਵਡਿਆਈਆ[58] ਆਪੇ ਹੀ ਕਰਮ[59] ਕਰਾਇਦਾ ॥	Thyself[56] Thou grantest[57] glory[58] and Thyself causeth men to do deeds[59].	ਖ਼ੁਦ[56] ਹੀ ਤੂੰ ਸੋਭਾ-ਸ਼ਾਨ[58] ਬਖ਼ਸ਼ਦਾ[57] ਹੈਂ ਅਤੇ ਖ਼ੁਦ ਹੀ ਬੰਦਿਆਂ ਪਾਸੋਂ ਕੰਮ[59] ਕਰਵਾਉਂਦਾ ਹੈਂ ।
ਵਡਹੁ ਵਡਾ[60] ਵਡ ਮੇਦਨੀ[61] ਸਿਰੇ ਸਿਰਿ[62] ਧੰਧੈ[63] ਲਾਇਦਾ[64] ॥	The Lord is the greatest[60] of the great and great is His world[61]. He puts[64] every one[62] to work[63].	ਪ੍ਰਭੂ ਵਿਸ਼ਾਲਾਂ ਦਾ ਪਰਮ ਵਿਸ਼ਾਲ[60] ਹੈ,ਅਤੇ ਵਿਸ਼ਾਲ ਹੈ ਉਸ ਦਾ ਸੰਸਾਰ[61] । ਉਹ ਹਰ ਇਕਸ[62] ਨੂੰ ਕੰਮ ਕਾਜ[63] ਲਾਉਂਦਾ[64] ਹੈ ।
ਨਦਰਿ[65] ਉਪਠੀ[66] ਜੇ[67] ਕਰੇ[68] ਸੁਲਤਾਨਾ[69] ਘਾਹੁ[70] ਕਰਾਇਦਾ[71] ॥	If[67] He cast[68] an angry[66] glance[65], He makes[71] monarchs[69] as grass blades[70].	ਜੇਕਰ[67] ਉਹ [66]ਕ੍ਰੋਧ-ਦ੍ਰਿਸ਼ਟੀ[65] ਧਾਰ[68] ਲਵੇ, ਤਾਂ ਪਾਤਸ਼ਾਹਾਂ[69] ਨੂੰ ਘਾਹ ਦੇ ਤੀਲੇ[70] ਵਾਂਙੂ ਕਰ ਦਿੰਦਾ[71]ਹੈ ।
ਦਰਿ[72] ਮੰਗਨਿ[73] ਭਿਖ ਨ[74] ਪਾਇਦਾ[75] ॥੧੬॥	Even though they may beg[73] from door to door[72], they receive[75] no alms[74],	ਭਾਵੇਂ ਉਹ ਦੁਆਰੇ ਦੁਆਰੇ[72] ਮੰਗਦੇ[73] ਫਿਰਨ, ਉਨ੍ਹਾਂ ਨੂੰ ਖ਼ੈਰ[74] ਨਹੀਂ ਮਿਲਦੀ[75] ।
ਸਲੋਕੁ ਮਹਲਾ ੧ ॥	Slok 1st Guru.	ਸਲੋਕ ਪਹਿਲੀ ਪਾਤਸ਼ਾਹੀ ।
ਜੇ[76] ਮੋਹਾਕਾ[77] ਘਰੁ[78] ਮੁਹੈ[79] ਘਰੁ ਮੁਹਿ[80] ਪਿਤਰੀ[81] ਦੇਇ[82] ॥	If[76] a thief[77] robs[79] a house[78] and gives[82] the house plunder[80] to his ancestors[81].	ਜੇਕਰ[76] ਚੋਰ[77] ਝੁੱਗਾ[78] ਲੁੱਟ ਲਵੇ[79] ਅਤੇ ਝੁੱਗੇ ਦੀ ਲੁੱਟ[80] ਨੂੰ ਵਡੇ ਵਡੇਰਿਆਂ[81] ਨੂੰ ਦੇ ਦੇਵੇ[82] ;

ਅਗੈ[83] ਵਸਤੁ[84] ਸਿਞਾਣੀਐ[85] ਪਿਤਰੀ ਚੋਰ[86] ਕਰੇਇ[87] ॥

In the world next[83], the thing[84] is recognised[85] and the ancestors are made[87] thieves[86].

ਤਾਂ। ਪ੍ਰਲੋਕ[83] ਵਿਚ ਚੀਜ਼[84] ਪਛਾਣੀ ਜਾਂਦੀ[85] ਹੈ ਅਤੇ ਵੱਡੇ ਵਡੇਰੇ ਤਸਕਰ[86] ਬਣਾ ਲਏ ਜਾਂਦੇ[87] ਹਨ।

ਵਢੀਅਹਿ[88] ਹਥ ਦਲਾਲ[89] ਕੇ ਮੁਸਫੀ[90] ਏਹ[91] ਕਰੇਇ[92]॥

The hands of the go-between[89] are shorn[88] off. Like this[91] the Lord administers[92] justice[90].

ਵਿਚੋਲੇ[89] ਦੇ ਹੱਥ ਕੱਟੇ[88] ਜਾਂਦੇ ਹਨ। ਪ੍ਰਭੂ ਇਸ ਤਰ੍ਹਾਂ[91] ਇਨਸਾਫ਼[90] ਕਰਦਾ[92] ਹੈ।

ਨਾਨਕ ਅਗੈ[93] ਸੋ[94] ਮਿਲੈ[99] ਜਿ[95] ਖਟੇ[96] ਘਾਲੇ[97] ਦੇਇ[98] ॥੧॥

Nanak, in the next world[93], that[94] alone is received[99], which[95] one gives[98] (to the needy) from his earnings[96] and toil[97].

ਨਾਨਕ, ਅਗਲੇ ਜਹਾਨ[93] ਵਿਚ ਕੇਵਲ ਓਹੀ[94] ਮਿਲਦਾ[99] ਹੈ, ਜੋ[95] ਇਨਸਾਨ ਆਪਣੀ ਕਮਾਈ[96] ਅਤੇ ਮਿਹਨਤ ਮੁਸ਼ੱਕਤ[97] ਵਿਚੋਂ (ਲੋੜਵੰਦਾਂ ਨੂੰ) ਦਿੰਦਾ[98] ਹੈ!

ਮਹਲਾ ੧ ॥

1st Guru.

ਪਹਿਲੀ ਪਾਤਸ਼ਾਹੀ।

ਜਿਉ[99]*ਜੋਰੂ[100]ਸਿਰਨਾਵਣੀ[2] ਆਵੈ ਵਾਰੋ ਵਾਰ[3] ॥ ਜੂਠੇ[4] ਜੂਠਾ[5] ਮੁਖਿ[6] ਵਸੈ[7] ਨਿਤ[8] ਨਿਤ ਹੋਇ ਖੁਆਰੁ[9] ॥

As[99]* a woman[100] has her recurring[3] monthly menses[2], so does falsehood[4] dwell[7] in the mouth[6] of the false[5] one and he is ever[8], ever distressed[9].

ਜਿਸ ਤਰ੍ਹਾਂ[99]* ਤ੍ਰੀਮਤ[100] ਨੂੰ ਮਾਹਵਾਰੀ ਖ਼ੂਨ[2] ਮੁੜ ਮੁੜ ਕੇ[3] ਆਉਂਦਾ ਹੈ,ਏਸੇ ਤਰ੍ਹਾਂ ਹੀ ਝੂਠੇ[4] ਦੇ ਮੂੰਹ[6] ਵਿਚ ਝੂਠ[5] ਵਸਦਾ[7] ਹੈ ਅਤੇ ਉਹ ਸਦਾ[8], ਸਦਾ ਹੀ ਦੁਖੀ[9] ਹੁੰਦਾ ਹੈ।

ਸੂਚੇ[10] ਏਹਿ[12]ਨ ਆਖੀਅਹਿ[13] ਬਹਨਿ[14] ਜਿ[15] ਪਿੰਡਾ[16] ਧੋਇ[17] ॥

They[12] who[15] sit[14] down after washing[17] their body[16], are not called[13] pure[10].

ਉਹ[12], ਜੋ[15] ਆਪਣੇ ਸਰੀਰ[16] ਨੂੰ ਧੋ ਕੇ[17] ਬੈਠ ਜਾਂਦੇ[14] ਹਨ, ਪਵਿੱਤ੍ਰ[10] ਨਹੀਂ ਕਹੇ ਜਾਂਦੇ[13]।

ਸੂਚੇ ਸੇਈ[18] ਨਾਨਕਾ ਜਿਨ ਮਨਿ[19] ਵਸਿਆ[20] ਸੋਇ[21] ॥ ੨॥

Pure are they[18], O Nanak, within whose mind[19], He[21], the Lord abides[20].

ਪਵਿੱਤ੍ਰ ਹਨ ਉਹ[18], ਹੇ ਨਾਨਕ! ਜਿਨ੍ਹਾਂ ਦੇ ਹਿਰਦੇ[19] ਅੰਦਰ[21] ਸਾਹਿਬ ਨਿਵਾਸ[20] ਰੱਖਦਾ ਹੈ।

ਪਉੜੀ ॥

Pauri.

ਪਉੜੀ।

ਤੁਰੇ[22] ਪਲਾਣੇ[23] ਪਉਣ[24] ਵੇਗ[25] ਹਰ ਰੰਗੀ[26] ਹਰਮ[27] ਸਵਾਰਿਆ[28] ॥

Saddled[23] horses[22], swift[25] like wind[24], and belles[27] adorned[28] in every way[26], on them the mortals fix their mind.

ਹਵਾ[24] ਵਰਗੇ ਤੇਜ਼[25], ਕਾਠੀਆਂ[23] ਵਾਲੇ ਘੋੜੇ[22] ਅਤੇ ਹਰ ਤਰ੍ਹਾਂ[26] ਨਾਲ ਸ਼ਿੰਗਾਰੀਆਂ[28],ਹੋਈਆਂ, ਸੁੰਦਰੀਆਂ[27], ਇਨ੍ਹਾਂ ਉੱਤੇ ਪ੍ਰਾਣੀ ਆਪਣੇ ਚਿੱਤ ਨੂੰ ਜੋੜਦੇ ਹਨ।

ਕੋਠੇ[29] ਮੰਡਪ[30] ਮਾੜੀਆ[31] ਲਾਇ ਬੈਠੇ[32] ਕਰਿ[33] ਪਾਸਾਰਿਆ[34] ॥

They dwell[32] in houses[29], pavillions[30] and lofty mansions[31] and make[33] ostentations[34].

ਉਹੋ ਮਕਾਨਾਂ[29], ਤੰਬੂਆਂ[30] ਅਤੇ ਉੱਚੇ ਮੰਦਰਾਂ[31] ਅੰਦਰ ਵਸਦੇ[32] ਹਨ ਅਤੇ ਅਡੰਬਰ[34] ਰੱਚਦੇ[33] ਹਨ।

ਚੀਜ[35] ਕਰਨਿ ਮਨਿ[36] ਭਾਵਦੇ[37] ਹਰਿ ਬੁਝਨਿ[38] ਨਾਹੀ ਹਾਰਿਆ[39] ॥

They do their mind[36] - desired[37] things[35] but they know[38] not God and so suffer defeat[39].

ਉਹ ਆਪਣੇ [36]ਚਿੱਤ-ਚਾਹੁੰਦੀਆਂ[37] ਗੱਲਾਂ[35] ਕਰਦੇ ਹਨ ਪ੍ਰੰਤੂ ਉਹ ਵਾਹਿਗੁਰੂ ਨੂੰ ਨਹੀਂ ਜਾਣਦੇ[38] ਤੇ ਇਸ ਲਈ ਹਾਰ[39] ਜਾਂਦੇ ਹਨ।

ਕਰਿ[46] ਫੁਰਮਾਇਸਿ[40] ਖਾਇਆ[47] ਵੇਖਿ[41] ਮਹਲਤਿ[42] ਮਰਣੁ[44] ਵਿਸਾਰਿਆ[45] ॥

They eat[47] by exercising[46] their authority[40], and, seeing[41] their mansions[42], they forget[45] death[44].

ਉਹ ਆਪਣੀ ਹਕੂਮਤ[40] ਦੇ ਰੁਅਬ ਨਾਲ[46] ਖਾਂਦੇ[47] ਹਨ ਅਤੇ ਆਪਣੇ ਮੰਦਰਾਂ[42] ਨੂੰ ਦੇਖ ਕੇ[41] ਮੌਤ[44] ਨੂੰ ਭੁਲਾ ਦਿੰਦੇ[45] ਹਨ।

ਜਰੁ[48] ਆਈ ਜੋਬਨਿ[49] ਹਾਰਿਆ[50] ॥੧੭॥	When old age[48] comes, youth[49] fails[50] them,	ਜਦ ਬੁਢੇਪਾ[48] ਆ ਜਾਂਦਾ ਹੈ, ਜੁਆਨੀ[49] ਹਾਰ ਜਾਂਦੀ[50] ਹੈ।
ਸਲੋਕੁ ਮਹਲਾ ੧ ॥	Slok 1st Guru,	ਸਲੋਕ ਪਹਿਲੀ ਪਾਤਸ਼ਾਹੀ।
ਜੇਕਰਿ ਸੂਤਕੁ[51] ਮੰਨੀਐ[52] ਸਭਤੈ[53] ਸੂਤਕੁ ਹੋਇ ॥	If the principle of diploment[51] be admitted[52], then there is diploment every where[53].	ਜੇਕਰ ਅਪਵਿੱਤ੍ਰਤਾ[51] ਦਾ ਅਸੂਲ ਸਵੀਕਾਰ[52]ਕਰ ਲਿਆ ਜਾਵੇ, ਤਾਂ ਹਰ ਥਾਂ[53] ਅਪਵਿੱਤ੍ਰਤਾ ਹੈ।
ਗੋਹੇ[54] ਅਤੈ[55] ਲਕੜੀ[56] ਅੰਦਰਿ ਕੀੜਾ[57] ਹੋਇ ॥	In cow - dung[54] and[55] wood[56] there are worms[57].	ਗੋਬਰ[54] ਅਤੇ[55] ਕਾਠ[56] ਵਿਚ ਕਿਰਮ[57] ਹੁੰਦੇ ਹਨ।
ਜੇਤੇ[58] ਦਾਣੇ[59] ਅੰਨ ਕੇ[60] ਜੀਆ[61] ਬਾਝੁ[62] ਨ ਕੋਇ ॥	As many as[58] are the grains[59] of corn[60], none is without[62] life[61].	ਜਿਤਨੇ ਭੀ[58] ਦਾਣੇ[59] ਅਨਾਜ[60] ਦੇ ਹਨ, ਕੋਈ ਭੀ ਜ਼ਿੰਦਗੀ[61] ਦੇ ਬਗ਼ੈਰ[62] ਨਹੀਂ।
ਪਹਿਲਾ[63] ਪਾਣੀ ਜੀਉ ਹੈ ਜਿਤੁ[65] ਹਰਿਆ[64] ਸਭੁ ਕੋਇ ॥	In the first place[63] there is life in water, by which[65], all are made green[64].	ਪਹਿਲ ਪ੍ਰਿਥਮੇ[63] ਜਲ ਵਿਚ ਜਾਨ ਹੈ, ਜਿਸ ਦੁਆਰਾ[65] ਸਾਰਾ ਕੁਛ ਸਰਸਬਜ਼[64] ਹੋ ਜਾਂਦਾ ਹੈ।
ਸੂਤਕੁ ਕਿਉ ਕਰਿ[66] ਰਖੀਐ[67] ਸੂਤਕੁ ਪਵੈ[68] ਰਸੋਇ[69] ॥	How[66] can diploment be warded off[67] ? If falls[68] on our own kitchen[69].	ਅਪਵਿੱਤ੍ਰਤਾ ਕਿਸ ਤਰ੍ਹਾਂ[66] ਹੋੜੀ ਜਾ ਸਕਦੀ[67] ਹੈ ? ਇਹ ਸਾਡੇ ਬਵਰਚੀ ਖ਼ਾਨੇ[69] ਤੇ ਆ ਡਿੱਗਦੀ[68] ਹੈ।
ਨਾਨਕ ਸੂਤਕੁ ਏਵ[70] ਨ ਉਤਰੈ[71] ਗਿਆਨੁ[72] ਉਤਾਰੇ ਧੋਇ[73] ॥੧॥	Nanak, diploment is not removed[71] like this[70]. It is washed away[73] by Divine Knowledge[72].	ਨਾਨਕ, ਅਸ਼ੁੱਧਤਾ ਇਸ ਤਰ੍ਹਾਂ[70] ਦੂਰ[71] ਨਹੀਂ ਹੁੰਦੀ, ਬ੍ਰਹਿਮ ਵੀਚਾਰ[72] ਇਸ ਨੂੰ ਧੋ ਸੁੱਟਦਾ[73] ਹੈ।
ਮਹਲਾ ੧ ॥	1st Guru.	ਪਹਿਲੀ ਪਾਤਸ਼ਾਹੀ।
ਮਨ ਕਾ ਸੂਤਕੁ ਲੋਭੁ[74] ਹੈ ਜਿਹਵਾ[75] ਸੂਤਕੁ ਕੂੜੁ[76] ॥	The mind's diploment is avarice[74] and the tongue's[75] diploment falsehood[76].	ਚਿੱਤ ਦੀ ਅਪਵਿੱਤ੍ਰਤਾ ਲਾਲਚ[74] ਹੈ ਅਤੇ ਜੀਭ ਦੀ[75] ਅਪਵਿੱਤ੍ਰਤਾ ਝੂਠ[76] ਹੈ।
ਅਖੀ ਸੂਤਕੁ[77] ਵੇਖਣਾ ਪਰ[78] ਤ੍ਰਿਆ[79] ਪਰ ਧਨ[80]ਰੂਪੁ[81]॥	The defilement[77] of the eyes is to behold another's[78] woman[79], another's wealth[80] and beauty[81].	ਅੱਖਾਂ ਦੀ ਮਲੀਣਤਾ[77] ਹੋਰਨਾਂ ਦੀ[78] ਇਸਤਰੀ[79], ਹੋਰਨਾਂ ਦੀ ਦੌਲਤ[80] ਅਤੇ ਸੁੰਦਰਤਾ[81] ਦਾ ਦੇਖਣਾ ਹੈ।
ਕੰਨੀ ਸੂਤਕੁ[83] ਕੰਨਿ[82] ਪੈ ਲਾਇਤਬਾਰੀ[84] ਖਾਹਿ[85] ॥	The diploment[83] of the ears is to hear[85] the calumny[84] of others with ears[82],	ਕੰਨਾਂ ਦੀ ਪਲੀਤੀ[83], ਕੰਨਾਂ[82] ਨਾਲ ਹੋਰਨਾਂ ਦੀ ਨਿੰਦਿਆ[84] ਸੁਣਨਾ[85] ਹੈ।
ਨਾਨਕ ਹੰਸਾ[86] ਆਦਮੀ[87] ਬਧੇ[88] ਜਮ[89] ਪੁਰਿ[90] ਜਾਹਿ[91] ॥੨॥	Nanak, mortal's[87] soul[86] goes[91] bound[88] to the city[90] of death[89].	ਨਾਨਕ, ਜੀਵ ਦੀ[87] ਆਤਮਾ[86] ਨਰੜੀ[88] ਹੋਈ ਮੌਤ[89] ਦੇ ਸ਼ਹਿਰ[90] ਨੂੰ ਜਾਂਦੀ[91] ਹੈ।
ਮਹਲਾ ੧ ॥	1st Guru.	ਪਹਿਲੀ ਪਾਤਸ਼ਾਹੀ।
ਸਭੋ[92] ਸੂਤਕੁ[96] ਭਰਮੁ[93] ਹੈ ਦੂਜੈ[94] ਲਗੈ ਜਾਇ[95] ॥	All[92] diploment[96] consists in doubt[93] and attachment[95] to duality[94].	ਸਾਰੀ[92] ਨਾਪਾਕੀ[96] ਵਹਿਮ[93] ਅਤੇ ਦਵੈਤ-ਭਾਵ[94] ਦੇ ਲਗਾਉ[95] ਵਿਚ ਹੈ।

ਜੰਮਣੁ[99] ਮਰਣਾ ਹੁਕਮੁ[97] ਹੈ ਭਾਣੈ[98] ਆਵੈ ਜਾਇ ॥

Birth[99] and death are subject to Lord's command[97] and through His will[98] mortal comes and goes.

ਪੈਦਾਇਸ਼[99] ਤੇ ਮੌਤ ਸਾਹਿਬ ਦੇ ਫੁਰਮਾਨ[97] ਦੇ ਤਾਬੇ ਹਨ ਅਤੇ ਉਸ ਦੀ ਰਜ਼ਾ[98] ਰਾਹੀਂ ਪ੍ਰਾਣੀ ਆਉਂਦਾ ਤੇ ਜਾਂਦਾ ਹੈ ।

ਖਾਣਾ ਪੀਣਾ ਪਵਿਤ੍ਰੁ[100] ਹੈ ਦਿਤੋਨੁ[2] ਰਿਜਕੁ[3] ਸੰਬਾਹਿ[4] ॥

Eating and drinking are pure[100], for the Lord has given[2] sustenance[3] to all[4].

ਖਾਣਾ ਤੇ ਪੀਣਾ ਪਵਿੱਤਰ[100] ਹਨ, ਕਿਉਂਕਿ ਪ੍ਰਭੂ ਨੇ ਸਾਰਿਆਂ[4] ਨੂੰ ਰੋਜ਼ੀ[3] ਦਿੱਤੀ[2] ਹੈ ।

ਨਾਨਕ ਜਿਨੀ[5] ਗੁਰਮੁਖਿ[6] ਬੁਝਿਆ[7] ਤਿਨ੍ਹਾ[8] ਸੂਤਕੁ[9] ਨਾਹਿ ॥

Nanak, the Guru-wards[6], who[5] know[7] the Lord, to them[8] impurity[9] sticks not.

ਨਾਨਕ, ਜੋ[5] ਗੁਰੂ-ਸਮਰਪਣ[6] ਸਾਹਿਬ ਨੂੰ ਜਾਣਦੇ[7] ਹਨ, ਉਨ੍ਹਾਂ ਨੂੰ[8] ਅਪਵਿੱਤ੍ਰਤਾ[9] ਨਹੀਂ ਚਿਮੜਦੀ ।

੪੭੩

ਪਉੜੀ

ਸਤਿਗੁਰੁ ਵਡਾ[10] ਕਰਿ ਸਾਲਾਹੀਐ[12] ਜਿਸੁ ਵਿਚਿ ਵਡੀਆ[13] ਵਡਿਆਈਆ[14] ॥

Magnify[10] and praise[12] the True Guru, in whom there are great[13] greatnesses[14].

ਸੱਚੇ ਗੁਰਾਂ ਦੀ ਉੱਚਤਾ[10] ਤੇ ਕੀਰਤੀ[12] ਗਾਇਨ ਕਰ, ਜਿਨ੍ਹਾਂ ਵਿੱਚ ਵਿਸ਼ਾਲ[13] ਵਿਸ਼ਾਲਤਾਈਆਂ[14] ਹਨ ।

ਸਹਿ[15] ਮੇਲੇ ਤਾ[16] ਨਦਰੀ ਆਈਆ[17] ॥

If the Lord[15], causes man to meet the Guru, then[16], beholds[17] he the Guru's greatnesses.

ਜੇਕਰ ਸੁਆਮੀ[15] ਇਨਸਾਨ ਨੂੰ ਗੁਰਾਂ ਨਾਲ ਮਿਲਾ ਦੇਵੇ, ਤਦ ਹੀ[16] ਉਹ ਗੁਰਾਂ ਦੀਆਂ ਬਜ਼ੁਰਗੀਆਂ ਨੂੰ ਵੇਖਦਾ[17] ਹੈ ।

ਜਾ[18] ਤਿਸੁ[19] ਭਾਣਾ[20] ਤਾ ਮਨਿ[21] ਵਸਾਈਆ[22] ॥

When[18] it pleases[20] Him[19], then, He enshrines[22] them in man's mind[21].

ਜਦ[18] ਉਸ ਨੂੰ[19] ਚੰਗਾ ਲਗਦਾ[20] ਹੈ, ਉਹ ਉਨ੍ਹਾਂ ਨੂੰ ਆਦਮੀ ਦੇ ਹਿਰਦੇ[21] ਅੰਦਰ ਟਿਕਾ ਦਿੰਦਾ[22] ਹੈ ।

ਕਰਿ[23] ਹੁਕਮੁ[24] ਮਸਤਕਿ[25] ਹਥੁ ਧਰਿ[26] ਵਿਚਹੁ[27] ਮਾਰਿ ਕਢੀਆ[28] ਬੁਰਿਆਈਆ[29] ॥

The Guru puts[26] his hand on man's forehead[25], and by[23] his order[24] beats out[28] wickednesses[29] from within[27] him.

ਗੁਰੂ ਬੰਦੇ ਦੇ ਮੱਥੇ[25] ਉੱਤੇ ਆਪਣਾ ਹੱਥ ਰਖਦਾ[26] ਹੈ ਅਤੇ ਆਪਣੇ ਅਸਰ[24] ਦੁਆਰਾ[23] ਬੱਦੀਆਂ[29] ਨੂੰ ਉਸ ਦੇ ਅੰਦਰੋਂ[27] ਕੁੱਟ ਕੇ ਕੱਢ ਦਿੰਦਾ[28] ਹੈ ।

ਸਹਿ[30] ਤੁਠੈ[31] [32]ਨਉਨਿਧਿ[33] ਪਾਇਆ ॥੧੮॥

When the spouse[30] is pleased[31], the nine[32] treasures[33] are obtained.

ਜਦ ਕੰਤ[30] ਪ੍ਰਸੰਨ ਥੀ ਵੰਞਦਾ[31] ਹੈ ਤਾਂ ਨੌਂ[32] ਖ਼ਜ਼ਾਨੇ[33] ਪ੍ਰਾਪਤ ਹੋ ਜਾਂਦੇ ਹਨ ।

ਸਲੋਕੁ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਸ਼ਾਹੀ ।

ਪਹਿਲਾ[34] ਸੁਚਾ[35] ਆਪਿ[36] ਹੋਇ ਸੁਚੈ ਬੈਠਾ ਆਇ[37] ॥

Firstly[34] becoming clean[35] himself[36], the Brahman comes[37] and sits in the cleansed enclosure.

ਪਹਿਲਾਂ[34] ਬਾਹਮਣ, ਖ਼ੁਦ[36] ਸਾਫ਼[35] ਸੁਥਰਾ ਹੋ, ਆ ਕੇ[37] ਸਾਫ਼ ਸੁਥਰੇ ਚੌਂਕੇ ਵਿਚ ਬਹਿ ਜਾਂਦਾ ਹੈ ।

ਸੁਚੇ[38] ਅਗੈ[39] ਰਖਿਓਨੁ ਕੋਇ ਨ ਭਿਟਿਓ[40] ਜਾਇ ॥

The pure[38] viands, which no one has touched[40] are placed before[39] him.

ਪਵਿੱਤ੍ਰ[38] ਭੋਜਨ, ਜਿਸ ਨੂੰ ਕਿਸੇ ਨੇ ਨਹੀਂ ਛੂਹਿਆ[40] ਉਸ ਦੇ ਮੂਹਰੇ[39] ਰੱਖੇ ਜਾਂਦੇ ਹਨ ।

ਸੁਚਾ ਹੋਇ ਕੈ ਜੇਵਿਆ[41] ਲਗਾ[42] ਪੜਣਿ ਸਲੋਕੁ[43] ॥

Being purified thus, he takes his food[41] and then, begins[42] to read verses[43].

ਇਸ ਤਰ੍ਹਾਂ ਪਵਿੱਤ੍ਰ ਹੋ ਕੇ ਉਹ ਭੋਜਨ ਛਕਦਾ[41] ਹੈ ਅਤੇ ਤਦ, ਚੂਲ੍ਹੀ[43] ਪੜ੍ਹਨ ਲੱਗ ਪੈਂਦਾ[42] ਹੈ ।

ਕੂਹਥੀ[44] ਜਾਈ[45] ਸਟਿਆ[46] ਕਿਸੁ[47] ਏਹੁ ਲਗਾ ਦੋਖੁ[48] ॥

It is then thrown[46] in a filthy[44] place[45]. Whose[47] fault[48] is this ?

ਤਾਂ ਇਹ ਗੰਦੀ[44] ਜਗ੍ਹਾ[45] ਤੇ ਸੁੱਟਿਆ ਜਾਂਦਾ[46] ਹੈ। ਇਹ ਕੀਹਦਾ[47] ਕਸੂਰ[48] ਹੈ ?

ਅੰਨੁ[49] ਦੇਵਤਾ[50] ਪਾਣੀ[51] ਦੇਵਤਾ ਬੈਸੰਤਰੁ[52] ਦੇਵਤਾ ਲੂਣੁ[53] ਪੰਜਵਾ ਪਾਇਆ ਘਿਰਤੁ[54] ॥ ਤਾ[55] ਹੋਆ ਪਾਕੁ[56] ਪਵਿਤੁ[57] ॥

The corn[49] is wholesome[50], the water[51] is wholesome and the fire[52] and salt[53] are wholesome. Then the fifth, clarified butter[54], is added, Then[55] the food becomes pure[56] and sanctified[57].

ਅਨਾਜ[49] ਭਲਾ[50] ਹੈ, ਜਲ[51] ਭਲਾ ਹੈ ਅਤੇ ਅੱਗ[52] ਤੇ ਲੂਣ[53] ਭਲੇ ਹਨ। ਜਦ ਪੰਜਵੀਂ ਵਸਤੂ ਘਿਓ[54] ਪਾ ਦਿੱਤੀ ਜਾਂਦੀ ਹੈ, ਤਦ[55] ਭੋਜਨ ਸੁੱਧ[56] ਅਤੇ ਪਵਿੱਤ੍ਰ ਹੋ ਜਾਂਦਾ[57] ਹੈ।

ਪਾਪੀ[58] ਸਿਉ[63] ਤਨੁ[59] ਗਡਿਆ[60] ਥੁਕਾ[61] ਪਈਆ ਤਿਤੁ[62] ॥

Coming in contact[60] with[63] the sinful[58] body[59] the food becomes impure that[62] is spat upon[61].

ਗੁਨਾਹਗਾਰ[58] ਦੇਹ[59] ਨਾਲ[63] ਲੱਗਣ ਦੁਆਰਾ[60] ਭੋਜਨ ਅਪਵਿੱਤ੍ਰ ਹੋ ਜਾਂਦਾ ਹੈ ਤੇ ਉਸ ਉੱਤੇ[62] ਥੁੱਕਾਂ[61] ਪੈਂਦੀਆਂ ਹਨ।

ਜਿਤੁ[61] ਮੁਖਿ[65] ਨਾਮੁ ਨ ਉਚਰਹਿ[66] ਬਿਨੁ ਨਾਵੈ ਰਸ[67] ਖਾਹਿ[68] ॥ ਨਾਨਕ ਏਵੈ[69] ਜਾਣੀਐ[70] ਤਿਤੁ[71] ਮੁਖਿ ਥੁਕਾ[72] ਪਾਹਿ ॥੧॥

The mouth[65], which[64] utters[66] not the Name and without the Name, eats[68] delicacies[67], consider[70] it like this[69], O Nanak, as if that[71] mouth is spat upon[72].

ਉਹ ਮੂੰਹ[65], ਜੋ[64] ਨਾਮ ਦਾ ਉਚਾਰਨ[66] ਨਹੀਂ ਕਰਦਾ, ਅਤੇ ਨਾਮ ਦੇ ਬਗ਼ੈਰ ਨਿਆਮਤਾਂ[67] ਛਕਦਾ[68] ਹੈ, ਐਉਂ[69] ਸਮਝ ਲਓ[70], ਹੇ ਨਾਨਕ, ਕਿ ਉਸ[71] ਮੂੰਹ ਉੱਤੇ ਰਾਲਾਂ (ਥੁੱਕਾਂ) ਪੈਂਦੀਆਂ[72] ਹਨ।

ਮਹਲਾ ੧ ॥

Ist Guru.

ਪਹਿਲੀ ਪਾਤਸ਼ਾਹੀ।

ਭੰਡਿ[73] ਜੰਮੀਐ[74] ਭੰਡਿ ਨਿੰਮੀਐ[75] ਭੰਡਿ ਮੰਗਣੁ[76] ਵੀਆਹੁ[77] ॥

Within a woman[73], the man is conceived[75] and from a woman he is born[74]. With a woman he is betrothed[76] and married[77].

ਆਦਮੀ ਇਸਤਰੀ[73] ਦੇ ਅੰਦਰ ਨਿਪਜਦਾ[75] ਹੈ ਅਤੇ ਇਸਤਰੀ ਤੋਂ ਹੀ ਪੈਦਾ ਹੁੰਦਾ[74] ਹੈ। ਇਸਤਰੀ ਨਾਲ ਹੀ ਉਸ ਦਾ ਮੰਗਣਾ[76] ਅਤੇ ਵਿਵਾਹ ਹੁੰਦਾ[77] ਹੈ।

ਭੰਡਹੁ ਹੋਵੈ ਦੋਸਤੀ[78] ਭੰਡਹੁ ਚਲੈ[79] ਰਾਹੁ[80] ॥

With a woman, man contracts friendship[78] and with a woman the system[80] of propagation keeps on going[79].

ਇਸਤਰੀ ਨਾਲ ਹੀ ਆਦਮੀ ਯਾਰੀ[78] ਗੰਢਦਾ ਹੈ ਅਤੇ ਇਸਤਰੀ ਰਾਹੀਂ ਹੀ ਉਤਪਤੀ ਦਾ ਮਾਰਗ[80] ਜਾਰੀ ਰਹਿੰਦਾ[79] ਹੈ।

ਭੰਡੁ ਮੁਆ ਭੰਡੁ ਭਾਲੀਐ[81] ਭੰਡਿ ਹੋਵੈ ਬੰਧਾਨੁ[82] ॥

When one's wife dies, another lady is sought for[81]. It is through a woman that man restraints[82] his passions.

ਜਦ ਬੰਦੇ ਦੀ ਪਤਨੀ ਮਰ ਜਾਂਦੀ ਹੈ, ਹੋਰ ਇਸਤਰੀ ਲਭੀ ਜਾਂਦੀ[81] ਹੈ। ਇਸਤਰੀ ਨਾਲ ਬੰਦਾ ਜ਼ਬਤ[82] ਵਿੱਚ ਰਹਿੰਦਾ ਹੈ।

ਸੋ ਕਿਉ ਮੰਦਾ[83] ਆਖੀਐ ਜਿਤੁ ਜੰਮਹਿ[84] ਰਾਜਾਨ[85] ॥

Why call her bad[83], from whom are born[84] the Kings[85] ?

ਉਸ ਨੂੰ ਬੁਰਾ[83] ਕਿਉਂ ਕਹੀਏ, ਜਿਸ ਤੋਂ ਪਾਤਸ਼ਾਹ[85] ਪੈਦਾ[84] ਹੁੰਦੇ ਹਨ ?

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ[86] ਨ ਕੋਇ ॥

From a woman, a woman is born. Without[86] a woman, there can be none.

ਇਸਤਰੀ ਤੋਂ ਇਸਤਰੀ ਪੈਦਾ ਹੁੰਦੀ ਹੈ। ਇਸਤਰੀ ਦੇ ਬਿਨਾ[86] ਕੋਈ ਭੀ ਨਹੀਂ ਹੋ ਸਕਦਾ।

ਨਾਨਕ ਭੰਡੈ ਬਾਹਰਾ[87] ਏਕੋ ਸਚਾ[88] ਸੋਇ[89] ॥

Nanak, only the[89] one True Lord[88], is without[87] a woman.

ਨਾਨਕ ਕੇਵਲ ਇਕ ਉਹ[89] ਸੱਚਾ ਸੁਆਮੀ[88] ਹੀ ਇਸਤਰੀ ਦੇ ਬਗ਼ੈਰ[87] ਹੈ।

ਜਿਤੁ[90] ਮੁਖਿ[91] ਸਦਾ[92] ਸਾਲਾਹੀਐ[93] ਭਾਗਾ[94] ਰਤੀ ਚਾਰਿ[95] ॥	The mouth[91] which[90] ever[92] praises[93] the Lord, is fortunate[94], rosy and beautiful[95].	ਮੁਖੜਾ[91] ਜੋ[90] ਹਮੇਸ਼ਾ[92] ਹੀ ਮਾਲਕ ਦਾ ਜੱਸ ਉਚਾਰਨ ਕਰਦਾ[93] ਹੈ, ਉਹ ਕਰਮਾਂ ਵਾਲਾ[94] ਅਤੇ ਸੁੰਦਰ[95] ਹੈ।
ਨਾਨਕ ਤੇ[96] ਮੁਖ[97] ਊਜਲੇ[98] ਤਿਤੁ[99] ਸਚੈ[100] ਦਰਬਾਰਿ[2] ॥੨॥	Nanak, those[96] faces[97] shall be bright[98] in the court[2] of that[99] True Lord[100].	ਨਾਨਕ, ਉਹ[96] ਚਿਹਰੇ[97], ਉਸ[99] ਸੱਚੇ ਸੁਆਮੀ[100] ਦੀ ਦਰਗਾਹ[2] ਵਿਚ ਰੌਸ਼ਨ[98] ਹੋਣਗੇ।
ਪਉੜੀ ॥	Pauri.	ਪਉੜੀ।
ਸਭੁ ਕੋ ਆਖੈ ਆਪਣਾ[3] ਜਿਸੁ ਨਾਹੀ ਸੋ ਚੁਣਿ[4] ਕਢੀਐ[5] ॥	All call Thee their own[3], O Lord, He, whose Thou art not, is picked up[4] and thrown away[5].	ਸਾਰੇ ਤੈਨੂੰ ਆਪਣਾ[3] ਨਿੱਜ ਦਾ ਕਹਿੰਦੇ ਹਨ, ਜਿਸ ਦਾ ਤੂੰ ਨਹੀਂ ਹੈਂ, ਉਸ ਨੂੰ ਚੁਗ ਕੇ[4] ਬਾਹਰ ਸੁੱਟ ਦਿੱਤਾ ਜਾਂਦਾ[5] ਹੈ।
ਕੀਤਾ[6] ਆਪੋ ਆਪਣਾ[7] ਆਪੇ ਹੀ ਲੇਖਾ[8] ਸੰਢੀਐ[9] ॥	Every one has to reap the fruit of his own[7] actions[6] and adjust[9] his accounts[8].	ਹਰ ਜਣੇ ਨੇ ਆਪਣੇ ਨਿੱਜ ਦੇ[7] ਕਰਮਾਂ[6] ਦਾ ਫਲ ਭੁਗਤਣਾ ਹੈ ਅਤੇ ਆਪਣਾ ਹਿਸਾਬ-ਕਿਤਾਬ[8] ਚੁਕਤਾ ਕਰਨਾ[9] ਹੈ।
ਜਾ[10] ਰਹਣਾ ਨਾਹੀ ਐਤੁ[12] ਜਗਿ[13] ਤਾ[14] ਕਾਇਤੁ[15] ਗਾਰਬਿ ਹੰਢੀਐ[16] ॥	Since[10] one is not to remain in this[12] world[13], then[14], why[15] should he practise pride[16] ?	ਜਦ[10] ਆਦਮੀ ਨੇ ਇਸ[12] ਜਹਾਨ[13] ਅੰਦਰ ਨਹੀਂ ਰਹਿਣਾ ਤਾਂ[14] ਉਹ ਕਿਉਂ[15] ਹੰਕਾਰ[16] ਕਰੇ।
ਮੰਦਾ[17] ਕਿਸੈ ਨ ਆਖੀਐ ਪੜਿ[20] ਅਖਰੁ[18] ਏਹੋ ਬੁਝੀਐ[19] ॥	Call not any one bad[17], understand[19] this by reading[20] these words[18].	ਕਿਸੇ ਨੂੰ ਭੀ ਬੁਰਾ[17]ਨਾ ਕਹੁ,ਇਨ੍ਹਾਂ ਸ਼ਬਦਾਂ[18] ਨੂੰ ਵਾਚਕੇ[20] ਇਸ ਗੱਲ ਨੂੰ ਸਮਝੋ[19]।
ਮੂਰਖੈ[21] ਨਾਲਿ ਨ ਲੁਝੀਐ[22] ॥੧੯॥	Argue[22] not with a fool[21].	ਬੇਵਕੂਫ[21] ਨਾਲ ਵਾਦ-ਵਿਵਾਦ[22] ਨਾ ਕਰ।
ਸਲੋਕੁ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਸ਼ਾਹੀ।
ਨਾਨਕ ਫਿਕੈ[23] ਬੋਲਿਐ ਤਨੁ ਮਨੁ ਫਿਕਾ[24] ਹੋਇ ॥	Nanak, by speaking dryly[23], the soul and body become dry[24] (evil).	ਨਾਨਕ, ਰੁੱਖਾ ਬੋਲਣ ਦੁਆਰਾ[23], ਆਤਮਾ ਅਤੇ ਦੇਹ ਮੰਦੇ[24] ਹੋ ਜਾਂਦੇ ਹਨ।
ਫਿਕੋ[25] ਫਿਕਾ ਸਦੀਐ[26] ਫਿਕੇ ਫਿਕੀ[27] ਸੋਇ[28] ॥	He is called[26] the most evil of the evil[25] and the most evil[27] is his reputation[28].	ਉਹ ਮਲੀਣਾਂ ਵਿਚੋਂ ਪਰਮ ਮਲੀਨ[25] ਆਖਿਆ ਜਾਂਦਾ[26] ਹੈ ਅਤੇ ਮਹਾਂ ਮੰਦੀ[27] ਹੈ ਉਸ ਦੀ ਸ਼ੁਹਰਤ[28]।
ਫਿਕਾ[33] ਦਰਗਹ[29] ਸਟੀਐ[30] ਮੁਹਿ[31] ਥੁਕਾ[32] ਫਿਕੇ ਪਾਇ ॥	The sour-tongued person[33] is discarded[30] in God's court[29] and the evil one's face[31] is spat upon[32].	ਤਰਸ਼-ਜ਼ਬਾਨ ਪੁਰਸ਼[33] ਰੱਬ ਦੇ ਦਰਬਾਰ[29] ਵਿਚੋਂ ਦੁਰਕਾਰਿਆ ਜਾਂਦਾ[30]ਹੈ ਤੇ ਬੁਰੇ ਬੰਦੇ ਦੇ ਚਿਹਰੇ[31] ਉੱਤੇ ਰਾਲਾ ਪੈਂਦੀਆਂ[32] ਹਨ।
ਫਿਕਾ ਮੂਰਖੁ[34] ਆਖੀਐ ਪਾਣਾ[35] ਲਹੈ ਸਜਾਇ[36] ॥੧॥	The harsh man is called a fool[34] and he receives shoe-beating[35] as punishment[36].	ਬਦ-ਜ਼ਬਾਨ ਬੰਦਾ ਬੇਵਕੂਫ[34] ਆਖਿਆ ਜਾਂਦਾ ਹੈ ਅਤੇ ਉਸ ਨੂੰ ਦੰਡ[36] ਵਜੋਂ ਪੌਲੇ[35] ਪੈਂਦੇ ਹਨ।
ਮਹਲਾ ੧ ॥	Ist Guru.	ਪਹਿਲੀ ਪਾਤਸ਼ਾਹੀ।

ਅੰਦਰਹੁ ਝੂਠੇ[37] ਪੈਜ[38] ਬਾਹਰਿ ਦੁਨੀਆ[39] ਅੰਦਰਿ ਫੈਲੁ[40] ॥	The persons false[37] from within and honourable[38] from without, are abundant[40] in this world[39].	ਅੰਦਰੋਂ ਕੂੜੇ[37] ਅਤੇ ਬਾਹਰੋਂ ਪਤਵੰਤੇ[38] ਪੁਰਸ਼ ਇਸ ਜਹਾਨ[39] ਅੰਦਰ ਫੈਲੇ[40] ਹੋਏ ਹਨ ।
ਅਠਸਠਿ ਤੀਰਥ[41] ਜੇ[42] ਨਾਵਹਿ[43] ਉਤਰੈ[44] ਨਾਹੀ ਮੈਲੁ[45] ॥	Their filth[45] departs[44] not, even though[42] they may bathe[43] at sixty eight holy[41] places.	ਭਾਵੇਂ[42]ਉਹ ਅਠਾਹਟ ਧਰਮ ਅਸਥਾਨਾਂ[41] ਤੇ ਇਸ਼ਨਾਨ[43] ਕਰ ਲੈਣ ਤਾਂ ਭੀ ਉਨ੍ਹਾਂ ਦੀ ਮਲੀਣਤਾ[45] ਦੂਰ ਨਹੀਂ ਹੁੰਦੀ[44] ।
ਜਿਨ ਪਟੁ[46] ਅੰਦਰਿ ਬਾਹਰਿ ਗੁਦੜੁ[47] ਤੇ[48] ਭਲੇ[49] ਸੰਸਾਰਿ[50] ॥	They[48], who have silk[46] within and rags[47] without, are good[49] in this world[50].	ਜਿਨ੍ਹਾਂ ਦੇ ਅੰਦਰ ਰੇਸ਼ਮ[46] ਹੈ ਅਤੇ ਬਾਹਰ ਲੀਰਾਂ ਕਚੀਰਾ[47], ਉਹ[48] ਇਸ ਜੱਗ[50] ਅੰਦਰ ਸ੍ਰੇਸ਼ਟ[49] ਹਨ ।
ਤਿਨ੍ ਨੇਹੁ[51] ਲਗਾ ਰਬ[52] ਸੇਤੀ ਦੇਖਨ੍ਹੇ[53] ਵੀਚਾਰਿ[54] ॥	They conceive love[51] for God[52] and contemplate[54] beholding[53] Him.	ਉਨ੍ਹਾਂ ਦਾ ਵਾਹਿਗੁਰੂ[52] ਨਾਲ ਪ੍ਰੇਮ[51] ਹੈ ਅਤੇ ਉਸ ਨੂੰ ਵੇਖਣ[53] ਦਾ ਧਿਆਨ ਧਾਰਦੇ[54] ਹਨ ।
ਰੰਗਿ[55] ਹਸਹਿ[56] ਰੰਗਿ ਰੋਵਹਿ[57] ਚੁਪ[58] ਭੀ ਕਰਿ ਜਾਹਿ ॥	In Lord's love[55] they laugh[56], in Lord's love they weep[57] and keep silent[58] too.	ਪ੍ਰਭੂ ਦੀ ਪ੍ਰੀਤ[55]ਵਿੱਚ ਉਹ ਹੱਸਦੇ[56]ਹਨ, ਪ੍ਰਭੂ ਦੀ ਪ੍ਰੀਤ ਵਿੱਚ ਉਹ ਰੋਂਦੇ[57]ਹਨ ਅਤੇ ਖ਼ਾਮੋਸ਼[58] ਭੀ ਹੋ ਜਾਂਦੇ ਹਨ ।
ਪਰਵਾਹ ਨਾਹੀ ਕਿਸੈ ਕੇਰੀ ਬਾਝੁ[29] ਸਚੇ ਨਾਹ[30] ॥	They care not for anything, except[29] their True Spouse[30].	ਉਹ ਆਪਣੇ ਸੱਚੇ ਕੰਤ[30] ਦੇ ਬਗ਼ੈਰ[29], ਕਿਸੇ ਦੀ ਭੀ ਪਰਵਾਹ ਨਹੀਂ ਕਰਦੇ ।
ਦਰਿ[31] ਵਾਟ[32] ਉਪਰਿ[33] ਖਰਚੁ[34] ਮੰਗਾ[35] ਜਬੈ[36] ਦੇਇ[37] ਤ[38] ਖਾਹਿ[39] ॥	Sitting at[33] the road[32], leading to Lord's door[31], they beg[35] for food[34], and when[36] He gives[37], they eat[39] then[38].	ਸਾਹਿਬ ਦੇ ਦਰਵਾਜ਼ੇ[31]ਦੇ ਰਸਤੇ[32] ਉੱਤੇ[33]ਬੈਠੇ ਹੋਏ ਉਹ, ਭੋਜਨ[34] ਦੀ ਯਾਚਨਾ ਕਰਦੇ[35] ਹਨ ਤੇ ਜਦ[36] ਉਹ ਦਿੰਦਾ[37] ਹੈ, ਤਦ[38] ਉਹ ਖਾਂਦੇ[39] ਹਨ ।
ਦੀਬਾਨੁ[40] ਏਕੋ ਕਲਮ[41] ਏਕਾ[42] ਹਮਾ[43] ਤੁਮ੍ਾ[44] ਮੇਲੁ[45] ॥	The Lord's court[40] is one and but one[42] is His Pen[41], and we[43] and you[44] meet[45] there.	ਸੁਆਮੀ ਦੀ ਕਚਹਿਰੀ[40] ਇੱਕ ਹੈ ਅਤੇ ਕੇਵਲ[42] ਇੱਕ ਹੀ ਹੈ ਉਸ ਦੀ ਲੇਖਣੀ[41], ਅਸੀਂ[43] ਤੇ ਤੁਸੀਂ[44] ਓਥੇ ਮਿਲ ਪੈਂਦੇ[45] ਹਾਂ ।
ਦਰਿ[46] ਲਏ[47] ਲੇਖਾ[48] ਪੀੜਿ ਛੁਟੈ[49] ਨਾਨਕਾ ਜਿਉ[50] ਤੇਲੁ[51] ॥੨॥	In God's court[46] the accounts[48] are examined[47]. Nanak, the sinners are crushed[49] like[50] the oil-seeds[51] in an oil-press.	ਰੱਬ ਦੇ ਦਰਬਾਰ[46] ਅੰਦਰ ਹਿਸਾਬ-ਕਿਤਾਬ[48] ਲਿਆ ਜਾਂਦਾ[47] ਹੈ । ਨਾਨਕ, ਪਾਪੀ, ਕੋਲੂ ਵਿਚ ਤੇਲ ਵਾਲੇ-ਬੀਜਾਂ[51] ਦੀ ਮਾਨੰਦ[50] ਪੀੜੇ ਜਾਂਦੇ[49] ਹਨ ।
ਪਉੜੀ ॥	Pauri.	ਪਉੜੀ ।
ਆਪੇ[52] ਹੀ ਕਰਣਾ[53] ਕੀਓ[54] ਕਲ[55] ਆਪੇ ਹੀ ਤੈ ਧਾਰੀਐ[56] ॥	Thou Thyself[52] didst create[54] the world[53] and Thou of Thyself infused[56] power[55] therein.	ਤੂੰ ਖ਼ੁਦ[52] ਹੀ ਸ੍ਰਿਸ਼ਟੀ[53] ਸਾਜੀ[54] ਹੈ ਅਤੇ ਤੂੰ ਖ਼ੁਦ ਹੀ ਉਸ ਵਿਚ ਸੱਤਿਆ[55] ਪਾਈ[56] ਹੈ ।
੪੭੪		
ਦੇਖਹਿ[57] ਕੀਤਾ[58] ਆਪਣਾ ਧਰਿ[59] ਕਚੀ[60] ਪਕੀ[61] ਸਾਰੀਐ[62] ॥	Thou seest[57] Thine creation[58] as also losing[60] and winning[61] dice[62] (good and bad men) upon this earth[59].	ਤੂੰ ਆਪਣੀ ਰਚਨਾ[58] ਅਤੇ ਹਾਰਨ[60] ਤੇ ਜਿੱਤਣ[61] ਵਾਲੀਆਂ ਨਰਦਾਂ[62] ਨੂੰ ਧਰਤੀ[59] ਉੱਤੇ ਵੇਖਦਾ[57] ਹੈਂ ।

ਜੋ[67] ਆਇਆ ਸੋ[63]ਚਲਸੀ[64] ਸਭੁ[65] ਕੋਈ ਆਈ ਵਾਰੀਐ[66] ॥

Whosoever[67] has come, he[63] shall depart[64] and all[65] shall take their turn[66].

ਜਿਸ ਕੇ ਜੀਅ[68] ਪਰਾਣ[69] ਹਹਿ ਕਿਉ ਸਾਹਿਬੁ ਮਨਹੁ[70] ਵਿਸਾਰੀਐ[71] ॥

Why should we forget[71] in our heart[70] that Lord, who owns our soul[68] and life[69] ?

ਆਪਣ ਹਥੀ[72] ਆਪਣਾ ਆਪੇ[73] ਹੀ ਕਾਜੁ[74] ਸਵਾਰੀਐ[75] ॥੨੦॥

With our own hands[72], let us ourselves[73] arrange[75] our own affairs[74].

ਸਲੋਕੁ ਮਹਲਾ ੨ ॥

Slok 2nd Guru.

ਏਹ ਕਿਨੇਹੀ[76] ਆਸਕੀ[77] ਦੂਜੈ[78] ਲਗੈ[79] ਜਾਇ ॥

What sort[76] of love[77] is this, which clings[79] to another[78] ?

ਨਾਨਕ ਆਸਕੁ[80] ਕਾਂਢੀਐ[81] ਸਦ[82] ਹੀ ਰਹੈ ਸਮਾਇ[83] ॥

Nanak, he alone is called[81] a lover[80], who, ever[82], remains absorbed[83] in God.

ਚੰਗੈ[84] ਚੰਗਾ[85] ਕਰਿ ਮੰਨੇ[86] ਮੰਦੈ[87] ਮੰਦਾ[88] ਹੋਇ ॥

He who feels[86] happy[85] only when his Lord blesses him with weal[84], but becomes sad[88] in adversity[87],

ਆਸਕੁ[89]ਏਹੁ[90] ਨ ਆਖੀਐ[91] ਜਿ[92] ਲੇਖੈ ਵਰਤੈ[93] ਸੋਇ[94]॥ ੧॥

call[91] him thou[90] not a lover[89]; for[92], he[94] trades[93] with the Lord for his good.

ਮਹਲਾ ੨ ॥

2nd Guru.

ਸਲਾਮੁ[95] ਜਬਾਬੁ[96] ਦੋਵੈ[97] ਕਰੇ ਮੁੰਢਹੁ[98] ਘੁਥਾ[99]ਜਾਇ॥

He, who both[97] offers salutation[95] and says 'no'[96] to his Master, has gone wrong[99] since the very beginning[98].

ਨਾਨਕ ਦੋਵੈ ਕੂੜੀਆ[100] ਥਾਇ[2] ਨ ਕਾਈ ਪਾਇ[3] ॥ ੨॥

Both of his actions are false[100]. He obtains[3] no place[2] in God's court.

ਪਉੜੀ ॥

Pauri.

ਜਿਤੁ ਸੇਵਿਐ[4] ਸੁਖੁ[5] ਪਾਈਐ ਸੋ[6] ਸਾਹਿਬੁ ਸਦਾ[8] ਸਮ੍ਹਾਲੀਐ[7] ॥

Ever[8] meditate[7] on that[6] Lord, by serving[4] whom solace[5] is attained.

ਜਿਤੁ ਕੀਤਾ ਪਾਈਐ ਆਪਣਾ ਸਾ[9] ਘਾਲ[10] ਬੁਰੀ[12] ਕਿਉ ਘਾਲੀਐ[13] ॥

Why doest thou do[13] such[9] evil[12] deeds[10], which thou hast to suffer for ?

ਜਿਹੜਾ[67] ਕੋਈ ਭੀ ਆਇਆ ਹੈ, ਉਹ[63]ਟੁਰ ਵੰਞੇਗਾ[64] । ਆਪਣੀ ਵਾਰੀ[66] ਹਰ ਕਿਸੇ[65] ਦੀ ਆਉਣੀ ਹੈ ।

ਆਪਣੇ ਦਿਲ[70] ਵਿੱਚੋਂ ਆਪਾਂ ਉਸ ਸੁਆਮੀ ਨੂੰ ਕਿਉਂ ਭੁਲਾਈਏ[71] ਜੋ ਸਾਡੀ ਜਿੰਦੜੀ[68] ਤੇ ਜਿੰਦ-ਜਾਨ[69] ਦਾ ਮਾਲਕ ਹੈ ?

ਆਪਣੇ ਹੱਥਾਂ[72] ਨਾਲ, ਆਓ, ਆਪਾਂ ਆਪ[73] ਹੀ ਆਪਣੇ ਨਿੱਜ ਦੇ ਕੰਮ[74] ਰਾਸ[75] ਕਰੀਏ ।

ਸਲੋਕ ਦੂਜੀ ਪਾਤਸ਼ਾਹੀ ।

ਇਹ ਕਿਸ ਕਿਸਮ[76] ਦੀ ਪ੍ਰੀਤ[77] ਹੈ, ਜੋ ਹੋਰਸ[78] ਨਾਲ ਲਗਦੀ[79] ਹੈ ?

ਨਾਨਕ, ਕੇਵਲ ਓਹੀ ਪਿਆਰ ਕਰਨ ਵਾਲਾ[80] ਆਖਿਆ ਜਾਂਦਾ[81] ਹੈ, ਜੋ ਹਮੇਸ਼ਾ[82], ਵਾਹਿਗੁਰੂ ਅੰਦਰ ਲੀਨ ਰਹਿੰਦਾ[83] ਹੈ ।

ਜੋ ਕੇਵਲ ਓਦੋਂ ਹੀ ਖੁਸ਼[85] ਹੁੰਦਾ[86] ਹੈ ਜਦ ਉਸ ਨੂੰ ਉਸ ਦਾ ਸਾਂਈਂ ਖੁਸ਼ੀ[84] ਬਖਸ਼ਦਾ ਹੈ, ਪਰ ਮੁਸੀਬਤ[87] ਵਿਚ ਸ਼ੋਕਵਾਨ[88] ਹੋ ਜਾਂਦਾ ਹੈ, ਉਸ[90] ਨੂੰ ਤੂੰ ਪ੍ਰੇਮੀ[89] ਨਾ ਕਹਿ[91] ਕਿਉਂਕਿ[92] ਉਹ[94] ਪ੍ਰੇਮ ਵਿੱਚ ਵਣਜ[93]ਕਰਦਾ ਹੈ ਜਦ ਕਿ ਉਹ, ਜੋ ਕੁਝ ਭੀ ਉਸ ਦਾ ਸਾਂਈਂ ਕਰਦਾ ਹੈ, ਉਸ ਵਿਚ ਰਾਜ਼ੀ ਨਹੀਂ ਰਹਿੰਦਾ ।

ਦੂਜੀ ਪਾਤਸ਼ਾਹੀ ।

ਜੋ ਆਪਣੇ ਮਾਲਕ ਦੇ ਮੂਹਰੇ ਦੋਵੇਂ[97] : ਪ੍ਰਣਾਮ[95] ਤੇ, 'ਨਾਹ ਨੁੱਕਰ'[96] ਕਰਦਾ ਹੈ, ਉਹ ਐਨ ਆਰੰਭ[98] ਤੋਂ ਹੀ ਕੁਰਾਹੇ[99] ਪਿਆ ਹੋਇਆ ਹੈ ।

ਉਸ ਦੇ ਦੋਨੋਂ ਹੀ ਕੰਮ ਝੂਠੇ[100] ਹਨ । ਰੱਬ ਦੀ ਦਰਗਾਹ ਅੰਦਰ ਉਹਨੂੰ ਕੋਈ ਜਗ੍ਹਾ[2] ਨਹੀਂ ਮਿਲਦੀ[3] ।

ਪਉੜੀ ।

ਹਮੇਸ਼ਾ[8] ਉਸ[6] ਸੁਆਮੀ ਦਾ ਸਿਮਰਨ[7] ਕਰ, ਜਿਸ ਦੀ ਘਾਲ ਕਮਾਉਣ ਦੁਆਰਾ[4] ਸੁੱਖ ਚੈਨ[5] ਪ੍ਰਾਪਤ ਹੁੰਦਾ ਹੈ ।

ਤੂੰ ਐਹੋ ਜੇਹੇ[9] ਮੰਦੇ[12] ਅਮਲ[10] ਕਿਉਂ ਕਮਾਉਂਦਾ[13]ਹੈਂ, ਜਿਨ੍ਹਾਂ ਦਾ ਤੈਨੂੰ ਫਲ ਭੁਗਤਣਾ ਪੈਣਾ ਹੈ ?

ਮੰਦਾ[14] ਮੂਲਿ[15] ਨ ਕੀਚਈ[16] ਦੇ ਲੰਮੀ ਨਦਰਿ[17] ਨਿਹਾਲੀਐ[18] ॥	Do[16] no evil[15] at all[14] and look ahead[18] with far-sightedness[17].	ਮੂਲੋ[15] ਹੀ ਬਦੀ[14] ਨਾ ਕਮਾ[16] । ਦੂਰ-ਅੰਦੇਸ਼ੀ[17] ਨਾਲ ਅਗਾਂਹ ਨੂੰ ਵੇਖ[18] ।
ਜਿਉ ਸਾਹਿਬ ਨਾਲਿ[22] ਨ ਹਾਰੀਐ[19] ਤੇਵੇਹਾ[20] ਪਾਸਾ ਢਾਲੀਐ[21] ॥	So[20], throw thou the dice[21], that thou mayest not lose[19] with[22] the Lord.	ਤੂੰ ਐਸ ਤਰ੍ਹਾਂ[20] ਨਰਦਾਂ[21] ਸੁੱਟ, ਕਿ ਤੂੰ ਸੁਆਮੀ ਦੇ ਸੰਗ[22] ਸ਼ਿਕਸਤ[19] ਨਾ ਖਾਵੇਂ ।
ਕਿਛੂ[23] ਲਾਹੇ[24] ਉਪਰਿ ਘਾਲੀਐ[25] ॥੨੧॥	Render thou such service[25], as may bring thee some[23] profit[24].	ਤੂੰ ਐਹੋ ਜੇਹੀ ਟਹਿਲ ਸੇਵਾ[25] ਕਮਾ, ਜਿਸ ਤੋਂ ਤੈਨੂੰ ਕੁਝ[23] ਲਾਭ[24] ਪ੍ਰਾਪਤ ਹੋਵੇ ।
ਸਲੋਕੁ ਮਹਲਾ ੨ ॥	Slok 2nd Guru.	ਸਲੋਕ ਦੂਜੀ ਪਾਤਸ਼ਾਹੀ ।
ਚਾਕਰੁ[26] ਲਗੈ[27] ਚਾਕਰੀ[28] ਨਾਲੇ[29] ਗਾਰਬੁ[30] ਵਾਦੁ[31] ॥	If a servant[26] performs[27] service[28] and is also vain[30], disputatious[31] and	ਜੇਕਰ ਇਕ ਟਹਿਲੂਆ[26] ਟਹਿਲ[28] ਕਮਾਉਂਦਾ[27] ਹੈ ਅਤੇ ਨਾਲ[29] ਹੀ ਹੰਕਾਰੀ[30] ਅਤੇ ਝਗੜਾਲੂ[31] ਹੈ ਅਤੇ
ਗਲਾ[32] ਕਰੇ ਘਣੇਰੀਆ[33] ਖਸਮ[34] ਨ ਪਾਏ ਸਾਦੁ[35] ॥	[32]talkative[33], he earns not the pleasure[35] of his Master[34].	ਬਹੁਤੀਆਂ[33] ਗੱਲਾਂ ਬਣਾਉਂਦਾ[32] ਹੈ, ਉਹ ਆਪਣੇ ਮਾਲਕ[34] ਦੀ ਖ਼ੁਸ਼ੀ[35] ਦਾ ਪਾਤ੍ਰ ਨਹੀਂ ਹੁੰਦਾ ।
ਆਪੁ[36] ਗਵਾਇ[37] ਸੇਵਾ[38] ਕਰੇ ਤਾ[39] ਕਿਛੂ[40] ਪਾਏ ਮਾਨੁ[41] ॥	If he effaces[37] his self-conceit[36] and performs service[38], he obtains some[40] honour[41], then[39].	ਜੇਕਰ ਉਹ ਆਪਣੀ ਸਵੈ-ਹੰਕਤਾ[36] ਨੂੰ ਮੇਟ ਦੇਵੇ[37] ਅਤੇ ਘਾਲ[38] ਕਮਾਵੇ, ਤਦ[39] ਕੁਝ ਕੁ[40] ਇੱਜ਼ਤ ਆਬਰੂ[41] ਪਾ ਲੈਂਦਾ ਹੈ ।
ਨਾਨਕ ਜਿਸ ਨੋ ਲਗਾ[42] ਤਿਸੁ[43] ਮਿਲੈ ਲਗਾ[44] ਸੋ[45] ਪਰਵਾਨੁ[46] ॥੧॥	Nanak, if man meets Him[43] with whom he is attached[42], his[45] attachment[44] becomes acceptable[46].	ਨਾਨਕ, ਜੇਕਰ ਇਨਸਾਨ ਉਸ ਨੂੰ[43] ਮਿਲ ਪਵੇ ਜਿਸ ਨਾਲ ਉਹ ਜੁੜਿਆ[42] ਹੈ, ਤਾਂ ਉਸ ਦੀ[45] ਲਗਨ[44] ਕਬੂਲ[46] ਪੈ ਜਾਂਦੀ ਹੈ ।
ਮਹਲਾ ੨ ॥	2nd Guru.	ਦੂਜੀ ਪਾਤਸ਼ਾਹੀ ।
[53]ਸੁਕ੍ਰਿਤੁ[54] ਕਰਿ ਕਰਿ[55] ਲੀਜੈ[56] ਰੇ ਮਨ ॥੧॥ ਰਹਾਉ ॥	By constantly[53] doing[55] good deeds[54], these are obtained[56], O my mind. Pause.	ਸ਼ੁਭ[53] ਕਰਮ[54] ਲਗਾਤਾਰ ਕਮਾਉਣ[55] ਦੁਆਰਾ, ਇਹ ਪ੍ਰਾਪਤ ਹੁੰਦੇ[56] ਹਨ ਹੇ ਮੇਰੇ ਮਨੂਏ ! ਠਹਿਰਾਉ।
ਕੁਮ੍ਹਾਰੈ[57] ਏਕ[58] ਜੁ ਮਾਟੀ[59] ਗੂੰਧੀ[60] ਬਹੁ[61] ਬਿਧਿ[62] ਬਾਨੀ ਲਾਈ[63] ॥	The potter[57] kneads[60] the same[58] clay[59] and colours[63] the vessels in various[61] ways[62].	ਘੁਮਾਰ[57] ਉਸ ਦੀ[58] ਮਿੱਟੀ[59] ਨੂੰ ਗੰਨ੍ਹਦਾ[60] ਹੈ ਅਤੇ ਭਾਂਡਿਆਂ ਨੂੰ ਅਨੇਕਾਂ[61] ਤਰੀਕਿਆਂ[62] ਨਾਲ ਰੰਗਦਾ[63] ਹੈ।
ਕਾਹੂ[64] ਮਹਿ[65] ਮੋਤੀ ਮੁਕਤਾਹਲ[66] ਕਾਹੂ ਬਿਆਧਿ[67] ਲਗਾਈ[68] ॥੨॥	In[66] some[64] he sets pearls and strings of pearls[66] and to others he attaches[68] filth[67].	ਕਈਆਂ[64] ਵਿੱਚ[65] ਉਹ ਮੋਤੀ ਤੇ ਮੋਤੀਆਂ[66] ਦੀਆਂ ਲੜੀਆਂ ਜੜ ਦਿੰਦਾ ਹੈ ਅਤੇ ਹੋਰਨਾਂ ਨੂੰ ਉਹ ਗੰਦ ਬਲਾ[67] ਲਾ ਦਿੰਦਾ[68] ਹੈ।
ਸੂਮਹਿ[69] ਧਨੁ[70] ਰਾਖਨ[71] ਕਉ ਦੀਆ ਮੁਗਧੁ[72] ਕਹੈ[73] ਧਨੁ ਮੇਰਾ[74] ॥	To the miser[69], God gave the wealth[70] to preserve[71], but the blockhead[72] calls[73] it his own[74].	ਕੰਜੂਸ[69] ਨੂੰ ਵਾਹਿਗੁਰੂ ਨੇ ਦੌਲਤ[70] ਸਾਂਭਣ[71] ਲਈ ਦਿੱਤੀ ਹੈ, ਪ੍ਰੰਤੂ ਮੂਰਖ[72] ਇਸ ਨੂੰ ਆਪਣੀ ਨਿੱਜ[74] ਦੀ ਆਖਦਾ[73] ਹੈ।
ਜਮ[75] ਕਾ ਡੰਡੁ[76] ਮੂੰਡ[77] ਮਹਿ[79] ਲਾਗੈ[78] ਖਿਨ[80] ਮਹਿ[81] ਕਰੈ ਨਿਬੇਰਾ[82] ॥ ੩॥	When death's[75] mace[76] falls[78] on[79] his head[77], in[81] a moment[80] every thing is settled[82].	ਜਦ ਮੌਤ[75] ਦਾ ਮੁੰਗਲਾ[76] ਉਸ ਦੇ ਸਿਰ[77] ਉੱਤੇ[79] ਪੈਂਦਾ[78] ਹੈ, ਇੱਕ ਮੁਹਤ[80] ਵਿੱਚ[81] ਹਰ ਸ਼ੈ ਦਾ ਫ਼ੈਸਲਾ ਹੋ ਜਾਂਦਾ[82] ਹੈ।
੪੮੦		
ਹਰਿਜਨੁ[83] ਊਤਮੁ[84] ਭਗਤੁ[85] ਸਦਾਵੈ[86] ਆਗਿਆ[87] ਮਾਨਿ[88] ਸੁਖੁ[89] ਪਾਈ ॥	God's slave[83] is called[86] the sublime[84] saint[85]. He obeys[88] God's order[87] and obtains peace[89].	ਵਾਹਿਗੁਰੂ ਦਾ ਗੋਲਾ[83] ਸੇਸ਼ਟ[84] ਸੰਤ[85] ਆਖਿਆ ਜਾਂਦਾ[86] ਹੈ। ਵਾਹਿਗੁਰੂ ਦਾ ਹੁਕਮ[87] ਮੰਨ[88] ਕੇ ਉਹ ਆਰਾਮ[89] ਨੂੰ ਪ੍ਰਾਪਤ ਹੁੰਦਾ ਹੈ।
ਜੋ[90] ਤਿਸੁ[91] ਭਾਵੈ[92] ਸਤਿ[93] ਕਰਿ ਮਾਨੈ[94] ਭਾਣਾ[95] ਮੰਨਿ[96] ਵਸਾਈ[97] ॥੪॥	Whatever[90] pleases[92] Him[91], he accepts[94] as true[93] and Lord's will[95] he abides[97] within his mind[96].	ਜਿਹੜਾ ਕੁੱਛ[90] ਉਸ[91] ਨੂੰ ਚੰਗਾ ਲਗਦਾ[92] ਹੈ, ਉਹ ਸੱਚ[93] ਕਰਕੇ ਸਵੀਕਾਰ ਕਰਦਾ[94] ਹੈ। ਸਾਂਈਂ ਦੀ ਰਜ਼ਾ[95] ਨੂੰ ਉਹ ਆਪਣੇ ਚਿੱਤ[96] ਵਿਚ ਟਿਕਾਉਂਦਾ[97] ਹੈ।
ਕਹੈ ਕਬੀਰੁ ਸੁਨਹੁ[98] ਰੇ[99] ਸੰਤਹੁ ਮੇਰੀ[100] ਮੇਰੀ ਝੂਠੀ[2] ॥	Says Kabir, listen[98] O[99] saints, false[2] is to indulge in egoism[100].	ਕਬੀਰ ਜੀ ਆਖਦੇ ਹਨ ਸ੍ਰਵਣ[98] ਕਰੋ, ਹੇ[99] ਸਾਧੂਓ ! ਕੂੜੀ[2] ਹੈ ਅਪਣੱਤ[100] ਧਾਰਨ ਕਰਨੀ।
[3]ਚਿਰਗਟ[4] ਫਾਰਿ[5] ਚਟਾਰਾ[6] ਲੈ ਗਇਓ[7] ਤਰੀ ਤਾਗਰੀ[8] ਛੂਟੀ[9] ॥੫॥੩॥੧੬॥	Breaking[5] the bird's[3] cage[4], the death takes away[7] the bird[6] and the threads and yarns[8], are shorn[9].	ਪੰਛੀ[3] ਦੇ ਪਿੰਜਰੇ[4] ਨੂੰ ਤੋੜ[5] ਕੇ ਮੌਤ ਪੰਛੀ[6] ਨੂੰ ਲੈ ਜਾਂਦੀ[7] ਹੈ ਅਤੇ ਧਾਗੇ ਧੂਗੇ[8] ਟੁਟ ਜਾਂਦੇ[9] ਹਨ।
ਆਸਾ ॥	Asa.	ਆਸਾ।
ਹਮ[10] ਮਸਕੀਨ[12] ਖੁਦਾਈ[13]	I[10] am an humble[12] slave[14] of Thine,	ਮੈਂ[10] ਤੇਰਾ ਆਜਿਜ਼[12] ਗੁਲਾਮ[14] ਹਾਂ, ਹੇ ਸੁਆਮੀ[13] !

ਬੰਦੇ[14] ਤੁਮਰਾ[15] ਜਸੁ[16] ਮਨਿ[17] ਭਾਵੈ[18] ॥	O Lord[13]. Thy[15] praise[16] is pleasing[18] unto my mind[17].	ਤੇਰੀ[15] ਕੀਰਤੀ[16] ਮੇਰੇ ਚਿੱਤ[17] ਨੂੰ ਚੰਗੀ ਲਗਦੀ ਹੈ[18]।
ਅਲਹ[19] ਅਵਲਿ[20] ਦੀਨ[21] ਕੋ ਸਾਹਿਬੁ[22] ਜੋਰੁ[23] ਨਹੀ ਫੁਰਮਾਵੈ[24] ॥੧॥	Supreme Lord[19], the Primal Being[20], the Lord[22] of the poor[21] ordains[24] not oppression[23].	ਸ੍ਰੇਸ਼ਟੀ[19] ਸਾਹਿਬ, ਪਹਿਲ ਪ੍ਰਿਥਮੀ ਵਿਅਕਤੀ[20], ਗ਼ਰੀਬਾਂ[21] ਦਾ ਸੁਆਮੀ[22] ਹੈ। ਉਹ ਜ਼ੋਰ ਜ਼ੁਲਮ[23] ਦੀ ਆਗਿਆ[24] ਨਹੀਂ ਦਿੰਦਾ।
ਕਾਜੀ ਬੋਲਿਆ[25] ਬਨਿ[26] ਨਹੀ ਆਵੈ ॥੧॥ਰਹਾਉ॥	O Qazi, it behoves[26] not to talk[25] before Him. Pause.	ਹੇ ਕਾਜ਼ੀ! ਉਸ ਦੇ ਮੂਹਰੇ ਕੁੱਛ ਆਖਣਾ[25] ਮੁਨਾਸਬ[26] ਨਹੀਂ। ਠਹਿਰਾਉ।
ਰੋਜਾ[27] ਧਰੈ[28] ਨਿਵਾਜ[29] ਗੁਜਾਰੈ[30] ਕਲਮਾ[31] ਭਿਸਤਿ[32] ਨ ਹੋਈ ॥	By keeping[28] fast[27], saying[30] prayer[29] and reading the Muslim creed[31] (Kalma), thou cannot go to paradise[32].	ਵਰਤ[27] ਰੱਖਣ[28], ਨਿਮਾਜ਼[29] ਪੜ੍ਹਨ[30] ਅਤੇ ਮੁਸਲਮਾਨੀ ਕਲਮੇ[31] ਦੇ ਵਾਚਣ ਦੁਆਰਾ ਤੂੰ ਸੁਰਗ[32] ਨੂੰ ਨਹੀਂ ਜਾ ਸਕਦਾ।
ਸਤਰਿ[33] ਕਾਬਾ[34] ਘਟ[35] ਹੀ ਭੀਤਰਿ[36] ਜੇਕਰਿ ਜਾਨੈ ਕੋਈ[37] ॥੨॥	The temple of Makka[34] is hidden[33] within[36] one's mind[35], if one[37] were to know it.	ਮੱਕੇ ਦਾ ਮੰਦਰ[34] ਤੇਰੇ ਮਨ[35] ਅੰਦਰ[36] ਹੀ ਲੁੱਕਿਆ ਹੋਇਆ[33] ਹੈ, ਜੇਕਰ ਕੋਈ ਜਣਾ[37] ਇਸ ਨੂੰ ਜਾਣ ਲਵੇ।
ਨਿਵਾਜ[38] ਸੋਈ ਜੋ[39] ਨਿਆਉ[40] ਬਿਚਾਰੈ[41] ॥	To administer[41] justice[40], that[39] is the prayer[38].	ਇਨਸਾਫ਼[40] ਕਰਨਾ[41], ਇਹੀ[39] ਨਿਮਾਜ਼[38] ਹੈ।
ਕਲਮਾ[42] ਅਕਲਹਿ[43] ਜਾਨੈ[44] ॥	The knowledge[44] of the Inscrutable Lord[43] is the creed[42].	ਅਗਾਧ ਸੁਆਮੀ[43] ਦੀ ਗਿਆਤ[44] ਕਲਮਾ[42] ਹੈ।
ਪਾਚਹੁ[45] ਮੁਸਿ[46] ਮੁਸਲਾ[47] ਬਿਛਾਵੈ[48] ਤਬ ਤਉ[49] ਦੀਨੁ[50] ਪਛਾਨੈ[51] ॥੩॥	If by slaying[46] the five[45] desires thou spread[48] the prayer mat[47], then[49] shalt thou know[51] the real religion[50].	ਪੰਜਾਂ[45] ਖ਼ਾਹਿਸ਼ਾਂ ਨੂੰ ਮਾਰ ਕੇ[46] ਨਿਮਾਜ਼[47] ਦੀ ਫੂੜ੍ਹੀ[47] ਦਾ ਵਿਛਾਉਣਾ[48] ਵਿਛਾਵੇਂ, ਤਦ[49] ਤੂੰ ਅਸਲੀ ਧਰਮ[50] ਨੂੰ ਜਾਣੇਗਾ[51]।
ਖਸਮੁ[52] ਪਛਾਨਿ[53] ਤਰਸ[54] ਕਰਿ ਜੀਅ[55] ਮਹਿ[56] ਮਾਰਿ[57] ਮਨੀ[58] ਕਰਿ ਫੀਕੀ[59] ॥	Recognise[53] thy Master[52], fear[54] Him in[56] thy heart[55] and still[57] thou thy ego[58] and make it worthless[59].	ਆਪਣੇ ਮਾਲਕ[52] ਨੂੰ ਸਿੰਆਨ[53] ਅਤੇ ਉਸ ਦਾ ਡਰ[54] ਆਪਣੇ ਮਨ[55] ਵਿਚ[56] ਰੱਖ। ਤੂੰ ਆਪਣੇ ਹੰਕਾਰ[58] ਨੂੰ ਮੇਟ[57] ਅਤੇ ਇਸ ਨੂੰ ਨਿਕੰਮਾ[59] ਬਣਾ ਦੇ।
ਆਪੁ[60] ਜਨਾਇ[61] ਅਵਰ[62] ਕਉ ਜਾਨੈ ਤਬ[63] ਹੋਇ ਭਿਸਤ[64] ਸਰੀਕੀ[65] ॥੪॥	As thou deemest[61] thyself[60], so deem thou others[62], and then[63] alone shalt thou become a partner[65] in heaven[64].	ਜਿਸ ਤਰ੍ਹਾਂ ਦਾ ਤੂੰ ਆਪਣੇ ਆਪ[60] ਨੂੰ ਜਾਣਦਾ[61] ਹੈਂ, ਉਸੇ ਤਰ੍ਹਾਂ ਦਾ ਹੋਰਨਾਂ[62] ਨੂੰ ਜਾਣ, ਕੇਵਲ ਤਦ[63] ਹੀ ਸੁਰਗ[64] ਦਾ ਭਾਈਵਾਲ[65] ਹੋਵੇਂਗਾ।
ਮਾਟੀ[66] ਏਕ ਭੇਖ[67] ਧਰਿ[68] ਨਾਨਾ[69] ਤਾ[70] ਮਹਿ[71] ਬ੍ਰਹਮੁ[72] ਪਛਾਨਾ[73] ॥	The clay[66] is one, but it has assumed[68] diverse[69] forms[67]. In[71] them[70] all, I have recognised[73] the one Lord[72].	ਮਿੱਟੀ[66] ਇਕੋ ਹੀ ਹੈ, ਪ੍ਰੰਤੂ ਇਸ ਨੇ ਅਨੇਕਾਂ[69] ਸਰੂਪ[67] ਧਾਰਨ[68] ਕੀਤੇ ਹੋਏ ਹਨ। ਉਨ੍ਹਾਂ[70] ਸਾਰਿਆਂ ਵਿਚ[71] ਮੈਂ ਇਕ ਸੁਆਮੀ[72] ਨੂੰ ਹੀ ਪਛਾਣਿਆ[73] ਤੇ ਜਾਣਿਆ ਹੈ।
ਕਹੈ[79] ਕਬੀਰਾ ਭਿਸਤ[74] ਛੋਡਿ[75] ਕਰਿ ਦੋਜਕ[76] ਸਿਉ[77] ਮਨੁ ਮਾਨਾ[78] ॥੫॥ ੪॥੧੭॥	Says[79] Kabir, I have abandoned[75] the paradise[74] of your conception and attached[78] my mind to[77] the hell[76].	ਕਬੀਰ ਜੀ ਫੁਰਮਾਉਂਦੇ[79] ਹਨ, ਮੈਂ ਤੇਰੇ ਸੁਰਗ[74] ਨੂੰ ਤਿਆਗ ਦਿੱਤਾ[75] ਹੈ ਅਤੇ ਆਪਣਾ ਮਨੂਆ ਨਰਕ[76] ਨਾਲ[77] ਜੋੜ[78] ਲਿਆ ਹੈ।

ਆਸਾ ॥	Asa.	ਆਸਾ ।
ਗਗਨ[80] ਨਗਰਿ[81] ਇਕ[82] ਬੂੰਦ[83] ਨ ਬਰਖੈ[84] ਨਾਦੁ[85] ਕਹਾ[86] ਜੁ[87] ਸਮਾਨਾ[88] ॥	From[82] the city[81] of the mind-sky[80] not even a drop[83] rains[84] now. Where[86] is the music[85], which[87] was contained[88] in it ?	ਮਨ-ਆਕਾਸ਼[80] ਦੇ ਸ਼ਹਿਰ[81] ਵਿਚੋਂ[82] ਇਕ ਤੁਪਕਾ[83] ਭੀ ਹੁਣ ਨਹੀਂ ਵਰ੍ਹਦਾ[84]; ਕਿੱਥੇ[86] ਹੈ ਉਹ ਰਾਗ[85] ਜਿਹੜਾ[87] ਇਸ ਅੰਦਰ ਰਮਿਆ ਹੋਇਆ[88] ਸੀ ।
ਪਾਰਬ੍ਰਹਮ[89] [90]ਪਰਮੇਸੁਰ[91] ਮਾਧੋ[92] ਪਰਮ[93] ਹੰਸੁ[94] ਲੇ ਸਿਧਾਨਾ[95] ॥੧॥	Transcendent Lord[89], the Supreme God[90] and the Master[92] of wealth[91] has taken away[95] the great[93] soul[94].	ਪਰਮ ਪ੍ਰਭੂ[89] ਸ੍ਰੇਸ਼ਟੀ ਵਾਹਿਗੁਰੂ[90], ਮਾਇਆ[91] ਦਾ ਮਾਲਕ[92], ਵਿਸ਼ਾਲ[93] ਆਤਮਾ[94] ਨੂੰ ਲੈ ਗਿਆ[95] ਹੈ ।
ਬਾਬਾ[96] ਬੋਲਤੇ[97] ਤੇ ਕਹਾ[98] ਗਏ ॥ ਦੇਹੀ[99] ਕੇ ਸੰਗਿ[100] ਰਹਤੇ[2] ॥ ਸੁਰਤਿ[3] ਮਾਹਿ[4] ਜੋ[7] ਨਿਰਤੇ[5] ਕਰਤੇ ਕਥਾ ਬਾਰਤਾ[6] ਕਹਤੇ ॥੧॥ ਰਹਾਉ ॥	O father[96], whither[98] has gone the soul, which used to speak[97] to dwell[2] with[100] the body[99], to[7] dance[5] in[4] the mind[3], explain and preach[6]. Pause.	ਓ ਪਿਤਾ[96], ਆਤਮਾ ਜੋ ਗੱਲਾਂ ਕਰਦੀ[97] ਅਤੇ ਸਰੀਰ[99] ਦੇ ਨਾਲ[100] ਵਸਦੀ[2] ਸੀ, ਕਿੱਥੇ[98] ਚਲੀ ਗਈ, ਉਹ ਜਿਹੜੀ[7] ਮਨ[3] ਅੰਦਰ[4] ਨੱਚਦੀ[5] ਸੀ ਅਤੇ ਵਿਆਖਿਆ ਤੇ ਪ੍ਰਚਾਰ ਕਰਦੀ[6] ਸੀ ? ਠਹਿਰਾਉ ।
ਬਜਾਵਨਹਾਰੋ[8] ਕਹਾ ਗਇਓ ਜਿਨਿ[9] ਇਹੁ ਮੰਦਰੁ[10] ਕੀਨਾ[12] ॥	Whither has gone the player[8] who[9] had made[12] this mansion[10] as his own ?	ਉਹ ਵਜਾਉਣ ਵਾਲਾ[8] ਕਿੱਥੇ ਚਲਿਆ ਗਿਆ ਹੈ, ਜਿਸ[9] ਨੇ ਇਸ ਮਹਲ[10] ਨੂੰ ਆਪਣਾ ਨਿੱਜ ਦਾ ਬਣਾਇਆ[12] ਹੋਇਆ ਸੀ ?
ਸਾਖੀ[13] ਸਬਦੁ[14] ਸੁਰਤਿ[15] ਨਹੀ ਉਪਜੈ[16] ਖਿੰਚਿ[17] ਤੇਜੁ[18] ਸਭੁ[19] ਲੀਨਾ ॥੨॥	No tale[13], word[14] and understanding[15] are produced[16] as the Lord has drained off[17] the entire[19] power[18].	ਕੋਈ ਕਹਾਣੀ[13], ਲਫ਼ਜ਼[14] ਤੇ ਗਿਆਤ[15] ਪੈਦਾ[16] ਨਹੀਂ ਹੁੰਦੀਆਂ । ਸਾਹਿਬ ਨੇ ਸਾਰਾ[19] ਬਲ[18] ਖਿੱਚ ਲਿਆ[17] ਹੈ ।
ਸ੍ਰਵਨਨ[20] ਬਿਕਲ[21] ਭਏ ਸੰਗਿ[22] ਤੇਰੇ ਇੰਦ੍ਰੀ[23] ਕਾ ਬਲੁ[24] ਥਾਕਾ[25] ॥	The ears[20], thy companions[22], have gone deaf[21] and the power[24] of thy organs[23] is exhausted[25].	ਕੰਨ[20], ਤੇਰੇ ਸਾਥੀ[22] ਬੋਲੇ[21] ਹੋ ਗਏ ਹਨ, ਅਤੇ ਤੇਰੇ ਅੰਗਾਂ[23] ਦੀ ਤਾਕਤ[24]ਖ਼ਤਮ ਹੋ ਗਈ[25]ਹੈ ।
ਚਰਨ[26] ਰਹੇ[27] ਕਰ[28] ਢਰਕਿ[29] ਪਰੇ ਹੈ ਮੁਖਹੁ[30] ਨ ਨਿਕਸੈ[31] ਬਾਤਾ[32] ॥੩॥	Thine feet[26] have failed[27], the hands[28] are relaxed[29] and from thy mouth[30] no word[32], now issues[31] forth.	ਤੇਰੇ ਪੈਰ[26] ਹਾਰ ਗਏ[27] ਹਨ ਅਤੇ ਹੱਥ[28] ਢਿਲਕ ਪਏ[29] ਹਨ । ਤੇਰੇ ਮੂੰਹੋਂ[30], ਹੁਣ ਕੋਈ ਬਚਨ[32] ਨਹੀਂ ਨਿਕਲਦਾ[31] ।
ਥਾਕੇ[33] ਪੰਚ[34] ਦੂਤ[35] ਸਭ[36] ਤਸਕਰ[37] ਆਪ ਆਪਣੈ[38] ਭ੍ਰਮਤੇ[39] ॥	All[36] the five[34] enemies[35] and thieves[37] (passions) which wandered[39] according to their own will[38], have grown weary[33].	ਸਮੂਹ[36] ਪੰਜੇ[34] ਵੈਰੀ[35]ਅਤੇ ਚੋਰ[37] (ਵਿਕਾਰ) ਜੋ ਆਪੋ ਆਪਣੀ ਮਰਜ਼ੀ ਅਨੁਸਾਰ[38] ਭਟਕਦੇ[39] ਸਨ, ਹਾਰ ਹੁੱਟ ਗਏ ਹਨ[33] ।
ਥਾਕਾ[40] ਮਨੁ[41] ਕੁੰਚਰ[42] ਉਰੁ[43] ਥਾਕਾ ਤੇਜੁ[44] ਸੂਤੁ ਧਰਿ[45] ਰਮਤੇ[46] ॥੪॥	The mind[41] elephant[42] is tired[40] and worn out is the heart[43], the wire-puller[45], through whose power[44] the body moved about[46].	ਮਨ[41] ਹਾਥੀ[42] ਹੰਭ ਗਿਆ[40] ਹੈ ਅਤੇ ਹਾਰ ਗਿਆ ਹੈ, ਤਾਰ-ਖਿੱਚਣ ਵਾਲਾ[45] ਦਿਲ[43], ਜਿਸ ਦੀ ਤਾਕਤ[44] ਰਾਹੀਂ ਸਰੀਰ ਤੁਰਦਾ ਫਿਰਦਾ[46] ਸੀ ।
ਮਿਰਤਕ[47] ਭਏ ਦਸੈ[48]	The man is dead[47], the bonds[49] of	ਇਨਸਾਨ ਮਰ ਗਿਆ[47] ਹੈ, ਦਸਾਂ ਹੀ ਦਰਵਾਜ਼ਿਆਂ[48] ਦੇ

ਬੰਦ[49] ਛੂਟੇ[50] ਮਿਤ੍ਰ[51] ਭਾਈ[52] ਸਭ ਛੋਰੇ[53] ॥	the ten gates[48] are loosed[50] and he has left[53] all his friends[51] and brothers[52].	ਬੰਨ੍ਹ[49] ਟੁੱਟ ਗਏ[50] ਹਨ ਅਤੇ ਉਹ ਆਪਣੇ ਸਾਰੇ ਯਾਰ[51] ਤੇ ਵੀਰਾਂ[52] ਨੂੰ ਛੱਡ ਗਿਆ[53] ਹੈ।
ਕਹਤ ਕਬੀਰਾ ਜੋ ਹਰਿ ਧਿਆਵੈ[54] ਜੀਵਤ[55] ਬੰਧਨ[56] ਤੋਰੇ[57] ॥੫॥੫॥੧੮॥	Says Kabir, he who meditates[54] on God, bursts[57] his bonds[56] even while alive[55].	ਕਬੀਰ ਜੀ ਆਖਦੇ ਹਨ, ਜੋ ਵਾਹਿਗੁਰੂ ਦਾ ਸਿਮਰਨ[54] ਕਰਦਾ ਹੈ, ਉਹ ਜੀਉਂਦਾ ਹੋਇਆ[55] ਹੀ ਆਪਣੇ ਜੂੜ[56] (ਬੰਧਨ) ਵੱਢ ਸੁਟਦਾ[57] ਹੈ।
ਆਸਾ ਇਕ ਤੁਕੇ ੪ ॥	Asa Iktuke.	ਆਸਾ ਇਕ ਤੁਕੇ।
ਸਰਪਨੀ[58] ਤੇ ਊਪਰਿ[59] ਨਹੀ ਬਲੀਆ[60] ॥ ਜਿਨਿ[61] ਬ੍ਰਹਮਾ ਬਿਸਨੁ ਮਹਾਦੇਉ[62] ਛਲੀਆ[63] ॥੧॥	None is more[59] powerful[60] than mammon, the she-serpent[58], which[61] deceived[63] even the Brahma, Vishnu and Shiva[62].	ਮਾਇਆ ਸੱਪਣੀ[58] ਤੋਂ ਵਧੇਰੇ[59] ਹੋਰ ਕੋਈ ਬਲਵਾਨ[60] ਨਹੀਂ, ਜਿਸ[61] ਨੇ ਬਰਮਾਂ, ਵਿਸ਼ਨੂੰ ਅਤੇ ਸ਼ਿਵਜੀ[62] ਭੀ ਠੱਗ ਲਏ[63] ਹਨ।
ਮਾਰੁ ਮਾਰੁ[64] ਸ੍ਰਪਨੀ ਨਿਰਮਲ[65] ਜਲਿ[66] ਪੈਠੀ[67] ॥	Beating and smiting[64] all round, the she-snake is now seated[67] in the pure[65] water[66].	ਸਾਰੀ ਪਾਸੀਂ ਮਾਰੋ ਮਾਰ ਕਰਦੀ[64] ਹੋਈ ਨਾਗਣ, ਹੁਣ ਪਵਿੱਤ੍ਰ[65] ਪਾਣੀ[66] ਵਿਚ ਬੈਠ ਗਈ[67] ਹੈ।
ਜਿਨਿ [68]ਤ੍ਰਿਭਵਣੁ[69] ਡਸੀਅਲੇ[70] ਗੁਰ ਪ੍ਰਸਾਦਿ[71] ਡੀਠੀ[72] ॥੧॥ਰਹਾਉ॥	By Guru's grace[71], I have seen[72] her who has bitten[70] the three[68] worlds[69]. Pause.	ਗੁਰਾਂ ਦੀ ਦਇਆ ਦੁਆਰਾ[71] ਮੈਂ ਉਸ ਨੂੰ ਵੇਖ ਲਿਆ[72] ਹੈ, ਜਿਸ ਨੇ ਤਿੰਨੇ[68] ਜਹਾਨ[69] ਡੰਗ ਛੱਡੇ[70] ਹਨ। ਠਹਿਰਾਉ।
ਸ੍ਰਪਨੀ[73] ਸ੍ਰਪਨੀ[74] ਕਿਆ[75] ਕਹਹੁ[76] ਭਾਈ[77] ॥	O brother[77], why[75] callest[76] thou mammon[73], a she-snake[74] ?	ਹੇ ਵੀਰ[77] ! ਤੂੰ ਮਾਇਆ[73] ਨੂੰ ਨਾਗਣੀ[74] ਕਿਉਂ[75] ਆਖਦਾ[76] ਹੈਂ ?
ਜਿਨਿ ਸਾਚੁ[78] ਪਛਾਨਿਆ[79] ਤਿਨਿ[80] ਸ੍ਰਪਨੀ ਖਾਈ[81]॥੨॥	He[80] who realises[79] the True Lord[78], devours[81] the she-snake[74] ?	ਜੋ ਸੱਚੇ ਸਾਹਿਬ[78] ਨੂੰ ਅਨੁਭਵ ਕਰ ਲੈਂਦਾ[79] ਹੈ ਉਹ[80] ਨਾਗਣ ਨੂੰ ਨਿਗਲ ਜਾਂਦਾ[81] ਹੈ।
ਸ੍ਰਪਨੀ[82] ਤੇ[83] ਆਨ ਛੂਛ[85] ਨਹੀ ਅਵਰਾ[84] ॥	No one else[84] is more trifling[85] than[83] mammon[82].	ਮਾਇਆ[82] ਤੋਂ[83] ਵਧੇਰਾ ਹੋਰ ਕੋਈ[84] ਹੋਛਾ[85] ਨਹੀਂ।
ਸ੍ਰਪਨੀ ਜੀਤੀ[86] ਕਹਾ[87] ਕਰੈ ਜਮਰਾ[88] ॥੩॥	When the she-serpent is subdued[86] what[87] can the King of Death's couriers[88] do ?	ਜਦ ਸੱਪਣੀ ਜਿੱਤ ਲਈ ਜਾਂਦੀ[86] ਹੈ, ਤਾਂ ਮੌਤ ਦੇ ਦੂਤਾਂ ਦਾ ਰਾਜਾ[88] ਕੀ[87] ਕਰ ਸਕਦਾ ਹੈ ?
ਇਹ ਸ੍ਰਪਨੀ[89] ਤਾ ਕੀ[90] ਕੀਤੀ[91] ਹੋਈ ॥	This mammon[89] is created[91] by Him[90].	ਇਹ ਮਾਇਆ[89] ਉਸ ਦੀ[90] ਪੈਦਾ ਕੀਤੀ[91] ਹੋਈ ਹੈ।
ਬਲੁ[92] ਅਬਲੁ[93] ਕਿਆ[94] ਇਸ[95] ਤੇ ਹੋਈ ॥੪॥	By herself[95] what[94] power[92] or weakness[93] can she have ?	ਆਪਣੇ ਆਪ[95] ਉਸ ਵਿੱਚ ਕਿਹੜੀ[94] ਤਾਕਤ[92] ਜਾਂ ਕਮਜ਼ੋਰੀ[93] ਹੈ ?
੪੮੧		
ਇਹ ਬਸਤੀ ਤਾ[96] ਬਸਤ[97] ਸਰੀਰਾ[98] ॥ ਗੁਰ ਪ੍ਰਸਾਦਿ[99] ਸਹਜਿ[100] ਤਰੇ[2] ਕਬੀਰਾ ॥ ੫॥੬॥੧੯॥	If she abides with man, then[96] his soul abides[97] in body[98]. By Guru's grace[99], Kabir has easily[100] swum[2] across.	ਜੇਕਰ ਉਹ ਬੰਦੇ ਦੇ ਨਾਲ ਵਸਦੀ ਹੈ, ਤਦ[96] ਉਸ ਦੀ ਆਤਮਾ ਦੇਹ[98] ਵਿਚ ਵਸਦੀ[97] ਹੈ। ਗੁਰਾਂ ਦੀ ਮਿਹਰ[99] ਸਦਕਾ ਕਬੀਰ, ਸੁਖੈਨ ਹੀ[100] ਪਾਰ ਉੱਤਰ ਗਿਆ[2] ਹੈ।

ਆਸਾ	Asa.	ਆਸਾ।
ਕਹਾ[3] ਸੁਆਨ[4] ਕਉ ਸਿਮ੍ਰਿਤਿ ਸੁਨਾਏ[5] ॥	What[3] avails it to read[5] Simirtis to a dog[4] ?	ਕੁੱਤੇ[4] ਨੂੰ ਸਿੰਮ੍ਰਿਤੀਆਂ ਪੜ੍ਹ ਕੇ[5] ਸੁਣਾਉਣ ਦਾ ਕੀ[3] ਫ਼ਾਇਦਾ ਹੈ ?
ਕਹਾ ਸਾਕਤ[6] ਪਹਿ[7] ਹਰਿ ਗੁਨ[8] ਗਾਏ[9] ॥੧॥	What avails it to sing[9] God's praise[8] to[7] a materialist[6] ?	ਮਾਦਾ-ਪ੍ਰਸਤ[6] ਕੋਲ[7] ਹਰੀ ਦਾ ਜੱਸ[8] ਗਾਇਨ[9] ਕਰਨ ਦਾ ਕੀ ਲਾਭ ?
ਰਾਮ ਰਾਮ[10] ਰਾਮ ਰਮੇ ਰਮਿ[12] ਰਹੀਐ ॥	Remain thou completely absorbed[12] in the Lord God's Name[10].	ਤੂੰ ਵਾਹਿਗੁਰੂ ਸੁਆਮੀ ਦੇ ਨਾਮ[10] ਵਿਚ ਪੂਰੀ ਤਰ੍ਹਾਂ ਲੀਨ[12] ਹੋਇਆ ਰਹੁ।
ਸਾਕਤ[16] ਸਿਉ[13] ਭੂਲਿ[14] ਨਹੀ ਕਹੀਐ[15] ॥੧॥ ਰਹਾਉ ॥	Talk[15] not of it to[13] an infidel[16], even by mistake[14]. Pause.	ਭੁਲ ਕੇ ਭੀ[14] ਇਸ ਦਾ ਨਾਸਤਕ[16] ਕੋਲ[13] ਜ਼ਿਕਰ[15] ਨਾ ਕਰ। ਠਹਿਰਾਉ।
ਕਉਆ[17] ਕਹਾ[18] ਕਪੂਰ[19] ਚਰਾਏ[20] ॥ ਕਹ ਬਿਸੀਅਰ[21] ਕਉ ਦੂਧੁ[22] ਪੀਆਏ[23] ॥ ੨॥	Why[18] should one offer[20] camphor[19] to a crow[17] ? Why feedest[23] thou a viper[21] on milk[22] ?	ਆਦਮੀ ਕਾਂ[17] ਨੂੰ ਕਿਉਂ[18] ਮੁਸ਼ਕ-ਕਾਫ਼ੂਰ[19] ਭੇਟਾ[20] ਕਰੇ ? ਤੂੰ ਨਾਗ[21] ਨੂੰ ਦੁੱਧ[22] ਕਿਉਂ ਪਿਆਉਂਦਾ[23] ਹੈਂ ?
ਸਾਤ ਸੰਗਤਿ[24] ਮਿਲਿ[25] ਬਿਬੇਕ[26] ਬੁਧਿ[27] ਹੋਈ ॥	By meeting[25] the society of saints[24], discrimination[26] and understanding[27] are attained.	ਸਾਧ ਸੰਗਤਿ[24] ਨਾਲ ਮਿਲਣ ਦੁਆਰਾ[25] ਪ੍ਰਬੀਨਤਾ[26] ਅਤੇ ਸਮਝ[27] ਪ੍ਰਾਪਤ ਹੁੰਦੀਆਂ ਹਨ।
ਪਾਰਸੁ[28] ਪਰਸਿ[29] ਲੋਹਾ ਕੰਚਨੁ[30] ਸੋਈ[31] ॥੩॥	That[31] iron which touches[29] the philosopher's stone[28], becomes gold[30].	ਉਹ[31] ਲੋਹਾ, ਜਿਹੜਾ ਰਸਾਇਣ[28] ਨਾਲ ਛੂਹ ਜਾਂਦਾ[29] ਹੈ, ਸੋਨਾ[30] ਹੋ ਜਾਂਦਾ ਹੈ।
ਸਾਕਤੁ[32] ਸੁਆਨ[33] ਸਭੁ[34] ਕਰੇ ਕਰਾਇਆ ॥	The doggish[33] mammon-worshipper[32] does everything[34] as the Lord causes him to do.	ਕੁੱਤੜ[33] ਮਾਇਆ ਦਾ ਉਪਾਸ਼ਕ[32] ਸਾਰਾ ਕੁਛ[34] ਓਹੀ ਕਰਦਾ ਹੈ, ਜਿਹੜਾ ਸੁਆਮੀ ਉਸ ਪਾਸੋਂ ਕਰਵਾਉਂਦਾ ਹੈ।
ਜੋ[35] ਧੁਰਿ[36] ਲਿਖਿਆ[37] ਸੁ[38] ਕਰਮ[39] ਕਮਾਇਆ[40] ॥੪॥	He does[40] the[38] deed[39], which[35] is ordained[37] for him from the very beginning[36].	ਉਹ ਓਹੀ[38] ਕੰਮ[39] ਕਰਦਾ[40] ਹੈ ਜਿਹੜਾ[35] ਉਸ ਲਈ ਐਨ ਮੁੱਢ ਤੋਂ[36] ਲਿਖਿਆ ਹੋਇਆ[37] ਹੈ।
ਅੰਮ੍ਰਿਤੁ[41] ਲੈ ਲੈ[42] ਨੀਮੁ[43] ਸਿੰਚਾਈ[44] ॥ ਕਹਤ[45] ਕਬੀਰੁ ਉਆ[46] ਕੋ ਸਹਜੁ[47] ਨ ਜਾਈ[48] ॥੫॥੭॥੨੦॥	Wert thou to take[42] Nectar[41] and irrigate[44] Neem[43] with it, says[45] Kabir; its[46] naturalq uality[47] shall not depart[48].	ਜੇਕਰ ਤੂੰ ਆਬਿ-ਹਿਯਾਤ[41] (ਅੰਮ੍ਰਿਤ) ਨੂੰ ਲੈ ਕੇ[42] ਇਸ ਨਾਲ ਨਿਮ[43] ਨੂੰ ਸਿੰਜੇ[44], ਕਬੀਰ ਜੀ ਆਖਦੇ[45] ਹਨ, ਉਸ ਦੀ[46] ਕੁਦਰਤੀ ਖ਼ਸਲਤ[47] ਦੂਰ ਨਹੀਂ ਹੋਵੇਗੀ[48]।
ਆਸਾ ॥	Asa.	ਆਸਾ।
ਲੰਕਾ ਸਾ[49] ਕੋਟੁ[50] ਸਮੁੰਦ ਸੀ ਖਾਈ[51] ॥ ਤਿਹ[52] ਰਾਵਨ ਘਰ[53] ਖਬਰਿ[54] ਨ ਪਾਈ ॥੧॥	The fortress[50] like[49] that of Ceylon and moat[51] like the ocean around it; about that[52] Ravan's house[53], there is no news[54].	ਲੰਕਾ ਵਰਗਾ[49] ਗੜ੍ਹ[50] ਅਤੇ ਸਮੁੰਦਰ ਵਰਗੀ ਖੰਧਕ[51], ਉਸ[52] ਰਾਵਨ ਦੇ ਘਰਾਣੇ[53] ਦੀ ਕੋਈ ਉਘ-ਸੁਘ[54] ਹੀ ਨਹੀਂ।

ਕਿਆ[55] ਮਾਗਉ[57] ਕਿਛੁ ਥਿਰੁ[56] ਨ ਰਹਾਈ ॥	What[55] shall I ask for[57] ? Nothing remains stable[56].	ਮੈਂ ਕਾਹਦੀ[55] ਯਾਚਨਾ ਕਰਾਂ[57] ? ਕੋਈ ਸ਼ੈ ਭੀ ਸਥਿਰ[56] ਨਹੀਂ ਰਹਿੰਦੀ ।
ਦੇਖਤ[58] ਨੈਨ[59] ਚਲਿਓ ਜਗੁ[61] ਜਾਈ[60] ॥੧॥ ਰਹਾਉ॥	I see[58] with my eyes[59] that the world[61] is passing away[60]. Pause.	ਮੇਰੇ ਅੱਖੀਂ[59] ਵੇਖਦਿਆਂ[58] ਹੀ ਜਹਾਨ[61] ਤੁਰਿਆ ਜਾ ਰਿਹਾ[60] ਹੈ । ਠਹਿਰਾਉ ।
ਇਕੁ ਲਖੁ ਪੂਤ[62] ਸਵਾ ਲਖੁ ਨਾਤੀ[63] ॥ ਤਿਹ[64] ਰਾਵਨ ਘਰ[65] ਦੀਆ[66] ਨ ਬਾਤੀ[67] ॥੨॥	A lac of sons[62] and a lac and quarter of grandsons[63] ; In that[64] Ravan's house[65], there was neither lamp[66] nor wick[67].	ਇਕ ਲੱਖ ਪੁੱਤ੍ਰ[62] ਅਤੇ ਸਵਾ ਲੱਖ ਪੋਤ੍ਰੇ[63], ਉਸ[64] ਰਾਵਨ ਦੇ ਗ੍ਰਿਹ[65] ਵਿੱਚ ਨਾ ਦੀਵਾ[66] ਸੀ ਅਤੇ ਨਾ ਹੀ ਬੱਤੀ[67] ।
ਚੰਦੁ ਸੂਰਜੁ ਜਾ[68] ਕੇ ਤਪਤ[69] ਰਸੋਈ[70] ॥	The moon and the sun cooked[69] his[68] food[70].	ਚੰਦਰਮਾ ਅਤੇ ਸੂਰਜ ਉਸ ਦਾ[68] ਖਾਣਾ[70] ਪਕਾਉਂਦੇ[69] ਸਨ ।
ਬੈਸੰਤਰੁ[71] ਜਾ ਕੇ ਕਪਰੇ[72] ਧੋਈ[73] ॥੩॥	The fire[71] did wash[73] his clothes[72].	ਅੱਗ[71] ਉਸ ਦੇ ਕਪੜੇ[72] ਧੋਂਦੀ[23] ਸੀ ।
ਗੁਰਮਤਿ[74] ਰਾਮੈ ਨਾਮਿ ਬਸਾਈ[75] ॥ ਅਸਥਿਰੁ[76] ਰਹੈ ਨ ਕਤਹੂੰ[77] ਜਾਈ ॥੪॥	By Guru's instruction[74], he who abides[75] Lord's Name in his mind, that man remains permanent[76] and goes not anywhere[77].	ਜੋ ਗੁਰਾਂ ਦੇ ਉਪਦੇਸ਼[74] ਦੁਆਰਾ ਸੁਆਮੀ ਦੇ ਨਾਮ ਨੂੰ ਆਪਣੇ ਚਿੱਤ ਵਿਚ ਵਸਾਉਂਦਾ[75] ਹੈ ਉਹ ਕਾਇਮ[76] ਰਹਿੰਦਾ ਹੈ ਅਤੇ ਕਿਧਰੇ ਭੀ[77] ਨਹੀਂ ਜਾਂਦਾ ।
ਕਹਤ ਕਬੀਰ ਸੁਨਹੁ[78] ਰੇ[79] ਲੋਈ[80] ॥	Says Kabir, "Listen[78], O[79] ye people[80],	ਕਬੀਰ ਜੀ ਆਖਦੇ ਹਨ, ਤੁਸੀਂ ਸ੍ਰਵਣ ਕਰੋ[78], ਹੇ[79] ਲੋਕੋ[80] !
ਰਾਮ[81] ਨਾਮ ਬਿਨੁ[83] ਮੁਕਤਿ[82] ਨ ਹੋਈ ॥੫॥੮॥੨੧॥	Without[83] the Name of Pervading God[81], one is emancipated[82] not".	ਵਿਆਪਕ ਵਾਹਿਗੁਰੂ[81] ਦੇ ਨਾਮ ਦੇ ਬਾਝੋਂ[83], ਇਨਸਾਨ ਮੋਖ਼ਸ਼[82] ਨਹੀਂ ਹੁੰਦਾ ।
ਆਸਾ ॥	Asa.	ਆਸਾ ।
ਪਹਿਲਾ[84] ਪੂਤੁ[85] ਪਿਛੈ ਰੀ[86] ਮਾਈ[87] ॥	First[84] was born the son[85] and afterwards[86] the mother[87].	ਅੱਵਲ[84] ਪੁੱਤ[85] ਜੰਮਿਆ ਤੇ ਮਗਰੋਂ[86] ਮਾਤਾ[87] ।
ਗੁਰੁ ਲਾਗੋ[88] ਚੇਲੇ[89] ਕੀ ਪਾਈ[90] ॥੧॥	The Guru falls[88] at the feet[90] of his disciple[89].	ਗੁਰੂ ਆਪਣੇ ਮੁਰੀਦ[89] ਦੇ ਪੈਰੀਂ[90] ਪੈਂਦਾ[88] ਹੈ ।
ਏਕੁ ਅਚੰਭਉ[91] ਸੁਨਹੁ ਤੁਮ੍ਹ ਭਾਈ[92] ॥	Hear one wonderful thing[91], O my brethren[92].	ਇਹ ਹੈਰਾਨੀ ਦੀ ਗੱਲ[91] ਸੁਣੋ, ਤੁਸੀਂ ਹੇ ਭਰਾਓ[92] !
ਦੇਖਤ[93] ਸਿੰਘੁ[94] ਚਰਾਵਤ[95] ਗਾਈ[96] ॥੧॥ਰਹਾਉ॥	I have seen[93] a tiger[94] grazing[95] kine[96]. Pause.	ਮੈਂ ਸ਼ੇਰ[94] ਨੂੰ ਗਾਈਆਂ[96] ਚਰਾਉਂਦਾ[95] ਹੋਇਆ ਵੇਖਿਆ[93] ਹੈ । ਠਹਿਰਾਉ ।
ਜਲ[97] ਕੀ ਮਛੁਲੀ[98] ਤਰਵਰਿ[99] ਬਿਆਈ[100] ॥	The fish[98] of water[97] gives birth[100] on a tree[99].	ਪਾਣੀ[97] ਦੀ ਮੱਛੀ[98] ਬਿਰਛ[99] ਉਤੇ ਬੱਚਾ ਜਣਦੀ[100] ਹੈ ।
ਦੇਖਤ[2] ਕੁਤਰਾ[3] ਲੈ ਗਈ[4] ਬਿਲਾਈ[5] ॥੨॥	I have seen[2] a cat[5] carrying away[4] dog[3].	ਮੈਂ ਇਕ ਬਿੱਲੀ[5] ਨੂੰ ਕੁੱਤਾ[3] ਚੁੱਕੀ ਲਈ ਜਾਂਦੀ[4] ਵੇਖਿਆ[2] ਹੈ ।

ਤਲੈ ਰੇ[6] ਬੈਸਾ[7] ਊਪਰਿ[8] ਸੂਲਾ[9] ॥	The branches[7] are below[6] and the roots[9] above[8].	ਟਹਿਣੀਆਂ[7] ਹੇਠਾਂ[6] ਹਨ ਅਤੇ ਜੜ੍ਹਾਂ[9] ਉੱਤੇ[8]।
ਤਿਸ[10] ਕੈ ਪੇਡਿ[12] ਲਗੇ[13] ਫਲ ਫੂਲਾ[14] ॥੩॥	The trunk[12] of that[10] tree bears[13] fruits and flowers[14].	ਉਸ[10] ਦਰਖ਼ਤ ਦੇ ਤਨੇ[12] ਨੂੰ ਫਲ ਅਤੇ ਫੁੱਲ[14] ਲਗੇ ਹੋਏ[13] ਹਨ।
ਘੋਰੈ ਚਰਿ ਭੈਸ[15] ਚਰਾਵਨ ਜਾਈ ॥	Riding a horse, the buffalo[15] goes out to graze it.	ਘੋੜੇ ਤੇ ਚੜ੍ਹ ਕੇ ਮੈਂਹਾ[15]ਇਸ ਨੂੰ ਚਰਾਉਣ ਲਿਜਾਂਦੀ ਹੈ।
ਬਾਹਰਿ ਬੈਲੁ[16] ਗੋਨਿ[17] ਘਰਿ[18] ਆਈ[19] ॥੪॥	The ox[16] is yet out and its bag[17] has arrived[19] home[18].	ਬਲ੍ਹਦ[16] ਅਜੇ ਬਾਹਰ ਹੀ ਹੈ ਤੇ ਇਸ ਦੀ ਗੂਣ[17] (ਛੱਟ) ਮਕਾਨ[18] ਤੇ ਅੱਪੜ ਗਈ[19] ਹੈ।
ਕਹਤ[20] ਕਬੀਰ ਜੁ ਇਸ ਪਦ[21] ਬੂਝੈ[22] ॥ ਰਾਮ[27] ਰਮਤ[23] ਤਿਸੁ[24] ਸਭੁ ਕਿਛੁ[25] ਸੂਝੈ[26] ॥੫॥੯॥੨੨॥	Says[20]Kabir that he[24],who understands[22] this hymn[21], and utters[23] the Lord's Name[27], comes to know[26] everything[25].	ਕਬੀਰ ਜੀ ਆਖਦੇ[20] ਹਨ, ਜਿਹੜਾ ਇਸ ਸ਼ਬਦ[21] ਨੂੰ ਸਮਝਦਾ[22] ਹੈ ਅਤੇ ਸੁਆਮੀ ਦੇ ਨਾਮ[27] ਦਾ ਉਚਾਰਨ[23] ਕਰਦਾ ਹੈ, ਉਹ[24] ਸਾਰਾ ਕੁੱਝ[25] ਜਾਣ ਲੈਂਦਾ[26] ਹੈ।
ਬਾਈਸ[28] ਚਉਪਦੇ ਤਥਾ[29] ਪੰਚਪਦੇ ॥	Twentytwo[28] Chaupades and[29] Panchpades.	ਬਾਈ[28] ਚਉਪਦੇ ਅਤੇ[29] ਪੰਚਪਦੇ।
ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕਤੁਕਾ ੧ ॥	Asa. Tipadas, Du-Tukas and Iktuka of Venerable Kabir.	ਆਸਾ ਪੂਜਯ ਸ੍ਰੀ ਕਬੀਰ ਜੀ ਦੇ ਤਿਪਦੇ, ਦੁਤੁਕੇ ਅਤੇ ਇਕ ਤੁਕਾ।
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।
ਬਿੰਦੂ[30] ਤੇ[31] ਜਿਨਿ ਪਿੰਡੁ[33] ਕੀਆ[34] ਅਗਨਿ[35] ਕੁੰਡ[36] ਰਹਾਇਆ[37] ॥	He, the Lord has created[34] thy body[33] from[31] semen[30] and kept[37] thee in the fire[35] pit[36].	ਉਸ ਪ੍ਰਭੂ ਨੇ ਤੇਰੀ ਦੇਹ[33] ਨੂੰ ਵੀਰਜ[30] ਤੋਂ[31] ਪੈਦਾ ਕੀਤਾ[34] ਅਤੇ ਅੱਗ[35] ਦੇ ਟੋਏ[36] ਅੰਦਰ ਤੈਨੂੰ ਰੱਖਿਆ[37] ਹੈ।
ਦਸ[38] ਮਾਸ[39] ਮਾਤਾ[40] ਉਦਰਿ[41] ਰਾਖਿਆ[42] ਬਹੁਰਿ[43] ਲਾਗੀ[44] ਮਾਇਆ[45] ॥੧॥	For ten[38] months[39] He kept[42] thee in mother's[40] belly[41], and again[43] on birth mammon[45] got attached[44] to thee.	ਦਸ[38] ਮਹੀਨੇ[39] ਉਸ ਨੇ ਤੈਨੂੰ ਮਾਂ ਦੇ[40] ਢਿੱਡ[41] ਵਿੱਚ ਰੱਖਿਆ[42], ਅਤੇ ਫਿਰ[43]ਜੰਮ ਪੈਣ ਉੱਤੇ, ਤੈਨੂੰ ਮੋਹਨੀ[45] ਚਿੰਮੜ ਗਈ[44]।
ਪ੍ਰਾਨੀ[46] ਕਾਹੇ[47] ਕਉ ਲੋਭਿ[48] ਲਾਗੇ[49] ਰਤਨ[50] ਜਨਮੁ[51] ਖੋਇਆ[52] ॥	O man[46], attaching[49] thyself to covetousness[48], why[47] losest[52] thou the gem[50] like life[51] of thine ?	ਹੇ ਬੰਦੇ[46] ! ਲਾਲਚ[48] ਨਾਲ ਚਿਮੜ ਕੇ[49] ਤੂੰ ਆਪਣਾ ਜਵੇਹਰ[50] ਵਰਗਾ ਜੀਵਨ[51] ਕਿਉਂ[47] ਗਵਾਉਂਦਾ[52]ਹੈਂ ?
ਪੂਰਬ[53] ਜਨਮਿ[54] ਕਰਮ[55] ਭੂਮਿ[56] ਬੀਜੁ[57] ਨਾਹੀ ਬੋਇਆ[58] ॥੧॥ਰਹਾਉ॥	Thou sowed[58] not the seed[57] of good actions[55] in the earth[56] of Thy former[53] births[54]. Pause.	ਤੂੰ ਆਪਣੇ ਪਿਛਲੇ[53] ਜਨਮਾਂ[54] ਦੀ ਜ਼ਮੀਨ[56]ਅੰਦਰ ਚੰਗੇ ਅਮਲਾਂ[55] ਦਾ ਬੀ[57] ਨਹੀਂ ਬੀਜਿਆ[58]। ਠਹਿਰਾਉ।
ਬਾਰਿਕ[59] ਤੇ ਬਿਰਧਿ[60]	From an infant[59] thou hast grown	ਬਾਲਕ[59] ਤੋਂ ਤੂੰ ਬੁੱਢਾ[60] ਹੋ ਗਿਆ ਹੈਂ। ਜੋ ਕੁੱਛ ਹੋਣਾ

ਭਇਆ ਹੋਨਾ ਸੋ[61] ਹੋਇਆ[62] ॥	old[60]. What was to happen, that[61] has happened[62].	ਸੀ, ਉਹ[61] ਹੋ ਗਿਆ ਹੈ[62] ।
ਜਾ[63] ਜਮੁ[64] ਆਇ ਝੋਟ[65] ਪਕਰੈ[66] ਤਬਹਿ[67] ਕਾਹੇ[68] ਰੋਇਆ[69] ॥੨॥	When[63] Death's Minister[64] comes and catches[66] thee by the top-lock[65], why[68] weepest[69] thou then[67] ?	ਜਦ[63]ਮੌਤ ਦਾ ਦੂਤ[64] ਆ ਕੇ ਤੈਨੂੰ ਬੋਦੀਓਂ[65]ਪਕੜਦਾ[66] ਹੈ, ਤਦ[67] ਤੂੰ ਕਿਉਂ[68] ਵਿਰਲਾਪ ਕਰਦਾ ਹੈਂ[69] ?
ਜੀਵਨੈ[70] ਕੀ ਆਸ[71] ਕਰਹਿ ਜਮੁ[72] ਨਿਹਾਰੈ[73] ਸਾਸਾ[74] ॥	Thou hopest[71] for longer life[70] and death[72] watches[73] thine breaths[74].	ਤੂੰ ਵਧੇਰੇ ਜ਼ਿੰਦਗੀ[70] ਦੀ ਉਮੈਦ[71]ਕਰਦਾ ਹੈਂ ਅਤੇ ਮੌਤ[72] ਤੇਰੇ ਸਾਹ[74] ਪਈ ਤਾੜਦੀ[73] ਹੈ ।
੪੮੨		
ਬਾਜੀਗਰੀ[75] ਸੰਸਾਰੁ[76] ਕਬੀਰਾ ਚੇਤਿ[77] ਢਾਲਿ ਪਾਸਾ[78] ॥੩॥੧॥੨੩॥	The world[76] is but a game[75], O Kabir, so alertly[77] throw the dice[78].	ਦੁਨੀਆ[76] ਕੇਵਲ ਇਕ ਖੇਡ ਹੀ ਹੈ[75], ਹੇ ਕਬੀਰ ! ਇਸ ਲਈ ਖ਼ਬਰਦਾਰ ਹੋ[77] ਕੇ ਨਰਦਾਂ[78] ਸੁੱਟ ।
ਆਸਾ ॥	Asa.	ਆਸਾ ।
ਤਨੁ[79] ਰੈਨੀ[70] ਮਨੁ[71] ਪੁਨ[72] ਰਪਿ[73] ਕਰਿਹਉ ਪਾਚਉ[74]ਤਤ[75]ਬਰਾਤੀ[76]॥	My body[79] I make the dyer vat[70] and then[72] dye[73] my soul[71] therein. The five[74] elements[75] I make my marriage-guests[76].	ਆਪਣੀ ਦੇਹ[79] ਨੂੰ ਮੈਂ ਲਲਾਰੀ ਦੀ ਮੱਟੀ[70] ਬਣਾਉਂਦਾ ਹਾਂ, ਤੇ ਫੇਰ[72] ਆਪਣੀ ਆਤਮਾ[71] ਨੂੰ ਉਸ ਵਿਚ ਰੰਗਦਾ[73] ਹਾਂ । ਪੰਜਾਂ[74] ਮੂਲ ਅੰਸ਼ਾਂ[75] ਨੂੰ ਮੈਂ ਆਪਣੇ ਜਾਂਜੀ[76] ਬਣਾਉਂਦਾ ਹਾਂ ।
ਰਾਮ ਰਾਇ[77] ਸਿਉ[78] ਭਾਵਰਿ[79] ਲੈਹਉ[80] ਆਤਮ[81] ਤਿਹ[82] ਰੰਗ[83] ਰਾਤੀ[84] ॥੧॥	With[78] Lord, the Sovereign[77], I take[80] my marriage circumambulations[79] and my soul[81] is imbued[84] with His[82] love[83].	ਪ੍ਰਭੂ ਪਾਤਸ਼ਾਹ[77] ਨਾਲ[78] ਮੈਂ ਆਪਣੇ ਵਿਵਾਹ ਦੇ ਫੇਰੇ[79] ਲੈਂਦਾ[80] ਹਾਂ ਅਤੇ ਮੇਰੀ ਆਤਮਾ[81] ਉਸ[82] ਦੇ ਪ੍ਰੇਮ[83] ਨਾਲ ਰੰਗੀਜ[84] ਗਈ ਹੈ ।
ਗਾਉ ਗਾਉ[85] ਰੀ[86] ਦੂਲਹਨੀ[87] ਮੰਗਲਚਾਰਾ[88] ॥	Sing, sing[85], O[86] wedded-mates[87] the marriage songs[88].	ਗਾਇਨ, ਗਾਇਨ ਕਰੋ[85] ਹੇ[86] ਵਿਆਹੀਓ ਹੋਈਓ[87] ਸਖੀਓ ! ਵਿਆਹ ਦੇ ਗੀਤ[88] ।
ਮੇਰੇ ਗ੍ਰਿਹ[89] ਆਏ ਰਾਜਾ[90] ਰਾਮ[91] ਭਤਾਰਾ[92] ॥੧॥ ਰਹਾਉ ॥	The Monarch[90] Lord[91] has come to my house[89] as my Husband[92]. Pause.	ਪ੍ਰਭੂ[91] ਪਾਤਸ਼ਾਹ[90] ਮੇਰੇ ਕੰਤ[92] ਵਜੋਂ ਮੇਰੇ ਘਰ[89] ਆਇਆ ਹੈ । ਠਹਿਰਾਉ ।
ਨਾਭਿ[93] ਕਮਲ[94] ਮਹਿ[95] ਬੇਦੀ[96] ਰਚਿ ਲੇ[97] ਬ੍ਰਹਮ ਗਿਆਨ[98] ਉਚਾਰਾ[99] ॥	In[95] my heart[93]-lotus[94] I have made[97] the bridal pavilion[96] and have uttered[99] the Divine knowledge[98].	ਆਪਣੇ ਦਿਲ[93] ਕੰਵਲ[94] ਅੰਦਰ[95] ਮੈਂ ਵੇਦੀ[96]ਬਣਾਈ[97] ਹੈ ਅਤੇ ਮੈਂ ਬ੍ਰਹਿਮ-ਗਿਆਤ[98] ਦਾ ਉਚਾਰਨ ਕੀਤਾ[99]ਹੈ ।
ਰਾਮ ਰਾਇ ਸੋ[100] ਦੂਲਹੁ[2] ਪਾਇਓ ਅਸ[3] ਬਡ[4] ਭਾਗ[5] ਹਮਾਰਾ[6] ॥੨॥	I have obtained sovereign God as[100] my Bridegroom[2], so great[4] is[3] my[6] fortune[5].	ਪ੍ਰਭੂ ਪਾਤਸ਼ਾਹ ਮੈਨੂੰ ਆਪਣੇ ਲਾੜੇ[2] ਵਜੋਂ[100]ਮਿਲ ਗਿਆ ਹੈ, ਐਹੋ ਜੇਹੀ ਵਿਸ਼ਾਲ[4] ਹੈ[3] ਕਿਸਮਤ[5] ਮੇਰੀ[6] ।
ਸੁਰਿ[7] ਨਰ[8] ਮੁਨਿ[9] ਜਨ[10] ਕਉਤਕ[12] ਆਏ ਕੋਟਿ[13] ਤੇਤੀਸ[14] ਉਜਾਨਾਂ[15] ॥	Demi-gods[7], men[8], quiet[9] sages[10] and three hundred and thiry millions[13] (Thirty-three[14] crores) of deities have come in their air-devices[15] to see the spectacle[12].	ਦੇਵਤੇ[7], ਮਨੁੱਖ[8], ਮੌਨੀ[9] ਰਿਸ਼ੀ[10] ਅਤੇ ਤੇਤੀ[14] ਕ੍ਰੋੜ[13] ਦੇਵ, ਆਪੋ ਆਪਣੇ ਉਡਣ-ਖਟੋਲਿਆਂ[15] ਵਿਚ ਦ੍ਰਿਸ਼ਜ[12] ਵੇਖਣ ਨੂੰ ਆਏ ਹਨ ।

ਕਹਿ ਕਬੀਰ ਮੋਹਿ[16] ਬਿਆਹਿ[17] ਚਲੇ[18] ਹੈ ਪੁਰਖ[19] ਏਕ[20] ਭਗਵਾਨਾ[21] ॥੩॥੨॥ ੨੪॥	Says Kabir that the unique[20] illustrious[21] Lord[19] has wedded[17] me[16] and taken[18] me with Him.	ਕਬੀਰ ਜੀ ਆਖਦੇ ਹਨ ਕਿ ਅਦੁੱਤੀ[20] ਭਾਗਾਂ ਵਾਲਾ[21] ਸੁਆਮੀ[19] ਵਰ ਕੇ[17] ਮੈਨੂੰ[16] ਆਪਣੇ ਨਾਲ ਲੈ ਗਿਆ[18] ਹੈ।
ਆਸਾ ॥	Asa.	ਆਸਾ।
ਸਾਸੁ[22] ਕੀ ਦੂਖੀ[23] ਸਸੁਰ[24] ਕੀ ਪਿਆਰੀ[25] ਜੇਠ ਕੇ[26] ਨਾਮਿ ਡਰਉ ਰੇ[27] ॥	I am annoyed[23] by my mother-in-law[22] (mammon) and loved[25] by my father-in-law[24] (God) and I dread[27] the very Name of my husband's elder brother[26] (death).	ਮੈਂ ਆਪਣੀ ਸੱਸ[22] (ਮਾਇਆ) ਦੀ ਸਤਾਈ[23] ਹੋਈ ਹਾਂ ਅਤੇ ਆਪਣੇ ਸਹੁਰੇ[24] (ਪ੍ਰਭੂ) ਦੀ ਮੈਂ ਲਾਡਲੀ[25] ਹਾਂ। ਆਪਣੇ ਪਤੀ ਦੇ ਵੱਡੇ ਭਰਾ[26], ਮੌਤ, ਦੇ ਤਾਂ ਨਾਮ ਪਾਸੋਂ ਹੀ ਮੈਂ ਭੈ[27] ਖਾਂਦੀ ਹਾਂ।
ਸਖੀ[28] ਸਹੇਲੀ[29] ਨਨਦ[30] ਗਹੇਲੀ[31] ਦੇਵਰ[32] ਕੈ ਬਿਰਹਿ[33] ਜਰਉ[34] ਰੇ ॥੧॥	O my mates[28] and companions[29], my husband's sister[30] (misunderstanding) has seized[31] me and I burn[34] by separation[33] from my husband's younger brother[32] (divine knowledge).	ਹੇ ਮੇਰੀਓ ਸਹੇਲੀਓ[28] ! ਅਤੇ ਸਾਥਣੋ[29] ! ਮੇਰੇ ਖ਼ਸਮ ਦੀ ਭੈਣ[30] (ਅਗਿਆਨਤਾ) ਨੇ ਮੈਨੂੰ ਪਕੜ ਲਿਆ[31] ਹੈ। ਆਪਣੇ ਪਤੀ ਦੇ ਛੋਟੇ ਭਰਾ[32] (ਗਿਆਨ) ਦੇ ਵਿਛੋੜੇ[33] ਦੁਆਰਾ ਮੈਂ ਸੜ ਬਲ ਰਹੀ[34] ਹਾਂ।
ਮੇਰੀ ਮਤਿ[35] ਬਉਰੀ[36] ਮੈ ਰਾਮੁ[37] ਬਿਸਾਰਿਓ[38] ॥	My mind[35] has gone insane[36], since I have forgotten[38] the Omnipresent Lord[37].	ਮੇਰਾ ਮਨ[35] ਕਮਲਾ[36] ਹੋ ਗਿਆ ਹੈ, ਕਿਉਂਕਿ ਮੈਂ ਸਰਬ ਵਿਆਪਕ ਸੁਆਮੀ[37] ਨੂੰ ਭੁਲਾ ਵਿੱਤਾ[38] ਹੈ।
ਕਿਨ ਬਿਧਿ[39] ਰਹਨਿ[40] ਰਹਉ[41] ਰੇ ॥	How[39] can I lead[41] a virtuous way of life[40] ?	ਮੈਂ ਕਿਸ ਤਰ੍ਹਾਂ[39] ਪਵਿੱਤ੍ਰ ਜੀਵਨ-ਰਹੁ-ਰੀਤੀ[40] ਬਸਰ (ਬਿਤਾ) ਕਰ ਸਕਦੀ[41] ਹਾਂ ?
ਸੇਜੈ[42] ਰਮਤੁ[43] ਨੈਨ[44] ਨਹੀ ਪੇਖਉ[45] ਇਹੁ ਦੁਖੁ[46] ਕਾ ਸਉ[47] ਕਹਉ[48] ਰੇ ॥੧॥ ਰਹਾਉ ॥	My Spouse lies[43] on my mind's couch[42], but I see[45] Him not with my eyes[44]. Whom[47] should I tell[48] this woe of mine ? Pause.	ਮੇਰਾ ਪਤੀ ਮੇਰੇ ਮਨ ਦੀ ਸੇਜਾ[42] ਉੱਤੇ ਬਿਰਾਜਮਾਨ[43] ਹੈ, ਪਰ ਮੇਰੇ ਨੇਤ੍ਰਾਂ[44] ਨਾਲ ਉਹ ਮੈਨੂੰ ਨਹੀਂ[45] ਦਿਸਦਾ[45]। ਇਸ ਦੁਖੜੇ[46] ਨੂੰ ਮੈਂ ਕੀਹਦੇ ਕੋਲ[47] ਆਖਾਂ[48]। ਠਹਿਰਾਉ।
ਬਾਪੁ ਸਾਵਕਾ[49] ਕਰੈ ਲਰਾਈ[50] ਮਾਇਆ[51] ਸਦ[52] ਮਤਵਾਰੀ[53] ॥	My step father[49] (egotism) fights[50] with me and my mother[51] (desire) is ever[52] intoxicated[53].	ਮੇਰਾ ਮਤ੍ਰੇਆ ਪਿਤਾ[49] (ਹਉਮੈ) ਮੇਰੇ ਨਾਲ ਲੜਾਈ ਕਰਦਾ ਹੈ[50] ਅਤੇ ਮੇਰੀ ਮਾਤਾ[51] (ਤ੍ਰਿਸ਼ਨਾ) ਹਮੇਸ਼ਾ[52] ਹੀ ਨਸ਼ੱਈ ਰਹਿੰਦੀ[53] ਹੈ।
ਬਡੇ ਭਾਈ ਕੈ ਜਬ ਸੰਗ ਹੋਤੀ ਤਬ[54] ਹਉ ਨਾਹ[55] ਪਿਆਰੀ[56] ॥੨॥	When I remained[52] with my elder brother (meditation), then[54] I was dear[56] to my Spouse[55].	ਜਦ ਮੈਂ ਆਪਣੇ ਵੱਡੇ ਵੀਰ (ਧਿਆਨ) ਨਾਲ ਰਹਿੰਦੀ ਸਾਂ ਓਦੋਂ[54] ਮੈਂ ਆਪਣੇ ਭਰਤੇ[55] ਦੀ ਲਾਡਲੀ[56] ਸਾਂ।
ਕਹਤ ਕਬੀਰੁ ਪੰਚ[57] ਕੋ ਝਗਰਾ[58] ਝਗਰਤ[59] ਜਨਮੁ[60] ਗਵਾਇਆ[61] ॥	Says Kabir, the five[57] evil passions quarrel[58] with me and in quarrel[59] my life[60] is wasted away[61].	ਕਬੀਰ ਜੀ ਆਖਦੇ ਹਨ, ਪੰਜ[57] ਮੰਦੇ ਵਿਸ਼ੇ-ਵੇਗ ਮੇਰੇ ਨਾਲ ਝਗੜਦੇ[58] ਹਨ ਅਤੇ ਝਗੜੇ ਝਾਂਝੇ[59] ਵਿਚ ਹੀ, ਮੇਰਾ ਜੀਵਨ[60] ਬਰਬਾਦ ਹੋ ਗਿਆ[61] ਹੈ।
ਝੂਠੀ[62] ਮਾਇਆ[63] ਸਭੁ ਜਗੁ ਬਾਧਿਆ[64] ਮੈ ਰਾਮ[65] ਰਮਤ[66] ਸੁਖੁ[67] ਪਾਇਆ[68] ॥੩॥੩॥੨੫॥	The false[62] mammon[63] has bound[64] the whole world, but I have obtained[68] peace[67] by repeating[66] the Lord's Name[65].	ਕੂੜੀ[62] ਮੱਹਨੀ[63] ਨੇ ਸਾਰੇ ਜਹਾਨ ਨੂੰ ਜਕੜਿਆ[64] ਹੋਇਆ ਹੈ, ਪ੍ਰੰਤੂ ਸੁਆਮੀ ਦੇ ਨਾਮ[65] ਦਾ ਉਚਾਰਨ[66] ਕਰਨ ਦੁਆਰਾ ਮੈਂ ਆਰਾਮ[67] ਪ੍ਰਾਪਤ[68] ਕਰ ਲਿਆ ਹੈ।

ਆਸਾ ॥

ਹਮ[69] ਘਰਿ ਸੂਤੁ ਤਨਹਿ[70] ਨਿਤ[71] ਤਾਨਾ[72] ਕੰਠਿ[73] ਜਨੇਊ[74] ਤੁਮਾਰੇ ॥

ਤੁਮ੍ ਤਉ ਬੇਦ ਪੜਹੁ[75] ਗਾਇਤ੍ਰੀ[76] [77]ਗੋਬਿੰਦੁ[78] ਰਿਦੈ[79] ਹਮਾਰੇ ॥੧॥

ਮੇਰੀ ਜਿਹਬਾ[80] ਬਿਸਨੁ[81] ਨੈਨ[82] ਨਾਰਾਇਨ[83] ਹਿਰਦੈ[84] ਬਸਹਿ[85] [86]ਗੋਬਿੰਦਾ[87] ॥

ਜਮ[88] ਦੁਆਰ[89] ਜਬ ਪੂਛਸਿ[90] ਬਵਰੇ[91] ਤਬ[92] ਕਿਆ[94] ਕਹਸਿ[93] ਮੁਕੰਦਾ॥ ੧॥ਰਹਾਉ॥

ਹਮ[99] ਗੋਰੂ[95] ਤੁਮ ਗੁਆਰ[96] [97]ਗੁਸਾਈ[98] ਜਨਮ ਜਨਮ ਰਖਵਾਰੇ[100] ॥

ਕਬਹੂੰ ਨ ਪਾਰਿ[2] ਉਤਾਰਿ[6] ਚਰਾਇਹੁ[3] ਕੈਸੇ[4] ਖਸਮ[5] ਹਮਾਰੇ ॥੨॥

ਤੂੰ ਬਾਮ੍ਹਨੁ ਮੈ ਕਾਸੀ[12] ਕਾ ਜੁਲਹਾ[7] ਬੂਝਹੁ[8] ਮੋਰ[9] ਗਿਆਨਾ[10] ॥

ਤੁਮ੍ ਤਉ ਜਾਚੇ[13] ਭੂਪਤਿ[14] ਰਾਜੇ[15] ਹਰਿ ਸਉ[16] ਮੋਰ[17] ਧਿਆਨਾ[18] ॥੩॥੪॥੨੬॥

ਆਸਾ ॥

ਜਗਿ[19] ਜੀਵਨੁ[20] ਐਸਾ[21] ਸੁਪਨੇ[22] ਜੈਸਾ[23] ਜੀਵਨੁ ਸੁਪਨ ਸਮਾਨੰ[24] ॥

ਸਾਚੁ[25] ਕਰਿ[26] ਹਮ[27] ਗਾਠਿ ਦੀਨੀ[28] ਛੋਡਿ[29] ਪਰਮ[30] ਨਿਧਾਨੰ[31] ॥੧॥

Asa.

In my[69] house is thread and I daily[71] stretch[70] the warp[72], while only one thread[74] is on thy neck[73] (O Brahman).

Thou readest[75] Vedas and sacred hymns[76], while I have enshrined the World[77]-Lord[78] in my mind[79].

On my tongue[80], in mine eyes[82] and within my mind[84] abides[85] the Lord[81] Master[83], the world[86]-sustainer[87].

When thou art interrogated[90] at Death's[88] door[89], O mad[91] Mukand (a Brahman), what[94] shall thou then[92] say[93] ? Pause.

I[99] am a cow[95] and thou the herdsman[96] Lord[98] of the earth[97] and thou art my saviour[100] all the births through.

Thou hast never taken[6] me across[2] to graze[3]. What sort of[4] my Master[5] thou art ?

Thou art a Brahman and I am a weaver[7] of Banaras[12]. Fathom[8] thou my[9] Divine comprehension[10].

Thou beggest[13] from the emperors[14] and Kings[15] and my[17] attention[18] is fixed on[16] the Lord.

Asa.

The worldly[19] life[20] is such[21] that it is like[23] a dream[22]. The life is equal[24] to a dream.

Believing[26] it to be true[25] I[27] have grasped[28] it, and have abandoned[29] the supreme[30] treasure[31].

ਆਸਾ ।

ਮੇਰੇ[69] ਗ੍ਰਿਹ ਵਿਚ ਸੂਤ੍ ਹੈ ਅਤੇ ਮੈਂ ਹਰ ਰੋਜ਼[71] ਹੀ ਤਾਣਾ[72] ਤਣਦਾ[70] ਹਾਂ । ਜਦ ਕਿ ਤੇਰੇ ਗਲ ਦੁਆਲੇ[73] ਕੇਵਲ ਇਕ ਧਾਗਾ[74] ਹੀ ਹੈ ।

ਤੂੰ ਵੇਦਾਂ ਅਤੇ ਪਵਿੱਤ੍ਰ ਭਜਨਾਂ[76] ਨੂੰ ਵਾਚਦਾ[75] ਹੈਂ, ਜਦ ਕਿ ਮੈਂ ਆਪਣੇ ਹਿਰਦੇ[79] ਅੰਦਰ ਸ੍ਰਿਸ਼ਟੀ[77] ਦੇ ਸੁਆਮੀ[78] ਨੂੰ ਟਿਕਾਇਆ ਹੈ ।

ਮੇਰੀ ਜੀਭ[80] ਉਤੇ, ਮੇਰੀਆਂ ਅੱਖਾਂ[82] ਵਿਚ ਅਤੇ ਮੇਰੇ ਮਨ[84] ਅੰਦਰ ਸ੍ਰਿਸ਼ਟੀ[86] ਦਾ ਥੰਮ੍ਹਣਹਾਰ[87], ਸੁਆਮੀ[81] ਮਾਲਕ[83] ਵਸਦਾ[85] ਹੈ ।

ਜਦ ਮੌਤ[88] ਦੇ ਬੂਹੇ[89] ਤੇ ਤੇਰੇ ਪਾਸੋਂ ਪੁਛ ਗਿੱਛ[90] ਹੋਈ, ਹੇ ਪਗਲੇ[91] ਮੁਕੰਦ ! ਓਦੋਂ[92] ਤੂੰ ਕੀ[94] ਆਖੇਂਗਾ[93] ? ਠਹਿਰਾਉ ।

ਮੈਂ[99] ਗਊ[95] ਹਾਂ ਅਤੇ ਤੂੰ ਧਰਤੀ[97] ਦਾ ਸੁਆਮੀ[98] ਵਾਗੀ[96] ਅਤੇ ਜਨਮਾਂ ਜਨਮਾਂ ਦਾ ਤੂੰ ਮੇਰਾ ਰਖਵਾਲਾ[100] ਹੈਂ ।

ਪ੍ਰੰਤੂ, ਤੂੰ ਕਦੇ ਭੀ ਮੈਨੂੰ ਚਰਾਉਣ ਲਈ[3] ਪਰਲੇ ਪਾਰ[2] (ਸੁਗਿਆਨ ਦਸ਼ਾ ਵਿਚ) ਨਹੀਂ ਲੈ ਗਿਆ[6] । ਤੂ ਮੇਰਾ ਕੇਹੋ ਜੇਹਾ[4] ਮਾਲਕ[5] ਹੈਂ ?

ਤੂੰ ਬ੍ਰਹਮਣ ਹੈਂ ਅਤੇ ਮੈਂ ਬਨਾਰਸ[12] ਦਾ ਜੁਲਾਹਾ[7] । ਤੂੰ ਮੇਰੀ[9] ਈਸ਼ਵਰੀ ਗਿਆਤ[10] ਦਾ ਅੰਦਾਜ਼ਾ ਲਗਾ[8] ।

ਤੂੰ ਮਹਾਰਾਜਿਆਂ[14] ਅਤੇ ਪਾਤਸ਼ਾਹਾਂ[15] ਪਾਸੋਂ ਮੰਗਦਾ[13] ਹੈਂ ਅਤੇ ਮੇਰੀ[17] ਬਿਰਤੀ[18] ਪ੍ਰਭੂ ਨਾਲ[16] ਜੁੜੀ ਹੋਈ ਹੈ ।

ਆਸਾ ।

ਸੰਸਾਰੀ[19] ਜ਼ਿੰਦਗੀ[20] ਐਹੋ ਜੇਹੀ[21] ਹੈ ਜੇਹੋ ਜੇਹਾ[23] ਕਿ ਇਕ ਸੁਪਨਾ[22] ਹੈ । ਜ਼ਿੰਦਗੀ ਇਕ ਸੁਪਨੇ ਦੇ ਬਰਾਬਰ[24] ਹੈ ।

ਇਸ ਨੂੰ ਸੱਚ[25] ਮੰਨ[26] ਕੇ, ਮੈਂ[27] ਪਕੜ ਲਿਆ[28] ਹੈ ਅਤੇ (ਨਾਮ ਦੇ) ਮਹਾਨ[30] ਖ਼ਜ਼ਾਨੇ[31] ਨੂੰ ਤਿਆਗ ਦਿੱਤਾ[29] ਹੈ ।

ਬਾਬਾ[32] ਮਾਇਆ[33] ਮੋਹ[34] ਹਿਤੁ[35] ਕੀਨ੍[36] ॥ ਜਿਨਿ[37] ਗਿਆਨੁ[38] ਰਤਨੁ[39] ਹਿਰਿ ਲੀਨ੍[40] ॥੧॥ਰਹਾਉ॥

O Father[32], I have enshrined[36] love[34] and affecton[35] for mammon[33], which[37] has snatched away[40] from me the gem[39] of Divine Knowledge[38].

ਹੇ ਪਿਤਾ[32] ! ਮੈਂ ਧਨ ਦੌਲਤ[33] ਲਈ ਪਿਆਰ[34] ਤੇ ਮੁਹੱਬਤ[35] ਧਾਰਨ ਕਰ ਲਈ[36] ਹੈ, ਜਿਸ ਨੇ[37] ਮੇਰੇ ਕੋਲੋਂ ਬ੍ਰਹਿਮ-ਬੋਧ[38] ਦਾ ਜਵੇਹਰ[39] ਖੱਸ ਲਿਆ[40] ਹੈ ।

ਨੈਨ[41] ਦੇਖਿ ਪਤੰਗੁ[42] ਉਰਝੈ[43] ਪਸੁ[44] ਨ ਦੇਖੈ[45] ਆਗਿ[46] ॥

Though the moth[42] sees with its eyes[41], yet it becomes entangled[43]. The insect[44] beholds[45] not the fire[46].

ਅੱਖਾਂ[41] ਨਾਲ ਵੇਖਦਾ ਹੋਇਆ ਪਰਵਾਨਾ[42] ਫੱਸ[43] ਜਾਂਦਾ ਹੈ । ਮੂਰਖ ਕੀੜਾ[44] ਅੱਗ[46] ਨੂੰ ਨਹੀਂ ਵੇਖਦਾ[45] ।

ਕਾਲ[47] ਫਾਸ[48] ਨ ਮੁਗਧੁ[49] ਚੇਤੈ[50] ਕਨਿਕ[51] ਕਾਮਿਨਿ[52] ਲਾਗਿ[53] ॥੨॥

Attached[53] to gold[51] and woman[52], the fool[49] thinks[50] not of Death's[47] noose[48].

ਸੋਨੇ[51] ਅਤੇ ਇਸਤਰੀ[52] ਨਾਲ ਜੁੜ ਕੇ[53], ਮੂਰਖ[49] ਮਨੁੱਖ ਮੌਤ[47] ਦੀ ਫਾਹੀ[48] ਦਾ ਖ਼ਿਆਲ[50] ਨਹੀਂ ਕਰਦਾ ।

ਕਰਿ ਬਿਚਾਰੁ[54] ਬਿਕਾਰ[55] ਪਰਹਰਿ[56] ਤਰਨ[57] ਤਾਰਨ[58] ਸੋਇ[59] ॥

Reflect[54] thou and abandon[56] sin[55]. He[59], the Lord, is a ship[57] to ferry[58] thee across.

ਤੂੰ ਸੋਚ ਸਮਝ[54] ਕਰ ਅਤੇ ਪਾਪ[55] ਤਿਆਗ[56] ਦੇ, ਉਹ[59] ਸੁਆਮੀ ਤੈਨੂੰ ਪਾਰ ਉਤਾਰਨ[58] ਲਈ ਇਕ ਜਹਾਜ਼[57] ਹੈ ।

ਕਹਿ ਕਬੀਰ ਜਗ[60] ਜੀਵਨੁ[61] ਐਸਾ[62] ਦੂਤੀਆ[63] ਨਾਹੀ ਕੋਇ ॥੩॥੫॥੨੭॥

Says Kabir, such[62] is God, the life[61] of the world[60], that there is not another[63] equal to Him.

ਕਬੀਰ ਜੀ ਆਖਦੇ ਹਨ, ਐਹੋ ਜੇਹਾ[62] ਹੈ, ਜਗਤ[60] ਦੀ ਜਿੰਦ ਜਾਨ[61]—ਵਾਹਿਗੁਰੂ—ਉਸ ਦੇ ਤੁੱਲ ਹੋਰ ਕੋਈ[63] ਨਹੀਂ ।

੪੮੩

ਆਸਾ ॥

Asa.

ਆਸਾ ।

ਜਉ[64] ਮੈ ਰੂਪ[65] ਕੀਏ[66] ਬਹੁਤੇਰੇ[67] ਅਬ[68] ਫੁਨਿ[69] ਰੂਪੁ ਨ ਹੋਈ ॥

Of course[64], I have assumed[66] many[67] forms[65], but now[68] I shall not assume another form, again[69].

ਭਾਵੇਂ[64] ਮੈਂ ਘਣੇਰੇ[67] ਸਰੂਪ[65] (ਜਨਮ) ਧਾਰਨ[66] ਕੀਤੇ ਹਨ, ਹੁਣ[68] ਮੈਂ, ਮੁੜ ਕੇ[69], ਹੋਰ ਸਰੂਪ ਧਾਰਨ ਨਹੀਂ ਕਰਾਂਗਾ ।

ਤਾਗਾ[70] ਤੰਤੁ[71] ਸਾਜੁ[72] ਸਭੁ[73] ਥਾਕਾ[74] ਰਾਮ[75] ਨਾਮ ਬਸਿ[76] ਹੋਈ ॥੧॥

The strings[70] and the wires[71] of the musical instrument[72] are all[73] worn out[74] and I am now in the power[76] of Lord's Name[75].

ਸੰਗੀਤਕ ਯੰਤ੍ਰ[72] ਦੀਆਂ ਤੰਦੀਆਂ[70] ਤੇ ਤਾਰਾਂ[71] ਸਮੂਹ[73] ਹਾਰ ਹੁੱਟ[74] ਗਈਆਂ ਹਨ ਅਤੇ ਹੁਣ ਮੈਂ ਪ੍ਰਭੂ ਦੇ ਨਾਮ[75] ਦੇ ਅਖ਼ਤਿਆਰ[76] ਵਿੱਚ ਹਾਂ ।

ਅਬ[77] ਮੋਹਿ[78] ਨਾਚਨੋ[79] ਨ ਆਵੈ ॥

Now[77] I[78] know not how to dance[79] (at the beck and call of mammon).

ਹੁਣ[77] ਮੈਨੂੰ[78] (ਮਾਇਆ-ਅਧੀਨ) ਨਿਰਤਕਾਰੀ[79] ਕਰਨੀ ਨਹੀਂ ਆਉਂਦੀ ।

ਮੇਰਾ ਮਨੁ[80] ਮੰਦਰੀਆ[81] ਨ ਬਜਾਵੈ[82] ॥੧॥ਰਹਾਉ॥

My mind[80] now beats[82] not the drum[81]. Pause.

ਮੇਰਾ[80] ਮਨ ਹੁਣ, ਢੋਲ[81] ਨਹੀਂ ਵਜਾਉਂਦਾ[82] । ਠਹਿਰਾਉ ।

ਕਾਮੁ[83] ਕ੍ਰੋਧੁ[84] ਮਾਇਆ[85] ਲੈ[86] ਜਾਰੀ[87] ਤ੍ਰਿਸਨਾ[88] ਗਾਗਰਿ[89] ਫੂਟੀ[90] ॥

I have taken[86] and burnt[87] off lust[83], wrath[84] and mammon[85], and the pitcher[89] of my desire[88] has burst[90].

ਮਿਥਨ ਹੁਲਾਸ[83], ਗੁੱਸੇ[84] ਅਤੇ ਸ਼ਕਤੀ[85] ਨੂੰ ਮੈਂ ਲੈ ਕੇ[86] ਸਾੜ ਸੁੱਟਿਆ[87] ਹੈ ਅਤੇ ਮੇਰੀ ਖ਼ਾਹਿਸ਼[88] ਦਾ ਘੜਾ[89] ਟੁੱਟ ਗਿਆ[90] ਹੈ ।

ਕਾਮ[95] ਚੋਲਨਾ[91] ਭਇਆ ਹੈ ਪੁਰਾਨਾ[92] ਗਇਆ ਭਰਮੁ[93] ਸਭੁ ਛੂਟੀ[94] ॥੨॥

The gown[91] of sensuous pleasures[95] is worn out[92] and all my doubts[93] are dispelled[94].

ਵਿਸ਼ੇ ਭੋਗਾਂ[95] ਦਾ ਚੋਗਾ[91] ਛਿੱਜ ਗਿਆ[92] ਹੈ ਅਤੇ ਮੇਰੇ ਸਾਰੇ ਸੰਦੇਹ[93] ਨਵਿਰਤ ਹੋ ਗਏ[94] ਹਨ ।

ਸਰਬ[95] ਭੂਤ[96] ਏਕੈ ਕਰਿ[97] ਜਾਨਿਆ[98] ਚੂਕੇ[99] ਬਾਦ[100] ਬਿਬਾਦਾ[2] ॥

All[95] the beings[96] I deem[98] alike[97] and my wranglings[100] and strifes[2] have ended[99].

ਸਾਰਿਆਂ[95]* ਜੀਵਾਂ[96] ਨੂੰ ਮੈਂ ਇਕ ਸਮਾਨ[97] ਜਾਣਦਾ[98] ਹਾਂ ਅਤੇ ਮੇਰੇ ਬਖੇੜੇ[100] ਤੇ ਝਗੜੇ[2] ਮੁੱਕ ਗਏ[99] ਹਨ ।

ਕਹਿ[8] ਕਬੀਰ ਮੈ ਪੂਰਾ[3] ਪਾਇਆ[4] ਭਏ[5] ਰਾਮ[6] ਪਰਸਾਦਾ[7] ॥੩॥੬॥੨੮॥

Says[8] Kabir, when the Lord[6] became[5] merciful[7], I obtained[4] Him, the Perfect Master[3].

ਕਬੀਰ ਜੀ ਫੁਰਮਾਉਂਦੇ ਹਨ[8] ਜਦ ਸੁਆਮੀ[6]ਮਿਹਰਬਾਨ[7] ਬੀ ਗਿਆ[5], ਮੈਂ ਉਸ ਮੁਕੰਮਲ ਮਾਲਕ[3] ਨੂੰ ਪ੍ਰਾਪਤ[4] ਕਰ ਲਿਆ ।

ਆਸਾ ॥

Asa.

ਆਸਾ ।

ਰੋਜਾ[9] ਧਰੈ[10] ਮਨਾਵੈ[12] ਅਲਹੁ[13] ਸੁਆਦਤਿ[14] ਜੀਅ[15] ਸੰਘਾਰੈ[16] ॥

Thou keepest[10] fast[9] to please[12] God[13] and slayeth[16] beings[15] for thy relish[14].

ਤੂੰ ਵਾਹਿਗੁਰੂ[13] ਨੂੰ ਪ੍ਰਸੰਨ[12] ਕਰਨ ਲਈ ਵਰਤ[9]ਰਖਦਾ[10] ਹੈਂ ਅਤੇ ਆਪਣੇ ਸੁਆਦ[14] ਦੀ ਖ਼ਾਤਰ ਜੀਵਾਂ[15] ਨੂੰ ਮਾਰਦਾ[16] ਹੈਂ ।

ਆਪਾ[17] ਦੇਖਿ[18] ਅਵਰ[19] ਨਹੀ ਦੇਖੈ ਕਾਹੇ ਕਉ[20] ਝਖ[21] ਮਾਰੈ ॥੧॥

Thou seest[18] thy own[17] interest and seest not the interest of others[19]. What for[20] is prat[21] of Thine ?

ਤੂੰ ਆਪਣੇ ਨਿੱਜ ਦੇ[17] ਲਾਭ ਨੂੰ ਵੇਖਦਾ[18] ਹੈਂ, ਹੋਰਨਾਂ[19] ਦੇ ਲਾਭ ਨੂੰ ਨਹੀਂ ਵੇਖਦਾ । ਤੂੰ ਕਾਹਦੇ ਲਈ[20] ਬਕੜਬਾਦ[21] ਕਰਦਾ ਹੈਂ ?

ਕਾਜੀ ਸਾਹਿਬੁ[22] ਏਕੁ[23] ਤੋਹੀ[24] ਮਹਿ[25] ਤੇਰਾ[26] ਸੋਚਿ[27] ਬਿਚਾਰਿ[28] ਨ ਦੇਖੈ[29] ॥

O Qazi, thy[26] one[23] Lord[22] is within[25] thee[24], but thou beholdest[29] Him not by thought[27] and reflection[28].

ਹੇ ਕਾਜ਼ੀ ! ਤੇਰਾ[26] ਅਦੁੱਤੀ[23] ਸੁਆਮੀ[22] ਤੇਰੇ[24]ਅੰਦਰ[25] ਹੀ ਹੈ । ਤੂੰ ਖਿਆਲ[27] ਅਤੇ ਧਿਆਨ[28] ਦੁਆਰਾ ਉਸ ਨੂੰ ਤੱਕਦਾ[29] ਨਹੀਂ ।

ਖਬਰਿ[30] ਨ ਕਰਹਿ ਦੀਨ[31] ਕੇ ਬਉਰੇ[32] ਤਾ[33] ਤੇ[34] ਜਨਮੁ[36] ਅਲੇਖੈ[35] ॥੧॥ ਰਹਾਉ ॥

Mad[32] after religion[31], thou takest no notice[30] of Him, wherefore[33] thy life[34] is of no[36] account[35]. Pause.

ਹੇ ਮਜ਼ਹਬ[31] ਦੇ ਸ਼ੁਦਾਈ[32] ਤੂੰ ਉਸ ਦਾ ਪਤਾ[30] ਨਹੀਂ ਕਰਦਾ, ਇਸ ਲਈ[33] ਤੇਰਾ ਜੀਵਨ[34] ਕਿਸੇ ਹਿਸਾਬ ਕਿਤਾਬ[35] ਵਿਚ ਨਹੀਂ[36] । ਠਹਿਰਾਉ ।

ਸਾਚੁ[40] ਕਤੇਬ[37] ਬਖਾਨੈ[38] ਅਲਹੁ[39] ਨਾਰਿ[41] ਪੁਰਖੁ[42] ਨਹੀ ਕੋਈ ॥

Thy muslim book[37] tells[38] thee that God[39] is true[40], and that He is neither male[42] nor female[41].

ਤੇਰੀ ਪੁਸਤਕ[37] (ਕੁਰਾਨ) ਤੈਨੂੰ ਦੱਸਦੀ[38] ਹੈ ਕਿ ਵਾਹਿਗੁਰੂ[39] ਸੱਚਾ[40] ਹੈ,ਅਤੇ ਨਾ ਉਹ ਮਰਦ[42] ਹੈ ਤੇ ਨਾ ਹੀ ਜ਼ਨਾਨੀ[41] ।

ਪਢੇ[43] ਗੁਨੇ[44] ਨਾਹੀ ਕਛੁ ਬਉਰੇ[45] ਜਉ[46] ਦਿਲ[47] ਮਹਿ[48] ਖਬਰਿ[49] ਨ ਹੋਈ ॥ ੨॥

Thou gainest nothing by reading[43] and reflecting[44], O mad man[45], if[46] thou obtainest not understanding[49] in[48] thy mind[47].

ਜੇਕਰ[46] ਤੇਰੇ ਮਨ[47] ਵਿੱਚ[48] ਸਮਝ[49] ਨਹੀਂ ਉਪਜੀ ਤਾਂ ਹੇ ਝੱਲੇ ਬੰਦੇ[45] ! ਤੈਨੂੰ ਪੜ੍ਹਨ[43] ਵੀਚਾਰਨ[44] ਦਾ ਕੋਈ ਲਾਭ ਨਹੀਂ ।

ਅਲਹੁ[50] ਗੈਬੁ[51] ਸਗਲ ਘਟ[52] ਭੀਤਰਿ[53] ਹਿਰਦੈ[54] ਲੇਹੁ ਬਿਚਾਰੀ[55] ॥

The Lord[50] is concealed[51] in[53] every heart[52]. Reflect[55] thou on this in thy mind[54].

ਪ੍ਰਭੂ[50] ਹਰ ਦਿਲ[52] ਅੰਦਰ[53] ਛੁਪਿਆ ਹੋਇਆ[51] ਹੈ । ਆਪਣੇ ਰਿਦੇ[54] ਅੰਦਰ ਇਸ ਉੱਤੇ ਵੀਚਾਰ ਕਰ[55] ।

ਹਿੰਦੂ ਤੁਰਕ[56] ਦੁਹੂੰ[57] ਮਹਿ[58] ਏਕੈ[59] ਕਹੈ[60] ਕਬੀਰ ਪੁਕਾਰੀ[61] ॥੩॥੭॥੨੯॥

The same[59] Lord is within[58] both[57] Hindus and Muslims[56] and this proclaims[60] Kabir loudly[61].

ਉਹੀ[59]ਸੁਆਮੀ ਦੋਨਾਂ[57]—ਹਿੰਦੂਆਂ ਅਤੇ ਮੁਸਲਮਾਨਾਂ[56]-ਵਿੱਚ[58] ਹੈ । ਅਤੇ ਇਹ ਹਕੀਕਤ ਕਬੀਰ ਕੂਕ[61] ਕੇ ਆਖਦਾ[60] ਹੈ ।

ਆਸਾ ॥ ਤਿਪਦਾ ॥	Asa. Tipada.	ਆਸਾ । ਤਿਪਦਾ ।
ਇਕ ਤੁਕਾ ॥	Ik-tuka.	ਇਕ ਤੁਕਾ ।
ਕੀਓ ਸਿੰਗਾਰੁ[62] ਮਿਲਨ ਕੇ ਤਾਈ[63] ॥	I have decorated[62] myself for[63] meeting my Spouse.	ਮੈਂ ਆਪਣੇ ਕੰਤ ਨੂੰ ਮਿਲਣ ਲਈ[63] ਹਾਰਸ਼ਿੰਗਾਰ[62] ਲਾਇਆ ਹੈ ।
ਹਰਿ ਨ ਮਿਲੇ ਜਗ[64] ਜੀਵਨ[65] [66]ਗੁਸਾਈ[67] ॥੧॥	But God, the Life[65] of the world[64] and the Lord[67] of the universe[66] has met me not.	ਪ੍ਰੰਤੂ, ਜਗਤ[64] ਦੀ ਜਿੰਦ-ਜਾਨ[65] ਅਤੇ ਕੁਲ ਆਲਮ[66] ਦਾ ਮਾਲਕ[67] ਮੈਨੂੰ ਨਹੀਂ ਮਿਲਿਆ ।
ਹਰਿ ਮੇਰੋ ਪਿਰੁ[68] ਹਉ ਹਰਿ ਕੀ ਬਹੁਰੀਆ[69] ॥	God is my Husband[68] and I am God's bride[69].	ਵਾਹਿਗੁਰੂ ਮੇਰਾ ਖਸਮ[68] ਹੈ ਅਤੇ ਮੈਂ ਵਾਹਿਗੁਰੂ ਦੀ ਵਹੁਟੀ[69] ਹਾਂ ।
ਰਾਮ ਬਡੇ ਮੈ ਤਨਕ[70] ਲਹੁਰੀਆ[71] ॥੧॥ਰਹਾਉ॥	The Lord is great and I am infinitesimally[70] small[71]. Pause.	ਸੁਆਮੀ ਵੱਡਾ ਹੈ, ਮੈਂ ਭੋਰਾ-ਭਰ[70] ਨਿਕੜੀ ਜੇਹੀ[71] ਹਾਂ । ਠਹਿਰਾਉ ।
ਧਨ[72] ਪਿਰ[73] ਏਕੈ ਸੰਗਿ[74] ਬਸੇਰਾ[75] ॥	The bride[72] and the Groom[73] abide[75] together[74].	ਲਾੜੀ[72] ਅਤੇ ਲਾੜਾ[73] ਇੱਕੋ ਥਾਂ[74] ਉੱਤੇ ਰਹਿੰਦੇ[75] ਹਨ ।
ਸੇਜ[76] ਏਕ ਪੈ[77] ਮਿਲਨੁ[78] ਦੂਹੇਰਾ[79] ॥੨॥	They are on[77] one couch[76] but their union[78] is difficult[79].	ਉਹ ਇੱਕੋ ਹੀ ਪਲੰਘ[76] ਉਤੇ[77] ਹਨ, ਪ੍ਰੰਤੂ ਉਨ੍ਹਾਂ ਦਾ ਮਿਲਾਪ[78] ਮੁਸ਼ਕਲ[79] ਹੈ ।
ਧੰਨਿ[80] ਸੁਹਾਗਨਿ[81] ਜੋ ਪੀਅ[82] ਭਾਵੈ[83] ॥	Blessed[80] is the bride[81] who is pleasing[83] to her Spouse[82].	ਮੁਬਾਰਕ[80] ਹੈ ਉਹ ਦੁਲਹਨ[81] ਜੋ ਆਪਣੇ ਮਾਲਕ[82] ਨੂੰ ਚੰਗੀ ਲਗਦੀ[83] ਹੈ ।
ਕਹਿ ਕਬੀਰ ਫਿਰਿ[84] ਜਨਮਿ[85] ਨ ਆਵੈ ॥੩॥ ੮॥੩੦॥	Says Kabir, she is not born[85], again[84].	ਕਬੀਰ ਜੀ ਆਖਦੇ ਹਨ, ਉਹ ਮੁੜ[84] ਕੇ ਜਨਮ[85] ਨਹੀਂ ਧਾਰਦੀ ।
ਆਸਾ ਸ੍ਰੀ ਕਬੀਰ ਜੀਉ ਕੇ ਦੁਪਦੇ	Asa. Reverend Kabir. Du-pade.	ਆਸਾ ਪੂਜਯ ਕਬੀਰ । ਦੁਪਦੇ ।
੧ ੴ ਸਤਿਗੁਰ ਪ੍ਰਸਾਦਿ ॥	There is but one God. By True Guru's grace He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਹੀਰੈ ਹੀਰਾ[86] ਬੇਧਿ[91] ਪਵਨ[87] ਮਨੁ[88] ਸਹਜੇ[89] ਰਹਿਆ ਸਮਾਈ[90] ॥	When the diamond[86] Lord pierces[91] the diamond soul, the wind-like[87] fickle mind[88] is easily[89] absorbed[90] in Him.	ਜਦ ਪ੍ਰਭੂ ਰਤਨ[86], ਆਤਮਾ ਰਤਨ ਨੂੰ ਵਿੰਨ੍ਹ[91] ਦਿੰਦਾ ਹੈ ਤਦ ਹਵਾ-ਵਰਗਾ[87] ਚੰਚਲ ਮਨੂਆ[88] ਸੁਖ਼ੈਣ[89] ਹੀ ਉਸ ਵਿੱਚ ਲੀਨ[90] ਹੋ ਜਾਂਦਾ ਹੈ ।
ਸਗਲ[92] ਜੋਤਿ[93] ਇਨਿ[94] ਹੀਰੈ ਬੇਧੀ[95] ਸਤਿਗੁਰ ਬਚਨੀ[96] ਮੈ ਪਾਈ[97] ॥੧॥	This[94] diamond God fills[95] all[92] with His light[93]. From the True Guru's instruction[96], I have obtained[97] this understanding.	ਇਹ[94] ਵਾਹਿਗੁਰੂ ਰਤਨ ਸਾਰਿਆਂ[92] ਨੂੰ ਆਪਣੇ ਨੂਰ[93] ਨਾਲ ਭਰਪੂਰ[95] ਕਰਦਾ ਹੈ । ਸੱਚੇ ਗੁਰਾਂ ਦੇ ਉਪਦੇਸ਼[96] ਤੋਂ ਮੈਂ ਇਹ ਸਮਝ ਪ੍ਰਾਪਤ[97] ਕੀਤੀ ਹੈ ।
ਹਰਿ ਕੀ ਕਥਾ[98] ਅਨਾਹਦ[99] ਬਾਨੀ[100] ॥	God's discourse[98] is an endless[99] description[100].	ਵਾਹਿਗੁਰੂ ਦੀ ਕਥਾ-ਵਾਰਤਾ[98] ਇਕ ਅੰਤ-ਰਹਿਤ[99] ਵਰਣਨ[100] ਹੈ ।

ਹੰਸੁ[2] ਹੁਇ[3] ਹੀਰਾ[4] ਲੇਇ ਪਛਾਨੀ[5] ॥੧॥ਰਹਾਉ॥

On becoming[3] a swan[2], man recognises[5] God, the gem[4]. Pause.

ਰਾਜਹੰਸ[2] ਬਣ ਕੇ[3], ਬੰਦਾ ਵਾਹਿਗੁਰੂ ਰੂਪੀ ਜਵੇਹਰ[4] ਨੂੰ ਸਿੰਆਣ ਲੈਂਦਾ[5] ਹੈ । ਠਹਿਰਾਉ ।

ਕਹਿ ਕਬੀਰ ਹੀਰਾ ਅਸ[6] ਦੇਖਿਓ ਜਗ[7] ਮਹ[8] ਰਹਾ ਸਮਾਈ[9] ॥

Says Kabir, I have seen such[6] a diamond, as is contained[9] in[8] the world[7].

ਕਬੀਰ ਜੀ ਆਖਦੇ ਹਨ, ਮੈਂ ਇਕ ਅਜੇਹਾ[6] ਰਤਨ ਵੇਖਿਆ ਹੈ ਜੋ ਜਗਤ[7] ਅੰਦਰ[8] ਰਮ (ਵੱਸ) ਰਿਹਾ[9] ਹੈ ।

ਗੁਪਤਾ[10] ਹੀਰਾ ਪ੍ਰਗਟ[12] ਭਇਓ ਜਬ ਗੁਰ ਗਮ[13] ਦੀਆ ਦਿਖਾਈ[14] ॥੨॥੧॥ ੩੧॥

The hidden[10] jewel became manifest[12], when the profound Guru[13] showed[14] it to me.

ਛੁਪਿਆ ਹੋਇਆ[10] ਜਵੇਹਰ ਪ੍ਰਤੱਖ ਹੋ ਗਿਆ[12], ਜਦ ਪਹੁੰਚੇ ਹੋਏ ਗੁਰਾ[13] ਨੇ ਮੈਨੂੰ ਇਹ ਵਿਖਾਲ ਦਿੱਤਾ[14] ।

ਆਸਾ ॥

Asa.

ਆਸਾ ।

ਪਹਿਲੀ ਕਰੂਪਿ[15] ਕੁਜਾਤਿ[16] ਕੁਲਖਨੀ[17] ਸਾਹੁਰੈ[18] ਪੇਈਐ[19] ਬੁਰੀ[20] ॥

My first wife (past understanding) was ugly[15], of low caste[16] and bad character[17], and She was evil[20] at my home[18] and at her parents[19].

ਮੇਰੀ ਪਹਿਲੀ ਵਹੁਟੀ (ਅਗਿਆਨਤਾ, ਅਵਿੱਦਿਆ) ਕੋਝੀ[15], ਨੀਚ ਜਾਤ[16] ਦੀ ਅਤੇ ਬਦਚਲਣ[17] ਸੀ । ਉਹ ਮੇਰੇ ਘਰ[18]ਅਤੇ ਆਪਣੇ ਮਾਪਿਆਂ[19] ਦੇ ਘਰ ਮੰਦੀ[20]ਸੀ।

ਅਬਕੀ[21] ਸਰੂਪਿ[22] ਸੁਜਾਨਿ[23] ਸੁਲਖਨੀ[24] ਸਹਜੇ[25] ਉਦਰਿ[26] ਧਰੀ[27] ॥੧॥

My present[21] bride (Guru inclined understanding) is beautiful[22], wise[23] and of sublime merits[24] and I have naturally[25] taken[27] her to my heart[26].

ਮੇਰੀ ਹੁਣ ਵਾਲੀ[21] ਪਤਨੀ ਸੁੰਦਰ[22], ਸਿਆਣੀ[23] ਅਤੇ ਸ੍ਰੇਸ਼ਟ ਲੱਛਣਾਂ ਵਾਲੀ[24]ਹੈ । ਕੁਦਰਤੀ ਤੌਰ ਤੇ[25] ਉਹ ਮੇਰੇ ਦਿਲ[26] ਨੂੰ ਪੁੜ ਗਈ[27] ਹੈ ।

ਭਲੀ[28] ਸਰੀ[31] ਮੁਈ[29] ਮੇਰੀ ਪਹਿਲੀ ਬਰੀ[30] ॥

It turned[31] out well[28], that my first wedded[30] wife has died[29].

ਚੰਗਾ[28] ਹੋਇਆ[31] ਕਿ ਮੇਰੀ ਪਹਿਲੀ ਵਿਆਹੀ ਹੋਈ[30] ਵਹੁਟੀ ਮਰ ਗਈ[29] ਹੈ । ਠਹਿਰਾਉ ।

ਜੁਗੁ ਜੁਗੁ[32] ਜੀਵਉ[33] ਮੇਰੀ ਅਬ[34] ਕੀ ਧਰੀ[35] ॥੧॥ ਰਹਾਉ ॥

May she, whom I have now[34] taken[35], live[33] through all the ages[32]. Pause.

ਰੱਬ ਕਰੇ, ਜਿਸ ਨੂੰ ਮੈਂ ਹੁਣ[34], ਸਵੀਕਾਰ ਕੀਤਾ[35] ਹੈ ਜੁੱਗਾਂ ਜੁਗੰਤਰਾਂ ਤੋੜੀ[32] ਜੀਉਂਦੀ[33] ਰਹੇ । ਠਹਿਰਾਉ ।

ਕਹੁ ਕਬੀਰ ਜਬ[36] ਲਹੁਰੀ[37] ਆਈ ਬਡੀ ਕਾ ਸੁਹਾਗੁ[38] ਟਰਿਓ[39] ॥

Says Kabir, when[36] the younger[37] bride came, the elder one lost[39] her Spouse[38].

ਕਬੀਰ ਜੀ ਆਖਦੇ ਹਨ, ਜਦ[36] ਛੋਟੀ[37] ਦੁਲਹਨ ਆ ਗਈ, ਤਾਂ ਵੱਡੀ ਦਾ ਕੰਤ[38] ਉਸ ਪਾਸੋਂ ਜਾਂਦਾ ਰਿਹਾ[39] ।

੪੮੪

ਲਹੁਰੀ ਸੰਗਿ ਭਈ ਅਬ ਮੇਰੈ ਜੇਠੀ[40] ਅਉਰੁ[41] ਧਰਿਓ[42] ॥੨॥੨॥੩੨॥

The younger bride is with me now and the elder[40] one has taken[42] another[41] husband.

ਛੋਟੀ ਦੁਲਹਨ, ਹੁਣ ਮੇਰੇ ਨਾਲ ਹੈ, ਵੱਡੀ[40] ਨੇ ਹੋਰ[41] ਖਸਮ ਧਾਰਨ ਕਰ ਲਿਆ[42] ਹੈ ।

ਆਸਾ ॥

Asa.

ਆਸਾ ।

ਮੇਰੀ[43] ਬਹੁਰੀ [44] ਕੋ ਧਨੀਆ[45] ਨਾਉ ॥ ਲੇ ਰਾਖਿਓ ਰਾਮ[46] ਜਨੀਆ[47] ਨਾਉ ॥੧॥

Kabir's mother says, "Our[43] bride's[44] Name was Dhani[45], meaning woman of wealth, but they have given her the Name of Ramjania, meaning Lord's[46] attendant[47].

ਕਬੀਰ ਦੀ ਮਾਤਾ ਆਖਦੀ ਹੈ ਸਾਡੀ[43] ਬਹੂ[44] ਦਾ ਨਾਮ 'ਧਨੀਆ'[45] ਭਾਵ ਧਨਵਾਨ ਇਸਤਰੀ ਸੀ; ਪਰ ਉਨ੍ਹਾਂ (ਸੰਤਾਂ ਸਾਧੂਆਂ) ਨੇ ਉਸ ਦਾ ਨਾਮ 'ਰਾਮ ਜਨੀਆ' ਭਾਵ ਸਾਹਿਬ ਦੀ[46] ਸੇਵਕਣੀ[47] ਰੱਖ ਦਿੱਤਾ ਹੈ ।

ਇਨ੍ ਮੁੰਡੀਅਨ[48] ਮੇਰਾ ਘਰੁ[49] ਧੁੰਧਰਾਵਾ[50] ॥	These shaven fellows[48] have ruined[50] my house[49].	ਇਨ੍ਹਾਂ ਸਿਰ-ਮੁੰਨਿਆਂ[48] ਨੇ ਮੇਰਾ ਝੁੱਗਾ[49] ਬਰਬਾਦ[50] ਕਰ ਦਿੱਤਾ ਹੈ ।
ਬਿਟਵਹਿ[51] ਰਾਮ[52] ਰਮਊਆ[53] ਲਾਵਾ[54] ॥੧॥ ਰਹਾਉ ॥	They have set[54] my son[51] uttering[53] the Lord's Name[52]. Pause.	ਉਨ੍ਹਾਂ ਨੇ ਮੇਰੇ ਪੁੱਤ੍ਰ[51] ਨੂੰ ਸਾਈਂ ਦਾ ਨਾਮ[52] ਉਚਾਰਨ[53] ਕਰਨ ਲਾ ਦਿੱਤਾ[54] ਹੈ । ਠਹਿਰਾਉ ।
ਕਹਤੁ[55] ਕਬੀਰ ਸੁਨਹੁ[59] ਮੇਰੀ ਮਾਈ[56] ਇਨ੍ ਮੁੰਡੀਅਨ[57] ਮੇਰੀ ਜਾਤਿ ਗਵਾਈ[58] ॥੨॥੩॥੩੩॥	Says[55] Kabir "Listen[59], O my mother[56], these shaven heads[57] have done away[58] with my low caste".	ਕਬੀਰ ਜੀ ਆਖਦੇ ਹਨ[55], "ਸੁਣ ਕਰ[59], ਹੇ ਮੈਂ ਡੀ ਅੰਮੜੀਏ[56] ! ਇਨ੍ਹਾਂ ਸਿਰ-ਮੁੰਨਿਆਂ[57] ਨੇ ਮੇਰੀ ਨੀਚ ਜਾਤੀ ਦਾ ਨਮੂਦ ਹੀ ਚੱਕ ਦਿੱਤਾ[58] ਹੈ" ।
ਆਸਾ ॥	Asa.	ਆਸਾ ।
ਰਹੁ[60] ਰਹੁ ਰੀ[61] ਬਹੁਰੀਆ[62] ਘੂੰਘਟੁ[63] ਜਿਨਿ[64] ਕਾਢੈ ॥	Stay[60], stay, O[61] bride[62], veil[63] not[64] thy face.	ਠਹਿਰ[60], ਠਹਿਰ, ਹੇ[61] ਬਹੂ[62] ਤੂੰ ਘੁੰਡ[63] ਨਾ[64] ਕੱਢ ।
ਅੰਤ[63] ਕੀ ਬਾਰ[66] ਲਹੈਗੀ[67] ਨ ਆਢੈ[68] ॥੧॥ਰਹਾਉ॥	At the last[65] moment[66] this shall not fetch[67] thee even half a shell[68]. Pause.	ਅਖ਼ੀਰ[65] ਦੇ ਵੇਲੇ[66] ਇਸ ਦਾ ਇੱਕ ਅੱਧੀ ਕੌਡੀ[68] ਭੀ ਮੁੱਲ[67] ਨਹੀਂ ਪੈਣਾ । ਠਹਿਰਾਉ ।
ਘੂੰਘਟੁ ਕਾਢਿ ਗਈ ਤੇਰੀ[69] ਆਗੈ[70]॥ਉਨ[71] ਕੀ ਗੈਲਿ[72] ਤੋਹਿ ਜਿਨਿ[73] ਲਾਗੈ ॥੧॥	The one before[70] thee[69] used to veil her face. Follow thou not[73] in her[71] foot-steps[72].	ਤੇਰੇ[69] ਤੋਂ ਮੂਹਰਲੀ[70] ਘੁੰਡ ਕੱਢਿਆ ਕਰਦੀ ਸੀ, ਤੂੰ ਉਸ[71] ਦੀ ਰੀਸ[72] ਨਾ[73] ਕਰ ।
ਘੂੰਘਟ ਕਾਢੇ ਕੀ ਇਹੈ[74] ਬਡਾਈ[75] ॥ ਦਿਨ ਦਸ ਪਾਂਚ ਬਹੂ ਭਲੇ[76] ਆਈ ॥ ੨॥	The only merit[75] of veiling the face is this[74] that for five or ten days people say, "A good[76] bride has come".	ਘੁੰਡ ਕੱਢਣ ਦੀ ਕੇਵਲ ਏਹੀ[74] ਵਿਸ਼ਾਲਤਾ[75] ਹੈ ਕਿ ਪੰਜਾਂ ਜਾਂ ਦਸਾਂ ਦਿਹਾੜਿਆਂ ਲਈ ਲੋਕ ਆਖਦੇ ਹਨ, "ਚੰਗੀ[76] ਵਹੁਟੀ ਆਈ ਹੈ" ।
ਘੂੰਘਟੁ ਤੇਰੋ ਤਉ ਪਰਿ[77] ਸਾਚੈ ॥ ਹਰਿਗੁਨ[78] ਗਾਇ ਕੂਦਹਿ[79] ਅਰੁ[80] ਨਾਚੈ ॥੩॥	Then alone[77] shall thy veil be true, if thou skip[79], dance and[80] sing God's praise[78].	ਕੇਵਲ[77] ਤਾਂ ਹੀ ਤੇਰਾ ਘੁੰਡ ਸੱਚਾ ਹੋਵੇਗਾ ਜੇਕਰ ਤੂੰ ਵਾਹਿਗੁਰੂ ਦਾ ਜੱਸ[78] ਗਾਇਨ ਕਰਦੀ ਟੱਪੇਂ[79] ਤੇ[80] ਨੱਚੇਂ ।
ਕਹਤ ਕਬੀਰ ਬਹੂ ਤਬ[81] ਜੀਤੈ[82] ॥ ਹਰਿ ਗੁਨ ਗਾਵਤ ਜਨਮੁ[83] ਬਿਤੀਤੈ[84] ॥੪॥ ੧॥੩੪॥	Says Kabir, then[81] alone can the bride win[82], if she passes[84] her life[83] singing God's praise.	ਕਬੀਰ ਜੀ ਆਖਦੇ ਹਨ, ਕੇਵਲ ਤਾਂ[81] ਹੀ ਵਹੁਟੀ ਜਿੱਤ[82] ਸਕਦੀ ਹੈ ਜੇਕਰ ਉਸ ਦਾ ਜੀਵਨ[83] ਵਾਹਿਗੁਰੂ ਦਾ ਜੱਸ ਗਾਇਨ ਕਰਦਿਆਂ ਗੁਜ਼ਰੇ[84] ।
ਆਸਾ ॥	Asa.	ਆਸਾ ।
ਕਰਵਤੁ[85] ਭਲਾ[86] ਨ ਕਰਵਟ[87] ਤੇਰੀ ॥	To be cut with the saw[85] is better[86] than that thou turnest thy back[87] on me.	ਤੇਰੀ ਮੇਰੇ ਵਲ ਪਿੱਠ[87] ਕਰਨ ਨਾਲੋਂ ਆਰੇ[85] ਨਾਲ ਚੀਰੇ ਜਾਣਾ ਮੇਰੇ ਲਈ ਵਧੇਰਾ ਚੰਗਾ[86] ਹੈ ।

ਲਾਗੁ ਗਲੇ[88] ਸੁਨੁ[89] ਬਿਨਤੀ[90] ਮੇਰੀ ॥੧॥	Take me to thy bosom[88] and hear[89] my entreaty[90].	ਮੈਨੂੰ ਆਪਣੀ ਛਾਤੀ[88] ਨਾਲ ਲਾ ਅਤੇ ਮੇਰੀ ਪ੍ਰਾਰਥਨਾ[90] ਸ੍ਰਵਣ ਕਰ[89] ।
ਹਉ ਵਾਰੀ[91] ਮੁਖੁ[92] ਫੇਰਿ[93] ਪਿਆਰੇ[94] ॥	I am a sacrifice[91] unto thee. Turn[93] thy face[92] towards me, O my beloved[94].	ਮੈਂ ਤੇਰੇ ਉਤੋਂ ਘੋਲੀ[91] ਵੰਞਦੀ ਹਾਂ । ਆਪਣਾ ਮੁੱਖੜਾ[92] ਮੇਰੇ ਵਲ ਮੋੜ[93], ਹੇ ਮੇਰੇ ਪ੍ਰੀਤਮ[94] !
ਕਰਵਟੁ[95] ਦੇ[99] ਮੋਕਉ[96] ਕਾਹੇ ਕਉ[97] ਮਾਰੇ[98] ॥੧॥ ਰਹਾਉ ॥	Why[97] doest thou kill[98] me[96] by turning[99] thy back[95] on me ? Pause.	ਤੂੰ ਆਪਣੀ ਕੰਡ[95] ਮੇਰੇ ਵਲ ਕਰਕੇ[99], ਮੈਨੂੰ[96] ਕਿਉਂ[97] ਕੋਸਦਾ[98] ਹੈਂ ? ਠਹਿਰਾਉ ।
ਜਉ[100] ਤਨੁ[2] ਚੀਰਹਿ[3] ਅੰਗੁ[4] ਨ ਮੋਰਉ[5] ॥	Even[100] if thou cut[3] my body[2], I shall not turn away[5] my limb[4] from thee.	ਜੇਕਰ[100] ਤੂੰ ਮੇਰਾ ਸਰੀਰ[2] ਵੀ ਚੀਰ[3] ਸੁੱਟੇਂ, ਤਾਂ ਭੀ ਮੈਂ ਆਪਣਾ ਅੰਗ[4] ਤੇਰੇ ਵਲੋਂ ਨਹੀਂ ਮੋੜਾਂਗੀ[5] ।
ਪਿੰਡੁ[6] ਪਰੈ[7] ਤਉ[8] ਪ੍ਰੀਤਿ[9] ਨ ਤੋਰਉ[10] ॥੨॥	Even though my body[6] falls[7], I shall not break[10] my love[9] with thee, even then[8].	ਭਾਵੇਂ ਮੇਰੀ ਦੇਹ[6] ਢਹਿ ਪਵੇ[7], ਤਾਂ[8] ਭੀ ਮੈਂ ਤੇਰੇ ਨਾਲੋਂ ਆਪਣਾ ਪਿਆਰਾ[9] ਨਹੀਂ ਤੋੜਾਂਗੀ[10] ।
ਹਮ[12] ਤੁਮ[13] ਬੀਚੁ[14] ਭਇਓ ਨਹੀ ਕੋਈ[15] ॥	Between[14] me[12] and thee[13], there is not another[15].	ਮੇਰੇ[12] ਤੇ ਤੇਰੇ[13] ਵਿਚਕਾਰ[14] ਹੋਰ ਕੋਈ[15] ਨਹੀਂ ।
ਤੁਮਹਿ[16] ਸੁ[17] ਕੰਤ[18] ਨਾਰਿ[19] ਹਮ[20] ਸੋਈ[21] ॥੩॥	Thou[16] art the same[17] Spouse[18] and I[20] the same[21] wife[19].	ਤੂੰ[16] ਓਹੀ[17] ਪਤੀ[18] ਹੈਂ ਤੇ ਮੈਂ[20] ਓਹੀ[21] ਪਤਨੀ[19] ।
ਕਹਤੁ[22] ਕਬੀਰੁ ਸੁਨਹੁ[23] ਰੇ ਲੋਈ[24] ॥	Says[22] Kabir, hear[23] O Loi[24], my wife.	ਕਬੀਰ ਜੀ ਆਖਦੇ ਹਨ[22], ਹੇ ਲੋਈ[24] ! ਮੇਰੀ ਪਤਨੀਏ ਸੁਣ[23] :
ਅਬ[25] ਤੁਮਰੀ ਪਰਤੀਤਿ[26] ਨ ਹੋਈ ॥੪॥੨॥੩੫॥	Now[25], no reliance[26] can be placed in thee.	ਹੁਣ[25] ਤੇਰੇ ਉੱਤੇ ਕੋਈ ਇਤਬਾਰ[26] ਨਹੀਂ ਕੀਤਾ ਜਾ ਸਕਦਾ ।
ਆਸਾ ॥	Asa.	ਆਸਾ ।
ਕੋਰੀ[27] ਕੋ ਕਾਹੂ ਮਰਮੁ[28] ਨ ਜਾਨਾਂ[29] ॥ ਸਭੁ ਜਗੁ[30] ਆਨਿ ਤਨਾਇਓ[31] ਤਾਨਾਂ[32]॥ ੧॥ਰਹਾਉ॥	None knows[29] the secret[28] of God, the weaver[27]. He has stretched[31] the warp[32] of the whole world[30]. Pause.	ਕੋਈ ਭੀ ਜੁਲਾਹੇ[27], ਵਾਹਿਗੁਰੂ, ਦੇ ਭੇਤ[28] ਨੂੰ ਨਹੀਂ ਜਾਣਦਾ[29] । ਉਸ ਨੇ ਸਮੂਹ ਜਹਾਨ[30] ਦਾ ਤਾਣਾ[32] ਤਣਿਆ ਹੋਇਆ[31] ਹੈ । ਠਹਿਰਾਉ ।
ਜਬ[33] ਤੁਮ ਸੁਨਿ ਲੇ ਬੇਦ ਪੁਰਾਨਾਂ ॥ ਤਬ[34] ਹਮ[35] ਇਤਨਕੁ[36] ਪਸਰਿਓ[37] ਤਾਨਾਂ[38] ॥੧॥	When[33] thou shalt hear the Vedas and Puranas, then[34] shalt thou know that the whole[35] world is a small[36] woven[37] warp[38] of His.	ਜਦ[33] ਤੂੰ ਵੇਦਾਂ ਅਤੇ ਪੁਰਾਨਾਂ ਨੂੰ ਸੁਣੇਂਗਾ, ਤਦ[34] ਤੈਨੂੰ ਪਤਾ ਲੱਗੇਗਾ ਕਿ ਸਾਰੀ[35]ਸ੍ਰਿਸ਼ਟੀ ਉਸ ਦਾ ਇੱਕ ਨਿੱਕਾ ਜੇਹਾ[36] ਉਣਿਆ ਹੋਇਆ[37] ਤਾਣਾ[38] ਹੈ ।
ਧਰਨਿ[39] ਅਕਾਸ[40] ਕੀ ਕਰਗਹ[41] ਬਨਾਈ ॥	The earth[39] and sky[40] the Lord has made His loom[41].	ਧਰਤੀ[39] ਤੇ ਅਸਮਾਨ[40] ਨੂੰ ਸੁਆਮੀ ਨੇ ਆਪਣੀ ਖੱਡੀ[41] ਬਣਾਇਆ ਹੈ ।
ਚੰਦੁ[42] ਸੂਰਜੁ ਦੁਇ[43] ਸਾਥ[44] ਚਲਾਈ[45] ॥੨॥	Therein He has moved[45] the two[43] bobbins[44] of the moon[42] and the sun.	ਉਸ ਅੰਦਰ ਉਸ ਨੇ ਚੰਦਰਮਾਂ[42] ਅਤੇ ਸੂਰਜ ਦੀਆਂ ਦੋ[43] ਨਲੀਆਂ[44] ਚਲਾਈਆਂ[45] ਹਨ ।

ਪਾਈ[46] ਜੋਰਿ[47] ਬਾਤ[48] ਇਕ ਕੀਨੀ[49] ਤਹ[50] ਤਾਂਤੀ[51] ਮਨੁ[52] ਮਾਨਾਂ[53] ॥	Joining[47] my feet[46] I have done[49] one thing[48], that is, with that[50] wearer[51] my mind[52] is pleased[53].	ਆਪਣੇ ਪੈਰ[46] ਜੋੜ ਕੇ[47] ਮੈਂ ਇਕ ਗੱਲ[48] ਕੀਤੀ[49] ਹੈ : ਉਸ[50] ਜੁਲਾਹੇ[51] ਨਾਲ ਮੇਰਾ ਮਨੂਆ[52]ਰੀਝ ਗਿਆ[53]ਹੈ।
ਜੋਲਾਹੇ ਘਰੁ ਅਪਨਾ[54] ਚੀਨ੍ਹਾਂ[55] ਘਟ[56] ਹੀ ਰਾਮੁ ਪਛਾਨਾਂ[57] ॥੩॥	Kabir weaver has understood[55] his own[54] house and recognised[57] the Lord in his heart[56].	ਕਬੀਰ ਜੁਲਾਹੇ ਨੇ ਆਪਣੇ ਨਿੱਜ ਦੇ[54] ਝੁੱਗੇ ਨੂੰ ਸਮਝ ਲਿਆ[55] ਹੈ ਅਤੇ ਆਪਣੇ ਦਿਲ[56] ਵਿਚ ਸੁਆਮੀ ਨੂੰ ਸਿੰਞਾਣ ਲਿਆ[57] ਹੈ।
ਕਹਤੁ ਕਬੀਰੁ ਕਾਰਗਹ[58] ਤੋਰੀ[59] ॥ ਸੂਤੈ[60] ਸੂਤੁ[62] ਮਿਲਾਏ[61] ਕੋਰੀ[63] ॥੪॥ ੩॥੩੬॥	Says Kabir, when my body workshop[58] breaks[59], the weaver[63] Lord blends[61] my thread[62] with His own thread[60].	ਕਬੀਰ ਜੀ ਆਖਦੇ ਹਨ, ਜਦ ਦੇਹ ਦਾ ਕਾਰਖ਼ਾਨਾ[58] ਟੁਟਦਾ ਹੈ[59], ਤਾਂ ਸਾਹਿਬ ਜੁਲਾਹਾ[63] ਮੇਰੇ ਧਾਗੇ[62] ਨੂੰ ਆਪਣੇ ਨਿੱਜ ਦੇ ਧਾਗੇ[60] ਨਾਲ ਮਿਲਾ ਲੈਂਦਾ[61] ਹੈ।
ਆਸਾ ॥	Asa.	ਆਸਾ।
ਅੰਤਰਿ[64] ਮੈਲੁ[65] ਜੇ[66] ਤੀਰਥ[67] ਨਾਵੈ[68] ਤਿਸੁ[69] ਬੈਕੁੰਠ[70] ਨ ਜਾਨਾਂ ॥	With filth[65] within[64], if[66] one bathes[68] at the shrines[67], one[69] goes not to heaven[70].	ਅੰਦਰ[64] ਮਲੀਣਤਾ[65] ਹੁੰਦਿਆਂ ਜੇਕਰ[66] ਬੰਦਾ ਧਰਮ ਅਸਥਾਨਾਂ[67] ਤੇ ਇਸ਼ਨਾਨ[68] ਕਰੇ ਤਦ ਉਹ[69] ਸੁਰਗ[70] ਨੂੰ ਨਹੀਂ ਜਾਂਦਾ।
ਲੋਕ[71] ਪਤੀਣੇ[72] ਕਛੂ ਨ ਹੋਵੈ ਨਾਹੀ ਰਾਮੁ[73] ਅਜਾਨਾ[74] ॥੧॥	Nothing is gained by pleasing[72] the people[71] as the Lord[73] is not a simpleton[74].	ਲੋਕਾਂ[71] ਨੂੰ ਖ਼ੁਸ਼[72] ਕਰਨ ਦੁਆਰਾ ਕੁੱਛ ਨਹੀਂ ਬਣਦਾ, ਪ੍ਰਭੂ[73] ਕੋਈ ਨਾਦਾਨ[74] ਨਹੀਂ।
ਪੂਜਹੁ[75] ਰਾਮੁ ਏਕੁ[76] ਹੀ ਦੇਵਾ[77] ॥	Worship[75] only the one[76] Lord God[77].	ਕੇਵਲ ਇਕ[76] ਸੁਆਮੀ ਵਾਹਿਗੁਰੂ[77] ਦੀ ਹੀ ਉਪਾਸ਼ਨਾ[75] ਕਰ।
ਸਾਚਾ ਨਾਵਣੁ[78] ਗੁਰ ਕੀ ਸੇਵਾ[79] ॥੧॥ਰਹਾਉ॥	The true ablution[78] is the service[79] of the Guru. Pause.	ਸੱਚਾ ਇਸ਼ਨਾਨ[78] ਗੁਰਾਂ ਦੀ ਟਹਿਲ ਸੇਵਾ[79] ਹੀ ਹੈ। ਠਹਿਰਾਉ।
ਜਲ[80] ਕੈ ਮਜਨਿ[81] ਜੇ[82] ਗਤਿ[83] ਹੋਵੈ ਨਿਤ[84] ਨਿਤ ਮੇਂਡੂਕ[85] ਨਾਵਹਿ[86] ॥	If[82] salvation[83] be obtained by bathing[81] in water[80], then the frog[85] sver[84], ever bathes[86] in water.	ਜੇਕਰ[82] ਪਾਣੀ[80] ਦੇ ਵਿਚ ਨ੍ਹਾਉਣ ਦੁਆਰਾ[81] ਮੁਕਤੀ[83] ਮਿਲਦੀ ਹੋਵੇ ਤਾਂ ਡੱਡੂ[85] ਸਦਾ[84], ਸਦਾ ਹੀ ਪਾਣੀ ਵਿੱਚ ਨ੍ਹਾਉਂਦਾ ਹੈ[86]।
ਜੈਸੇ ਮੇਂਡੂਕ[87] ਤੈਸੇ[88]ਓਇ[89] ਨਰ[90] ਫਿਰਿ[91] ਫਿਰਿ ਜੋਨੀ[92] ਆਵਹਿ[93] ॥੨॥	As[87] is the frog, so[88] is that[89] man[90], and he enters[93] the existences[92], again[91] and again.	ਜਿਸ ਤਰ੍ਹਾਂ[87] ਦਾ ਡੱਡੂ ਹੈ, ਉਸੇ ਤਰ੍ਹਾਂ[88] ਦਾ ਹੀ ਹੈ ਐਸਾ[89] ਇਨਸਾਨ[90], ਉਹ ਮੁੜ ਮੁੜ ਕੇ[91] ਜੂਨੀਆਂ[92] ਅੰਦਰ ਪੈਂਦਾ[93] ਹੈ।
ਮਨਹੁ[94] ਕਠੋਰੁ[95] ਮਰੈ ਬਾਨਾਰਸਿ[96] ਨਰਕੁ[97] ਨ ਬਾਂਚਿਆ[98] ਜਾਈ ॥	If a hard[95] hearted[94] sinner dies in Kanshi[96], he cannot escape[98] hell[97].	ਜੇਕਰ ਇਕ ਸਖਤ[95] ਦਿਲ[94] ਪਾਪੀ ਕਾਸ਼ੀ[96] ਵਿਚ ਮਰ ਜਾਂਦਾ ਹੈ ਤਾਂ ਉਹ ਦੋਜ਼ਕ[97] ਤੋਂ ਨਹੀਂ ਬਚ ਸਕਦਾ[98]।
ਹਰਿ ਕਾ ਸੰਤੁ[99] ਮਰੈ ਹਾੜੰਬੈ[100] ਤ[2] ਸਗਲੀ[3] ਸੈਨ[4] ਤਰਾਈ[5] ॥੩॥	If God's saint[99] dies in Maghar[100] then[2], he saves[5] all[3] his kindreds[4].	ਜੇਕਰ ਵਾਹਿਗੁਰੂ ਦਾ ਸਾਧੂ[99]ਮਗਹਰ[100] ਵਿਚ ਮਰਦਾ ਹੈ ਤਦ[2] ਉਹ ਸਾਰੇ[3] ਸਨਬੰਧੀਆਂ[4] ਨੂੰ ਭੀ ਤਾਰ ਲੈਂਦਾ[5]ਹੈ।
ਦਿਨਸੁ[6] ਨ ਰੈਨਿ[7] ਬੇਦੁ	Where there is neither day[6] nor night[7]	ਜਿਥੇ ਦਿਹੁੰ[6] ਜਾਂ ਰਾਤ੍ਰੀ[7]ਨਹੀਂ, ਨਾ ਹੀ ਵੇਦ ਜਾਂ ਸ਼ਾਸਤਰ

ਨਹੀ ਸਾਸਤ੍ਰ ਤਹਾ[8] ਬਸੈ[9] ਨਿਰੰਕਾਰਾ[10] ॥	nor Vedas nor Shashtras, there[8] abides[9] the Formless[10] Lord.	ਹਨ, ਉਥੇ[8] ਸਰੂਪ-ਰਹਿਤ[10] ਸੁਆਮੀ ਵਸਦਾ[9] ਹੈ।
੪੮੫		
ਕਹਿ[12] ਕਬੀਰ ਨਰ[13] ਤਿਸਹਿ[14] ਧਿਆਵਹੁ[15] ਬਾਵਰਿਆ[16] ਸੰਸਾਰਾ[17] ॥ ੪॥੪॥੩੭॥	Says[12] Kabir, meditate[15] on Him[14], O ye the mad[16] men[13] of the world[17].	ਕਬੀਰ ਜੀ ਆਖਦੇ[12] ਹਨ, ਉਸ ਦਾ[14] ਸਿਮਰਨ ਕਰੋ[15], ਹੇ ਤੁਸੀਂ ਜਗਤ[17] ਦਿਓ ਪਗਲਿਓ[16] ਪੁਰਸ਼ੋ[13] !
੧ ੴ ਸਤਿਗੁਰ ਪ੍ਰਸਾਦਿ ॥	There is but one God. By True Guru's grace He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰੂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।
ਆਸਾ ਬਾਣੀ[18]	Asa. Hymns[18]	ਆਸਾ ਸ਼ਬਦ[18]।
ਸ੍ਰੀ[19] ਨਾਮ ਦੇਉ ਜੀ ਕੀ ॥	by Reverend[19] Nam Dev.	ਪੂਜਯ[19] ਨਾਮ ਦੇਵ ਜੀ।
ਏਕ ਅਨੇਕ[20] ਬਿਆਪਕ[21] ਪੂਰਕ[22] ਜਤ[23] ਦੇਖਉ[24] ਤਤ[25] ਸੋਈ[26] ॥	The one Lord is in many[20] manifestations and wherever[23] I look[24], there[25] is He[26] pervading[21] and filling[22] all.	ਇਕ ਸੁਆਮੀ ਹੀ ਘਣੇਰਿਆਂ[20] ਸਰੂਪਾਂ ਅੰਦਰ ਹੈ, ਜਿਥੇ ਕਿਤੇ[23] ਭੀ ਮੈਂ ਵੇਖਦਾ[24] ਹਾਂ, ਓਥੇ[25] ਸਾਰੇ ਉਹ[26] ਰਮਿਆ ਹੋਇਆ[21] ਤੇ ਪਰੀਪੂਰਨ[22] ਹੈ।
ਮਾਇਆ[27] ਚਿਤ੍ਰ[28] ਬਚਿਤ੍ਰ[29] ਬਿਮੋਹਿਤ[30] ਬਿਰਲਾ[31] ਬੂਝੈ[32] ਕੋਈ ॥੧॥	Fascinating[30] is the marvellous[29] picture[28] of mammon[27] and only a few[31] understand[32] this.	ਫ਼ਰੇਫ਼ਤਾ ਕਰਨ[30] ਵਾਲੀ ਹੈ ਮੋਹਨੀ[27] ਦੀ ਅਦਭੁਤ[29] ਮੂਰਤ[28]। ਕੋਈ ਟਾਂਵਾਂ ਟੱਲਾ[31] ਹੀ ਇਸ ਨੂੰ ਸਮਝਦਾ[32] ਹੈ।
ਸਭੁ[33] ਗੋਬਿੰਦੁ[34] ਹੈ ਸਭੁ ਗੋਬਿੰਦੁ ਹੈ ॥	Everything[33] is the Lord[34], everything is the Lord.	ਸਾਰਾ ਕੁਛ[33] ਪ੍ਰਭੂ[34] ਹੈ, ਸਾਰਾ ਕੁਛ ਪ੍ਰਭੂ ਹੀ ਹੈ।
[35]ਗੋਬਿੰਦ[36] ਬਿਨੁ[37] ਨਹੀ ਕੋਈ ॥	There is nothing but[37] God, the world[35]-sustainer[36].	ਸ੍ਰਿਸ਼ਟੀ[35] ਦੇ ਥੰਮ੍ਹਣਹਾਰ[36] ਵਾਹਿਗੁਰੂ ਬਾਝੋਂ[37] ਹੋਰ ਕੁਝ ਭੀ ਨਹੀਂ।
ਸੂਤੁ[38] ਏਕੁ ਮਣਿ[39] ਸਤ[40] ਸਹਸ[41] ਜੈਸੇ[42] ਓਤਿ[43] ਪੋਤਿ[44] ਪ੍ਰਭੁ ਸੋਈ[45] ॥੧॥ ਰਹਾਉ॥	As[42] one thread[38] holds hundreds[40] and thousands[41] of beads[39], so is that[45] Lord in warp[43] and woof[44]. Pause.	ਜਿਸ ਤਰ੍ਹਾਂ[42] ਇਕ ਧਾਗੇ[38] ਵਿਚ ਸੈਂਕੜੇ[40] ਤੇ ਹਜ਼ਾਰਾਂ[41] ਮਣਕੇ[39] ਪਰੋਏ ਹੋਏ ਹੁੰਦੇ ਹਨ, ਏਸ ਤਰ੍ਹਾਂ ਹੀ ਸੰਸਾਰ ਦੇ ਤਾਣੇ[43] ਤੇ ਪੇਟੇ[44] ਵਿਚ ਉਹ[45] ਸੁਆਮੀ ਹੈ। ਠਹਿਰਾਉ।
ਜਲ[46] ਤਰੰਗ[47] ਅਰੁ[48] ਫੇਨ[49] ਬੁਦਬੁਦਾ[50] ਜਲ ਤੇ ਭਿੰਨ[51] ਨ ਹੋਈ ॥	The water[46] waves[47], foam[49] and[48] bubbles[50] are not distinct[51] from water.	ਪਾਣੀ[46] ਦੀਆਂ ਲਹਿਰਾਂ[47], ਝੱਗ[49] ਅਤੇ[48] ਬੁਲਬੁਲੇ[50] ਪਾਣੀ ਤੋਂ ਵਖਰੇ[51] ਨਹੀਂ।
ਇਹੁ ਪਰਪੰਚੁ[52] ਪਾਰਬ੍ਰਹਮ[83] ਕੀ ਲੀਲਾ[54] ਬਿਚਰਤ[55] ਆਨ[56] ਨ ਹੋਈ ॥੨॥	This world[52] is the play[54] of the Transcendent[53] Lord and on reflection[55] man finds it not different[56] from Him.	ਇਹ ਸੰਸਾਰ[52] ਪਰਮ ਪ੍ਰਭੂ[53] ਦੀ ਇਕ ਖੇਡ[54] ਹੈ। ਵਿਚਾਰ[55] ਕਰਨ ਉੱਤੇ ਆਦਮੀ ਇਸ ਨੂੰ ਅੱਡਰਾ[56] ਨਹੀਂ ਪਾਉਂਦਾ।
ਮਿਥਿਆ[57] ਭਰਮੁ[58] ਅਰੁ[59]	False[57] doubts[58] and[59] dream-[60]	ਝੂਠੇ[57] ਸੰਦੇਹਾਂ[58] ਅਤੇ[59] ਸੁਪਨੇ[60] ਦੀਆਂ ਵਸਤੂਆਂ[62] ਨੂੰ

ਸੁਪਨ[60] ਮਨੋਰਥ[62] ਸਤਿ[63] ਪਦਾਰਥੁ[64] ਜਾਨਿਆ[65] ॥	objects[62], man deems[65] as true[63] valuables[64].	ਇਨਸਾਨ ਸੱਚੀਆਂ[63] ਵੱਡਮੁੱਲੀਆਂ ਸ਼ੈਆਂ[64] ਕਰਕੇ ਜਾਣਦਾ[65] ਹੈ।
[66]ਸੁਕ੍ਰਿਤ[67] ਮਨਸਾ[68] ਗੁਰ ਉਪਦੇਸੀ[69] ਜਾਗਤ[70] ਹੀ ਮਨੁ[71] ਮਾਨਿਆ[72] ॥੩॥	The Guru instructed[69] me to entertain the desire[68] to do good[66] deeds[67] and my awakened[70] mind[71] accepted[72] it.	ਗੁਰਾਂ ਨੇ ਮੈਨੂੰ ਚੰਗੇ[66] ਅਮਲ[67] ਕਮਾਉਣ ਦੀ ਇੱਛਾ[68] ਧਾਰਨ ਦੀ ਸਿੱਖਮਤ ਦਿੱਤੀ[69] ਅਤੇ ਮੇਰੇ ਖ਼ਬਰਦਾਰ[70] ਚਿੱਤ[71] ਨੇ ਇਸ ਨੂੰ ਕਬੂਲ ਕਰ ਲਿਆ[72]।
ਕਹਤ ਨਾਮਦੇਉ ਹਰਿ ਕੀ ਰਚਨਾ[73] ਦੇਖਹੁ[74] ਰਿਦੈ[75] ਬੀਚਾਰੀ[76] ॥	Says Namdev, see[74] thou the creation[73] of God and reflect[76] on it in thy mind[75].	ਨਾਮ ਦੇਵ ਜੀ ਆਖਦੇ ਹਨ, ਤੂੰ ਵਾਹਿਗੁਰੂ ਦੀ ਖ਼ਲਕਤ[73] ਨੂੰ ਵੇਖ[74] ਅਤੇ ਆਪਣੇ ਹਿਰਦੇ[75] ਅੰਦਰ ਇਸ ਉੱਤੇ ਵੀਚਾਰ[76] ਕਰ।
ਘਟ ਘਟ[77] ਅੰਤਰਿ[78] ਸਰਬ[79] ਨਿਰੰਤਰਿ[80] ਕੇਵਲ[81] ਏਕ [82]ਮੁਰਾਰੀ[83] ॥੪॥੧॥	In[78] every heart[77] and within[80] all[79] is but[81] one Lord, the Enemy[83] of pride[82].	ਹਰ ਦਿਲ[77] ਅੰਦਰ[78] ਅਤੇ ਸਾਰਿਆਂ[79] ਦੇ ਵਿੱਚ[80], ਹੰਕਾਰ[82] ਦਾ ਵੈਰੀ[83] ਸਿਰਫ਼[81] ਇੱਕ ਵਾਹਿਗੁਰੂ ਹੀ ਹੈ।
ਆਸਾ ॥	Asa.	ਆਸਾ।
ਆਨੀਲੇ[84] ਕੁੰਭ[85]ਭਰਾਈਲੇ[86] ਊਦਕ[87] ਠਾਕੁਰ[88] ਕਉ ਇਸਨਾਨੁ[89] ਕਰਉ ॥	Bringing[84] a pitcher[85], I fill[86] it with water[87], to bathe[89] the Lord[88].	ਸੁਆਮੀ[88] ਨੂੰ ਨੁਹਾਲਣ[89]ਲਈ ਮੈਂ ਘੜਾ[85] ਲਿਆ ਕੇ[84] ਇਸ ਨੂੰ ਪਾਣੀ[87] ਨਾਲ ਭਰਦਾ[86] ਹਾਂ।
ਬਇਆਲੀਸ[90] ਲਖ ਜੀ[91] ਜਲ[92] ਮਹਿ[93] ਹੋਤੇ ਬੀਠਲੁ[94] ਭੈਲਾ[95] ਕਾਇ[96] ਕਰਉ ॥ ੧॥	Forty-two[90] lacs of beings[91] are in[93] water[92]. How[96] can I bathe the Pervading Lord therein, O brother[95].	ਬਤਾਲੀ[90] ਲੱਖ ਜੀਵ[91] ਪਾਣੀ[92] ਵਿੱਚ[93] ਹਨ। ਵਿਆਪਕ[96] ਪ੍ਰਭੂ ਨੂੰ ਮੈਂ ਉਸ ਵਿਚ ਕਿਸ[96] ਤਰ੍ਹਾਂ ਇਸ਼ਨਾਨ ਕਰਵਾ ਸਕਦਾ ਹਾਂ, ਹੇ ਭਰਾ[95]।
ਜਤ੍ਰ[97] ਜਾਉ[98] ਤਤੁ[99] ਬੀਠਲੁ[100] ਭੈਲਾ[2] ॥	Wherever[97] I go[98], there[99] the Lord[100] is contained[2].	ਜਿੱਥੇ ਕਿਤੇ[97] ਮੈਂ ਜਾਂਦਾ[98] ਹਾਂ, ਉਥੇ[99] ਸੁਆਮੀ[100] ਰਮਿਆ ਹੋਇਆ[2] ਹੈ।
ਮਹਾ[3] ਅਨੰਦ[4] ਕਰੇ ਸਦ[5] ਕੇਲਾ[6] ॥੧॥ਰਹਾਉ॥	Amidst supreme[3] bliss[4], He ever[5] sports[6]. Pause.	ਪਰਮ[3] ਪ੍ਰਸੰਨਤਾ[4] ਅੰਦਰ ਉਹ ਹਮੇਸ਼ਾ[5] ਕਲੋਲਾਂ ਕਰਦਾ[6] ਹੈ। ਠਹਿਰਾਉ।
ਆਨੀਲੇ ਫੂਲ[7] ਪਰੋਈਲੇ[8] ਮਾਲਾ[9] ਠਾਕੁਰ ਕੀ ਹਉ[10] ਪੂਜ ਕਰਉ[12] ॥	I[10] bring flowers[7] and weave[8] a garland[9] to worship[12] the Lord.	ਮੈਂ[10] ਪੁਸ਼ਪ[7] ਲਿਆਉਂਦਾ ਹਾਂ ਅਤੇ ਸੁਆਮੀ ਦੀ ਉਪਾਸ਼ਨਾ[12] ਕਰਨ ਲਈ ਹਾਰ[9] ਗੁੰਦਦਾ[8] ਹਾਂ।
ਪਹਿਲੇ[13] ਬਾਸੁ[14] ਲਈ[15] ਹੈ ਭਵਰਹ[16] ਬੀਠਲ[17] ਭੈਲਾ[18] ਕਾਇ[19] ਕਰਉ ॥੨॥	The humming bumble-bee[16] has first[13] sucked[15] the fragrance[14]. How[19] can I worship God[17], O brother[18] ?	ਪਹਿਲੇ[13] ਭਉਰੇ[16] ਨੇ ਸੁਗੰਧੀ[14] ਲੀਤੀ[15] ਹੈ। ਮੈਂ ਵਾਹਿਗੁਰੂ[17] ਦੀ ਉਪਾਸ਼ਨਾ ਕਿਸ ਤਰ੍ਹਾਂ[19] ਕਰਾਂ, ਹੇ ਵੀਰ[18] ?
ਆਨੀਲੇ[24]ਦੂਧੁ[20]ਰੀਧਾਈਲੇ[21] ਖੀਰੁ[22] ਠਾਕੁਰ ਕਉ ਨੈਵੇਦੁ[23] ਕਰਉ ॥	I fetch[24] milk[20] and cook[21] it to make a pudding, consisting of milk[22], rice and sugar to feed[23] the Lord.	ਮੈਂ ਦੁੱਧ[20] ਲਿਆਉਂਦਾ[24] ਹਾਂ ਅਤੇ ਸੁਆਮੀ ਨੂੰ ਖੁਆਲਣ[23] ਲਈ ਰਿੰਨ੍ਹ[21] ਕੇ ਇਸ ਦੀ ਖੀਰ[22] ਬਣਾਉਂਦਾ ਹਾਂ।
ਪਹਿਲੇ ਦੂਧੁ ਬਿਟਾਰਿਓ[25]	The calf[26] has first defiled[25] the	ਪਹਿਲਾਂ ਵੱਛੇ[26] ਨੇ ਦੁੱਧ ਨੂੰ ਜੂਠਾ ਕਰ ਦਿੱਤਾ[25] ਹੈ।

ਬਛਰੈ[26] ਬੀਠਲੁ[27] ਭੈਲਾ[28] ਕਾਇ[29] ਕਰਉ ॥੩॥

milk. How[29] should I adore the Pervading[28] God[27] with it ?

ਇਸ ਦੇ ਨਾਲ ਮੈਂ ਵਿਆਪਕ[28] ਵਾਹਿਗੁਰੂ[27] ਦੀ ਕਿਸ ਤਰ੍ਹਾਂ[29] ਪੂਜਾ ਕਰਾਂ ?

ਈਤੈ[30] ਬੀਠਲੁ ਊਤੈ[31] ਬੀਠਲੁ ਬੀਠਲ ਬਿਨੁ[32] ਸੰਸਾਰੁ[33] ਨਹੀ ॥

Here[30] is the Lord, there[31] is the Lord. Without[32] the Lord there is no world[33], whatsoever.

ਏਥੇ[30] ਸੁਆਮੀ ਹੈ, ਉੱਥੇ[31] ਸੁਆਮੀ ਹੈ । ਸੁਆਮੀ ਦੇ ਬਾਝੋਂ[32] ਜਹਾਨ[33] ਨਹੀਂ ।

ਥਾਨ[34] ਥਨੰਤਰਿ[35] ਨਾਮਾ ਪ੍ਰਣਵੈ[36] ਪੂਰਿ ਰਹਿਓ[37] ਤੂੰ ਸਰਬ[38] ਮਹੀ[39] ॥੪॥ ੨ ॥

Supplicates[36] Namdev : Thou, O Lord, art fully-contained[37] in[39] all[38] the places[34] and inter-spaces[35].

ਨਾਮ ਦੇਵ ਬੇਨਤੀ ਕਰਦਾ[36]ਹੈ, ਤੂੰ ਹੇ ਪ੍ਰਭੂ ! ਸਾਰੀਆਂ[38] ਥਾਵਾਂ[34] ਅਤੇ ਥਾਵਾਂ ਦੀਆਂ ਵਿੱਥਾਂ[35] ਅੰਦਰ[39] ਪਰੀਪੂਰਨ ਹੋ ਰਿਹਾ[37] ਹੈਂ ।

ਆਸਾ ॥

Asa.

ਆਸਾ ।

ਮਨੁ ਮੇਰੋ ਗਜੁ[40] ਜਿਹਬਾ[41] ਮੇਰੀ ਕਾਤੀ[42] ॥

My mind is the yard-stick[40] and my tongue[41] the scissors[42].

ਮੇਰਾ ਚਿੱਤ ਗਜ਼[40] ਹੈ ਅਤੇ ਮੇਰੀ ਜੀਭ[41] ਕੈਂਚੀ[42] ।

ਮਪਿ[43] ਮਪਿ ਕਾਟਉ[44] ਜਮ ਕੀ[45] ਫਾਸੀ[46] ॥੧॥

I measure[43] and measure and cut[44] off death's[45] noose[46].

ਮੈਂ ਮਾਪ[43] ਮਾਪ ਕੇ ਮੌਤ ਦੀ[45]ਫਾਹੀ[46] ਨੂੰ ਵੱਢਦਾ[44]ਹਾਂ ।

ਕਹਾ[47] ਕਰਉ ਜਾਤੀ[48] ਕਹ ਕਰਉ ਪਾਤੀ[49] ॥

What[47] have I to do with caste[48] ? What have I do with lineage[49] ?

ਮੈਂ ਜਾਤ[48] ਨੂੰ ਕੀ[47] ਕਰਾਂ ? ਮੈਂ ਵੰਸ਼[49] ਨੂੰ ਕੀ ਕਰਾਂ ?

ਰਾਮ[50] ਕੋ ਨਾਮੁ ਜਪਉ[51] ਦਿਨ ਰਾਤੀ[52] ॥੧॥ਰਹਾਉ॥

The Lord's[50] Name, I meditate[51] upon day and night[52]. Pause.

ਸੁਆਮੀ[50] ਦੇ ਨਾਮ ਦਾ ਮੈਂ ਰਾਤ[52] ਦਿਨ ਸਿਮਰਨ ਕਰਦਾ[51] ਹਾਂ । ਠਹਿਰਾਉ ।

ਰਾਂਗਨਿ[53] ਰਾਂਗਉ[54] ਸੀਵਨਿ[55] ਸੀਵਉ[56] ॥ ਰਾਮ ਨਾਮ ਬਿਨੁ ਘਰੀਅ[57] ਨ ਜੀਵਉ[58] ॥੨॥

I dye[54] myself in the Lord's colour[53] and sew[56] what ought to be sewed[55]. Without the Lord's Name I cannot live[58] even for a moment[57].

ਪ੍ਰਭੂ ਦੀ ਰੰਗਤ[53] ਵਿੱਚ ਮੈਂ ਆਪਣੇ ਆਪ ਨੂੰ ਰੰਗਦਾ[54] ਹਾਂ ਅਤੇ ਜੋ ਕੁਛ ਸੀਉਣ[55] ਦੇ ਯੋਗ ਹੈ, ਉਸ ਨੂੰ ਸੀਉਂਦਾ[56] ਹਾਂ । ਸਾਂਈਂ ਦੇ ਨਾਮ ਦੇ ਬਗੈਰ ਮੈਂ ਇੱਕ ਛਿੱਨ[57] ਭਰ ਭੀ ਜੀਉਂਦਾ[58] ਨਹੀਂ ਰਹਿ ਸਕਦਾ ।

ਭਗਤਿ[59] ਕਰਉ ਹਰਿ ਕੇ ਗੁਨ[60] ਗਾਵਉ[61] ॥

I perform worship[59] and sing[61] God's praises[60].

ਮੈਂ ਉਪਾਸ਼ਨਾ[59] ਕਰਦਾ ਹਾਂ ਅਤੇ ਵਾਹਿਗੁਰੂ ਦਾ ਜੱਸ[60] ਗਾਉਂਦਾ[61] ਹਾਂ ।

ਆਠ ਪਹਰ ਅਪਨਾ ਖਸਮੁ[62] ਧਿਆਵਉ[63] ॥੩॥

During the eight watches of the day, I meditate[63] on my Master[62].

ਦਿਨ ਦੇ ਅੱਠੇ ਪਹਿਰ ਹੀ, ਮੈਂ ਆਪਣੇ ਮਾਲਕ[62] ਦਾ ਆਰਾਧਨ ਕਰਦਾ[63] ਹਾਂ ।

ਸੁਇਨੇ[64] ਕੀ ਸੂਈ ਰੁਪੇ[65] ਕਾ ਧਾਗਾ[66] ॥

My needle is of gold[64] and my thread[66] of silver[65].

ਮੇਰੀ ਸੂਈ ਸੋਨੇ[64] ਦੀ ਹੈ ਅਤੇ ਮੇਰੀ ਡੋਰ[66]ਚਾਂਦੀ[65] ਦੀ ।

ਨਾਮੇ ਕਾ ਚਿਤੁ[67] ਹਰਿ ਸਉ[68] ਲਾਗਾ[69] ॥੪॥੩॥

Nama's mind[67] is attached[69] to[68] God.

ਨਾਮੇ ਦਾ ਮਨ[67] ਵਾਹਿਗੁਰੂ ਨਾਲ[68] ਜੁੜ ਗਿਆ[69] ਹੈ ।

ਆਸਾ ॥

Asa.

ਆਸਾ ।

ਸਾਪੁ[70] ਕੁੰਚ[71] ਛੋਡੈ[72] ਬਿਖੁ[73]ਨਹੀ ਛਾਡੈ ॥ ਉਦਕ[74] ਮਾਹਿ[75] ਜੈਸੇ[76] ਬਗੁ[77] ਧਿਆਨੁ[78] ਮਾਡੈ[79] ॥੧॥

Snake[70] casts off[72] its slough[71], but casts not off its poison[73]. Thou art like[76] a heron[77], that fixes[79] its attention[78] on fish in[75] water[74].

ਸੱਪ[70] ਆਪਣੀ ਕੁੰਜ[71]ਸੁੱਟ ਪਾਉਂਦਾ[72] ਹੈ, ਪਰ ਆਪਣੀ ਜ਼ਹਿਰ[73]ਨੂੰ ਨਹੀਂ ਛੱਡਦਾ । ਤੂੰ ਬਗਲੇ[77]ਦੀ ਨਿਆਈਂ[76] ਹੈਂ, ਜੋ ਪਾਣੀ[74] ਵਿੱਚ[75] ਆਪਣੀ ਬਿਰਤੀ[78] ਮੱਛੀ ਉਤੇ ਜੋੜਦਾ[79] ਹੈ ।

ਕਾਹੇ[80] ਕਉ ਕੀਜੈ[81] ਧਿਆਨੁ[82] ਜਪੰਨਾ[83]॥ਜਬ[84] ਤੇ ਸੁਧੁ[85] ਨਾਹੀ ਮਨੁ[86] ਅਪਨਾ[87] ॥੧॥ਰਹਾਉ॥	What for[80] performest[81] thou meditation[82] and recitation[83], when[84] thine own[87] mind[86] is not immaculate[85] ? Pause.	ਤੂੰ ਕਾਹਦੇ[80] ਲਈ ਸਿਮਰਨ[82] ਤੇ ਪਾਠ[83] ਕਰਦਾ[81] ਹੈਂ, ਜਦ[84] ਤੇਰਾ ਆਪਣਾ ਨਿੱਜ[87] ਦਾ ਅੰਤਸ਼ਕਰਨ[86] ਨਿਰਮਲ[85] ਨਹੀਂ ? ਠਹਿਰਾਉ।
੪੮੬		
ਸਿੰਘਚ[88] ਭੋਜਨੁ[89] ਜੋ[90] ਨਰੁ[91] ਜਾਨੈ[92] ॥ ਐਸੇ[93] ਹੀ ਠਗ[94] ਦੇਉ[95] ਬਖਾਨੈ[96] ॥ ੨॥	The person[91] who[90] lives only on the tiger's[98] food[89] (plunder and cruelty) is called[96] as[93] the god[95] of cheats[94].	ਜਿਹੜਾ[90] ਪੁਰਸ਼[91] ਲੁੱਟ ਮਾਰ ਉੱਤੇ ਰਹਿੰਦਾ ਜਾਂ ਕੇਵਲ ਸ਼ੇਰ ਦੀ[98]ਖ਼ੁਰਾਕ[89] ਨੂੰ ਹੀ ਜਾਣਦਾ[92]ਹੈ, ਉਹ ਛਲੀਆਂ[94] ਦਾ ਦੇਵਤਾ[95] ਕਰਕੇ[93] ਪੁਕਾਰਿਆ ਜਾਂਦਾ[96] ਹੈ।
ਨਾਮੇ ਕੇ ਸੁਆਮੀ[97] ਲਾਹਿਲੇ[98] ਝਗਰਾ[99] ॥	Nam Dev's Lord[97] has settled[98] the strife[99].	ਨਾਮ ਦੇਵ ਦੇ ਸਾਹਿਬ[97] ਨੇ ਝਗੜਾ[99]ਨਿਬੇੜ ਦਿੱਤਾ[98]ਹੈ।
ਰਾਮ[100] ਰਸਾਇਨ[2] ਪੀਉ[3] ਰੇ[4] ਦਗਰਾ[5] ॥੩॥੪॥	Lord's[100] elixir[2] drink[3] thou, O[4] deceitful[5] one.	ਸਾਈਂ[100] ਦਾ ਅੰਮ੍ਰਿਤ[2] ਤੂੰ ਪਾਨ[3] ਕਰ, ਹੇ[4] ਦਗੇਬਾਜ਼[5]।
ਆਸਾ ॥	Asa.	ਆਸਾ।
ਪਾਰਬ੍ਰਹਮੁ[6] ਜਿ[7] ਚੀਨਸੀ[8] ਆਸਾ[9] ਤੇ[10] ਨ ਭਾਵਸੀ[12] ॥	He[10], who[7] sees[8] the Supreme Lord[6], likes[12] not other desires[9].	ਜੋ[7] ਸ਼੍ਰੋਮਣੀ ਸਾਹਿਬ[6] ਨੂੰ ਵੇਖ[8] ਲੈਂਦਾ ਹੈ, ਉਸ[10] ਨੂੰ ਹੋਰ ਖ਼ਾਹਿਸ਼ਾਂ[9] ਚੰਗੀਆਂ ਨਹੀਂ ਲਗਦੀਆਂ[12]।
ਰਾਮਾ[13] ਭਗਤਹ[14] ਚੇਤੀਅਲੇ[15] ਅਚਿੰਤ[16] ਮਨੁ[17] ਰਾਖਸੀ ॥੧॥	He thinks[15] of Lord's[13] devotional service[14] and keeps his mind[17] free from[16] care.	ਉਹ ਸਾਹਿਬ ਦੀ[13] ਪ੍ਰੇਮ-ਮਈ ਸੇਵਾ[14] ਦਾ ਧਿਆਨ ਧਾਰਦਾ[15] ਹੈ ਅਤੇ ਆਪਣੇ ਚਿੱਤ[17] ਨੂੰ ਨਿਸਚਿੰਤ[16] ਰਖਦਾ ਹੈ।
ਕੈਸੇ[18] ਮਨ[19] ਤਰਹਿਗਾ[20] ਰੇ[21] ਸੰਸਾਰੁ[22] ਸਾਗਰੁ[23] ਬਿਖੈ[24] ਕੋ ਬਨਾ[25] ॥	O[21] my soul[19], how[18] shalt thou cross[20] over the world[22]-ocean[23], filled with the water[25] of vice[24] ?	ਹੇ[21] ਮੇਰੀ ਜਿੰਦੜੀਏ[19] ! ਤੂੰ ਪਾਪ[24] ਦੇ ਪਾਣੀ[25] ਨਾਲ ਭਰੇ ਹੋਏ ਜਗਤ[22] ਸਮੁੰਦਰ[23] ਤੋਂ ਕਿਸ ਤਰ੍ਹਾਂ[18] ਪਾਰ ਹੋਵੇਂਗੀ[20] ?
ਝੂਠੀ[26] ਮਾਇਆ[27] ਦੇਖਿ ਕੈ ਭੂਲਾ[28] ਰੇ ਮਨਾ[29] ॥੧॥ ਰਹਾਉ ॥	Beholding the false[26] worldly valuables[27], thou has gone astray[28], O my mind[29]. Pause.	ਕੂੜੇ[26] ਦੁਨਿਆਵੀ ਪਦਾਰਥਾਂ[27] ਨੂੰ ਵੇਖ ਕੇ, ਤੂੰ ਕੁਰਾਹੇ[28] ਪੈ ਗਿਆ ਹੈਂ, ਹੇ ਮੇਰੇ ਮਨੂਏ[29] ! ਠਹਿਰਾਉ
ਛੀਪੇ[30] ਕੇ ਘਰਿ[31] ਜਨਮੁ[32] ਦੇਲਾ[33] ਗੁਰ ਉਪਦੇਸੁ[34] ਭੇਲਾ[35] ॥	Thou hast given[33] me birth[32] in a calico-printer's[30] house[31] (O Lord), but I have attained[35] the Guru's instruction[34].	(ਹੇ ਪ੍ਰਭੂ), ਤੂੰ ਮੈਨੂੰ ਛੀਂਬੇ[30] ਦੇ ਗ੍ਰਿਹ[31] ਅੰਦਰ ਜਨਮ[32] ਦਿੱਤਾ[33] ਹੈ; ਪ੍ਰੰਤੂ, ਮੈਨੂੰ ਗੁਰਾਂ ਦੀ ਸਿਖਮਤ[34] ਪ੍ਰਾਪਤ ਹੋ ਗਈ[35] ਹੈ।
ਸੰਤਹ ਕੈ ਪਰਸਾਦਿ[36] ਨਾਮਾ ਹਰਿ ਭੇਟੁਲਾ[37] ॥੨॥੫॥	By saint's grace[36], Nam Dev has met[37] his Lord.	ਸਾਧੂਆਂ ਦੀ ਦਇਆ[36] ਦੁਆਰਾ ਨਾਮ ਦੇਵ ਆਪਣੇ ਸੁਆਮੀ ਨੂੰ ਮਿਲ ਪਿਆ[37] ਹੈ।
ਆਸਾ ਬਾਣੀ[38] ਸ੍ਰੀ[39] ਰਵਿਦਾਸ ਜੀਉ ਕੀ	Asa. Hymns[38] of Venerable[39] Rav Dass.	ਆਸਾ। ਮਾਣਨੀਯ[39] ਰਵਿਦਾਸ ਜੀ ਦੇ ਸ਼ਬਦ[38]।
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਮ੍ਰਿਗ[40] ਮੀਨ[41] ਭ੍ਰਿੰਗ[42] ਪਤੰਗ[43] ਕੁੰਚਰ[44] ਏਕ ਦੋਖ[45] ਬਿਨਾਸ[46] ॥	The deer[40], the fish[41], the humming black-wasp[42], the moth[43] and the elephant[44] are destroyed[46] each for one defect[45].	ਹਰਨ[40], ਮੱਛੀ[41], ਭਉਰਾ[42], ਭਮੱਕੜ[43] ਅਤੇ ਹਾਥੀ[44] ਹਰ ਇਕ, ਇਕ ਦੂਸ਼ਨ[45] ਦੇ ਕਾਰਨ ਤਬਾਹ[46] ਹੋ ਜਾਂਦੇ ਹਨ।
ਪੰਚ[47] ਦੋਖ[48] ਅਸਾਧ[49] ਜਾ[50]ਮਹਿ[51] ਤਾਕੀ[52] ਕੇਤਕ[53] ਆਸ[54] ॥੧॥	He, in[51] whom[50] are the five[47] incurable[49] vices[48], what[53] hope[54] is there for him[52] ?	ਜਿਸ ਦੇ[50] ਵਿੱਚ[51] ਪੰਜ[47] ਲਾ-ਇਲਾਜ[49] ਵਿਕਾਰ[48]ਹਨ; ਉਸ (ਮਨੁੱਖ) ਦੀ[52] ਕਿੰਨੀ[53] ਕੁ ਉਮੈਦ[54] ਹੈ ?
[55]ਮਾਧੋ[56] ਅਬਿਦਿਆ[57] ਹਿਤ ਕੀਨ[58] ॥	O Lord[56] of mammon[55], man is in love[58] with spiritual ignorance[57].	ਹੇ ਮਾਇਆ[55] ਦੇ ਪਤੀ[56] ! ਬੰਦੇ ਦੀ ਪ੍ਰੀਤ[58] ਆਤਮਕ ਬੇਸਮਝੀ[57] ਨਾਲ ਹੈ।
ਬਿਬੇਕ[59] ਦੀਪ[60] ਮਲੀਨ[61]॥ ੧॥ਰਹਾਉ॥	His lamp[60] of discrimination[59] has grown dim[61]. Pause.	ਉਸ ਦੀ ਪ੍ਰਬੀਨਤਾ[59] ਦਾ ਦੀਵਾ[60] ਧੁੰਦਲਾ[61] ਹੋ ਗਿਆ ਹੈ। ਠਹਿਰਾਉ।
ਤ੍ਰਿਗਦ[62] ਜੋਨਿ ਅਚੇਤ[63] ਸੰਭਵ[64] ਪੁੰਨ[65] ਪਾਪ[66] ਅਸੋਚ[67] ॥	The creeping beings[62] are thought-less[63] existences[64] (lives) and can discriminate[67] not between good[65] and evil[66].	ਟੇਢੀਆਂ ਜੂਨਾਂ[62] ਵਿਚਾਰ-ਹੀਣ[63] ਹਸਤੀਆਂ[64] ਹਨ ਅਤੇ ਚੰਗੇ[65]ਅਤੇ ਮੰਦੇ[66] ਦੀ ਪਛਾਣ ਨਹੀਂ ਕਰ ਸਕਦੀਆਂ[67]।
ਮਾਨੁਖਾ[68] ਅਵਤਾਰ[69] ਦੁਲਭ[70] ਤਿਹੀ[71] ਸੰਗਤਿ[72] ਪੋਚ[73] ॥੨॥	Human[68] birth[69] is very difficult to obtain[70], yet there-in[71], man associates[72] with the low[73].	ਮਨੁਖਾ[68] ਜਨਮ[69] ਬਹੁਤ ਔਖਾ ਪ੍ਰਾਪਤ ਹੋਣ ਵਾਲਾ[70] ਹੈ, ਤਦਯਪ ਉਸ[71] ਅੰਦਰ ਇਨਸਾਨ ਨੀਚਾਂ[73] ਨਾਲ ਮੇਲ ਜੋਲ ਕਰਦਾ[72] ਹੈ।
ਜੀਅ[74] ਜੰਤ[75] ਜਹਾ ਜਹਾ[76] ਲਗੁ ਕਰਮ[77] ਕੇ ਬਸਿ[78] ਜਾਇ[79] ॥	The men[74] and lower animals[75], wherever[76] they are, are born[79] subject[78] to their past actions[77].	ਇਨਸਾਨ[74] ਅਤੇ ਨੀਵੇਂ ਜੀਵ[75], ਜਿਥੇ ਕਿਤੇ[76] ਭੀ ਉਹ ਹਨ, ਆਪਣੇ ਪੂਰਬਲੇ[77] ਕਰਮਾਂ ਦੇ ਅਧੀਨ[78] ਜਨਮ ਧਾਰਦੇ[79] ਹਨ।
ਕਾਲ[80] ਫਾਸ[81] ਅਬਧ[82] ਲਾਗੇ[83] ਕਛੁ ਨ ਚਲੈ[84] ਉਪਾਇ[85] ॥੩॥	Death's[80] unfailing[82] noose[81], shall cling[83] to them, which can by no means[85] be warded[84] off.	ਮੌਤ[80] ਦੀ ਅਚੂਕ[82] ਫਾਹੀ[81] ਉਨ੍ਹਾਂ ਨੂੰ ਚਿਮੜੇਗੀ[83], ਜਿਹੜੀ ਕਿ ਕਿਸੇ ਯਤਨ[85] ਨਾਲ ਹਟਾਈ[84] ਨਹੀਂ ਜਾ ਸਕਦੀ।
ਰਵਿਦਾਸ ਦਾਸ[86] ਉਦਾਸ[87] ਤਜੁ[88] ਭ੍ਰਮੁ[89] ਤਪਨ[90] ਤਪੁ ਗੁਰ ਗਿਆਨ[91] ॥	O slave[86] Ravidas, dispel[88] thy sorrow[87] and doubt[89] and deem Guru's gnosis[91] the penance of penances[90].	ਹੇ ਗੋਲੇ[86] ਰਵਿਦਾਸ ! ਆਪਣੀ ਉਦਾਸੀਨਤਾ[87] ਤੇ ਸੰਦੇਹ[89] ਛੱਡ[88] ਦੇ ਅਤੇ ਗੁਰਾਂ ਦੀ ਬ੍ਰਹਿਮ ਗਿਆਤ[91] ਨੂੰ ਤਪੱਸਿਆਵਾਂ ਦੀ ਤਪੱਸਿਆ[90] ਸਮਝ।
ਭਗਤ[92] ਜਨ ਭੈ[93] ਹਰਨ[94] ਪਰਮਾਨੰਦ[95] ਕਰਹੁ[96] ਨਿਦਾਨ[97] ॥੪॥੧॥	O Thou, the Destroyer[94] of Thine devotees'[92] fear[93], make[96] me supremely blissful[95], in the end[97].	ਹੇ ਸਾਂਈਂ ! ਆਪਣੇ ਸ਼ਰਧਾਲੂਆਂ[92] ਦੇ ਡਰ[93] ਨਾਸ ਕਰਨਹਾਰ[94] ਅਖ਼ੀਰ[97] ਨੂੰ, ਤੂੰ ਮੈਨੂੰ ਪਰਮ ਪ੍ਰਸੰਨ[95] ਕਰ ਦੇਈਂ[96]।
ਆਸਾ ॥	Asa.	ਆਸਾ।
ਸੰਤ ਤੁਝੀ[98] ਤਨੁ[99]ਸੰਗਤਿ[100] ਪ੍ਰਾਨ[2] ॥	Thine[98] saints are Thy body[99], and their association[100] is my life[2].	ਤੇਰੇ[98] ਸਾਧੂ ਤੇਰੀ ਦੇਹ[99] ਹਨ। ਉਨ੍ਹਾਂ ਦਾ ਮੇਲ-ਮਿਲਾਪ[100] ਮੇਰੀ ਜਿੰਦ-ਜਾਨ[2] ਹੈ।
ਸਤਿਗੁਰ ਗਿਆਨ[3] ਜਾਨੈ[4] ਸੰਤ ਦੇਵਾ[5] ਦੇਵ ॥੧॥	By the True Guru's given gnosis[3], I deem[4] the saints as gods of gods[5].	ਗੁਰਾਂ ਦੇ ਦਿਤੇ ਹੋਏ ਬ੍ਰਹਿਮ[3] ਬੋਧ ਦੁਆਰਾ ਮੈਂ ਸਾਧੂਆਂ ਨੂੰ ਦੇਵਤਿਆਂ ਦੇ ਦੇਵਤੇ[5] ਜਾਣਦਾ[4] ਹਾਂ।

ਸੰਤ ਚੀ[6] ਸੰਗਤਿ[7] ਸੰਤ ਕਥਾ[8] ਰਸੁ[9] ਸੰਤ ਪ੍ਰੇਮ[10] ਮਾਇ[12] ਦੀਜੈ[13] ਦੇਵਾ[14] ਦੇਵ[15] ॥੧॥ਰਹਾਉ॥

The society[7] of[6] saints, the relish[9] of saints' converse[8] and the love[10] of saints, Grant[13] unto me[12], O Lord[14] of the gods[15]. Pause.

ਸਾਧੂਆਂ ਦਾ[6]ਮੇਲ-ਮਿਲਾਪ[7], ਸਾਧੂਆਂ ਦੀ ਕਥਾ ਵਾਰਤਾ[8] ਦਾ ਸੁਆਦ[9] ਅਤੇ ਸਾਧੂਆਂ ਦਾ ਪਿਆਰ[10], ਇਹ ਮੈਨੂੰ[12] ਬਖਸ਼[13], ਹੇ ਦੇਵਤਿਆਂ[15] ਦੇ ਸਾਹਿਬ[14] ! ਠਹਿਰਾਉ ।

ਸੰਤ ਆਚਰਣ[16] ਸੰਤ ਚੋ[17] ਮਾਰਗੁ[18] ਸੰਤ ਚ[19] ਓਲ੍ਹਗੁ[20] ਓਲ੍ਹਗਣੀ[21] ॥੨॥ ਅਉਰੁ[22] ਇਕੁ ਮਾਗਉ[23] ਭਗਤਿ[24] ਚਿੰਤਾਮਣਿ[25] ॥

Saints' character[16], the way of life[18] of[17] the Saints and the service[21] of the servant[20] of[19] the Saints, I ask for. I pray[23] for one thing more[22], the desire-fulfiller[25] gem of Thine devotion[24].

ਸਾਧੂਆਂ ਦਾ ਚਾਲ ਚਲਨ[16], ਸਾਧੂਆਂ ਦੀ[17]ਜੀਵਨ ਰਹੁ-ਰੀਤੀ[18] ਅਤੇ ਸਾਧੂਆਂ ਦੇ[19] ਸੇਵਕਾਂ[20] ਦੀ ਸੇਵਾ[21], ਮੈਂ ਮੰਗਦਾ ਹਾਂ । ਮੈਂ ਇੱਕ ਹੋਰ[22] ਸ਼ੈ ਦੀ ਯਾਚਨਾ ਕਰਦਾ[23] ਹਾਂ । ਤੇਰੇ ਅਨੁਰਾਗ[24] ਦਾ ਇੱਛਾ-ਪੂਰਕ[25] ਜਵੇਹਰ ।

ਜਨੀ[26] ਲਖਾਵਹੁ[27] ਅਸੰਤ[28] ਪਾਪੀਸਣਿ[29] ॥੩॥

Show[27] me not[26] the wicked[28] and the sinner[29].

ਪਾਂਬਰ[28] ਅਤੇ ਪਾਪੀ[29] ਮੈਨੂੰ ਨਾ[26] ਵੇਖਾਲ[27] ।

ਰਵਿਦਾਸੁ ਭਣੈ[30] ਜੋ[31] ਜਾਣੈ[32] ਸੋ[33] ਜਾਣੂ[34] ॥ ਸੰਤ[35] ਅਨੰਤਹਿ[36] ਅੰਤਰੁ[37] ਨਾਹੀ ॥੪॥੨॥

Ravidas says[30], "He[33] alone is wise[34] who[31] knows[32] this.
That between the saints[35] and the Infinite[36] Lord, there is no difference[37].

ਰਵਿਦਾਸ ਆਖਦਾ[30] ਹੈ, "ਕੇਵਲ ਓਹੀ[33] ਸਿਆਣਾ[34]ਹੈ, ਜਿਹੜਾ[31] ਇਹ ਜਾਣਦਾ[32] ਹੈ, ਕਿ ਸਾਧੂ[35] ਅਤੇ ਲਾ-ਮਹਿਦੂਦ[36] ਸੁਆਮੀ ਵਿਚਕਾਰ ਕੋਈ ਫ਼ਰਕ[37]ਨਹੀਂ ।

ਆਸਾ ॥

Asa.

ਆਸਾ ।

ਤੁਮ[38] ਚੰਦਨ[39] ਹਮ[40] ਇਰੰਡ[41] ਬਾਪੁਰੇ[42] ਸੰਗਿ[43] ਤੁਮਾਰੇ ਬਾਸਾ[44] ॥

Thou[38] art sandal[39] and I[40] am the poor[42] castor-plant[41], dwelling[44] close[43] to thee.

ਤੂੰ[38] ਚੰਦਨ[39] ਹੈਂ ਅਤੇ ਮੈਂ[40] ਗ਼ਰੀਬ[42] ਰਿੰਡ[41] ਦਾ ਰੁੱਖ ਹਾਂ । ਮੈਂ ਤੇਰੇ ਲਾਗੇ[43] ਵਸਦਾ[44] ਹਾਂ ।

ਨੀਚ[45] ਰੂਖ[46] ਤੇ[47] ਊਚ[48] ਭਏ[49] ਹੈ ਗੰਧ [50]ਸੁਗੰਧ[51] ਨਿਵਾਸਾ[52*] ॥੧॥

From[47] a mean[45] tree[46] I have become[49] sublime[48] and Thine fragrance, exquisite[50] fragrance[51], now, abides[52*] in me.

ਇਕ ਅਧਮ[45] ਬਿਰਛ[46] ਤੋਂ[47] ਮੈਂ ਸ੍ਰੇਸ਼ਟ[48] ਹੋ ਗਿਆ[49] ਹਾਂ, ਤੇਰੀ ਮਹਿਕ, ਮਹਾਨ[50] ਮਹਿਕ[51], ਹੁਣ ਮੇਰੇ ਅੰਦਰ ਵਸਦੀ[52*] ਹੈ ।

[52]ਮਾਧਉ[53] ਸਤ ਸੰਗਤਿ ਸਰਨਿ[54] ਤੁਮ੍ਹਾਰੀ[55] ॥ ਹਮ[56] ਅਉਗਨ[57]ਤੁਮ੍[58]ਉਪਕਾਰੀ[59] ॥੧॥ਰਹਾਉ॥

O Lord[53] of wealth[52], I have sought the protection[54] of Thine[55] saints' congregation. I[56] am meritless[57] and Thou[58] art beneficent[59] Pause.

ਹੇ ਧਨ-ਦੌਲਤ[52] ਦੇ ਸੁਆਮੀ[53] ! ਮੈਂ ਤੇਰੀ[55]ਸਾਧ ਸੰਗਤ ਦੀ ਪਨਾਹ[54] ਲਈ ਹੈ । ਮੈਂ[56] ਗੁਣ-ਵਿਹੂਣ[57] ਹਾਂ ਅਤੇ ਤੂੰ[58] ਉਦਾਰ-ਚਿੱਤ[59] ਹੈਂ ਠਹਿਰਾਉ ।

ਤੁਮ ਮਖਤੂਲ[60] ਸੁਪੇਦ[61] ਸਪੀਅਲ[62] ਹਮ ਬਪੁਰੇ[63] ਜਸ[64] ਕੀਰਾ[65] ॥

Thou art the white[61] and yellow[62] silk-thread[60] and I am like[64] a poor[63] worm[65].

ਤੂੰ ਚਿੱਟਾ[61] ਅਤੇ ਪੀਲਾ[62] ਰੇਸ਼ਮ ਦਾ[60] ਧਾਗਾ ਹੈਂ ਅਤੇ ਮੈਂ ਵਿਚਾਰੇ[63] ਕੀੜੇ[65] ਵਾਂਙੂੰ[64] ਹਾਂ ।

ਸਤ ਸੰਗਤਿ ਮਿਲਿ[66] ਰਹੀਐ ਮਾਧਉ[67] ਜੈਸੇ[68] ਮਧੁਪ[69] ਮਖੀਰਾ[70] ॥੨॥

O Lord[67], one should continue to associate[66] with saints guild, like[68] the bee[70] with its honey[69].

ਹੇ ਸਾਹਿਬ[67] ! ਮੈਂ ਸਾਧ ਸੰਗਤ ਨਾਲ ਐਸ ਤਰ੍ਹਾਂ ਰਮ[66] ਰਿਹਾ ਹਾਂ ਜਿਸ ਤਰ੍ਹਾਂ[68] ਮੱਖੀ[70] ਮਖਿਆਲ[69] ਨਾਲ ।

ਜਾਤੀ[71] ਓਛਾ[72] ਪਾਤੀ[73] ਓਛਾ ਓਛਾ ਜਨਮੁ[74] ਹਮਾਰਾ[75] ॥	My caste[71] is low[72], my lineage[73] (pedigree) is low and low is my[75] birth[74].	ਮੇਰੀ ਜਾਤ[71] ਨੀਵੀਂ[72] ਹੈ, ਮੇਰੀ ਵੰਸ਼[73] ਨੀਵੀਂ ਹੈ ਅਤੇ ਨੀਵੀਂ ਹੈ ਮੇਰੀ[75] ਪੈਦਾਇਸ਼[74]।
ਰਾਜਾ[76] ਰਾਮ[77] ਕੀ ਸੇਵ[78] ਨ ਕੀਨ੍ਹੀ[79] ਕਹਿ[80] ਰਵਿਦਾਸ ਚਮਾਰਾ[81] ॥੩॥੩॥	I have not performed[79] the service[78] of the Sovereign[76] Lord[77]. Says[80] Ravidas, the cobbler[81].	ਮੈਂ ਪ੍ਰਭੂ[77] ਪਾਤਸ਼ਾਹ[76] ਦੀ ਚਾਕਰੀ[78]ਨਹੀਂ ਕਮਾਈ[79]। ਰਵਿਦਾਸ ਚਮਿਆਰ[81] ਆਖਦਾ[80] ਹੈ।
ਆਸਾ ॥	Asa.	ਆਸਾ।
ਕਹਾ ਭਇਓ[82] ਜਉ[83] ਤਨੁ[84] ਭਇਓ ਛਿਨੁ ਛਿਨੁ[85] ॥	What does[82] it matter, if[83] my body[84] is cut into many pieces[85] ?	ਕੀ ਹੋਇਆ[82] ਜੇਕਰ[83] ਮੇਰੀ ਦੇਹ[84] ਟੁਕੜੇ ਟੁਕੜੇ[85] ਕਰ ਦਿੱਤੀ ਜਾਵੇ ?
ਪ੍ਰੇਮੁ[86] ਜਾਇ[87] ਤਉ[88]ਡਰਪੈ[89] ਤੇਰੋ ਜਨੁ[90] ॥੧॥	If I lose[87] Thy love[86], O Lord, then[88] alone Thy slave[90] feels fear[89].	ਜੇਕਰ ਤੇਰੀ ਪ੍ਰੀਤ[86]ਜਾਂਦੀ[87] ਰਹੇ, ਕੇਵਲ ਤਦ[88] ਹੀ ਤੇਰਾ ਗੁਮਾਸ਼ਤਾ[90] ਡਰਦਾ[89] ਹੈ।
ਤੁਝਹਿ[91] ਚਰਨ[92] ਅਰਬਿੰਦ[93] ਭਵਨ[94] ਮਨੁ[95] ॥ ਪਾਨ[96] ਕਰਤ ਪਾਇਓ[97] ਪਾਇਓ ਰਾਮਈਆ[98] ਧਨੁ[99] ॥੧॥ ਰਹਾਉ ॥	Thine[91] lotus[93] feet[92] are the home[94] of my soul[95]. Drinking[96] the Name Nectar, I have obtained[97], I have obtained the Lord's[98] wealth[99]. Pause.	ਤੇਰੇ[91] ਕੰਵਲ[93] ਪੈਰ[92] ਮੇਰੀ ਆਤਮਾ[95] ਦਾ ਘਰ[94]ਹਨ। ਨਾਮ ਅੰਮ੍ਰਿਤ ਨੂੰ ਛਕ[96] ਕੇ ਮੈਂ ਸੁਆਮੀ[98] ਦੀ ਦੌਲਤ[99] ਨੂੰ ਪ੍ਰਾਪਤ[97], ਪ੍ਰਾਪਤ ਕਰ ਲਿਆ ਹੈ। ਠਹਿਰਾਉ।
੪੮੭		
ਸੰਪਤਿ[100] ਬਿਪਤਿ[2] ਪਟਲ[3] ਮਾਇਆ[4] ਧਨੁ[5] ॥ ਤਾ[6] ਮਹਿ[7] ਮਗਨ[8] ਹੋਤ ਨ ਤੇਰੋ ਜਨੁ[9] ॥੨॥	Prosperity[100], adversity[2], property[4] and wealth[5] are but the delusions[3]. In[7] them[6] Thy servant[9], O Lord is absorbed[8] not.	ਇਕਬਾਲ[100], ਮੁਸੀਬਤ[2], ਜਾਇਦਾਦ[4] ਅਤੇ ਦੌਲਤ[5] ਕੇਵਲ ਧੋਖੇ[3] ਹੀ ਹਨ। ਇਨ੍ਹਾਂ[6] ਅੰਦਰ[7] ਤੇਰਾ ਸੇਵਕ[9], ਹੇ ਸਾਹਿਬ ! ਲੀਨ[8] ਨਹੀਂ ਹੁੰਦਾ।
ਪ੍ਰੇਮ[10] ਕੀ ਜੇਵਰੀ[12]ਬਾਧਿਓ[13] ਤੇਰੋ ਜਨ[14] ॥	Thy slave[14] is bound[13] with the rope[12] of Thy love[10].	ਤੇਰਾ ਗੋਲਾ[14] ਤੇਰੀ ਪ੍ਰੀਤ[10] ਦੇ ਰੱਸੇ[12] ਨਾਲ ਜਕੜਿਆ ਹੋਇਆ[13] ਹੈ।
ਕਹਿ ਰਵਿਦਾਸ ਛੂਟਿਬੋ[15] ਕਵਨ[16] ਗੁਨ[17] ॥੩॥੪॥	Says Ravidas, what[16] advantage[17] is it to escape[15] therefrom ?	ਰਵਿਦਾਸ ਜੀ ਆਖਦੇ ਹਨ ਕਿ ਇਸ ਤੋਂ ਖ਼ਲਾਸੀ[15] ਪਾਉਣ ਦਾ ਕੀ[16] ਫ਼ਾਇਦਾ[17] ਹੈ ?
ਆਸਾ ॥	Asa.	ਆਸਾ।
ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥ ਹਰਿ ਸਿਮਰਤ[18] ਜਨ[19] ਗਏ ਨਿਸਤਰਿ[20] ਤਰੇ[21] ॥੧॥ ਰਹਾਉ ॥	God, God, God, God, God, God,God. By meditating[18] on God, the saints[19] and sinners[20] swim across[21]. Pause.	ਰਾਮ, ਰਾਮ, ਰਾਮ, ਰਾਮ, ਰਾਮ, ਰਾਮ, ਰਾਮ। ਵਾਹਿਗੁਰੂ ਦਾ ਆਰਾਧਨ ਕਰਨ ਦੁਆਰਾ[18], ਸਾਧੂ[19] ਤੇ ਪਾਪੀ[20] ਪਾਰ ਉਤਰ ਜਾਂਦੇ[21] ਹਨ। ਠਹਿਰਾਉ।
ਹਰਿ ਕੇ ਨਾਮ ਕਬੀਰ ਉਜਾਗਰ[22] ॥	By God's Name, Kabir became renowned[22].	ਰੱਬ ਦੇ ਨਾਮ ਦੁਆਰਾ ਕਬੀਰ ਨਾਮਵਰ[22] ਹੋ ਗਿਆ।
ਜਨਮ ਜਨਮ[23] ਕੇ ਕਾਟੇ[24] ਕਾਗਰ[25] ॥੧॥	The account papers[25] of his past births[23] were torn[24] up.	ਉਸ ਦੇ ਪੂਰਬਲੇ ਜਨਮਾਂ[23] ਦੇ ਲੇਖੇ ਪੱਤੇ ਦੇ ਕਾਗਜ਼[25] ਪਾੜ ਦਿਤੇ[24] ਗਏ।

ਨਿਮਤ[26] ਨਾਮਦੇਉ ਦੂਧੁ[27] ਪੀਆਇਆ[28]॥ ਤਉ[29]ਜਗ[30] ਜਨਮ[31] ਸੰਕਟ[32] ਨਹੀ ਆਇਆ[33] ॥੨॥	As a token[26] of devotion, Nam Dev made the Master drink[28] milk[27], wherefore[29] he suffered[33] not the pain[32] of being born[31], again, in the world[30].	ਭਗਤੀ ਦੀ ਨਿਸ਼ਾਨੀ[26] ਵਜੋਂ ਨਾਮ ਦੇਵ ਨੇ ਮਾਲਕ ਨੂੰ ਦੂਧ[27] ਛਕਾਇਆ[28], ਇਸ ਲਈ[29], ਉਸ ਨੇ ਮੁੜ ਕੇ ਜਗਤ[30] ਅੰਦਰ ਪੈਦਾ ਹੋਣ ਦਾ[31] ਦੂਖ[32] ਨਹੀਂ ਉਠਾਇਆ[33]।
ਜਨ[34] ਰਵਿਦਾਸ ਰਾਮ[35] ਰੰਗਿ[36] ਰਾਤਾ[37] ॥	Slave[34] Ravidas is imbued[37] with Lord's[35] love[36].	ਗੋਲਾ[34] ਰਵਿਦਾਸ ਪ੍ਰਭੂ[35] ਦੀ ਪ੍ਰੀਤ[36] ਨਾਲ ਰੰਗਿਆ ਗਿਆ[37] ਹੈ।
ਇਉ[38] ਗੁਰ ਪਰਸਾਦਿ[39] ਨਰਕ[40] ਨਹੀ ਜਾਤਾ[41] ॥ ੩॥੫॥	By Guru's grace[39], like this[38] he shall not go[41] to hell[40].	ਗੁਰਾਂ ਦੀ ਦਇਆ ਦੁਆਰਾ[39], ਉਹ ਇਸ ਤਰ੍ਹਾਂ[38] ਦੋਜ਼ਕ[40] ਨੂੰ ਨਹੀਂ ਜਾਵੇਗਾ[41]।
ਆਸਾ ॥	Asa.	ਆਸਾ।
ਮਾਟੀ[42] ਕੋ ਪੁਤਰਾ[43] ਕੈਸੇ[44] ਨਚਤੁ[45] ਹੈ ॥	The puppet[43] of clay[42], how[44] does it dance[45]?	ਮਿੱਟੀ[42] ਦਾ ਪੁਤਲਾ[43], ਇਹ ਕਿਸ ਤਰ੍ਹਾਂ[44] ਨਿਰਤਕਾਰੀ ਕਰਦਾ[45] ਹੈ।
ਦੇਖੈ[46] ਦੇਖੈ ਸੁਨੈ[47] ਬੋਲੈ[48] ਦਉਰਿਓ[49] ਫਿਰਤੁ ਹੈ ॥ ੧॥ਰਹਾਉ॥	He beholds[46], beholds, hears[47], speaks[48] and runs about[49]. Pause.	ਉਹ ਵੇਖਦਾ[46] ਹੈ, ਵੇਖਦਾ ਹੈ, ਸੁਣਦਾ[47] ਹੈ, ਬੋਲਦਾ[48] ਹੈ ਅਤੇ ਭੱਜਿਆ ਫਿਰਦਾ[49] ਹੈ। ਠਹਿਰਾਉ।
ਜਬ[50] ਕਛੂ[53] ਪਾਵੈ ਤਬ[51] ਗਰਬੁ[52] ਕਰਤੁ ਹੈ ॥	When[50] he acquires something[53], he is inflated with ego[52], then[51].	ਜਦ ਉਹ[50] ਕੁਝ[53] ਪ੍ਰਾਪਤ ਕਰ ਲੈਂਦਾ ਹੈ, ਤਦ[51] ਉਹ ਹੰਕਾਰ[52] ਕਰਦਾ ਹੈ।
ਮਾਇਆ[53*] ਗਈ[54] ਤਬ[55] ਰੋਵਨੁ[56] ਲਗਤੁ ਹੈ ॥੧॥	When his wealth[53*] is gone[54], then[55] he begins to bewail[56].	ਜਦ ਉਸ ਦਾ ਧਨ[53*] ਚਲਿਆ ਜਾਂਦਾ[54] ਹੈ, ਤਾਂ[55] ਉਹ ਰੋਣ ਲੱਗ ਜਾਂਦਾ[56] ਹੈ।
ਮਨ[57] ਬਚ[58] ਕ੍ਰਮ[59] ਰਸ ਕਸਹਿ[60] ਲੁਭਾਨਾ[61] ॥	In thought[57], word[58] and deed[59] he is attached[61] to the sweet and saltish[60] savours.	ਖ਼ਿਆਲ[57], ਬਚਨ[58] ਅਤੇ ਅਮਲ[59] ਕਰ ਕੇ, ਉਹ ਮਿੱਠੇ ਤੇ ਸਲੂਣੇ[60] ਸੁਆਦਾਂ ਨਾਲ ਜੁੜਿਆ ਹੋਇਆ[61] ਹੈ।
ਬਿਨਸਿ[62] ਗਇਆ ਜਾਇ[63] ਕਹੂੰ[64] ਸਮਾਨਾ[65] ॥੨॥	When he dies[62], he goes[63] and is contained[65] elsewhere[64].	ਜਦ ਉਹ ਮਰ ਜਾਂਦਾ[62] ਹੈ, ਉਹ ਜਾ ਕੇ[63] ਕਿਸੇ ਥਾਂ[64] ਲੀਨ ਹੋ ਜਾਂਦਾ[65] ਹੈ।
ਕਹਿ ਰਵਿਦਾਸ[68] ਬਾਜੀ[66] ਜਗੁ[67] ਭਾਈ[69] ॥	Says[68] Ravidas, the world[67] is a play[66], my brethren[69].	ਰਵਿਦਾਸ ਜੀ ਆਖਦੇ[68] ਹਨ, ਸੰਸਾਰ[67] ਇਕ ਖੇਡ[66] ਹੈ, ਮੇਰੇ ਵੀਰਨੋ[69]!
ਬਾਜੀਗਰ[74] ਸਉ[70] ਮੁਹਿ[71] ਪ੍ਰੀਤਿ[72] ਬਨਿ ਆਈ[73] ॥੩॥ ੬॥	I[71] have contracted[73] affection[72] with[70] the Lord, the Prime-player[74].	ਪ੍ਰਧਾਨ ਖਿਡਾਰੀ[74] ਪ੍ਰਭੂ ਨਾਲ[70] ਮੇਰਾ[71] ਪਿਆਰ[72] ਪੈ ਗਿਆ[73] ਹੈ।
ਆਸਾ ਬਾਣੀ[76] ਭਗਤ[75] ਧੰਨੇ ਜੀ[77] ਕੀ	Asa. Hymns[76] of Reverend[77] Saint[75] Dhanna.	ਆਸਾ ਸ਼ਬਦ[76] ਪੂਜਜ[77] ਭਗਤ[75] ਧੰਨਾ ਜੀ
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।

ਭ੍ਰਮਤ ਫਿਰਤ[78] ਬਹੁ[79] ਜਨਮ ਬਿਲਾਨੇ[80] ਤਨੁ[81] ਮਨੁ[82] ਧਨ[83] ਨਹੀ ਧੀਰੇ[84] ॥

In wandering[78] about, many[79] births have passed[80], but the body[81], mind[82] and wealth[83] remain not steady[84].

ਭਟਕਣ[78] ਅੰਦਰ ਘਣੇਰੇ[79] ਜਨਮ ਬੀਤ ਗਏ[80] ਹਨ। ਦੇਹ[81], ਆਤਮਾ[82] ਅਤੇ ਦੌਲਤ[83] ਸਥਿਰ[84] ਨਹੀਂ ਰਹਿੰਦੀਆਂ।

ਲਾਲਚ[85] ਬਿਖੁ[86] ਕਾਮ[87] ਲੁਬਧ[88] ਰਾਤਾ[89] ਮਨਿ[90] ਬਿਸਰੇ[91] ਪ੍ਰਭ ਹੀਰੇ[92] ॥੧॥ ਰਹਾਉ ॥

Attached[88] to and stained[89] with the poison[86] of greed[85] and lust[87], mortal has forgotten[91] from his mind[90] Lord, the jewel[92]. Pause.

ਲੋਭ[85] ਅਤੇ ਵਿਸ਼ੇ ਭੋਗਾਂ[87] ਦੀ ਜ਼ਹਿਰ[86] ਨਾਲ ਜੁੜ[88] ਅਤੇ ਰੰਗੀਜ[89] ਕੇ, ਪ੍ਰਾਣੀ ਨੇ ਸੁਆਮੀ, ਜਵੇਹਰ[92] ਨੂੰ ਚਿੱਤੋਂ[90] ਭੁਲਾ[91] ਦਿੱਤਾ ਹੈ। ਠਹਿਰਾਉ।

ਬਿਖੁ[93] ਫਲ[94] ਮੀਠ[95] ਲਗੇ ਮਨ[96] ਬਉਰੇ[97] ਚਾਰ[98] ਬਿਚਾਰ[99] ਨ ਜਾਨਿਆ[100]॥

The fruit[94] of sin[93] is sweet[95] to the demented[97] soul[96] and it realises[100] not the Lord's sublime[98] meditation[99].

ਪਗਲੀ[97] ਆਤਮਾ[96] ਨੂੰ ਪਾਪ[93] ਦਾ ਮੇਵਾ[94] ਮਿੱਠਾ[95] ਲਗਦਾ ਹੈ ਅਤੇ ਇਹ ਸੁਆਮੀ ਦੇ ਸ੍ਰੇਸ਼ਟ[98] ਸਿਮਰਨ[99] ਨੂੰ ਅਨੁਭਵ ਨਹੀਂ ਕਰਦੀ[100]।

ਗੁਨ[2] ਤੇ[3] ਪ੍ਰੀਤਿ[4] ਬਢੀ[5] ਅਨ[6] ਭਾਂਤੀ[7] ਜਨਮ[8] ਮਰਨ[9] ਫਿਰਿ[10] ਤਾਨਿਆ[12] ॥੧॥

Turning away from[3] virtue[2], his love[4] for other[6] kinds[7] of sin increases[5] and he, again[10] weaves[12] the web of birth[8] and death[9].

ਨੇਕੀ[2] ਤੋਂ[3] ਪਰੇ ਹੋ, ਪਾਪ ਦੀਆਂ ਹੋਰ[6] ਕਿਸਮਾਂ[7] ਲਈ ਉਸ ਦਾ ਪਿਆਰ[4] ਵਧੇਰੇ ਹੋ ਜਾਂਦਾ[5] ਹੈ ਅਤੇ ਉਹ ਮੁੜ[10] ਜੰਮਣ[8] ਮਰਨ[9] ਦਾ ਤਾਣਾ ਤਣਦਾ[12] ਹੈ।

ਜੁਗਤਿ[13] ਜਾਨਿ[14] ਨਹੀ ਰਿਦੈ[15] ਨਿਵਾਸੀ[16] ਜਲਤ[17] ਜਾਲ[18] ਜਮ[19] ਫੰਧ[20] ਪਰੇ[21]॥

He knows[14] not the way[13] to the Lord who abides[16] in the mind[15], and burning[17] in the trap[18] of worldly love, he falls[21] into death's[19] noose[20].

ਉਸ ਸਾਂਈਂ ਦੇ ਰਸਤੇ[13] ਨੂੰ ਨਹੀਂ ਜਾਣਦਾ[14] ਜੋ ਹਿਰਦੇ[15] ਅੰਦਰ ਵਸਦਾ[16] ਹੈ। ਮੋਹ ਦੇ ਫੰਦੇ[18] ਵਿਚ ਸੜਦਾ ਹੋਇਆ[17] ਉਹ ਮੌਤ ਦੀ[19] ਫਾਹੀ[20] ਵਿਚ ਜਾ ਫਸਦਾ[21] ਹੈ।

ਬਿਖੁ[22] ਫਲ[23] ਸੰਚਿ[24] ਭਰੇ[25] ਮਨ[26] ਐਸੇ[27] ਪਰਮ[28]ਪੁਰਖ[29] ਪ੍ਰਭ ਮਨ[30] ਬਿਸਰੇ[31] ॥੨॥

Amassing[24] the fruits[23] of sins[22], man so[27] fills[25] his heart[26] with them, that in his mind[30] he forgets[31] the Lord, the Supreme[28] Being[29].

ਪਾਪਾਂ[22] ਦੇ ਮੇਵਿਆਂ[23] ਨੂੰ ਇਕੱਤਰ ਕਰਕੇ[24], ਆਦਮੀ ਉਨ੍ਹਾਂ ਦੇ ਨਾਲ ਆਪਣੇ ਦਿਲ[26] ਨੂੰ ਐਸ ਤਰ੍ਹਾਂ[27] ਭਰਦਾ[25] ਹੈ ਕਿ ਆਪਣੇ ਚਿੱਤ[30] ਅੰਦਰ ਉਹ ਸੁਆਮੀ ਦੀ ਮਹਾਨ[28] ਵਿਅਕਤੀ[29] ਨੂੰ ਭੁਲ ਜਾਂਦਾ[31] ਹੈ।

ਗਿਆਨ[32] ਪ੍ਰਵੇਸੁ[33] ਗੁਰਹਿ ਧਨੁ[34] ਦੀਆ[35] ਧਿਆਨੁ[36] ਮਾਨੁ[37] ਮਨ[38] ਏਕ ਮਏ[39] ॥

When the Guru gives[35] the wealth[34] of the entry[33] into Divine Knowledge[32] enjoying[37] Lord's meditation[36] the man[38] becomes one[39] with Him.

ਜਦ ਗੁਰੂ ਜੀ ਬ੍ਰਹਿਮ[32] ਬੀਚਾਰ ਅੰਦਰ ਰਸਾਈ[33] ਦੀ ਦੌਲਤ[34] ਬਖ਼ਸ਼ਦੇ[35] ਹਨ, ਤਾਂ ਸਾਂਈਂ ਦੇ ਸਿਮਰਨ[36] ਨੂੰ ਮਾਣ[37] ਕੇ, ਬੰਦਾ[38] ਉਸ ਨਾਲ ਇੱਕ-ਮਿੱਕ ਹੋ ਜਾਂਦਾ[39] ਹੈ।

ਪ੍ਰੇਮ ਭਗਤਿ[40] ਮਾਨੀ[41] ਸੁਖੁ[42] ਜਾਨਿਆ[43] ਤ੍ਰਿਪਤਿ[44] ਅਘਾਨੇ[45] ਮੁਕਤਿ[46] ਭਏ ॥ ੩॥

By embracing[41] the Lord's love-worship[40], I have realised[43] the mental peace[42] and thus being sated[44]satiated[45], I have become emancipated[46].

ਪ੍ਰਭੂ ਦੀ ਪਿਆਰੀ ਉਪਾਸ਼ਨਾ[40] ਧਾਰਨ[41] ਕਰਨ ਦੁਆਰਾ ਮੈਂ ਆਤਮਕ[42] ਆਰਾਮ ਨੂੰ ਅਨੁਭਵ[43] ਕਰ ਲਿਆ ਹੈ ਅਤੇ ਇਸ ਤਰ੍ਹਾਂ ਰੱਜ[44] ਤੇ ਧਰਾਪ[45] ਕੇ ਮੈਂ ਮੋਖ਼ਸ਼ ਹੋ ਗਿਆ[46] ਹਾਂ।

ਜੋਤਿ[47] ਸਮਾਇ[48] ਸਮਾਨੀ[49] ਜਾਕੈ[50] ਅਛਲੀ[51] ਪ੍ਰਭੁ ਪਹਿਚਾਨਿਆ[52] ॥

He, within whom[50] is diffused[48] and contained[49] the Divine Light[47] recognises[52] the undeceivable[51] Lord.

ਜਿਸ[50] ਦੇ ਅੰਦਰ ਰੱਬੀ ਪ੍ਰਕਾਸ਼[47] ਰਮਿਆ[48] ਤੇ ਲੀਨ ਹੋਇਆ ਹੋਇਆ[49] ਹੈ ਉਹ ਨਾ-ਛਲੇ ਜਾਣ ਵਾਲੇ[51] ਸੁਆਮੀ ਨੂੰ ਸਿੰਞਾਣ ਲੈਂਦਾ[52] ਹੈ।

ਧੰਨੈ ਧਨੁ[53] ਪਾਇਆ ਧਰਣੀ[54] ਧਰੁ[55] ਮਿਲਿ

Dhanna has obtained, the World[54]-sustainer[55] Lord as his wealth[53], and

ਧੰਨੇ ਨੇ, ਸ੍ਰਿਸ਼ਟੀ[54] ਨੂੰ ਥੰਮ੍ਹਣਹਾਰ[55] ਸੁਆਮੀ ਨੂੰ ਆਪਣੀ ਦੌਲਤ[53] ਵਜੋਂ ਪ੍ਰਾਪਤ ਕੀਤਾ ਹੈ ਅਤੇ ਸਾਧੂ ਸੁਭਾਅ[57]

ਜਨ[56] ਸੰਤ[57] ਸਮਾਨਿਆ[58] ॥ ੪॥੧॥	meeting the saintly[57] persons[56], he is merged[58] into Him.	ਪੁਰਸ਼ਾਂ[56] ਨਾਲ ਮਿਲ ਕੇ ਉਹ ਉਸ ਵਿਚ ਲੀਨ ਹੋ ਗਿਆ[58] ਹੈ ।
ਮਹਲਾ ੫ ॥	5th Guru.	ਪੰਜਵੀਂ ਪਾਤਸ਼ਾਹੀ ।
ਗੋਬਿੰਦ ਗੋਬਿੰਦ [59]ਗੋਬਿੰਦ[60] ਸੰਗਿ ਨਾਮਦੇਉ ਮਨੁ[61] ਲੀਣਾ[62] ॥	In the Lord, the Lord, the Lord[60] of the world[59], was Nam Dev's soul[61] absorbed[62].	ਸੁਆਮੀ, ਸੁਆਮੀ, ਸ੍ਰਿਸ਼ਟੀ[59] ਦੇ ਸੁਆਮੀ[60], ਅੰਦਰ ਨਾਮ ਦੇਵ ਦੀ ਆਤਮਾ[61] ਸਮਾ ਗਈ[62] ।
ਆਢੁ[63] ਦਾਮ[64] ਕੋ ਛੀਪਰੋ[65] ਹੋਇਓ ਲਾਖੀਣਾ[66] ॥੧॥ ਰਹਾਉ ॥	A calico-printer[65], worth half[63] a shell[64], became worth-lakhs[66]. Pause.	ਅੱਧੀ[63] ਕੌਡੀ[64] ਦਾ ਛੀਂਬਾ[65] ਲੱਖਾਂ-ਪਤੀ[66]ਬਣ ਗਿਆ । ਠਹਿਰਾਉ ।
ਬੁਨਨਾ[67] ਤਨਨਾ[68]ਤਿਆਗਿ[69] ਕੈ ਪ੍ਰੀਤਿ[70]ਚਰਨ[71] ਕਬੀਰਾ ॥	Abandoning[69] weaving[67] and stretching[68] thread, Kabir enshrined love[70] for Lord's feet[71].	ਉਣਨਾ[67] ਅਤੇ ਤਣਨਾ[68] ਛੱਡ ਕੇ[69], ਕਬੀਰ ਨੇ ਸਾਹਿਬ ਦੇ ਪੈਰਾਂ[71] ਨਾਲ ਪਿਆਰ ਪਾ ਲਿਆ[70] ।
ਨੀਚ[72] ਕੁਲਾ[73] ਜੋਲਾਹਰਾ[74] ਭਇਓ ਗੁਨੀਯ[75] ਗਹੀਰਾ[76] ॥੧॥	A weaver[74] of low[72] family[73], he became an ocean[76] of excellences[75].	ਨੀਵੇਂ[72] ਘਰਾਣੇ[73] ਦਾ ਜੁਲਾਹਾ[74], ਉਹ ਬਜ਼ੁਰਗੀਆਂ[75] (ਗੁਣਾਂ) ਦਾ ਸਮੁੰਦਰ[76] ਹੋ ਗਿਆ ।
ਰਵਿਦਾਸੁ ਢੁਵੰਤਾ[77] ਢੋਰ[78] ਨੀਤਿ[79] ਤਿਨ੍ਹਿ[80] ਤਿਆਗੀ[81] ਮਾਇਆ[82] ॥	Ravidas, who daily[79] used to carry[77] dead cattle[78], he[80] abandoned[81] the worldly affairs[82].	ਰਵਿਦਾਸ ਜੋ ਨਿਤਾਪ੍ਰਤੀ[79] ਮਰੇ ਹੋਏ ਪਸ਼ੂ[78] ਢੋਂਦਾ ਹੁੰਦਾ[77] ਸੀ, ਉਸ[80] ਨੇ ਸੰਸਾਰੀ ਧੰਦੇ[82] ਛੱਡ ਦਿਤੇ[81] ।
ਪਰਗਟੁ[83] ਹੋਆ ਸਾਧਸੰਗਿ ਹਰਿ ਦਰਸਨੁ[84] ਪਾਇਆ ॥ ੨ ॥	He became renowned[83] in the company of saints and obtained a sight[84] of God.	ਉਹ ਸੰਤਾਂ ਦੀ ਸੰਗਤ ਅੰਦਰ ਨਾਮਵਰ[83] ਹੋ ਗਿਆ ਅਤੇ ਉਸ ਨੇ ਵਾਹਿਗੁਰੂ ਦਾ ਦੀਦਾਰ[84] ਪਾ ਲਿਆ ।
ਸੈਨੁ ਨਾਈ[85] ਬੁਤ ਕਾਰੀਆ[88] ਓਹੁ ਘਰਿ ਘਰਿ[86] ਸੁਨਿਆ[87] ॥	Sain barber[85], the village drudge[88], became known[87] in every house[86].	ਸੈਣ ਨਾਈ[85], ਪਿੜ ਦੀਆਂ ਬੁੱਤੀਆਂ ਕਰਨ ਵਾਲਾ[88] ਹਰ ਇੱਕ ਗ੍ਰਿਹ[86] ਵਿਚ ਪ੍ਰਸਿੱਧ ਥੀ ਗਿਆ[87] ।
੪੮੮		
ਹਿਰਦੈ[89] ਵਸਿਆ[90] ਪਾਰਬ੍ਰਹਮੁ[91] ਭਗਤਾ[92] ਮਹਿ[93] ਗਨਿਆ[94] ॥੩॥	The supreme Lord[91] dwelt[90] in his mind[89] and he was counted[94] among[93] the saints[92].	ਸ੍ਰੇਸ਼ਟੀ ਪ੍ਰਮਾਤਮਾ[91] ਨੇ ਉਸ ਦੇ ਮਨ[89] ਅੰਦਰ ਨਿਵਾਸ ਕਰ ਲਿਆ[90] ਤੇ ਉਹ ਸਾਧੂਆਂ[92] ਵਿੱਚ[93] ਗਿਣਿਆ ਗਿਆ[94] ।
ਇਹ ਬਿਧਿ[95] ਸੁਨਿ[96] ਕੈ ਜਾਟਰੋ[97] ਉਠਿ ਭਗਤੀ[99] ਲਾਗਾ[98] ॥	Hearing[96] in this way[95], the jat[97] applied himself[98] to Lord's meditation[99].	ਇਸ ਤਰ੍ਹਾਂ[95] ਸੁਣ ਕੇ[96], ਜੱਟ[97], ਪ੍ਰਭੂ ਦੇ ਸਿਮਰਨ[99] ਵਿਚ ਜੁੱਟ ਗਿਆ[98] ।
ਮਿਲੇ ਪ੍ਰਤਖਿ[100] [2]ਗੁਸਾਈਆ[3] ਧੰਨਾ ਵਡਭਾਗਾ[4] ॥੪॥੨॥	God, the Lord[3] of the world[2], met him, in person[100] and Dhanna became supremely fortunate[4].	ਸ੍ਰਿਸ਼ਟੀ[2] ਦਾ ਸੁਆਮੀ[3], ਵਾਹਿਗੁਰੂ, ਉਸ ਨੂੰ ਸਾਖਸ਼ਾਤ[100] ਹੋ ਕੇ ਮਿਲਿਆ ਅਤੇ ਧੰਨਾ ਪਰਮ ਚੰਗੇ ਨਸੀਬਾਂ ਵਾਲਾ[4] ਹੋ ਗਿਆ ।
ਰੇ[5] ਚਿਤ[6] ਚੇਤਸਿ[7] ਕੀ[8] ਨ	O[5] my soul[6], why[8] rememberest[7]	ਹੇ[5] ਮੇਰੀ ਜਿੰਦੜੀਏ[6] ! ਤੂੰ ਕਿਉਂ[8] ਪੇਟ[12] ਤੇ ਧਾਗਾ

ਦਯਾਲ[9] [10]ਦਮੋਦਰ[12] ਬਿਬਹਿ[13] ਨ ਜਾਨਸਿ[14] ਕੋਈ ॥	thou not the merciful[9] Lord, the belly[12] cord-weaver[10]? Recognise[14] thou not any other[13].	ਪਾਉਣ ਵਾਲੇ[10] ਮਿਹਰਬਾਨ[9] ਮਾਲਕ ਦਾ ਸਿਮਰਨ[7]ਨਹੀਂ ਕਰਦੀ ? ਤੂੰ ਕਿਸੇ ਹੋਰਸ[13] ਦੀ ਸਿਞਾਣ[14] ਹੀ ਨਾ ਕੱਢ ।
ਜੇ[15] ਧਾਵਹਿ[16] ਬ੍ਰਹਮੰਡ[17] ਖੰਡ[18] ਕਉ ਕਰਤਾ[19] ਕਰੈ[20] ਸੁ[21] ਹੋਈ[22] ॥੧॥ਰਹਾਉ॥	Though[15] thou mayest run through[16] the universe[17] and the continents[18], that[21] alone happens[22] what the Creator[19] does[20]. Pause.	ਭਾਵੇਂ[15] ਤੂੰ ਆਲਮ[17] ਅਤੇ ਮਹਾਂ[18] ਦੀਪਾਂ ਅੰਦਰ ਭੱਜਾ ਫਿਰੇਂ[16], ਕੇਵਲ ਓਹੀ[21] ਹੁੰਦਾ[22] ਹੈ, ਜੋ ਸਿਰਜਣਹਾਰ[19] ਕਰਦਾ[20] ਹੈ । ਠਹਿਰਾਉ ।
ਜਨਨੀ[23] ਕੇਰੇ[24] ਉਦਰ[25] ਉਦਕ[26] ਮਹਿ[27] ਪਿੰਡ[28] ਕੀਆ[29] ਦਸ ਦੁਆਰਾ[30] ॥	He built[29] the body[28] having ten gates[30], in[27] the water[26] of[24] the mother's[23] womb[25].	ਉਸ ਨੇ ਦਸਾਂ ਦਰਵਾਜ਼ਿਆ[30] ਵਾਲੀ ਦੇਹ[28] ਮਾਤਾ[23] ਦੇ[24] ਰਹਮ[25] ਦੇ ਪਾਣੀ[26] ਅੰਦਰ[27] ਬਣਾਈ[29] ।
ਦੇਇ[31] ਅਹਾਰੁ[32] ਅਗਨਿ[33] ਮਹਿ ਰਾਖੈ[34] ਐਸਾ[35] ਖਸਮੁ[36] ਹਮਾਰਾ[37] ॥੧॥	He gives[31] it sustenance[32] and preserves[34] it in fire[33], such[35] is my[37] Lord[36].	ਅੱਗ[33] ਅੰਦਰ ਉਹ ਇਸ ਨੂੰ ਭੋਜਨ[32] ਦਿੰਦਾ[31] ਹੈ ਤੇ ਇਸ ਦੀ ਰੱਖਿਆ ਕਰਦਾ[34] ਹੈ । ਐਹੋ ਜੇਹਾ[35] ਹੈ ਮੇਰਾ[37] ਸੁਆਮੀ[36] ।
ਕੂੰਮੀ[38] ਜਲ[39] ਮਾਹਿ[40]ਤਨ[41] ਤਿਸੁ[42] ਬਾਹਰਿ[43] ਪੰਖ[44] ਖੀਰੁ[45] ਤਿਨ[46] ਨਾਹੀ ॥	The she-tortoise[38] is in[40] water[39] and her[42] young ones[41] are outside[43] the water. They[46] are neither protected by mother's wings[44], nor fed upon her milk[45].	ਕਛੂ-ਕੂੰਮੀ[38] ਪਾਣੀ[39] ਵਿਚ[40] ਹੈ । ਉਸ[42] ਦੇ ਬੱਚੇ[41] ਪਾਣੀ ਤੋਂ ਬਾਹਰਵਾਰ[43] ਹਨ । ਉਨ੍ਹਾਂ[46] ਦੀ ਰਖਵਾਲੀ ਨਾ ਹੀ ਮਾਂ ਦੇ ਖੰਭਾ[44] ਨਾਲ ਹੁੰਦੀ ਹੈ ਅਤੇ ਨਾ ਹੀ ਉਨ੍ਹਾਂ ਦੀ ਪ੍ਰਤਿਪਾਲਣਾ ਉਸ ਦੇ ਦੁੱਧ[45] ਨਾਲ ।
ਪੂਰਨ[47] [48]ਪਰਮਾਨੰਦ[49] ਮਨੋਹਰ[50] ਸਮਝਿ[51] ਦੇਖੁ[52] ਮਨ[53] ਮਾਹੀ[54] ॥੨॥	The Omnipresent[47], embodiment of supreme[48] bliss[49] and fascinating[50] Lord nourishes them. Understand[51] and see[52] this in[54] thy mind[53].	ਸਰਬ-ਵਿਆਪਕ[47], ਮਹਾਨ[48] ਪਰਸੰਨਤਾ ਸਰੂਪ[49] ਅਤੇ ਮਨਮੋਹਨ[50] ਸੁਆਮੀ ਉਨ੍ਹਾਂ ਦੀ ਪਾਲਣਾ-ਪੋਸਣਾ ਕਰਦਾ ਹੈ । ਆਪਣੇ ਚਿੱਤ[53] ਅੰਦਰ[54] ਇਸ ਨੂੰ ਸੋਚ-ਵਿਚਾਰ[51] ਅਤੇ ਵੇਖ[52] ।
ਪਾਖਣਿ[55] ਕੀਟੁ[56] ਗੁਪਤੁ[57] ਹੋਇ ਰਹਤਾ[58] ਤਾ ਚੋ[59] ਮਾਰਗੁ[60] ਨਾਹੀ ॥	The worm[56] lives[58] hidden[57] in a stone[55], and for him[59] there is no way[60] of escape.	ਪੱਥਰ[55] ਵਿਚ ਕੀੜਾ[56] ਲੁੱਕਿਆ[57] ਹੋਇਆ ਰਹਿੰਦਾ[58] ਹੈ । ਉਸ[59] ਲਈ ਨਿਕਲਣ ਦਾ ਕੋਈ ਰਸਤਾ[60] ਨਹੀਂ ।
ਕਹੈ[67] ਧੰਨਾ ਪੂਰਨ[61] ਤਾਹੂ[62] ਕੋ ਮਤ[63] ਰੇ[64] ਜੀਅ[65] ਡਰਾਂਹੀ[66] ॥੩॥੩॥	Says[67] Dhanna, the Lord fills[61] him[62]. Fear[66] not[63], O[64] my soul[65].	ਧੰਨਾ ਆਖਦਾ[67] ਹੈ, ਸੁਆਮੀ ਉਸ ਨੂੰ[62] ਪਰੀਪੂਰਨ ਕਰਦਾ[61] ਹੈ । ਹੇ[64] ਮੇਰੀ ਜਿੰਦੜੀਏ[65], ਤੂੰ ਡੋਲ[66] ਨਾ[63] ਕਰ ।
ਆਸਾ ਸੇਖ ਫਰੀਦ ਜੀਉ[68] ਕੀ ਬਾਣੀ[69]	Asa. Hymns[69] of Venerable[68] Sheik Farid.	ਆਸਾ ਸ਼ਬਦ[69] ਪੂਜਯ[68] ਸ਼ੇਖ ਫਰੀਦ ਜੀ ।
੧ ੴ ਸਤਿਗੁਰ ਪ੍ਰਸਾਦਿ ॥	There is but One God By True Guru's grace He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ ।

ਦਿਲਹੁ[70] ਮੁਹਬਤਿ[71] ਜਿੰਨ੍ ਸੇਈ[72] ਸਚਿਆ[73] ॥	They[72] alone, who have heart[70] felt love[71] for the Lord are the true persons[73].	ਕੇਵਲ ਉਹੀ[72] ਸੱਚੇ ਪੁਰਸ਼[73] ਹਨ, ਜਿਨ੍ਹਾਂ ਦਾ ਸਾਹਿਬ ਨਾਲ ਦਿਲੀ[70] ਪ੍ਰੇਮ[71] ਹੈ।
ਜਿਨ੍ ਮਨਿ[74] ਹੋਰੁ[75] ਮੁਖਿ[76] ਹੋਰੁ[77] ਸਿ[78] ਕਾਂਢੇ[79] ਕਚਿਆ[80] ॥੧॥	They[78], who have one thing[75] in their heart[74] and another[77] in their mouth[76], are accounted[79] false[80].	ਜਿਨ੍ਹਾਂ ਦੇ ਦਿਲ[74] ਵਿਚ ਇੱਕ ਗੱਲ[75] ਹੈ ਅਤੇ ਮੂੰਹ[76] ਵਿੱਚ ਹੋਰਸੁ ਕੋਈ[77], ਉਹ[78] ਕੂੜੇ[80] ਕਹੇ ਜਾਂਦੇ[79] ਹਨ।
ਰਤੇ[81] ਇਸਕ[82] ਖੁਦਾਇ[83] ਰੰਗਿ[84] ਦੀਦਾਰ[85] ਕੇ ॥	They, who are imbued[81] with Lord's[83] love[82], remain delighted[84] with His sight[85].	ਜੋ ਪ੍ਰਭੂ[83] ਦੇ ਪ੍ਰੇਮ[82] ਨਾਲ ਰੰਗੀਜੇ[81] ਹਨ, ਉਹ ਉਸ ਦੇ ਦਰਸ਼ਨ[85] ਨਾਲ ਪ੍ਰਸੰਨ ਵਿਚਰਦੇ[84] ਹਨ।
ਵਿਸਰਿਆ[86] ਜਿਨ੍ ਨਾਮੁ ਤੇ ਭੁਇ[87] ਭਾਰੁ[88] ਥੀਏ[89] ॥੧॥ ਰਹਾਉ॥	They, who forget[86] God's Name, become[89] a burden[88] on the earth[87]. Pause.	ਜੋ ਵਾਹਿਗੁਰੂ ਦੇ ਨਾਮ ਨੂੰ ਭੁਲਾਉਂਦੇ[86] ਹਨ, ਉਹ ਧਰਤੀ[87]ਉਤੇ ਇਕ ਬੋਝ[88] ਹੋ ਜਾਂਦੇ[89] ਹਨ। ਠਹਿਰਾਉ।
ਆਪਿ[90] ਲੀਏ ਲੜਿ[91] ਲਾਇ[92] ਦਰਿ[93] ਦਰਵੇਸ[94] ਸੇ[95] ॥	They[95], whom the Lord attaches[92] to his[90] skirt[91], are the real beggars[94] at His gate[93].	ਜਿਨ੍ਹਾਂ ਨੂੰ ਪ੍ਰਭੂ ਆਪਣੇ[90] ਪੱਲੇ[91]ਨਾਲ ਜੋੜ ਲੈਂਦਾ[92] ਹੈ, ਉਹੀ[95] ਉਸ ਦੇ ਦਰਵਾਜ਼ੇ[93] ਦੇ ਅਸਲੀ ਮੰਗਤੇ[94] ਹਨ।
ਤਿਨ[96] ਧੰਨੁ[97] ਜਣੇਦੀ[98] ਮਾਉ[99] ਆਏ[100] ਸਫਲੁ[2] ਸੇ[3] ॥੨॥	Blest[97] are the mothers[99] who bore[98] them[96] and profitable[2] is their[3] advent[100] in this world.	ਮੁਬਾਰਕ[97] ਹਨ, ਉਹ ਮਾਤਾਵਾਂ[99], ਜਿਨ੍ਹਾਂ ਨੇ ਉਨ੍ਹਾਂ[96] ਨੂੰ ਜਨਮ ਦਿੱਤਾ[98] ਹੈ। ਲਾਭਦਾਇਕ[2] ਹੈ ਉਨ੍ਹਾਂ[3] ਦਾ ਆਗਮਨ[100] ਇਸ ਜਹਾਨ ਵਿੱਚ।
ਪਰਵਦਗਾਰ[4] ਅਪਾਰ[5] ਅਗਮ[6] ਬੇਅੰਤ[7] ਤੂ ॥	O my Cherisher[4], Thou art Illimitable[5], Inaccessible[6] and Infinite[7].	ਹੇ ਮੇਰੇ ਪਾਲਣ-ਪੋਸਣਹਾਰ[4] ! ਤੂੰ ਬੇਹੱਦ[5], ਪਹੁੰਚ ਤੋਂ ਪਰੇ[6] ਅਤੇ ਅਨੰਤ[7] ਹੈਂ।
ਜਿਨਾ ਪਛਾਤਾ[8] ਸਚੁ[9] ਚੁੰਮਾ[10] ਪੈਰ[12] ਮੂੰ[13] ॥੩॥	They, who recognise[8] the True Lord[9], their feet[12], I[13] kiss[10].	ਜੋ ਸੱਚੇ ਸਾਹਿਬ[9] ਨੂੰ ਸਿੰਞਾਣਦੇ[8] ਹਨ, ਉਨ੍ਹਾਂ ਦੇ ਚਰਨ[12] ਮੈਂ[13] ਚੁੰਮਦਾ[10] ਹਾਂ।
ਤੇਰੀ ਪਨਹ[14] ਖੁਦਾਇ[15] ਤੂ ਬਖਸੰਦਗੀ[16] ॥	I seek Thy protection[14], O God[15] and Thou art my forgiving Lord[16].	ਮੈਂ ਤੇਰੀ ਪਨਾਹ[14] ਮੰਗਦਾ ਹਾਂ, ਹੇ ਵਾਹਿਗੁਰੂ[15] ! ਤੂੰ ਮੇਰਾ ਮਾਫ਼ੀ ਬਖ਼ਸ਼ਣਹਾਰ[16] ਮਾਲਕ ਹੈਂ।
ਸੇਖ ਫਰੀਦੈ ਖੈਰੁ[17] ਦੀਜੈ ਬੰਦਗੀ[18] ॥੪॥੧॥	Bless Thou Sheikh Farid with the bounty[17] of Thine meditation[18], O my Lord.	ਤੂੰ ਸ਼ੇਖ ਫ਼ਰੀਦ ਨੂੰ ਆਪਣੇ ਸਿਮਰਨ[18] ਦੀ ਭਿੱਛਿਆ[17] ਦੀ ਦਾਤ ਦੇ, ਹੇ ਮੇਰੇ ਪ੍ਰਭੂ !
ਆਸਾ ॥	Asa.	ਆਸਾ।
ਬੋਲੈ[19] ਸੇਖ ਫਰੀਦੁ ਪਿਆਰੇ[20] ਅਲਹ[21] ਲਗੇ[22] ॥	Says[19] Sheikh Farid, O my dear[20] friend, attach[22] thyself to the Adorable Lord[21].	ਸ਼ੇਖ ਫ਼ਰੀਦ ਜੀ ਆਖਦੇ[19] ਹਨ, ਹੇ ਮੇਰੇ ਲਾਡਲੇ[20] ਮਿੱਤਰ ! ਆਪਣੇ ਆਪ ਨੂੰ ਪੂਜਨੀਕ ਪ੍ਰਭੂ[21] ਨਾਲ ਜੋੜ[22]।
ਇਹੁ ਤਨੁ[23] ਹੋਸੀ[24] ਖਾਕ[25] ਨਿਮਾਣੀ[26] ਗੋਰ[27] ਘਰੇ[28] ॥ ੧ ॥	This body[23] shall become[24] dust[25] and its home[28] shall be the unhonoured[26] grave[27].	ਇਹ ਸਰੀਰ[23] ਮਿੱਟੀ[25] ਹੋ ਜਾਊਗਾ[24] ਅਤੇ ਇਸ ਦਾ ਵਾਸਾ[28] ਬੇਇੱਜ਼ਤ[26] ਕਬਰ[27] ਵਿਚ ਹੋਵੇਗਾ।

ਆਜੁ[29] ਮਿਲਾਵਾ[30] ਸੇਖ ਫਰੀਦ ਟਾਕਿਮ[31] ਕੂੰਜੜੀਆ[32] ਮਨਹੁ[33] ਮਚਿੰਦੜੀਆ[34] ॥੧॥ ਰਹਾਉ ॥

Just today[29] the Lord can be met[30], O Shaikh Farid, if thou restrain[31] thine swallows[32] of desires, which burn[34] thy mind[33]. Pause.

ਅੱਜ[29] ਹੀ ਤੂੰ ਪ੍ਰਭੂ ਨੂੰ ਮਿਲ[30] ਸਕਦਾ ਹੈਂ, ਹੇ ਸ਼ੇਖ ਫ਼ਰੀਦ, ਜੇਕਰ ਤੂੰ ਆਪਣੀਆ ਵਾਸ਼ਨਾਂ ਦੀਆਂ ਕੂੰਜਾ[32] ਨੂੰ ਰੋਕ ਲਵੇਂ[31], ਜੋ ਤੇਰੇ ਹਿਰਦੇ[33] ਨੂੰ ਮਚਾਉਂਦੀਆ[34] ਹਨ । ਠਹਿਰਾਉ ।

ਜੇ[35] ਜਾਣਾ[36] ਮਰਿ[40] ਜਾਈਐ ਘੁਮਿ[37] ਨ ਆਈਐ ॥ ਝੂਠੀ[38] ਦੁਨੀਆ[39] ਲਗਿ[40*] ਨ ਆਪੁ[41] ਵਞਾਈਐ[42] ॥ ੨ ॥

If[35] I had realised[36], that I shall die[40] and not return again[37].
I would not have ruined[42] myself[41] by clinging[40*] to the false[38] world[39].

ਜੇਕਰ[35] ਮੈਂ ਅਨੁਭਵ ਕਰ ਲੈਂਦਾ[36] ਕਿ ਮੈਂ ਮਰ ਮੁਕ[40] ਜਾਣਾ ਹੈ ਅਤੇ ਮੁੜ[37] ਕੇ ਨਹੀਂ ਆਉਣਾ, ਤਾਂ ਮੈਂ ਕੂੜੇ[38] ਸੰਸਾਰ[39] ਨਾਲ ਚਿਮੜ ਕੇ[40*] ਆਪਣੇ ਆਪ[41] ਨੂੰ ਤਬਾਹ ਨਾ ਕਰਦਾ[42] ।

ਬੋਲੀਐ[43] ਸਚੁ[44] ਧਰਮੁ[45] ਝੂਠੁ[46] ਨ ਬੋਲੀਐ[47] ॥

Tell[43] the truth[44] on solemn affirmation[45] and utter[47] not falsehood[46].

ਆਪਣੇ ਈਮਾਨ[45] ਨਾਲ ਸੱਚੋ ਸੱਚ[44] ਆਖ[43] ਅਤੇ ਕੂੜ[46] ਨਾ ਕਹੁ[47] ।

ਜੋ[48] ਗੁਰੁ ਦਸੈ[49] ਵਾਟ[50] ਮੁਰੀਦਾ[51] ਜੋਲੀਐ[52] ॥੩॥

The disciple[51] ought to travel[52] by the route[50], which[48] the Guru points out[49].

ਚੇਲੇ[51] ਨੂੰ ਉਸ ਰਸਤੇ[50] ਉਤੇ ਟੁਰਨਾ[52] ਚਾਹੀਦਾ ਹੈ, ਜਿਹੜਾ[48] ਗੁਰੂ ਜੀ ਦਰਸਾਉਂਦੇ[49] ਸਨ ।

ਛੈਲ[53] ਲੰਘਿੰਦੇ[55] ਪਾਰਿ ਗੋਰੀ[56] ਮਨੁ[57] ਧੀਰਿਆ[58]॥

Seeing the handsome youths[53] ferrying across[55], the heart[57] of the beauteous lady[56] take courage[58].

ਸੁਨੱਖੇ ਨੱਢੜਿਆ[53] ਨੂੰ ਪਾਰ ਉਤਰਦੇ[55] ਵੇਖ ਕੇ ਸੁੰਦਰ ਮੁਟਿਆਰ[56] ਦਾ ਦਿਲ[57] ਹੌਸਲਾ[58] ਧਾਰ ਲੈਂਦਾ ਹੈ ।

ਕੰਚਨ[59] ਵੰਨੇ[60] ਪਾਸੇ[61] ਕਲਵਤਿ[62] ਚੀਰਿਆ[63] ॥੪॥

They, who turn to the side[61] of the glitter[60] of gold[59], are mowed down[63] with a saw[62].

ਜੋ ਸੋਨੇ[59] ਦੀ ਝਲਕ[60] ਦੇ ਵਲ[61] ਰੁੱਖ ਕਰਦੇ ਹਨ, ਉਹ ਆਰੇ[62] ਨਾਲ ਚੀਰੇ ਜਾਂਦੇ[63] ਹਨ ।

ਸੇਖ ਹੈਯਾਤੀ[64] ਜਗਿ[65] ਨ ਕੋਈ ਥਿਰੁ[66] ਰਹਿਆ ॥

O Sheikh, no one's life[64] remains permanent[66] in this world[65].

ਹੇ ਸ਼ੇਖ ਕਿਸੇ ਇਨਸਾਨ ਦੀ ਜ਼ਿੰਦਗੀ[64] ਭੀ ਇਸ ਜਹਾਨ[65] ਅੰਦਰ ਮੁਸਤਕਿਲ[66] ਨਹੀਂ ਰਹਿੰਦੀ ।

ਜਿਸੁ[67] ਆਸਣਿ[68] ਹਮ[69] ਬੈਠੇ ਕੇਤੇ[70] ਬੈਸਿ[71] ਗਇਆ[72] ॥੫॥

The[67] seat[68], whereon we[69] sit now, good many[70] did sit[71] on it and have departed[72].

ਜਿਹੜੀ[67] ਜਗ੍ਹਾ[68] ਤੇ ਅਸੀਂ[69] ਹੁਣ ਬੈਠੇ ਹਾਂ, ਅਨੇਕਾਂ[70] ਹੀ ਇਸ ਉੱਤੇ ਬਹਿ[71] ਕੇ ਟੁਰ ਗਏ[72] ਹਨ ।

ਕਤਿਕ ਕੂੰਜਾਂ[73] ਚੇਤਿ ਡਉ[74] ਸਾਵਣਿ ਬਿਜੁਲੀਆਂ[75] ॥ ਸੀਆਲੇ[76] ਸੋਹੰਦੀਆਂ[77] ਪਿਰ[78] ਗਲਿ[79] ਬਾਹੜੀਆਂ[80] ॥੬॥ ਚਲੇ[81] ਚਲਣਹਾਰ[82] ਵਿਚਾਰਾ[83] ਲੇਇ ਮਨੋ[84] ॥

As swallows[73] appear in the month of Katik, forest fires[74] in Chet and lightning[75] in Sawan, as brides arms[80] adorn[77] her groom's[78] neck[79] in winter[76], So do the transitory[82] human bodies pass away[81]. Reflect[83] thou on this in thy mind[84].

ਜਿਸ ਤਰ੍ਹਾਂ ਕੱਤੇ ਵਿਚ ਕੁਲੰਗ[73], ਚੇਤ ਵਿਚ ਜੰਗਲ ਦੀਆ ਅੱਗਾਂ[74] ਅਤੇ ਸਾਉਣ ਵਿਚ ਬਿਜਲੀ[75] ਦਿਸਦੀ ਹੈ, ਜਿਸ ਤਰ੍ਹਾਂ ਪਤਨੀ ਦੀਆਂ ਬਾਹਾਂ[80] ਸਿਆਲ[76] ਵਿਚ ਪਤੀ[78] ਦੀ ਗਰਦਨ[79] ਨੂੰ ਸ਼ਿੰਗਾਰਦੀਆ[77] ਹਨ ।
ਉਸੇ ਤਰ੍ਹਾ ਹੀ ਟੁਰ ਜਾਣ ਵਾਲੀਆ[82] ਮਨੁੱਖੀ ਦੇਹਾ ਟੁਰ ਵੰਞਣਗੀਆਂ[81] । ਆਪਣੇ ਚਿੱਤ[84] ਅੰਦਰ ਤੂੰ ਇਸ ਨੂੰ ਸੋਚ ਸਮਝ[83] ਲੈ ।

ਗੰਢੇਦਿਆਂ[85] ਛਿਅ[86] ਮਾਹ[87]

The mortal takes six[86] months[87] to

ਪ੍ਰਾਣੀ ਬਣਨ[85] ਲਈ ਛੇ[86] ਮਹੀਨੇ[87] ਲੈਂਦਾ ਹੈ ਅਤੇ

ਤੁੜੰਦਿਆ[88] ਹਿਕੁ ਖਿਨੋ[89]॥ ੭ ॥

form[85] and one trice[89] to break up[88].

ਫੁੱਟਣ[88] ਲਈ ਇਕ ਫੋਰਾ[89] ਹੀ ।

ਜਿਮੀ[90] ਪੁਛੈ[91] ਅਸਮਾਨੁ[92] ਫਰੀਦਾ ਖੇਵਟ[93] ਕਿੰਨਿ[94] ਗਏ[95] ॥

Farid ;--The earth[90] asks[91] the sky[92] "where[94] have the boatmen[93] gone away[95]" ?

ਫ਼ਰੀਦ ;-ਧਰਤੀ[90]ਅਕਾਸ਼[92] ਨੂੰ ਪੁੱਛਦੀ[91] ਹੈ, "ਮਲਾਹ[93] ਕਿੱਧਰ[94] ਨੂੰ ਚਲੇ ਗਏ[95] ਹਨ" ?

ਜਾਲਣ[96] ਗੋਰਾਂ[97] ਨਾਲਿ[98] ਉਲਾਮੇ[99] ਜੀਅ[100] ਸਹੇ[2] ॥ ੮॥੨॥

Some are burnt[96] and some are inside[98] the graves[97], and their souls[100] are suffering[2] reproaches[99].

ਕਈ ਸੜ ਗਏ[96] ਹਨ ਤੇ ਕਈ ਕਬਰਾਂ[97] ਵਿੱਚ[98] ਹਨ, ਉਨ੍ਹਾਂ ਦੀਆਂ ਰੂਹਾਂ[100] ਝਿੜਕਾਂ[99] ਸਹਾਰ ਰਹੀਆਂ[2] ਹਨ ।

੪੮੯

ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

There is but one God. True is His Name and creative His personality. He is without fear, without enmity, immortal in form, unborn and self-illumined. He is attained by Guru's grace.

ਵਾਹਿਗੁਰੂ ਕੇਵਲ ਇੱਕ ਹੈ । ਸੱਚਾ ਹੈ ਉਸ ਦਾ ਨਾਮ, ਰਚਣਹਾਰ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ । ਉਹ ਨਿਡਰ, ਦੁਸ਼ਮਨੀ-ਰਹਿਤ ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ । ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ ।

ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧ ॥

Gujri Measure. Ist Guru. Chaupade.

ਰਾਗੁ ਗੂਜਰੀ, ਪਹਿਲੀ ਪਾਤਸ਼ਾਹੀ । ਚਉਪਦੇ ।

ਤੇਰਾ ਨਾਮੁ ਕਰੀ[3] ਚਨਣਾਠੀਆ[4] ਜੇ[5] ਮਨੁ ਉਰਸਾ[6] ਹੋਇ ॥ ਕਰਣੀ[7] ਕੁੰਗੂ[8] ਜੇ ਰਲੈ[9] ਘਟ[10] ਅੰਤਰਿ[12] ਪੂਜਾ[13] ਹੋਇ[14] ॥੧॥

If[5] I make[3] Thy Name the sandal wood[4] and my mind stone[6]. If good deeds[7] be mixed[9] therewith as saffron[8], then alone shall the True adoration[13] be performed[14] in[12] the heart[10].

ਜੇਕਰ[5] ਤੇਰੇ ਨਾਮ ਨੂੰ ਮੈਂ[3] ਚਨਣ[4]ਦੀ ਲੱਕੜੀ ਬਣਾ[3]ਲਵਾਂ ਤੇ ਆਪਣੇ ਚਿੱਤ ਨੂੰ ਸਿਲ[6], ਜੇਕਰ ਚੰਗੇ ਅਮਲਾਂ[7] ਦਾ ਕੇਸਰ[8] ਉਸ ਨਾਲ ਮਿਲਾ ਦਿੱਤਾ[9] ਜਾਵੇ, ਕੇਵਲ ਤਾਂ ਹੀ ਸੱਚੀ ਉਪਾਸ਼ਨਾ[13] ਮੇਰੇ ਦਿਲ[10] ਅੰਦਰ[12] ਹੋਵੇਗੀ[14] ।

ਪੂਜਾ ਕੀਚੈ[15] ਨਾਮੁ ਧਿਆਈਐ[16] ਬਿਨੁ ਨਾਵੈ ਪੂਜ[17] ਨ ਹੋਇ ॥੧॥ ਰਹਾਉ ॥

Perform[15] His service by meditating[16] on God's Name, for, without the Name, there is no worship[17]. Pause.

ਹਰੀ ਦੇ ਨਾਮ ਦਾ ਸਿਮਰਨ[16] ਕਰਨ ਦੁਆਰਾ ਉਸ ਦੀ ਉਪਾਸ਼ਨਾ[15] ਕਰ, ਕਿਉਂ ਜੋ ਨਾਮ ਦੇ ਬਾਝੋਂ ਕੋਈ ਉਪਾਸ਼ਨਾ[17] ਨਹੀਂ । ਠਹਿਰਾਉ ।

ਬਾਹਰਿ[18] ਦੇਵ[19] ਪਖਾਲੀਅਹਿ[20] ਜੇ[21] ਮਨੁ[22] ਧੋਵੈ ਕੋਇ ॥ ਜੂਠਿ[23] ਲਹੈ[24] ਜੀਉ[25] ਮਾਜੀਐ[26] ਮੋਖ[27] ਪਇਆਣਾ[28] ਹੋਇ ॥੨॥

If[21] man were to wash his heart[22] as the stone-god[19] is washed[20] from without[18], his filth[23] shall be removed[24], his soul[25] shall be cleansed[26] and he shall depart[28] to deliverance[27].

ਜੇਕਰ[21] ਇਨਸਾਨ ਆਪਣੇ ਦਿਲ[22] ਨੂੰ ਐਸ ਤਰ੍ਹਾਂ ਧੋ ਲਵੇ, ਜਿਸ ਤਰ੍ਹਾਂ ਉਹ ਪੱਥਰ ਦੇਵਤੇ[19] ਨੂੰ ਬਾਹਰੋਂ[18] ਧੋਂਦਾ[20] ਹੈ, ਉਸ ਦੀ ਮੈਲ[23] ਉੱਤਰ ਜਾਵੇਗੀ[24], ਉਸ ਦੀ ਆਤਮਾ[25] ਸਾਫ਼ ਸੁਥਰੀ[26] ਥੀ ਵੰਞੇਗੀ ਤੇ ਉਹ ਮੋਖ਼ਸ਼[27] ਹੋ ਚਾਲੇ[28] ਪਾਵੇਗਾ ।

ਪਸੂ[29] ਮਿਲਹਿ[30]

The beasts[29] have[30] merits[31], as they

ਪਸ਼ੂਆਂ[29]ਦੇ ਪੱਲੇ[30] ਵਿਸ਼ੇਸ਼ਤਾਈਆਂ[31] ਹਨ,ਉਹ ਘਾਅ[32]

ਚੰਗਿਆਈਆ[31] ਖੜੂ[32] ਖਾਵਹਿ ਅੰਮ੍ਰਿਤੁ[33] ਦੇਹਿ[34] ॥

eat grass[32] and give[34] milk[33].

ਖਾਂਦੇ ਹਨ ਅਤੇ ਦੁੱਧ[33] ਦਿੰਦੇ[34] ਹਨ ।

ਨਾਮ ਵਿਹੂਣੇ[35] ਆਦਮੀ[40] ਧ੍ਰਿਗੁ[36] ਜੀਵਣ[37] ਕਰਮ[38] ਕਰੇਹਿ[39] ॥੩॥

Without[35] the Name, accursed[36] is man's[40] life[37] and the acts[38] he performs[39].

ਨਾਮ ਦੇ ਬਗੈਰ[35] ਲਾਨ੍ਹਤ[36] ਹੈ ਇਨਸਾਨ[40] ਦੀ ਜ਼ਿੰਦਗੀ[37] ਅਤੇ ਉਸ ਦੇ ਕੀਤੇ ਹੋਏ[39] ਕੰਮਾਂ[38] ਨੂੰ ।

ਨੇੜਾ[41] ਹੈ ਦੂਰਿ[42] ਨ ਜਾਣਿਅਹੁ[43] ਨਿਤ[44] ਸਾਰੇ[45] ਸੰਮ੍ਹਾਲੇ[46] ॥

The Lord is near[41]. Deem[43] Him not distant[42]. He, ever[44], cares for[45] and remembers[46] us.

ਸੁਆਮੀ ਨਜ਼ਦੀਕ[41] ਹੈ । ਉਸ ਨੂੰ ਦੂਰੇਡੇ[42] ਨਾ ਸਮਝ[43], ਉਹ ਸਦਾ[44] ਹੀ, ਸਾਨੂੰ ਸੰਭਾਲਦਾ[45] ਅਤੇ ਯਾਦ ਕਰਦਾ[46] ਹੈ ।

ਜੋ[47] ਦੇਵੈ[48] ਸੋ[49] ਖਾਵਣਾ[50] ਕਹੁ[51] ਨਾਨਕ ਸਾਚਾ[52] ਹੇ॥ ੪॥੧॥

Says[51] Nanak, what[47] He gives[48], that[49] we eat[50] and He alone is the True Lord[52].

ਗੁਰੂ ਜੀ ਆਖਦੇ[51] ਹਨ, ਜਿਹੜਾ[47] ਕੁੱਛ ਉਹ ਦਿੰਦਾ[48] ਹੈ, ਉਹੀ[49] ਅਸੀਂ ਖਾਂਦੇ[50] ਹਾਂ । ਕੇਵਲ ਓਹੀ ਸੱਚਾ ਸੁਆਮੀ[52] ਹੈ ।

ਗੂਜਰੀ ਮਹਲਾ ੧ ॥

Gujri. Ist Guru.

ਗੂਜਰੀ ਪਹਿਲੀ ਪਾਤਸ਼ਾਹੀ ।

ਨਾਭਿ[53] ਕਮਲ[54] ਤੇ ਬ੍ਰਹਮਾ ਉਪਜੇ[55] ਬੇਦ ਪੜਹਿ[56] ਮੁਖਿ[57] ਕੰਠਿ[58] ਸਵਾਰਿ[59]॥

Brahma was born[55] of the lotus[54] of Vishnu's navel[53] and attuning[59] their throat[58], people read[56] the Vedas with their mouth[57].

ਵਿਸ਼ਨੂੰ ਦੀ ਧੁੰਨੀ[53] ਦੇ ਕੰਵਲ[54] ਤੋਂ ਬ੍ਰਹਮਾ ਪੈਦਾ ਹੋਇਆ[55] । ਲੋਕ ਆਪਣੇ ਗਲੇ[58] ਨੂੰ ਸੁਤ[59] ਕਰਕੇ (ਸਵਾਰ ਕੇ) ਵੇਦਾਂ ਨੂੰ ਆਪਣੇ ਮੂੰਹ[57] ਨਾਲ ਵਾਚਦੇ[56] ਹਨ ।

ਤਾ ਕੋ[60] ਅੰਤੁ[61] ਨ ਜਾਈ ਲਖਣਾ[62] ਆਵਤ[63]ਜਾਤ[64] ਰਹੈ ਗੁਬਾਰਿ[65] ॥੧॥

Lord's[60] limit[61], he could not see[62] and he remained in the darkness[65] of coming[63] and going[64].

ਉਸ[60] ਦਾ ਓਰਕ[61] ਉਹ ਵੇਖ[62] ਨਾ ਸਕਿਆ । ਉਹ ਆਉਣ[63] ਅਤੇ ਜਾਣ[64] ਦੇ ਅਨ੍ਹੇਰੇ[65] ਵਿਚ ਪਿਆ ਰਿਹਾ ।

ਪ੍ਰੀਤਮ[66] ਕਿਉ ਬਿਸਰਹਿ[67] ਮੇਰੇ ਪ੍ਰਾਣ[68] ਅਧਾਰ[69] ॥

Why should I forget[67] my Beloved[66] who is the support[69] of my very life[68] ?

ਮੈਂ ਆਪਣੇ ਪਿਆਰੇ[66] ਨੂੰ ਕਿਉਂ ਭੁਲਾਵਾਂ[67], ਜੋ ਕਿ ਮੇਰੀ ਜ਼ਿੰਦ-ਜਾਨ[68] ਦਾ ਆਸਰਾ[69] ਹੈ ?

ਜਾ ਕੀ[70] ਭਗਤਿ[71] ਕਰਹਿ[72] ਜਨ ਪੂਰੇ[73] ਮੁਨਿ ਜਨ[74] ਸੇਵਹਿ[75] ਗੁਰ ਵੀਚਾਰਿ[76]॥ ੧॥ਰਹਾਉ॥

Whose[70] worship[71] perform[72] the perfect persons[73]. Whom serve[75] the silent sages[74] through the Guru's instruction[76]. Pause.

ਜਿਸ[70] ਦੀ ਉਪਾਸ਼ਨਾ[71] ਕਰਦੇ[72] ਹਨ ਪੂਰਨ ਪੁਰਸ਼[73], ਜਿਸ ਦੀ ਟਹਿਲ ਕਮਾਉਂਦੇ[75] ਹਨ, ਚੁੱਪ ਕੀਤੇ[74] ਰਿਸ਼ੀ ਗੁਰਾਂ ਦੇ ਉਪਦੇਸ਼[76] ਰਾਹੀਂ । ਠਹਿਰਾਉ ।

ਰਵਿ[77] ਸਸਿ[78] ਦੀਪਕ[79] ਜਾ ਕੇ[80] [81]ਤ੍ਰਿਭਵਣਿ[82] ਏਕਾ ਜੋਤਿ[83] [84]ਮੁਰਾਰਿ[85] ॥

Whose[80] lamps[79] are the sun[77] and the moon[78]. The one light[83] of Lord, the Enemy[85] of pride[84], fills the three[81] worlds[82].

ਜਿਸ[80] ਦੇ ਦੀਵੇ[79] ਹਨ, ਸੂਰਜ[77] ਅਤੇ ਚੰਦ੍ਰਮਾ[78] । ਹੰਕਾਰ[84] ਦੇ ਵੈਰੀ[85] ਸੁਆਮੀ ਦਾ ਇੱਕ ਨੂਰ[83] ਹੀ ਤਿੰਨਾਂ[81] ਜਹਾਨਾਂ[82] ਨੂੰ ਪਰੀਪੂਰਨ ਕਰ ਰਿਹਾ ਹੈ ।

ਗੁਰਮੁਖਿ[86] ਹੋਇ[94] ਸੁ[87] [88]ਅਹਿਨਿਸਿ[89] ਨਿਰਮਲੁ[90] ਮਨਮੁਖਿ[91]ਰੈਣਿ[92]ਅੰਧਾਰਿ[93]॥ ੨॥

He[87], who becomes[94] Guru-ward[86] remains pure[90], day[88] and night[89], but the self-ward[91] is enveloped by the darkness[93] of night[92].

ਜੋ ਗੁਰੂ-ਅਨੁਸਾਰੀ[86] ਹੋ ਜਾਂਦਾ[94] ਹੈ, ਉਹ[87] ਰਾਤ[89] ਦਿਨ[88] ਪਵਿੱਤਰ[90] ਵਿਚਰਦਾ ਹੈ । ਮਨਮਤੀਆ[91]ਰਾਤੀ[92] ਦੇ ਅਨ੍ਹੇਰੇ[93] ਦਾ ਘੇਰਿਆ ਹੋਇਆ ਹੈ ।

ਸਿਧ[95] ਸਮਾਧਿ[96] ਕਰਹਿ ਨਿਤ[97] ਝਗਰਾ[98] ਦੁਹੁ[99] ਲੋਚਨ[100] ਕਿਆ[2] ਹੇਰੈ[3] ॥

The adepts[95], in their trance [96], ever[97] contest[98] among themselves, but, what[2] can they see[3] with their two[99] eyes[100] ?

ਕਰਾਮਾਤੀ ਬੰਦੇ[95], ਆਪਣੀ ਤਾੜੀ[96] ਅੰਦਰ ਸਦਾ[97] ਆਪਣੇ ਵਿੱਚ ਦੀ ਝਗੜਦੇ[98] ਹਨ, ਪਰ ਆਪਣੀਆਂ ਦੋਨਾਂ[99] ਅੱਖਾਂ[100] ਨਾਲ ਉਹ ਕੀ[2] ਵੇਖ ਸਕਦੇ[3] ਹਨ ।

ਅੰਤਰਿ[4] ਜੋਤਿ[5] ਸਬਦੁ[6] ਧੁਨਿ[7] ਜਾਗੈ[8] ਸਤਿਗੁਰੁ ਝਗਰੁ[9] ਨਿਬੇਰੈ[10] ॥੩॥

He, in whose heart[4] is the Divine light[5], is awakened[8] by the Name's[6] melody[7] and the True Guru settles[10] his strifes[9].

ਜਿਸ ਦੇ ਦਿਲ[4] ਵਿਚ ਰੱਬੀ ਨੂਰ[5] ਹੈ, ਉਹ ਨਾਮ[6] ਦੇ ਕੀਰਤਨ[7] ਦੁਆਰਾ ਜਾਗ ਉਠਦਾ[8] ਹੈ ਤੇ ਸੱਚਾ ਗੁਰੂ ਉਸ ਦੇ ਬਖੇੜੇ[9] ਨਵਿਰਤ[10] ਕਰ ਦਿੰਦਾ ਹੈ ।

[12]ਸੁਰਿ ਨਰ[13] ਨਾਥ[14] ਬੇਅੰਤ[15] ਅਜੋਨੀ[16] ਸਾਚੈ ਮਹਲਿ[17] ਅਪਾਰਾ[18] ॥

O Lord[14] of deities[12] and men[13], Infinite[15] and Unborn[16], Thy true palace[17] is unrivalled[18].

ਹੇ ਦੇਵਤਿਆਂ[12] ਤੇ ਇਨਸਾਨਾਂ[13]ਦੇ ਸੁਆਮੀ[14] ! ਅਨੰਤ[15] ਅਤੇ ਅਜਨਮੇ[16], ਤੇਰਾ ਸੱਚਾ ਮੰਦਰ[17] ਲਾਸਾਨੀ[18] ਹੈ ।

ਨਾਨਕ ਸਹਜਿ[19] ਮਿਲੇ[20] ਜਗ[21] ਜੀਵਨ[22] ਨਦਰਿ[23] ਕਰਹੁ ਨਿਸਤਾਰਾ[24] ॥੪॥੨॥

O life[22] of the world[21], bestow[20] peace[19] unto Nanak and save[24] him by Thine gracious glance[23].

ਹੇ ਸੰਸਾਰ[21] ਦੀ ਜਿੰਦ ਜਾਨ[22] (ਵਾਹਿਗੁਰੂ) ! ਨਾਨਕ ਨੂੰ ਆਰਾਮ[19] ਚੈਨ ਪਰਦਾਨ[20] ਕਰ ਅਤੇ ਆਪਣੀ ਦਇਆ ਦ੍ਰਿਸ਼ਟੀ[23] ਦੁਆਰਾ ਉਸ ਦਾ ਪਾਰ ਉਤਾਰਾ[24] ਕਰ ।

੪੯੦

ਰਾਗੁ ਗੂਜਰੀ
ਮਹਲਾ ੩ ਘਰੁ ੧

Gujri Measure.
3rd Guru.

ਰਾਗ ਗੂਜਰੀ ।
ਤੀਜੀ ਪਾਤਸ਼ਾਹੀ ।

੧ ੴ ਸਤਿਗੁਰ ਪ੍ਰਸਾਦਿ ॥

There is but One God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਧ੍ਰਿਗੁ[25] ਇਵੇਹਾ[26]ਜੀਵਣਾ[27] ਜਿਤੁ[28] ਹਰਿ ਪ੍ਰੀਤਿ[29] ਨ ਪਾਇ[30]॥ ਜਿਤੁ ਕੰਮਿ[31]ਹਰਿ ਵੀਸਰੈ[32]ਦੂਜੈ[33] ਲਗੈ ਜਾਇ[34] ॥੧॥

Accursed[25] is such[26] a life[27], wherein[28] God's love[29] is not obtained[30]. Accursed is the occupation[31] in which God is forgotten[32] and man becomes attached[34] to duality[33].

ਲਾਨ੍ਹਤ[25] ਹੈ ਐਸੀ[26] ਜ਼ਿੰਦਗੀ[27] ਨੂੰ, ਜਿਸ ਵਿੱਚ[28] ਹਰੀ ਦਾ ਪ੍ਰੇਮ[29] ਪਰਾਪਤ[30] ਨਹੀਂ ਹੁੰਦਾ ਅਤੇ ਐਸੇ ਕਾਰ ਵਿਹਾਰ[31] ਨੂੰ ਜਿਸ ਵਿਚ ਰੱਬ ਭੁੱਲ ਜਾਂਦਾ[32] ਹੈ ਤੇ ਬੰਦਾ ਦਵੈਤ-ਭਾਵ[33] ਨਾਲ ਜੁੜ ਜਾਂਦਾ[34] ਹੈ ।

ਐਸਾ[35] ਸਤਿਗੁਰੁ ਸੇਵੀਐ[36] ਮਨਾ[37] ਜਿਤੁ ਸੇਵਿਐ ਗੋਵਿਦ[38] ਪ੍ਰੀਤਿ[39] ਉਪਜੈ[40] ਅਵਰੁ[41] ਵਿਸਰਿ[42] ਸਭ[43] ਜਾਇ ॥

O my soul[37], so[35] serve[36] the True Guru, by serving whom, the Lord's[38] love[39] may be produced[40] and all[43] others[41] be forgotton[42].

ਹੇ ਮੇਰੀ ਜਿੰਦੜੀਏ[37] ! ਸੱਚੇ ਗੁਰਾਂ ਦੀ ਐਸ ਤਰ੍ਹਾਂ[35] ਘਾਲ ਕਮਾ[36], ਜਿਸ ਘਾਲ ਕਮਾਉਣ ਦੁਆਰਾ ਪ੍ਰਭੂ[38] ਦਾ ਪ੍ਰੇਮ[39] ਉਤਪੰਨ ਹੋ ਵੰਞੇ[40] ਅਤੇ ਹੋਰ[41] ਸਾਰੇ[43] ਪਿਆਰ ਭੁਲ[42] ਜਾਣ ।

ਹਰਿ ਸੇਤੀ[44] ਚਿਤੁ[45]ਗਹਿ[46] ਰਹੈ ਜਰਾ[47] ਕਾ ਭਉ[48] ਨ ਹੋਵਈ ਜੀਵਨ ਪਦਵੀ[49] ਪਾਇ[50] ॥੧॥ਰਹਾਉ॥

Thus the soul[45] shall remain attached[46] with[44] God, there shall be no fear[48] of old age[47] and the man shall attain[50] the immortal[49] status. Pause.

ਐਸ ਤਰ੍ਹਾਂ ਆਤਮਾ[45] ਵਾਹਿਗੁਰੂ ਨਾਲ[44] ਜੁੜੀ[46] ਰਹੇਗੀ, ਬੁਢੇਪੇ[47] ਦਾ ਡਰ[48] ਨਹੀਂ ਵਾਪਰੇਗਾ ਅਤੇ ਇਨਸਾਨ ਅਬਿਨਾਸ਼ੀ[49] ਦਰਜੇ ਨੂੰ ਪਾ ਲਵੇਗਾ[50] । ਠਹਿਰਾਉ ।

ਗੋਬਿੰਦ[51] ਪ੍ਰੀਤਿ[52] ਸਿਉ[53] ਇਕੁ ਸਹਜੁ[54] ਉਪਜਿਆ[55] ਵੇਖੁ[56] ਜੈਸੀ[57] ਭਗਤਿ[58] ਬਨੀ[59] ॥

See[56], as[57] is the service[58] performed[59], so is a Divine peace[54], which springs[55] from[53] the Lord's[51] love[52].

ਦੇਖ[56] ! ਜਿਸ ਤਰ੍ਹਾਂ[57] ਦੀ ਘਾਲ[58] ਕਮਾਈ[59] ਹੋਈ ਹੈ, ਉਸੇ ਤਰ੍ਹਾਂ ਦਾ ਹੀ ਇਕ ਈਸ਼ਵਰੀ ਆਰਾਮ[54] ਪ੍ਰਭੂ ਦੇ[51] ਪ੍ਰੇਮ[52] ਤੋਂ[53] ਉਤਪੰਨ[55] ਹੁੰਦਾ ਹੈ ।

ਆਪ[60] ਸੇਤੀ[61] ਆਪੁ[62] ਖਾਇਆ[63] ਤਾ[64] ਮਨੁ[65] ਨਿਰਮਲੁ[66] ਹੋਆ ਜੋਤੀ[67] ਜੋਤਿ[68] ਸਮਈ[69] ॥੨॥

With[61] self-effort[60], when I stilled[63] my self-conceit[62], then[64] my mind[65] became pure[66] and my light[68] got blended[69] with the Divine light[67].

ਸਵੈ-ਯਤਨ[60] ਨਾਲ[61] ਜਦ ਮੈਂ ਆਪਣੀ ਸਵੈ-ਹੰਗਤਾ[62] ਮਾਰ ਸੁੱਟੀ[63], ਤਦ[64] ਮੇਰਾ ਚਿੱਤ[65] ਪਵਿੱਤਰ[66] ਹੋ ਗਿਆ ਅਤੇ ਮੇਰਾ ਪ੍ਰਕਾਸ਼[68] ਈਸ਼ਵਰੀ ਪ੍ਰਕਾਸ਼[67] ਨਾਲ ਅਭੇਦ ਹੋ ਗਿਆ[69] ।

ਬਿਨੁ ਭਾਗਾ[70] ਐਸਾ[71] ਸਤਿਗੁਰੁ ਨ ਪਾਈਐ ਜੇ ਲੋਚੈ[72] ਸਭੁ ਕੋਇ[73] ॥

Without good fortune[70], such[71] a True Guru cannot be obtained, however much all[73] may long for[72] him.

ਚੰਗੇ ਨਸੀਬਾਂ[70] ਦੇ ਬਗੈਰ ਐਹੋ ਜੇਹਾ[71] ਸੱਚਾ ਗੁਰੂ ਪ੍ਰਾਪਤ ਨਹੀਂ ਹੋ ਸਕਦਾ, ਜਿੰਨੀ ਚਾਹੇ, ਸਾਰੇ ਜਣੇ[73] ਤਾਂਘ[72] ਕਰ ਲੈਣ ।

ਕੂੜੈ[74] ਕੀ ਪਾਲਿ[75] ਵਿਚਹੁ[76] ਨਿਕਲੈ[77] ਤਾ[78] ਸਦਾ[79] ਸੁਖੁ[80] ਹੋਇ ॥੩॥

If the screen[75] of falsehood[74] is removed[77] from within[76], then[78] an ever-lasting[79] peace[80] is obtained.

ਜੇਕਰ ਝੂਠ[74] ਦਾ ਪੜਦਾ[75] ਅੰਦਰ[76] ਵਾਰੋਂ ਦੂਰ ਹੋ ਜਾਵੇ[77], ਤਦ[78]ਸਦੀਵੀ[79]ਆਰਾਮ[80]ਪ੍ਰਾਪਤ ਹੋ ਜਾਂਦਾ ਹੈ।

ਨਾਨਕ ਐਸੇ ਸਤਿਗੁਰ ਕੀ ਕਿਆ ਓਹੁ ਸੇਵਕੁ[81] ਸੇਵਾ ਕਰੇ ਗੁਰ ਆਗੈ ਜੀਉ[82] ਧਰੇਇ[83] ॥

Nanak, what service can the servant[81] perform for such a True Guru ? He should lay down[83] his very life[82] for the Guru.

ਨਾਨਕ, ਐਹੋ ਜੇਹੇ ਸੱਚੇ ਗੁਰਾਂ ਦੀ ਉਹ ਟਹਿਲੂਆ[81] ਕੀ ਟਹਿਲ ਕਮਾ ਸਕਦਾ ਹੈ ? ਗੁਰਾਂ ਦੇ ਮੂਹਰੇ ਉਸ ਨੂੰ ਆਪਣਾ ਜੀਵਨ[82] ਭੇਟ ਕਰ ਦੇਣਾ[83] ਹੀ ਸਹੀ ਸੇਵਾ ਟਹਿਲ ਹੈ ।

ਸਤਿਗੁਰ ਕਾ ਭਾਣਾ[84] ਚਿਤਿ ਕਰੇ[85] ਸਤਿਗੁਰੁ ਆਪੇ[86] ਕ੍ਰਿਪਾ[87] ਕਰੇਇ ॥ ੪॥੧॥੩॥

If the man attends to[85] the True Guru's will[84], then the True Guru, himself[86] shows him kindness[87].

ਜੇਕਰ ਬੰਦਾ ਸੱਚੇ ਗੁਰਾਂ ਦੀ ਰਜ਼ਾ[84] ਨੂੰ ਚੇਤੇ ਰਖੇ[85], ਤਦ ਸੱਚੇ ਗੁਰੂ ਜੀ ਖ਼ੁਦ[86] ਹੀ ਉਸ ਉਤੇ ਰਹਿਮ[87]ਕਰਦੇ ਹਨ ।

ਗੂਜਰੀ ਮਹਲਾ ੩ ॥

Gujri. 3rd Guru.

ਗੂਜਰੀ ਤੀਜੀ ਪਾਤਸ਼ਾਹੀ ।

ਹਰਿ ਕੀ ਤੁਮ ਸੇਵਾ[88]ਕਰਹੁ[90] ਦੂਜੀ[89] ਸੇਵਾ ਕਰਹੁ ਨ ਕੋਇ ਜੀ ॥

Perform[90] thou the service[88] of God and perform no other[89] service.

ਤੂੰ ਵਾਹਿਗੁਰੂ ਦੀ ਘਾਲ[88] ਕਮਾ[90] । ਕੋਈ ਹੋਰ[89] ਘਾਲ ਨਾ ਕਮਾ ।

ਹਰਿ ਕੀ ਸੇਵਾ ਤੇ ਮਨਹੁ[91] ਚਿੰਦਿਆ[92] ਫਲੁ[93] ਪਾਈਐ ਦੂਜੀ ਸੇਵਾ ਜਨਮੁ[94] ਬਿਰਥਾ[95] ਜਾਇ[96] ਜੀ ॥੧॥

By God's service, thou shalt obtain the fruits[93] thy heart[91] desires[92] and by serving another, thy life[94] shall pass away[96] in vain[95].

ਵਾਹਿਗੁਰੂ ਦੀ ਚਾਕਰੀ ਕਰਨ ਦੁਆਰਾ ਤੂੰ ਆਪਣੇ ਚਿੱਤ[91] ਚਾਹੁੰਦੇ[92] ਮੇਵੇ[93] ਹਾਸਲ ਕਰ ਲਵੇਂਗਾ । ਹੋਰਸ ਦੀ ਚਾਕਰੀ ਕਰਨ ਦੁਆਰਾ ਤੇਰਾ ਜੀਵਨ[94] ਬੇਅਰਥ[95] ਬੀਤ ਜਾਵੇਗਾ[96] ।

ਹਰਿ ਮੇਰੀ ਪ੍ਰੀਤਿ[97] ਰੀਤਿ[98] ਹੈ ਹਰਿ ਮੇਰੀ ਹਰਿ ਮੇਰੀ ਕਥਾ[99] ਕਹਾਨੀ[100] ਜੀ ॥

The Lord is my love[97], the Lord is my way of life[98] and the Lord is my discourse[99] and narrative[100].

ਸੁਆਮੀ ਹੀ ਮੇਰਾ ਪ੍ਰੇਮ[97] ਹੈ, ਸੁਆਮੀ ਮੇਰੀ ਜੀਵਨ[98] ਰਹੁ ਰੀਤੀ ਹੈ ਅਤੇ ਸੁਆਮੀ ਹੀ ਮੇਰੀ ਗਿਆਨ ਗੋਸ਼ਟ[99] ਅਤੇ ਵਾਰਤਾ[100] ਹੈ ।

ਗੁਰ ਪ੍ਰਸਾਦਿ[2] ਮੇਰਾ ਮਨੁ

By Guru's grace[2] my mind is

ਗੁਰਾਂ ਦੀ ਦਇਆ ਦੁਆਰਾ[2]ਮੇਰਾ ਚਿੱਤ ਪ੍ਰਭੂ ਦੇ ਪਿਆਰ

ਭੀਜੈ[3] ਏਹਾ ਸੇਵ ਬਨੀ[4] ਜੀਉ ॥੧॥ਰਹਾਉ॥

saturated[3] with Lord's love and that is what constitutes[4] my service. Pause.

ਨਾਲ ਗੱਚ ਹੋ ਗਿਆ[3] ਹੈ। ਏਹੋ ਹੀ ਹੈ ਬਣਤਰ[4] ਮੇਰੀ ਸੇਵਾ ਦੀ। ਠਹਿਰਾਉ।

ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ[5] ਹਰਿ ਮੇਰਾ ਭਾਈ[6] ॥

God is my Simirtis, God is my Shashtras, God is my kinsman[5] and God is my brother[6].

ਹਰੀ ਮੇਰੀਆਂ ਸਿੰਮ੍ਰਤੀਆਂ ਹੈ, ਹਰੀ ਮੇਰੇ ਸ਼ਾਸਤਰ ਹੈ, ਹਰੀ ਮੇਰਾ ਸਨਬੰਧੀ[5] ਹੈ ਅਤੇ ਹਰੀ ਹੀ ਮੇਰਾ ਭਰਾ[6]।

ਹਰਿ ਕੀ ਮੈ ਭੂਖ[7] ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ[8] ਹਰਿ ਮੇਰਾ ਸਾਕੁ[9] ਅੰਤਿ[10] ਹੋਇ ਸਖਾਈ[12] ॥ ੨॥

I feel hunger[7] for the Lord. With Lord's Name my soul is satiated[8] and the Lord is my relation[9], who shall be my Helper[12] at the last moment[10].

ਪ੍ਰਭੂ ਦੀ ਮੈਨੂੰ ਖੁਦਿਆ[7] ਲਗੀ ਹੈ। ਪ੍ਰਭੂ ਦੇ ਨਾਮ ਨਾਲ ਮੇਰੀ ਆਤਮਾ ਰੱਜ[8] ਗਈ ਹੈ। ਪ੍ਰਭੂ ਮੇਰਾ ਰਿਸ਼ਤੇਦਾਰ[9] ਹੈ, ਜੋ ਅਖ਼ੀਰ ਦੇ ਵੇਲੇ[10] ਮੇਰਾ ਸਹਾਇਕ[12] ਹੋਵੇਗਾ।

ਹਰਿ ਬਿਨੁ[13] ਹੋਰ ਰਾਸਿ[14] ਕੂੜੀ[15] ਹੈ ਚਲਦਿਆ[16] ਨਾਲਿ[17] ਨ ਜਾਈ[18] ॥

Without[13] the Lord, other capital[14] is false[15]. It goes[18] not with[17] the mortal when he departs[16].

ਪ੍ਰਭੂ ਦੇ ਬਾਝੋਂ[13] ਹੋਰਸ ਪੂੰਜੀ[14] ਝੂਠੀ[15] ਹੈ। ਜਦੋਂ ਪ੍ਰਾਣੀ ਤੁਰਦਾ[16] ਹੈ, ਇਹ ਉਸ ਦੇ ਸਾਥ[17] ਨਹੀਂ ਜਾਂਦੀ[18]।

ਹਰਿ ਮੇਰਾ ਧਨੁ[19] ਮੇਰੈ ਸਾਥਿ[20] ਚਾਲੈ[21] ਜਹਾ[22] ਹਉ[25] ਜਾਉ[24] ਤਹ[23] ਜਾਈ ॥੩॥

God is my wealth[19], which shall abide[21] with[20] me and whither-so-ever[22] I[25] go[24], thither[23] will it go.

ਵਾਹਿਗੁਰੂ ਮੇਰੀ ਦੌਲਤ[19] ਹੈ, ਜੋ ਮੇਰੇ ਨਾਲ[20] ਚਲੂਗੀ[21], ਜਿੱਥੇ ਕਿਤੇ ਭੀ[22] ਮੈਂ[25] ਜਾਵਾਂਗਾ[24], ਉਥੇ[23] ਹੀ ਇਹ ਜਾਊਗੀ।

ਸੋ[26] ਝੂਠਾ ਜੋ ਝੂਠੇ ਲਾਗੈ[27] ਝੂਠੇ ਕਰਮ[28] ਕਮਾਈ[29] ॥

He[26], who is attached[27] to falsehood, is false, and false are the deeds[28] which he does[29].

ਜਿਹੜਾ ਕੂੜ ਨਾਲ ਜੁੜਿਆ ਹੋਇਆ[27] ਹੈ, ਉਹ[26] ਕੂੜਾ ਹੈ ਅਤੇ ਕੂੜੇ ਹਨ ਕੰਮ[28] ਜੋ ਉਹ ਕਰਦਾ[29] ਹੈ।

ਕਹੈ ਨਾਨਕੁ ਹਰਿ ਕਾ ਭਾਣਾ[30] ਹੋਆ[31] ਕਹਣਾ[32] ਕਛੂ ਨ ਜਾਈ ॥੪॥੨॥ ੪॥

Says Nanak, everything happens[31] according to God's will[30] and the mortal has no say[32] in it.

ਗੁਰੂ ਜੀ ਫ਼ੁਰਮਾਉਂਦੇ ਹਨ,ਹਰ ਸ਼ੈ ਵਾਹਿਗੁਰੂ ਦੀ ਰਜ਼ਾ[30] ਅਨੁਸਾਰ ਹੁੰਦੀ[31] ਹੈ। ਜੀਵ ਦਾ ਇਸ ਵਿਚ ਕੋਈ ਦਖ਼ਲ[32] ਨਹੀਂ।

ਗੂਜਰੀ ਮਹਲਾ ੩ ॥

Gujri. 3rd Guru.

ਗੂਜਰੀ ਤੀਜੀ ਪਾਤਸ਼ਾਹੀ।

ਜੁਗ[33]ਮਾਹਿ[34]ਨਾਮੁ ਦੁਲੰਭੁ[35] ਹੈ ਗੁਰਮੁਖਿ[36] ਪਾਇਆ ਜਾਇ ॥

In[34] this age[33], difficult to obtain[35] is the Lord's Name. It is obtained through the Gnru[36].

ਇਸ ਯੁੱਗ[33] ਅੰਦਰ[34] ਦੁਰਲੱਭ[35] ਹੈ ਪ੍ਰਭੂ ਦਾ ਨਾਮ। ਗੁਰਾਂ ਦੇ ਰਾਹੀਂ[36] ਇਹ ਪਾਇਆ ਜਾਂਦਾ ਹੈ।

ਬਿਨੁ[41] ਨਾਵੈ ਮੁਕਤਿ[37] ਨ ਹੋਵਈ ਵੇਖਹੁ[38] ਕੋ[39] ਵਿਉਪਾਇ[40] ॥੧॥

Without[41] the Name, one is emancipated[37] not. Let any one[39] see[38] it by making other efforts[40].

ਨਾਮ ਦੇ ਬਗੈਰ[41] ਆਦਮੀ ਦੀ ਕਲਿਆਣ[37] ਨਹੀਂ ਹੁੰਦੀ ਕੋਈ ਜਣਾ[39] ਹੋਰ ਉਪਰਾਲੇ[40] ਕਰਕੇ ਦੇਖ ਲਵੇ[38]।

ਬਲਿਹਾਰੀ[42] ਗੁਰ ਆਪਣੇ ਸਦ[43] ਬਲਿਹਾਰੈ ਜਾਉ ॥

I am a sacrifice[42] unto my Guru. Ever[43] a sacrifice to him, am I.

ਮੈਂ ਆਪਣੇ ਗੁਰਾਂ ਉਤੋਂ ਕੁਰਬਾਨ[42]ਜਾਂਦਾ ਹਾਂ। ਹਮੇਸ਼ਾ[43] ਹੀ ਕੁਰਬਾਨ ਵੰਞਦਾ ਹਾਂ, ਮੈਂ ਉਨ੍ਹਾਂ ਤੋਂ।

ਸਤਿਗੁਰ ਮਿਲਿਐ[44] ਹਰਿ

By meeting[44] the True Guru, God

ਸੱਚੇ ਗੁਰਾਂ ਨੂੰ ਭੇਟਣ ਦੁਆਰਾ[44], ਵਾਹਿਗੁਰੂ ਮਨੁੱਖ ਦੇ

ਮਨਿ ਵਸੈ[45] ਸਹਜੇ[46] ਰਹੈ ਸਮਾਇ[47] ॥੧॥ਰਹਾਉ॥

abides[45] within man's mind and he, then, automatically[46] remains absorbed[47] in Him. Pause.

ਚਿੱਤ ਅੰਦਰ ਟਿੱਕ ਜਾਂਦਾ[45] ਹੈ ਅਤੇ ਤਦ, ਉਹ ਸੁਖੈਨ ਹੀ[46] ਉਸ ਵਿਚ ਲੀਨ[47] ਰਹਿੰਦਾ ਹੈ। ਠਹਿਰਾਉ।

ਜਾਂ[48] ਭਉ[49] ਪਾਏ[50]ਆਪਣਾ ਬੈਰਾਗੁ[51] ਉਪਜੈ[52] ਮਨਿ ਆਇ[53] ॥

When[48] the Lord inspires[50] His fear[49] in man, the Lord's love[51] springs[52] up in his mind[53].

ਜਦ[48] ਪ੍ਰਭੂ ਆਪਣਾ ਡਰ[49] ਬੰਦੇ ਦੇ ਅੰਦਰ ਫੂਕਦਾ[50] ਹੈ, ਪ੍ਰਭੂ ਦੀ ਪ੍ਰੀਤ[51] ਉਸ ਦੇ ਚਿੱਤ[53] ਵਿਚ ਉਤੱਪਨ[52] ਹੋ ਜਾਂਦੀ ਹੈ।

ਬੈਰਾਗੈ[56] ਤੇ ਹਰਿ ਪਾਈਐ ਹਰਿ ਸਿਉ[54]ਰਹੈ ਸਮਾਇ[55]॥ ੨॥

Through the world-renunciation[56], the Lord is obtained and the mortal remains blended[55] with[54] the Lord.

ਸੰਸਾਰੀ-ਤਿਆਗ[56] ਰਾਹੀਂ ਸੁਆਮੀ ਪ੍ਰਾਪਤ ਹੁੰਦਾ ਹੈ ਅਤੇ ਪ੍ਰਾਣੀ ਸੁਆਮੀ ਨਾਲ[54] ਅਭੇਦ[55] ਹੋਇਆ ਰਹਿੰਦਾ ਹੈ।

ਸੋਇ[57] ਮੁਕਤ[58] ਜਿ ਮਨੁ ਜਿਣਹਿ[59] ਫਿਰਿ[60] ਧਾਤੁ[61] ਨ ਲਾਗੈ[62] ਆਇ ॥

He alone[57] is emancipated[58] who conquers[59] his mind and mammon[61] clings[62] not to him, again[60].

ਕੇਵਲ ਓਹੀ[57] ਬੰਦਖ਼ਲਾਸ[58] ਹੈ, ਜੋ ਆਪਣੇ ਮਨੂਏ ਨੂੰ ਜਿੱਤ ਲੈਂਦਾ[59] ਹੈ। ਮਾਇਆ[61] ਉਸ ਨੂੰ, ਮੁੜ ਕੇ[60], ਨਹੀਂ ਚਿਮੜਦੀ[62]।

ਦਸਵੇ ਦੁਆਰਿ[63] ਰਹਤ[64] ਕਰੇ [65]ਤ੍ਰਿਭੁਵਣ[66] ਸੋਝੀ[67] ਪਾਇ[68] ॥੩॥

He abides[64] in the Tenth gate[63] and obtains[68] the knowledge[67] of the three[65] worlds[66].

ਉਹ ਦਸਮੇਂ ਦੁਵਾਰੇ[63] ਅੰਦਰ ਵਸਦਾ[64] ਹੈ ਅਤੇ ਉਸ ਨੂੰ ਤਿੰਨਾਂ[65] ਜਹਾਨਾਂ[66] ਦੀ ਗਿਆਤ[67] ਪਰਾਪਤ[68] ਹੋ ਜਾਂਦੀ ਹੈ।

ਨਾਨਕ ਗੁਰ ਤੇ[69] ਗੁਰੁ ਹੋਇਆ ਵੇਖਹੁ[70] ਤਿਸ[71] ਕੀ ਰਜਾਇ[72] ॥

By[69] Guru Nanak's grace, Lahna became the Guru. Have a look[70] at his[71] wonderous will[72].

ਗੁਰੂ ਨਾਨਕ ਦੀ ਰਹਿਮਤ ਸਦਕਾ[69], ਲਹਿਣਾ ਗੁਰੂ ਹੋ ਗਿਆ ਉਸ[71] ਦੇ ਅਸਚਰਜ ਭਾਣੇ[72] ਨੂੰ ਤੱਕੋ[70]।

ਇਹੁ ਕਾਰਣੁ[73] ਕਰਤਾ[74] ਕਰੇ[75] ਜੋਤੀ[76] ਜੋਤਿ[77] ਸਮਾਇ[78] ॥੪॥੩॥੫॥

This affair[73] was accomplished[75] by the Creator[74] and Lahna's light[77] merged[78] into the Nanak's Divine light[76].

ਸਿਰਜਣਹਾਰ[74] ਨੇ ਇਹ ਕਾਰਜ[73] ਸੰਪੂਰਨ[75] ਕੀਤਾ ਅਤੇ ਲਹਿਣੇ ਦਾ ਨੂਰ[77] ਨਾਨਕ ਦੇ ਰੱਬੀ ਨੂਰ[76] ਵਿਚ ਲੀਨ[78] ਹੋ ਗਿਆ।

੪੯੧

ਗੂਜਰੀ ਮਹਲਾ ੩ ॥

Gujri. 3rd Guru.

ਗੂਜਰੀ ਤੀਜੀ ਪਾਤਸ਼ਾਹੀ।

ਰਾਮ ਰਾਮ[79] ਸਭੁ[80] ਕੋ ਕਹੈ[81] ਕਹਿਐ[82] ਰਾਮੁ[83] ਨ ਹੋਇ ॥

All[80] the men utter[81] God's Name[79], but by such utterance[82] man becomes not one with the Lord[83].

ਸਾਰੇ[80] ਇਨਸਾਨ ਰੱਬ ਦਾ ਨਾਮ[79] ਉਚਾਰਦੇ[81] ਹਨ, ਪ੍ਰਤੂ ਇਸ ਤਰ੍ਹਾਂ ਦੇ ਉਚਾਰਨ[82] ਨਾਲ ਬੰਦਾ ਪ੍ਰਭੂ[83] ਨਾਲ ਇੱਕ ਮਿੱਕ ਨਹੀਂ ਹੁੰਦਾ।

ਗੁਰ ਪਰਸਾਦੀ[84] ਰਾਮੁ ਮਨਿ ਵਸੈ[85] ਤਾ[86] ਫਲੁ[87] ਪਾਵੈ[88] ਕੋਇ[89] ॥੧॥

If by Guru's grace[84], the Lord abides[85] in the mind, then[86] alone does any one[89] gather[88] fruit[87].

ਜੇਕਰ ਗੁਰਾਂ ਦੀ ਦਇਆ ਦੁਆਰਾ[84] ਪ੍ਰਭੂ ਚਿੱਤ ਵਿੱਚ ਟਿੱਕ ਜਾਵੇ[85], ਕੇਵਲ ਤਦ[86] ਹੀ ਕੋਈ ਜਣਾ[89] ਮੇਵਾ[87] ਹਾਸਲ ਕਰਦਾ[88] ਹੈ।

ਅੰਤਰਿ[90] ਗੋਵਿੰਦ[91] ਜਿਸੁ ਲਾਗੈ ਪ੍ਰੀਤਿ[92]॥ਹਰਿ ਤਿਸੁ[93] ਕਦੇ ਨ ਵੀਸਰੈ[94]ਹਰਿ ਹਰਿ[95]

He[93], who enshrines love[92] for the Lord[91] in his mind[90], never forgets[94] God, but ever[96] repeats God's

ਜਿਸ ਦੇ ਹਿਰਦੇ[90] ਅੰਦਰ ਪ੍ਰਭੂ[91] ਦੀ ਪਿਰਹੜੀ[92] ਲੱਗ ਗਈ ਹੈ, ਉਹ[93] ਵਾਹਿਗੁਰੂ ਨੂੰ ਕਦਾਚਿਤ ਨਹੀਂ ਭੁਲਾਉਂਦਾ[94]ਪ੍ਰੰਤੂ ਵਾਹਿਗੁਰੂ ਦੇ ਨਾਮ[95] ਨੂੰ ਹਮੇਸ਼ਾ[96] ਹੀ

ਕਰਹਿ ਸਦਾ[96] ਮਨਿ[97] ਚੀਤਿ[98] ॥੧॥ਰਹਾਉ॥

Name[95] with his heart[97] and soul[98]. Pause.

ਆਪਣੇ ਦਿਲ[97] ਤੇ ਆਤਮਾ[98] ਨਾਲ ਉਚਾਰਦਾ ਹੈ। ਠਹਿਰਾਉ।

ਹਿਰਦੈ[99] ਜਿਨ੍ਹ ਕੈ ਕਪਟੁ[100] ਵਸੈ ਬਾਹਰ੍ਹੁ[2] ਸੰਤ ਕਹਾਹਿ[3] ॥ ਤ੍ਰਿਸਨਾ[4] ਮੂਲਿ ਨ ਚੁਕਈ[6] ਅੰਤਿ[5] ਗਏ[7] ਪਛੁਤਾਹਿ[8] ॥੨॥

They, within whose mind[99] abides deception[100] and who are outwardly[2] called[3] saints, their desires[4] are never stilled[6] and they depart[7] grieving[8] in the end[5].

ਜਿਨ੍ਹਾਂ ਦੇ ਅੰਤਸ਼-ਕਰਨ[99] ਅੰਦਰ ਛਲ ਫ਼ਰੇਬ[100] ਵਸਦਾ ਹੈ ਅਤੇ ਜੋ ਬਾਹਰ ਵਾਰੋਂ[2] ਸਾਧੂ ਆਖੇ ਜਾਂਦੇ[3] ਹਨ :— ਉਨ੍ਹਾਂ ਦੀਆਂ ਖ਼ਾਹਿਸ਼ਾਂ[4] ਕਦੇ ਭੀ ਨਵਿਰਤ[6] ਨਹੀਂ ਹੁੰਦੀਆਂ ਅਤੇ ਉਹ ਅਖ਼ੀਰ[5] ਨੂੰ ਪਸਚਾਤਾਪ[8] ਕਰਦੇ ਹੋਏ ਟੁਰ ਜਾਂਦੇ[7] ਹਨ।

ਅਨੇਕ[9] ਤੀਰਥ[10] ਜੇ[12] ਜਤਨ[13] ਕਰੈ ਤਾ[14] ਅੰਤਰ[15] ਕੀ ਹਉਮੈ[16] ਕਦੇ[17] ਨ ਜਾਇ[18] ॥

Though[12] man may strenuously[13] bathe at many[9] places of pilgrimage[10] even then[14], his mind's[15] ego[16] never[17] departs[18].

ਭਾਵੇਂ[12] ਆਦਮੀ ਉਪਰਾਲੇ[13] ਸਹਿਤ ਘਣੇਰਿਆਂ[9] ਧਰਮ ਅਸਥਾਨਾਂ[10] ਤੇ ਇਸ਼ਨਾਨ ਕਰੇ, ਤਦ[14] ਭੀ ਉਸ ਦੇ ਚਿੱਤ ਦੀ[15] ਹੰਗਤਾ[16] ਕਦਾਚਿਤ[17] ਦੂਰ[18] ਨਹੀਂ ਹੁੰਦੀ।

ਜਿਸੁ ਨਰ[19] ਕੀ ਦੁਬਿਧਾ[20] ਨ ਜਾਇ[21] ਧਰਮ ਰਾਇ[22] ਤਿਸੁ[23] ਦੇਇ[24] ਸਜਾਇ[25] ॥ ੩॥

The man[19] whose duality[20] departs[21] not, on him[23] the Righteous judge[22] inflicts[24] punishment[25].

ਜਿਸ ਇਨਸਾਨ[19] ਦਾ ਦਵੈਤ-ਭਾਵ[20] ਦੂਰ[21] ਨਹੀਂ ਹੁੰਦਾ, ਧਰਮ ਰਾਜਾ[22] ਉਸ[23] ਨੂੰ ਡੰਡ[25] ਦਿੰਦਾ[24] ਹੈ।

ਕਰਮੁ[26] ਹੋਵੈ ਸੋਈ ਜਨੁ[27] ਪਾਏ[28] ਗੁਰਮੁਖਿ[29] ਬੂਝੈ[30] ਕੋਈ[31] ॥

The man[27], on whom is God's grace[26], obtains[28] Him. A few[31] understand[30] the Lord, through the Guru[29].

ਜਿਸ ਬੰਦੇ[27] ਤੇ ਵਾਹਿਗੁਰੂ ਦੀ ਮਿਹਰ[26] ਹੈ, ਉਹੀ ਉਸ ਨੂੰ ਪਾਉਂਦਾ[28] ਹੈ। ਬਹੁਤ ਥੋੜ੍ਹੇ[31] ਗੁਰਾਂ ਦੇ ਰਾਹੀਂ[29], ਸੁਆਮੀ ਨੂੰ ਸਮਝਦੇ[30] ਹਨ।

ਨਾਨਕ ਵਿਚਹੁ[32*] ਹਉਮੈ[31*] ਮਾਰੇ[32] ਤਾਂ ਹਰਿ[33] ਭੇਟੈ[34] ਸੋਈ[35] ॥੪॥੪॥੬॥

Nanak, if man slays[32] his ego[31*] from within[32*], then[33] does he[35] meet[34] the Lord.

ਨਾਨਕ, ਜੇਕਰ ਇਨਸਾਨ ਅੰਦਰੋਂ[32*] ਆਪਣੇ ਹੰਕਾਰ[31*] ਨੂੰ ਨਸ਼ਟ ਕਰ ਦੇਵੇ[32] ਤਦ[33] ਉਹ[35] ਸਾਹਿਬ ਨੂੰ ਮਿਲ ਪੈਂਦਾ[34] ਹੈ।

ਗੂਜਰੀ ਮਹਲਾ ੩ ॥

Gujri. 3rd Guru.

ਗੂਜਰੀ ਤੀਜੀ ਪਾਤਸ਼ਾਹੀ।

ਤਿਸੁ ਜਨ[36] ਸਾਂਤਿ[37] ਸਦਾ[38] ਮਤਿ[39] ਨਿਹਚਲ[40] ਜਿਸ ਕਾ ਅਭਿਮਾਨੁ[41] ਗਵਾਏ[42]॥

The man[36], whose self-conceit[41] the Lord stills[42], is at peace[37] and is blessed with an ever[38] stable[40] intellect[39].

ਜਿਸ ਬੰਦੇ[36] ਦੀ ਸਵੈ-ਹੰਗਤਾ[41] ਨੂੰ ਸੁਆਮੀ ਦੂਰ[42] ਕਰ ਦਿੰਦਾ ਹੈ, ਉਹ ਆਰਾਮ[37] ਚੈਨ ਵਿਚ ਹੁੰਦਾ ਹੈ ਅਤੇ ਉਸ ਨੂੰ ਸਦੀਵੀ[38] ਸਥਿਰ[40] ਅਕਲ[39] ਪ੍ਰਦਾਨ ਹੁੰਦੀ ਹੈ।

ਸੋ ਜਨੁ[43] ਨਿਰਮਲੁ[44] ਜਿ ਗੁਰਮੁਖਿ[45] ਬੂਝੈ[46] ਹਰਿ ਚਰਣੀ[47] ਚਿਤੁ[48] ਲਾਏ[49]॥ ੧॥

Immaculate[44] is the person[43], who by Guru's instruction[45], understands[46] God and fixes[49] his mind[48] with His feet[47].

ਪਵਿੱਤ੍ਰ[44] ਹੈ ਉਹ ਪੁਰਸ਼[43] ਜੋ ਗੁਰਾਂ ਦੇ ਉਪਦੇਸ਼[45] ਦੁਆਰਾ ਹਰੀ ਨੂੰ ਸਮਝਦਾ[46] ਹੈ ਅਤੇ ਆਪਣੇ ਮਨ[48] ਨੂੰ ਉਸ ਦੇ ਪੈਰਾਂ[47] ਨਾਲ ਜੋੜਦਾ[49] ਹੈ।

ਹਰਿ ਚੇਤਿ[50] ਅਚੇਤ[51] ਮਨਾ[52] ਜੋ[53] ਇਛਹਿ[54] ਸੋ[55] ਫਲੁ[56] ਹੋਈ ॥

O my unmindful[51] soul[52], remember[50] thou the Lord and thou shall obtain the[56] fruit[56], that[53] thou desirest[54].

ਹੇ ਮੇਰੀ ਗਾਫ਼ਲ[51] ਆਤਮਾ[52] ! ਤੂੰ ਸੁਆਮੀ ਦਾ ਸਿਮਰਨ ਕਰ[50]। (ਇਸ ਨਾਲ) ਤੂੰ ਉਹ[55] ਮੇਵਾ[56] ਪਾ ਲਵੇਂਗੀ, ਜਿਸ[53] ਨੂੰ ਤੂੰ ਲੋੜਦੀ[54] ਹੈਂ।

ਗੁਰ ਪਰਸਾਦੀ[57]ਹਰਿ ਰਸੁ[58] ਪਾਵਹਿ ਪੀਵਤ ਰਹਹਿ[59] ਸਦਾ[60] ਸੁਖੁ[61] ਹੋਈ ॥੧॥ ਰਹਾਉ॥

By Guru's grace[57], thou shalt obtain God's elixir[58], by continually drinking[59] which thou shalt have eternal[60] peace[61]. Pause.

ਗੁਰਾਂ ਦੀ ਦਇਆ ਦੁਆਰਾ[57] ਤੂੰ ਈਸ਼ਵਰੀ ਅੰਮ੍ਰਿਤ[58] ਨੂੰ ਪਾ ਲਵੇਂਗੀ, ਜਿਸ ਨੂੰ ਇੱਕ ਰਸ ਪਾਨ[59] ਕਰਨ ਰਾਹੀਂ ਤੂੰ ਸਦੀਵੀ[60] ਆਰਾਮ[61] ਹਾਸਲ ਕਰ ਲਵੇਂਗੀ। ਠਹਿਰਾਉ।

ਸਤਿਗੁਰੁ ਭੇਟੇ[62] ਤਾ[63] ਪਾਰਸੁ[64] ਹੋਵੈ ਪਾਰਸੁ ਹੋਇ ਤ ਪੂਜ ਕਰਾਏ ॥

When man meets[62] the True Guru, he, then[63] becomes a philosopher's stone[64], and when he becomes such, the Lord, then, makes mortals worship him.

ਜਦ ਇਨਸਾਨ ਸੱਚੇ ਗੁਰਾਂ ਨੂੰ ਮਿਲ ਪੈਂਦਾ[62] ਹੈ, ਤਦ[63] ਉਹ ਰਸਾਇਣ[64] ਥੀ ਵੰਞਦਾ ਹੈ। ਜਦ ਉਹ ਇਉਂ ਹੋ ਜਾਂਦਾ ਹੈ, ਤਦ ਪ੍ਰਭੂ ਪ੍ਰਾਣੀਆਂ ਪਾਸੋਂ ਉਸ ਦੀ ਪੂਜਾ ਕਰਵਾਉਂਦਾ ਹੈ।

ਜੋ ਉਸੁ ਪੂਜੇ[65] ਸੋ[66] ਫਲੁ[67] ਪਾਏ ਦੀਖਿਆ[68] ਦੇਵੈ ਸਾਚੁ ਬੁਝਾਏ[69] ॥੨॥

He[66] who adores[65] him, attains the reward[67] and instructing[68] others, he reveals[69] to them the truth.

ਜੇ ਕੋਈ ਉਸ ਦੀ ਪ੍ਰਸਤਸ਼ ਕਰਦਾ[65] ਹੈ, ਉਹ[66] ਸਿਲਾ[67] (ਫਲ) ਪਾ ਲੈਂਦਾ ਹੈ। ਹੋਰਨਾਂ ਨੂੰ ਉਪਦੇਸ਼[68] ਦੇ ਕੇ ਉਹ ਉਨ੍ਹਾਂ ਨੂੰ ਸੱਚ ਦਰਸਾ[69] ਦਿੰਦਾ ਹੈ।

ਵਿਣੁ[71] ਪਾਰਸੈ ਪੂਜ[70] ਨ ਹੋਵਈ ਵਿਣੁ ਮਨ ਪਰਚੇ[72] ਅਵਰਾ[73] ਸਮਝਾਏ ॥

Without[71] becoming the philosopher's stone, man is not worthy of worship[70] but without instructing[72] his own mind, he instructs others[73].

ਰਸਾਇਣ ਥੀ ਵੰਞਣ ਦੇ ਬਗੈਰ[71], ਇਨਸਾਨ ਪੂਜਣ[70] ਦੇ ਯੋਗ ਨਹੀਂ। ਆਪਣੇ ਮਨੂਏ ਨੂੰ ਸਮਝਾਉਣ[72] ਦੇ ਬਾਝੋਂ ਉਹ ਹੋਰਨਾਂ[73] ਨੂੰ ਸਮਝਾਉਂਦਾ ਹੈ।

ਗੁਰੂ ਸਦਾਏ[74] ਅਗਿਆਨੀ[75] ਅੰਧਾ[76] ਕਿਸੁ[77] ਓਹੁ ਮਾਰਗਿ[78] ਪਾਏ ॥੩॥

The ignorant[75], blind[76] man calls[74] himself the Guru, but whom[77] can he show the way[78] ?

ਬੇਸਮਝ[75] ਅੰਨ੍ਹਾ[76] ਇਨਸਾਨ ਆਪਣੇ ਆਪ ਨੂੰ ਗੁਰੂ ਅਖਵਾਉਂਦਾ[74] ਹੈ। ਉਹ ਕਿਸ ਨੂੰ[77] ਰਸਤੇ[78] ਪਾ ਸਕਦਾ ਹੈ ?

ਨਾਨਕ ਵਿਣੁ[79] ਨਦਰੀ[80] ਕਿਛੂ ਨ ਪਾਈਐ ਜਿਸੁ ਨਦਰਿ[80]*ਕਰੇ ਸੋ[81] ਪਾਏ ॥

Nanak, sans[79] His mercy[80] nothing can be obtained and he[81], on whom He looks with grace[80]*, finds Him.

ਨਾਨਕ, ਮਿਹਰਬਾਨ ਮਾਲਕ[80] ਦੇ ਬਾਝੋਂ[79] ਕੁਝ ਭੀ ਪਰਾਪਤ ਨਹੀਂ ਹੁੰਦਾ। ਜਿਸ ਉਤੇ ਉਹ[81] ਮਿਹਰ[80]* ਧਾਰਦਾ ਹੈ ਉਹ ਉਸ ਨੂੰ ਪਾ ਲੈਂਦਾ ਹੈ।

ਗੁਰ ਪਰਸਾਦੀ[82] ਦੇ[83] ਵਡਿਆਈ[84] ਅਪਣਾ ਸਬਦੁ[85] ਵਰਤਾਏ[86] ॥੪॥ ੫॥੭॥

By Guru's grace[82], God grants[83] greatness[84] and disseminates[86] His Name[85].

ਗੁਰਾਂ ਦੀ ਦਇਆ ਦੁਆਰਾ[82] ਵਾਹਿਗੁਰੂ ਮਹਾਨਤਾ[84] ਬਖ਼ਸ਼ਦਾ[83] ਹੈ ਅਤੇ ਆਪਣੇ ਨਾਮ[85] ਦਾ ਪਸਾਰਾ[86] ਕਰਦਾ ਹੈ।

ਗੂਜਰੀ ਮਹਲਾ ੩ ਪੰਚਪਦੇ ॥

Gujri. 3rd Guru. Panchpade.

ਗੂਜਰੀ ਤੀਜੀ ਪਾਤਸ਼ਾਹੀ ਪੰਚਪਦੇ।

ਨਾ ਕਾਸੀ[87] ਮਤਿ[88] ਊਪਜੈ[89] ਨਾ ਕਾਸੀ ਮਤਿ ਜਾਇ[90] ॥

Gnosis[88] is neither gained[89] at Banaras[87], nor is the gnosis lost[90] at Banaras.

ਗਿਆਤ[88] ਨਾ ਬਨਾਰਸ[87] ਵਿਚ ਉਤਪੰਨ[89] ਹੁੰਦੀ ਹੈ, ਨਾ ਹੀ ਗਿਆਤ ਬਨਾਰਸ ਵਿਚ ਜਾਂਦੀ[90] ਹੈ।

ਸਤਿਗੁਰ ਮਿਲਿਐ[91] ਮਤਿ[95] ਊਪਜੈ[92] ਤਾ[93] ਇਹ ਸੋਝੀ[94] ਪਾਇ ॥੧॥

By meeting[91] the True Guru, wisdom[95] is produced[92] and then[93] this man obtains understanding[94].

ਸੱਚੇ ਗੁਰਾਂ ਨੂੰ ਭੇਟਣ ਦੁਆਰਾ[91] ਸਿਆਣਪ[95] ਪੈਦਾ[92] ਹੁੰਦੀ ਹੈ ਤੇ ਤਦ[93] ਇਸ ਆਦਮੀ ਨੂੰ ਸਮਝ[94] ਪਰਾਪਤ ਹੋ ਜਾਂਦੀ ਹੈ।

ਹਰਿ ਕਥਾ[95]* ਤੂੰ ਸੁਣਿ[96] ਰੇ[97] ਮਨ[98] ਸਬਦੂ[99] ਮੰਨਿ ਵਸਾਇ[100] ॥	Hear[96] thou God's discourse[95]*, O[97] man[98] and enshrine[100] His Name[99] within thy mind.	ਤੂੰ ਵਾਹਿਗੁਰੂ ਦੀ ਗਿਆਨ-ਗੋਸ਼ਟ[95]* ਸ੍ਰਵਣ[96] ਕਰ, ਹੇ[97] ਬੰਦੇ[98] ! ਅਤੇ ਉਸ ਦੇ ਨਾਮ[99] ਨੂੰ ਆਪਣੇ ਹਿਰਦੇ ਅੰਦਰ ਅਸਥਾਪਨ[100] ਕਰ ।
ਇਹ ਮਤਿ[2] ਤੇਰੀ ਥਿਰੁ[3] ਰਹੈ ਤਾਂ[4] ਭਰਮੁ[5] ਵਿਚਹੁ[6] ਜਾਇ[7] ॥੧॥ਰਹਾਉ॥	If this Divine Knowledge[2] of thine remains permanent[3] then[4] shall the doubt[5] depart[7] from within[6]. Pause.	ਜੇਕਰ ਤੈਂਡੀ ਇਹ ਬ੍ਰਹਿਮ ਗਿਆਤ[2] ਮੁਸਤਕਿਲ[3] ਰਹੇ, ਤਦ[4] ਵਹਿਮ[5] ਅੰਦਰੋਂ[6] ਜਾਂਦਾ[7] ਰਹੇਗਾ । ਠਹਿਰਾਉ !
ਹਰਿ ਚਰਣ[8] ਰਿਦੈ[7]* ਵਸਾਇ[8]* ਤੂ ਕਿਲਵਿਖ[9] ਹੋਵਹਿ ਨਾਸੁ[10] ॥	Enshrine[8]* thou the God's Feet[8], in thy mind[7], and thine sins[9] will be blotted out[10].	ਤੂੰ ਵਾਹਿਗੁਰੂ ਦੇ ਪੈਰ[8] ਆਪਣੇ ਹਿਰਦੇ[7]* ਵਿਚ ਟਿਕਾ[8]* ਅਤੇ ਤੇਰੇ ਪਾਪ[9] ਨੇਸਤੋ-ਨਾਬੂਦ[10] ਹੋ ਜਾਣਗੇ ।
ਪੰਚ[12] ਭੂ[13] ਆਤਮਾ[14] ਵਸਿ[15] ਕਰਹਿ ਤਾ[16]ਤੀਰਥ[17] ਕਰਹਿ ਨਿਵਾਸੁ[18] ॥੨॥	If thou subdue[15] thy mind[14] of five[12] elements[13], then[16] shalt thou have an abode[18] at the 'True Shrine[17]'.	ਜੇਕਰ ਤੂੰ ਆਪਣੇ ਪੰਜਾਂ[12] ਤਤਾਂ[13] ਦੇ ਮਨੂਏ[14] ਨੂੰ ਕਾਬੂ[15] ਕਰ ਲਵੇਂ, ਤਦ[16] ਤੇਰਾ ਵਾਸਾ[18] 'ਸਚੇ ਧਰਮ ਅਸਥਾਨ[17]' ਤੇ ਹੋ ਜਾਵੇਗਾ ।
ਮਨਮੁਖਿ[19] ਇਹੁ ਮਨੁ ਮੁਗਧੁ[20] ਹੈ ਸੋਝੀ[21] ਕਿਛੂ ਨ ਪਾਇ ॥	This mind of an apostate[19] is stupid[20] and it obtains not understanding[21].	ਪ੍ਰਤੀਕੂਲ[19] ਪੁਰਸ਼ ਦਾ ਇਹ ਮਨੂਆ ਮੂਰਖ[20] ਹੈ । ਇਸ ਨੂੰ ਕੋਈ ਸਮਝ[21] ਨਹੀਂ ਪੈਂਦੀ ।
ਹਰਿ ਕਾ ਨਾਮੁ ਨ ਬੁਝਈ[22] ਅੰਤਿ[23] ਗਇਆ[24] ਪਛੁਤਾਇ[25] ॥੩॥	The stupid soul knows[22] not God's Name and departs[24] repenting[25] at the end[23].	ਮੂਰਖ ਆਤਮਾ ਭਗਵਾਨ ਦੇ ਨਾਮ ਨੂੰ ਨਹੀਂ ਜਾਣਦੀ[22] ਅਤੇ ਅਖ਼ੀਰ[23] ਨੂੰ ਝੂਰਦੀ[25] ਹੋਈ ਟੁਰ ਵੰਞਦੀ[24] ਹੈ ।
ਇਹੁ ਮਨੁ ਕਾਸੀ ਸਭਿ ਤੀਰਥ[26] ਸਿਮ੍ਰਿਤਿ ਸਤਿਗੁਰ ਦੀਆ ਬੁਝਾਇ[27] ॥	In this mind are Banaras, all the shrines[26] and simirtis and this the True Guru has explained[27].	ਇਸ ਮਨੂਏ ਅੰਦਰ ਬਨਾਰਸ, ਸਾਰੇ ਧਰਮ ਅਸਥਾਨ[26] ਅਤੇ ਸਿੰਮ੍ਰਤੀਆਂ ਹਨ । ਸੱਚੇ ਗੁਰਾਂ ਨੇ ਇਹ ਦਰਸਾ ਦਿਤਾ[27] ਹੈ ।
ਅਠਸਠਿ[28] ਤੀਰਥ ਤਿਸੁ[29] ਸੰਗਿ[30] ਰਹਹਿ ਜਿਨ ਹਰਿ ਹਿਰਦੈ[31]ਰਹਿਆ ਸਮਾਇ[32]॥ ੪॥	The sixty-eight[28] holy places remain with[30] him[29], in whose heart[31] the Lord is contained[32].	ਅਠਾਹਟ[28] ਤੀਰਥ ਉਸ[29] ਦੇ ਨਾਲ[30] ਰਹਿੰਦੇ ਹਨ, ਜਿਸ ਦੇ ਦਿਲ[31] ਅੰਦਰ ਪ੍ਰਭੂ ਰਮ ਰਿਹਾ[32] ਹੈ ।
ਨਾਨਕ ਸਤਿਗੁਰ ਮਿਲਿਐ[33] ਹੁਕਮੁ[34] ਬੁਝਿਆ[35] ਏਕੁ[36] ਵਸਿਆ[37] ਮਨਿ[38] ਆਇ[39]॥	Nanak, on meeting[33] the True Guru God's will[34] is known[35], and the one Lord[36] comes[39] to abide[37] in man's mind[38].	ਨਾਨਕ ਸੱਚੇ ਗੁਰਾਂ ਨੂੰ ਮਿਲਣ ਨਾਲ[33] ਹਰੀ ਦਾ ਭਾਣਾ[34] ਜਾਣ ਲਿਆ[35] ਜਾਂਦਾ ਹੈ ਤੇ ਇਕ ਸੁਆਮੀ[36] ਆ ਕੇ[39] ਆਦਮੀ ਦੇ ਹਿਰਦੇ[38] ਅੰਦਰ ਟਿੱਕ ਜਾਂਦਾ[37] ਹੈ ।
ਜੋ ਤੁਧੁ ਭਾਵੈ[40] ਸਭੁ ਸਚੁ ਹੈ ਸਚੇ[41] ਰਹੈ ਸਮਾਇ[42] ॥ ੫॥੬॥੮॥	They, who please[40] Thee, O True Lord[41], are all true, and they remain absorbed[42] in Thee.	ਜਿਹੜੇ ਤੈਨੂੰ ਚੰਗੇ ਲਗਦੇ[10] ਹਨ, ਹੇ ਸੱਚੇ ਸਾਂਈ[41], ਉਹ ਸਾਰੇ ਸੱਚੇ ਹਨ ਅਤੇ ਉਹ ਤੇਰੇ ਅੰਦਰ ਲੀਨ ਹੋਏ ਰਹਿੰਦੇ[42] ਹਨ ।
੪੯੨		
ਗੂਜਰੀ ਮਹਲਾ ੩ ਤੀਜਾ ॥	Gujri 3rd Guru.	ਗੂਜਰੀ ਤੀਜੀ ਪਾਤਸ਼ਾਹੀ ।
ਏਕੋ[43] ਨਾਮੁ ਨਿਧਾਨੁ[44]	The Name alone[43] is the treasure[44],	ਕੇਵਲ[42] ਨਾਮ ਹੀ ਖ਼ਜ਼ਾਨਾ[44] ਹੈ, ਹੇ ਵਿਦਵਾਨ[45] ! ਤੂੰ

ਪੰਡਿਤ[45] ਸੁਣਿ[46] ਸਿਖੁ[47] ਸਚੁ ਸੋਈ[48] ॥	O scholar[45]. Listen[46] thou to such[48] true instruction[47].	ਐਸੀ[48] ਸੱਚੀ ਸਿਖਿਆ[47] ਨੂੰ ਸ੍ਰਵਣ ਕਰ[46]।
ਦੂਜੈ ਭਾਇ[49] ਜੇਤਾ[50] ਪੜਹਿ[51] ਪੜਤ ਗੁਣਤ[52] ਸਦਾ[53] ਦੁਖੁ[54] ਹੋਈ ॥੧॥	Whatever[50] thou readest[51] through duality[49], by such reading and reflecting[52] thou ever[53] comest to grief[54].	ਜਿੰਨਾ ਕੁੱਛ[50] ਭੀ ਤੂੰ ਦਵੈਤ-ਭਾਵ[49] ਦੇ ਰਾਹੀਂ ਵਾਚਦਾ[51] ਹੈਂ, ਐਸੇ ਵਾਚਣ ਤੇ ਵਿਚਾਰਨ ਦੁਆਰਾ[52] ਤੈਨੂੰ ਹਮੇਸ਼ਾਂ[53] ਕਸ਼ਟ[54] ਹੁੰਦਾ ਹੈ।
ਹਰਿ ਚਰਣੀ[55] ਤੂੰ ਲਾਗਿ[56] ਰਹੁ ਗੁਰ ਸਬਦੀ[57] ਸੋਝੀ[58] ਹੋਈ ॥	Cling[56] thou to God's feet[55]. Through Guru's hymns[57] thou shalt obtain sound understanding[58].	ਤੂੰ ਵਾਹਿਗੁਰੂ ਦੇ ਪੈਰਾਂ[55] ਨੂੰ ਚਿਮੜਿਆ[56] ਰਹੁ। ਗੁਰਾਂ ਦੀ ਬਾਣੀ[57] ਰਾਹੀਂ ਤੈਨੂੰ ਯਥਾਰਥ ਸਮਝ[58] ਆ ਜਾਊਗੀ।
ਹਰਿ ਰਸੁ[59] ਰਸਨਾ[60] ਚਾਖੁ[61] ਤੂੰ ਤਾਂ[62] ਮਨੁ[63] ਨਿਰਮਲੁ[64] ਹੋਈ[65] ॥੧॥ਰਹਾਉ॥	With thy tongue[60] taste[61] thou the God's elixir[59], then[62] shalt thy soul[63] be rendered[65] pure[64]. Pause.	ਆਪਣੀ ਜੀਭ[60] ਨਾਲ ਤੂੰ ਵਾਹਿਗੁਰੂ ਦੇ ਅੰਮ੍ਰਿਤ[59] ਨੂੰ ਪਾਨ ਕਰ[61], ਤਦ[62] ਤੇਰੀ ਆਤਮਾ[63] ਪਵਿੱਤ੍ਰ[64] ਥੀ ਵੰਞੇਗੀ[65]। ਠਹਿਰਾਉ।
ਸਤਿਗੁਰ ਮਿਲਿਐ[66] ਮਨੁ ਸੰਤੋਖੀਐ[67] ਤਾ[68] ਫਿਰਿ[69] ਤ੍ਰਿਸਨਾ[70] ਭੂਖ[71] ਨ ਹੋਇ ॥	By meeting[66] the True Guru, the mind is satiated[67] and then[68] desire[70] and hunger[71] harass not the man, any more[69].	ਸੱਚੇ ਗੁਰਾਂ ਨੂੰ ਭੇਟਣ ਦੁਆਰਾ[66] ਮਨ ਰੱਜ ਜਾਂਦਾ[67] ਹੈ ਅਤੇ ਤਦ[68] ਖ਼ਾਹਿਸ਼[70] ਤੇ ਖੁਦਿਆ[71], ਮੁੜ ਕੇ[69] ਬੰਦੇ ਨੂੰ ਨਹੀਂ ਸਤਾਉਂਦੀਆਂ।
ਨਾਮੁ ਨਿਧਾਨੁ[72] ਪਾਇਆ ਪਰ[73] ਘਰਿ[74] ਜਾਇ[75] ਨ ਕੋਇ ॥੨॥	Having received the Name treasure[72], none knocks[75] at another's[73] door[74].	ਨਾਮ ਦੇ ਖ਼ਜ਼ਾਨੇ[72] ਨੂੰ ਪਰਾਪਤ ਕਰ ਕੇ, ਕੋਈ ਭੀ ਹੋਰਸ[73] ਦੇ ਬੂਹੇ[74] ਤੇ ਨਹੀਂ ਜਾਂਦਾ[75]।
ਕਥਨੀ ਬਦਨੀ[76] ਜੇ[77] ਕਰੇ ਮਨਮੁਖਿ[78] ਬੂਝ[79] ਨ ਹੋਇ॥	Even though[77] the perverse person[78] talks and prattles[76], still, he obtains not understanding[79].	ਭਾਵੇਂ[77] ਪ੍ਰਤੀਕੂਲ ਪੁਰਸ਼[78] ਗੱਲਾਂ ਤੇ ਬਕੜਬਾ[76] ਕਰਦਾ ਹੈ, ਤਾਂ ਵੀ ਉਸ ਨੂੰ ਸਮਝ[79] ਪਰਾਪਤ ਨਹੀਂ ਹੁੰਦੀ।
ਗੁਰਮਤੀ[80] ਘਟਿ[81]ਚਾਨਣਾ[82] ਹਰਿ ਨਾਮੁ ਪਾਵੈ[84] ਸੋਇ[83] ॥ ੩॥	By Guru's instruction[80] whose mind[81] is illumined[82], he[83] alone receives[84] the Lord's Name.	ਗੁਰਾਂ ਦੇ ਉਪਦੇਸ਼[80] ਦੁਆਰਾ ਜਿਸਦਾ ਹਿਰਦਾ[81] ਪ੍ਰਕਾਸ਼ਵਾਨ[82] ਹੋ ਜਾਂਦਾ ਹੈ। ਕੇਵਲ ਓਹੀ[83] ਪ੍ਰਭੂ ਦੇ ਨਾਮ ਨੂੰ ਪਰਾਪਤ[84] ਹੁੰਦਾ ਹੈ।
ਸੁਣਿ ਸਾਸਤ੍ਰ ਤੂੰ ਨ ਬੁਝਹੀ[85] ਤਾ[86] ਫਿਰਹਿ[87]ਬਾਰੋ ਬਾਰ[88]॥	Thou hearest Shashtras, but realisest[85] not God, wherefore[86] thou wanderest[87] from door to door[88].	ਤੂੰ ਸ਼ਾਸਤ੍ਰ ਸੁਣਦਾ ਹੈਂ, ਪਰ ਵਾਹਿਗੁਰੂ ਨੂੰ ਅਨੁਭਵ[85] ਨਹੀਂ ਕਰਦਾ। ਇਸ ਲਈ[86] ਤੂੰ ਦਰ ਦਰ[88] ਟੱਕਰਾਂ ਮਰਦਾ[87] ਫਿਰਦਾ ਹੈਂ।
ਸੋ[89] ਮੂਰਖੁ[90] ਜੋ ਆਪੁ[91] ਨ ਪਛਾਣਈ[92] ਸਚਿ[93] ਨ ਧਰੇ[95] ਪਿਆਰੁ[94] ॥੪॥	He[89], who understands[92] not his ownself[91] and cherishes[95] not love[94] for the True Lord[93], is a fool[90].	ਜਿਹੜਾ ਆਪਣੇ ਆਪੇ[91] ਨੂੰ ਨਹੀਂ ਸਮਝਦਾ[92] ਅਤੇ ਸੱਚੇ ਸੁਆਮੀ[93] ਨਾਲ ਪ੍ਰੀਤ[94] ਨਹੀਂ ਕਰਦਾ[95], ਉਹ[89] ਬੇਵਕੂਫ[90] ਹੈ।
ਸਚੈ ਜਗਤੁ[96] ਡਹਕਾਇਆ[97] ਕਹਣਾ[98] ਕਛੂ ਨ ਜਾਇ ॥	The True Lord has hook-winked[97] the world[96] and the man has no say[98] therein.	ਸੱਚੇ ਸਾਹਿਬ ਨੇ ਜਹਾਨ[96] ਨੂੰ ਗੁਮਰਾਹ[97] ਕੀਤਾ ਹੋਇਆ ਹੈ। ਆਦਮੀ ਦੀ ਇਸ ਵਿੱਚ ਕੁਝ ਆਖਣ[98] ਦੀ ਮਜਾਲ ਨਹੀਂ।
ਨਾਨਕ ਜੋ[99] ਤਿਸੁ[100] ਭਾਵੈ[2]	Nanak, whatever[99] pleases[2] Him[100],	ਨਾਨਕ, ਜੇਹੜਾ ਕੁਝ[99] ਉਸ (ਵਾਹਿਗੁਰੂ) ਨੂੰ[100] ਚੰਗਾ

ਸੋ[3] ਕਰੇ[7] ਜਿਉ[4] ਤਿਸ[5] ਕੀ ਰਜਾਇ[6] ॥੫॥੭॥੯॥

that[3] the Lord does[7], according to[4] His[5] sweet will[6].

ਲਗਦਾ[2] ਹੈ, ਆਪਣੇ[5] ਮਿੱਠੇ ਭਾਣੇ[6] ਅਨੁਸਾਰ[4] ਸਾਹਿਬ ਉਹੀ ਕੁਝ[3] ਕਰਦਾ[7] ਹੈ।

੧ ਓ ਸਤਿਗੁਰ ਪ੍ਰਸਾਦਿ ॥

There is but One God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।

ਰਾਗੁ ਗੂਜਰੀ ਮਹਲਾ ੪ ॥
ਚਉਪਦੇ ਘਰੁ ੧ ॥

Gujri Measure. 4th Guru.
Chaupade.

ਰਾਗੁ ਗੂਜਰੀ ਚੌਥੀ ਪਾਤਸ਼ਾਹੀ।
ਚਉਪਦੇ।

ਹਰਿ ਕੇ ਜਨ ਸਤਿਗੁਰ ਸਤਪੁਰਖਾ ਹਉ ਬਿਨਉ ਕਰਉ ਗੁਰ ਪਾਸਿ ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥

O my great Sat-Guru, the save of the Lord and the True Person, I make a supplication before Thee.
I, an insect and a worm, have sought thy shelter. Mercifully bestow on me the light of God's Name, O True Guru.

ਹੇ ਸੁਆਮੀ ਦੇ ਸੇਵਕ! ਸੱਚੇ ਪੁਰਸ਼, ਮੇਰੇ ਵਿਸ਼ਾਲ ਸਤਿਗੁਰੂ! ਮੈਂ ਤੇਰੇ ਅਗੇ ਇਕ ਪ੍ਰਾਰਥਨਾ ਕਰਦਾ ਹਾਂ।
ਮੈਂ ਇੱਕ ਕੀੜੇ ਤੇ ਮਕੌੜੇ ਨੇ ਤੇਰੀ ਸ਼ਰਣਾਗਤ ਸੰਭਾਲੀ ਹੈ। ਮਿਹਰ ਧਾਰ ਕੇ ਮੈਨੂੰ ਹਰੀ ਦੇ ਨਾਮ ਦੀ ਰੌਸ਼ਨੀ ਪਰਦਾਨ ਕਰ, ਹੇ ਸੱਚੇ ਗੁਰਦੇਵ ਜੀ।

ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥

O my friend, the great Guru, illumine me with the Name of the Omnipresent Lord.

ਹੇ ਪ੍ਰਕਾਸ਼ਵਾਨ ਗੁਰੂ, ਮੇਰੇ ਮਿੱਤ੍ਰ! ਮੈਨੂੰ ਸਰਬ-ਵਿਆਪਕ ਸੁਆਮੀ ਦੇ ਨਾਮ ਨਾਲ ਰੌਸ਼ਨ ਕਰ।

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ॥

The Name revealed to me by Guru's instruction, is the friend of my very life, and God's praise is my life's vocation. Pause.

ਗੁਰਾਂ ਦੀ ਸਿੱਖਮਤ ਦੁਆਰਾ ਦਰਸਾਇਆ ਹੋਇਆ ਨਾਮ ਮੇਰੀ ਜਿੰਦ-ਜਾਨ ਦਾ ਮਿੱਤ੍ਰ ਹੈ ਅਤੇ ਵਾਹਿਗੁਰੂ ਦੀ ਸਿਫਤ ਸ਼ਲਾਘਾ ਮੇਰੇ ਜੀਵਨ ਦੀ ਰਹੁ ਰੀਤੀ ਹੈ। ਠਹਿਰਾਉ।

ਹਰਿਜਨ ਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥

The greatest good fortune is of the men of God, who have faith in the Lord Master and thirst for God.
By obtaining the Name of the Lord God, they are sated, and meeting the society of saints, their virtues shine forth.

ਪਰਮ ਭਾਰੀ ਚੌਗੀ ਕਿਸਮਤ ਹੈ ਰੱਬ ਦੇ ਬੰਦਿਆਂ ਦੀ ਜਿਨ੍ਹਾਂ ਦਾ ਸੁਆਮੀ ਮਾਲਕ ਵਿਚ ਭਰੋਸਾ ਹੈ ਅਤੇ ਜਿਨ੍ਹਾਂ ਨੂੰ ਵਾਹਿਗੁਰੂ ਦੀ ਤ੍ਰੇਹ ਹੈ।
ਵਾਹਿਗੁਰੂ ਸੁਆਮੀ ਦੇ ਨਾਮ ਨੂੰ ਪਰਾਪਤ ਕਰਕੇ ਉਹ ਰੱਜ ਜਾਂਦੇ ਹਨ ਅਤੇ ਸਾਧ ਸੰਗਤ ਅੰਦਰ ਜੁੜਨ ਦੁਆਰਾ ਉਨ੍ਹਾਂ ਦੀਆਂ ਨੇਕੀਆਂ ਰੌਸ਼ਨ ਹੋ ਜਾਂਦੀਆਂ ਹਨ।

ਜਿਨ੍ਹ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥

They, who have not gained God, God's elixir and God's Name, are unfortunate and are handed over to Death's myrmidon.

ਜਿਨ੍ਹਾਂ ਨੇ ਵਾਹਿਗੁਰੂ, ਵਾਹਿਗੁਰੂ ਦੇ ਅੰਮ੍ਰਿਤ ਅਤੇ ਵਾਹਿਗੁਰੂ ਦੇ ਨਾਮ ਨੂੰ ਪਰਾਪਤ ਨਹੀਂ ਕੀਤਾ, ਉਹ ਨਿਕਰਮਣ ਹਨ ਅਤੇ ਮੌਤ ਦੇ ਫ਼ਰੇਸ਼ਤੇ ਦੇ ਸੁਪਰਦ ਕੀਤੇ ਜਾਂਦੇ ਹਨ।

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ

Fie on the life and accursed is the hope of living of those, who have

ਥੂਹ ਹੈ ਉਨ੍ਹਾਂ ਦੀ ਜ਼ਿੰਦਗੀ ਨੂੰ ਅਤੇ ਲਾਨ੍ਹਤ ਹੈ, ਉਨ੍ਹਾਂ ਦੇ ਜੀਉਣ ਦੀ ਆਸ ਨੂੰ, ਜਿਹੜੇ ਸੱਚੇ ਗੁਰਾਂ ਦੀ ਸਭਾ

ਜੀਵੇ ਧ੍ਰਿਗੁ ਜੀਵਾਸਿ ॥੩॥

not sought the society and protection of the True Guru.

ਅਤੇ ਸ਼ਰਣਾਗਤ ਅੰਦਰ ਨਹੀਂ ਪੁੱਜੇ ।

ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥

The men of God, who have attained the society of the True Guru, they have on their fore-head the pre-ordained writ.

ਜਿਨ੍ਹਾਂ ਰੱਬ ਦੇ ਬੰਦਿਆਂ ਨੂੰ ਸੱਚੇ ਗੁਰਾਂ ਦਾ ਮੇਲ ਮਿਲਾਪ ਪਰਾਪਤ ਹੋਇਆ ਹੈ, ਉਨ੍ਹਾਂ ਦੇ ਮੱਥੇ ਉਤੇ ਐਨ ਆਰੰਭ ਦੀ ਲਿਖੀ ਹੋਈ ਲਿਖਤਾਕਾਰ ਹੈ ।

ਧੰਨੁ ਧੰਨੁ ਸਤ ਸੰਗਤਿ ਜਿਤੁ ਹਰਿ ਰਸ ਪਾਇਆ ਮਿਲਿ ਨਾਨਕ ਨਾਮੁ ਪਰਗਾਸਿ ॥੪॥੧॥

Blest, blest is the saints' congregation from where God's elixir is procured. By meeting God's slave, O Nanak, manifest becomes the Lord's Name.

ਮੁਬਾਰਕ ! ਮੁਬਾਰਕ ਹੈ, ਸਾਧ ਸਮਾਗਮ, ਜਿੱਥੋਂ ਵਾਹਿਗੁਰੂ ਦਾ ਅੰਮ੍ਰਿਤ ਪਰਾਪਤ ਹੁੰਦਾ ਹੈ । ਰੱਬ ਦੇ ਗੋਲੇ ਨੂੰ ਮਿਲਣ ਦੁਆਰਾ, ਹੇ ਨਾਨਕ ! ਪ੍ਰਗਟ ਹੋ ਵੰਞਦਾ ਹੈ, ਸੁਆਮੀ ਦਾ ਨਾਮ ।

ਗੂਜਰੀ ਮਹਲਾ ੪ ॥

Gujri. 4th Guru.

ਗੂਜਰੀ ਚੌਥੀ ਪਾਤਸ਼ਾਹੀ ।

ਗੋਵਿੰਦੁ[8] ਗੋਵਿੰਦੁ ਪ੍ਰੀਤਮੁ[9] ਮਨਿ[10] ਪ੍ਰੀਤਮੁ ਮਿਲਿ[12] ਸਤ ਸੰਗਤਿ[13] ਸਬਦਿ[14] ਮਨੁ ਮੋਹੈ[15] ॥

The Lord Master[8] is dear[9], dear unto the soul[10] of those, who meet[12] the society of saints[13]. His Name[14] fascinates[15] the mind.

ਸੁਆਮੀ ਮਾਲਕ[8] ਪਿਆਰਾ[9], ਪਿਆਰਾ ਲਗਦਾ ਹੈ ਉਨ੍ਹਾਂ ਦੀ ਆਤਮਾ[10] ਨੂੰ ਜੋ ਸਾਧ ਸੰਗਤ[13] ਨਾਲ ਜੁੜਦੇ[12] ਹਨ । ਉਸ ਦਾ ਨਾਮ[14] ਚਿੱਤ ਨੂੰ ਮੋਹਤ ਕਰ ਲੈਂਦਾ[15] ਹੈ ।

ਜਪਿ[16] ਗੋਵਿੰਦੁ[17] [18]ਗੋਵਿੰਦੁ[19] ਧਿਆਈਐ[20] ਸਭ[21] ਕਉ ਦਾਨੁ[22] ਦੇਇ[23] ਪ੍ਰਭੁ[24] ਓਹੈ[25] ॥੧॥

Repeat[16] God's Name[17] and remember[20] the Lord[19] of Universe[18]. It is the[25] Lord[24] who gives[23] gifts[22] to all[21].

ਰੱਬ ਦਾ ਨਾਮ[17] ਉਚਾਰਨ[16] ਕਰ ਅਤੇ ਕੁਲ ਆਲਮ[18] ਦੇ ਸੁਆਮੀ[19] ਨੂੰ ਚੇਤੇ ਕਰ[20] । ਉਹ[25] ਸਾਹਿਬ[24] ਹੀ ਸਾਰਿਆਂ[21] ਨੂੰ ਦਾਤ[22] ਦਿੰਦਾ[23] ਹੈ ।

ਮੇਰੇ ਭਾਈ ਜਨਾ[26] ਮੋਕਉ[27] ਗੋਵਿੰਦੁ ਗੋਵਿੰਦੁ [28]ਗੋਵਿੰਦੁ[29] ਮਨੁ[31] ਮੋਹੈ[30] ॥

O my fellow brothers[26], God, God, the World[28] Sustainer[29] has bewitched[30] my[27] mind[31].

ਹੇ ਮੇਰੇ ਵੀਰ ਸਾਥੀਓ[26] ! ਵਾਹਿਗੁਰੂ, ਵਾਹਿਗੁਰੂ, ਸ੍ਰਿਸ਼ਟੀ[28] ਦੇ ਥੰਮਣਹਾਰ[29] ਨੇ ਮੇਰੇ[27] ਚਿੱਤ ਨੂੰ ਫ਼ਰੇਫ਼ਤਾ[30] (ਮੋਹ) ਲਿਆ ਹੈ ।

ਗੋਵਿੰਦ ਗੋਵਿੰਦ ਗੋਵਿੰਦ ਗੁਣ[32] ਗਾਵਾ[33] ਮਿਲਿ[38] ਗੁਰ ਸਾਧ[34] ਸੰਗਤਿ[35] ਜਨੁ[36] ਸੋਹੈ[37] ॥੧॥ਰਹਾਉ॥

I hymn[33] the praise[32] of my Lord, my Lord, and my Lord by joining[38] the holy[34] society[35] of the Guru, and thus Thy slave[36] is beautified[37]. Pause.

ਮੈਂ ਆਪਣੇ ਮਾਲਕ, ਮਾਲਕ ਦਾ ਜੱਸ[32] ਗਾਇਨ[33] ਕਰਦਾ ਹਾਂ । ਗੁਰਾਂ ਦੇ ਪਵਿੱਤਰ[34] ਮੇਲ-ਮਿਲਾਪ[35] ਅੰਦਰ ਜੁੜ ਕੇ[38] ਤੇਰਾ ਗੋਲਾ[36] ਸੁੰਦਰ[37] ਜਾਪਦਾ ਹੈ । ਠਹਿਰਾਉ ।

ਸੁਖ[39] ਸਾਗਰ[40] ਹਰਿ ਭਗਤਿ[41] ਹੈ ਗੁਰਮਤਿ[42] ਕਉਲਾ[43] ਰਿਧਿ[44] ਸਿਧਿ[45] ਲਾਗੀ[46] ਪਗਿ[47] ਓਹੈ[48] ॥

The worship[41] of God is an ocean[40] of peace[39] and by Guru's instruction[42], wealth[43], prosperity[44] and supernatural powers[45] fall[46] at the[48] man's feet[47].

ਵਾਹਿਗੁਰੂ ਦੀ ਪ੍ਰੇਮ-ਉਪਾਸ਼ਨਾ[41] ਆਰਾਮ[39] ਦਾ ਸਮੁੰਦਰ[40] ਹੈ । ਗੁਰਾਂ ਦੇ ਉਪਦੇਸ਼[42] ਦੁਆਰਾ ਦੌਲਤ[43], ਇਕਬਾਲ[44] ਅਤੇ ਕਰਾਮਾਤੀ ਸ਼ਕਤੀਆਂ[45] ਉਸ[48] ਆਦਮੀ ਦੇ ਪੈਰਾਂ[47] ਤੇ ਆ ਡਿੱਗਦੀਆਂ[46] ਹਨ ।

੪੯੩

ਜਨ[49] ਕਉ ਰਾਮ ਨਾਮੁ ਆਧਾਰਾ[50] ਹਰਿਨਾਮੁ

Lord's Name is the support[50] of His serf[49] and God's Name he utters[51] and

ਸੁਆਮੀ ਦਾ ਨਾਮ ਉਸ ਦੇ ਨਫ਼ਰ[49] ਦਾ ਆਸਰਾ[50] ਹੈ । ਵਾਹਿਗੁਰੂ ਦਾ ਨਾਮ ਉਹ ਉਚਾਰਨ[51] ਕਰਦਾ ਹੈ ਅਤੇ

ਜਪਤ[51] ਹਰਿ ਨਾਮੇ ਸੋਹੈ[52]॥ ੨॥

with God's Name he is adorned[52].

ਵਾਹਿਗੁਰੂ ਦੇ ਨਾਮ ਨਾਲ ਹੀ ਉਹ ਸ਼ਸ਼ੋਭਤ[52] ਹੁੰਦਾ ਹੈ ।

ਦੁਰਮਤਿ[53] ਭਾਗਹੀਨ[54] ਮਤਿ ਫੀਕੇ[55] ਨਾਮੁ ਸੁਨਤ[58] ਆਵੈ ਮਨਿ[56] ਰੋਹੈ[57] ॥

Evil-minded[53], unfortunate[54] and shallow-intellected[55] are they, who in their mind[56] feel angry[57] on hearing[58] the Name.

ਭੈੜੀ-ਬੁੱਧੀ ਵਾਲੇ[53], ਨਿਕਰਮਣ[54] ਅਤੇ ਹੋਛੀ ਅਕਲ ਸਹਿਤ[55] ਹਨ ਉਹ, ਜਿਨ੍ਹਾਂ ਨੂੰ ਨਾਮ ਸੁਣ ਕੇ[58] ਚਿੱਤ[56] ਵਿੱਚ ਗੁੱਸਾ[57] ਆਉਂਦਾ ਹੈ ।

ਕਉਆ[58*] ਕਾਗ[59] ਕਉ ਅੰਮ੍ਰਿਤ[60] ਰਸੁ[61] ਪਾਈਐ ਤ੍ਰਿਪਤੈ[62] ਵਿਸਟਾ[63] ਖਾਇ ਮੁਖਿ[64] ਗੋਹੈ[65] ॥੩॥

Thou mayest place ambrosial[60] juice[61] before crow[58*] and raven[59], but they are satiated[62] only by eating ordure[63] and dung[65] with their mouth[64].

ਕਾਂ[58*] ਤੇ ਢੋਡਰ ਕਾਂ[59] ਨੂੰ ਅੰਮ੍ਰਿਤ[60] ਰਸ[61] ਪਾ ਦਿਉ, ਪ੍ਰੰਤੂ ਉਹ ਆਪਣੇ ਮੂੰਹ[64] ਨਾਲ ਗੰਦਗੀ[63] ਅਤੇ ਗੋਬਰ[65] ਖਾ ਕੇ ਹੀ ਸੰਤੁਸ਼ਟ[62] ਹੁੰਦੇ ਹਨ ।

ਅੰਮ੍ਰਿਤ[66] ਸਰੁ[67] ਸਤਿਗੁਰੁ ਸਤਿਵਾਦੀ[68] ਜਿਤੁ ਨਾਤੈ[69] ਕਉਆ ਹੰਸੁ[70] ਹੋਹੈ[71] ॥

True Guru, the truth-teller[68] is a tank[67] of Nectar[66], by bathing[69] where-in a crow (the perverse) becomes[71] a swan[70] (the Guru-ward).

ਸੱਚ-ਬੋਲਣ ਵਾਲੇ[68], ਸੱਚੇ ਗੁਰੂ ਜੀ ਆਬਿ-ਹਿਯਾਤ[66] (ਅੰਮ੍ਰਿਤ) ਦੇ ਤਾਲਾਬ[67] ਹਨ, ਜਿਸ ਅੰਦਰ ਨ੍ਹਾਉਣ[69] ਦੁਆਰਾ ਕਾਂ ਰਾਜਹੰਸ[70] ਹੋ ਜਾਂਦਾ[71] ਹੈ ।

ਨਾਨਕ ਧਨੁ[72] ਧੰਨੁ ਵਡੇ[73] ਵਡਭਾਗੀ[74] ਜਿਨ੍ ਗੁਰਮਤਿ[75] ਨਾਮੁ ਰਿਦੈ[76] ਮਲੁ[77] ਧੋਹੈ[78] ॥ ੪॥੨॥

Nanak, blessed[72], blessed, great[73] and very fortunate[74] are they, who wash away[78] their hearts'[76] filth[77] with God's Name, under Guru's instruction[75].

ਨਾਨਕ, ਮੁਬਾਰਕ[72], ਮੁਬਾਰਕ, ਵਿਸ਼ਾਲ[73] ਅਤੇ ਪਰਮ ਚੰਗੇ ਨਸੀਬਾਂ ਵਾਲੇ[74] ਹਨ, ਉਹ, ਜੋ ਆਪਣੇ ਦਿਲ[76] ਦੀ ਮੈਲ[77] ਨੂੰ ਗੁਰਾਂ ਦੀ ਸਿੱਖਿਆ[75] ਤਾਬੇ ਵਾਹਿਗੁਰੂ ਦੇ ਨਾਮ ਨਾਲ ਧੋ ਸੁੱਟਦੇ[78] ਹਨ ।

ਗੂਜਰੀ ਮਹਲਾ ੪ ॥

Gujri. 4th Guru.

ਗੂਜਰੀ ਚੌਥੀ ਪਾਤਸ਼ਾਹੀ ।

ਹਰਿਜਨ[79] ਊਤਮ[80] ਊਤਮ ਬਾਣੀ[81] ਮੁਖਿ[82] ਬੋਲਹਿ[83] ਪਰਉਪਕਾਰੇ[84] ॥

Sublime[80] are God's slaves[79] and sublime is their speech[81]. What they utter[83] with their mouth[82], is for other's[84] good.

ਸ੍ਰੇਸ਼ਟ[80] ਹਨ ਰੱਬ ਦੇ ਗੋਲੇ[79], ਅਤੇ ਸ੍ਰੇਸ਼ਟ ਹਨ ਉਨ੍ਹਾਂ ਦੇ ਬਚਨ-ਬਿਲਾਸ[81] । ਜੋ ਕੁੱਛ ਉਹ ਮੂੰਹੋਂ[82] ਉਚਾਰਦੇ[83] ਹਨ, ਉਹ ਹੋਰਨਾਂ[84] ਦੇ ਭਲੇ ਲਈ ਹੁੰਦਾ ਹੈ ।

ਜੋ ਜਨੁ[85] ਸੁਣੈ ਸਰਧਾ[86] ਭਗਤਿ[87] ਸੇਤੀ[88] ਕਰਿ[89] ਕਿਰਪਾ[90] ਹਰਿ ਨਿਸਤਾਰੇ[91]॥ ੧॥

The persons[85], who hear them with[88] faith[86] and devotion[87], the Lord, by showering[89] His benediction[90], saves[91] them.

ਆਪਣੀ ਰਹਿਮਤ[90] ਧਾਰ ਕੇ[89], ਸੁਆਮੀ ਉਨ੍ਹਾਂ ਪੁਰਸ਼ਾਂ[85] ਦਾ ਪਾਰ ਉਤਾਰਾ[91] ਕਰ ਦਿੰਦਾ ਹੈ, ਜਿਹੜੇ ਉਨ੍ਹਾਂ ਨੂੰ ਭਰੋਸੇ[86] ਅਤੇ ਭਾਵਨੀ[87] ਸਹਿਤ[88] ਸ੍ਰਵਨ ਕਰਦੇ ਹਨ ।

ਰਾਮ[92] ਮੋਕਉ[93] ਹਰਿਜਨ[94] ਮੇਲਿ ਪਿਆਰੇ[95] ॥

O Lord[92], cause me[93] to meet the dear[95] saints[94] of God.

ਹੇ ਪ੍ਰਭੂ[92] ! ਮੈਨੂੰ[93] ਵਾਹਿਗੁਰੂ ਦੇ ਲਾਡਲੇ[95] ਸੰਤਾਂ[94] ਨਾਲ ਮਿਲਾ ਦੇ ।

ਮੇਰੇ ਪ੍ਰੀਤਮ[96] ਪ੍ਰਾਨ[97] ਸਤਿਗੁਰੁ ਗੁਰੁ ਪੂਰਾ[98] ਹਮ ਪਾਪੀ[99] ਗੁਰਿ ਨਿਸਤਾਰੇ[100]॥ ੧॥ਰਹਾਉ॥

The True Guru, the Perfect[98] Guru is dear[96] to me as my life[97]. He has saved[100] me, the sinner[99]. Pause.

ਸੱਚੇ ਗੁਰੂ, ਮੁਕੰਮਲ[98] ਗੁਰਦੇਵ ਜੀ, ਮੈਨੂੰ ਆਪਣੀ ਜਿੰਦ ਜਾਨ[97] ਵਰਗੇ ਪਿਆਰੇ[96] ਹਨ । ਉਨ੍ਹਾਂ ਨੇ ਮੈਂ ਗੁਨਾਹਗਾਰ[99] ਨੂੰ ਬਚਾ ਲਿਆ[100] । ਠਹਿਰਾਉ ।

ਗੁਰਮੁਖਿ[2] ਵਡਭਾਗੀ[3]

Very fortunate[3], very fortunate are

ਵੱਡੇ ਭਾਗਾਂ[3] ਵਾਲੇ, ਭਾਰੇ ਭਾਗਾਂ[3] ਵਾਲੇ ਹਨ, ਗੁਰੂ

ਵਡਭਾਗੇ ਜਿਨ ਹਰਿ ਹਰਿ[4] ਨਾਮੁ ਅਧਾਰੇ[5] ॥

the Guru-wards[2], whose support[5] is the Lord God's Name[4].

ਗੁਰਾਂ ਦੇ ਉਪਦੇਸ਼[9] ਦੁਆਰਾ, ਉਹ ਵਾਹਿਗੁਰੂ ਸੁਆਮੀ ਦੇ ਆਬਿ-ਹਿਯਾਤ[6], ਵਾਹਿਗੁਰੂ ਦੇ ਜੌਹਰ[7] ਅਤੇ ਸ਼ਰਧਾ ਪ੍ਰੇਮ[10] ਦੇ ਖ਼ਜ਼ਾਨੇ[12] ਨੂੰ ਪ੍ਰਾਪਤ ਹੁੰਦੇ[8] ਹਨ ।

ਹਰਿ ਹਰਿ ਅੰਮ੍ਰਿਤੁ[6] ਹਰਿ ਰਸੁ[7] ਪਾਵਹਿ[8] ਗੁਰਮਤਿ[9] ਭਗਤਿ[10] ਭੰਡਾਰੇ[12] ॥੨॥

By Guru's instruction[9], they obtain[8] Lord God's Nectar[6], God's essence[7] and the store-house[12] of devotion[10].

ਜੋ ਸੱਚੇ ਪੁਰਸ਼[14], ਸਤਿਗੁਰਾਂ ਦਾ ਦੀਦਾਰ[13] ਨਹੀਂ ਕਰਦੇ, ਉਹ[15] ਨਿਕਰਮਣ[16] ਹਨ ਅਤੇ ਉਨ੍ਹਾਂ ਨੂੰ ਮੌਤ ਦਾ ਦੂਤ[17] ਤਬਾਹ[18] ਕਰ ਦਿੰਦਾ ਹੈ ।

ਜਿਨ ਦਰਸਨੁ[13] ਸਤਿਗੁਰ ਸਤ ਪੁਰਖ[14] ਨ ਪਾਇਆ ਤੇ[15] ਭਾਗਹੀਣ[16] ਜਮਿ[17] ਮਾਰੇ[18] ॥

They[15], who obtain not the vision[13] of Sat-Guru, the True Personage[14] are unfortunate[16] and are destroyed[18] by Death's courier[17].

ਉਹ[19] ਕੁੱਤਿਆਂ[20], ਸੂਰਾਂ[21] ਅਤੇ ਖੋਤਿਆਂ[22] ਦੀ ਮਾਨੰਦ ਹਨ ਅਤੇ ਪੇਟ ਦੀਆਂ[24] ਜੂਨੀਆਂ[25] ਵਿਚ ਪਾਏ ਜਾਂਦੇ[23] ਹਨ । ਉਨ੍ਹਾਂ ਵੱਡੇ[28] ਕਾਤਲਾਂ[29] ਨੂੰ ਸੁਆਮੀ[26] ਨਸ਼ਟ[27] ਕਰ ਦਿੰਦਾ ਹੈ ।

ਸੇ[19] ਕੂਕਰ[20] ਸੂਕਰ[21] ਗਰਪਭ[22] ਪਵਹਿ[23] ਗਰਭ[24] ਜੋਨੀ[25] ਦਯਿ[26] ਮਾਰੇ[27] ਮਹਾ[28] ਹਤਿਆਰੇ[29] ॥੩॥

They[19] are like curs[20], pigs[21] and asses[22] and are cast into[23] the womb-[24] existences[25], and the Lord[26] smites[27] them as great[28] murderers[29].

ਹੇ ਗਰੀਬਾਂ[30] ਤੇ ਮਿਹਰਬਾਨ[31] ! ਆਪਣੇ ਗੋਲੇ[33] ਤੇ ਤਰਸ ਕਰ[32] ਅਤੇ ਆਪਣੀ ਮਿਹਰ[34] ਧਾਰ[36] ਕੇ ਉਸ ਨੂੰ ਬਚਾ[35] ਲੈ ।

ਦੀਨ[30] ਦਇਆਲ[31] ਹੋਹੁ[32] ਜਨ[33] ਊਪਰਿ ਕਰਿ[36] ਕਿਰਪਾ[34] ਲੇਹੁ ਉਬਾਰੇ[35] ॥

O kind[31] to the poor[30], have[32] mercy on Thy slave[33] and save[35] him by showering[36] Thine benediction[34].

ਨਫਰ[37] ਨਾਨਕ ਨੇ ਵਾਹਿਗੁਰੂ ਦੀ ਪਨਾਹ[38] ਲਈ ਹੈ, ਜੇਕਰ ਤੈਨੂੰ ਚੰਗਾ ਲੱਗੇ[39], ਹੇ ਵਾਹਿਗੁਰੂ, ਤੂੰ ਉਸ ਦਾ ਪਾਰ ਉਤਾਰਾ[40] ਕਰ ਦੇਵੇਂਗਾ ।

ਨਾਨਕ ਜਨ[37] ਹਰਿ ਕੀ ਸਰਣਾਈ[38] ਹਰਿ ਭਾਵੈ[39] ਹਰਿ ਨਿਸਤਾਰੇ[40] ॥੪॥੩॥

Serf[37] Nanak has entered God's sanctuary[38]. If it pleases[39] Thee, O Lord God, Thou shalt save[40] him.

ਗੂਜਰੀ ਮਹਲਾ ੪ ॥

Gujri. 4th Guru.

ਗੂਜਰੀ ਚੌਥੀ ਪਾਤਸ਼ਾਹੀ ।

ਹੋਹੁ ਦਇਆਲ[41] ਮੇਰਾ ਮਨੁ ਲਾਵਹੁ[42] ਹਉ ਅਨਦਿਨੁ[43] ਰਾਮ ਨਾਮੁ ਨਿਤ[44] ਧਿਆਈ[45] ॥

Be merciful[41] and so mould[42] my mind, O Lord, that I may night[43] and day, ever[44] meditate[45] on Thy Name.

ਮਿਹਰਬਾਨ[41] ਹੋ ਕੇ, ਮੇਰੇ ਚਿੱਤ ਨੂੰ ਐਸ ਤਰ੍ਹਾਂ ਢਾਲ[42], ਹੇ ਸੁਆਮੀ ! ਕਿ ਰੈਣ[43] ਦਿਹੁੰ ਮੈਂ ਸਦੀਵ[44] ਹੀ ਤੇਰੇ ਨਾਮ ਦਾ ਚਿੰਤਨ[45] ਕਰਦਾ ਰਹਾਂ ।

ਸਭਿ[46] ਸੁਖ[47] ਸਭਿ ਗੁਣ[48] ਸਭਿ ਨਿਧਾਨ[49] ਹਰਿ[50] ਜਿਤੁ ਜਪਿਐ[51] ਦੂਖ[52] ਭੁਖ[53] ਸਭ ਲਹਿ ਜਾਈ[54] ॥੧॥

God[50] is all[46] peace[47], all merit[48] and all wealth[49] and by remembering[51] Him all misery[52] and hunger[53] depart[54].

ਹਰੀ[50] ਸਮੂਹ[46] ਸੁਖ[47], ਸਮੂਹ ਨੇਕੀਆਂ[48] ਅਤੇ ਸਮੂਹ ਦੌਲਤ[49] ਹੈ ਉਸਦਾ ਆਰਾਧਨ ਕਰਨ ਦੁਆਰਾ[51] ਹੀ ਸਾਰੀ ਮੁਸੀਬਤ[52] ਤੇ ਖੁਦਿਆ[53] ਦੂਰ ਹੋ ਜਾਂਦੀਆਂ[54] ਹਨ ।

ਮਨ[55] ਮੇਰੇ ਮੇਰਾ ਰਾਮ ਨਾਮੁ ਸਖਾ[56] ਹਰਿ ਭਾਈ[57] ॥

O my soul[55], Lord God's Name is my companion[56] and brother[57].

ਹੇ ਮੇਰੀ ਜਿੰਦੜੀਏ[55] ! ਵਾਹਿਗੁਰੂ ਸੁਆਮੀ ਦਾ ਨਾਮ ਮੇਰਾ ਸਾਥੀ[56] ਅਤੇ ਵੀਰ[57] ਹੈ ।

ਗੁਰਮਤਿ[58] ਰਾਮ ਨਾਮੁ ਜਸੁ[59] ਗਾਵਾ[60] ਅੰਤਿ[61] ਬੇਲੀ[62] ਦਰਗਹ[63] ਲਏ ਛਡਾਈ[64] ॥੧॥ਰਹਾਉ॥

Under Guru's instruction[58], I hymn[60] the Lord's praise[59] and it shall be my helper[62] at the last moment[61] and deliver[64] me in God's court[63]. Pause.

ਗੁਰਾਂ ਦੇ ਉਪਦੇਸ਼[58] ਤਾਬੇ ਮੈਂ ਸਾਹਿਬ ਦੇ ਨਾਮ ਦੀ ਕੀਰਤੀ[59] ਆਲਾਪਦਾ[60] ਹਾਂ । ਅਖੀਰ ਦੇ ਵੇਲੇ[61] ਇਹ ਮੇਰਾ ਮਦਦਗਾਰ[62] ਹੋਵੇਗਾ ਅਤੇ ਰੱਬ ਦੇ ਦਰਬਾਰ[63] ਅੰਦਰ ਮੈਨੂੰ ਛੁਡਾ ਲਊਗਾ[64] । ਠਹਿਰਾਉ ।

ਤੂੰ ਆਪੇ[65] ਦਾਤਾ[66] ਪ੍ਰਭੁ ਅੰਤਰਜਾਮੀ[67]ਕਰਿ ਕਿਰਪਾ[68] ਲੋਚ[69] ਮੇਰੈ ਮਨਿ[70]ਲਾਈ[71] ॥

O Lord, the Knower of hearts[67], Thou Thyself[65] art the Giver[66] and Thou hast mercifully[68] infused[71] the longing[69] for Thee in my mind[70].

ਹੇ ਦਿਲਾਂ ਦੀਆਂ ਜਾਨਣਹਾਰ[67] ਸੁਆਮੀ ! ਤੂੰ ਆਪ[65] ਹੀ ਦਾਤਾਰ[66] ਹੈਂ ਮਿਹਰ ਧਾਰ ਕੇ[68] ਤੈਂ ਆਪਣੇ ਲਈ, ਮੇਰੀ ਆਤਮਾ[70] ਅੰਦਰ ਤੀਬਰ ਇੱਛਿਆ[69] ਲਾਈ[71] ਹੈ ।

ਮੈ ਮਨਿ[72] ਤਨਿ[73] ਲੋਚ ਲਗੀ ਹਰਿ ਸੇਤੀ[74] ਪ੍ਰਭਿ ਲੋਚ[77] ਪੂਰੀ[75] ਸਤਿਗੁਰ ਸਰਣਾਈ[76] ॥੨॥

The longing of my soul[72] and body[73] is for[74] God and the Lord has fulfilled[75] my longing[77], since I have entered the sanctuary[76] of the True Guru.

ਮੇਰੀ ਆਤਮਾ[72] ਤੇ ਦੇਹ[73] ਦੀ ਦਿਲੀ-ਚਾਹਨਾ ਹਰੀ ਲਈ ਹੈ । ਸੁਆਮੀ ਨੇ ਮੇਰੀ ਸੱਧਰ[77] ਪੂਰੀ[75] ਕਰ ਦਿੱਤੀ ਹੈ, ਕਿਉਂਕਿ ਮੈਂ ਸੱਚੇ ਗੁਰਾਂ ਦੀ ਪਨਾਹ[76] ਲਈ ਹੈ ।

ਮਾਣਸ ਜਨਮੁ[78] ਪੁੰਨਿ[79] ਕਰਿ ਪਾਇਆ ਬਿਨੁ ਨਾਵੈ ਧ੍ਰਿਗੁ[80] ਧ੍ਰਿਗੁ ਬਿਰਥਾ[81] ਜਾਈ ॥

Human birth[78] is obtained through beneficient acts[79] and accursed[80], accursed it is without the Name it and goes in vain[81].

ਮਨੁੱਖੀ ਜਨਮ[78] ਨੇਕ ਅਮਲਾਂ[79] ਰਾਹੀਂ ਪਰਾਪਤ ਹੁੰਦਾ ਹੈ । ਨਾਮ ਦੇ ਬਗੈਰ ਇਹ ਧ੍ਰਿਕਾਰ[80] ਯੋਗ, ਧ੍ਰਿਕਾਰ ਯੋਗ ਹੈ ਅਤੇ ਵਿਅਰਥ[81] ਜਾਂਦਾ ਹੈ ।

ਨਾਮ ਬਿਨਾ ਰਸ[82] ਕਸ ਦੁਖੁ[83] ਖਾਵੈ[84] ਮੁਖੁ[85] ਫੀਕਾ[86] ਥੂਕ ਥੂਕ[87] ਮੁਖਿ[88] ਪਾਈ ॥੩॥

Without the Name one obtains[84] pain[83] as his sweet and saltish dish[82], insipid[86] remains his mouth[85] and his face[88] is spit[87], spit upon.

ਨਾਮ ਦੇ ਬਗੈਰ ਇਨਸਾਨ ਆਪਣੇ ਮਿੱਠੇ ਤੇ ਸਲੂਣੇ ਭੋਜਨ[82] ਵਜੋਂ ਤਕਲੀਫ[83] ਪਾਉਂਦਾ[84] ਹੈ, ਫਿਕਲਾ[86] ਰਹਿੰਦਾ ਹੈ ਉਸ ਦਾ ਮੂੰਹ[85] ਅਤੇ ਉਸ ਦੇ ਚਿਹਰੇ[88] ਤੇ ਰਾਲਾਂ[87] ਤੇ ਥੁੱਕਾਂ ਪੈਂਦੀਆਂ ਹਨ ।

ਜੋ[89] ਜਨ[90] ਹਰਿ ਪ੍ਰਭੁ[91] ਹਰਿ ਹਰਿ[92] ਸਰਣੋ[93] ਤਿਨ[94] ਦਰਗਹ[95] ਹਰਿ ਹਰਿ[96] ਦੇ[97] ਵਡਿਆਈ[98]॥

The[89] persons[90], who have entered the sanctuary[93] of the Lord God[91], Lord God[92], them[94] the Lord Master grants[97] glory[98] in His court[95].

ਜਿਨ੍ਹਾਂ[89] ਪੁਰਸ਼ਾਂ[90] ਨੇ ਵਾਹਿਗੁਰੂ ਸੁਆਮੀ[91], ਵਾਹਿਗੁਰੂ ਸੁਆਮੀ[92] ਦੀ ਸ਼ਰਨ[93] ਲਈ ਹੈ, ਉਨ੍ਹਾਂ ਨੂੰ[94] ਪ੍ਰਭੂ ਪਰਮੇਸ਼ਰ[96] ਆਪਣੇ ਦਰਬਾਰ[95] ਅੰਦਰ ਮਾਣ ਪ੍ਰਤਿਸ਼ਟਾ[98] ਪਰਦਾਨ ਕਰਦਾ[97] ਹੈ ।

ਧੰਨੁ[99] ਧੰਨੁ ਸਾਬਾਸਿ[100] ਕਹੈ[2] ਪ੍ਰਭੁ ਜਨ[3] ਕਉ ਜਨ[5] ਨਾਨਕ ਮੇਲਿ[4] ਲਏ ਗਲਿ ਲਾਈ[6] ॥੪॥੪॥

Blest[99] ! Blest ! and hail[100] ! the Lord says[2] unto His slave[3]. The Lord embraces[6] him and blends[4] him with Himself, O Serf[5] Nanak.

ਮੁਬਾਰਕ[99] ! ਮੁਬਾਰਕ ! ਅਤੇ ਆਫ਼ਰੀਨ[100] ਸੁਆਮੀ ਆਖਦਾ[2] ਹੈ ਆਪਣੇ ਗੋਲੇ[3] ਨੂੰ । ਸੁਆਮੀ ਉਸ ਨੂੰ ਜੱਫੀ ਪਾ ਲੈਂਦਾ[6] ਹੈ ਅਤੇ ਆਪਣੇ ਨਾਲ ਅਭੇਦ[4] ਕਰ ਲੈਂਦਾ ਹੈ, ਹੇ ਨਫ਼ਰ[5] (ਦਾਸ) ਨਾਨਕ !

ਗੂਜਰੀ ਮਹਲਾ ੪ ॥

Gujri. 4th Guru.

ਗੂਜਰੀ ਚੌਥੀ ਪਾਤਸ਼ਾਹੀ ।

ਗੁਰਮੁਖਿ[7] ਸਖੀ[8] ਸਹੇਲੀ[9] ਮੇਰੀ ਮੋ ਕਉ[10] ਦੇਵਹੁ[12] ਦਾਨੁ[13] ਹਰਿ[14] ਪ੍ਰਾਨ[15] ਜੀਵਾਇਆ[16] ॥

O Guru-wards[7] my friends[8] and mates[9], give[12] me[10] the gift[13] of God's Name[14], which is the life[16] of my very life[15].

ਹੇ ਗੁਰੂ ਸਮਰਪਣ[7], ਮੇਰੀਓ ਸੱਜਣੀਓ[8] ਤੇ ਸਾਥਣੋਂ[9] ਮੈਨੂੰ[10] ਵਾਹਿਗੁਰੂ ਦੇ ਨਾਮ[14] ਦੀ ਦਾਤ[13] ਦਿਓ[12], ਜੋ ਮੇਰੀ ਜਿੰਦ-ਜਾਨ[15] ਦੀ ਜਾਨ[16] ਹੈ ।

ਹਮ[17] ਹੋਵਹ[18] ਲਾਲੇ[19] ਗੋਲੇ[20] ਗੁਰਸਿਖਾ ਕੇ ਜਿਨ੍ਹਾ ਅਨਦਿਨੁ[21] ਹਰਿ ਪ੍ਰਭੁ[22] ਪੁਰਖੁ[23] ਧਿਆਇਆ[24]॥੧॥

I[17] am[18] the slave[19] and serf[20] of the Guru's sikhs, who night[21] and day meditate[24] on the Omnipotent[23] Lord[22] God.

ਮੈਂ[17] ਗੁਰੂ ਦੇ ਸਿਖਾਂ ਦਾ ਗੋਲਾ[19] ਅਤੇ ਗੁਲਾਮ[20] ਹਾਂ[18], ਜੋ ਰੈਣ[21] ਦਿਹੁੰ ਸਰਬ-ਸ਼ਕਤੀਵਾਨ[23] ਵਾਹਿਗੁਰੂ ਸੁਆਮੀ[22] ਦਾ ਆਰਾਧਨ ਕਰਦੇ[24] ਹਨ ।

ਮੇਰੈ ਮਨਿ[25] ਤਨਿ[26] ਬਿਰਹੁ[27] ਗੁਰਸਿਖ ਪਗ[28]ਲਾਇਆ[29] ॥

Within my heart[25] and body[26], I have imbibed[29] love[27] for the feet[28] of the Guru's sikhs.

ਮੇਰੇ ਦਿਲ[25] ਤੇ ਦੇਹ[26] ਅੰਦਰ ਗੁਰੂ ਦੇ ਸਿੱਖਾਂ ਦੇ ਪੈਰਾਂ[28] ਲਈ ਪਿਆਰ[27] ਪੈ ਗਿਆ[29] ਹੈ ।

੪੯੪

ਮੇਰੇ ਪ੍ਰਾਨ[30] ਸਖਾ[31] ਗੁਰ ਕੇ ਸਿਖ ਭਾਈ[32] ਮੋ ਕਉ[33] ਕਰਹੁ[34] ਉਪਦੇਸੁ[35] ਹਰਿ ਮਿਲੈ[36] ਮਿਲਾਇਆ[37] ॥ ੧॥ਰਹਾਉ॥

The Guru's sikhs, my brothers[32], you are the friends[31] of my very life[30]. Impart[34] instruction[35] unto me[33]. United[37] by you, I can meet[36] the Lord. Pause.

ਮੇਰੇ ਵੀਰ[32], ਗੁਰੂ ਦੇ ਸਿੱਖ, ਤੁਸੀਂ ਮੈਂਡੀ ਜਿੰਦ-ਜਾਨ[30] ਦੇ ਮਿੱਤ੍ਰ[31] ਹੋ । ਮੈਨੂੰ[33] ਸਿੱਖਮੱਤ[35] ਦਿਓ[34] । ਤੁਹਾਡਾ ਮਿਲਾਇਆ[37] ਹੋਇਆ ਮੈਂ ਪ੍ਰਭੂ ਨੂੰ ਮਿਲ ਸਕਦਾ[36] ਹਾਂ । ਠਹਿਰਾਉ ।

ਜਾ[38] ਹਰਿ ਪ੍ਰਭ[39] ਭਾਵੈ[40] ਤਾ[41] ਗੁਰਮੁਖਿ[42] ਮੇਲੇ ਜਿਨ੍ ਵਚਨ[43] ਗੁਰੂ[44] ਸਤਿਗੁਰ ਮਨਿ[45] ਭਾਇਆ[46] ॥

When[38] it pleases[40] the Lord Master[39], He then[41], causes man to meet the Guru-wards[42], to whose soul[45] the hymns[43] of the great[44] Satguru are sweet[46].

ਜਦ[38] ਸੁਆਮੀ ਮਾਲਕ[39] ਨੂੰ ਚੰਗਾ ਲਗਦਾ[40] ਹੈ, ਉਹ, ਤਦ[41] ਇਨਸਾਨ ਨੂੰ ਗੁਰਮੁਖਾਂ[42] ਨਾਲ ਮਿਲਾ ਦਿੰਦਾ ਹੈ, ਜਿਨ੍ਹਾਂ ਦੀ ਆਤਮਾ[45] ਨੂੰ ਵਿਸ਼ਾਲ[44] ਸਤਿਗੁਰਾਂ ਦੀ ਬਾਣੀ[43] ਮਿੱਠੀ ਲਗਦੀ[46] ਹੈ ।

ਵਡਭਾਗੀ[47] ਗੁਰ ਕੇ ਸਿਖ ਪਿਆਰੇ[48] ਹਰਿ ਨਿਰਬਾਣੀ[49] ਨਿਰਬਾਣ[50] ਪਦੁ[51] ਪਾਇਆ[52] ॥੨॥

Very fortunate[47] are the dear[48] sikhs of the Guru, who through the Immaculate Lord[49], attain[52] the status[51] of salvation[50].

ਭਾਰੇ ਨਸੀਬਾਂ ਵਾਲੇ[47] ਹਨ, ਗੁਰਾਂ ਦੇ ਲਾਡਲੇ[48] ਸਿੱਖ, ਜੋ ਪਵਿਤ੍ਰ ਪ੍ਰਭੂ[49] ਦੇ ਰਾਹੀਂ, ਮੋਖਸ਼[50] ਦੇ ਮਰਤਬੇ[51] ਨੂੰ ਪਰਾਪਤ ਹੁੰਦੇ[52] ਹਨ ।

ਸਤਸੰਗਤਿ[53] ਗੁਰ ਕੀ ਹਰਿ ਪਿਆਰੀ[54] ਜਿਨ ਹਰਿ ਹਰਿ ਨਾਮੁ ਮੀਠਾ[55] ਮਨਿ[56] ਭਾਇਆ[57] ॥

The True congregation[53] of the Guru is dear[54] to God, as to the Guru's mind[56] Lord God's Name is sweet[55] and pleasing[57].

ਗੁਰਾਂ ਦੀ ਸੱਚੀ ਸੰਗਤ[53], ਵਾਹਿਗੁਰੂ ਦੀ ਲਾਡਲੀ[54] ਹੈ, ਕਿਉਂਕਿ ਗੁਰਾਂ ਦੇ ਚਿੱਤ[56] ਨੂੰ ਵਾਹਿਗੁਰੂ ਸੁਆਮੀ ਦਾ ਨਾਮ ਮਿੱਠੜਾ[55] ਤੇ ਚੰਗਾ ਲਗਦਾ[57] ਹੈ ।

ਜਿਨ ਸਤਿਗੁਰ ਸੰਗਤਿ[58] ਸੰਗੁ[59] ਨ ਪਾਇਆ ਸੋ[60] ਭਾਗਹੀਣ[61] ਪਾਪੀ[62] ਜਮਿ[63] ਖਾਇਆ ॥੩॥

He, who obtains not the society[58] and association[59] of the True Guru, him[60], the unfortune[61] sinful[62] death's courier[63] eats up.

ਜਿਸ ਨੂੰ ਸੱਚੇ ਗੁਰਾਂ ਦਾ ਸਮਾਗਮ[58] ਤੇ ਮੇਲ ਮਿਲਾਪ[59] ਪ੍ਰਾਪਤ ਨਹੀਂ ਹੋਇਆ ਉਸ[60] ਨਿਕਰਮਣ[61] ਗੁਨਹਿਗਾਰ[62] ਨੂੰ ਮੌਤ ਦਾ ਦੂਤ[63] ਖਾ ਜਾਂਦਾ ਹੈ ।

ਆਪਿ[64] ਕ੍ਰਿਪਾਲੁ[65] ਕ੍ਰਿਪਾ[66] ਪ੍ਰਭੁ ਧਾਰੇ[67] ਹਰਿ ਆਪੇ ਗੁਰਮੁਖਿ[68] ਮਿਲੈ[69] ਮਿਲਾਇਆ[70] ॥

If the kind[65] Master Himself[64] shows[67] mercy[66], then assisted[70] by the Supreme Guru[68], God Himself meets[69] the mortal.

ਜੇਕਰ ਮਿਹਰਬਾਨ[65] ਮਾਲਕ ਆਪ[64] ਦਇਆ[66] ਕਰੇ[67], ਤਾਂ ਮੁਖੀ ਗੁਰਾਂ[68] ਦਾ ਮਿਲਾਇਆ ਹੋਇਆ[70], ਵਾਹਿਗੁਰੂ ਖੁਦ ਪ੍ਰਾਣੀ ਨੂੰ ਮਿਲ ਪੈਂਦਾ[69] ਹੈ ।

ਜਨੁ[74] ਨਾਨਕੁ ਬੋਲੇ[71] ਗੁਣ ਬਾਣੀ[72] ਗੁਰਬਾਣੀ[75] ਹਰਿ ਨਾਮਿ ਸਮਾਇਆ[73] ॥੪॥ ੫॥

Attendant[74] Nanak utters[71] the benign hymns[72] and through the Guru's hymns[75], the man is absorbed[73] in God's Name.

ਸੇਵਕ[74] ਨਾਨਕ, ਗੁਣਾ-ਭਰਪੂਰ ਬਾਣੀ[72] ਉਚਾਰਦਾ[71] ਹੈ । ਗੁਰਾਂ ਦੀ ਬਾਣੀ[75] ਰਾਹੀਂ ਬੰਦਾ ਰੱਬ ਦੇ ਨਾਮ ਅੰਦਰ ਲੀਨ ਹੋ ਜਾਂਦਾ[73] ਹੈ ।

ਗੂਜਰੀ ਮਹਲਾ ੪ ॥

Gujri. 4th Guru.

ਗੂਜਰੀ ਚੌਥੀ ਪਾਤਸ਼ਾਹੀ ।

ਜਿਨ ਸਤਿਗੁਰੁ ਪੁਰਖੁ[76]ਜਿਨਿ ਹਰਿ[77] ਪ੍ਰਭੁ ਪਾਇਆ[78] ਮੋ ਕਉ[79] ਕਰਿ ਉਪਦੇਸੁ[80] ਹਰਿ ਮੀਠ[81] ਲਗਾਵੈ ॥
ਮਨੁ[82] ਤਨੁ[83] ਸੀਤਲੁ[84] ਸਭ ਹਰਿਆ[85] ਹੋਆ ਵਡਭਾਗੀ[86] ਹਰਿ ਨਾਮੁ ਧਿਆਵੈ[87] ॥੧॥

He, whoever, through the Divine[76] True Guru, has obtained[78] the Lord[77] God, has made God dear[81] unto me[79], by his instruction[80].
My soul[82] and body[83] are all cooled[84] and reverdured[85], and by the greatest good fortune[86] I meditate[87] on God's Name.

ਜਿਸ ਜਿਸ ਨੇ ਹਰੀ ਰੂਪੀ[76] ਸੱਚੇ ਗੁਰਾਂ ਦੇ ਰਾਹੀਂ ਵਾਹਿਗੁਰੂ ਸੁਆਮੀ[77] ਨੂੰ ਪਾ ਲਿਆ[78] ਹੈ, ਉਸ ਨੇ ਆਪਣੀ ਸਿੱਖਿਆ[80] ਦੁਆਰਾ ਵਾਹਿਗੁਰੂ ਮੈਨੂੰ[79] ਮਿੱਠੜਾ[81] ਲਾ ਦਿੱਤਾ ਹੈ।
ਮੇਰੀ ਆਤਮਾ[82] ਅਤੇ ਦੇਹ[83] ਸਮੂਹ ਠੰਢੇ[84] ਅਤੇ ਹਰਿਆਵਲੇ ਹੋ ਗਏ[85] ਹਨ ਅਤੇ ਪਰਮ ਚੰਗੇ ਨਸੀਬਾਂ[86] ਦੁਆਰਾ ਮੈਂ ਰਾਮ ਦੇ ਨਾਮ ਦਾ ਸਿਮਰਨ ਕਰਦਾ[87] ਹਾਂ।

ਭਾਈ ਰੇ[88] ਮੋ ਕਉ ਕੋਈ ਆਇ ਮਿਲੈ ਹਰਿ ਨਾਮੁ ਦ੍ਰਿੜਾਵੈ[89] ॥
ਮੇਰੇ ਪ੍ਰੀਤਮ[90] ਪ੍ਰਾਨ[91] ਮਨੁ ਤਨੁ ਸਭੁ ਦੇਵਾ ਮੇਰੇ ਹਰਿ ਪ੍ਰਭ ਕੀ ਹਰਿ[92] ਕਥਾ[93] ਸੁਨਾਵੈ[94] ॥੧॥ਰਹਾਉ॥
ਧੀਰਜੁ[95] ਧਰਮੁ[96]ਗੁਰਮਤਿ[97] ਹਰਿ ਪਾਇਆ ਨਿਤ[98] ਹਰਿ ਨਾਮੈ ਹਰਿ ਸਿਉ ਚਿਤੁ[99] ਲਾਵੈ[100] ॥

O[88] my brother, let some one, who may implant[89] God's Name in me, come and meet me.
My life[91], soul and body, all I give to my beloved[90], who narrates[94] to me the Divine[92] discourse[93] of my Lord God. Pause.
From the Guru's instruction[97], I have obtained fortitude[95], faith[96] and God. The Guru, ever[98], keeps my mind[99] attached[100] to God's Name and God.

ਹੇ[88] ਮੇਰੇ ਵੀਰ! ਕੋਈ ਜਾਣਾ, ਜੋ ਮੇਰੇ ਅੰਤਰ ਆਤਮੇ ਵਾਹਿਗੁਰੂ ਦਾ ਨਾਮ ਪੱਕਾ ਕਰ[89] ਦੇਵੇ, ਆ ਕੇ ਮੈਨੂੰ ਮਿਲੇ।
ਆਪਣੀ ਜਿੰਦ[91], ਆਤਮਾ ਦੇਹ ਮੈਂ ਆਪਣੇ ਉਸ ਪਿਆਰੇ[90] ਨੂੰ ਦਿੰਦਾ ਹਾਂ ਜੋ ਮੈਨੂੰ ਮੇਰੇ ਵਾਹਿਗੁਰੂ ਸੁਆਮੀ ਦੀ ਈਸ਼ਵਰੀ[92] ਗਿਆਨ-ਗੋਸ਼ਟ[93] ਸ੍ਰਵਣ[94] ਕਰਾਉਂਦਾ ਹੈ। ਠਹਿਰਾਉ।
ਗੁਰਾਂ ਦੇ ਉਪਦੇਸ਼[97] ਤੋਂ ਮੈਨੂੰ ਸਹਿਨ ਸ਼ਕਤੀ[95], ਸ਼ਰਧਾ-ਪ੍ਰੇਮ[96] ਅਤੇ ਵਾਹਿਗੁਰੂ ਪਰਾਪਤ ਹੋਏ ਹਨ। ਗੁਰੂ ਜੀ, ਹਮੇਸ਼ਾਂ[98] ਮੇਰੇ ਮਨ[99] ਨੂੰ ਵਾਹਿਗੁਰੂ ਦੇ ਨਾਮ ਤੇ ਵਾਹਿਗੁਰੂ ਨਾਲ ਜੋੜੀ ਰੱਖਦੇ[100] ਹਨ।

ਅੰਮ੍ਰਿਤ[2] ਬਚਨ[3] ਸਤਿਗੁਰ ਕੀ ਬਾਣੀ[4] ਜੋ ਬੋਲੈ[5] ਸੋ ਮੁਖਿ[8] ਅੰਮ੍ਰਿਤੁ[6] ਪਾਵੈ[7] ॥੨॥
ਨਿਰਮਲੁ[8*] ਨਾਮੁ ਜਿਤੁ[9] ਮੈਲੁ[10] ਨ ਲਾਗੈ[12] ਗੁਰਮਤਿ[13] ਨਾਮੁ ਜਪੈ[14] ਲਿਵ[15] ਲਾਵੈ॥

Ambrosial[2] words[3] are the hymns[4] of the True Guru and the Nectar[6] trickles[7] into the mouth[6] of him who utters[5] them.
Immaculate[8*] is God's Name, to which[9] filth[10] attaches[12] not. Through Guru's instruction[13], he repeats[14] it with love[15].

ਅੰਮ੍ਰਿਤ[2] ਰੂਪੀ ਬਚਨ[3] ਹਨ, ਸੱਚੇ ਗੁਰਾਂ ਦੇ ਸ਼ਬਦ[4]। ਆਬਿ-ਹਿਯਾਤ[6] ਉਸ ਦੇ ਮੂੰਹ[8] ਵਿਚ ਟਪਕਦਾ[7] ਹੈ, ਜੋ ਉਨ੍ਹਾਂ ਨੂੰ ਉਚਾਰਨ ਕਰਦਾ[5] ਹੈ।
ਪਵਿੱਤਰ[8*] ਹੈ ਰੱਬ ਦਾ ਨਾਮ, ਜਿਸ[9] ਨੂੰ ਮਲੀਣਤਾ[10] ਨਹੀਂ ਚਿਮੜਦੀ[12]। ਗੁਰਾਂ ਦੇ ਉਪਦੇਸ਼[13] ਰਾਹੀਂ ਇਸ ਦਾ ਪਿਆਰ[15] ਨਾਲ ਉਚਾਰਨ[14] ਕਰ।

ਨਾਮੁ ਪਦਾਰਥੁ[16] ਜਿਨ[21] ਨਰ[17] ਨਹੀ ਪਾਇਆ ਸੇ[18] ਭਾਗਹੀਣ[19] ਮੁਏ ਮਰਿ ਜਾਵੈ[20] ॥੩॥

The[21] man[17], who has not received the wealth[16] of God's Name, he[18] is unfortunate[19] and dies again and again[20].

ਜਿਸ[21] ਇਨਸਾਨ[17] ਨੂੰ ਵਾਹਿਗੁਰੂ ਦੇ ਨਾਮ ਦੀ ਦੌਲਤ[16] ਪਰਾਪਤ ਨਹੀਂ ਹੋਈ, ਉਹ[18] ਬਦ-ਕਿਸਮਤ[19] ਹੈ ਅਤੇ ਮੁੜ ਮੁੜ ਕੇ ਮਰਦਾ ਰਹਿੰਦਾ[20] ਹੈ।

ਆਨਦ[22] ਮੂਲੁ[23] ਜਗ[24] ਜੀਵਨ[25] ਦਾਤਾ[26] ਸਭ ਜਨ[27] ਕਉ ਅਨਦੁ[28] ਕਰਹੁ ਹਰਿ[29] ਧਿਆਵੈ[30] ॥

God[29], the Bestower[26] is the source[23] of joy[22] and the Life[25] of the world.[24] He makes happy[28] all the men[27], who meditate[30] on Him.

ਵਾਹਿਗੁਰੂ[29], ਦਾਤਾਰ[26], ਖ਼ੁਸ਼ੀ[22] ਦਾ ਨਿਕਾਸ[23] ਅਤੇ ਜਗਤ[24] ਦੀ ਜਿੰਦ-ਜਾਨ[25] ਹੈ। ਉਹ ਸਾਰੇ ਇਨਸਾਨਾਂ[27] ਨੂੰ ਜੋ ਉਸ ਦਾ ਸਿਮਰਨ[30] ਕਰਦੇ ਹਨ, ਪਰਸੰਨ[28] ਕਰ ਦਿੰਦਾ ਹੈ।

ਤੂੰ ਦਾਤਾ[31] ਜੀਅ[32] ਸਭਿ ਤੇਰੇ ਜਨ[33] ਨਾਨਕ ਗੁਰਮੁਖਿ[34] ਬਖਸਿ[35]ਮਿਲਾਵੈ[36] ॥੪॥੬॥

Thou art the Giver[31], all the beings[32] are Thine. Says slave[33] Nanak, Thou pardonest[35] the pious persons[34] and blendest[36] them with Thyself.

ਤੂੰ ਦੇਣ ਵਾਲਾ[31] ਹੈਂ, ਸਮੂਹ ਪ੍ਰਾਣਧਾਰੀ[32] ਤੈਂਡੇ ਹਨ। ਗੋਲਾ[33] ਨਾਨਕ ਆਖਦਾ ਹੈ, ਤੂੰ ਪਵਿੱਤਰ ਪੁਰਸ਼ਾਂ[34] ਨੂੰ ਮਾਫ਼ੀ ਦੇ ਕੇ[35] ਆਪਣੇ ਨਾਲ ਅਭੇਦ ਕਰ ਲੈਂਦਾ[36] ਹੈਂ।

ੴ ਸਤਿਗੁਰ ਪ੍ਰਸਾਦਿ ॥

There is but One God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।

ਗੂਜਰੀ ਮਹਲਾ ੪
ਘਰੁ ੩ ॥

Gujri. 4th Guru.

ਗੂਜਰੀ ਚੌਥੀ ਪਾਤਸ਼ਾਹੀ।

ਮਾਈ[37] ਬਾਪ[38] ਪੁਤ੍ਰ[39] ਸਭਿ ਹਰਿ ਕੇ ਕੀਏ[40] ॥ ਸਭਨਾ ਕਉ ਸਨਬੰਧੁ[41] ਹਰਿ ਕਰਿ ਦੀਏ[42] ॥੧॥

The mother[37], father[38] and son[39] are all made[40] by God and the relationships[41] of all are established[42] by God.

ਮਾਤਾ[37], ਪਿਤਾ[38] ਅਤੇ ਪੁੱਤ੍ਰ[39] ਸਾਰੇ ਵਾਹਿਗੁਰੂ ਨੇ ਬਣਾਏ[40] ਹਨ। ਸਾਰਿਆਂ ਦੇ ਰਿਸ਼ਤੇ[41] ਵਾਹਿਗੁਰੂ ਨੇ ਕਾਇਮ ਕੀਤੇ[42] ਹਨ।

ਹਮਰਾ[43] ਜੋਰੁ[44] ਸਭੁ ਰਹਿਓ ਮੇਰੇ ਬੀਰ[45] ॥

All my[43] strength[44] is as nothing, O my brother[45].

ਮੇਰੀ[43] ਸਾਰੀ ਤਾਕਤ[44] ਕੁਝ ਭੀ ਨਹੀਂ, ਹੇ ਮੇਰੇ ਭਰਾਵਾ[45]!

ਹਰਿ ਕਾ ਤਨੁ[46] ਮਨੁ[47]ਸਭੁ[50] ਹਰਿ ਕੈ ਵਸਿ[48] ਹੈ ਸਰੀਰ[49] ॥੧॥ਰਹਾਉ॥

The body[46] and soul[47] belong to God and the entire[50] human frame[49] is in His power[48]. Pause.

ਦੇਹ[46] ਤੇ ਆਤਮਾ[47] ਵਾਹਿਗੁਰੂ ਦੇ ਹਨ। ਸਮੂਹ[50] ਮਨੁੱਖੀ ਢਾਂਚਾ[49] ਵਾਹਿਗੁਰੂ ਦੇ ਅਖ਼ਤਿਆਰ[48] ਵਿਚ ਹੈ। ਠਹਿਰਾਉ।

ਭਗਤ ਜਨਾ[51] ਕਉ ਸਰਧਾ[52] ਆਪਿ ਹਰਿ[53] ਲਾਈ[54] ॥

Within His saintly persons[51], God Himself[53] infuses[54] His devotion[52].

ਸਾਧ ਰੂਪ ਪੁਰਸ਼[51] ਅੰਦਰ, ਵਾਹਿਗੁਰੂ ਖ਼ੁਦ[53] ਆਪਣਾ ਅਨੁਰਾਗ[52] (ਪ੍ਰੇਮ) ਪਾਉਂਦਾ[54] ਹੈ।

ਵਿਚੇ[55] ਗ੍ਰਿਸਤ[56] ਉਦਾਸ[57] ਰਹਾਈ ॥੨॥

In[55] family life[56], they remain unattached[57].

ਘਰ ਬਾਰੀ ਜੀਵਨ[56] ਅੰਦਰ[55], ਉਹ ਉਪਰਾਮ[57] ਰਹਿੰਦੇ ਹਨ।

ਜਬ[58] ਅੰਤਰਿ[59] ਪ੍ਰੀਤਿ[60] ਹਰਿ ਸਿਉ[61]ਬਨਿ ਆਈ[62]॥ ਤਬ[63] ਜੋ ਕਿਛੁ[64] ਕਰੇ ਸੁ[65] ਮੇਰੇ ਹਰਿ ਪ੍ਰਭ[67] ਭਾਈ[66] ॥ ੩॥

When[58] hearty[59] love[60] is established[62] with[61] God, then[63] whatever[64] the man does, that[65] is pleasing[66] to my Lord God[67].

ਜਦੋਂ[58] ਵਾਹਿਗੁਰੂ ਨਾਲ[61] ਦਿਲੀ[59] ਪ੍ਰੇਮ[60] ਪ ਜਾਂਦਾ[62] ਹੈ, ਤਦ[63] ਜਿਹੜਾ ਕੁਝ ਭੀ[64] ਬੰਦਾ ਕਰਦਾ ਹੈ, ਉਹ[65] ਮੈਂਡੇ ਵਾਹਿਗੁਰੂ ਸੁਆਮੀ[67] ਨੂੰ ਚੰਗਾ ਲਗਦਾ[66] ਹੈ।

ਜਿਤੁ ਕਾਰੈ ਕੰਮਿ ਹਮ ਹਰਿ ਲਾਏ ॥ ਸੋ ਹਮ ਕਰਹ ਜੁ ਆਪਿ ਕਰਾਏ ॥੪॥

I do the deed and work to which God has yoked me and I do that which He Himself makes me to do.

ਮੈਂ ਉਹ ਕਾਰਜ ਤੇ ਵਿਹਾਰ ਕਰਦਾ ਹਾਂ ਜਿਸ ਨਾਲ ਹਰੀ ਨੇ ਮੈਨੂੰ ਜੋੜਿਆ ਹੈ ਅਤੇ ਜਿਸ ਨੂੰ ਉਹ ਆਪ ਮੇਰੇ ਕੋਲੋਂ ਕਰਾਉਂਦਾ ਹੈ।

ਜਿਨ ਕੀ ਭਗਤਿ[68] ਮੇਰੇ ਪ੍ਰਭ ਭਾਈ[69] ॥ ਤੇ[70] ਜਨ[71] ਨਾਨਕ ਰਾਮ ਨਾਮ ਲਿਵ[72] ਲਾਈ[73] ॥੫॥੧॥ ੭॥੧੬॥

They, whose devotional service[68] is pleasing[69] to my Lord, those[70] persons[71] fix[73] their attention[72] on the Lord's Name, O Nanak.

ਜਿਨ੍ਹਾਂ ਦੀ ਪ੍ਰੇਮ-ਮਈ ਸੇਵਾ[68], ਮੈਂਡੇ ਸੁਆਮੀ ਨੂੰ ਚੰਗੀ ਲਗਦੀ[69] ਹੈ, ਉਹ[70] ਪੁਰਸ਼[71] ਆਪਣੀ ਬਿਰਤੀ[72] ਸੁਆਮੀ ਦੇ ਨਾਲ ਜੋੜਦੇ[73] ਹਨ, ਹੇ ਨਾਨਕ!

੪੯੫ ਗੂਜਰੀ ਮਹਲਾ ੫ ਚਉਪਦੇ ਘਰੁ ੧	Gujri. 5th Guru. Chaupade.	ਗੂਜਰੀ ਪੰਜਵੀਂ ਪਾਤਸ਼ਾਹੀ । ਚਉਪਦੇ ।
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।
ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥	Why doest thou O man think of enterprise, when Reverend God is Himself engaged in thy care.	ਤੂੰ ਕਿਉਂ ਹੇ ਬੰਦੇ ! (ਚਿੰਤਾ-ਭਰਪੂਰ) ਉੱਦਮ ਬਾਰੇ ਸੋਚਦਾ ਹੈਂ, ਜਦ ਕਿ ਮਾਣਨੀਯ ਵਾਹਿਗੁਰੂ ਆਪ ਤੇਰੇ ਫ਼ਿਕਰ ਵਿਚ ਲੱਗਾ ਹੋਇਆ ਹੈ ।
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥	In the rocks and stones, He has created the beings and their sustenance He puts before them.	ਚਟਾਨਾਂ ਅਤੇ ਪੱਥਰਾਂ ਅੰਦਰ ਉਸ ਨੇ ਜੀਵ ਪੈਦਾ ਕੀਤੇ ਹਨ । ਉਨ੍ਹਾਂ ਦੀ ਰੋਜ਼ੀ ਉਹ ਉਨ੍ਹਾਂ ਦੇ ਮੂਹਰੇ ਰੱਖ ਦਿੰਦਾ ਹੈ।
ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸਿ ਤਰਿਆ ॥	O my Venerable Lord of mammon, he who mixes with the society of saints, is saved.	ਹੇ ਮੇਰੇ ਪੂਜਜ ਮਾਇਆ ਦੇ ਸੁਆਮੀ ! ਜੋ ਕੋਈ ਸਾਧ ਸੰਗਤ ਨਾਲ ਜੁੜਦਾ ਹੈ, ਉਹ ਪਾਰ ਉੱਤਰ ਜਾਂਦਾ ਹੈ ।
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ਰਹਾਉ॥	By Guru's grace, he obtains the supreme status and the drywood blossoms forth. Pause.	ਗੁਰਾਂ ਦੀ ਦਇਆ ਦੁਆਰਾ ਉਹ ਮਹਾਨ ਮਰਤਬੇ ਨੂੰ ਪਾ ਲੈਂਦਾ ਹੈ ਅਤੇ (ਇਕ ਤਰ੍ਹਾਂ ਨਾਲ) ਸੁੱਕੀ ਲੱਕੜ ਪਰਫੁੱਲਤ ਥੀ ਵੰਞਦੀ ਹੈ । ਠਹਿਰਾਉ ।
ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥	Of mother, father, people, son and wife, no one is the support of another.	ਮਾਂ, ਪਿਓ, ਜਨਤਾ, ਪੁੱਤ੍ਰ ਅਤੇ ਪਤਨੀ ਵਿਚੋਂ ਕੋਈ ਭੀ ਕਿਸੇ ਦਾ ਆਸਰਾ ਨਹੀਂ ।
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥	To every individual, the Lord reaches sustenance, why fearest thou, O my soul.'	ਹਰ ਇਕਸ ਇਨਸਾਨ ਨੂੰ ਸੁਆਮੀ ਅਹਾਰ ਪੁਚਾਉਂਦਾ ਹੈ । ਤੂੰ ਕਿਉਂ ਡਰਦੀ ਹੈਂ, ਹੇ ਮੇਰੀ ਜਿੰਦੜੀਏ !
ਉਡੈ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥	The flamingoes come having flown over hundreds of miles while their young ones they leave behind.	ਸੈਂਕੜੇ ਮੀਲ ਉਡਾਰੀ ਮਾਰ ਕੇ ਕੂੰਜਾਂ ਆਉਂਦੀਆਂ ਹਨ ਅਤੇ ਆਪਣੇ ਬੱਚੇ ਉਹ ਪਿੱਛੇ ਛੱਡ ਆਉਂਦੀਆਂ ਹਨ ।
ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥	Who feeds them and who enables them to peck ? Hast thou ever thought of it in thy mind ?	ਉਨ੍ਹਾਂ ਨੂੰ ਕੌਣ ਖੁਆਲਦਾ ਹੈ ਅਤੇ ਕੌਣ ਚੋਗਾ ਦਿੰਦਾ ਹੈ ? ਕੀ ਤੂੰ ਆਪਣੇ ਚਿੱਤ ਅੰਦਰ ਕਦੇ ਇਸ ਦਾ ਖ਼ਿਆਲ ਕੀਤਾ ਹੈ ?
ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥	All the treasures and the eighteen supernatural powers, the Lord holds on the palm of His Hand.	ਸਮੂਹ ਖ਼ਜ਼ਾਨੇ ਅਤੇ ਅਠਾਰਾਂ ਕਰਾਮਾਤੀ ਸ਼ਕਤੀਆਂ ਪ੍ਰਭੂ ਨੇ ਆਪਣੇ ਹੱਥ ਦੀ ਤਲੀ ਉਤੇ ਟਿਕਾਈਆਂ ਹੋਈਆਂ ਹਨ ।
ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ	Slave Nanak is devoted, dedicated and ever a sacrifice unto Thee, O Lord.	ਗੋਲਾ ਨਾਨਕ ਤੇਰੇ ਉਤੋਂ, ਹੇ ਸੁਆਮੀ ! ਸਦਾ ਸਦਕੇ, ਅਤੇ ਕੁਰਬਾਨ ਜਾਂਦਾ ਹੈ । ਤੇਰੇ ਪਰਮ ਵਿਸਥਾਰ

ਅੰਤੁ ਨ ਪਾਰਾਵਰਿਆ ॥ ੪॥੧॥

and to Thine vastness there is no limit or bound.

ਦਾ ਕੋਈ ਓੜਕ ਜਾਂ ਹੱਦ ਬੰਨਾ ਨਹੀਂ ।

ਗੂਜਰੀ ਮਹਲਾ ੫
ਚਉਪਦੇ ਘਰੁ ੨

Gujri. 5th Guru.
Chaupade.

ਗੂਜਰੀ ਪੰਜਵੀਂ ਪਾਤਸ਼ਾਹੀ ।
ਚਉਪਦੇ ।

੧ ੴ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਕਿਰਿਆਚਾਰ[74] ਕਰਹਿ[79] ਖਟੁ ਕਰਮਾ[75] ਇਤੁ[76] ਰਾਤੇ[77] ਸੰਸਾਰੀ[78] ॥

The men perform[79] four rituals[74] and six religious rites[75] and in these[76] the worldly men[78] are engrossed[77].

ਇਨਸਾਨ ਚਾਰ ਕਰਮ ਕਾਂਡ[74] ਅਤੇ ਛੇ ਧਾਰਮਕ ਸੰਸਕਾਰ[75] ਕਰਦੇ[79] ਹਨ । ਇਨ੍ਹਾਂ[76] ਅੰਦਰ ਦੁਨਿਆਵੀ ਬੰਦੇ[78] ਖੱਚਤ[77] ਹੋਏ ਹੋਏ ਹਨ ।

ਅੰਤਰਿ[80] ਮੈਲੁ[81] ਨ ਉਤਰੈ[82] ਹਉਮੈ[83] ਬਿਨੁ ਗੁਰ ਬਾਜੀ[84] ਹਾਰੀ ॥੧॥

From within[80] they are not cleansed[82] of the filth[81] of ego[83], and without the Guru they lose the game[84].

ਉਨ੍ਹਾਂ ਦੇ ਅੰਦਰੋਂ[80] ਹੰਕਾਰ[83] ਦੀ ਗਿਲਾਜ਼ਤ[81] ਦੂਰ[82] ਨਹੀਂ ਹੁੰਦੀ ਅਤੇ ਗੁਰਾਂ ਦੇ ਬਾਝੋਂ ਉਹ ਜੀਵਨ-ਖੇਡ[84] ਹਾਰ ਜਾਂਦੇ ਹਨ ।

ਮੇਰੇ ਠਾਕੁਰ ਰਖਿ ਲੇਵਹੁ[85] ਕਿਰਪਾ ਧਾਰੀ[86] ॥

O my Lord, preserve[85] me Thou mercifully[86].

ਹੇ ਮੇਰੇ ਸੁਆਮੀ ! ਮਿਹਰ ਧਾਰ[86] ਕੇ ਮੇਰੀ ਰੱਖਿਆ[85] ਕਰ ।

ਕੋਟਿ[87] ਮਧੇ[88] ਕੋ ਵਿਰਲਾ[89] ਸੇਵਕੁ[90] ਹੋਰਿ ਸਗਲੇ ਬਿਉਹਾਰੀ[91] ॥੧॥ਰਹਾਉ॥

Out of[88] millions[87], hardly any one[89] is a servant[90] of God ; all others are but traders[91]. Pause.

ਕ੍ਰੋੜਾਂ[87] ਵਿਚੋਂ[88] ਕੋਈ ਟਾਂਵਾ ਬੰਦਾ ਹੀ[89] ਵਾਹਿਗੁਰੂ ਦਾ ਦਾਸ[90] ਹੈ । ਹੋਰ ਸਾਰੇ ਨਿਰੇ ਪੁਰੇ ਸੌਦੇ-ਬਾਜ਼[91] ਹੀ ਹਨ । ਠਹਿਰਾਉ ।

ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ[92] ਸਭ ਏਕਾ ਬਾਤ[93] ਪੁਕਾਰੀ[94] ॥

The Shashtras, Vedas and Simirtis, I have all searched[92] and they all say[94] but one thing[93] :--

ਸ਼ਾਸਤਰਾਂ, ਵੇਦਾਂ ਅਤੇ ਸਿਮ੍ਰਤੀਆਂ ਨੂੰ ਮੈਂ ਖੋਜਿਆ[92] ਹੈ । ਉਹ ਸਾਰੇ ਕੇਵਲ ਇਕੋ ਹੀ ਗੱਲ[93] ਦੱਸਦੇ[94] ਹਨ :

ਬਿਨੁ ਗੁਰ ਮੁਕਤਿ[95] ਨ ਕੋਊ ਪਾਵੈ ਮਨਿ[96] ਵੇਖਹੁ[97] ਕਰਿ ਬੀਚਾਰੀ[98] ॥੨॥

Without the Guru, none obtains salvation[95]. Observe[97] and consider[98] this in thy mind[96].

ਗੁਰਾਂ ਦੇ ਬਾਝੋਂ ਕਿਸੇ ਨੂੰ ਭੀ ਮੋਖ਼ਸ਼[95] ਪਰਾਪਤ ਨਹੀਂ ਹੁੰਦੀ । ਆਪਣੇ ਚਿੱਤ[96] ਅੰਦਰ ਇਸ ਨੂੰ ਸੋਚ ਸਮਝ ਕੇ[98] ਦੇਖ ਲੈ[97] ।

ਅਠਸਠਿ[99] ਮਜਨੁ[100] ਕਰਿ ਇਸਨਾਨਾ[2] ਭ੍ਰਮਿ[3] ਆਏ ਧਰ[4] ਸਾਰੀ ॥ ਅਨਿਕ[5] ਸੋਚ[6] ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ[7] ॥੩॥

If a man has ablution[100] and bath[2] at sixtyeight[99] places of pilgrimage and wanders over[3] the whole earth[4], and even if he performs various[5] purifications[6] day and night, yet there would be all darkness[7] without the True Guru.

ਜੇਕਰ ਬੰਦਾ ਅਠਾਹਠ[99] ਤੀਰਥਾਂ ਤੇ ਨਹਾ ਲਵੇ[100] ਅਤੇ ਟੁੱਭੇ ਲਾ ਲਵੇ[2] ਅਤੇ ਸਾਰੀ ਧਰਤੀ[4] ਉੱਤੇ ਫਿਰ ਆਵੇ[3] ਅਤੇ ਜੇਕਰ ਉਹ ਰਾਤ ਦਿਨੇ ਘਣੇਰੀਆਂ[5] ਸੁੱਚਮਤਾਈਆਂ[6] ਰੱਖੇ, ਪ੍ਰੰਤੂ ਸੱਚੇ ਗੁਰਾਂ ਦੇ ਬਾਝੋਂ ਸਾਰੇ (ਅਗਿਆਨਤਾ ਦਾ) ਅਨ੍ਹੇਰਾ ਹੀ ਹੋਵੇਗਾ ।

ਧਾਵਤ ਧਾਵਤ[8] ਸਭੁ ਜਗੁ[9] ਧਾਇਓ[10] ਅਬ[12] ਆਏ[13] ਹਰਿ ਦੁਆਰੀ[14] ॥

Roaming and rambling[8], I have traversed[10] the whole world[9], but now[12] I have arrived[13] at God's door[14].

ਭਟਕਦੇ ਤੇ ਭਰਮਦੇ[8] ਹੋਏ ਨੇ, ਮੈਂ ਸਾਰੇ ਜਹਾਨ[9] ਦਾ ਚੱਕਰ ਕੱਟ ਲਿਆ[10] ਹੈ, ਪ੍ਰੰਤੂ ਹੁਣ[12] ਮੈਂ ਵਾਹਿਗੁਰੂ ਦੇ ਦਰ[14] ਤੇ ਆ ਪੁੱਜਾ[13] ਹਾਂ ।

ਦੁਰਮਤਿ[15] ਮੇਟਿ[16] ਬੁਧਿ[17] ਪਰਗਾਸੀ[18] ਜਨ[19] ਨਾਨਕ ਗੁਰਮੁਖਿ[20] ਤਾਰੀ[21] ॥੪॥ ੧॥੨॥	The Lord has obliterated[16] my evil intellect[15] and has enlightened[18] my understanding[17] and the Exalted Guru[20] has saved[21] slave[19] Nanak.	ਸੁਆਮੀ ਨੇ ਮੇਰੀ ਮੰਦੀ ਅਕਲ[15] ਮੇਸ ਦਿੱਤੀ[16] ਹੈ ਅਤੇ ਮੇਰੀ ਸਮਝ[17] ਨੂੰ ਉੱਜਲਾ ਕਰ ਦਿੱਤਾ[18] ਹੈ। ਮਹਾਨ ਗੁਰੂ[20] ਨੇ ਗੋਲੇ[19] ਨਾਨਕ ਦਾ ਪਾਰ ਉਤਾਰਾ[21] ਕਰ ਦਿੱਤਾ ਹੈ।
ਗੂਜਰੀ ਮਹਲਾ ੫ ॥	Gujri. 5th Guru.	ਗੂਜਰੀ ਪੰਜਵੀਂ ਪਾਤਸ਼ਾਹੀ।
ਹਰਿ ਧਨੁ[22] ਜਾਪ[23] ਹਰਿ ਧਨੁ ਤਾਪ[24] ਹਰਿ ਧਨੁ ਭੋਜਨੁ[25] ਭਾਇਆ[26] ॥	The wealth[22] of God's Name is my adoration[23], the wealth of God's Name is my penance[24] and the wealth of God's Name is my food[25], which I relish[26].	ਰੱਬ ਦੇ ਨਾਮ ਦੀ ਦੌਲਤ[22] ਮੇਰੀ ਉਪਾਸ਼ਨਾ[23] ਹੈ, ਰੱਬ ਦੇ ਨਾਮ ਦੀ ਦੌਲਤ ਮੇਰੀ ਤਪੱਸਿਆ[24] ਹੈ ਅਤੇ ਰੱਬ ਦੇ ਨਾਮ ਦੀ ਦੌਲਤ ਹੀ ਮੇਰਾ ਖਾਣਾ[25] ਹੈ, ਜਿਹੜਾ ਮੈਨੂੰ ਚੰਗਾ ਲਗਦਾ[26] ਹੈ।
ਨਿਮਖ[27] ਨ ਬਿਸਰਉ[28] ਮਨ[32] ਤੇ ਹਰਿ ਹਰਿ[29] ਸਾਧ ਸੰਗਤਿ ਮਹਿ[30] ਪਾਇਆ[31]॥ ੧॥	Even for a moment[27], in my mind[32], I forget[28] not the Lord God[29], whom I have obtained[31] in[30] the saints' society.	ਇਕ ਮੁਹਤ[27] ਭਰ ਲਈ ਭੀ ਮੈਂ, ਆਪਣੇ ਚਿੱਤ[32] ਅੰਦਰ ਵਾਹਿਗੁਰੂ ਸੁਆਮੀ[29] ਨੂੰ ਨਹੀਂ ਭੁਲਾਉਂਦਾ[28], ਜਿਸ ਨੂੰ ਮੈਂ ਸਤਿ ਸੰਗਤ ਅੰਦਰ[30] ਪਰਾਪਤ[31] ਕੀਤਾ ਹੈ।
ਮਾਈ[33] ਖਾਟਿ[34] ਆਇਓ[35] ਘਰਿ ਪੂਤਾ[36] ॥	My mother[33], thy son[36] has returned[35] home with profit[34].	ਮੇਰੀ ਮਾਤਾ[33], ਤੇਰਾ ਪੁੱਤ੍ਰ[36] ਮੁਨਾਫ਼ਾ[34] ਕਮਾ ਕੇ ਘਰ ਪਰਤਿਆ[35] ਹੈ।
ਹਰਿ ਧਨੁ[37] ਚਲਤੇ[38] ਹਰਿ ਧਨੁ ਬੈਸੇ[39] ਹਰਿ ਧਨੁ ਜਾਗਤ[40] ਸੂਤਾ[41] ॥੧॥ਰਹਾਉ॥	I possess God's wealth[37] while walking[38], God's wealth while sitting[39] and God's wealth while waking[40] and sleeping[41]. Pause.	ਮੇਰੇ ਪਾਸ ਹਰੀ-ਪਦਾਰਥ[37] ਤੁਰਦਿਆਂ[38], ਹਰੀ-ਪਦਾਰਥ ਬਹਿੰਦਿਆਂ[39] ਅਤੇ ਹਰੀ-ਪਦਾਰਥ ਹੀ ਜਾਗਦਿਆਂ[40] ਅਤੇ ਸੁੱਤਿਆਂ[41] ਹੈ। ਠਹਿਰਾਉ।
ਹਰਿ ਧਨੁ ਇਸਨਾਨੁ[42] ਹਰਿ ਧਨੁ ਗਿਆਨੁ[43] ਹਰਿ ਸੰਗਿ[44] ਲਾਇ[45] ਧਿਆਨਾ[46] ॥	God's wealth is my bath[42], God's wealth my gnosis[43] and with[44] God I fix[45] my attention[46].	ਹਰੀ-ਪਦਾਰਥ ਮੇਰਾ ਨ੍ਹਾਉਣਾ[42] ਹੈ, ਹਰੀ-ਪਦਾਰਥ ਮੇਰਾ ਬ੍ਰਹਿਮ-ਵੀਚਾਰ[43] ਤੇ ਵਾਹਿਗੁਰੂ ਨਾਲ[44] ਹੀ ਮੈਂ ਆਪਣੀ ਬਿਰਤੀ[46] ਜੋੜਦਾ[45] ਹਾਂ।
ਹਰਿ ਧਨੁ ਤੁਲਹਾ[47] ਹਰਿ ਧਨੁ ਬੇੜੀ[48] ਹਰਿ ਹਰਿ[49] ਤਾਰਿ[50] ਪਰਾਨਾ[51] ॥੨॥	The wealth of God's Name is my raft[47], the wealth of God's Name is my boat[48] and the Lord Master[49] is the ship[51] to ferry me across[50].	ਵਾਹਿਗੁਰੂ ਦੇ ਨਾਮ ਦੀ ਦੌਲਤ ਮੇਰਾ ਤੁਲਾ[47] ਹੈ, ਵਾਹਿਗੁਰੂ ਦੇ ਨਾਮ ਦੀ ਦੌਲਤ ਮੇਰੀ ਨਉਕਾ[48] ਅਤੇ ਸੁਆਮੀ ਮਾਲਕ[49] ਹੀ ਮੈਨੂੰ ਪਾਰ ਕਰਨ ਲਈ[50] ਇੱਕ ਜਹਾਜ਼[51] ਹੈ।
ਹਰਿ ਧਨ ਮੇਰੀ ਚਿੰਤ[52] ਵਿਸਾਰੀ[53] ਹਰਿ ਧਨਿ ਲਾਹਿਆ[54] ਧੋਖਾ[55] ॥	Through the Lord's wealth, I have forgotten[53] my anxiety[52] and through Lord's wealth my doubt[55] is removed[54].	ਸਾਂਈਂ ਦੇ ਪਦਾਰਥ ਦੇ ਰਾਹੀਂ ਮੈਨੂੰ ਆਪਣੀ ਫ਼ਿਕਰ ਚਿੰਤਾ[52] ਭੁੱਲ ਗਈ[53] ਹੈ ਅਤੇ ਸਾਂਈਂ ਦੇ ਪਦਾਰਥ ਰਾਹੀਂ ਮੇਰਾ ਸੰਦੇਹ[55] ਦੂਰ ਹੋ ਗਿਆ[54] ਹੈ।
੪੯੬		
ਹਰਿ ਧਨ ਤੇ ਮੈ[56] ਨਵਨਿਧਿ[57] ਪਾਈ ਹਾਥਿ ਚਰਿਓ[58] ਹਰਿ ਥੋਕਾ[59] ॥੩॥	From the wealth of Lord's Name, I have obtained the nine[56] treasures[57] and God, the Real Substance[59], has come to my hand[58].	ਸਾਂਈਂ ਦੇ ਨਾਮ ਦੀ ਦੌਲਤ ਤੋਂ ਮੈਂ ਨੌਂ[56] ਖ਼ਜ਼ਾਨੇ[57] ਪਾ ਲਏ ਹਨ, ਅਤੇ ਵਾਹਿਗੁਰੂ, ਸਾਰ ਵਸਤੂ[59], ਮੇਰੇ ਹੱਥ ਲਗ ਗਿਆ ਹੈ[58]।

ਖਾਵਹੁ[60] ਖਰਚਹੁ[61] ਤੋਟਿ[62] ਨ ਆਵੈ ਹਲਤ[63] ਪਲਤ[64] ਕੈ ਸੰਗੇ[65] ॥

You eat[60] and spend[61] this wealth, it exhausts not[62], and here[63] and hereafter[64], it shall remain with[65] you.

ਤੁਸੀਂ ਇਸ (ਨਾਮ-ਰੂਪੀ ਧਨ) ਨੂੰ ਖਾਵੋ[60] ਤੇ ਖ[illegible] ਇਹ ਮੁੱਕਦਾ ਨਹੀਂ[62]। ਏਥੇ[63] ਅਤੇ ਅਗੇ[64] ਇਹ ਤੁਹਾਡੇ ਨਾਲ[65] ਰਹੇਗਾ।

ਲਾਦਿ[66] ਖਜਾਨਾ[67] ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ[68] ਰੰਗੇ[69] ॥ ੪॥੨॥੩॥

Loading[66] the treasure[67], the Guru has given it to Nanak and his mind is imbued[69] with God's love[68].

ਇਸ ਖਜ਼ਾਨੇ[67] ਨੂੰ ਲੱਦ ਕੇ[66], ਗੁਰਾਂ ਨੇ ਨਾਨਕ ਨੂੰ ਦਿੱਤਾ ਹੈ। ਉਸ ਦਾ ਮਨੂਆ ਵਾਹਿਗੁਰੂ ਦੀ ਪ੍ਰੀਤ[68] ਨਾਲ ਰੰਗੀਜ਼ ਗਿਆ[69] ਹੈ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ।

ਜਿਸੁ ਸਿਮਰਤ[70] ਸਭਿ ਕਿਲਵਿਖ[71] ਨਾਸਹਿ[72] ਪਿਤਰੀ[73] ਹੋਇ ਉਧਾਰੋ[74] ॥

By remembering[70] whom all the sins[71] are obliterated[72] and the ancestors[73] are saved[74].

ਜਿਸ ਦਾ ਚਿੰਤਨ[70] ਕਰਨ ਦੁਆਰਾ ਸਾਰੇ ਪਾਪ[71] ਨਸ਼ਟ[72] ਹੋ ਜਾਂਦੇ ਹਨ ਅਤੇ ਵੱਡੇ ਵਡੇਰਿਆਂ[73] ਦਾ ਪਾਰ ਉਤਾਰਾ[74] ਹੋ ਜਾਂਦਾ ਹੈ।

ਸੋ[75] ਹਰਿ ਹਰਿ[76] ਤੁਮ੍ਹ ਸਦ[77] ਹੀ ਜਾਪਹੁ[78] ਜਾ ਕਾ ਅੰਤੁ[79] ਨ ਪਾਰੋ[80] ॥੧॥

Ever[77] meditate[78] thou on that[75] Lord God[76], who has no end[79] or limit[80].

ਤੂੰ ਸਦੀਵ[77] ਹੀ ਉਸ[75] ਸੁਆਮੀ ਵਾਹਿਗੁਰੂ[76] ਦਾ ਅਰਾਧਨ[78] ਕਰ, ਜਿਸ ਦਾ ਕੋਈ ਅਖੀਰ[79] ਜਾਂ ਹੱਦ-ਬੰਨਾ[80] ਨਹੀਂ।

ਪੂਤਾ[81] ਮਾਤਾ[82] ਕੀ ਆਸੀਸ[83] ॥

O son[81], this is thy mother's[82] blessing[83].

ਹੇ ਪੁੱਤ੍ਰ[81] ਇਹ ਤੇਰੀ ਅੰਮੜੀ[82] ਦੀ ਅਸ਼ੀਰਵਾਦ[83] ਹੈ।

ਨਿਮਖ[84] ਨ ਬਿਸਰਉ[85] ਤੁਮ੍ਹ ਕਉ[86] ਹਰਿ ਹਰਿ[88] ਸਦਾ[87] ਭਜਹੁ[89] [90]ਜਗਦੀਸ[91] ॥੧॥ਰਹਾਉ॥

May thou[86] forget[85] not Lord God[88], even for a moment[84], and ever[87] remember[89] the Lord[91] of Universe[90]. Pause.

ਇਕ ਮੁਹਤ[84] ਲਈ ਭੀ ਤੈਨੂੰ[86] ਵਾਹਿਗੁਰੂ ਸੁਆਮੀ[88] ਨਾ ਭੁੱਲੇ[85] ਅਤੇ ਤੂੰ ਹਮੇਸ਼ਾ[87] ਹੀ ਸ੍ਰਿਸ਼ਟੀ[90] ਦੇ ਸੁਆਮੀ[91] ਦਾ ਸਿਮਰਨ[89] ਕਰਦਾ ਰਹੇਂ। ਠਹਿਰਾਉ।

ਸਤਿਗੁਰੁ ਤੁਮ੍ਹ ਕਉ ਹੋਇ ਦਇਆਲਾ[92] ਸੰਤਸੰਗਿ ਤੇਰੀ ਪ੍ਰੀਤਿ[93] ॥

May the True Guru, be kind[92] unto thee and may thou imbibe love[93] for the saints' society.

ਸੱਚੇ ਗੁਰੂ ਜੀ ਤੇਰੇ ਤੇ ਮਿਹਰਬਾਨ[92] ਹੋਣ ਅਤੇ ਸਾਧ ਸੰਗਤ ਨਾਲ ਤੇਰਾ ਪਿਆਰ[93] ਪੈ ਜਾਵੇ।

ਕਾਪੜੁ[94] ਪਤਿ[95]ਪਰਮੇਸਰੁ[96] ਰਾਖੀ[97] ਭੋਜਨੁ[98] ਕੀਰਤਨੁ[99] ਨੀਤਿ[100] ॥੨॥

May the preservation[97] of thy honour[95] by the Lord[96] be thy raiment[94] and singing[99] of His praises thy daily[100] food[98].

ਪ੍ਰਭੂ[96] ਦਾ ਤੇਰੀ ਇੱਜ਼ਤ ਆਬਰੂ[95] ਨੂੰ ਬਚਾਉਣਾ[97] ਤੇਰੀ ਪੁਸ਼ਾਕ[94] ਹੋਵੇ ਅਤੇ ਉਸ ਦਾ ਜੱਸ ਗਾਇਨ[99] ਕਰਨਾ ਤੇਰੀ ਹਰ ਰੋਜ਼[100] ਦੀ ਖ਼ੁਰਾਕ[98]।

ਅੰਮ੍ਰਿਤੁ[2] ਪੀਵਹੁ[9] ਸਦਾ[8] ਚਿਰੁ[3] ਜੀਵਹੁ[4] ਹਰਿ ਸਿਮਰਤ[5] ਅਨਦ[6] ਅਨੰਤਾ[7] ॥

Ever[8] quaff[9] the Nectar[2] of God's Name. May thou live[4] long[3] and may the meditation[5] of God afford thee endless[7] delight[6].

ਸਦੀਵ[8] ਹੀ ਰੱਬ ਦੇ ਨਾਮ ਦਾ ਸੁਧਾਰਸ[2] ਪਾਨ ਕਰਦਾ[9] ਰਹੁ। ਰੱਬ ਕਰੇ ਤੂੰ ਦੇਰ ਤਾਂਈਂ[3] ਜਿਉਂਦਾ[4] ਰਹੇਂ ਅਤੇ ਵਾਹਿਗੁਰੂ ਦਾ ਸਿਮਰਨ[5] ਤੈਨੂੰ ਬੇਅੰਤ[7] ਖੁਸ਼ੀ[6] ਪਰਦਾਨ ਕਰੇ।

ਰੰਗ[10] ਤਮਾਸਾ[12] ਪੂਰਨ[13] ਆਸਾ[14] ਕਬਹਿ ਨ ਬਿਆਪੈ ਚਿੰਤਾ[15] ॥੩॥

May joy[10] and playful pleasures[12] be thine; May thine hopes[14] be realised[13] and may thou never be worn by care[15].

ਤੈਨੂੰ ਖ਼ੁਸ਼ੀ[10] ਤੇ ਖ਼ੁਸ਼ੀ ਭਰੀਆਂ ਖੇਡਾਂ[12] ਪਰਾਪਤ ਹੋਣ, ਤੇਰੀਆਂ ਉਮੈਦਾਂ[14] ਬਰ ਆਉਣ[13] ਅਤੇ ਤੈਨੂੰ ਕਦਾਚਿੱਤ ਫ਼ਿਕਰ[15] ਨਾ ਹੋਵੇ।

ਭਵਰੁ[16] ਤੁਮ੍ਹਾਰਾ ਇਹੁ ਮਨੁ ਹੋਵਉ[17] ਹਰਿ ਚਰਣਾ[18] ਹੋਹੁ[19] ਕਉਲਾ[20] ॥

Let this mind of thine become[17] the humming black-bee[16] and God's Feet[18] be[19] the lotus flower[20].

ਤੇਰਾ ਇਹ ਮਨੂਆ ਭਉਰਾ[16] ਹੋਵੇ[17] ਅਤੇ ਵਾਹਿਗੁਰੂ ਦੇ ਪੈਰ[18] ਕਮਲ ਫੁੱਲ[20] ਹੋਣ[19]।

ਨਾਨਕ ਦਾਸੁ[21] ਉਨ ਸੰਗਿ ਲਪਟਾਇਓ[22] ਜਿਉ[23] ਬੂੰਦਹਿ[24] ਚਾਤ੍ਰਿਕੁ[25] ਮਉਲਾ[26] ॥੪॥੩॥੪॥

Says slave[21] Nanak, attach[22] thy mind to them and happily bloom[26] like[23] the pied-cuckoo[25] that rejoices on finding the rain-drop[24].

ਗੋਲਾ[21] ਨਾਨਕ ਆਖਦਾ ਹੈ, ਆਪਣੇ ਮਨ ਨੂੰ ਉਨ੍ਹਾਂ ਨਾਲ ਜੋੜ[22] ਅਤੇ ਪਪੀਹੇ[25] ਦੇ ਮੀਂਹ ਦੀ ਕਣੀ[24] ਪਰਾਪਤ ਕਰਨ ਦੀ ਮਾਨੰਦ[23] ਖੁਸ਼ੀ ਨਾਲ ਖਿੜ[26]।

ਗੂਜਰੀ ਮਹਲਾ ੫ ॥

Gujri. 5th Guru.

ਗੂਜਰੀ ਪੰਜਵੀਂ ਪਾਤਸ਼ਾਹੀ।

ਮਤਾ[27] ਕਰੈ ਪਛਮ[28] ਕੈ ਤਾਈ[31] ਪੂਰਬ[29] ਹੀ ਲੈ ਜਾਤ[30] ॥

The man decides[27] to go to[31] the West[28], but he is led away[30] to the East[29], by the Lord.

ਆਦਮੀ ਲਹਿੰਦੇ[28] ਨੂੰ ਜਾਣ ਲਈ[31] ਫੈਸਲਾ ਕਰਦਾ[27] ਹੈ, ਪ੍ਰੰਤੂ ਪ੍ਰਭੂ ਉਸ ਨੂੰ ਚੜ੍ਹਦੇ[29] ਨੂੰ ਲੈ ਜਾਂਦਾ[30] ਹੈ।

ਖਿਨ[32] ਮਹਿ[33] ਥਾਪਿ[34] ਉਥਾਪਨਹਾਰਾ[35] ਆਪਨ ਹਾਥਿ[36] ਮਤਾਤ[37] ॥੧॥

In[33] an instant[32], the Lord is potent to establish[34] and destroy[35] and He holds in His Hand[36] man's designs[37].

ਇਕ ਨਿਮਖ[32] ਵਿਚ[33] ਉਹ ਬਣਾਉਣ[34] ਤੇ ਢਾਉਣ[35] ਨੂੰ ਸਮਰਥ ਹੈ। ਬੰਦੇ ਦੀਆਂ ਤਦਬੀਰਾਂ[37] ਉਸ ਦੇ ਹੱਥ[36] ਵਿਚ ਹਨ।

ਸਿਆਨਪ[38] ਕਾਹੂ ਕਾਮਿ[39] ਨ ਆਤ ॥

Man's sagacity[38] is of no avail[39].

ਇਨਸਾਨ ਦੀ ਅਕਲਮੰਦੀ[38] ਕਿਸੇ ਕੰਮ[39] ਨਹੀਂ ਆਉਂਦੀ।

ਜੋ[40] ਅਨਰੂਪਿਓ[41] ਠਾਕੁਰਿ ਮੇਰੈ ਹੋਇ ਰਹੀ ਉਹ[42] ਬਾਤ[43] ॥੧॥ਰਹਾਉ॥

Whatever[40] my Lord deems to be right[41], that[42] thing[43] alone happen. Pause.

ਜਿਹੜਾ ਕੁਝ[40] ਮੇਰਾ ਸੁਆਮੀ ਦਰੁਸਤ[41] ਖਿਆਲ ਕਰਦਾ ਹੈ, ਕੇਵਲ ਉਹੀ[42] ਗੱਲ[43] ਹੋ ਰਹੀ ਹੈ। ਠਹਿਰਾਉ।

ਦੇਸੁ[44] ਕਮਾਵਨ[45] ਧਨ[46] ਜੋਰਨ[47] ਕੀ ਮਨਸਾ[48] ਬੀਚੇ[49] ਨਿਕਸੇ[50] ਸਾਸ[51] ॥

In[49] his desire[48] to acquire[45] territory[44] and to amass[47] wealth[46], man breath[51] escapes[50].

ਮੁਲਕ[44] ਹਾਸਲ[45] ਕਰਨ ਅਤੇ ਦੌਲਤ[46] ਇਕੱਤਰ[47] ਕਰਨ, ਇਸ ਖ਼ਾਹਿਸ਼[48] ਵਿਚ[49] ਹੀ ਆਦਮੀ ਦਾ ਸਾਹ[51] ਨਿਕਲ[50] ਜਾਂਦਾ ਹੈ।

ਲਸਕਰ[52] ਨੇਬ[53] ਖਵਾਸ[54] ਸਭ ਤਿਆਗੇ[55] [56]ਜਮਪੁਰਿ[58] ਉਠਿ[57] ਸਿਧਾਸ[59] ॥੨॥

He leaves[55] all his armies[52], assistants[53] and servants[54] and getting[57] up departs[59] to the city[58] of death[56].

ਉਹ ਸਾਰੀਆਂ ਫੌਜਾਂ[52], ਨਾਇਬਾਂ[53] ਨੌਕਰਾਂ[54] ਨੂੰ ਛੱਡ[55] ਦਿੰਦਾ ਹੈ ਅਤੇ ਖੜਾ[57] ਹੋ ਮੌਤ[56] ਦੇ ਸ਼ਹਿਰ[58] ਨੂੰ ਟੁਰ (ਉੱਠ) ਵੰਞਦਾ[59] ਹੈ।

ਹੋਇ ਅਨੰਨਿ[60] [61]ਮਨਹਠ[62] ਕੀ ਦ੍ਰਿੜਤਾ[63] ਆਪਸ[64] ਕਉ ਜਾਨਾਤ[65] ॥

Deeming himself unique[60], man sticks[63] to his mind's[61] obstinacy[62] and displays[65] his ownself[64].

ਆਪਣੇ ਆਪ ਨੂੰ ਬੇ-ਨਜ਼ੀਰ[60] ਖਿਆਲ ਕਰ, ਬੰਦਾ ਆਪਣੇ ਚਿੱਤ ਦੀ[61] ਜ਼ਿੱਦ[62] ਨਾਲ ਚਿਮੜਿਆ[63] ਰਹਿੰਦਾ ਹੈ ਤੇ ਆਪਣੇ ਆਪ ਨੂੰ[64] ਜਣਾਉਂਦਾ[65] ਹੈ।

ਜੋ[66] ਅਨਿੰਦੂ[67] ਨਿੰਦੁ[68] ਕਰਿ ਛੋਡਿਓ[69] ਸੋਈ[70] ਫਿਰਿ ਫਿਰਿ[71] ਖਾਤ[72] ॥੩॥

The food, which[66] the blameless persons[67] have condemend[68] and discarded[69], that[70] he eats[72] again and again[71].

ਭੋਜਨ ਜਿਸ ਨੂੰ[66] ਕਲੰਕ-ਰਹਿਤ ਪੁਰਸ਼ਾਂ[67] ਨੇ ਬੁਰਾ[68] ਕਹਿ ਕੇ ਤਿਆਗਿਆ[69] ਹੈ, ਉਸ ਨੂੰ[70] ਉਹ ਮੁੜ ਮੁੜ ਕੇ[71] ਖਾਂਦਾ[72] ਹੈ।

ਸਹਜ ਸੁਭਾਇ[73] ਭਏ

He, unto whom the Lord

ਜਿਸ ਉਤੇ ਸੁਆਮੀ ਆਪਣੇ ਆਪ ਹੀ ਮਿਹਰਬਾਨ ਹੋ

ਕਿਰਪਾਲਾ[74] ਤਿਸੁ[75] ਜਨ[76] ਕੀ ਕਾਟੀ[77] ਫਾਸ[78] ॥

spontaneously[73] becomes merciful[74], that[75] man's[76] noose[78] is cut off[77].

ਜਾਂਦਾ ਹੈ, ਉਸ[75] ਇਨਸਾਨ ਦੀ[76] ਫ਼ਾਹੀ[78] ਕੱਟੀ ਜਾਂਦੀ[77] ਹੈ ।

ਕਹੁ ਨਾਨਕ ਗੁਰੁ ਪੂਰਾ[79] ਭੇਟਿਆ[80] ਪਰਵਾਣੁ[81] ਗਿਰਸਤ[82] ਉਦਾਸ[83] ॥੪॥ ੪॥੫॥

Says Nanak, he who meets[80] the Perfect[79] Guru, is approved[81] whether he is a family man[82] or an anchoret[83].

ਗੁਰੂ ਜੀ ਆਖਦੇ ਹਨ, ਜੋ ਪੂਰਨ[79] ਗੁਰਾਂ ਨੂੰ ਮਿਲ ਪੈਂਦਾ[80] ਹੈ, ਉਹ ਕਬੂਲ ਪੈ ਜਾਂਦਾ[81] ਹੈ, ਭਾਵੇਂ ਉਹ ਘਰਬਾਰੀ[82] ਹੋਵੇ ਜਾਂ ਤਿਆਗੀ[83] ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਨਾਮੁ ਨਿਧਾਨੁ[84] ਜਿਨਿ ਜਨਿ[85] ਜਪਿਓ[86] ਤਿਨ[87] ਕੇ ਬੰਧਨ[88] ਕਾਟੇ[89] ॥

The persons[85], who contemplate[86] on the Name treasure[84], their[87] shackles[88] are shattered[89].

ਜਿਹੜੇ ਪੁਰਸ਼[85] ਨਾਮ ਦੇ ਖ਼ਜ਼ਾਨੇ[84] ਦਾ ਸਿਮਰਨ[86] ਕਰਦੇ ਹਨ, ਉਨ੍ਹਾਂ ਦੀਆਂ[87] ਬੇੜੀਆਂ[88] ਕੱਟੀਆਂ ਜਾਂਦੀਆਂ[89] ਹਨ ।

ਕਾਮ[90] ਕ੍ਰੋਧ[91] ਮਾਇਆ[92] ਬਿਖੁ[93] ਮਮਤਾ[94] ਇਹ[95] ਬਿਆਧਿ[96] ਤੇ ਹਾਟੇ[97] ॥੧॥

Lust[90], wrath[91], poisonous[93] wealth[92] and egoism[94], they get rid of[97] these[95] diseases[96].

ਵਿਸ਼ੇ ਭੋਗ[90], ਗੁੱਸਾ[91], ਜ਼ਹਿਰੀਲੀ[93] ਦੌਲਤ[92] ਅਤੇ ਅਪੱਣਤ[94], ਉਹ ਇਨ੍ਹਾਂ[95] ਬੀਮਾਰੀਆਂ[96] ਤੋਂ ਖਲਾਸੀ[97] ਪਾ ਜਾਂਦੇ ਹਨ ।

ਹਰਿ ਜਸੁ[98] ਸਾਧਸੰਗਿ ਮਿਲਿ ਗਾਇਓ ॥ ਗੁਰ ਪਰਸਾਦਿ[99] ਭਇਓ ਮਨੁ[100] ਨਿਰਮਲੁ[2] ਸਰਬ ਸੁਖਾ ਸੁਖ[3] ਪਾਇਅਉ ॥੧॥ ਰਹਾਉ ॥

He, who joining the society of saints, sings God's praise[98], has his mind[100] purified[2] by Guru's grace[99] and obtains the joy[3] of all the joys. Pause.

ਜੋ ਸਤਿ ਸੰਗਤ ਨਾਲ ਜੁੜ ਕੇ ਵਾਹਿਗੁਰੂ ਦੀ ਕੀਰਤੀ[98] ਗਾਉਂਦਾ ਹੈ, ਗੁਰਾਂ ਦੀ ਦਇਆ ਦੁਆਰਾ[99] ਉਸ ਦਾ ਜਿਰਾ[100] ਪਵਿੱਤਰ[2] ਹੋ ਜਾਂਦਾ ਹੈ ਤੇ ਉਹ ਸਾਰੀਆਂ ਖ਼ੁਸ਼ੀਆਂ ਦੀ ਖ਼ੁਸ਼ੀ[3] ਨੂੰ ਪਾ ਲੈਂਦਾ ਹੈ । ਠਹਿਰਾਉ ।

ਜੋ ਕਿਛੁ[4] ਕੀਓ ਸੋਈ[5] ਭਲ[6] ਮਾਨੈ[7] ਐਸੀ[8] ਭਗਤਿ[9] ਕਮਾਨੀ[10] ॥

Whatever[4] the Lord does, that[5] he deems[7] good[6] such is the devotional service[9] that[8] he perform[10].

ਜਿਹੜਾ ਕੁਝ ਭੀ[4] ਪ੍ਰਭੂ ਕਰਦਾ ਹੈ, ਉਹ ਉਸ[5] ਨੂੰ ਚੰਗਾ[6] ਜਾਣਦਾ[7] ਹੈ । ਐਹੋ ਜੇਹੀ[8] ਪ੍ਰੇਮਮਈ ਸੇਵਾ[9] ਉਹ ਕਮਾਉਂਦਾ[10] ਹੈ ।

ਮਿਤ੍ਰ[12] ਸਤ੍ਰ[13] ਸਭ ਏਕ ਸਮਾਨੈ[14] ਜੋਗ[15] ਜੁਗਤਿ[16] ਨੀਸਾਨੀ[17] ॥੨॥

To deem friends[12] and enemies[13] all as the same[14], is an index[17] of the way[16] to meet[15] God.

ਦੋਸਤਾਂ[12] ਅਤੇ ਵੈਰੀਆਂ[13], ਸਾਰਿਆਂ, ਨੂੰ ਇਕੋ ਜੇਹੇ[14] ਜਾਨਣਾ ਵਾਹਿਗੁਰੂ ਨਾਲ ਮਿਲਣ[15] ਦੇ ਮਾਰਗ[16] ਦਾ ਇਕ ਚਿੰਨ੍ਹ[17] ਹੈ ।

ਪੂਰਨ[18] ਪੂਰਿ ਰਹਿਓ[19] ਸ੍ਰਬ[20] ਥਾਈ[21] ਆਨ[22] ਨ ਕਤਹੂੰ[23] ਜਾਤਾ[24] ॥

The Omnipresent Lord[18] is filling[19] all[20] the places[21], so I go[24] not anywhere[23] else[22].

ਸਰਬ-ਵਿਆਪਕ ਸੁਆਮੀ[18] ਸਾਰੇ[20] ਥਾਈਂ[21] ਪਰੀਪੂਰਨ ਹੋ ਰਿਹਾ ਹੈ[19] । ਇਸ ਲਈ ਮੈਂ ਹੋਰ[22] ਕਿਧਰੇ[23] ਨਹੀਂ ਜਾਂਦਾ[24] ।

ਘਟ ਘਟ[25] ਅੰਤਰਿ[26] ਸਰਬ[27] ਨਿਰੰਤਰਿ[28] ਰੰਗਿ[29] ਰਵਿਓ[30] ਰੰਗਿ[31] ਰਾਤਾ[32] ॥ ੩॥

The Lord is in[26] every heart[25] and within[28] all[27] the places. I am immersed[30] in His love[29] and dyed[32] with His love[31].

ਸਾਂਈ ਹਰ ਦਿਲ[25] ਵਿਚ[26] ਅਤੇ ਸਾਰੀਆਂ[27] ਥਾਵਾਂ ਅੰਦਰ[28] ਹੈ । ਮੈਂ ਉਸ ਦੀ ਪ੍ਰੀਤ[29] ਅੰਦਰ ਰਮਿਆ[30] ਅਤੇ ਉਸ ਦੀ ਪ੍ਰੀਤ[31] ਨਾਲ ਹੀ ਰੰਗਿਆ[32] ਹੋਇਆ ਹਾਂ ।

ਭਏ ਕ੍ਰਿਪਾਲ[33] ਦਇਆਲ[34] [35]ਗੁਪਾਲਾ[36] ਤਾ[37] ਨਿਰਭੈ[38]

When the World[35]-Cherisher[36] becomes kind[33] and compassionate[34],

ਜਦ ਜਗਤ[35] ਦਾ ਪਾਲਣਹਾਰ[36] ਮਇਆਵਾਨ[33] (ਦਿਆਲੂ) ਤੇ ਮਿਹਰਬਾਨ[34] ਹੋ ਜਾਂਦਾ ਹੈ, ਤਦ[37]

ਕੈ ਘਰਿ[39] ਆਇਆ[40] ॥

then[37], the man arrives[40] at the abode[39] of the Fearless[38] One.

ਬੰਦਾ ਹਰੀ ਨਿੱਡਰ[38] ਦੇ ਮੰਦਰ[39] ਤੇ ਪੁਜ ਜਾਂਦਾ[40] ਹੈ।

੪੯੭

ਕਲਿ[41] ਕਲੇਸ[42] ਮਿਟੇ[43] ਖਿਨ[44] ਭੀਤਰਿ[45] ਨਾਨਕ ਸਹਜਿ[46] ਸਮਾਇਆ[47] ॥ ੪॥੫॥੬॥

In[45] an instant[44] his troubles[41] and strifes[42] are ended[43] and he becomes absorbed[47] in the Lord[46], O Nanak.

ਇਕ ਮੁਹਤ[44] ਵਿਚ[45] ਉਸ ਦੀਆਂ ਤਕਲੀਫ਼ਾਂ[41] ਅਤੇ ਝਗੜੇ[42] ਦੂਰ[43] ਹੋ ਜਾਂਦੇ ਹਨ ਤੇ ਉਹ ਸੁਆਮੀ[46] ਅੰਦਰ ਲੀਨ[47] ਹੋ ਜਾਂਦਾ ਹੈ, ਹੇ ਨਾਨਕ !

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ।

ਜਿਸੁ[48] ਮਾਨੁਖ[49] ਪਹਿ ਕਰਉ ਬੇਨਤੀ[50] ਸੋ[51] ਅਪਨੈ ਦੁਖਿ[52] ਭਰਿਆ[53] ॥

To whomsoever[48] a person[49] I make a request[50], I find him[51] full[53] of his own troubles[52].

ਜਿਸ ਕਿਸੇ[48] ਪੁਰਸ਼[49] ਕੋਲ ਭੀ ਮੈਂ ਪ੍ਰਾਰਥਨਾ ਕਰਦਾ[50] ਹਾਂ, ਮੈਂ ਉਸ ਨੂੰ[51] ਆਪਣੀਆਂ ਨਿੱਜ ਦੀਆਂ ਤਕਲੀਫ਼ਾਂ[52] ਨਾਲ ਲਬਾਲਬ[53] (ਭਰਿਆ ਹੋਇਆ) ਪਾਉਂਦਾ ਹਾਂ।

ਪਾਰਬ੍ਰਹਮੁ[54] ਜਿਨਿ[55] ਰਿਦੈ[56] ਅਰਾਧਿਆ[57] ਤਿਨਿ[58] ਭਉ[59] ਸਾਗਰੁ[60] ਤਰਿਆ[61] ॥ ੧॥

He, whosoever[55] heartily[56] contemplates[57] on the Supreme Lord[54], he alone[58] crosses[61] the terrible[59] world ocean[60].

ਜੋ ਕੋਈ ਭੀ[55] ਸ੍ਰੇਸ਼ਟੀ ਸਾਹਿਬ[54] ਨੂੰ ਦਿਲੋਂ[56] ਯਾਦ ਕਰਦਾ[57] ਹੈ, ਕੇਵਲ ਉਹੀ[58] ਭਿਆਨਕ[59] ਸੰਸਾਰ ਸਮੁੰਦਰ[60] ਤੋਂ ਪਾਰ ਹੁੰਦਾ[61] ਹੈ।

ਗੁਰ ਹਰਿ[65] ਬਿਨੁ[66] ਕੋ ਨ ਬਿਥਾ[62] ਦੂਖੁ[63] ਕਾਟੈ[64] ॥

None but[66] the Divine Guru[65], can remove[64] the distress[62] and anguish[63].

ਗੁਰੂ ਪਰਮੇਸ਼ਰ[65] ਦੇ ਬਗੈਰ[66] ਹੋਰ ਕੋਈ ਕਲੇਸ਼[62] ਅਤੇ ਪੀੜਾ[63] ਨੂੰ ਰਫ਼ਾ[64] ਨਹੀਂ ਕਰ ਸਕਦਾ।

ਪ੍ਰਭੁ ਤਜਿ[67] ਅਵਰ[68] ਸੇਵਕੁ[69] ਜੇ ਹੋਈਹੈ ਤਿਤੁ[70] ਮਾਨੁ[71] ਮਹਤੁ[72] ਜਸੁ[73] ਘਾਟੈ[74] ॥੧॥ਰਹਾਉ॥

Forsaking[67] the Lord, if one becomes a servant[69] of another[68],one's honour[71], dignity[72] and reputation[73] get decreased[74], therewith[70]. Pause.

ਸੁਆਮੀ ਨੂੰ ਛੱਡ ਕੇ[67] ਜੇਕਰ ਇਨਸਾਨ ਕਿਸੇ ਹੋਰਸ[68] ਦਾ ਦਾਸ[69] ਬਣ ਜਾਵੇ, ਉਸ ਦੀ ਇੱਜ਼ਤ[71] ਵਡਿਆਈ[72] ਅਤੇ ਨਾਮਵਰੀ[73], ਉਸ ਨਾਲ[70] ਘੱਟ ਜਾਂਦੇ[74] ਹਨ। ਠਹਿਰਾਉ।

ਮਾਇਆ[75] ਕੇ ਸਨਬੰਧ[76] ਸੈਨ[77] ਸਾਕ[78] ਕਿਤ ਹੀ ਕਾਮਿ[79] ਨ ਆਇਆ ॥

The worldly[75] relations[76], relatives[77] kinsmen[78] are of no avail[79].

ਸੰਸਾਰੀ[75] ਰਿਸ਼ਤੇਦਾਰ[76], ਸਨਬੰਧੀ[77] ਅਤੇ ਭਾਈ ਬੰਦ[78] ਕਿਸੇ ਕੰਮ[79] ਨਹੀਂ ਆਉਂਦੇ।

ਹਰਿ ਕਾ ਦਾਸੁ[80] ਨੀਚ[81] ਕੁਲੁ[82] ਊਚਾ[83] ਤਿਸੁ[84] ਸੰਗਿ[85] ਮਨ[86] ਬਾਂਛਤ[87] ਫਲ[88] ਪਾਇਆ[89] ॥੨॥

God's slave[80], though of lowly[81] birth[82], is exalted[83]. In his[84] company[85], man obtains[89] his heart[86] desired[87] fruits[88].

ਹਰੀ ਦਾ ਗੋਲਾ[80], ਨੀਵੇਂ[81] ਘਰਾਣੇ[82] ਦਾ ਭੀ, ਸ੍ਰੇਸ਼ਟ[83] ਹੈ। ਉਸ ਦੀ[84] ਸੰਗਤ[85] ਅੰਦਰ ਆਦਮੀ ਦਿਲ[86] ਚਾਹੁੰਦੇ[87] ਮੇਵੇ[88] ਹਾਸਲ ਕਰ ਲੈਂਦਾ[89] ਹੈ।

ਲਾਖ ਕੋਟਿ[90] ਬਿਖਿਆ[91] ਕੇ ਬਿੰਜਨ[92] ਤਾ[93] ਮਹਿ[94] ਤ੍ਰਿਸਨ[95] ਨ ਬੂਝੀ[96] ॥

Man may obtain lacs and millions[90] of viands[92], through foul means[91], in[94] them[93] his desire[95] is not quenched[96].

ਆਦਮੀ ਦੇ ਕੋਲ, ਪਾਪ[91] ਦੀ ਕਮਾਈ ਦੇ ਲੱਖਾਂ ਤੇ ਕ੍ਰੋੜਾਂ[90] ਭੋਜਨ[92] ਹੋਣ, ਉਨ੍ਹਾਂ[93] ਵਿਚ[94] ਉਸ ਦੀ ਖ਼ਾਹਿਸ਼[95] ਨਵਿਰਤ[96] ਨਹੀਂ ਹੁੰਦੀ।

ਸਿਮਰਤ[97] ਨਾਮੁ ਕੋਟਿ[98] ਉਜੀਆਰਾ[99] ਬਸਤੁ[100] ਅਗੋਚਰ[2] ਸੂਝੀ[3] ॥੩॥

Remembering[97] the Name, there appear millions[98] of lights[99] and the unseen[2] Thing[100] is manifested[3].

ਨਾਮ ਦਾ ਚਿੰਤਨ ਕਰਨ ਨਾਲ[97] ਕ੍ਰੋੜਾਂ[98] ਚਾਨਣ[99] ਪ੍ਰਗਟ ਹੋ ਜਾਂਦੇ ਹਨ ਅਤੇ ਅਦ੍ਰਿਸ਼ਟ[2] ਵਸਤੂ[100] ਨਜ਼ਰੀ ਪੈ ਜਾਂਦੀ ਹੈ[3]।

ਫਿਰਤ ਫਿਰਤ[4] ਤੁਮ੍ਰੈ ਦੁਆਰਿ[5] ਆਇਆ ਭੈ[6] ਭੰਜਨ[7] ਹਰਿ[8] ਰਾਇਆ[9] ॥

Roaming and rambling[4] I have come to Thine door[5], O Sovereign[9] God[8], the Destroyer[7] of fear[6].

ਭਉਂਦਾ ਤੇ ਭਟਕਦਾ[4] ਹੋਇਆ ਮੈਂ ਤੇਰੇ ਬੂਹੇ[5] ਤੇ ਆਇਆ ਹਾਂ, ਹੇ ਡਰ[6] ਨਾਸ ਕਰਨ ਵਾਲੇ[7] ਪਾਤਸ਼ਾਹ[9] ਪਰਮੇਸ਼ਰ[8] !

ਸਾਧ ਕੇ ਚਰਨ[10] ਧੂਰਿ[12] ਜਨੁ[13] ਬਾਛੈ[14] ਸੁਖੁ ਨਾਨਕ[15] ਇਹੁ ਪਾਇਆ ॥੪॥੬॥੭॥

Serf[13] Nanak desires[14] the dust[12] of saints' feet[10]. In it he finds his happiness[15].

ਗੋਲਾ[13] ਨਾਨਕ ਸੰਤਾਂ ਦੇ ਪੈਰਾਂ[10] ਦੀ ਖ਼ਾਕ[12] ਲੋੜਦਾ[14] ਹੈ। ਇਸ ਅੰਦਰ ਉਸ ਨੂੰ ਖ਼ੁਸ਼ੀ[15] ਪ੍ਰਾਪਤ ਹੁੰਦੀ ਹੈ।

ਗੂਜਰੀ ਮਹਲਾ ੫
ਪੰਚਪਦਾ ਘਰੁ ੨

Gujri 5th Guru.
Panchpada.

ਗੂਜਰੀ ਪੰਜਵੀਂ ਪਾਤਸ਼ਾਹੀ।
ਪੰਚਪਦਾ।

੧ ੴ ਸਤਿਗੁਰ ਪ੍ਰਸਾਦਿ ॥

There is but One God. By True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।

ਪ੍ਰਥਮੇ[16] ਗਰਭ[17] ਮਾਤਾ[18] ਕੈ ਵਾਸਾ[19] ਉਹਾ[20] ਛੋਡਿ[21] ਧਰਨਿ[22] ਮਹਿ[23] ਆਇਆ॥

Man's first[16] abode[19] is his mother's[18] womb[17], leaving[21] which[20] he comes into[23] the world[22].

ਆਦਮੀ ਦਾ ਪਹਿਲਾ[16] ਵਸੇਬਾ[19] ਆਪਣੀ ਮਾਂ ਦੇ[18] ਰਹਿਮ[17] ਵਿਚ ਹੁੰਦਾ ਹੈ। ਉਸ ਨੂੰ[20] ਤਿਆਗ ਕੇ[21] ਉਹ ਜਗਤ[22] ਵਿਚ[23] ਆਉਂਦਾ ਹੈ।

ਚਿਤ੍ਰਸਾਲ[24] ਸੁੰਦਰ[25]ਬਾਗ[26] ਮੰਦਰ[27] ਸੰਗਿ[28] ਨ ਕਛਹੂ[29] ਜਾਇਆ[30] ॥੧॥

The ornamented houses[24], beautiful[25] gardens[26] and palaces[27], none, whatsoever[29], shall go[30] with[28] him.

ਖ਼ੁਸ਼ਨੁਮਾ ਘਰ[24], ਸੁਹਣੇ[25] ਬਗੀਚੇ[26] ਅਤੇ ਮਹਿਲ[27], ਕੁਝ ਭੀ[29] ਉਸ ਦੇ ਨਾਲ[28] ਨਹੀਂ ਜਾਣਾ[30]।

ਅਵਰ[31] ਸਭ[32] ਮਿਥਿਆ[33] ਲੋਭ[34] ਲਬੀ[35] ॥

All[32] other[31] greeds[34] of the greedy[35] soul are false[33].

ਲਾਲਚੀ[35] ਆਤਮਾ ਦੇ ਹੋਰ[31] ਸਾਰੇ[32] ਲਾਲਚ[34] ਕੂੜੇ[33] ਹਨ।

ਗੁਰਿ ਪੂਰੈ[36] ਦੀਓ ਹਰਿ ਨਾਮਾ ਜੀਅ ਕਉ ਏਹਾ ਵਸਤੁ[37] ਫਬੀ[38] ॥੧॥ ਰਹਾਉ ॥

The Perfect[36] Guru has given me the God's Name, a thing[37] which behaves[38] my soul. Pause.

ਪੂਰਨ[36] ਗੁਰਾਂ ਨੇ ਮੈਨੂੰ ਵਾਹਿਗੁਰੂ ਦਾ ਨਾਮ ਦਿੱਤਾ ਹੈ। ਏਹੋ ਹੀ ਇਕ ਵਸਤੂ[37] ਹੈ ਜੋ ਮੇਰੀ ਆਤਮਾ ਨੂੰ ਫਬਦੀ[38] ਹੈ। ਠਹਿਰਾਉ।

ਇਸਟ[39] ਮੀਤ[40] ਬੰਧਪ[41] ਸੁਤ[42] ਭਾਈ[43] ਸੰਗਿ[44] ਬਨਿਤਾ[45] ਰਚਿ[46]ਹਸਿਆ[47]॥

Surrounded[46] by[44] dear[39] friends[40], relations[41], sons[42], brothers[43] and wife[45], the mortal playfully laughs[47].

ਪਿਆਰੇ[39] ਮਿੱਤ੍ਰਾਂ[40], ਸਨਬੰਧੀਆਂ[41], ਪੁੱਤ੍ਰਾਂ[42] ਭਰਾਵਾਂ[43] ਅਤੇ ਪਤਨੀ[45] ਨਾਲ[44] ਲਗ ਕੇ[46] ਪ੍ਰਾਣੀ ਹਾਸੇ ਤਮਾਸ਼ੇ[47] ਕਰਦਾ ਹੈ।

ਜਬ[48] ਅੰਤੀ[49] ਅਉਸਰੁ[50] ਆਇ ਬਨਿਓ[51] ਹੈ ਉਨ੍[52] ਪੇਖਤ[53] ਹੀ ਕਾਲਿ[54] ਗ੍ਰਸਿਆ[55] ॥੨॥

But when[48] the last[49] moment[50] arrives[51], death[54] seizes him[55], while they[52] look on[53].

ਪ੍ਰੰਤੂ, ਜਦ[48] ਅਖ਼ੀਰ[49] ਦਾ ਵੇਲਾ[50] ਆ ਢੁਕਦਾ[51] ਹੈ, ਤਾਂ ਉਨ੍ਹਾਂ[52] ਦੇ ਵੇਖਦਿਆਂ[53] ਹੀ ਮੌਤ[54] ਉਸ ਨੂੰ ਪਕੜ ਲੈਂਦੀ ਹੈ[55]।

ਕਰਿ ਕਰਿ[56] ਅਨਰਥ[57] ਬਿਹਾਝੀ[62] ਸੰਪੈ[58] ਸੁਇਨਾ[59] ਰੂਪਾ[60] ਦਾਮਾ[61] ॥

By continuously exercising[56] oppression[57], man amasses[62] wealth[58], gold[59] silver[60] and rupees[61].

ਅਤਿਆਚਾਰ[57] ਕਰ ਕਰ ਕੇ[56], ਇਨਸਾਨ ਧਨ-ਦੌਲਤ[58], ਸੋਨਾ[59], ਚਾਂਦੀ[60] ਅਤੇ ਰੁਪਏ[61] ਇਕੱਤਰ ਕਰਦਾ[62] ਹੈ।

ਭਾੜੀ[63] ਕਉ ਓਹੁ[68] ਭਾੜਾ[64]

But the hireling[63] only gets the hire[64]

ਪਰ ਕਿਰਾਏ ਦੇ ਟੱਟੂ[63] ਨੂੰ ਕੇਵਲ ਉਸ ਦਾ[68]

ਮਿਲਿਆ ਹੋਰੁ ਸਗਲ[65] ਭਇਓ[66] ਬਿਰਾਨਾ[67] ॥੩॥

thereof[68] and all else[68] passes[66] on to others[67].

ਕਰਾਇਆ[64] ਹੀ ਮਿਲਦਾ ਹੈ ਬਾਕੀ ਸਾਰਾ ਕੁਛ[68] ਹੋਰਨਾਂ ਕੋਲ[67] ਚਲਿਆ ਜਾਂਦਾ[66] ਹੈ ।

ਹੈਵਰ[69] ਗੈਵਰ[70] ਰਥ[71] ਸੰਬਾਹੇ[72] ਗਹੁ[73] ਕਰਿ ਕੀਨੇ[74] ਮੇਰੇ[75] ॥

Snatching[73] perforce, man collects[72] horses[69], elephants[70] and chariots[71] and makes[74] them his own[75].

ਧਿੰਗੋਜ਼ੋਰੀ ਖੋਹ ਕੇ[73] ਇਨਸਾਨ ਘੋੜੇ[69], ਹਾਥੀ[70] ਅਤੇ ਗੱਡੀਆਂ[71] ਸੰਗ੍ਰਹਿ ਕਰਦਾ[72] ਹੈ ਅਤੇ ਉਨ੍ਹਾਂ ਨੂੰ ਆਪਣੇ ਨਿੱਜ ਦੇ[75] ਬਣਾ ਲੈਂਦਾ[74] ਹੈ ।

ਜਬ ਤੇ ਹੋਈ ਲਾਂਮੀ[76] ਧਾਈ[77] ਚਲਹਿ[78] ਨਾਹੀ ਇਕ ਪੈਰੇ[79] ॥੪॥

But when he sets out on the long[76] journey[77], they travel[78] not even a step[79] with him.

ਪ੍ਰੰਤੂ ਜਦ ਉਹ ਲੰਮੇ[76] ਸਫ਼ਰ[77] ਤੇ ਤੁਰਦਾ ਹੈ, ਉਹ ਉਸ ਦੇ ਨਾਲ ਇਕ ਕਦਮ[79] ਭੀ ਨਹੀਂ ਟੁਰਦੇ[78] ।

ਨਾਮੁ ਧਨੁ[80] ਨਾਮੁ ਸੁਖ[81] ਰਾਜਾ[82] ਨਾਮੁ ਕੁਟੰਬ[83] ਸਹਾਈ[84] ॥

The Name is my wealth[80], the Name my royal[82] peace[81] and the Name my family[83] and helper[84].

ਨਾਮ ਮੇਰੀ ਮਾਲ-ਦੌਲਤ[80], ਨਾਮ ਮੇਰਾ ਪਾਤਸ਼ਾਹੀ[82] ਆਰਾਮ[81] ਅਤੇ ਨਾਮ ਮੇਰਾ ਟੱਬਰ ਕਬੀਲਾ[83] ਤੇ ਸਹਾਇਕ[84] ਹੈ ।

ਨਾਮੁ ਸੰਪਤਿ[85] ਗੁਰਿ[89] ਨਾਨਕ ਕਉ ਦੀਈ[86] ਓਹ[90] ਮਰੈ[87] ਨ ਆਵੈ ਜਾਈ[88] ॥੫॥ ੧॥੮॥

The great Lord[89] has given[86] Nanak the wealth[85] of the Name and that[90] neither perishes[87] nor comes and goes[88].

ਵਿਸ਼ਾਲ ਪ੍ਰਭੂ[89] ਨੇ ਨਾਨਕ ਨੂੰ ਨਾਮ ਦਾ ਮਾਲ ਧਨ[85] ਦਿੱਤਾ[86] ਹੈ ਅਤੇ ਉਹ[90] ਨਾ ਨਾਸ[87] ਹੁੰਦਾ ਹੈ ਤੇ ਨਾ ਹੀ ਕਿਧਰੇ ਆਉਂਦਾ ਤੇ ਜਾਂਦਾ[88] ਹੈ ।

ਗੂਜਰੀ ਮਹਲਾ ੫
ਤਿਪਦੇ ਘਰੁ ੨

Gujri 5th Guru
Tipade.

ਗੂਜਰੀ ਪੰਜਵੀਂ ਪਾਤਸ਼ਾਹੀ ।
ਤਿਪਦੇ ।

੧ ੴ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਦੁਖ[91] ਬਿਨਸੇ[92] ਸੁਖ ਕੀਆ ਨਿਵਾਸਾ[93] ਤ੍ਰਿਸਨਾ[94] ਜਲਨਿ[95] ਬੁਝਾਈ[96] ॥

My troubles[91] have ended[92], peace is enshrined[93] in me and my fire[95] of desire[94] is quenched[96].

ਮੇਰੇ ਕਲੇਸ਼[91] ਦੂਰ ਹੋ ਗਏ[92] ਹਨ, ਆਰਾਮ ਮੇਰੇ ਅੰਦਰ ਟਿਕ ਗਿਆ[93] ਹੈ ਅਤੇ ਮੇਰੀ ਖ਼ਾਹਿਸ਼[94] ਦੀ ਅੱਗ[95] ਬੁਝ ਗਈ[96] ਹੈ ।

ਨਾਮੁ ਨਿਧਾਨੁ[97] ਸਤਿਗੁਰੂ ਦ੍ਰਿੜਾਇਆ[98] ਬਿਨਸਿ[99] ਨ ਆਵੈ ਜਾਈ[100] ॥੧॥

The Name treasure[97] the True Guru has established[98] in me, which neither dies[99] nor goes anywhere[100].

ਨਾਮ ਦਾ ਖ਼ਜ਼ਾਨਾ[97] ਸੱਚੇ ਗੁਰਾਂ ਨੇ ਮੇਰੇ ਅੰਦਰ ਅਸਥਾਪਨ[98] ਕਰ ਦਿੱਤਾ ਹੈ ਜੋ ਨਾ ਨਾਸ ਹੁੰਦਾ ਹੈ[99] ਅਤੇ ਨਾ ਹੀ ਕਿਧਰੇ ਜਾਂਦਾ[100] ਹੈ ।

ਹਰਿ ਜਪਿ[2] ਮਾਇਆ[3] ਬੰਧਨ[4] ਤੂਟੇ[5] ॥

Remembering[2] the Lord, the bonds[4] of mammon[3] are loosed[5].

ਸਾਹਿਬ ਦਾ ਆਰਾਧਨ ਕਰਨ ਨਾਲ[2] ਮੋਹਨੀ[3] (ਮਾਇਆ) ਦੇ ਜੂੜ[4] ਵੱਢੇ ਜਾਂਦੇ[5] ਹਨ ।

ਭਏ ਕ੍ਰਿਪਾਲ[6] ਦਇਆਲ[7] ਪ੍ਰਭ ਮੇਰੇ ਸਾਧਸੰਗਤਿ ਮਿਲਿ[8] ਛੂਟੇ[9] ॥੧॥ਰਹਾਉ॥

When my Lord becomes kind[6] and compassionate[7], the man is emancipated[9], by meeting[8] the society of saints. Pause.

ਜਦ ਮੇਰਾ ਸੁਆਮੀ ਮਇਆਵਾਨ[6] ਤੇ ਮਿਹਰਵਾਨ[7] ਹੋ ਜਾਂਦਾ ਹੈ, ਆਦਮੀ ਸਤਿਸੰਗਤ ਨਾਲ ਜੁੜ ਕੇ[8] ਬੰਦ-ਖ਼ਲਾਸ[9] ਹੋ ਜਾਂਦਾ ਹੈ । ਠਹਿਰਾਉ ।

ਆਠ ਪਹਰ[10] ਹਰਿ ਕੇ

Absorbed[15] in the Nectar[14] of love-

ਪ੍ਰੇਮ-ਉਪਾਸ਼ਨਾ[13] ਦੇ ਅੰਮ੍ਰਿਤ[14] ਵਿਚ ਲੀਨ[15] ਹੋਇਆ

ਗੁਨ[12] ਗਾਵੈ ਭਗਤਿ ਪ੍ਰੇਮ[13] ਰਸਿ[14] ਮਾਤਾ[15] ॥

worship[13], he sings God's praises[12], the eight-watches[10] through.

ਹੋਇਆ ਉਹ ਅੱਠੇ ਪਹਿਰ[10] ਵਾਹਿਗੁਰੂ ਦੇ ਜੱਸ[12] ਗਾਇਨ ਕਰਦਾ ਹੈ।

੪੯੮

ਹਰਖ[16] ਸੋਗ[17] ਦੁਹੂ[18] ਮਾਹਿ[19] ਨਿਰਾਲਾ[20] ਕਰਣੈਹਾਰੁ[21] ਪਛਾਤਾ[22]॥੨॥

Both[18] in[19] weal[16] and woe[17] he remains unaffected[20] and recognizes[22] his Creator[21].

ਖ਼ੁਸ਼ੀ[16] ਤੇ ਗ਼ਮੀ[17] ਦੋਨਾਂ[18] ਅੰਦਰ[19] ਉਹ ਨਿਰਲੇਪ[20] ਰਹਿੰਦਾ ਹੈ ਅਤੇ ਆਪਣੇ ਸਿਰਜਣਹਾਰ[21] ਨੂੰ ਹੀ ਸਿੰਞਾਣਦਾ[22] ਹੈ।

ਜਿਸ ਕਾ ਸਾ ਤਿਨ ਹੀ ਰਖਿ[23] ਲੀਆ ਸਗਲ[24] ਜੁਗਤਿ[25] ਬਣਿ ਆਈ[26] ॥

He, to whom he belongs, saves[23] him and all[24] the ways[25] are opened unto[26] him.

ਜੀਹਦਾ ਉਹ ਹੈ, ਉਹੀ ਉਸ ਦੀ ਰਖਿਆ ਕਰਦਾ[23] ਹੈ ਅਤੇ ਉਸ ਦੇ ਲਈ ਸਾਰੇ[24] ਰਸਤੇ[25] ਖੋਲ੍ਹ ਦਿੱਤੇ[26] ਜਾਂਦੇ ਹਨ।

ਕਹੁ[32] ਨਾਨਕ ਪ੍ਰਭੁ[27] ਪੁਰਖ[28] ਦਇਆਲਾ[29] ਕੀਮਤਿ[30] ਕਹਣੁ[31] ਨ ਜਾਈ ॥੩॥੧॥੯॥

Says[32] Nanak, the worth[30] of the merciful[29] mighty[28] Master[27] cannot be told[31].

ਗੁਰੂ ਜੀ ਆਖਦੇ ਹਨ[32], ਮਿਹਰਬਾਨ[29] ਬਲਵਾਨ[28] ਮਾਲਕ[27] ਦਾ ਮੁੱਲ[30] ਦੱਸਿਆ ਜਾ ਨਹੀਂ ਸਕਦਾ[31]।

ਗੂਜਰੀ ਮਹਲਾ ੫
ਦੁਪਦੇ ਘਰੁ ੨

Gujri 5th Guru.
Dupade.

ਗੂਜਰੀ ਪੰਜਵੀਂ ਪਾਤਸ਼ਾਹੀ।
ਦੁਪਦੇ।

੧ ਓ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਪਤਿਤ[33] ਪਵਿਤ੍ਰ[34] ਲੀਏ ਕਰਿ ਅਪੁਨੇ[35] ਸਗਲ ਕਰਤ ਨਮਸਕਾਰੋ[36] ॥

The Lord has purified[34] the sinners[33] and made them His own[35], and all pay obeisance[36] unto them.

ਪ੍ਰਭੂ ਨੇ ਪਾਪੀਆਂ[33] ਨੂੰ ਪਾਵਨ[34] ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਆਪਣੇ ਨਿੱਜ ਦੇ[35] ਬਣਾ ਲਿਆ ਹੈ। ਸਾਰੇ ਉਨ੍ਹਾਂ ਨੂੰ ਪ੍ਰਣਾਮ[36] ਕਰਦੇ ਹਨ।

ਬਰਨੁ[37] ਜਾਤਿ[38] ਕੋਊ ਪੂਛੈ[39] ਨਾਹੀ ਬਾਛਹਿ[40] ਚਰਨ[41] ਰਵਾਰੋ[42] ॥੧॥

No one asks[39] their lineage[37] and caste[38] but others desire[40] the dust[42] of their feet[41].

ਕੋਈ ਭੀ ਉਨ੍ਹਾਂ ਦੀ ਵੰਸ਼[37] ਅਤੇ ਜਾਤੀ[38] ਬਾਰੇ ਨਹੀਂ ਪੁਛਦਾ[39]। ਪ੍ਰਾਣੀ ਉਨ੍ਹਾਂ ਦੇ ਪੈਰਾਂ[41] ਦੀ ਖ਼ਾਕ[42] ਨੂੰ ਲੋੜਦੇ[40] ਹਨ।

ਠਾਕੁਰ ਐਸੋ[43] ਨਾਮੁ ਤੁਮਾਰੋ ॥

O Lord, such[43] is the glory of Thy Name.

ਹੇ ਪ੍ਰਭੂ! ਐਹੋ ਜੇਹਾ[43] ਹੈ ਪ੍ਰਤਾਪ ਤੇਰੇ ਨਾਮ ਦਾ।

ਸਗਲ ਸ੍ਰਿਸਟਿ[44] ਕੋ ਧਣੀ[45] ਕਹੀਜੈ[46] ਜਨ[47] ਕੋ ਅੰਗੁ[48] ਨਿਰਾਰੋ[49] ॥੧॥ਰਹਾਉ॥

Thou art called[46] the Lord[45] of all creation[44], and Thou givest singular[49] backing[48] to Thy servant[47]. Pause.

ਤੂੰ ਸਮੂਹ ਰਚਨਾ[44] ਦਾ ਸੁਆਮੀ[45] ਆਖਿਆ[46] ਜਾਂਦਾ ਹੈਂ। ਆਪਣੇ ਸੇਵਕ[47] ਦਾ ਤੂੰ ਨਿਰਾਲਾ[49] ਹੀ ਪੱਖ ਪੂਰਦਾ[48] ਹੈਂ। ਠਹਿਰਾਉ।

ਸਾਧਸੰਗਿ ਨਾਨਕ ਬੁਧਿ[50] ਪਾਈ ਹਰਿ ਕੀਰਤਨੁ[51] ਆਧਾਰੋ[52] ॥

In the guild of saints, Nanak has obtained understanding[50], and singing the praise of[51] God is his mainstay[52].

ਸਤਿ ਸੰਗਤ ਅੰਦਰ ਨਾਨਕ ਨੂੰ ਸਮਝ[50] ਪਰਾਪਤ ਹੋ ਗਈ ਹੈ। ਵਾਹਿਗੁਰੂ ਦਾ ਜੱਸ ਗਾਇਨ ਕਰਨਾ[51] ਉਸ ਦਾ ਆਸਰਾ[52] ਹੈ।

ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ[53] ਮੁਕਤਿ[54]

Lord's serfs[53], Nam Dev, Trilochan, Kabir and Ravidas, the shoe-maker[55],

ਸੁਆਮੀ ਦੇ ਗੋਲੇ[53], ਨਾਮਦੇਵ, ਤ੍ਰਿਲੋਚਨ, ਕਬੀਰ ਅਤੇ ਰਵਿਦਾਸ ਚਮਾਰ[55] ਮੋਖ਼ਸ਼

ਭਇਓ ਚੰਮਿਆਰੋ[55] ॥੨॥ ੧॥੧੦॥

got emancipated[54].

ਹੋ ਗਏ[54] ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਹੈ ਨਾਹੀ ਕੋਊ ਬੂਝਨਹਾਰੋ[56] ਜਾਨੈ[57] ਕਵਨੁ[58] ਭਤਾ[59] ॥

There is no knower[56] of the Lord, who[58] can understand[57] His plans[59] ?

ਸਾਹਿਬ ਨੂੰ ਜਾਨਣ ਵਾਲਾ[56] ਕੋਈ ਨਹੀਂ, ਉਸ ਦੀਆਂ ਹਿਕਮਤਾਂ[59] ਨੂੰ ਕੌਣ[58] ਬੁੱਝ ਸਕਦਾ[57] ਹੈ ?

ਸਿਵ ਬਿਰੰਚਿ[60] ਅਰੁ[61] ਸਗਲ ਮੋਨਿ ਜਨ[62] ਗਹਿ[63] ਨ ਸਕਾਹਿ[64] ਗਤਾ[65] ॥੧॥

Shiva, Brahma[60] and[61] all the silent sages[62], cannot[64] comprehand[63] Lord's condition[65].

ਸ਼ਿਵਜੀ, ਬ੍ਰਹਮਾ[60] ਅਤੇ[61] ਸਾਰੇ ਖ਼ਾਮੋਸ਼ ਰਿਸ਼ੀ[62] ਸੁਆਮੀ ਦੀ ਅਵਸਥਾ[65] ਨੂੰ (ਸਮਝ) ਜਾਂ (ਪਕੜ[63]) ਨਹੀਂ ਸਕਦੇ[64] ।

ਪ੍ਰਭ ਕੀ ਅਗਮ[66] ਅਗਾਧਿ[67] ਕਥਾ[68] ॥

The Lord's discourse[68] is recondite[66] and unfathomable[67].

ਸੁਆਮੀ ਦੀ ਵਾਰਤਾ[68] ਗੁਹਜ[66] ਅਤੇ ਅਥਾਹ[67] ਹੈ ।

ਸੁਨੀਐ ਅਵਰ[69] ਅਵਰ ਬਿਧਿ[70] ਬੁਝੀਐ[71] ਬਕਨ[72] ਕਥਨ[73] ਰਹਤਾ[74] ॥੧॥ ਰਹਾਉ ॥

God is heard to be one thing[69], but on comprehension[71], appears to be quite another type[70]. He is beyond[74] narration[72] and exposition[73]. Pause.

ਵਾਹਿਗੁਰੂ ਸੁਣੀਂਦਾ ਕੁਛ ਹੋਰ[69] ਹੈ ਪ੍ਰੰਤੂ ਸਮਝਣ[71] ਤੇ ਕੁਝ ਹੋਰ ਹੀ ਤਰ੍ਹਾਂ ਦਾ[70] ਜਾਪਦਾ ਹੈ । ਉਹ ਵਰਨਣ[72] ਅਤੇ ਵਿਆਖਿਆ[73] ਕਰਨ ਤੋਂ ਬਾਹਰ[74] ਹੈ । ਠਹਿਰਾਉ ।

ਆਪੇ[75] ਭਗਤਾ[76] ਆਪਿ ਸੁਆਮੀ[77] ਆਪਨ ਸੰਗਿ[78] ਰਤਾ[79] ॥

God Himself[75] is the devotee[76] and Himself his Master[77]. He is imbued[79] with[78] Himself.

ਵਾਹਿਗੁਰੂ ਖ਼ੁਦ[75] ਸ਼ਰਧਾਲੂ[76] ਹੈ ਅਤੇ ਖ਼ੁਦ ਹੀ ਉਸ ਦਾ ਮਾਲਕ[77] । ਉਹ ਆਪਣੇ ਆਪ ਨਾਲ[78] ਹੀ ਰੰਗਿਆ[79] ਹੋਇਆ ਹੈ ।

ਨਾਨਕ ਕੋ ਪ੍ਰਭੁ ਪੂਰਿ[80] ਰਹਿਓ ਹੈ ਪੇਖਿਓ[81] ਜਤ੍ਰ ਕਤਾ[82] ॥੨॥੨॥੧੧॥

Nanak's Lord is prevading[80] all and he beholds[81] Him everywhere[82].

ਨਾਨਕ ਦਾ ਸੁਆਮੀ ਸਾਰੇ ਪਰੀਪੂਰਨ ਹੋ ਰਿਹਾ[80] ਹੈ । ਮੈਂ ਉਸ ਨੂੰ ਹਰ ਥਾਂ[82] ਵੇਖਦਾ[81] ਹਾਂ ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਮਤਾ[83] ਮਸੂਰਤਿ[84] ਅਵਰ[85] ਸਿਆਨਪ[86] ਜਨ[87] ਕਉ ਕਛੂ ਨ ਆਇਓ[88] ॥

The Lord's attendant[87] knows[88] no design[83], politics[84] and[85] cleverness[86].

ਸੁਆਮੀ ਦੇ ਸੇਵਕ[87] ਨੂੰ ਕੋਈ ਹਿਕਮਤ[83], ਰਾਜਨੀਤੀ[84] ਅਤੇ[85] ਚਤੁਰਾਈ[86] ਨਹੀਂ ਆਉਂਦੀ[88] ।

ਜਹ ਜਹ[89] ਅਉਸਰੁ[90] ਆਇ ਬਨਿਓ[91] ਹੈ ਤਹਾ ਤਹਾ[92] ਹਰਿ ਧਿਆਇਓ[93] ॥੧॥

Wheresoever[89] an occasion[90] arises[91], there[92] he meditates[93] on God.

ਜਿੱਥੇ ਕਿਤੇ ਭੀ[89] ਮੌਕਾ[90] ਬਣਦਾ ਹੈ[91], ਉੱਥੇ[92] ਉਹ ਵਾਹਿਗੁਰੂ ਦਾ ਸਿਮਰਨ ਕਰਦਾ[93] ਹੈ ।

ਪ੍ਰਭ ਕੋ ਭਗਤਿ ਵਛਲੁ[94] ਬਿਰਦਾਇਓ[95] ॥ ਕਰੇ ਪ੍ਰਤਿਪਾਲ[96] ਬਾਰਿਕ[97] ਕੀ ਨਿਆਈ[98] ਜਨ[99] ਕਉ ਲਾਡ ਲਡਾਇਓ[100] ॥੧॥ ਰਹਾਉ ॥

The innate nature[95] of the Lord is to love His devotees[94]. God cherishes[96] His slave[99] and caresses and fondles[100] him as[98] His own child[97]. Pause.

ਸਾਂਈਂ ਦੀ ਸੁਭਾਵਕ ਖ਼ਸਲਤ[95] ਆਪਣਿਆਂ ਸੰਤਾਂ ਨੂੰ ਪਿਆਰ ਕਰਨਾ[94] ਹੈ । ਵਾਹਿਗੁਰੂ ਆਪਣੇ ਗੋਲੇ[99] ਨੂੰ ਪਾਲਦਾ ਪੋਸਦਾ[96] ਹੈ ਅਤੇ ਆਪਣੇ ਬੱਚੇ[97] ਦੀ ਮਾਨਿੰਦ[98] ਉਸ ਨੂੰ ਪਲੋਸਦਾ ਤੇ ਪਿਆਰਦਾ[100] ਹੈ । ਠਹਿਰਾਉ ।

ਜਪ[2] ਤਪ[3] ਸੰਜਮ[4] ਕਰਮ ਧਰਮ[5] ਹਰਿ ਕੀਰਤਨੁ[6] ਜਨਿ[7] ਗਾਇਓ[8] ॥

The Lord's serf[7] hymns[8] His praise[6] as his worship[2], penance[3], self-mortification[4] and religious ceremonies[5].

ਸਾਈਂ ਦਾ ਨਫ਼ਰ[7] ਆਪਣੀ ਉਪਾਸ਼ਨਾ[2], ਤਪੱਸਿਆ[3], ਸਵੈ-ਰਿਆਜ਼ਤ[4] ਅਤੇ ਮਜ਼ਹਬੀ ਸੰਸਕਾਰਾਂ[5] ਵਜੋਂ, ਉਸ ਦੀ ਕੀਰਤੀ[6] ਗਾਇਨ[8] ਕਰਦਾ ਹੈ ।

ਸਰਨਿ[9] ਪਰਿਓ ਨਾਨਕ ਠਾਕੁਰ ਕੀ ਅਭੈ[10] ਦਾਨੁ[12] ਸੁਖੁ[13] ਪਾਇਓ[14] ॥੨॥ ੩॥੧੨॥

Nanak has entered the Lord's sanctuary[9] and is blessed[14] with the fearless[10] boon[12] of beatitude[13].

ਨਾਨਕ ਨੇ ਪ੍ਰਭੂ ਦੀ ਸ਼ਰਣਾਗਤ[9] ਸੰਭਾਲੀ ਹੈ ਅਤੇ ਉਸ ਨੂੰ ਪਰਮ-ਪ੍ਰਸੰਨਤਾ[13] ਦੀ ਡਰ-ਰਹਿਤ[10] ਦਾਤ[12] ਪਰਾਪਤ ਹੋਈ[14] ਹੈ ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਦਿਨੁ ਰਾਤੀ ਆਰਾਧਹੁ[15] ਪਿਆਰੋ[16] ਨਿਮਖ[17] ਨ ਕੀਜੈ ਢੀਲਾ[18] ॥

My dear[16], remember[15] thou the Lord, day and night and make not a moment's[17] delay[18].

ਮੇਰੇ ਪ੍ਰੀਤਮਾ[16] ! ਤੂੰ ਦਿਹੁੰ ਰੈਣ ਸੁਆਮੀ ਦਾ ਸਿਮਰਨ ਕਰ[15] । ਇਕ ਮੁਹਤ ਭਰ ਭੀ[17] ਢਿੱਲ[18] ਨਾ ਲਾ ।

ਸੰਤ ਸੇਵਾ[19] ਕਰਿ[20]ਭਾਵਨੀ[21] ਲਾਈਐ[22] ਤਿਆਗਿ[23] ਮਾਨੁ[24] ਹਾਠੀਲਾ[25] ॥੧॥

With[22] faith[21], perform[20] thou the saints' service[19] and put aside[23] thy pride[24] and obstinacy[25].

ਸ਼ਰਧਾ[21] ਦੇ ਨਾਲ[22] ਤੂੰ ਸਾਧੂਆਂ ਦੀ ਟਹਿਲ[19] ਕਮਾ[20] ਅਤੇ ਆਪਣੀ ਹੰਗਤਾ[24] ਅਤੇ ਜ਼ਿੱਦ[25] ਨੂੰ ਛੱਡ ਦੇ[23] ।

ਮੋਹਨੁ[26] ਪ੍ਰਾਨ[27] ਮਾਨ[28] ਰਾਗੀਲਾ[29] ॥

The fascinating[26], sportive[29] Lord is my very life[27] and honour[28].

ਮੋਹ ਲੈਣਹਾਰ[26], ਖਿਲੰਦੜਾ[29] ਸੁਆਮੀ ਮੇਰੀ ਜਿੰਦ ਜਾਨ[27] ਅਤੇ ਪੱਤ-ਆਬਰੂ[28] ਹੈ ।

ਬਾਸਿ[30] ਰਹਿਓ ਹੀਅਰੇ[31] ਕੈ ਸੰਗੇ[32] ਪੇਖਿ[33] ਮੋਹਿਓ[34] ਮਨੁ ਲੀਲਾ[35] ॥੧॥ਰਹਾਉ॥

He abides[30] with[32] my soul[31] and my mind is bewitched[34], as I behold[33] His sports[35]. Pause.

ਉਹ ਮੇਰੀ ਜਿੰਦੜੀ[31] ਦੇ ਨਾਲ[32] ਵੱਸਦਾ[30] ਹੈ ਅਤੇ ਉਸ ਦੇ ਕਉਤਕ[35] ਵੇਖ ਕੇ[33] ਮੇਰਾ ਚਿੱਤ ਡਰੇਡਤ ਹੋ (ਮੋਹਿਆ) ਗਿਆ[34] ਹੈ । ਠਹਿਰਾਉ ।

ਜਿਸੁ ਸਿਮਰਤ[36] ਮਨਿ ਹੋਤ ਅਨੰਦਾ[37] ਉਤਰੈ[38] ਮਨਹੁ[39] ਜੰਗੀਲਾ[40] ॥

By remembering[36] whom, my mind is in bliss[37] and mind's[39] rust[40] is removed[38].

ਜਿਸ ਦਾ ਚਿੰਤਨ ਕਰਨ ਦੁਆਰਾ[36] ਚਿੱਤ ਵਿਚ ਖ਼ੁਸ਼ੀ[37] ਹੁੰਦੀ ਹੈ ਅਤੇ ਮਨੂਏ[39] ਦਾ ਜੰਗਾਲ[40]ਲਹਿ ਜਾਂਦਾ[38] ਹੈ ।

ਮਿਲਬੇ[41] ਕੀ ਮਹਿਮਾ[42] ਬਰਨਿ[43] ਨ ਸਾਕਉ ਨਾਨਕ ਪਰੈ ਪਰੀਲਾ[44] ॥੨॥੪॥ ੧੩॥

The greatness[42] of meeting[41] the Lord cannot be described[43]. Nanak, it is infinitely beyond[44] measure.

ਸੁਆਮੀ ਦੇ ਮਿਲਾਪ[41] ਦੀ ਵਡਿਆਈ[42] ਵਰਨਣ[43] ਨਹੀਂ ਕੀਤੀ ਜਾ ਸਕਦੀ । ਨਾਨਕ, ਇਹ ਅੰਦਾਜ਼ੇ ਤੋਂ ਬੇਅੰਤ ਪਰੇ[44] ਹੈ ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਮੁਨਿ[45] ਜੋਗੀ ਸਾਸਤ੍ਰਗਿ[46] ਕਹਾਵਤ[47] ਸਭ ਕੀਨੇ ਬਸਿ[48] ਅਪਨਹੀ[49] ॥

Men call themselves[47] silent sages[45], Yogis and learned in Shashtras[46], but mammon has them all under her[49] control[48].

ਇਨਸਾਨ ਆਪਣੇ ਆਪ ਨੂੰ ਮੁਨੀ[45], ਯੋਗੀ ਅਤੇ ਸ਼ਾਸਤਰ-ਵੇਤਾ[46] ਅਖਵਾਉਂਦੇ[47] ਹਨ, ਪਰ ਮਾਇਆ ਨੇ ਉਨ੍ਹਾਂ ਸਾਰਿਆਂ ਨੂੰ ਆਪਣੇ[49] ਕਾਬੂ[48] ਵਿਚ ਕੀਤਾ ਹੋਇਆ ਹੈ ।

ਤੀਨਿ ਦੇਵ[50] ਅਰੁ[51] ਕੋੜਿ[52] ਤੇਤੀਸਾ[53]ਤਿਨ[54]ਕੀ ਹੈਰਤਿ[55] ਕਛੁ ਨ ਰਹੀ ॥੧॥

The three gods[50] (Brahma, Vishnu and Shiva) and[51] three hundred[53] and thrity millions[52] of demigods, their[54] astonishment[55] knew no bounds.

ਤਿੰਨ ਸੁਰ[50] ਅਤੇ[51] ਤੇਤੀ[53] ਕ੍ਰੋੜ[52] ਦੇਵਤੇ, ਉਨ੍ਹਾਂ ਦੀ[54] ਹੈਰਾਨਗੀ[55] ਦੀ ਕੋਈ ਹੱਦ ਨਾ ਰਹੀ ।

੪੯੯

ਬਲਵੰਤਿ[56] ਬਿਆਪਿ[57] ਰਹੀ ਸਭ[58] ਮਹੀ[59] ॥

The powerful[56] mammon continues to pervade[57] amongst[59] all[58].

ਬਲਵਾਨ[56] ਮਾਇਆ ਸਾਰਿਆਂ[58] ਅੰਦਰ[59] ਵੱਸ ਰਹੀ[57] ਹੈ ।

ਅਵਰੁ[60] ਨ ਜਾਨਸਿ[65] ਕੋਉ ਮਰਮਾ[61] ਗੁਰ ਕਿਰਪਾ[62] ਤੇ[64] ਲਹੀ[63] ॥੧॥ਰਹਾਉ॥

Her secret[61] is obtained[63] by[64] Guru's grace[62] and None besides[60] the Guru, knows[65] it. Pause.

ਉਸ ਦਾ ਭੇਤ[61] ਗੁਰਾਂ ਦੀ ਮਿਹਰ[62] ਦੁਆਰਾ[64] ਪਾਇਆ[63] ਜਾਂਦਾ ਹੈ । ਹੋਰ ਕੋਈ[60] ਇਸ ਨੂੰ ਨਹੀਂ ਜਾਣਦਾ[65] । ਠਹਿਰਾਉ ।

ਜੀਤਿ ਜੀਤਿ[66] ਜੀਤੇ[67] ਸਭਿ ਥਾਨਾ[68]ਸਗਲ ਭਵਨ[69] ਲਪਟਹੀ[70] ॥

Ever conquering[66], she has subdued[67] all the places[68] and is clinging[70] to the whole world[69].

ਸਦਾ ਹੀ ਜਿੱਤਦੀ[66] ਹੋਈ ਨੇ, ਸਾਰੀਆਂ ਜਗ੍ਹਾਂ[68] ਜਿੱਤ ਲਈਆਂ[67] ਹਨ ਅਤੇ ਉਹ ਸਾਰੇ ਜਹਾਨ[69] ਨੂੰ ਚਿੰਮੜੀ ਹੋਈ[70] ਹੈ ।

ਕਹੁ ਨਾਨਕ ਸਾਧ ਤੇ ਭਾਗੀ[71] ਹੋਇ ਚੇਰੀ[72] ਚਰਨ[73] ਗਹੀ[74] ॥੨॥੫॥ ੧੪॥

O Nanak say, she surrenders[71] to the saint, and becoming his hand-maiden[72], clasps[74] his feet[73].

ਹੇ ਨਾਨਕ ਆਖ ਕਿ ਉਹ ਸੰਤ ਦੇ ਅਧੀਨ[71] ਹੋ ਜਾਂਦੀ ਅਤੇ ਗੋਲੀ[72] ਬਣ ਕੇ ਉਸ ਦੇ ਪੈਰ[73] ਪਕੜ ਲੈਂਦੀ[74] ਹੈ ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਦੁਇ[75] ਕਰ[76] ਜੋੜਿ[77] ਕਰੀ ਬੇਨੰਤੀ[78] ਠਾਕੁਰੁ ਅਪਨਾ ਧਿਆਇਆ[79] ॥

I meditate[79] on my Lord, and with both[75] hands[76] joined[77], make a supplication[78].

ਮੈਂ ਆਪਣੇ ਸਾਹਿਬ ਦਾ ਸਿਮਰਨ[79] ਕਰਦਾ ਹਾਂ ਅਤੇ ਦੋਨੋਂ[75] ਹੱਥ[76] ਬੰਨ੍ਹ ਕੇ[77] ਪ੍ਰਾਰਥਨਾ ਕਰਦਾ[78] ਹਾਂ ।

ਹਾਥ ਦੇਇ[80] ਰਾਖੇ[81] ਪਰਮੇਸਰਿ[82] ਸਗਲਾ[83] ਦੂਰਤੁ[84] ਮਿਟਾਇਆ[85] ॥੧॥

Giving[80] His hand the Transcedent Lord[82] has saved[81] me and obliterated[85] all[83] my sins[84].

ਆਪਣਾ ਹੱਥ ਦੇ ਕੇ[80] ਪਰਮ ਪ੍ਰਭੂ[82] ਨੇ ਮੇਰੀ ਰਖਿਆ ਕੀਤੀ[81] ਹੈ ਅਤੇ ਮੇਰੇ ਸਮੂਹ[83] ਪਾਪ[84] ਮੇਸ ਛਡੇ[85] ਹਨ ।

ਠਾਕੁਰ ਹੋਏ ਆਪਿ[86] ਦਇਆਲ[87] ॥

The Lord Himself[86] has become merciful[87].

ਸੁਆਮੀ ਖ਼ੁਦ[86] ਮਿਹਰਬਾਨ[87] ਹੋ ਗਿਆ ਹੈ ।

ਭਈ ਕਲਿਆਣੁ[88] ਆਨੰਦ[89] ਰੂਪ[90] ਹੁਈ ਹੈ ਉਬਰੇ[91] ਬਾਲ[92] ਗੁਪਾਲ[93] ॥੧॥ ਰਹਾਉ ॥

I have attained salvation[88] and become an embodiment[90] of bliss[89]. Having become the Lord's[93]-child[92] I have ferried across[91]. Pause.

ਮੈਨੂੰ ਮੁਕਤੀ[88] ਪਰਾਪਤ ਹੋ ਗਈ ਹੈ ਅਤੇ ਮੈਂ ਪਰਸੰਨਤਾ[89] ਦਾ ਸਰੂਪ[90] ਬੀ ਗਿਆ ਹਾਂ । ਸੁਆਮੀ ਦਾ[93] ਬੱਚਾ[92] ਬਣ ਮੈਂ ਪਾਰ ਉਤਰ ਗਿਆ[91] ਹਾਂ । ਠਹਿਰਾਉ ।

ਮਿਲਿ[94] ਵਰ[95] ਨਾਰੀ[96] ਮੰਗਲੁ[97] ਗਾਇਆ ਠਾਕੁਰ ਕਾ ਜੈਕਾਰੁ[98] ॥

Meeting[94] her Groom[95], the bride[96] sings the songs[97] of joy and applauds[98] her Lord.

ਆਪਣੇ ਕੰਤ[95] ਨੂੰ ਭੇਟ ਕੇ[94], ਪਤਨੀ[96] ਖ਼ੁਸ਼ੀ ਦੇ ਗੀਤ[97] ਗਾਉਂਦੀ ਹੈ ਅਤੇ ਆਪਣੇ ਪ੍ਰਭੂ ਦੀ ਪਰਸੰਸਾ[98] ਕਰਦੀ ਹੈ ।

ਕਹੁ ਨਾਨਕ ਤਿਸੁ[99] ਗੁਰ ਬਲਿਹਾਰੀ[100] ਜਿਨਿ ਸਭ ਕਾ ਕੀਆ ਉਧਾਰੁ[2] ॥੨॥ ੬॥੧੫॥

O Nanak say, I am a sacrifice[100] unto the[99] Guru, who has emancipated[2] all.

ਹੇ ਨਾਨਕ ਆਖ ਕਿ ਮੈਂ ਉਸ[99] ਗੁਰੂ ਉਤੋਂ ਕੁਰਬਾਨ[100] ਜਾਂਦਾ ਹਾਂ, ਜਿਸ ਨੇ ਸਾਰਿਆਂ ਨੂੰ ਬੰਦ-ਖ਼ਲਾਸ ਕਰ ਦਿੱਤਾ[2] ਹੈ ।

ਗੂਜਰੀ ਮਹਲਾ ੫ ॥	Gujri 5th Guru.	ਗੂਜਰੀ ਪੰਜਵੀਂ ਪਾਤਸ਼ਾਹੀ ।
ਮਾਤ[3] ਪਿਤਾ[4] ਭਾਈ[5] ਸੁਤ[6] ਬੰਧਪ[7] ਤਿਨ[8] ਕਾ ਬਲੁ[9] ਹੈ ਥੋਰਾ[10] ॥	The mother[3], father[4], brother[5], sons[6] and kinsmen[7], their[8] power[9] is insignificant[10].	ਅੰਮੜੀ[3], ਬਾਬਲ[4], ਭਰਾ[5], ਪੁਤ੍ਰ[6] ਅਤੇ ਸਨਬੰਧੀ[7], ਉਨ੍ਹਾਂ ਦੀ[8] ਤਾਕਤ[9] ਥੋੜ੍ਹੀ[10] ਹੈ ।
ਅਨਿਕ[12] ਰੰਗ[13] ਮਾਇਆ[14] ਕੇ ਪੇਖੇ[15] ਕਿਛੁ ਸਾਥਿ[16] ਨ ਚਾਲੈ[18] ਭੋਰਾ[17] ॥੧॥	I have seen[15] many[12] pleasures[13] of wealth[14], but none even slightly[17] goes[18] with[16] the man.	ਮੈਂ ਧਨ-ਦੌਲਤ[14] ਦੀਆਂ ਘਣੇਰੀਆਂ[12] ਰੰਗ-ਰਲੀਆਂ[13] ਵੇਖੀਆਂ[15] ਹਨ, ਪ੍ਰੰਤੂ ਕੋਈ ਰਤਾ ਜਿੰਨੀ[17] ਭੀ ਬੰਦੇ ਦੇ ਨਾਲ[16] ਨਹੀਂ ਜਾਂਦੀ[18] ।
ਠਾਕੁਰ ਤੁਝ[19] ਬਿਨੁ[20] ਆਹਿ[21] ਨ ਮੋਰਾ[22] ॥	My Lord, without[20] Thee[19], none is[21] mine[22].	ਮੇਰੇ ਸੁਆਮੀ, ਤੇਰੇ[19] ਬਗੈਰ[20] ਮੇਰਾ[22] ਕੋਈ ਭੀ ਨਹੀਂ ਹੈ[21] ।
ਮੋਹਿ[23] ਅਨਾਥ[24] ਨਿਰਗੁਨ[25] ਗੁਣੁ[26] ਨਾਹੀ ਮੈ ਆਹਿਓ[27] ਤੁਮ੍ਹਰਾ ਧੋਰਾ[28] ॥੧॥ਰਹਾਉ॥	I[23] am a virtueless[25] orphan[24], I am devoid of merit[26] and I long for[27] Thy support[28]. Pause.	ਮੈਂ[23] ਨੇਕੀ-ਵਿਹੂਣ[25] ਯਤੀਮ[24] ਹਾਂ । ਮੇਰੇ ਵਿਚ ਕੋਈ ਖੂਬੀ[26] ਨਹੀਂ ਅਤੇ ਮੈਂ ਤੇਰਾ ਆਸਰਾ[28] ਲੋੜਦਾ[27] ਹਾਂ । ਠਹਿਰਾਉ ।
ਬਲਿ[29] ਬਲਿ ਬਲਿ ਬਲਿ ਚਰਣ[30] ਤੁਮ੍ਹਾਰੇ ਈਹਾ[31] ਊਹਾ[32] ਤੁਮ੍ਹਾਰਾ ਜੋਰਾ[33] ॥	I am a sacrifice[29], sacrifice, sacrifice, sacrifice unto Thine feet[30] and here[31] and hereafter[32] Thine is the only power[33].	ਮੈਂ ਤੇਰੇ ਪੈਰਾਂ[30] ਉਤੋਂ ਕੁਰਬਾਨ[29], ਕੁਰਬਾਨ, ਕੁਰਬਾਨ, ਕੁਰਬਾਨ ਹਾਂ । ਐਥੇ[31] ਅਤੇ ਉਥੇ[32] ਕੇਵਲ ਤੇਰੀ ਹੀ ਸੱਤਿਆ[33] ਹੈ ।
ਸਾਧਸੰਗਿ ਨਾਨਕ ਦਰਸੁ[34] ਪਾਇਓ ਬਿਨਸਿਓ ਸਗਲ[35] ਨਿਹੋਰਾ[36] ॥੨॥੭॥੧੬॥	In the saints' guild, Nanak, I have obtained Thy vision[34] and my obligation[36] to all[35] others is annulled.	ਸਤਿਸੰਗਤ ਅੰਦਰ, ਹੇ ਨਾਨਕ, ਮੈਂ ਤੇਰਾ ਦੀਦਾਰ[34] ਪਾ ਲਿਆ ਹੈ ਅਤੇ ਮੇਰੀ ਹੋਰ ਸਾਰਿਆਂ[35] ਦੀ ਮੁਥਾਜੀ[36] ਚੁੱਕੀ ਗਈ ਹੈ ।
ਗੂਜਰੀ ਮਹਲਾ ੫ ॥	Gujri 5th Guru.	ਗੂਜਰੀ ਪੰਜਵੀਂ ਪਾਤਸ਼ਾਹੀ ।
ਆਲ ਜਾਲ[37] ਭ੍ਰਮ[38] ਮੋਹ[39] ਤਜਾਵੈ[40] ਪ੍ਰਭ ਸੇਤੀ[42] ਰੰਗੁ[41] ਲਾਈ[43] ॥	The Guru rids[40] man of domestic entanglements[37], doubt[38] and worldly love[39] and makes him bear[43] love[41] with[42] the Lord.	ਗੁਰੂ ਬੰਦੇ ਨੂੰ ਘਰੋਗੀ ਬੰਧਨਾਂ[37], ਸੰਦੇਹ[38] ਅਤੇ ਸੰਸਾਰੀ ਮਮਤਾ[39] ਤੋਂ ਅਜ਼ਾਦ[40] ਕਰਾਉਂਦਾ ਹੈ ਅਤੇ ਉਸ ਦਾ ਪ੍ਰਭੂ ਨਾਲ[42] ਪਿਆਰ[41] ਪਾ ਦਿੰਦਾ[43] ਹੈ ।
ਮਨ[44] ਕਉ ਇਹ ਉਪਦੇਸੁ[45] ਦ੍ਰਿੜਾਵੈ[46] ਸਹਜਿ ਸਹਜਿ[47] ਗੁਣ[48] ਗਾਈ ॥੧॥	The Guru implants[46] only this instruction[45] in the mind[44] of the man that he should slowly and steadily[47] sing God's praises[48].	ਧੀਰੇ ਧੀਰੇ ਤੇ ਇਕਰਸ[47] ਵਾਹਿਗੁਰੂ ਦਾ ਜੱਸ[48] ਗਾਇਨ ਕਰ, ਆਦਮੀ[44] ਦੇ ਅੰਦਰ ਗੁਰੂ ਜੀ ਇਹ ਸਿਖਮਤ[45] ਪੱਕੀ ਕਰਦੇ[46] ਹਨ ।
ਸਾਜਨ[49] ਐਸੋ[50] ਸੰਤੁ[51] ਸਹਾਈ[52] ॥	O friend[49], such[50] a helper[52] is the Saint Guru[51];	ਹੇ ਮਿੱਤ੍ਰ[49] ! ਐਹੋ ਜੇਹੇ[50] ਸਹਾਇਕ[52] ਸਾਧੂ ਗੁਰਦੇਵ[51] ਜੀ ਹਨ ;
ਜਿਸੁ ਭੇਟੇ[53] ਤੂਟਹਿ[54] ਮਾਇਆ[55] ਬੰਧ[56] ਬਿਸਰਿ[57] ਨ ਕਬਹੂੰ ਜਾਈ ॥ ੧ ॥ ਰਹਾਉ ॥	Meeting[53] whom the bonds[56] of mammon[55] are loosened[54] and the man never forgets[57] the Lord. Pause.	ਜੀਹਨੂੰ ਮਿਲਣ ਦੁਆਰਾ[53] ਮੋਹਨੀ[55] ਦੀਆਂ ਬੇੜੀਆਂ[56] ਕੱਟੀਆਂ ਜਾਂਦੀਆਂ[54] ਹਨ ਤੇ ਬੰਦਾ ਸੁਆਮੀ ਨੂੰ ਕਦਾਚਿੱਤ ਨਹੀਂ ਭੂਲਦਾ[57] । ਠਹਿਰਾਉ ।
ਕਰਤ ਕਰਤ[58] ਅਨਿਕ[59]	Continuously doing[58] various[59] deeds	ਅਨੇਕਾਂ[59] ਕਰਮ ਘਣੇਰਿਆਂ[60] ਤ੍ਰੀਕਿਆਂ[61] ਨਾਲ

ਬਹੁ[60]ਭਾਤੀ[61] ਨੀਕੀ[62] ਇਹ ਠਹਰਾਈ[63] ॥

in many[60] ways[61] I have thought[63] this as the best[62].

ਲਗਾਤਾਰ ਕਰਕੇ[58], ਮੈਂ ਇਸ ਨੂੰ ਪਰਮ ਚੰਗਾ[62] ਖ਼ਿਆਲ ਕੀਤਾ[63] ਹੈ ।

ਮਿਲਿ[70] ਸਾਧੂ[64] ਹਰਿ ਜਸੁ[65] ਗਾਵੈ[69] ਨਾਨਕ [66]ਭਵਜਲੁ[67] ਪਾਰਿ ਪਰਾਈ[68] ॥੨॥੮॥ ੧੭॥

That meeting[70] the society of saints[64] Nanak chants[69] God's glories[65] and thereby crosses[68] the terrible[66] world-ocean[67].

ਕਿ ਸਤਿ ਸੰਗਤ[64] ਨਾਲ ਜੁੜ ਕੇ[70] ਨਾਨਕ ਵਾਹਿਗੁਰੂ ਦੀ ਸਿਫਤ ਸ਼ਲਾਘਾ[65] ਗਾਇਨ[69] ਕਰਦਾ ਹੈ ਅਤੇ ਉਸ ਦੁਆਰਾ ਭਿਆਨਕ[66] ਸੰਸਾਰ ਸਮੁੰਦਰ[67] ਤੋਂ ਪਾਰ ਹੋ ਗਿਆ[68] ਹੈ ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਖਿਨ[71] ਮਹਿ[72] ਥਾਪਿ[73] ਉਥਾਪਨਹਾਰਾ[74] ਕੀਮਤਿ[75] ਜਾਇ[77] ਨ ਕਰੀ[76] ॥

In[72] an instant[71], the Lord establishes[73] and destroys[74] and His worth[75] cannot[77] be told[76].

ਇਕ ਮੁਹਤ[71] ਵਿਚ[72] ਸੁਆਮੀ ਅਸਥਾਪਨ ਕਰਦਾ[73] ਤੇ ਢਾਅ ਦਿੰਦਾ[74] ਹੈ । ਉਸ ਦਾ ਮੁੱਲ[75] ਦਸਿਆ[76] ਨਹੀਂ ਜਾ ਸਕਦਾ[77] ।

ਰਾਜਾ[78] ਰੰਕੁ[79] ਕਰੈ ਖਿਨ ਭੀਤਰਿ[80] ਨੀਚਹ[81] ਜੋਤਿ[82] ਧਰੀ[83] ॥੧॥

In[80] a moment he turns a King[78] into a pauper[79] and into the lowly[81] He infuses[83] splendour[82].

ਇਕ ਛਿਨ ਅੰਦਰ[80] ਉਹ ਪਾਤਸ਼ਾਹ[78] ਨੂੰ ਕੰਗਾਲ[79] ਕਰ ਦਿੰਦਾ ਹੈ ਅਤੇ ਮਸਕੀਨ[81] ਅੰਦਰ ਜਲਵਾ[82] ਭਰ ਦਿੰਦਾ[83] ਹੈ ।

ਧਿਆਈਐ[84] ਅਪਨੋ ਸਦਾ[85] ਹਰੀ ॥

Ever[85] meditate[84] thou on thy God.

ਤੂੰ ਸਦੀਵ[85] ਹੀ ਆਪਣੇ ਵਾਹਿਗੁਰੂ ਦਾ ਭਜਨ[84] ਕਰ ।

ਸੋਚ[86] ਅੰਦੇਸਾ[87] ਤਾ ਕਾ ਕਹਾ[88] ਕਰੀਐ ਜਾ[89] ਮਹਿ ਏਕ ਘਰੀ[90] ॥੧॥ਰਹਾਉ॥

Why[88] should one feel care[86] and anxiety[87] regarding the world, wherein[89] one has to stay for a short while[90] ? Pause.

ਆਦਮੀ ਇਸ ਦੁਨੀਆਂ ਦੇ ਬਾਰੇ ਕਿਉਂ[88] ਫ਼ਿਕਰ[86] ਤੇ ਚਿੰਤਾ[87] ਕਰੇ, ਜਿਸ ਅੰਦਰ[89] ਉਸ ਨੇ ਇਕ ਮੁਹਤ ਲਈ[90] ਠਹਿਰਨਾ ਹੈ । ਠਹਿਰਾਉ ।

ਤੁਮ੍ਰੀ ਟੇਕ[91] ਪੂਰੇ[92] ਮੇਰੇ ਸਤਿਗੁਰ ਮਨ[93] ਸਰਨਿ[94] ਤੁਮਾਰੈ ਪਰੀ[95] ॥

Thou art my prop[91], O my Perfect[92] Satguru and my soul[93] has fallen[95] under thy protection[94].

ਤੂੰ ਮੇਰੀ ਓਟ[91] ਹੈਂ, ਹੇ ਮੈਂਡੇ ਪੂਰਨ[92] ਸਤਿਗੁਰੂ ਜੀ ! ਮੇਰੀ ਜਿੰਦੜੀ[93] ਨੇ ਤੇਰੀ ਪਨਾਹ[94] ਲਈ ਹੈ[95] ।

ਅਚੇਤ[96] ਇਆਨੇ[97] ਬਾਰਿਕ[98] ਨਾਨਕ ਹਮ ਤੁਮ ਰਾਖਹੁ ਧਾਰਿ[99] ਕਰੀ[100] ॥੨॥ ੯॥੧੮॥

I, Nanak, am a heedless[96], silly[97] child[98]. Extend[99] to me thy hand[100] and save me, O Guru.

ਮੈਂ ਨਾਨਕ, ਬੇਖ਼ਬਰ[96], ਕਮਲਾ[97] ਬੱਚਾ[98] ਹਾਂ । ਆਪਣਾ ਹੱਥ[100] ਦੇ ਕੇ ਮੈਨੂੰ ਬਚਾ ਲੈ[99], ਹੇ ਗੁਰਦੇਵ !

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਤੂੰ ਦਾਤਾ[2] ਜੀਆ[3] ਸਭਨਾ ਕਾ ਬਸਹੁ[4] ਮੇਰੇ ਮਨ[5] ਮਾਹੀ[6] ॥

Thou art the Beneficent Lord[2] of all the beings[3] and do Thou abide[4] within[6] my mind[5].

ਤੂੰ ਸਾਰੇ ਜੀਵਾਂ[3] ਦਾ ਦਾਤਾਰ ਸੁਆਮੀ[2] ਹੈਂ । ਤੂੰ ਮੇਰੇ ਚਿਤ[5] ਅੰਦਰ[6] ਨਿਵਾਸ[4] ਕਰ ।

ਚਰਣ[7] ਕਮਲ[8] ਰਿਦ[9] ਮਾਹਿ ਸਮਾਏ[10] ਤਹ[12] ਭਰਮੁ[13] ਅੰਧੇਰਾ[14] ਨਾਹੀ ॥੧॥

The heart[9], wherein Thine lotus[8] feet[7] are enshrined[10], there[12] is no darkness[14] and doubt[13].

ਜਿਸ ਦਿਲ[9] ਅੰਦਰ ਤੇਰੇ ਕੰਵਲ[8] ਪੈਰ[7] ਵੱਸੇ ਹੋਏ[10] ਹਨ, ਉਥੇ[12] ਕੋਈ ਸੰਦੇਹ[13] ਤੇ ਅਨ੍ਹੇਰਾ[14] ਨਹੀਂ[4] ।

ਠਾਕੁਰ ਜਾ[15] ਸਿਮਰਾ[16] ਤੂੰ ਤਾਹੀ[17] ॥

My Lord, wherever[16] I remember[16] Thee, there[17] I find Thee.

ਮੇਰੇ ਸਾਂਈਂ, ਜਿੱਥੇ ਕਿਤੇ ਭੀ[15] ਮੈਂ ਤੈਨੂੰ ਯਾਦ ਕਰਦਾ[16] ਹਾਂ, ਉੱਥੇ[17] ਹੀ ਤੈਨੂੰ ਮੈਂ ਪਾਉਂਦਾ ਹਾਂ ।

ਕਰਿ ਕਿਰਪਾ[18] ਸਰਬ[19] ਪ੍ਰਤਿਪਾਲਕ[20] ਪ੍ਰਭ ਕਉ ਸਦਾ[21] ਸਲਾਹੀ[22] ॥੧॥ ਰਹਾਉ॥

O Lord, the nourisher[20] of all[19], have mercy[18] on me, that I may, ever[21] praise[22] Thee. Pause.

ਹੇ ਸਮੂਹ[19] ਦੀ ਪਾਲਣਾ ਪੋਸਣਾ ਕਰਨ ਵਾਲੇ[20] ਪ੍ਰਭੂ ! ਮੇਰੇ ਉੱਤੇ ਆਪਣੀ ਰਹਿਮਤ ਧਾਰ[18], ਤਾਂ ਜੋ ਮੈਂ ਹਮੇਸ਼ਾ[21] ਹੀ ਤੇਰੀ ਸਿਫ਼ਤ ਸਲਾਹ[22] ਕਰਦਾ ਰਹਾਂ । ਠਹਿਰਾਉ ।

ਸਾਸਿ ਸਾਸਿ[23] ਤੇਰਾ ਨਾਮੁ ਸਮਾਰਉ[24] ਤੁਮ ਹੀ ਕਉ ਪ੍ਰਭ ਆਹੀ[25] ॥

At every breath[23], I contemplate[24] on Thine Name, O Lord, and long for[25] Thee alone.

ਹਰ ਸੁਆਸ[23] ਨਾਲ ਮੈਂ ਤੇਰੇ ਨਾਮ ਦਾ ਸਿਮਰਨ ਕਰਦਾ[24] ਹਾਂ, ਹੇ ਸੁਆਮੀ ! ਅਤੇ ਕੇਵਲ ਤੇਰੀ ਹੀ ਤਾਂਘ ਰੱਖਦਾ[25] ਹਾਂ ।

੫੦੦

ਨਾਨਕ ਟੇਕ[26] ਭਈ ਕਰਤੇ[27] ਕੀ ਹੋਰ[28] ਆਸ[29] ਬਿਡਾਣੀ[30] ਲਾਹੀ[31] ॥੨॥੧੦॥੧੯॥

Nanak, my mainstay[26] is the Creator[27] alone and I have renounced[31] all other[28] alien[30] hopes[29].

ਨਾਨਕ, ਮੇਰਾ ਆਸਰਾ[26] ਕੇਵਲ ਸਿਰਜਣਹਾਰ[27] ਹੀ ਹੈ । ਮੈਂ ਹੋਰਸ[28] ਸਾਰੀਆਂ ਪਰਾਈਆਂ[30] ਉਮੈਦਾਂ[29] ਲਾਹ ਛੱਡੀਆਂ[31] ਹਨ ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਕਰਿ ਕਿਰਪਾ[32] ਅਪਨਾ ਦਰਸੁ[33] ਦੀਜੈ[34] ਜਸੁ[35] ਗਾਵਉ ਨਿਸਿ[36] ਅਰੁ[37] ਭੋਰ[38] ॥ ਕੇਸ[39] ਸੰਗਿ[40] ਦਾਸ[41] ਪਗ[42] ਝਾਰਉ[43] ਇਹੈ ਮਨੋਰਥ[44] ਮੋਰ[45] ॥੧॥

Show mercy[32], my Lord and grant[34] me Thine vision[33]. Thine praises[35], I sing night[36] and[37] day[38]. With[40] my head-hair[39], I cleanse[43] the feet[42] of Thine slave[41] and this is my[45] life's object[44].

ਰਹਿਮਤ[32] ਧਾਰ, ਮੈਂਡੇ ਸੁਆਮੀ, ਮੈਨੂੰ ਆਪਣਾ ਦੀਦਾਰ[33] ਬਖ਼ਸ਼[34] । ਤੇਰੀਆਂ ਸਿਫ਼ਤ-ਸ਼ਲਾਘਾ[35] ਮੈਂ ਰੈਣ[36] ਅਤੇ[37] ਦਿਹੁੰ[38] ਗਾਉਂਦਾ ਹਾਂ । ਆਪਣੇ ਵਾਲਾਂ[39] ਨਾਲ[40] ਮੈਂ ਤੇਰੇ ਗੋਲੇ[41] ਦੇ ਪੈਰ[42] ਸਾਫ਼ ਕਰਦਾ[43] ਹਾਂ । ਏਹੀ ਮੇਰੀ[45] ਜ਼ਿੰਦਗੀ ਦਾ ਪ੍ਰਯੋਜਨ[44] ਹੈ ।

ਠਾਕੁਰ ਤੁਝ ਬਿਨੁ[46] ਬੀਆ[47] ਨ ਹੋਰ[48] ॥

O Master, without[46] Thee three is no other[48] and second[47].

ਹੇ ਮਾਲਕ ! ਤੇਰੇ ਬਗ਼ੈਰ[46] ਹੋਰ ਕੋਈ[48] ਦੂਸਰਾ[47] ਨਹੀਂ ।

ਚਿਤਿ[49] ਚਿਤਵਉ[50] ਹਰਿ[51] ਰਸਨ[52] ਅਰਾਧਉ[53] ਨਿਰਖਉ[54] ਤੁਮਰੀ ਓਰ[55]॥ ੧॥ਰਹਾਉ॥

My God[51], in my mind[49] I remember[50] Thee, and with my tongue[52], I repeat[53] Thy Name and with mine eyes I look[54] towards[55] Thee. Pause.

ਮੇਰੇ ਵਾਹਿਗੁਰੂ[51] ਆਪਣੇ ਮਨ[49] ਵਿਚ ਮੈਂ ਤੈਨੂੰ ਚੇਤੇ[50] ਕਰਦਾ ਹਾਂ ਆਪਣੀ ਜੀਭਾ[52] ਨਾਲ ਮੈਂ ਤੇਰਾ ਨਾਮ ਉਚਾਰਦਾ[53] ਹਾਂ ਅਤੇ ਆਪਣਿਆਂ ਨੇਤ੍ਰਾਂ ਨਾਲ ਮੈਂ ਤੇਰੇ ਵੱਲ[55] ਝਾਕਦਾ[54] ਹਾਂ । ਠਹਿਰਾਉ ।

ਦਇਆਲ[56] ਪੁਰਖ[57] ਸਰਬ[58] ਕੇ ਠਾਕੁਰ[59] ਬਿਨਉ[60] ਕਰਉ ਕਰ[61] ਜੋਰਿ[62] ॥

My Merciful[56] Master[57], Thou art the Lord[59] of all[58] and with joined[62] hands[61] I make a supplication[60] before Thee.

ਮੇਰੇ ਮਿਹਰਬਾਨ[56] ਮਾਲਕ[57] ! ਤੂੰ ਸਾਰਿਆਂ[58] ਦਾ ਸੁਆਮੀ[59] ਹੈਂ । ਹੱਥ[61] ਬੰਨ੍ਹ ਕੇ[62] ਮੈਂ ਤੇਰੇ ਮੂਹਰੇ ਪ੍ਰਾਰਥਨਾ[60] ਕਰਦਾ ਹਾਂ ।

ਨਾਮੁ ਜਪੈ[63] ਨਾਨਕੁ ਦਾਸੁ[64] ਤੁਮਰੋ ਉਧਰਸਿ[65] ਆਖੀ[66] ਫੋਰ[67] ॥੨॥੧੧॥੨੦॥

Nanak, Thy slave[64], meditates[63] on Thy Name and is redeemed[65] in the twinkling[67] of an eye[66].

ਤੇਰਾ ਗੋਲਾ[64], ਨਾਨਕ ਤੇਰੇ ਨਾਮ ਦਾ ਸਿਮਰਨ ਕਰਦਾ[63] ਹੈ ਅਤੇ ਅੱਖ[66] ਦੇ ਇਕ ਫੋਰੇ[67] ਵਿਚ ਉਹ ਪਾਰ ਉੱਤਰ ਗਿਆ[65] ਹੈ ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸਾਹੀ ।

ਬ੍ਰਹਮ ਲੋਕ[68] ਅਰੁ[70] ਰੁਦ੍ਰ[69]

Overwhelming the realm[68] of Brahma,

ਬ੍ਰਹਮਾ ਦੇ ਮੰਡਲ[68], ਸ਼ਿਵਜੀ[69] ਦੇ ਮੰਡਲ ਅਤੇ[70] ਇੰਦਰ

ਲੋਕ ਆਈ[71] ਇੰਦ੍ਰ ਲੋਕ ਤੇ ਧਾਇ[72] ॥

the realm of Shiva[69] and[70] the realm of Indra, the mammon has come[71] running[72] here.

ਦੇ ਮੰਡਲ ਨੂੰ ਨਿਸੱਲ ਕਰ, ਕੇ ਮਾਇਆ ਏਥੇ ਦੌੜ ਕੇ[72] ਆ ਗਈ[71] ਹੈ ।

ਸਾਧਸੰਗਤਿ ਕਉ ਜੋਹਿ[73] ਨ ਸਾਕੈ ਮਲਿ ਮਲਿ[74] ਧੋਵੈ[75] ਪਾਇ[76] ॥੧॥

It cannot touch[73] the society of saints and ever rubs[74] and washes[75] saints' feet[76].

ਪ੍ਰੰਤੂ, ਇਹ ਸਤਿਸੰਗਤ ਨੂੰ ਛੂਹ[73] ਤਕ ਨਹੀਂ ਸਕਦੀ ਅਤੇ ਸਾਧੂਆਂ ਦੇ ਪੈਰਾਂ[76] ਨੂੰ ਹਮੇਸ਼ਾ ਮਲਦੀ[74] ਅਤੇ ਧੋਂਦੀ[75] ਹੈ ।

ਅਬ[77] ਮੋਹਿ[78] ਆਇ[79] ਪਰਿਓ[80] ਸਰਨਾਇ[81] ॥

Now[77], I[78] have come[79] and entered[80] the Guru's asylum[81].

ਹੁਣ[77] ਮੈਂ[78] ਆ ਕੇ[79] ਗੁਰਾਂ ਦੀ ਓਟ[81] ਲੈ ਲਈ[80] ਹੈ ।

ਗੁਹਜ[82] ਪਾਵਕੋ[83] ਬਹੁਤੁ[84] [85]ਪ੍ਰਜਾਰੈ[86] ਮੋਕਉ ਸਤਿਗੁਰ ਦੀਓ ਹੈ ਬਤਾਇ[87] ॥੧॥ ਰਹਾਉ॥

This severe[82] fire[83] of mammon has badly[85] burnt[86] many[84] and the True Guru has cautioned[87] me regarding this. Pause.

ਮਾਇਆ ਦੀ ਇਸ ਅਦ੍ਰਿਸ਼ਟ[82] ਅੱਗ[83] ਨੇ ਘਣੇਰਿਆਂ[84] (ਬਹੁਤਿਆਂ) ਨੂੰ ਬੁਰੀ ਤਰ੍ਹਾਂ[85] ਸਾੜ ਸੁਟਿਆ[86] ਹੈ । ਸੱਚੇ ਗੁਰਾਂ ਨੇ ਮੈਨੂੰ ਇਸ ਬਾਰੇ ਖ਼ਬਰਦਾਰ ਕਰ ਦਿੱਤਾ[87] ਹੈ । ਠਹਿਰਾਉ ।

ਸਿਧ[88] ਸਾਧਿਕ[89] ਅਰ[90] ਜਖ[91] ਕਿੰਨਰ[92] ਨਰ[95] ਰਹੀ ਕੰਠਿ[93] ਉਰਝਾਇ[94] ॥

It is clinging[94] to the neck[93] of adepts[88], strivers[89], super gods[91], celestial singers[92] and[90] men[95].

ਇਹ ਪੂਰਨ ਪੁਰਸ਼ਾਂ[88], ਅਭਿਆਸੀਆਂ[89], ਸ੍ਰੇਸ਼ਟੀ ਦੇਵਤਿਆਂ[91], ਸਵਰਗੀ ਗਵੱਈਆਂ[92] ਅਤੇ[90] ਇਨਸਾਨਾਂ[95] ਦੇ ਗਲ[93] ਨੂੰ ਚਿਮੜੀ[94] ਹੋਈ ਹੈ ।

ਜਨ ਨਾਨਕ ਅੰਗੁ[96] ਕੀਆ ਪ੍ਰਭਿ ਕਰਤੈ[97] ਜਾ ਕੈ ਕੋਟਿ[98] ਐਸੀ[99] ਦਾਸਾਇ[100] ॥੨॥ ੧੨॥੨੧॥

Nanak has the prop[96] of the Creator[97] Lord who has millions[98] of such[99] like hand-maidens[100].

ਨਾਨਕ ਨੂੰ ਉਸ ਸਿਰਜਣਹਾਰ[97] ਸੁਆਮੀ ਦਾ ਆਸਰਾ[96] ਹੈ, ਜਿਸ ਦੀਆਂ ਕ੍ਰੋੜਾਂ[98] ਹੀ ਐਹੋ ਜੇਹੀਆਂ[99] ਦਾਸੀਆਂ[100] ਹਨ ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਅਪਜਸੁ[2] ਮਿਟੈ[3] ਹੋਵੈ ਜਗਿ ਕੀਰਤਿ[4] ਦਰਗਹ[5] ਬੈਸਣੁ[6] ਪਾਈਐ[7] ॥

By Lord's meditation, infamy[2] is shelved[3], celebrity[4] is gained in the world and a seat[6] is obtained[7] in Lord's court[5].

ਸਾਹਿਬ ਦੇ ਸਿਮਰਨ ਦੁਆਰਾ ਬਦਨਾਮੀ[2] ਮਿੱਟ ਜਾਂਦੀ[3] ਹੈ, ਜਗਤ ਅੰਦਰ ਨੇਕ-ਨਾਮੀ[4] ਹੋ ਜਾਂਦੀ ਹੈ ਅਤੇ ਪ੍ਰਭੂ ਦੇ ਦਰਬਾਰ[5] ਅੰਦਰ ਜਗ੍ਹਾ[6] ਮਿਲ ਜਾਂਦੀ[7] ਹੈ ।

ਜਮ[8] ਕੀ ਤ੍ਰਾਸ[9] ਨਾਸ[10] ਹੋਇ ਖਿਨ[12] ਮਹਿ[13] ਸੁਖ[14] ਅਨਦ[15] ਸੇਤੀ[16] ਘਰਿ[17] ਜਾਈਐ ॥੧॥

The fear[9] of death[8] is removed[10] in[13] an instant[12] and the man goes to God's mansion[17] with[16] peace[14] and pleasure[15].

ਮੌਤ[8] ਦਾ ਡਰ[9] ਇਕ ਮੁਹਤ[12] ਵਿੱਚ[13] ਦੂਰ ਹੋ ਜਾਂਦਾ[10] ਹੈ ਅਤੇ ਬੰਦਾ ਆਰਾਮ[14] ਤੇ ਖ਼ੁਸ਼ੀ[15] ਨਾਲ[16] ਵਾਹਿਗੁਰੂ ਦੇ ਮਹਿਲ[17] ਨੂੰ ਜਾਂਦਾ ਹੈ ।

ਜਾਤੇ[18] ਘਾਲ[19] ਨ ਬਿਰਥੀ[20] ਜਾਈਐ ॥

Wherefore[18] his service[19] goes not in vain[20].

ਇਸ ਲਈ[18] ਉਸ ਦੀ ਸੇਵਾ[19] ਵਿਅਰਥ[20] ਨਹੀਂ ਜਾਂਦੀ ।

ਆਠ ਪਹਰ[21] ਸਿਮਰਹੁ[22] ਪ੍ਰਭੂ ਅਪਨਾ ਮਨਿ[23] ਤਨਿ[24] ਸਦਾ[25] ਧਿਆਈਐ[26] ॥੧॥ ਰਹਾਉ॥

Throughout the eight-watches[21], contemplate[22] thou on Thy Lord and, with thy soul[23] and body[24], ever[25] remember[26] Him. Pause.

ਅੱਠੇ ਪਹਿਰ[21] ਹੀ ਤੂੰ ਆਪਣੇ ਪ੍ਰਭੂ ਦਾ ਆਰਾਧਨ ਕਰ[22] ਅਤੇ ਆਪਣੀ ਆਤਮਾ[23] ਤੇ ਦੇਹ[24] ਨਾਲ ਸਦੀਵ[25] ਹੀ ਉਸ ਦਾ ਚਿੰਤਨ ਕਰ[26] । ਠਹਿਰਾਉ ।

ਮੋਹਿ[27] ਸਰਨਿ[28] ਦੀਨ[29] ਦੂਖ[30] ਭੰਜਨ[31] ਤੂੰ ਦੇਹਿ[32] ਸੋਈ[33] ਪ੍ਰਭ[34] ਪਾਈਐ[35] ॥

O Lord[34], the Destroyer[31] of the sorrow[30] of the poor[29], I[27] have sought Thy shelter[28] and I receive[35] only that[33] which Thou givest[32] me.

ਹੇ ਗਰੀਬਾਂ[29] ਦੇ ਦੁਖੜੇ[30] ਦੂਰ ਕਰਨ ਵਾਲੇ[31] ਸੁਆਮੀ[34] ! ਮੈਂ[27] ਤੇਰੀ ਸਰਣਾਗਤਿ[28] ਸੰਭਾਲੀ ਹੈ ਅਤੇ ਮੈਂ ਕੇਵਲ ਓਹੀ[33] ਪਰਾਪਤ[35] ਕਰਦਾ ਹਾਂ, ਜੋ ਤੂੰ ਮੈਨੂੰ ਦਿੰਦਾ[32] ਹੈਂ ।

ਚਰਣ[36] ਕਮਲ[37] ਨਾਨਕ ਰੰਗਿ[38] ਰਾਤੇ[39] ਹਰਿ ਦਾਸਹ[40] ਪੈਜ[41] ਰਖਾਈਐ[42] ॥੨॥ ੧੩॥੨੨॥

With the love[38] of Thine lotus[37] feet[36], Nanak is imbued[39]. O God, preserve[42] Thou the honour[41] of Thy slave[40].

ਤੇਰੇ ਕੰਵਲ[37] ਪੈਰਾਂ[36] ਦੀ ਪ੍ਰੀਤ[38] ਨਾਲ ਨਾਨਕ ਰੰਗਿਆ[39] ਗਿਆ ਹੈ। ਹੇ ਵਾਹਿਗੁਰੂ ! ਤੂੰ ਆਪਣੇ ਗੋਲੇ[40] ਦੀ ਇੱਜ਼ਤ ਆਬਰੂ[41] ਬਰਕਰਾਰ[42] ਰੱਖ ।

ਗੂਜਰੀ ਮਹਲਾ ੫ ॥

Gujri 5th Guru

ਗੂਜਰੀ ਪੰਜਵੀਂ ਪਾਤਸ਼ਾਹੀ ।

ਬਿਸੰਭਰ[43] ਜੀਅਨ[44] ਕੋ ਦਾਤਾ[45] ਭਗਤਿ[46] ਭਰੇ[47] ਭੰਡਾਰ[48] ॥

The All-sustaining[43] Lord is Beneficent[45] to the living beings[44] and brimful[47] are His treasures[48] of devotion[46].

ਸਾਰਿਆਂ ਨੂੰ ਪਾਲਣ ਵਾਲਾ[43] ਸੁਆਮੀ ਪ੍ਰਾਣਧਾਰੀਆਂ[44] ਦਾ ਦਾਤਾਰ[45] ਹੈ। ਲਬਾਲਬ[47] (ਭਰਪੂਰ) ਹਨ ਉਸ ਦੇ ਸ਼ਰਧਾ[46] ਪ੍ਰੇਮ ਦੇ ਖ਼ਜ਼ਾਨੇ[48] ।

ਜਾ ਕੀ[49] ਸੇਵਾ[50] ਨਿਫਲ[51] ਨ ਹੋਵਤ ਖਿਨ[52] ਮਹਿ[53] ਕਰੇ ਉਧਾਰ[54] ॥੧॥

He is such, whose[49] service[50] becomes not unfruitful[51] and in[53] an instant[52], He emancipates[54] the mortal.

ਉਹ ਐਸਾ ਹੈ, ਜਿਸ ਦੀ[49] ਘਾਲ[50] ਨਿਸਫਲ[51] ਨਹੀਂ ਹੁੰਦੀ। ਇੱਕ ਛਿਨ[52] ਵਿੱਚ[53] ਉਹ ਪ੍ਰਾਣੀ ਨੂੰ ਬੰਦ-ਖ਼ਲਾਸ[54] ਕਰ ਦਿੰਦਾ ਹੈ ।

ਮਨ[55] ਮੇਰੇ ਚਰਨ[56] ਕਮਲ[57] ਸੰਗਿ[58] ਰਾਚੁ[59] ॥

My soul[55], remain thou merged[59] with[58] Lord's lotus[57] feet[56].

ਮੇਰੀ ਜਿੰਦੇ[55] ! ਤੂੰ ਸੁਆਮੀ ਦੇ ਕੰਵਲ[57] ਪੈਰਾਂ[56] ਨਾਲ[58] ਲੀਨ[59] ਹੋਈ ਰਹੁ ।

ਸਗਲ[60] ਜੀਅ[61] ਜਾ[62] ਕਉ ਆਰਾਧਿਆ[63] ਤਾਹੂ[64] ਕਉ ਤੂੰ ਜਾਚੁ[65] ॥੧॥ਰਹਾਉ॥

Do thou beg[65] of Him[64], whom[62] all[60] the beings[61] worship[63]. Pause.

ਤੂੰ ਕੇਵਲ ਉਸ ਪਾਸੋਂ[64] ਹੀ ਮੰਗ[65], ਜਿਸ ਨੂੰ[62] ਸਾਰੇ[60] ਜੀਵ[61] ਪੂਜਦੇ[63] ਹਨ । ਠਹਿਰਾਉ ।

ਨਾਨਕ ਸਰਣਿ[66] ਤੁਮ੍ਹਾਰੀ ਕਰਤੇ[67] ਤੂੰ ਪ੍ਰਭ ਪ੍ਰਾਨ[68] ਅਧਾਰ[69] ॥

Thine sanctuary[66] Nanak has entered, O Creator[67]. Thou, O Lord, art the support[69] of my soul[68].

ਤੇਰੀ ਪਨਾਹ[66] (ਸ਼ਰਨ) ਨਾਨਕ ਨੇ ਲਈ ਹੈ, ਹੇ ਸਿਰਜਣਹਾਰ[67] ! ਤੂੰ ਹੇ ਸਾਹਿਬ ! ਮੇਰੀ ਜਿੰਦੜੀ[68] ਦਾ ਆਸਰਾ[69] ਹੈਂ ।

ਹੋਇ ਸਹਾਈ[70] ਜਿਸੁ ਤੂੰ ਰਾਖਹਿ[71] ਤਿਸੁ[72] ਕਹਾ[73] ਕਰੇ ਸੰਸਾਰੁ[74] ॥੨॥੧੪॥ ੨੩ ॥

What[73] can the world[74] do unto him[72] whom Thou, O Helper[70], protectest[71] ?

ਜਗਤ[74] ਉਸ ਨੂੰ[72] ਕੀ[73] ਕਰ ਸਕਦਾ ਹੈ, ਜਿਸ ਦੀ ਤੂੰ ਹੇ ਸਹਾਇਕ[70] ! ਰਖਿਆ ਕਰਦਾ[71] ਹੈਂ ?

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਜਨ[75] ਕੀ ਪੈਜ[77] ਸਵਾਰੀ[78] ਆਪ[79] ॥ ਹਰਿ ਹਰਿ[80] ਨਾਮੁ ਦੀਓ ਗੁਰਿ ਅਵਖਧੁ[81] ਉਤਰਿ[82] ਗਇਓ ਸਭੁ ਤਾਪ[83] ॥੧॥ਰਹਾਉ॥

The Lord Himself[79] has protected[78] the honour[77] of His slave[75]. The Guru has given the medicine[81] of Lord God's[80] Name and all his anguish[83] has departed[82]. Pause.

ਪ੍ਰਭੂ ਨੇ ਖ਼ੁਦ[79] ਆਪਣੇ ਗੋਲੇ[75] ਦੀ ਲਾਜ[77] ਰੱਖੀ[78] ਹੈ। ਗੁਰਾਂ ਨੇ ਵਾਹਿਗੁਰੂ ਸੁਆਮੀ[80] ਦੇ ਨਾਮ ਦਾ ਦਾਰੂ[81] ਦਿੱਤਾ ਹੈ ਅਤੇ ਸਾਰਾ ਬੁਖ਼ਾਰ[83] ਲਹਿ ਗਿਆ[82] ਹੈ। ਠਹਿਰਾਉ ।

ਹਰਿਗੋਬਿੰਦੁ ਰਖਿਓ[84] ਪਰਮੇਸਰਿ[85] ਅਪੁਨੀ ਕਿਰਪਾ[86] ਧਾਰਿ ॥	The Exalted Lord[85], in His mercy[86], has preserved[84] Har Gobind.	ਉਤਕ੍ਰਿਸ਼ਟ ਸੁਆਮੀ[85] ਨੇ ਆਪਣੀ ਦਇਆ[86] ਧਾਰ ਕੇ ਹਰਿ ਗੋਬਿੰਦ ਨੂੰ ਬਚਾ ਲਿਆ[84] ਹੈ।
ਮਿਟੀ[87] ਬਿਆਧਿ[88] ਸਰਬ[89] ਸੁਖ[90] ਹੋਏ ਹਰਿ ਗੁਣ[91] ਸਦਾ[92] ਬੀਚਾਰਿ[93] ॥੧॥	The calamity[88] is over[87], there is joy[90] all round[89] and we ever[92] ponder over[93] God's praise[91].	ਮੁਸੀਬਤ[88] ਟਲ ਗਈ[87] ਹੈ, ਸਾਰੀ ਪਾਸੀ[89] ਖ਼ੁਸ਼ੀ[90] ਹੈ ਅਤੇ ਅਸੀਂ ਹਮੇਸ਼ਾ[92] ਵਾਹਿਗੁਰੂ ਦੀ ਕੀਰਤੀ[91] ਦਾ ਚਿੰਤਨ ਕਰਦੇ[93] ਹਾਂ।
ਅੰਗੀਕਾਰੁ[94] ਕੀਓ ਮੇਰੈ ਕਰਤੈ[95] ਗੁਰ ਪੂਰੇ[96] ਕੀ ਵਡਿਆਈ[97] ॥	Such is the magnification[97] greatness of the Perfect Guru[96], that my Creator[95] has assisted[94] me.	ਐਹੋ ਜੇਹੀ ਉਤਕ੍ਰਿਸ਼ਟਤਾ[97] ਹੈ ਮੇਰੇ ਪੂਰਨ ਗੁਰਾ[96] ਦੀ, ਕਿ ਮੇਰੇ ਸਿਰਜਣਹਾਰ[95] ਨੇ ਮੇਰੀ ਸਹਾਇਤਾ[94] ਕੀਤੀ ਹੈ।
ਅਬਿ[98] ਚਲ ਨੀਵ[99] ਧਰੀ[100] ਗੁਰ ਨਾਨਕ ਨਿਤ ਨਿਤ[2] ਚੜੈ ਸਵਾਈ[3] ॥੨॥੧੫॥ ੨੪॥	Guru Nanak has laid[100] an immovable[98] foundation[99] which grows higher[3] with the passage of each day[2].	ਗੁਰੂ ਨਾਨਕ ਜੀ ਨੇ ਅਚੱਲ[98] ਨੀਂਹ[99] ਰਖੀ[100] ਹੈ, ਜਿਹੜੀ ਰੋਜ਼-ਬ-ਰੋਜ਼[2] ਵਧੇਰੇ[3] ਪੱਕੀ ਹੁੰਦੀ ਜਾਂਦੀ ਹੈ।
ਗੂਜਰੀ ਮਹਲਾ ੫ ॥	Gujri 5th Guru.	ਗੂਜਰੀ ਪੰਜਵੀਂ ਪਾਤਸ਼ਾਹੀ।
ਕਬਹੂ ਹਰਿ ਸਿਉ[4] ਚੀਤੁ[5] ਨ ਲਾਇਓ[6] ॥	Thou hast never fixed[6] thy attention[5] on[4] God.	ਤੂੰ ਕਦੇ ਭੀ ਆਪਣੀ ਬਿਰਤੀ[5] ਵਾਹਿਗੁਰੂ ਨਾਲ[4] ਨਹੀਂ ਜੋੜੀ[6]।
੫੦੧		
ਧੰਧਾ[7] ਕਰਤ[8] ਬਿਹਾਨੀ[9] ਅਉਧਹਿ[10] ਗੁਣ[12] ਨਿਧਿ[13] ਨਾਮੁ ਨ ਗਾਇਓ[14] ॥੧॥ ਰਹਾਉ ॥	Thy life[10] has passed[9] in doing[8] worldly deeds[7] and thou hast not chanted[14] the Name of the Treasury[13] of excellences[12]. Pause.	ਦੁਨਿਆਵੀ ਕੰਮ-ਕਾਜ[7] ਕਰਨ[8] ਵਿਚ ਤੇਰੀ ਜ਼ਿੰਦਗੀ[10] ਬੀਤ ਗਈ[9] ਹੈ ਅਤੇ ਤੂੰ ਖ਼ੂਬੀਆਂ[12] ਦੇ ਖ਼ਜ਼ਾਨੇ[13] ਦੇ ਨਾਮ ਦਾ ਗਾਇਨ[14] ਨਹੀਂ ਕੀਤਾ। ਠਹਿਰਾਉ।
ਕਉਡੀ ਕਉਡੀ[15] ਜੋਰਤ[16] ਕਪਟੇ[17] ਅਨਿਕ[18] ਜੁਗਤਿ[19] ਕਰਿ ਧਾਇਓ[20] ॥	Through deception[17], thou amasseth[16] money, shell by shell[15], and in many[18] ways[19] thou strivest[20] for this.	ਠੱਗੀ-ਬੱਗੀ[17] ਰਾਹੀਂ ਕੌਡੀ ਕੌਡੀ[15] ਕਰਕੇ ਤੂੰ ਧਨ ਇਕੱਤਰ[16] ਕਰਦਾ ਹੈਂ। ਇਸ ਦੀ ਖ਼ਾਤਰ ਤੂੰ ਅਨੇਕਾਂ[18] ਤ੍ਰੀਕੇ[19] ਧਾਰਨ ਕਰਦਾ[20] ਹੈਂ।
ਬਿਸਰਤ[21] ਪ੍ਰਭ ਕੇਤੇ[22] ਦੁਖ[23] ਗਨੀਅਹਿ[24] ਮਹਾ[25] ਮੋਹਨੀ[26] ਖਾਇਓ[27] ॥੧॥	By forgetting[21] the Lord, thou meetest with numberless[22] calamities[23], which cannot be counted[24], and art eaten up[27] by the chief[25] fascinator, the mammon[26].	ਸੁਆਮੀ ਨੂੰ ਭੁਲਾ ਕੇ[21] ਤੂੰ ਅਣਗਿਣਤ[22] ਮੁਸੀਬਤਾਂ[23] ਭੋਗਦਾ ਹੈਂ, ਜੋ ਗਿਣੀਆਂ[24] ਨਹੀਂ ਜਾ ਸਕਦੀਆਂ ਅਤੇ ਤੈਨੂੰ ਪਰਮ[25] ਫ਼ਰੇਫ਼ਤਾ ਕਰਨ ਵਾਲੀ ਮਾਇਆ[26] ਖਾ ਜਾਂਦੀ[27] ਹੈ।
ਕਰਹੁ ਅਨੁਗ੍ਰਹੁ[28] ਸੁਆਮੀ ਮੇਰੇ ਗਨਹੁ[29] ਨ ਮੋਹਿ[30] ਕਮਾਇਓ[31] ॥	Show mercy[28], O my Master, and take not mine[30] acts[31] into account[29].	ਮਿਹਰ[28] ਧਾਰ, ਹੇ ਮਾਲਕ! ਅਤੇ ਮੇਰੇ[30] ਕਰਮਾਂ[31] ਨੂੰ ਹਿਸਾਬ ਕਿਤਾਬ[29] ਵਿਚ ਨਾ ਲੈ।
ਗੋਬਿੰਦ[32] ਦਇਆਲ[33] ਕ੍ਰਿਪਾਲ[34] ਸੁਖ[35] ਸਾਗਰ[36]	O Thou kind[33] and compassionate[34] Lord[32] God[37], Ocean[36] of Peace[35],	ਹੇ! ਠੰਢ ਚੈਨ[35] ਦੇ ਸਮੁੰਦਰ[36], ਮਇਆਵਾਨ[33] ਤੇ ਮਿਹਰਬਾਨ[34] ਵਾਹਿਗੁਰੂ[37] ਸੁਆਮੀ[32]! ਨਾਨਕ ਨੇ ਤੇਰੀ

ਨਾਨਕ ਹਰਿ[37] ਸਰਣਾਇਓ[38] ॥੨॥੧੬॥ ੨੫ ॥

Nanak has come under Thine protection[38].

ਪਨਾਹ[38] ਲਈ ਹੈ ।

ਗੂਜਰੀ ਮਹਲਾ ੫ ॥

Gujri 5th Guru.

ਗੂਜਰੀ ਪੰਜਵੀਂ ਪਾਤਸ਼ਾਹੀ ।

ਰਸਨਾ[39] ਰਾਮ ਰਾਮ[40] ਰਵੰਤ[41] ॥

With thy tongue[39] repeat[41] thou the Lord's Name[40].

ਆਪਣੀ ਜੀਭ[39] ਦੇ ਨਾਲ ਤੂੰ ਸੁਆਮੀ ਦੇ[40] ਨਾਮ ਦਾ ਉਚਾਰਨ ਕਰ[41] ।

ਛੋਡਿ[42] ਆਨ[43] ਬਿਉਹਾਰ[44] ਮਿਥਿਆ[45] ਭਜੁ[46] ਸਦਾ[47] ਭਗਵੰਤ[48] ॥੧॥ਰਹਾਉ॥

Forsake[42] thou other[43] false[45] occupations[44] and ever[47] meditate[46] on the Fortunate Lord[48]. Pause.

ਤੂੰ ਹੋਰ[43] ਝੂਠੇ[45] ਕਾਰ ਵਿਹਾਰ[44] ਤਿਆਗ[42] ਦੇ ਅਤੇ ਹਮੇਸ਼ਾ[47] ਹੀ ਭਾਗਾਂ ਵਾਲੇ ਸੁਆਮੀ[48] ਦਾ ਸਿਮਰਨ[46] ਕਰ । ਠਹਿਰਾਉ ।

ਨਾਮੁ ਏਕੁ[49] ਅਧਾਰੁ[50] ਭਗਤਾ[51] ਈਤ[52] ਆਗੈ[53] ਟੇਕ[54] ॥

The Name alone[49] is His Saints'[51] sustenance[50] and in this world[52] and the world beyond[53], it is their prop[54].

ਕੇਵਲ[49] ਨਾਮ ਹੀ ਉਸ ਦੇ ਸੰਤਾਂ ਦਾ[51] ਅਹਾਰ[50] ਹੈ । ਇਸ ਲੋਕ[52] ਅਤੇ ਪ੍ਰਲੋਕ[53] ਵਿਚ ਇਹ ਉਨ੍ਹਾਂ ਦਾ ਆਸਰਾ[54] ਹੈ ।

ਕਰਿ ਕ੍ਰਿਪਾ[55] ਗੋਬਿੰਦ[56] ਦੀਆ[57] ਗੁਰ ਗਿਆਨੁ[58] ਬੁਧਿ[59] ਬਿਬੇਕ[60] ॥੧॥

The Guru has mercifully[55] given[57] me the Lord's[56] gnosis[58] and the discerning[60] intellect[59].

ਦਇਆ ਧਾਰ ਕੇ[55] ਗੁਰਾਂ ਨੇ ਮੈਨੂੰ ਸਾਹਿਬ ਦੀ[56] ਗਿਆਤ[58] ਅਤੇ ਵਿਚਾਰ ਵਾਲੀ[60] ਅਕਲ[59] ਦਿੱਤੀ[57] ਹੈ ।

ਕਰਣ ਕਾਰਣ[61] ਸੰਮ੍ਰਥ[62] ਸ੍ਰੀਧਰ[63] ਸਰਣਿ[64]ਤਾ ਕੀ[65] ਗਹੀ[66] ॥

The Omnipotent Lord[62] is the cause of all causes[61] and the Master of wealth[63] and His[65] refuge[64]. I have sought[66].

ਸਰਬ-ਸ਼ਕਤੀਵਾਨ ਸੁਆਮੀ[62] ਹੇਤੂਆਂ ਦਾ ਹੇਤੂ[61] ਅਤੇ ਧਨ-ਦੌਲਤ ਦਾ ਮਾਲਕ[63] ਹੈ । ਉਸ ਦੀ[65] ਪਨਾਹ[64] ਮੈਂ ਪਕੜੀ[66] ਹੈ ।

ਮੁਕਤਿ[67] ਜੁਗਤਿ[68] ਰਵਾਲ[69] ਸਾਧੂ ਨਾਨਕ ਹਰਿ ਨਿਧਿ[70] ਲਹੀ[71] ॥੨॥੧੭॥੨੬॥

Salvation[67] and secular success[68] abide in the dust[69] of the saints feet, and Nanak has obtained[71] Thus, the Lord's Treasure[70].

ਮੋਖਸ਼[67] ਅਤੇ ਸੰਸਾਰੀ ਸਿੱਧਤਾ[68], ਸੰਤਾਂ ਦੇ ਪੈਰਾਂ ਦੀ ਧੂੜ[69] ਵਿਚ ਹਨ । ਨਾਨਕ ਨੂੰ ਸਾਹਿਬ ਦਾ ਇਹ ਖ਼ਜ਼ਾਨਾ[70] ਪਰਾਪਤ[71] ਹੋਇਆ ਹੈ ।

ਗੂਜਰੀ ਮਹਲਾ ੫
ਘਰੁ ੪ ਚਉਪਦੇ

Gujri 5th Guru.
Chaupade.

ਗੂਜਰੀ ਪੰਜਵੀਂ ਪਾਤਸ਼ਾਹੀ ।
ਚਉਪਦੇ ।

੧ ੴ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਛਾਡਿ[72] ਸਗਲ[73] ਸਿਆਣਪਾ[74] ਸਾਧ ਸਰਣੀ[75] ਆਉ ॥

Forsake[72] all[73] thy clevernesses[74] and seek the saint Guru's protection[75].

ਆਪਣੀਆਂ ਸਾਰੀਆਂ[73] ਚਤੁਰਾਈਆਂ[74] ਤਿਆਗ[72] ਦੇ ਅਤੇ ਸੰਤ ਗੁਰਾਂ ਦੀ ਪਨਾਹ[75] ਲੈ ।

ਪਾਰਬ੍ਰਹਮ[76] ਪਰਮੇਸਰੋ[77] ਪ੍ਰਭੂ[78] ਕੇ ਗੁਣ[79] ਗਾਉ[80] ॥ ੧ ॥

Sing[80] thou the praises[79] of thy Transcendent Master[76], the Lord[77] God[78].

ਤੂੰ ਆਪਣੇ ਪਰਮ ਪ੍ਰਭੂ[76], ਸੁਆਮੀ[77] ਵਾਹਿਗੁਰੂ[78] ਦੀਆਂ ਸਿਫ਼ਤਾਂ[79] ਗਾਇਨ[80] ਕਰ ।

ਰੇ[81] ਚਿਤ[82] ਚਰਣ[83]ਕਮਲ[84] ਅਰਾਧਿ[85] ॥

O[81] my soul[82], ponder over[85] the Lord's lotus[84] feet[83].

ਹੇ[81] ਮੇਰੀ ਜਿੰਦੇ[82] ! ਤੂੰ ਸੁਆਮੀ ਦੇ ਕੰਵਲ[84] ਪੈਰਾਂ[83] ਦਾ ਸਿਮਰਨ ਕਰ[85] !

ਸਰਬ[91] ਸੂਖ[86] ਕਲਿਆਣ[87] ਪਾਵਹਿ ਮਿਟੈ[88] ਸਗਲ[89] ਉਪਾਧਿ[90] ॥੧॥ਰਹਾਉ॥

Thou shalt obtain all[91] peace[86] and salvation[87] and all[89] thine woes[90] shall depart[88]. Pause.

ਤੂੰ ਸਭ[91] ਆਰਾਮ[86] ਅਤੇ ਮੁਕਤੀ[87] ਪਾ ਲਵੇਂਗੀ ਅਤੇ ਤੇਰੇ ਸਾਰੇ[89] ਦੁੱਖੜੇ[90] ਦੂਰ ਹੋ ਜਾਣਗੇ[88] । ਠਹਿਰਾਉ ।

ਮਾਤ[92] ਪਿਤਾ[93] ਸੁਤ[94]ਮੀਤ[95] ਭਾਈ[96] ਤਿਸੁ[97] ਬਿਨਾ[98] ਨਹੀ ਕੋਇ ॥

Mother[92], father[93], sons[94], friends[95] and brothers[96], without[98] Him[97], none of them is thine.

ਮਾਂ[92], ਪਿਓ[93], ਪੁੱਤ[94], ਮਿੱਤਰ[95] ਅਤੇ ਭਰਾ[96] ਉਸ ਦੇ[97] ਬਾਝੋਂ[98] ਤੇਰਾ ਕੋਈ ਨਹੀਂ ।

ਈਤ[99] ਊਤ[100] ਜੀਅ[2] ਨਾਲਿ[3] ਸੰਗੀ[4] ਸਰਬ[5] ਰਵਿਆ[6] ਸੋਇ[7] ॥੨॥

Here[99] and hereafter[100], He is with[3] the soul[2], as its companion[4] and He[7], the Lord, is pervading[6] everywhere[5].

ਐਥੇ[99] ਅਤੇ ਉਥੇ[100] ਉਹ[7] ਸੁਆਮੀ ਆਤਮਾ[2]ਦੇ ਸਹਿਤ[3] ਸਾਥੀ[4] ਵਜੋਂ ਰਹਿੰਦਾ ਹੈ ਅਤੇ ਸਾਰੇ[5] ਵਿਆਪਕ[6] ਹੋ ਰਿਹਾ ਹੈ ।

ਕੋਟਿ[8] ਜਤਨ[9] ਉਪਾਵ[10] ਮਿਥਿਆ[12] ਕਛੁ ਨ ਆਵੈ ਕਾਮਿ[13] ॥

Millions[8] of devices[9], designs and efforts[10] are of no avail[12] and serve no purpose[13].

ਕਰੋੜਾਂ[8] ਹੀ ਤ੍ਰੀਕੇ[9] ਤੇ ਉਪਰਾਲੇ[10] ਨਿਸਫਲ[12] ਹਨ ਅਤੇ ਕਿਸੇ ਭੀ ਕੰਮ[13] ਨਹੀਂ ਆਉਂਦੇ ।

ਸਰਣਿ[14] ਸਾਧੂ ਨਿਰਮਲਾ[15] ਗਤਿ[16] ਹੋਇ ਪ੍ਰਭ ਕੈ ਨਾਮਿ ॥੩॥

In the sanctuary[14] of the saints, man becomes pure[15] and obtains salvation[16] by the Lord's Name.

ਸੰਤਾਂ ਦੀ ਸ਼ਰਣਾਗਤ[14] ਅੰਦਰ, ਬੰਦਾ ਪਵਿੱਤ੍ਰ[15] ਹੋ ਜਾਂਦਾ ਹੈ ਅਤੇ ਸੁਆਮੀ ਦੇ ਨਾਮ ਦੁਆਰਾ ਉਹ ਮੋਖਸ਼[16] ਪਾ ਲੈਂਦਾ ਹੈ ।

ਅਗਮ[17] ਦਇਆਲ[18] ਪ੍ਰਭੂ ਊਚਾ[19] ਸਰਣਿ[20] ਸਾਧੂ ਜੋਗੁ[21] ॥

The Inaccessible[17], compassionate[18] and lofty[19] Lord is potent[21] to afford shelter[20] to the saints.

ਪਹੁੰਚ ਤੋਂ ਪਰੇ[17], ਕ੍ਰਿਪਾਲੂ[18] ਅਤੇ ਬੁਲੰਦ[19] ਸੁਆਮੀ, ਸੰਤਾਂ ਨੂੰ ਪਨਾਹ[20] ਦੇਣ ਨੂੰ ਸਮਰਥ[21] ਹੈ ।

ਤਿਸੁ[22] ਪਰਾਪਤਿ[23] ਨਾਨਕਾ ਜਿਸੁ ਲਿਖਿਆ[24] ਧੁਰਿ[25] ਸੰਜੋਗੁ[26] ॥੪॥੧॥੨੭॥

ਗੁਰੂ-ਅਨੁਸਾਰੀ[60] ਪ੍ਰਾਣੀ ਪਵਿੱਤ੍ਰ[61] ਹੈ। ਉਹ ਪਾਕ-ਦਾਮਨੀ[56] ਸੰਤੁਸ਼ਟਤਾ[57] ਅਤੇ ਸਚਾਈ[59] ਸਮੂਹ[58] ਦਾ ਸਰੂਪ ਹੈ।

ਅੰਦਰਹੁ[62] ਕਪਟੁ[63] ਵਿਕਾਰੁ[64] ਗਇਆ[65] ਮਨੁ ਸਹਜੇ[66] ਜਿਤਾ[67] ॥
ਤਹ[68] ਜੋਤਿ[69] ਪ੍ਰਗਾਸੁ[70] ਅਨੰਦ[71] ਰਸੁ[72] ਅਗਿਆਨੁ[73] ਗਵਿਤਾ[74] ॥
ਅਨਦਿਨੁ[75] ਹਰਿ ਕੇ ਗੁਣ[76] ਰਵੈ[77] ਗੁਣ[78] ਪਰਗਟੁ[79] ਕਿਤਾ ॥
ਸਭਨਾ[80] ਦਾਤਾ[81] ਏਕੁ ਹੈ ਇਕੋ[82] ਹਰਿ ਮਿਤਾ[83] ॥੯॥

Deception[63] and wickedness[64] depart[65] from within[62] him and he easily[66] conquers[67] his mind.
Divine Light[69] and ambrosial[72] glee[71] are manifested[70] there[68] in his mind, and he loses[74] his ignorance[73].
Night and day[75], he sings[77] God's praise[76] and announces[79] His excellences[78].
The one Lord is the Donator[81] of all[80]. God alone[82] is the mortal's Friend[83].

ਉਸ ਦੇ ਅੰਦਰੋਂ[62] ਛਲ-ਫਰੇਬ[63] ਅਤੇ ਬਦੀ[64] ਦੂਰ[65] ਹੋ ਜਾਂਦੇ ਹਨ ਅਤੇ ਸੁਖੈਨ ਹੀ[66] ਉਹ ਆਪਣੇ ਮਨ ਉੱਤੇ ਫ਼ਤਿਹ ਪਾ ਲੈਂਦਾ[67] ਹੈ।
ਉੱਥੇ[68] ਉਸ ਦੇ ਰਿਦੇ ਅੰਦਰ ਰੱਬੀ ਨੂਰ[69] ਅਤੇ ਅੰਮ੍ਰਿਤਮਈ[72] ਖ਼ੁਸ਼ੀ[71] ਪ੍ਰਕਾਸ਼ ਹੋ ਜਾਂਦੇ[70] ਹਨ ਅਤੇ ਉਸ ਦੀ ਬੇਸਮਝੀ[73] ਜਾਂਦੀ ਰਹਿੰਦੀ[74] ਹੈ।
ਰੈਣ ਦਿਹੂੰ[75] ਉਹ ਵਾਹਿਗੁਰੂ ਦੀ ਕੀਰਤੀ[76] ਗਾਇਨ[77] ਕਰਦਾ ਹੈ ਅਤੇ ਉਸ ਦੀਆਂ ਬਜ਼ੁਰਗੀਆਂ[78] ਨੂੰ ਉਜਾਗਰ ਕਰਦਾ[79] ਹੈ।
ਇੱਕ ਸੁਆਮੀ ਹੀ ਸਾਰਿਆਂ[80] ਦਾ ਦਾਤਾਰ[81] ਹੈ। ਕੇਵਲ[82] ਵਾਹਿਗੁਰੂ ਹੀ ਪ੍ਰਾਣੀ ਦਾ ਮਿੱਤ੍ਰ[83] ਹੈ।

ਸਲੋਕੁ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਸ਼ਾਹੀ।

ਬ੍ਰਹਮੁ[84] ਬਿੰਦੇ[85] ਸੋ[86]ਬ੍ਰਾਹਮਣੁ ਕਹੀਐ[87] ਜਿ[88] ਅਨਦਿਨੁ[89] ਹਰਿ ਲਿਵ[90] ਲਾਏ[91] ॥

He[86], who[88] understands[85] the Lord[84], and night[89] and day fixes[91] his attention[90] on Him, is called[87] a Brahman.

ਜੋ[88] ਸੁਆਮੀ[84] ਨੂੰ ਸਮਝਦਾ[85] ਹੈ ਅਤੇ ਰੈਣ ਦਿਹੂੰ[89] ਹਰੀ ਨਾਲ ਆਪਣੀ ਬਿਰਤੀ[90] ਜੋੜਦਾ[91] ਹੈ, ਉਹ[86] ਬ੍ਰਾਹਮਣ ਆਖਿਆ ਜਾਂਦਾ[87] ਹੈ।

ਸਤਿਗੁਰ ਪੁਛੈ[92]ਸਚੁ ਸੰਜਮੁ[93] ਕਮਾਵੈ[94] ਹਉਮੈ[95] ਰੋਗੁ[96] ਤਿਸੁ[97] ਜਾਏ[98] ॥

Consulting[92] the True Guru, he practises[94] truth and self-restraint[93] and he[97] is rid of[98] the disease[96] of pride[95].

ਸੱਚੇ ਗੁਰੂ ਦੀ ਸਲਾਹ[92] ਲੈ, ਉਹ ਸੱਚ ਤੇ ਸਵੈ-ਰੋਕਥਾਮ[93] ਕਮਾਉਂਦਾ[94] ਹੈ ਅਤੇ ਉਸ[97] ਦੀ ਹੰਕਾਰ[95] ਦੀ ਬੀਮਾਰੀ[96] ਦੂਰ ਹੋ ਜਾਂਦੀ[98] ਹੈ।

ਹਰਿ ਗੁਣ[99] ਗਾਵੈ[100] ਗੁਣ

God's praise[99] he sings[100], God's

ਰੱਬ ਦਾ ਜੱਸ[99] ਉਹ ਗਾਉਂਦਾ[100] ਹੈ, ਰੱਬ ਦਾ ਜੱਸ ਹੀ

ਸੰਗ੍ਰਹੈ[2] ਜੋਤੀ[3] ਜੋਤਿ[4] ਮਿਲਾਏ[5] ॥

praise he amasses[2] and his light[4] blends[5] with the Supreme Light[3].

ਉਹ ਇਕੱਤਰ[2] ਕਰਦਾ ਹੈ ਅਤੇ ਉਸ ਦਾ ਨੂਰ[4] ਪਰਮ ਨੂਰ[3] ਨਾਲ ਮਿਲ ਜਾਂਦਾ[5] ਹੈ ।

ਇਸੁ ਜੁਗ[6] ਮਹਿ[7] ਕੋ ਵਿਰਲਾ[8] ਬ੍ਰਹਮ ਗਿਆਨੀ[9] ਜਿ ਹਉਮੈ[10] ਮੇਟਿ[12] ਸਮਾਏ[13] ॥

In[7] this world[6], there is hardly any[8] knower of the Lord[9], who eradicating[12] his ego[10], becomes absorbed[13] in Him.

ਇਸ ਜਹਾਨ[6] ਵਿੱਚ[7] ਕੋਈ ਟਾਂਵਾ ਟੱਲਾ ਹੀ[8] ਪ੍ਰਭੂ ਨੂੰ ਜਾਨਣ ਵਾਲਾ[9] ਹੈ, ਜੋ ਆਪਣੀ ਸਵੈ-ਹੰਗਤਾ[10] ਨੂੰ ਮੇਸ[12] ਕੇ ਉਸ ਅੰਦਰ ਲੀਨ[13] ਹੁੰਦਾ ਹੈ ।

ਨਾਨਕ ਤਿਸ[14] ਨੋ ਮਿਲਿਆ[15] ਸਦਾ ਸੁਖੁ[16] ਪਾਈਐ ਜਿ ਅਨਦਿਨੁ[17] ਹਰਿ ਨਾਮੁ ਧਿਆਏ[18] ॥੧॥

Nanak, eternal peace[16] is attained by meeting[15] him[14], who night and day[17] reflects[18] over the Name of God.

ਨਾਨਕ, ਉਸ ਨੂੰ[14] ਭੇਟਣ[15] ਦੁਆਰਾ ਸਦੀਵੀ ਆਰਾਮ[16] ਪ੍ਰਾਪਤ ਹੁੰਦਾ ਹੈ, ਜੋ ਰਾਤ ਦਿਨ[17] ਵਾਹਿਗੁਰੂ ਦੇ ਨਾਮ ਦਾ ਆਰਾਧਨ[18] ਕਰਦਾ ਹੈ ।

ਮਹਲਾ ੩ ॥

3rd Guru.

ਤੀਜੀ ਪਾਤਸ਼ਾਹੀ ।

ਅੰਤਰਿ[19] ਕਪਟੁ[20] ਮਨਮੁਖ[21] ਅਗਿਆਨੀ[22] ਰਸਨਾ[23] ਝੂਠੁ[24] ਬੋਲਾਇ[25] ॥

Within the mind[19] of the ignorant[22] apostate[21], is deceit[20] and with his tongue[23] he utters[25] falsehood[24].

ਬੇਸਮਝ[22] ਅਧਰਮੀ[21] ਦੇ ਹਿਰਦੇ[19] ਅੰਦਰ ਛਲ-ਫ਼ਰੇਬ[20] ਹੈ । ਆਪਣੀ ਜੀਭ[23] ਨਾਲ ਉਹ ਕੂੜ[24] ਬਕਦਾ[25] ਹੈ ।

ਕਪਟਿ[30] ਕੀਤੈ[31] ਹਰਿ ਪੁਰਖੁ[26] ਨ ਭੀਜੈ[27] ਨਿਤ[28] ਵੇਖੈ ਸੁਣੈ ਸੁਭਾਇ[29] ॥

By practising[31] guile[30], the Omnipotent Lord[26] is pleased[27] not. He ever[28] sees and hears all with natural[29] ease and love.

ਛਲ[30] ਕਰਨ ਦੁਆਰਾ[31], ਸਰਬ ਸ਼ਕਤੀਵਾਨ ਸੁਆਮੀ[26] ਪ੍ਰਸੰਨ[27] ਨਹੀਂ ਹੁੰਦਾ । ਉਹ ਕੁਦਰਤੀ[29] ਸਹਿਜ ਤੇ ਪਿਆਰ ਨਾਲ ਸਾਰਿਆਂ ਨੂੰ ਸਦਾ[28] ਦੇਖਦਾ ਤੇ ਸੁਣਦਾ ਹੈ ।

ਦੂਜੈ[32] ਭਾਇ ਜਾਇ[33] ਜਗੁ[34] ਪਰਬੋਧੈ[35] ਬਿਖੁ[36] ਮਾਇਆ[37] ਮੋਹ[38] ਸੁਆਇ[39] ॥

Through duality[32] he goes[33] and instructs[35] the world[34]. He is engrossed in the love[38]-attachment and relish[39] of poisonous[36] wealth[37].

ਦਵੈਤ-ਭਾਵ[32] ਰਾਹੀਂ ਜਾ ਕੇ[33] ਉਹ ਲੋਕਾਂ[34] ਨੂੰ ਸਿਖਮਤ ਦਿੰਦਾ[35] ਹੈ । ਜ਼ਹਿਰੀਲੀ[36] ਧਨ-ਦੌਲਤ[37] ਦੇ ਮੋਹ[38] ਅਤੇ ਸੁਆਦ[39] ਅੰਦਰ ਉਹ ਖ਼ੱਚਤ ਹੋ ਰਿਹਾ ਹੈ ।

ਇਤੁ[40] ਕਮਾਣੈ[41] ਸਦਾ[42] ਦੁਖੁ[43] ਪਾਵੈ[44] ਜੰਮੈ[45] ਮਰੈ[46] ਫਿਰਿ[47] ਆਵੈ[48] ਜਾਇ[49] ॥

By so[40] doing[41], he ever[42] suffers[44] misery[43]. He is born[45] and dies[46] and comes[48] and goes[49] again[47] and again.

ਇਸ ਤਰ੍ਹਾਂ[40] ਕਰਨ[41]ਦੁਆਰਾ, ਉਹ ਹਮੇਸ਼ਾ[42] ਮੁਸੀਬਤ[43] ਭਾਗਦਾ[44] ਹੈ । ਉਹ ਜੰਮਦਾ[45] ਤੇ ਮਰਦਾ[46] ਅਤੇ ਮੁੜ[47] ਮੁੜ ਕੇ ਆਉਂਦਾ[48] ਤੇ ਜਾਂਦਾ[49] ਰਹਿੰਦਾ ਹੈ ।

ਸਹਸਾ[50] ਮੂਲਿ[51] ਨ ਚੁਕਈ[52] ਵਿਚਿ[53] ਵਿਸਟਾ[54] ਪਚੈ ਪਚਾਇ[55] ॥

His doubt[50] leaves[52] him not at all[51] and in[53] ordure[54], he rots and putrefies[55].

ਉਸ ਦਾ ਸੰਦੇਹ[50] ਮੂਲੋਂ ਹੀ[51] ਉਸ ਨੂੰ ਨਹੀਂ ਛੱਡਦਾ[52] । ਗੰਦਗੀ[54] ਅੰਦਰ[53] ਹੀ ਉਹ ਗਲ ਸੜ ਜਾਂਦਾ[55] ਹੈ ।

ਜਿਸ ਨੋ ਕ੍ਰਿਪਾ[56] ਕਰੇ[57] ਮੇਰਾ ਸੁਆਮੀ ਤਿਸੁ[58] ਗੁਰ ਕੀ ਸਿਖ[59] ਸੁਣਾਇ[60] ॥

He, to whom my Master shows[57] mercy[56], him[58] He causes to hear[60] Guru's instruction[59].

ਜਿਸ ਉਤੇ ਮੇਰਾ ਮਾਲਕ ਮਿਹਰ[56] ਧਾਰਦਾ[57] ਹੈ, ਉਸ ਨੂੰ[58] ਗੁਰਾਂ ਦਾ ਉਪਦੇਸ਼[59] ਸ੍ਰਵਣ[60]ਕਰਾਉਂਦਾ ਹੈ ।

ਹਰਿ ਨਾਮੁ ਧਿਆਵੈ[61] ਹਰਿ ਨਾਮੋ ਗਾਵੈ[62] ਹਰਿ ਨਾਮੋ ਅੰਤਿ[63] ਛਡਾਇ[64] ॥੨॥

God's Name, he remembers[61], God's Name he sings[62] and God's Name delivers[64] him, in the end[63].

ਰੱਬ ਦਾ ਨਾਮ ਉਹ ਸਿਮਰਦਾ ਹੈ[61], ਰੱਬ ਦਾ ਨਾਮ ਉਹ ਗਾਇਨ ਕਰਦਾ[62] ਹੈ ਤੇ ਰੱਬ ਦਾ ਨਾਮ ਹੀ ਅਖ਼ੀਰ[63] ਨੂੰ ਉਸ ਦੀ ਬੰਦ-ਖਲਾਸ ਕਰਾਉਂਦਾ[64] ਹੈ ।

ਪਉੜੀ ॥
ਜਿਨਾ ਹੁਕਮੁ[65]ਮਨਾਇਓਨੁ[66] ਤੇ[67] ਪੂਰੇ[68] ਸੰਸਾਰਿ[69] ॥

ਸਾਹਿਬੁ ਸੇਵਨ੍ਹਿ[70] ਆਪਣਾ ਪੂਰੈ[71] ਸਬਦਿ[72] ਵੀਚਾਰਿ[73]॥

ਹਰਿ ਕੀ ਸੇਵਾ[74] ਚਾਕਰੀ[75] ਸਚੈ ਸਬਦਿ[77] ਪਿਆਰਿ[76] ॥

ਹਰਿ ਕਾ ਮਹਲੁ[78] ਤਿਨ੍ਹੀ[79] ਪਾਇਆ ਜਿਨ੍ਹ ਹਉਮੈ[80] ਵਿਚਹੁ[81] ਮਾਰਿ[82] ॥
ਨਾਨਕ ਗੁਰਮੁਖਿ[83] ਮਿਲਿ[84] ਰਹੇ ਜਪਿ[85] ਹਰਿ ਨਾਮਾ [86]ਉਰ ਧਾਰਿ[87] ॥੧੦॥

ਸਲੋਕੁ ਮਹਲਾ ੩ ॥
ਗੁਰਮੁਖਿ[88] ਧਿਆਨ[89] ਸਹਜ ਧੁਨਿ[90] ਉਪਜੈ[91] ਸਚਿ ਨਾਮਿ ਚਿਤੁ[92] ਲਾਇਆ[93] ॥

ਗੁਰਮੁਖਿ ਅਨਦਿਨੁ[94] ਰਹੈ ਰੰਗਿ[95] ਰਾਤਾ[96] ਹਰਿ ਕਾ ਨਾਮੁ ਮਨਿ ਭਾਇਆ[97] ॥

ਗੁਰਮੁਖਿ[98] ਹਰਿ ਵੇਖਹਿ[99] ਗੁਰਮੁਖਿ ਹਰਿ ਬੋਲਹਿ[100] ਗੁਰਮੁਖਿ ਹਰਿ ਸਹਜਿ[2] ਰੰਗੁ[3] ਲਾਇਆ[4] ॥
ਨਾਨਕ ਗੁਰਮੁਖਿ[5] ਗਿਆਨੁ[6] ਪਰਾਪਤਿ ਹੋਵੈ ਤਿਮਰ[7] ਅਗਿਆਨੁ[8] ਅਧੇਰੁ[9] ਚੁਕਾਇਆ[10] ॥
ਜਿਸ ਨੋ ਕਰਮੁ[12] ਹੋਵੈ ਧੁਰਿ[13]

Pauri.

They[67], whom the Lord -causes to obey[66] His order[65], are the perfect[68] persons in this world[69].

They serve[70] their Lord and reflect[73] over the perfect[71] hymns[72] of the Guru.

They perform God's obedience[74] and service[75] and enshrine affection[76] for the True Name[77].

They[79] who eradicate[82] self-conceit[80] from within[81], attain to the Master's mansion[78].

By remembering[85] God's Name and enshrining[87] it in the mind[86], the Guru-wards[83] remain united[84] with Him.

Slok 3rd Guru.

The pious persons[88] reflect[89] on God and in them the celestial strain[90] resounds[91]. They fix[93] their attention[92] on the True Name.

The pious person, night and day[94] remains imbued[96] with Lord's love[95] and God's Name is pleasing[97] to his mind.

The Guru-wards[98] see[99] God, the Guru-wards speak[100] God, and the Guru-wards instinctively[2] profess[4] love[3] for the Lord.

Nanak, from the Supreme Guru[5], gnosis[6] is attained and the pitch[7] gloom[9] of ignorance[8] is dispelled[10].

On whom is Perfect[14] Lord's[13]

ਪਉੜੀ ।

ਜਿਨ੍ਹਾਂ ਪਾਸੋਂ ਸਾਹਿਬ ਆਪਣੀ ਆਗਿਆ[65] ਦਾ ਪਾਲਣ ਕਰਾਉਂਦਾ[66] ਹੈ, ਇਸ ਜਗਤ[69] ਵਿਚ ਉਹ[67] ਪੂਰਨ[68] ਪੁਰਸ਼ ਹਨ ।

ਉਹ ਆਪਣੇ ਸੁਆਮੀ ਦੀ ਟਹਿਲ ਕਮਾਉਂਦੇ[70] ਹਨ ਅਤੇ ਗਰਾਂ ਦੀ ਪੂਰਨ[71] ਬਾਣੀ[72] ਦਾ ਧਿਆਨ ਧਾਰਦੇ[73]ਹਨ ।

ਉਹ ਵਾਹਿਗੁਰੂ ਦੀ ਉਪਾਸ਼ਨਾ[74] ਤੇ ਘਾਲ[75] ਕਮਾਉਂਦੇ ਹਨ ਅਤੇ ਸੱਚੇ ਨਾਮ[77] ਨਾਲ ਪਿਰਹੜੀ[76]ਪਾਉਂਦੇ ਹਨ ।

ਜੋ ਸਵੈ-ਹੰਗਤਾ[80] ਨੂੰ ਅੰਦਰੋਂ[81] ਮਾਰ ਕੱਢਦੇ[82] ਹਨ, ਉਹ[79] ਮਾਲਕ ਦੇ ਮੰਦਰ[78] ਨੂੰ ਪਾ ਲੈਂਦੇ ਹਨ ।

ਵਾਹਿਗੁਰੂ ਦਾ ਨਾਮ ਸਿਮਰਨ[85] ਕਰਨ ਅਤੇ ਇਸ ਨੂੰ ਹਿਰਦੇ[86]ਅੰਦਰ ਟਿਕਾਉਣ ਦੁਆਰਾ[87], ਗੁਰੂ-ਸਮਰਪਨ[83] ਉਸ ਨਾਲ ਜੁੜੇ ਹੋਏ[84] ਰਹਿੰਦੇ ਹਨ ।

ਸਲੋਕ ਤੀਜੀ ਪਾਤਸ਼ਾਹੀ ।

ਪਵਿੱਤ੍ਰ ਪੁਰਸ਼[88] ਵਾਹਿਗੁਰੂ ਦਾ ਚਿੰਤਨ[89] ਕਰਦੇ ਹਨ ਅਤੇ ਉਨ੍ਹਾਂ ਦੇ ਅੰਦਰ ਬੈਕੁੰਠੀ ਕੀਰਤਨ[90] ਗੂੰਜਦਾ[91] ਹੈ। ਉਹ ਸੱਚੇ ਨਾਮ ਨਾਲ ਆਪਣੀ ਬਿਰਤੀ[92] ਜੋੜਦੇ[93] ਹਨ ।

ਪਵਿੱਤ੍ਰ ਪੁਰਸ਼ ਰਾਤ ਦਿਨ[94] ਪ੍ਰਭੂ ਦੀ ਪ੍ਰੀਤ[95] ਨਾਲ ਰੰਗਿਆ ਰਹਿੰਦਾ[96] ਹੈ ਅਤੇ ਵਾਹਿਗੁਰੂ ਦਾ ਨਾਮ ਉਸ ਦੇ ਚਿੱਤ ਨੂੰ ਚੰਗਾ ਲਗਦਾ[97] ਹੈ ।

ਗੁਰੂ-ਸਮਰਪਨ[98] ਵਾਹਿਗੁਰੂ ਨੂੰ ਦੇਖਦੇ[99] ਹਨ, ਗੁਰੂ-ਸਮਰਪਨ ਵਾਹਿਗੁਰੂ ਬਾਰੇ ਬਚਨ[100] ਕਰਦੇ ਹਨ ਅਤੇ ਗੁਰੂ-ਸਮਰਪਨ ਸੁਭਾਵਕ[2] ਹੀ ਪ੍ਰਭੂ ਨਾਲ ਪ੍ਰੇਮ[3] ਪਾਉਂਦੇ[4] ਹਨ ।

ਨਾਨਕ, ਮੁਖੀ ਗੁਰਾਂ[5] ਪਾਸੋਂ ਬ੍ਰਹਿਮਬੋਧ[6] ਪ੍ਰਾਪਤ ਹੁੰਦਾ ਹੈ ਅਤੇ ਬੇਸਮਝੀ[8] ਦਾ ਕਾਲਾ ਬੋਲਾ[7] ਅਨ੍ਹੇਰਾ[9] ਦੂਰ ਹੋ ਜਾਂਦਾ[10] ਹੈ ।

ਜਿਸ ਦੇ ਉੱਤੇ ਪੂਰਨ[14]ਪ੍ਰਭੂ[13]ਦੀ ਦਇਆਲਤਾ[12]ਹੈ;ਉਹ

ਪੂਰਾ[14] ਤਿਨਿ ਗੁਰਮੁਖਿ[15] ਹਰਿ ਨਾਮੁ ਧਿਆਇਆ[16] ॥ ੧॥

grace[12], he, through the Guru[15], meditates[16] on God's Name.

ਗੁਰਾਂ[15] ਦੇ ਰਾਹੀਂ ਵਾਹਿਗੁਰੂ ਦੇ ਨਾਮ ਦਾ ਆਰਾਧਨ[16] ਕਰਦਾ ਹੈ ।

ਮਹਲਾ ੩ ॥

3rd Guru.

ਤੀਜੀ ਪਾਤਸ਼ਾਹੀ ।

ਸਤਿਗੁਰ ਜਿਨਾ ਨ ਸੇਵਿਓ[17] ਸਬਦਿ[18] ਨ ਲਗੋ[19] ਪਿਆਰੁ[20] ॥ ਸਹਜੇ[21] ਨਾਮੁ ਨ ਧਿਆਇਆ[22] ਕਿਤੁ[23] ਆਇਆ ਸੰਸਾਰਿ[24] ॥

They, who serve[17] not the True Guru, embrace[19] not love[20] for the Lord[18] and meditate[22] not on the Name in equipoise[21], what for[23] have they come into the world[24] ?

ਜੋ ਸੱਚੇ ਗੁਰਾਂ ਦੀ ਘਾਲ[17] ਨਹੀਂ ਕਮਾਉਂਦੇ, ਪ੍ਰਭੂ[18] ਨਾਲ ਪ੍ਰੇਮ[20] ਨਹੀਂ ਪਾਉਂਦੇ[19] ਅਤੇ ਅਡੋਲਤਾ[21] ਅੰਦਰ ਨਾਮ ਦਾ ਆਰਾਧਨ[22] ਨਹੀਂ ਕਰਦੇ :—ਉਹ ਕਾਹਦੇ ਲਈ[23] ਜਗਤ[24] ਵਿਚ ਆਏ ਹਨ ?

ਫਿਰਿ ਫਿਰਿ[25] ਜੂਨੀ[26] ਪਾਈਐ[27] ਵਿਸਟਾ[28] ਸਦਾ[29] ਖੁਆਰੁ[30] ॥

Again and again[25] they are hurled[27] into existences[26] and ever[29] putrefy[30] in ordure[28].

ਮੁੜ ਮੁੜ ਕੇ[25] ਉਹ ਜੂਨੀਆਂ[26] ਅੰਦਰ ਪਾਏ ਜਾਂਦੇ[27] ਹਨ ਅਤੇ ਹਮੇਸ਼ਾਂ[29] ਹੀ ਗੰਦਗੀ[28] ਅੰਦਰ ਗਲਦੇ ਸੜਦੇ[30] ਹਨ ।

੫੧੩

ਕੂੜੈ[31] ਲਾਲਚਿ[35] ਲਗਿਆ[32] ਨਾ ਉਰਵਾਰੁ[33] ਨ ਪਾਰੁ[34]॥

They are attached[32] with false[31] avarice[35] and are neither on this shore[33] nor on the yonder one[34].

ਉਹ ਝੂਠੇ[31] ਲੋਭ[35] ਨਾਲ ਚਿਮੜੇ ਹੋਏ[32] ਹਨ ਅਤੇ ਨਾ ਉਹ ਇਸ ਕਿਨਾਰੇ[33] ਉੱਤੇ ਹਨ ਤੇ ਨਾ ਹੀ ਪਾਰਲੇ ਉੱਤੇ[34] ।

ਨਾਨਕ ਗੁਰਮੁਖਿ[36] ਉਬਰੇ[37] ਜਿ ਆਪਿ[38] ਮੇਲੇ[39] ਕਰਤਾਰਿ[40] ॥੨॥

Nanak, the true sikhs of e Guru[36] are saved[37] and them, the Creator[40] unites[39] with Himself[38].

ਨਾਨਕ, ਗੁਰੂ ਦੇ ਸੱਚੇ ਸਿੱਖ[36] ਤਰ ਜਾਂਦੇ[37] ਹਨ । ਉਨ੍ਹਾਂ ਨੂੰ ਸਿਰਜਣਹਾਰ[40] ਆਪਣੇ ਨਾਲ[38] ਮਿਲਾ ਲੈਂਦਾ[39] ਹੈ ।

ਪਉੜੀ ॥

Pauri.

ਪਉੜੀ ।

ਭਗਤ[41] ਸਚੈ ਦਰਿ[42] ਸੋਹਦੇ[43] ਸਚੈ ਸਬਦਿ[44] ਰਹਾਏ[45] ॥

The saints[41], who abide[45] in the True Name[44], look beauteous[43] in the True court[42].

ਸਾਧੂ[41], ਜੋ ਸੱਚੇ ਨਾਮ[44] ਅੰਦਰ ਵੱਸਦੇ[45] ਹਨ, ਸੱਚੇ ਦਰਬਾਰ[42] ਵਿੱਚ ਸੁੰਦਰ[43] ਲਗਦੇ ਹਨ ।

ਹਰਿ ਕੀ ਪ੍ਰੀਤਿ[46] ਤਿਨ[47] ਉਪਜੀ[48] ਹਰਿ ਪ੍ਰੇਮ[49] ਕਸਾਏ[50] ॥

God's love[46] breaks forth[48] within them[47] and with God's love[49] they are attracted[50].

ਵਾਹਿਗੁਰੂ ਦਾ ਪਿਆਰ[46] ਉਨ੍ਹਾਂ[47] ਅੰਦਰ ਪੈਦਾ[48] ਹੋ ਜਾਂਦਾ ਹੈ ਅਤੇ ਵਾਹਿਗੁਰੂ ਦੇ ਪਿਆਰ[49] ਨਾਲ ਹੀ ਉਹ ਖਿੱਚੇ ਜਾਂਦੇ[50] ਹਨ ।

ਹਰਿ ਰੰਗਿ[51] ਰਹਹਿ[52] ਸਦਾ[53] ਰੰਗਿ[54] ਰਾਤੇ[55] ਰਸਨਾ[56] ਹਰਿ ਰਸੁ[57] ਪਿਆਏ[58] ॥

They abide[52] in Divine bliss[51], are ever[53] imbued[55] with Lord's love[54] and their tongue[56] drinks[58] God's elixir[57].

ਉਹ ਰੱਬੀ ਖ਼ੁਸ਼ੀ[51] ਵਿਚ ਵੱਸਦੇ[52] ਹਨ, ਹਮੇਸ਼ਾਂ[53] ਪ੍ਰਭੂ ਦੀ ਪ੍ਰੀਤ[54] ਵਿੱਚ ਰੰਗੇ ਰਹਿੰਦੇ[55] ਹਨ ਅਤੇ ਉਨ੍ਹਾਂ ਦੀ ਜੀਭਾ[56] ਵਾਹਿਗੁਰੂ ਅੰਮ੍ਰਿਤ[57] ਨੂੰ ਪਾਨ ਕਰਦੀ[58] ਹੈ ।

ਸਫਲੁ[59] ਜਨਮੁ[60] ਜਿਨ੍ਹੀ ਗੁਰਮੁਖਿ[61] ਜਾਤਾ[62] ਹਰਿ ਜੀਉ[63] ਰਿਦੈ[64] ਵਸਾਏ[65] ॥

Fruitful[59] is the life[60] of those who, through the Guru[61], recognise[62] the Venerable Lord[63] and enshrine[65] Him in their mind[64].

ਫਲਦਾਇਕ[59] ਹੈ ਉਨ੍ਹਾਂ ਦਾ ਜੀਵਨ[60] ਜੋ ਗੁਰਾਂ ਦੇ ਰਾਹੀਂ[61] ਪੂਜਯ ਪ੍ਰਭੂ[63] ਨੂੰ ਪਛਾਣਦੇ[62] ਹਨ ਅਤੇ ਉਸ ਨੂੰ ਆਪਣੇ ਹਿਰਦੇ[64] ਅੰਦਰ ਟਿਕਾਉਂਦੇ[65] ਹਨ ।

ਬਾਝੁ[66] ਗੁਰੂ ਫਿਰੈ[67]

Without[66] the Guru, the world

ਗੁਰਾਂ ਦੇ ਬਿਨਾ[66] ਦੁਨੀਆ ਰੋਂਦੀ[66] ਫਿਰਦੀ[67] ਹੈ ਅਤੇ

ਬਿਲਲਾਦੀ[68] ਦੂਜੈ[69] ਭਾਇ[70] ਖੁਆਏ[71] ॥੧੧॥

wanders about[67] bewailing[68] and is ruined[71] in another's[69] love[70].

ਹੋਰਸ[69] ਦੇ ਪਿਆਰ[70] ਅੰਦਰ ਤਬਾਹ[71] ਹੋ ਗਈ ਹੈ ।

ਸਲੋਕੁ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਸ਼ਾਹੀ ।

ਕਲਿਜੁਗ[72] ਮਹਿ[73] ਨਾਮੁ ਨਿਧਾਨੁ[74] ਭਗਤੀ[75] ਖਟਿਆ[76] ਹਰਿ ਉਤਮ[77] ਪਦੁ[78] ਪਾਇਆ[79] ॥

In[73] the Dark age[72], the devotees[75] earn[76] the Name treasure[74] and obtain[79] the Master's supreme[77] dignity[78].

ਕਾਲੇ ਸਮੇਂ[72] ਅੰਦਰ[73] ਸ਼ਰਧਾਲੂ[75] ਨਾਮ ਦੇ ਖ਼ਜ਼ਾਨੇ[74] ਨੂੰ ਖੱਟਦੇ[76] ਹਨ ਅਤੇ ਮਾਲਕ ਦੇ ਮਹਾਨ[77] ਮਰਤਬੇ[78] ਨੂੰ ਪ੍ਰਾਪਤ ਹੁੰਦੇ[79] ਹਨ ।

ਸਤਿਗੁਰ ਸੇਵਿ[80] ਹਰਿਨਾਮੁ ਮਨਿ[81] ਵਸਾਇਆ[82] ਅਨਦਿਨੁ[83] ਨਾਮੁ ਧਿਆਇਆ[84] ॥

Serving[80] the True Guru, they place[82] God's Name in their mind[81], and night and day[83] ponder[84] on the Name.

ਸੱਚੇ ਗੁਰਾਂ ਦੀ ਘਾਲ ਕਮਾ[80]ਕੇ ਉਹ ਵਾਹਿਗੁਰੂ ਦੇ ਨਾਮ ਨੂੰ ਆਪਣੇ ਰਿਦੇ[81] ਵਿਚ ਟਿਕਾਉਂਦੇ[82] ਹਨ ਤੇ ਰਾਤ ਦਿਨ[83] ਨਾਮ ਦਾ ਸਿਮਰਨ ਕਰਦੇ[84] ਹਨ ।

ਵਿਚੇ ਗ੍ਰਿਹ[85] ਗੁਰ ਬਚਨਿ[86] ਉਦਾਸੀ[87] ਹਉਮੈ[88] ਮੋਹੁ[89] ਜਲਾਇਆ[90] ॥

In their own home[85], they remain detached[87] by Guru's instruction[86], and burn[90] their pride[88] and worldly love[89].

ਆਪਣੇ ਘਰ[85] ਅੰਦਰ ਹੀ ਉਹ ਗੁਰਾਂ ਦੇ ਉਪਦੇਸ਼[86] ਦੁਆਰਾ ਨਿਰਲੇਪ[87] ਰਹਿੰਦੇ ਹਨ ਅਤੇ ਆਪਣੇ ਹੰਕਾਰ[88] ਤੇ ਮਮਤਾ[89] ਨੂੰ ਸਾੜ[90] ਸੁੱਟਦੇ ਹਨ ।

ਆਪਿ[91] ਤਰਿਆ[92] ਕੁਲ ਜਗਤੁ[93] ਤਰਾਇਆ ਧੰਨੁ[94] ਜਣੇਦੀ[95] ਮਾਇਆ[96] ॥

They save[92] themselves[91] and save the whole world[93]. Blest[94] are the mothers[96] who bore[95] them.

ਉਹ ਖ਼ੁਦ[91] ਪਾਰ ਉੱਤਰ ਜਾਂਦੇ[92] ਹਨ ਤੇ ਸਾਰੇ ਸੰਸਾਰ[93] ਨੂੰ ਬਚਾ ਲੈਂਦੇ ਹਨ । ਮੁਬਾਰਕ[94] ਹਨ ਉਹ ਮਾਤਾਵਾਂ[96] ਜਿਨ੍ਹਾਂ ਨੇ ਉਨ੍ਹਾਂ ਨੂੰ ਜਨਮ ਦਿੱਤਾ[95] ਹੈ ।

ਐਸਾ[97] ਸਤਿਗੁਰੁ ਸੋਈ[98] ਪਾਏ ਜਿਸੁ ਧੁਰਿ[99] ਮਸਤਕਿ[100] ਹਰਿ ਲਿਖਿ ਪਾਇਆ ॥

He[98] alone, on whose forehead[100] God delineated such destiny in the beginning[99], attains to such[97] a True Guru.

ਕੇਵਲ ਓਹੀ[98] ਜਿਸ ਦੇ ਮੱਥੇ[100] ਉੱਤੇ ਵਾਹਿਗੁਰੂ ਨੇ ਮੁੱਢ ਤੋਂ[99] ਐਸੀ ਭਾਵੀ ਲਿਖ ਛੱਡੀ ਹੈ, ਐਹੋ ਜੇਹੇ[97] ਸੱਚੇ ਗੁਰਾਂ ਨੂੰ ਪ੍ਰਾਪਤ ਹੁੰਦਾ ਹੈ ।

ਜਨ[2] ਨਾਨਕ ਬਲਿਹਾਰੀ[3] ਗੁਰ ਆਪਣੇ ਵਿਟਹੁ[4] ਜਿਨਿ ਭ੍ਰਮਿ[5] ਭੁਲਾ[6] ਮਾਰਗਿ[7] ਪਾਇਆ ॥੧॥

Slave[2] Nanak is a sacrifice[3] unto[4] his Guru, who put him on the right road[7], when he was straying[6] in doubt[5].

ਗੋਲਾ[2] ਨਾਨਕ ਆਪਣੇ ਗੁਰਾਂ ਉੱਤੋਂ[4] ਕੁਰਬਾਨ[3] ਹੈ, ਜਿਨ੍ਹਾਂ ਨੇ ਉਸ ਨੂੰ ਸਿੱਧੇ ਰਸਤੇ[7] ਪਾ ਦਿੱਤਾ ਹੈ, ਜਦ ਉਹ ਵਹਿਮ[5] ਅੰਦਰ ਕੁਰਾਹੇ[6] ਪਿਆ ਫਿਰਦਾ ਸੀ ।

ਮਹਲਾ ੩ ॥

3rd Guru.

ਤੀਜੀ ਪਾਤਸ਼ਾਹੀ ।

ਤ੍ਰੈ[8] ਗੁਣ[9] ਮਾਇਆ[10] ਵੇਖਿ ਭੁਲੇ[12] ਜਿਉ ਦੇਖਿ ਦੀਪਕਿ[13] ਪਤੰਗ[14] ਪਚਾਇਆ[15] ॥

Beholding the mammon[10] of three[8] qualities[9], the man goes astray[12], as the moth[14], seeing the lamp[13] and gets consumed[15].

ਤਿੰਨਾਂ[8] ਲੱਛਣਾਂ[9] ਵਾਲੀ ਮੋਹਨੀ[10] ਮਾਇਆ ਨੂੰ ਦੇਖ ਕੇ ਬੰਦਾ ਕੁਰਾਹੇ[12] ਪੈ ਜਾਂਦਾ ਹੈ, ਜਿਸ ਤਰ੍ਹਾਂ ਦੀਵੇ[13] ਨੂੰ ਤੱਕ ਕੇ ਭੰਬਟ[14] ਨਾਸ[15] ਹੋ ਜਾਂਦਾ ਹੈ ।

ਪੰਡਿਤ ਭੁਲਿ ਭੁਲਿ[16] ਮਾਇਆ[17] ਵੇਖਹਿ[18] ਦਿਖਾ[19] ਕਿਨੈ[21] ਕਿਹੁ ਆਣਿ ਚੜਾਇਆ[20] ॥

The erring and mistaken[16] Brahmans look[18] towards wealth[17], and watch[19], whether some one[21] has offered[20] them something.

ਘੁੱਸੇ ਤੇ ਭੁੱਲੇ[16] ਹੋਏ ਬ੍ਰਾਹਮਣ ਧਨ-ਦੌਲਤ[17] ਵਲ ਤੱਕਦੇ[18] ਹਨ ਅਤੇ ਤਾੜਦੇ[19] ਹਨ ਕਿ ਕਿਸੇ ਜਣੇ[21] ਨੇ ਉਨ੍ਹਾਂ ਅਗੇ ਕੀ ਕੁਛ ਭੇਟਾ ਰਖੀ[20] ਹੈ ।

ਦੂਜੈ[22] ਭਾਇ[23] ਪੜਹਿ ਨਿਤ[24] ਬਿਖਿਆ[25] ਨਾਵਹੁ ਦਯਿ[26] ਖੁਆਇਆ[27] ॥

Lost in another's[22] love[23], they ever[24] read regarding sin[25], and the Lord[26] has deprived[27] them of His Name.

ਹੋਰਸ ਦੀ[22] ਪ੍ਰੀਤ[23]ਅੰਦਰ ਗ਼ਰਕ ਹੋਏ ਉਹ ਹਮੇਸ਼ਾ[24] ਪਾਪ[25] ਬਾਰੇ ਪੜ੍ਹਦੇ ਹਨ ਤੇ ਸੁਆਮੀ[26] ਨੇ ਉਨ੍ਹਾਂ ਨੂੰ ਆਪਣੇ ਨਾਮ ਤੋਂ ਵਾਂਝਿਆ[27] ਰਖਿਆ ਹੋਇਆ ਹੈ ।

ਜੋਗੀ ਜੰਗਮ[28] ਸੰਨਿਆਸੀ[29] ਭੁਲੇ[30] ਓਨ੍ਹਾ ਅਹੰਕਾਰੁ[31] ਬਹੁ[32] ਗਰਬੁ[33]ਵਧਾਇਆ[34]॥

The Yogis, wandering hermits[28] and ascetics[29] have gone astray[30] and they have greatly[32] increased[34] their pride[31] and arrogance[33].

ਯੋਗੀ, ਰਮਤੇ ਰਿਸ਼ੀ[28] ਅਤੇ ਵਿਰੱਕਤ[29] ਕੁਰਾਹੇ[30] ਪਏ ਹੋਏ ਹਨ । ਉਨ੍ਹਾਂ ਨੇ ਆਪਣਾ ਹੰਕਾਰ[31] ਅਤੇ ਗ਼ਰੂਰ[33] ਬਹੁਤਾ[32] ਵਧਾਇਆ[34] ਹੋਇਆ ਹੈ ।

ਛਾਦਨੁ[35] ਭੋਜਨੁ[36]ਨ ਲੈਹੀ[37] ਸਤ[38] ਭਿਖਿਆ[39] ਮਨ ਹਠਿ[40]ਜਨਮੁ[41]ਗਵਾਇਆ[42]॥

They accept[37] not the true[38] alms[39] of clothes[35] and food[36] and through their mind's obstinacy[40] they ruin[42] their life[41].

ਕਪੜੇ[35] ਅਤੇ ਖਾਣੇ[36] ਦੀ ਸੱਚੀ[38] ਖ਼ੈਰ[39] ਨੂੰ ਉਹ ਪ੍ਰਵਾਨ[37] ਨਹੀਂ ਕਰਦੇ ਅਤੇ ਆਪਣੇ ਚਿੱਤ ਦੀ ਜ਼ਿੱਦ[40] ਰਾਹੀਂ ਉਹ ਆਪਣਾ ਜੀਵਨ[41] ਵੰਞਾ ਲੈਂਦੇ[42] ਹਨ ।

ਏਤੜਿਆ[43] ਵਿਚਹੁ[44] ਸੋ[45] ਜਨੁ[46] ਸਮਧਾ[47] ਜਿਨਿ ਗੁਰਮੁਖਿ[48] ਨਾਮੁ ਧਿਆਇਆ[49] ॥

From among[44] these[43], that[45] man[46] alone is great[47], who through the Guru[48], meditates[49] on the Name.

ਇਨ੍ਹਾਂ[43] ਦੇ ਵਿੱਚੋਂ[44] ਕੇਵਲ ਉਹੀ[45] ਪੁਰਸ਼[46] ਵੱਡਾ[47]ਹੈ, ਜੋ ਗੁਰਾਂ ਦੇ ਰਾਹੀਂ[48] ਨਾਮ ਦਾ ਸਿਮਰਨ[49] ਕਰਦਾ ਹੈ ।

ਜਨ[50] ਨਾਨਕ ਕਿਸ ਨੋ[51] ਆਖਿ[52] ਸੁਣਾਈਐ[53] ਜਾ[54] ਕਰਦੇ[55] ਸਭਿ ਕਰਾਇਆ ॥ ੨॥

To whom[51] should slave[50] Nanak tell[52] and complain[53], when[54] all act[55] as God causes them to act ?

ਗੋਲਾ[50] ਨਾਨਕ ਕੀਹਦੇ ਕੋਲ[51] ਕਹੇ[52] ਤੇ ਫ਼ਰਿਆਦ[53] ਕਰੇ, ਜਦ[54] ਸਾਰੇ ਹੀ ਵਾਹਿਗੁਰੂ ਦਾ ਕਰਾਇਆ ਹੋਇਆ ਕਰਦੇ[55] ਹਨ ?

ਪਉੜੀ ॥

Pauri.

ਪਉੜੀ ।

ਮਾਇਆ[56] ਮੋਹੁ[57] ਪਰੇਤੁ[58] ਹੈ ਕਾਮੁ[59]ਕ੍ਰੋਧੁ[60]ਅਹੰਕਾਰਾ[61]॥

Love[57] of wealth[56], lust[59], wrath[60] and self-conceit[61] are like goblins[58].

ਧਨ-ਦੌਲਤ[56] ਦੀ ਪ੍ਰੀਤ[57], ਵਿਸ਼ੇ ਭੋਗ[59], ਗੁੱਸਾ[60] ਅਤੇ ਸਵੈ-ਹੰਗਤਾ[61] ਭੂਤਨਿਆਂ[58] ਦੀ ਨਿਆਈ ਹਨ ।

ਏਹ ਜਮ[62] ਕੀ ਸਿਰਕਾਰ[63] ਹੈ ਏਨ੍ਹਾ[64] ਉਪਰਿ[65] ਜਮ[66] ਕਾ ਡੰਡੁ[67] ਕਰਾਰਾ[68] ॥

They are the subjects[63] of death[62] and on[65] the head of these[64] hangs the heavy[68] club[67] of Death's Myrmidon[66].

ਉਹ ਮੌਤ[62] ਦੀ ਰਿਆਇਆ[63] ਹਨ ਅਤੇ ਇਨ੍ਹਾਂ[64] ਦੇ ਸਿਰ ਉਤੇ[65] ਮੌਤ ਦੇ ਫ਼ਰੇਸ਼ਤੇ[66] ਦਾ ਭਾਰਾ[68] ਡੰਡਾ[67] ਲਟਕ ਰਿਹਾ ਹੈ ।

ਮਨਮੁਖ[69] ਜਮ[70] ਮਗਿ[71] ਪਾਈਅਨਿ[72] ਜਿਨ੍ ਦੂਜਾ ਭਾਉ[73] ਪਿਆਰਾ[74] ॥

The apostates[69], who love[74] duality[73], are goaded[72] into death's[70] path[71].

ਅਧਰਮੀ[69] ਜੋ ਦਵੈਤ-ਭਾਵ[73] ਨਾਲ ਪ੍ਰੇਮ[74] ਕਰਦੇ ਹਨ, ਮੌਤ ਦੇ[70] ਮਾਰਗ[71] ਵਿਚ ਧਕੇ[72] ਜਾਂਦੇ ਹਨ ।

ਜਮ ਪੁਰਿ[75] ਬਧੇ[76] ਮਾਰੀਅਨਿ[77] ਕੋ ਸੁਣੈ[79] ਨ ਪੂਕਾਰਾ[78] ॥

Bound[76] hands and feet, they are beaten[77] in the City of Death[75] and none listens[79] to their shrieks[78].

ਮੁਸ਼ਕਾਂ ਬੰਨ੍ਹ ਕੇ[76] ਉਹ ਮੌਤ ਦੇ ਸ਼ਹਿਰ[75] ਵਿਚ ਕੁੱਟੇ ਜਾਂਦੇ[77] ਹਨ ਅਤੇ ਕੋਈ ਭੀ ਉਨ੍ਹਾਂ ਦੇ ਚੀਕ ਚਿਹਾੜੇ[78] ਨੂੰ ਨਹੀਂ ਸੁਣਦਾ[79] ।

ਜਿਸ ਨੋ ਕ੍ਰਿਪਾ[80] ਕਰੇ ਤਿਸੁ[81]

On whom is the Lord's grace[80] him[81]

ਜਿਸ ਉੱਤੇ ਸਾਂਈਂ ਮਿਹਰ[80] ਧਾਰਦਾ ਹੈ, ਉਸ ਨੂੰ[81]

ਗੁਰੁ ਮਿਲੈ ਗੁਰਮੁਖਿ[82] ਨਿਸਤਾਰਾ[83] ॥੧੨॥

meets the Guru and through the[82] Guru, the mortal is emancipated[83].

ਵਾਹਿਗੁਰੂ ਜੀ ਮਿਲ ਪੈਂਦੇ ਹਨ। ਗੁਰਾਂ[82] ਦੇ ਰਾਹੀਂ, ਪ੍ਰਾਣੀ ਪਾਰ ਉੱਤਰ[83] ਜਾਂਦਾ ਹੈ।

ਸਲੋਕੁ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਸ਼ਾਹੀ।

ਹਉਮੈ[84] ਮਮਤਾ[85] ਮੋਹਣੀ[86] ਮਨਮੁਖਾ[87] ਨੋ ਗਈ ਖਾਇ[88]॥

Egotism[84] and egoism[85] stimulate the mammonish[86] instinct and it eats up[88] the apostates[87].

ਅਹੰਕਾਰ[84] ਅਤੇ ਅਪੱਣਤ[85] ਮਾਇਕੀ[86] ਰੁਚੀ ਨੂੰ ਉਭਾਰਦੀ ਹੈ ਅਤੇ ਇਹ ਅਧਰਮੀਆਂ[87] ਨੂੰ ਖਾ ਜਾਂਦੀ[88] ਹੈ।

ਜੋ ਮੋਹਿ[89] ਦੂਜੈ[90] ਚਿਤੁ[91] ਲਾਇਦੇ[92] ਤਿਨਾ[93] ਵਿਆਪਿ[94] ਰਹੀ ਲਪਟਾਇ[95] ॥

They who attach[92] their mind[91] to another's[90] love[89], this mammon sticks[94] and clings[95] to them[93].

ਜਿਹੜੇ ਆਪਣੇ ਮਨ[91] ਨੂੰ ਹੋਰਸ ਦੀ[90] ਪ੍ਰੀਤ[89] ਨਾਲ ਜੋੜਦੇ[92] ਹਨ; ਇਹ ਮਾਇਆ ਉਨ੍ਹਾਂ[93] ਨੂੰ ਤੰਗ[94] ਕਰਦੀ ਤੇ ਚਿੱਮੜ ਜਾਂਦੀ[95] ਹੈ।

ਗੁਰ ਕੈ ਸਬਦਿ[96] ਪਰਜਾਲੀਐ[97] ਤਾ[98] ਏਹ ਵਿਚਹੁ[99] ਜਾਇ[100] ॥

When it is burnt[97] by Guru's word[96], then[98] alone does it depart[100] from within[99].

ਜੇਕਰ ਇਹ ਗੁਰਾਂ ਦੀ ਬਾਣੀ[96] ਦੁਆਰਾ ਸਾੜ ਦਿੱਤੀ ਜਾਵੇ[97], ਕੇਵਲ ਤਦ[98] ਹੀ ਇਹ ਅੰਦਰੋਂ[99] ਬਾਹਰ ਹੁੰਦੀ[100] ਹੈ।

ਤਨੁ[2] ਮਨੁ[3] ਹੋਵੈ ਉਜਲਾ[4] ਨਾਮੁ ਵਸੈ[5] ਮਨਿ[6] ਆਇ[7] ॥

Then the body[2] and soul[3] become bright[4] and the Name comes[7] to abide[5] in the mind[6].

ਤਦ ਦੇਹ[2] ਤੇ ਆਤਮਾ[3] ਰੋਸ਼ਨ[4] ਹੋ ਜਾਂਦੇ ਹਨ ਅਤੇ ਨਾਮ ਆ ਕੇ[7] ਚਿੱਤ[6] ਵਿੱਚ ਟਿਕ ਜਾਂਦਾ[5] ਹੈ।

ਨਾਨਕ ਮਾਇਆ[8] ਕਾ ਮਾਰਣੁ[9] ਹਰਿ ਨਾਮੁ ਹੈ ਗੁਰਮੁਖਿ[10] ਪਾਇਆ[12] ਜਾਇ ॥੧॥

Nanak, the Name of God is an antidote[9] to mammon[8] and through the Guru[10], this Name is attained[12] to.

ਨਾਨਕ, ਵਾਹਿਗੁਰੂ ਦਾ ਨਾਮ ਮੋਹਨੀ[8] ਮਾਇਆ ਦਾ ਮਸਾਲਾ (ਦਾਰੂ[9]) ਹੈ। ਗੁਰਾਂ ਦੇ ਰਾਹੀਂ[10], ਇਹ ਨਾਮ ਪ੍ਰਾਪਤ ਹੁੰਦਾ[12] ਹੈ।

ਮਹਲਾ ੩ ॥

3rd Guru.

ਤੀਜੀ ਪਾਤਸ਼ਾਹੀ।

ਇਹੁ ਮਨੁ[13] ਕੇਤੜਿਆ[14] ਜੁਗ[15] ਭਰਮਿਆ[16] ਥਿਰੁ[17] ਰਹੈ ਨ ਆਵੈ ਜਾਇ[18] ॥

This soul[13] has wandered[16] through many[14] ages[15] and it has not become stable[17] and continues coming and going[18].

ਇਹ ਆਤਮਾ[13] ਘਣੇਰਿਆਂ[14] ਯੁੱਗਾਂ[15] ਅੰਦਰ ਭਟਕਦੀ[16] ਰਹੀ ਹੈ। ਇਹ ਅਸਥਿਰ[17] ਨਹੀਂ ਹੁੰਦੀ ਅਤੇ ਆਉਂਦੀ ਤੇ ਜਾਂਦੀ[18] ਰਹਿੰਦੀ ਹੈ।

੫੧੪

ਹਰਿ ਭਾਣਾ[19] ਤਾ[20] ਭਰਮਾਇਅਨੁ[21] ਕਰਿ ਪਰਪੰਚੁ[22] ਖੇਲੁ[23] ਉਪਾਇ[24]॥

When God wills[19] He causes the soul to wander[21] then[20], and He has set afoot[24] this world[22]-play[23].

ਜੇ ਤੇ ਜਦ ਵਾਹਿਗੁਰੂ ਨੂੰ ਭਾਉਂਦਾ[19] ਹੈ ਤਦ[20] ਉਹ ਆਤਮਾ ਨੂੰ ਭਟਕਾਉਂਦਾ[21] ਹੈ। ਉਸੇ ਨੇ ਹੀ ਇਹ ਜਗਤ[22] ਖੇਡ[23] ਰਚੀ[24] ਹੈ।

ਜਾ[25] ਹਰਿ ਬਖਸੇ[26] ਤਾ ਗੁਰੁ ਮਿਲੈ ਅਸਥਿਰੁ[27] ਰਹੈ ਸਮਾਇ[28] ॥

When[25] the Lord pardons[26] the man then is the Guru-met, and becoming stable[27], he remains absorbed[28] in the Lord.

ਜਦ[25] ਸੁਆਮੀ ਬੰਦੇ ਨੂੰ ਮਾਫ਼ੀ ਦੇ ਦਿੰਦਾ[26] ਹੈ, (ਬਖ਼ਸ਼ਦਾ ਹੈ), ਤਦ ਹੀ ਗੁਰੂ ਜੀ ਮਿਲਦੇ ਹਨ ਅਤੇ ਅਡੋਲ[27] ਹੋ ਕੇ, ਉਹ ਸੁਆਮੀ ਅੰਦਰ ਲੀਨ ਰਹਿੰਦਾ[28] ਹੈ।

ਨਾਨਕ ਮਨ[29] ਹੀ ਤੇ ਮਨੁ ਮਾਨਿਆ[30] ਨਾ ਕਿਛੁ ਮਰੈ ਨ ਜਾਇ[31] ॥੨॥

Nanak, through the mind[29], the mind is propitiated[30], and then nothing dies nor goes[31].

ਨਾਨਕ, ਚਿੱਤ[29] ਦੇ ਰਾਹੀਂ ਚਿੱਤ ਦੀ ਨਿਸ਼ਾ ਰੋ ਜਾਂਦੀ[30] ਹੈ, ਅੰਤ ਤਾਂ ਨਾ ਹੀ ਕੁੱਛ ਮਰਦਾ ਹੈ, ਨਾ ਹੀ ਜਾਂਦਾ[31] ਹੈ।

ਪਉੜੀ ॥
ਕਾਇਆ[32] ਕੋਟੁ[33] ਅਪਾਰੁ[34] ਹੈ ਮਿਲਣਾ[35] ਸੰਜੋਗੀ[36] ॥

ਕਾਇਆ ਅੰਦਰਿ ਆਪਿ ਵਸਿ ਰਹਿਆ[37] ਆਪੇ[38] ਰਸ[39] ਭੋਗੀ[40] ॥

ਆਪਿ ਅਤੀਤੁ[41] ਅਲਿਪਤੁ[42] ਰਹੈ ਨਿਰਜੋਗੁ[43] ਹਰਿ ਜੋਗੀ[44] ॥

ਜੋ[45] ਤਿਸੁ[46] ਭਾਵੈ[47] ਸੋ[48] ਕਰੇ ਹਰਿ ਕਰੇ[49] ਸੁ[50] ਹੋਗੀ[51] ॥

ਹਰਿ ਗੁਰਮੁਖਿ[52] ਨਾਮੁ ਧਿਆਈਐ[53] ਲਹਿ ਜਾਹਿ[54] ਵਿਜੋਗੀ[55] ॥੧੩॥

ਸਲੋਕੁ ਮਹਲਾ ੩ ॥
ਵਾਹੁ ਵਾਹੁ[56] ਆਪਿ ਅਖਾਇਦਾ ਗੁਰ ਸਬਦੀ[56*] ਸਚੁ[57] ਸੋਇ[58] ॥

ਵਾਹੁ ਵਾਹੁ[59] ਸਿਫਤਿ[60] ਸਲਾਹ[61] ਹੈ ਗੁਰਮੁਖਿ[62] ਬੂਝੈ[63] ਕੋਇ[64] ॥

ਵਾਹੁ ਵਾਹੁ[65] ਬਾਣੀ[66] ਸਚੁ ਹੈ ਸਚਿ[67] ਮਿਲਾਵਾ[68] ਹੋਇ ॥

ਨਾਨਕ ਵਾਹੁ ਵਾਹੁ[69] ਕਰਤਿਆ[70] ਪ੍ਰਭੁ ਪਾਇਆ ਕਰਮਿ[71] ਪਰਾਪਤਿ[72] ਹੋਇ ॥ ੧॥

ਮਹਲਾ ੩ ॥
ਵਾਹੁ[73] ਵਾਹੁ[74] ਕਰਤੀ[75] ਰਸਨਾ[76] ਸਬਇ[77] ਸੁਹਾਈ[78] ॥

ਪੂਰੈ[79] ਸਬਦਿ[80] ਪ੍ਰਭੁ

Pauri.
The human body[32] is the citadel[33] of the Infinite[34] Lord and is attained[35] through destiny[36].

The Lord Himself is abiding[37] within the body and He Himself[38] is the enjoyer[40] of relishes[39].

The Lord Himself remains segregated[41] and unaffected[42] but though separate[43] He is yet attached[44].

He does that[48], what[45] pleases[47] Him[46] and what-ever God does[49], that[50] comes to pass[51].

By reflecting[63] over the Name, through the Guru[62], separation[55] from the Lord ends[54].

Slok 3rd Guru
He[58], the True Lord[57], causes Himself to be applauded[56] through the Guru's instruction[56*].

God's Name[59] is His praise[60] and eulogy[61] ond some rare one[64] understands[63] this, through the Guru[62].

Blest[65] ! blest ! are the true hymns[66] of the Guru, by which man meets[68] his True Master[67].

Nanak, by uttering[70] God's Name[69], the Lord is attained and by Lord's grace[71] is obtained[72] His praise.

3rd Guru.
By uttering[76] Lord's[73] praise[74], through Guru's instruction[77], the tongue[76] is adorned[78].

Through the perfect[79] Gurbani[80], the

ਪਉੜੀ ।
ਮਨੁੱਖੀ ਦੇਹ[32] ਬੇਅੰਤ[34] ਸੁਆਮੀ ਦਾ ਕਿਲਾ[33] ਹੈ ਅਤੇ ਪ੍ਰਾਲਬਧ[36] ਰਾਹੀਂ ਪਾਇਆ ਜਾਂਦਾ[35] ਹੈ ।

ਵਾਹਿਗੁਰੂ ਖੁਦ ਦੇਹ ਵਿਚ ਨਿਵਾਸ ਕਰ ਰਿਹਾ[37] ਹੈ ਅਤੇ ਉਹ ਖੁਦ[38] ਹੀ ਨਿਆਮਤਾਂ[39] ਮਾਨਣ ਵਾਲਾ[40] ਹੈ ।

ਸਾਹਿਬ ਖੁਦ ਅਲੱਗ[41] ਅਤੇ ਨਿਰਲੇਪ[42] ਰਹਿੰਦਾ ਹੈ । ਅਟੰਕ[43] ਹੋਣ ਦੇ ਬਾਵਜੂਦ ਉਹ ਜੁੜਿਆ[44] ਹੋਇਆ ਹੈ।

ਜਿਹੜਾ[45] ਉਸ ਨੂੰ[46] ਚੰਗਾ ਲਗਦਾ[47] ਹੈ, ਉਹੀ ਕੁੱਝ[48] ਉਹ ਕਰਦਾ ਹੈ । ਜੋ ਕੁੱਝ ਵਾਹਿਗੁਰੂ ਕਰਦਾ[49] ਹੈ, ਉਹ ਹੀ[50] ਹੁੰਦਾ ਹੈ[51] ।

ਗੁਰਾਂ ਦੇ ਰਾਹੀਂ[52], ਨਾਮ ਦਾ ਆਰਾਧਨ[53] ਕਰਨ ਦੁਆਰਾ, ਸਾਹਿਬ ਨਾਲੋਂ ਵਿਛੋੜਾ[55] ਮਿੱਟ ਜਾਂਦਾ[54] ਹੈ ।

ਸਲੋਕ ਤੀਜੀ ਪਾਤਸ਼ਾਹੀ ।
ਉਹ[58] ਸੱਚਾ ਸੁਆਮੀ[57] ਗੁਰਾਂ ਦੇ ਉਪਦੇਸ਼[56*] ਦੁਆਰਾ ਆਪਣੀ ਸਿਫਤ ਸ਼ਲਾਘਾ[56] ਕਰਵਾਉਂਦਾ ਹੈ ।

ਵਾਹਿਗੁਰੂ ਦਾ ਨਾਮ[59] ਉਸ ਦੀ ਉਸਤਤੀ[60] ਤੇ ਮਹਿਮਾ[61] ਹੈ । ਕੋਈ ਵਿਰਲਾ ਜਣਾ[64] ਹੀ, ਗੁਰਾਂ ਦੇ ਰਾਹੀਂ[62] ਇਸ ਨੂੰ ਸਮਝਦਾ[63] ਹੈ ।

ਮੁਬਾਰਕ[65] ! ਮੁਬਾਰਕ ! ਹੈ ਗੁਰਾਂ ਦੀ ਸੱਚੀ ਬਾਣੀ[66] ਜਿਸ ਦੁਆਰਾ ਇਨਸਾਨ ਸੱਚੇ ਮਾਲਕ[67] ਨੂੰ ਮਿਲ ਪੈਂਦਾ[68] ਹੈ ।

ਨਾਨਕ, ਰੱਬ ਦੇ ਨਾਮ[69] ਦਾ ਉਚਾਰਨ[70] ਕਰਨ ਦੁਆਰਾ ਸੁਆਮੀ ਪ੍ਰਾਪਤ ਹੁੰਦਾ ਹੈ । ਮਾਲਕ ਦੀ ਮਿਹਰ[71] ਦੁਆਰਾ ਉਸ ਦੀ ਕੀਰਤੀ ਪਾਈ ਜਾਂਦੀ[72] ਹੈ ।

ਤੀਜੀ ਪਾਤਸ਼ਾਹੀ ।
ਗੁਰਾਂ ਦੇ ਉਪਦੇਸ਼[77] ਰਾਹੀਂ ਸੁਆਮੀ ਦਾ[73] ਜਸ[74] ਕਰਦੀ ਹੋਈ[75] ਜੀਭਾ[76] ਸ਼ਸ਼ੋਭਤ[78] ਹੋ ਜਾਂਦੀ ਹੈ ।

ਪੂਰਨ[79] ਗੁਰਬਾਣੀ[80] ਰਾਹੀਂ, ਸੁਆਮੀ ਆ ਕੇ[82] ਬੰਦੇ ਨੂੰ

ਮਿਲਿਆ[81] ਆਈ[82] ॥
ਵਡਭਾਗੀਆ[83] ਵਾਹੁ ਵਾਹੁ[84]
ਮੁਹਹੁ[85] ਕਢਾਈ[86] ॥

Lord comes[82] and meets[81] the man.
Very fortunate[83] are they, who with their mouth[85] utter[86] the Lord's praise[84].

ਮਿਲ ਪੈ'ਦਾ[81] ਹੈ ।
ਭਾਰੇ ਨਸੀਬਾਂ ਵਾਲੇ[83] ਹਨ ਉਹ, ਜੋ ਆਪਣੇ ਮੂੰਹ[85] ਨਾਲ ਸੁਆਮੀ ਦਾ ਜੱਸ[84] ਉਚਾਰਨ[86] ਕਰਦੇ ਹਨ ।

ਵਾਹੁ ਵਾਹੁ[87] ਕਰਹਿ[88]
ਸੇਈ[89] ਜਨ[90] ਸੋਹਣੇ[91]
ਤਿਨ ਕਉ ਪਰਜਾ[92]ਪੂਜਣ[93]
ਆਈ[94] ॥

Beauteous[91] are[89] the persons[90] who remember[88] the Lord Master[87] and people[92] come[94] to adore[93] them.

ਸੁੰਦਰ[91] ਹਨ ਉਹ[89] ਪੁਰਸ਼[90] ਜੋ ਸੁਆਮੀ ਮਾਲਕ[87] ਨੂੰ ਸਿਮਰਦੇ[88] ਹਨ, ਲੋਕੀਂ[92] ਉਨ੍ਹਾਂ ਦੀ ਪੂਜਾ[93] ਕਰਨ ਲਈ ਆਉ'ਦੇ[94] ਹਨ ।

ਵਾਹੁ ਵਾਹੁ[95] ਕਰਮਿ[96]
ਪਰਾਪਤਿ[97] ਹੋਵੈ ਨਾਨਕ
ਦਰਿ[98] ਸਚੈ[99] ਸੋਭਾ[100]
ਪਾਈ ॥੨॥

By good acts[96] Lord's praise[95] is obtained[97] and the man attains honour[100] at the True Lord's[99] gate[98].

ਚੰਗੇ ਅਮਲਾਂ ਦੁਆਰਾ[96] ਸਾਂਈਂ ਦੀ ਸਿਫ਼ਤ[95] ਸਲਾਹ ਪਾਈ ਜਾਂਦੀ[97] ਹੈ ਅਤੇ ਬੰਦਾ ਸੱਚੇ ਸਾਂਈਂ ਦੇ[99] ਬੂਹੇ[98] ਤੇ ਇੱਜ਼ਤ-ਆਬਰੂ[100] ਪਾਉ'ਂਦਾ ਹੈ ।

ਪਉੜੀ ॥

Pauri.

ਪਉੜੀ ।

ਬਜਰ[2] ਕਪਾਟ[3] ਕਾਇਆ[4]
ਗੜ[5] ਭੀਤਰਿ[6] ਕੂੜੁ[7]
ਕੁਸਤੁ[8] ਅਭਿਮਾਨੀ[9] ॥

Within[6] the body[4] castle[5], there are adamantine[2] doors[3] of falsehood[7], fraud[8] and pride[9].

ਦੇਹ[4] ਦੇ ਕੋਟ[5] ਅੰਦਰ[6] ਝੂਠ[7], ਫ਼ਰੇਬ[8] ਅਤੇ ਹੰਕਾਰ[9] ਦੇ ਮਹਾਨ ਸਖ਼ਤ[2] ਦਰਵਾਜ਼ੇ[3] ਹਨ ।

ਭਰਮਿ[10] ਭੂਲੇ[12] ਨਦਰਿ[13]
ਨ ਆਵਨੀ ਮਨਮੁਖ[14]
ਅੰਧ[15] ਅਗਿਆਨੀ[16] ॥

Deluded[12] by doubt[10], the blind[15] and ignorant[16] apostate[14] see[13] them not.

ਸੰਸੇ ਤੇ ਸੰਦੇਹ[10] ਦੇ ਗੁਮਰਾਹ[12] ਕੀਤੇ ਹੋਏ ਅੰਨ੍ਹੇ[15] ਅਤੇ ਬੇਸਮਝ[16] ਅਧਰਮੀ[14] ਉਨ੍ਹਾਂ ਨੂੰ ਵੇਖਦੇ[13] ਨਹੀਂ ।

ਉਪਾਇ[17] ਕਿਤੈ ਨ ਲਭਨੀ[18]
ਕਰਿ[19] ਭੇਖ[20] ਥਕੇ[21]
ਭੇਖਵਾਨੀ[22] ॥

By no effort[17] can they be found[18] and the guisers[22] have grnwn weary[21] of adopting[19] religious garbs[20].

ਉਹ ਕਿਸੇ ਭੀ ਉਪਰਾਲੇ[17] ਨਾਲ ਲਭੇ[18] ਨਹੀਂ ਜਾ ਸਕਦੇ । ਭੇਖਧਾਰੀ[22] ਮਜ਼ਹਬੀ ਭੇਸ[20] ਧਾਰ[19] ਕੇ ਹਾਰ ਹੁੱਟ ਗਏ[21] ਹਨ ।

ਗੁਰ ਸਬਦੀ[23]ਖੋਲਾਈਅਨਿ[24]
ਹਰਿ ਨਾਮੁ ਜਪਾਨੀ[25] ॥

By Guru's instruction[23] the doors are opened[24] and the mortal meditates[25] on God's Name.

ਗੁਰਾਂ ਦੇ ਉਪਦੇਸ਼[23] ਦੁਆਰਾ ਦਰਵਾਜ਼ੇ ਖੁੱਲ੍ਹ ਜਾਂਦੇ[24] ਹਨ ਅਤੇ ਪ੍ਰਾਣੀ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦਾ[25] ਹੈ ।

ਹਰਿ ਜੀਉ[26] ਅੰਮ੍ਰਿਤ[27]
ਬਿਰਖੁ[28] ਹੈ ਜਿਨ ਪੀਆ[29]
ਤੇ[30] ਤ੍ਰਿਪਤਾਨੀ[31] ॥੧੪॥

The Sire[26] Lord is the ambrosial[27] tree[28] and they[30], who quaff[29] this divine Nectar, remain propitiated[31].

ਪੂਜਯ[26] ਪ੍ਰਭੂ ਅੰਮ੍ਰਿਤ[27] ਬਿਰਛ[28] ਹੈ, ਜੋ ਇਸ ਰੱਬੀ ਸੁਧਾਰਸ ਨੂੰ ਪਾਨ[29] ਕਰਦੇ ਹਨ, ਉਹ[30] ਰੱਜੇ ਰਹਿੰਦੇ[31] ਹਨ ।

ਸਲੋਕੁ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਸ਼ਾਹੀ ।

ਵਾਹੁ[32] ਵਾਹੁ[33] ਕਰਤਿਆ[34]
ਰੈਣਿ[35] ਸੁਖਿ[36] ਵਿਹਾਇ[37] ॥
ਵਾਹੁ ਵਾਹੁ[38] ਕਰਤਿਆ[39]
ਸਦਾ[40] ਅਨੰਦੁ[41] ਹੋਵੈ ਮੇਰੀ
ਮਾਇ [42]॥

By uttering[34] Lord's[32] praise[33], the life-night[35] passes[37] in peace[36].
By repeating[39] God's Name[38], one is, ever[40], in bliss[41], O my mother[42].

ਸੁਆਮੀ ਦੀ[32] ਸਿਫ਼ਤ[33] ਦਾ ਉਚਾਰਨ[34] ਕਰਨ ਦੁਆਰਾ ਜੀਵਨ-ਰਾਤ੍ਰੀ[35] ਸੁੱਖ ਆਰਾਮ[36] ਅੰਦਰ ਬੀਤਦੀ[37] ਹੈ ।
ਵਾਹਿਗੁਰੂ ਦੇ ਨਾਮ[38] ਦਾ ਜਾਪ[39] ਕਰਨ ਦੁਆਰਾ, ਬੰਦਾ, ਹਮੇਸ਼ਾ[40], ਖ਼ੁਸ਼ੀ[41] ਅੰਦਰ ਵਿਚਰਦਾ ਹੈ, ਹੇ ਮੈਂਡੀ ਮਾਤਾ[42] ।

ਵਾਹੁ ਵਾਹੁ[43] ਕਰਤਿਆ[48] ਹਰਿ ਸਿਉ[44] ਲਿਵ[45] ਲਾਇ[46] ॥	By uttering[48] Lord's praise[43], one contracts[46] love[45] with[44] the Lord.	ਪ੍ਰਭੂ ਦਾ ਜੱਸ[43] ਉਚਾਰਨ[48] ਕਰਨ ਦੁਆਰਾ ਇਨਸਾਨ ਦਾ ਪ੍ਰਭੂ ਨਾਲ[44] ਪਿਆਰ[45] ਪੈ ਜਾਂਦਾ[46] ਹੈ।
ਵਾਹੁ ਵਾਹੁ[47] ਕਰਮੀ[49] ਬੋਲੈ[50] ਬੋਲਾਇ ॥	Through virtuous deeds[49], man utters[50] God, God[47] and causes others to utter.	ਨੇਕ ਅਮਲਾਂ[49] ਰਾਹੀਂ ਬੰਦਾ ਵਾਹਿਗੁਰੂ, ਵਾਹਿਗੁਰੂ[47] ਆਖਦਾ[50] ਹੈ ਤੇ ਹੋਰਨਾਂ ਪਾਸੋਂ ਅਖਵਾਉਂਦਾ ਹੈ।
ਵਾਹੁ ਵਾਹੁ ਕਰਤਿਆ ਸੋਭਾ[51] ਪਾਇ[52] ॥	By uttering God, God, man obtains[52] honour[51].	ਵਾਹਿਗੁਰੂ, ਵਾਹਿਗੁਰੂ ਦਾ ਉਚਾਰਨ ਕਰਨ ਦੁਆਰਾ ਇਨਸਾਨ ਇੱਜ਼ਤ[51] ਆਬਰੂ ਪਾਉਂਦਾ[52] ਹੈ।
ਨਾਨਕ ਵਾਹੁ ਵਾਹੁ ਸਤਿ[53] ਰਜਾਇ[54] ॥੧॥	Nanak, praising the Lord, the mortal acts according to the Lord's true[53] will[54].	ਨਾਨਕ, ਪ੍ਰਭੂ ਦੀ ਪ੍ਰਸੰਸਾ ਕਰਨ ਦੁਆਰਾ, ਆਦਮੀ ਪ੍ਰਭੂ ਦੀ ਸੱਚੀ[53] ਰਜ਼ਾ[54] ਅਨੁਸਾਰ ਕਰਮ ਕਮਾਉਂਦਾ ਹੈ।
ਮਹਲਾ ੩ ॥	3rd Guru.	ਤੀਜੀ ਪਾਤਸ਼ਾਹੀ।
ਵਾਹੁ ਵਾਹੁ ਬਾਣੀ[55] ਸਚੁ ਹੈ ਗੁਰਮੁਖਿ[56] ਲਧੀ[57] ਭਾਲਿ[58] ॥	God, God are the true words[55], which the Guru-wards[56] have found[57] throueh search[58].	ਵਾਹਿਗੁਰੂ, ਵਾਹਿਗੁਰੂ ਸੱਚੇ ਸ਼ਬਦ[55] ਹਨ, ਜਿਹੜੇ ਕਿ ਗੁਰੂ-ਸਮਰਪਨਾਂ[56] (ਗੁਰਮੁਖਾਂ; ਗੁਰੂ-ਅਨੁਸਾਰੀਆਂ) ਨੇ ਢੂੰਡ[58] ਕੇ ਲੱਭੇ[57] ਹਨ।
ਵਾਹੁ ਵਾਹੁ ਸਬਦੇ ਉਚਰੈ[59] ਵਾਹੁ ਵਾਹੁ[62] ਹਿਰਦੈ[60] ਨਾਲਿ[61] ॥	They repeat[59] the words God, God; and Lord God[62] they clasp to[61] their heart[60].	ਵਾਹਿਗੁਰੂ, ਵਾਹਿਗੁਰੂ ਲਫ਼ਜ਼ ਉਹ ਉਚਾਰਦੇ[59] ਹਨ ਅਤੇ ਸੁਆਮੀ ਵਾਹਿਗੁਰੂ[62] ਨੂੰ ਆਪਣੇ ਦਿਲ[60] ਸੰਗ ਲਾਉਂਦੇ[61] ਹਨ (ਸਿਮਰਦੇ ਹਨ)।
ਵਾਹੁ [63]ਵਾਹੁ ਕਰਤਿਆ[64] ਹਰਿ ਪਾਇਆ[67] ਸਹਜੇ[65] ਗੁਰਮੁਖਿ[66] ਭਾਲਿ[68] ॥	Singing[64] the Lord's praise[63], the pious persons[66], easily[65] obtain[67] God through their search[68].	ਸਾਹਿਬ ਦਾ ਜੱਸ[63] ਗਾਇਨ[64] ਕਰਕੇ ਪਵਿੱਤ੍ਰ ਪੁਰਸ਼[66], ਆਪਣੀ ਖੋਜ[68] ਰਾਹੀਂ ਸੁਖੈਨ[65] ਹੀ ਵਾਹਿਗੁਰੂ ਨੂੰ ਪਾ ਲੈਂਦੇ[67] ਹਨ।
ਸੇ[69] [70]ਵਡਭਾਗੀ[71] ਨਾਨਕਾ ਹਰਿ ਹਰਿ[72] ਰਿਦੈ[73] ਸਮਾਲਿ[74] ॥੨॥	Very[70] fortunate[71] are they[69], O Nanak, who in their mind[73] reflect[74] on the Lord God[72].	ਪਰਮ[70] ਚੰਗੇ ਕਰਮਾਂ ਵਾਲੇ[71] ਹਨ ਉਹ[69], ਹੇ ਨਾਨਕ! ਜੋ ਆਪਣੇ ਹਿਰਦੇ[73] ਅੰਦਰ ਸੁਆਮੀ ਵਾਹਿਗੁਰੂ[72] ਨੂੰ ਸਿਮਰਦੇ[74] ਹਨ।
ਪਉੜੀ ॥	Pauri.	ਪਉੜੀ।
ਏ ਮਨਾ[75] ਅਤਿ[77] ਲੋਭੀਆ[78] ਨਿਤ[79] ਲੋਭੇ ਰਾਤਾ[80] ॥	O my exceedingly[77] avaricious[78] soul[75], thou art ever[79] engrossed[80] in greed.	ਹੇ ਮੇਰੀ ਪਰਮ[77] ਲਾਲਚੀ[78] ਆਤਮਾ[75]! ਤੂੰ ਸਦੀਵ[79] ਹੀ ਲਾਲਚ ਅੰਦਰ ਗ਼ਲਤਾਨ[80] ਰਹਿੰਦੀ ਹੈਂ।
ਮਾਇਆ[81] ਮਨਸਾ[82]ਮੋਹਣੀ[83] [84]ਦਹ ਦਿਸ[85] ਫਿਰਾਤਾ[86] ॥	In the craving[82] of deluding[83] mammon[81], thou wanderest[86] in ten[84] directions[85].	ਠੱਗਣੀ[83] ਮਾਇਆ[81] ਦੀ ਤ੍ਰਿਸ਼ਨਾ[82] ਅੰਦਰ ਤੂੰ ਦਸੀਂ[84] ਪਾਸੀਂ[85] ਭਟਕਦਾ[86] ਫਿਰਦਾ ਹੈਂ।
ਅਗੈ[87] ਨਾਉ ਜਾਤਿ ਨ ਜਾਇਸੀ ਮਨਮੁਖਿ[88] ਦੁਖੁ[89] ਖਾਤਾ[90] ॥	The Name and caste shall go not hereafter[87] and the way-ward person[88] is consumed[90] by anguish[89].	ਏਦੂੰ ਮਗਰੋਂ[87] (ਪ੍ਰਲੋਕ ਵਿੱਚ) ਨਾਮ ਅਤੇ ਜਾਤੀ ਨਾਲ ਨਹੀਂ ਜਾਣੇ ਜਾਈਦਾ। ਆਪ-ਹੁੱਦਰੇ ਪੁਰਸ਼[88] ਨੂੰ ਦੁੱਖ[89] ਖਾ ਜਾਂਦਾ[90] ਹੈ।

ਰਸਨਾ[91] ਹਰਿ ਰਸੁ[92] ਨ ਚਖਿਓ[93] ਫੀਕਾ[94] ਬੋਲਾਤਾ[95] ॥
ਜਿਨਾ ਗੁਰਮੁਖਿ[96] ਅੰਮ੍ਰਿਤੁ[97] ਚਾਖਿਆ ਸੇ[98] ਜਨ[99] ਤ੍ਰਿਪਤਾਤਾ[100] ॥੧੫॥

Thy tongue[91] tastes[93] not God's elixir[92] and utters[95] harsh[94] words.
They, who through the Guru[96], quaff Nectar[97]; those[98] persons[99] remain satiated[100].

ਤੇਰੀ ਜੀਭ[91] ਵਾਹਿਗੁਰੂ ਦੇ ਅੰਮ੍ਰਿਤ[92] ਨੂੰ ਪਾਨ[93] ਨਹੀਂ ਕਰਦੀ ਅਤੇ ਕੌੜੇ[94] ਬਚਨ ਬੋਲਦੀ[95] ਹੈ।
ਜੋ ਗੁਰਾਂ ਦੇ ਰਾਹੀਂ[96], ਸੁਧਾਰਸ[97] ਨੂੰ ਛਕਦੇ ਹਨ; ਉਹ[98] ਪੁਰਸ਼[99] ਰੱਜੇ[100] ਰਹਿੰਦੇ ਹਨ।

ਸਲੋਕੁ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਸ਼ਾਹੀ।

ਵਾਹੁ[2] ਵਾਹੁ ਤਿਸ ਨੋ[3] ਆਖੀਐ[4] ਜਿ[5] ਸਚਾ ਗਹਿਰ[6] ਗੰਭੀਰੁ[7] ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣ[8] ਦਾਤਾ[9] ਮਤਿ[10] ਧੀਰੁ[12] ॥

Address[4] bravo[2] ! bravo ! unto Him[3], who[5] is true, profound[6] and unfathomable[7].
Address bravo ! bravo ! unto Him, who is the Giver[9] of virtue[8], intellect[10] and patience[12].

ਆਫ਼ਰੀਨ[2] ! ਆਫ਼ਰੀਨ ! ਉਸ ਨੂੰ[3] ਕਹੁ[4], ਜੋ[5] ਸੱਚਾ, ਡੂੰਘਾ[6] ਅਤੇ ਅਥਾਹ[7] ਹੈ।
ਸ਼ਾਬਾਸ਼ ! ਸ਼ਾਬਾਸ਼ ! ਉਸ ਨੂੰ ਕਹੁ, ਜੋ ਨੇਕੀ[8], ਅਕਲ[10] ਅਤੇ ਧੀਰਜ[12] ਦੇਣ ਵਾਲਾ[9] ਹੈ।

੫੧੫

ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ[13] ਮਹਿ[14] ਰਹਿਆ ਸਮਾਇ[15] ॥

Address bravo ! bravo ! to Him who is contained[15] amongst[14] all[13].

ਸ਼ਾਬਾਸ਼ ! ਸ਼ਾਬਾਸ਼ ! ਉਸ ਨੂੰ ਆਖ, ਜੋ ਸਾਰਿਆਂ[13] ਅੰਦਰ[14] ਰਮਿਆ[15] ਹੋਇਆ ਹੈ।

ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ[16] ਰਿਜਕੁ[17] ਸਬਾਹਿ[18] ॥

Address bravo ! bravo ! to Him who gives[16] sustenance[17] to all[18].

ਆਫ਼ਰੀਨ ! ਆਫ਼ਰੀਨ ! ਉਸ ਨੂੰ ਆਖ, ਜੋ ਸਾਰਿਆਂ ਨੂੰ[18] ਰੋਜ਼ੀ[17] ਦਿੰਦਾ[16] ਹੈ।

ਨਾਨਕ ਵਾਹੁ ਵਾਹੁ ਇਕੋ[19] ਕਰਿ ਸਾਲਾਹੀਐ[20] ਜਿ ਸਤਿਗੁਰ ਦੀਆ ਦਿਖਾਇ[21] ॥ ੧॥

Nanak, with the words bravo ! bravo ! praise[20] the one Lord[19], whom the True Guru has revealed[21] unto me.

ਨਾਨਕ, ਜੈ ! ਜੈ ! ਦੇ ਸ਼ਬਦ ਦੁਆਰਾ ਇਕ ਸੁਆਮੀ[19] ਦੀ ਕੀਰਤੀ[20] ਕਰ, ਜਿਸ ਨੂੰ ਸੱਚੇ ਗੁਰਾਂ ਨੇ ਮੈਨੂੰ ਵਿਖਾਲ ਦਿੱਤਾ[21] ਹੈ।

ਮਹਲਾ ੩ ॥

3rd Guru.

ਤੀਜੀ ਪਾਤਸ਼ਾਹੀ।

ਵਾਹੁ ਵਾਹੁ[28] ਗੁਰਮੁਖ[22] ਸਦਾ[27] ਕਰਹਿ ਮਨਮੁਖ[23] ਮਰਹਿ[24] ਬਿਖੁ[25] ਖਾਇ[26] ॥

The Guru-wards[22] ever[27] praise their Lord[28] and the self-wards[23] eat[26] poison[25] and die[24].

ਗੁਰੂ-ਪਿਆਰੇ[22] ਸਦੀਵ[27] ਹੀ ਆਪਣੇ ਪ੍ਰਭੂ[28] ਦੀ ਪ੍ਰਸੰਸਾ ਕਰਦੇ ਹਨ ਅਤੇ ਆਪ-ਹੁਦਰੇ[23] ਜ਼ਹਿਰ[25] ਖਾ[26] ਕੇ ਮਰ ਜਾਂਦੇ[24] ਹਨ।

ਓਨਾ ਵਾਹੁ ਵਾਹੁ[29] ਨ ਭਾਵਈ[30] ਦੂਖੇ ਦੂਖਿ[31] ਵਿਹਾਇ[32] ॥

They love[30] not the Lord's praise[29] and in extreme misery[31] they pass[32] their life.

ਉਹ ਸੁਆਮੀ ਦੀ ਸਿਫ਼ਤ-ਸਲਾਹ[29] ਨੂੰ ਪਿਆਰ[30] ਨਹੀਂ ਕਰਦੇ ਤੇ ਪਰਮ ਕਲੇਸ਼[31] ਅੰਦਰ ਆਪਣਾ ਜੀਵਨ ਬਤੀਤ ਕਰਦੇ[32] ਹਨ।

ਗੁਰਮੁਖਿ[33] ਅੰਮ੍ਰਿਤੁ[34] ਪੀਵਣਾ[35] ਵਾਹੁ ਵਾਹੁ[36] ਕਰਹਿ[37] ਲਿਵ[38] ਲਾਇ[39] ॥

The holy[33] quaff[35] Nectar[34] and meditate[37] on the Lord God[36], with fixed[39] attention[38].

ਗੁਰੂ-ਅਨੁਸਾਰੀ[33] ਅੰਮ੍ਰਿਤ[34] ਪਾਨ ਕਰਦੇ[35] ਹਨ ਅਤੇ ਆਪਣੀ ਬਿਰਤੀ[38] ਜੋੜ ਕੇ[39] ਸੁਆਮੀ ਵਾਹਿਗੁਰੂ[36] ਨੂੰ ਸਿਮਰਦੇ[37] ਹਨ।

ਨਾਨਕ ਵਾਹੁ ਵਾਹੁ[40] ਕਰਹਿ[41] ਸੇ[42] ਜਨ[43]

Nanak, the[42] persons[43] who repeat[41] God ! God[40] ! are pure[44] and they

ਨਾਨਕ ! ਉਹ[42] ਪੁਰਸ਼[43] ਜਿਹੜੇ ਵਾਹਿਗੁਰੂ ! ਵਾਹਿਗੁਰੂ[40] ! ਉਚਾਰਦੇ[41] ਹਨ, ਪਵਿੱਤ੍ਰ[44] ਹਨ ਅਤੇ ਉਨ੍ਹਾਂ

ਨਿਰਮਲੇ[44] [45]ਤ੍ਰਿਭਵਣ[46] ਸੋਝੀ[47] ਪਾਇ ॥੨॥

obtain knowledge[47] of the three[45] worlds[46].

ਨੂੰ ਤਿੰਨਾਂ[45] ਜਹਾਨਾਂ[46] ਦੀ ਗਿਆਤ[47] ਹੋ ਜਾਂਦੀ ਹੈ ।

ਪਉੜੀ ॥

Pauri.

ਪਉੜੀ ।

ਹਰਿ ਕੈ ਭਾਣੈ[48] ਗੁਰੁ ਮਿਲੈ ਸੇਵਾ[49] ਭਗਤਿ[50] ਬਨੀਜੈ[51]॥

By Lord's will[48], the Guru is met and service[49] and devotion[50] adorn[51] the mortal.

ਪ੍ਰਭੂ ਦੀ ਰਜ਼ਾ[48] ਦੁਆਰਾ ਗੁਰੂ ਜੀ ਮਿਲਦੇ ਹਨ ਅਤੇ ਖਿਦਮਤ-ਗੁਜ਼ਾਰੀ[49] (ਸੇਵਾ) ਤੇ ਸ਼ਰਧਾ ਪ੍ਰੇਮ[50] ਪ੍ਰਾਣੀ ਨੂੰ ਸੁਭਾਇਮਾਨ[51] ਕਰਦੇ ਹਨ ।

ਹਰਿ ਕੈ ਭਾਣੈ ਹਰਿ ਮਨਿ[52] ਵਸੈ[53] ਸਹਜੇ[54] ਰਸੁ[55] ਪੀਜੈ[56] ॥

By God's will, God abides[53] within the mind[52], and man easily[54] drinks[56] the Name-Nectar[55].

ਵਾਹਿਗੁਰੂ ਦੀ ਰਜ਼ਾ ਦੁਆਰਾ, ਵਾਹਿਗੁਰੂ ਹਿਰਦੇ[52] ਵਿੱਚ ਟਿਕਦਾ[53] ਹੈ ਅਤੇ ਇਨਸਾਨ ਸੁਖੈਨ[54] ਹੀ ਨਾਮ ਅੰਮ੍ਰਿਤ[55] ਨੂੰ ਪਾਨ ਕਰਦਾ[56] ਹੈ ।

ਹਰਿ ਕੈ ਭਾਣੈ ਸੁਖੁ[57] ਪਾਈਐ ਹਰਿ ਲਾਹਾ[58]ਨਿਤ[59]ਲੀਜੈ[60]॥

By living according to God's will, man attains peace[57] and ever[59] earns[60] the Lord's profit[58].

ਰੱਬ ਦੀ ਰਜ਼ਾ ਅਨੁਸਾਰ ਟੁਰਨ ਦੁਆਰਾ ਆਦਮੀ ਆਰਾਮ[57] ਪਾਉਂਦਾ ਹੈ ਅਤੇ ਨਿਤਾਪ੍ਰਤੀ[59] ਸੁਆਮੀ ਦੀ ਖੱਟੀ[58] ਖੱਟਦਾ[60] ਹੈ ।

ਹਰਿ ਕੈ ਤਖਤਿ[61]ਬਹਾਲੀਐ[62] ਨਿਜ[63] ਘਰਿ[64] ਸਦਾ[65] ਵਸੀਜੈ[66] ॥

He is seated[62] on God's throne[61] and, ever[65], abides[66] in his own[63] Home[64].

ਉਸ ਨੂੰ ਵਾਹਿਗੁਰੂ ਦੇ ਰਾਜ-ਸਿੰਘਾਸਣ[61] ਉੱਤੇ ਬਿਠਾਲਿਆ[62] ਜਾਂਦਾ ਹੈ ਅਤੇ ਉਹ ਹਮੇਸ਼ਾ[65] ਆਪਣੇ ਨਿੱਜ ਦੇ[63] ਗ੍ਰਿਹ[64] ਵਿਚ ਵਸਦਾ[66] ਹੈ ।

ਹਰਿ ਕਾ ਭਾਣਾ ਤਿਨੀ[67] ਮੰਨਿਆ[68] ਜਿਨਾ ਗੁਰੂ ਮਿਲੀਜੈ ॥੧੬॥

They alone[67] accept[68] the Lord's will, whom the Guru meets.

ਕੇਵਲ ਉਹੀ[67] ਸਾਹਿਬ ਦੀ ਰਜ਼ਾ ਨੂੰ ਕਬੂਲ[68] ਕਰਦੇ ਹਨ, ਜਿਨ੍ਹਾਂ ਨੂੰ ਗੁਰੂ ਜੀ ਮਿਲ ਪੈਂਦੇ ਹਨ ।

ਸਲੋਕੁ ਮਹਲਾ ੩ ॥

Slok 3rd Guru

ਸਲੋਕ ਤੀਜੀ ਪਾਤਸ਼ਾਹੀ ।

ਵਾਹੁ ਵਾਹੁ[69] ਸੇ[70] ਜਨ[71] ਸਦਾ[72] ਕਰਹਿ[73] ਜਿਨ੍ਹ ਕਉ ਆਪੇ[74] ਦੇਇ[75] ਬੁਝਾਇ[76]॥

The[70] mortals[71], whom the Lord Himself[74] grants[75] understanding[76], ever[72] repeat[73] Lord's Name[69].

ਉਹ[70] ਜੀਵ[71], ਜਿਨ੍ਹਾਂ ਨੂੰ ਸੁਆਮੀ ਖੁਦ[74] ਸਮਝ[76] ਪ੍ਰਦਾਨ ਕਰਦਾ[75] ਹੈ ਹਮੇਸ਼ਾ[72] ਸੁਆਮੀ ਦੇ ਨਾਮ[69] ਦਾ ਸਿਮਰਨ[73] ਕਰਦੇ ਹਨ ।

ਵਾਹੁ ਵਾਹੁ ਕਰਤਿਆ ਮਨੁ[77] ਨਿਰਮਲੁ[78] ਹੋਵੈ ਹਉਮੈ[79] ਵਿਚਹੁ[80] ਜਾਇ[81] ॥

By repeating Lord's Name the soul[77] is sanctified[78] and pride[79] departs[81] from within[80].

ਸੁਆਮੀ ਦੇ ਨਾਮ ਦਾ ਉਚਾਰਨ ਕਰਨ ਦੁਆਰਾ ਆਤਮਾ[77] ਪਵਿੱਤ੍ਰ[78] ਹੋ ਜਾਂਦੀ ਹੈ ਅਤੇ ਹੰਕਾਰ[79] ਅੰਦਰੋਂ[80] ਦੂਰ ਹੋ ਜਾਂਦਾ[81] ਹੈ ।

ਵਾਹੁ ਵਾਹੁ[85] ਗੁਰਸਿਖੁ ਜੋ ਨਿਤ[81*] ਕਰੇ ਸੋ ਮਨਿ[82] ਚਿੰਦਿਆ[83] ਫਲੁ[84] ਪਾਇ॥

The Guru's disciple who, ever[81*], utters God's Name[85], attains his heart[82] cherished[83] fruit[84]

ਗੁਰੂ ਦਾ ਸਿੱਖ, ਜੋ ਸਦਾ[81*] ਵਾਹਿਗੁਰੂ ਦੇ ਨਾਮ[85] ਦਾ ਉਚਾਰਨ ਕਰਦਾ ਹੈ, ਉਹ ਆਪਣੇ ਚਿੱਤ[82] ਚਾਹੁੰਦਾ[83] ਮੇਵਾ[84] ਪਾ ਲੈਂਦਾ ਹੈ ।

ਵਾਹੁ ਵਾਹੁ[86] ਕਰਹਿ ਸੇ[87] ਜਨ[88] ਸੋਹਣੇ[89] ਹਰਿ ਤਿਨ੍ਕੈ ਸੰਗਿ[90] ਮਿਲਾਇ ॥

Beauteous[89] are the[87] persons[88], who utter Lord's praise[86]. My God, do Thou unite me with[90] them.

ਸੁੰਦਰ[89] ਹਨ, ਉਹ[87] ਪੁਰਸ਼[88] ਜੋ ਪ੍ਰਭੂ ਦੀ ਪ੍ਰਭੁਤਾ[86] ਉਚਾਰਨ ਕਰਦੇ ਹਨ । ਮੇਰੇ ਵਾਹਿਗੁਰੂ, ਤੂੰ ਮੈਨੂੰ ਉਨ੍ਹਾਂ ਨਾਲ[90] ਮਿਲਾ ਦੇ ।

ਵਾਹੁ ਵਾਹੁ ਹਿਰਦੈ[91] ਉਚਰਾ[92] ਮੁਖਹੁ[93] ਭੀ ਵਾਹੁ ਵਾਹੁ ਕਰੇਉ ॥

Lord's praise, I hymn[92] within my mind[91] and Lord's praise, I utter with my mouth[93].

ਸਾਹਿਬ ਦੀ ਸਿਫਤ ਸਾਲਾਹ ਮੈਂ ਆਪਣੇ ਮਨ[91] ਅੰਦਰ ਗਾਇਨ[92] ਕਰਦਾ ਹਾਂ ਅਤੇ ਸਾਹਿਬ ਦੀ ਸਿਫਤ ਸਾਲਾਹ ਹੀ ਮੈਂ ਆਪਣੇ ਮੂੰਹ[93] ਨਾਲ ਉਚਾਰਦਾ ਹਾਂ ।

ਨਾਨਕ ਵਾਹੁ ਵਾਹੁ ਜੋ[94] ਕਰਹਿ[95] ਹਉ[96] ਤਨੁ[97] ਮਨੁ[98] ਤਿਨ੍ਹ ਕਉ[99] ਦੇਉ[100] ॥੧॥

Nanak, they who eulogise[96] their Lord Master[94], to them[99] I[96] surrender[100] my body[97] and soul[98].

ਨਾਨਕ, ਜਿਹੜੇ ਆਪਣੇ ਸੁਆਮੀ ਮਾਲਕ[94] ਦੀ ਪ੍ਰਸ਼ੰਸਾ[95] ਕਰਦੇ ਹਨ, ਉਨ੍ਹਾਂ ਨੂੰ[99] ਮੈਂ[96] ਆਪਣੀ ਦੇਹ[97] ਤੇ ਆਤਮਾ[98] ਸਮਰਪਨ[100] ਕਰਦਾ ਹਾਂ।

ਮਹਲਾ ੩ ॥

3rd Guru.

ਤੀਜੀ ਪਾਤਸ਼ਾਹੀ।

ਵਾਹੁ ਵਾਹੁ ਸਾਹਿਬੁ[2] ਸਚੁ ਹੈ ਅੰਮ੍ਰਿਤੁ[3] ਜਾ ਕਾ[4] ਨਾਉ[5] ॥

The Lord God is the True Master[2], whose[4] Name[6] is the Immortalising Nectar[3].

ਸੁਆਮੀ ਵਾਹਿਗੁਰੂ ਸੱਚਾ ਮਾਲਕ[2] ਹੈ, ਜਿਸ ਦਾ[4] ਨਾਮ[5] ਸੁਰਜੀਤ ਕਰਨ ਵਾਲਾ ਅੰਮ੍ਰਿਤ[3] ਹੈ।

ਜਿਨਿ ਸੇਵਿਆ[6] ਤਿਨਿ ਫਲੁ[7] ਪਾਇਆ ਹਉ ਤਿਨ ਬਲਿਆਰੈ[8] ਜਾਉ ॥

They, who serve[6] the Lord, are blessed with the Name-fruit[7] and I am a sacrifice[8] unto them.

ਜੋ ਸੁਆਮੀ ਦੀ ਟਹਿਲ ਕਮਾਉਂਦੇ[6] ਹਨ, ਉਨ੍ਹਾਂ ਨੂੰ ਨਾਮ ਦੇ ਮੇਵੇ ਦੀ ਦਾਤ[7] ਮਿਲਦੀ ਹੈ। ਮੈਂ ਉਨ੍ਹਾਂ ਉਤੋਂ ਵਾਰਨੇ[8] ਵੰਞਦਾ ਹਾਂ।

ਵਾਹੁ ਵਾਹੁ[9] ਗੁਣੀ[10]ਨਿਧਾਨੁ[14] ਹੈ ਜਿਸ ਨੋ ਦੇਇ[12] ਸੁ ਖਾਇ[13] ॥

Lord Master[9] is the Treasure[14] of excellences[10]. He[12], whom the Lord gives, enjoys[13] His bounty.

ਸੁਆਮੀ ਮਾਲਕ[9] ਉਤਕ੍ਰਿਸ਼ਟਤਾਈਆਂ[10] (ਗੁਣਾਂ) ਦਾ ਖਜ਼ਾਨਾ[14] ਹੈ। ਜਿਸ ਨੂੰ ਸੁਆਮੀ ਦਿੰਦਾ ਹੈ, ਉਹੀ[12] ਉਸ ਦੀ ਬਖ਼ਸ਼ਸ਼ ਨੂੰ ਮਾਣਦਾ[13] ਹੈ।

ਵਾਹੁ ਵਾਹੁ ਜਲਿ[15] ਥਲਿ[16] ਭਰਪੂਰੁ[17] ਹੈ ਗੁਰਮੁਖਿ[18] ਪਾਇਆ ਜਾਇ ॥

The Lord Master is fully pervading[17] the ocean[15] and the land[16], and through the Guru[18], is He attained to.

ਸੁਆਮੀ ਮਾਲਕ ਸਮੁੰਦਰ[15] ਤੇ ਧਰਤੀ[16] ਨੂੰ ਪਰੀਪੂਰਨ ਕਰ ਰਿਹਾ[17] ਹੈ। ਗੁਰਾਂ ਦੇ ਰਾਹੀਂ[18], ਉਹ ਪਾਇਆ ਜਾਂਦਾ ਹੈ।

ਵਾਹੁ ਵਾਹੁ[19] ਗੁਰਸਿਖ ਨਿਤ[20]ਸਭ ਕਰਹੁ ਗੁਰਪੂਰੇ[22] ਵਾਹੁ ਵਾਹੁ ਭਾਵੈ[21] ॥

Let all the sikhs of the Guru, ever[20] utter Lord's praise[19]. The Perfect[22] Guru is pleased[21] with the Lord's praise.

ਸਮੂਹ ਗੁਰਸਿੱਖਾਂ ਨੂੰ ਹਮੇਸ਼ਾ[20] ਸੁਆਮੀ ਦੀ ਕੀਰਤੀ[19] ਕਰਨੀ ਉਚਿੱਤ ਹੈ। ਪੂਰਨ[22] ਗੁਰਾਂ ਨੂੰ ਸੁਆਮੀ ਦੀ ਕੀਰਤੀ ਚੰਗੀ ਲਗਦੀ[21] ਹੈ।

ਨਾਨਕ ਵਾਹੁ ਵਾਹੁ ਜੋ ਮਨਿ ਚਿਤਿ[23] ਕਰੇ[24] ਤਿਸ[25] ਜਮ[26] ਕੰਕਰੁ[27] ਨੇੜਿ[28] ਨ ਆਵੈ[29]॥ ੨॥

Nanak, he who in the heart of his heart[23], repeats[24] God; near[28] him[25] the death's[26] courier[27] draws[29] not.

ਨਾਨਕ, ਜਿਹੜਾ ਆਪਣੇ ਦਿਲ ਦੇ ਦਿਲ[23] ਅੰਦਰ ਵਾਹਿਗੁਰੂ; ਵਾਹਿਗੁਰੂ ਉਚਾਰਨ ਕਰਦਾ[24] ਹੈ; ਉਸ[25] ਦੇ ਨੇੜੇ[28] ਮੌਤ[26] ਦਾ ਦੂਤ[27] ਨਹੀਂ ਢੁਕਦਾ[29]।

ਪਉੜੀ ॥

Pauri.

ਪਉੜੀ।

ਹਰਿ ਜੀਉ[30] ਸਚਾ ਸਚੁ[31] ਹੈ ਸਚੀ ਗੁਰਬਾਣੀ[32] ॥

The reverend Lord[30] is the Truest of the true[31], and true are the Guru's hymns[32].

ਪੂਜਯ ਪ੍ਰਭੂ[30] ਸੱਚਿਆਂ ਦਾ ਸ਼੍ਰੋਮਣੀ[31] ਸੱਚਾ ਹੈ ਅਤੇ ਸੱਚੀ ਹੈ ਗੁਰਾਂ ਦੀ ਬਾਣੀ[32]।

ਸਤਿਗੁਰ ਤੇ[33] ਸਚੁ ਪਛਾਣੀਐ[34] ਸਚਿ[35] ਸਹਜਿ[36] ਸਮਾਣੀ[37] ॥

Through[33] the True Guru is the truth recognised[34] and the man is easily[36] absorbed[37] in the True Lord[35].

ਸੱਚੇ ਗੁਰਾਂ ਦੇ ਰਾਹੀਂ[33] ਸੱਚ ਸਿੰਞਾਣਿਆ ਜਾਂਦਾ[34] ਹੈ ਅਤੇ ਆਦਮੀ ਸੁਖ਼ੈਨ ਹੀ[36] ਸੱਚੇ ਸਾਹਿਬ[35] ਅੰਦਰ ਲੀਨ ਹੋ ਜਾਂਦਾ[37] ਹੈ।

ਅਨਦਿਨੁ[38] ਜਾਗਹਿ[39] ਨਾ

Night[38] and day, the holy keep

ਰੈਣ[38] ਅਤੇ ਦਿਹੁੰ ਜਗਿਆਸੂ ਖਬਰਦਾਰ[39] ਰਹਿੰਦੇ ਹਨ

ਸਵਹਿ[40] ਜਾਗਤ[41] ਰੈਣਿ[42] ਵਿਹਾਣੀ[43] ॥

ਗੁਰਮਤੀ[44] ਹਰਿ ਰਸੁ[45] ਚਾਖਿਆ[46] ਸੇ[47] ਪੁੰਨ[48] ਪਰਾਣੀ[49] ॥

ਬਿਨੁ[50]ਗੁਰ ਕਿਨੈ ਨ ਪਾਇਓ ਪਚਿ[51] ਮੁਏ[52] ਅਜਾਣੀ[53] ॥ ੧੭॥

ਸਲੋਕੁ ਮਹਲਾ ੩ ॥

ਵਾਹੁ ਵਾਹੁ ਬਾਣੀ[54] ਨਿਰੰਕਾਰ[55] ਹੈ ਤਿਸੁ[56] ਜੇਵਡੁ[57] ਅਵਰੁ ਨ ਕੋਇ ॥

ਵਾਹੁ ਵਾਹੁ[58] ਅਗਮ[59] ਅਥਾਹੁ[60] ਹੈ ਵਾਹੁ[61] ਵਾਹੁ ਸਚਾ[62] ਸੋਇ[63] ॥

ਵਾਹੁ ਵਾਹੁ[64] ਵੇਪਰਵਾਹੁ[65] ਹੈ ਵਾਹੁ ਵਾਹੁ ਕਰੇ ਸੁ[66] ਹੋਇ[67] ॥

ਵਾਹੁ ਵਾਹੁ[68] ਅੰਮ੍ਰਿਤ[69] ਨਾਮੁ ਹੈ ਗੁਰਮੁਖਿ[70] ਪਾਵੈ ਕੋਇ[71] ॥

੫੧੬

ਵਾਹੁ ਵਾਹੁ[72] ਕਰਮੀ[76] ਪਾਈਐ ਆਪਿ[77] ਦਇਆ[73] ਕਰਿ[74] ਦੇਇ[75] ॥

ਨਾਨਕ ਵਾਹੁ ਵਾਹੁ[78] ਗੁਰਮੁਖਿ[79] ਪਾਈਐ ਅਨਦਿਨੁ[80] ਨਾਮੁ ਲਏਇ[81] ॥ ੧॥

ਮਹਲਾ ੩ ॥

ਬਿਨੁ[82] ਸਤਿਗੁਰ ਸੇਵੇ[83] ਸਾਤਿ[84] ਨ ਆਵਈ ਦੂਜੀ[85] ਨਾਹੀ ਜਾਇ[86] ॥

ਜੇ ਬਹੁਤੇਰਾ[87] ਲੋਚੀਐ[88] ਵਿਣੁ ਕਰਮੈ[89] ਨ ਪਾਇਆ[90] ਜਾਇ ॥

awake[39] and sleep[40] not, and waking[41] their life-night[42] passes[43].

Who, by Guru's instruction[44] taste[46] Lord's elixir[45]; they[47] are the meritorious[48] persons[49].

Without[50] the Guru, none has obtained the Lord. The ignorant ones[53] putrefy[51] and die[52].

Slok 3rd Guru.

Wah ! Wah ! (wonderful) are the words[54] which denote the Formless[55] Lord. There is none so great[57] as He[56].

Wonderful ! wonderful[58] ! is the Inaccessible[59] and Unfathomable[60] Lord. Hail[61] ! hail ! unto Him[63], the True One[62].

Self-dependent[65] is the Lord Master[64] and whatever He does, that[66] comes to pass[67].

Blessed[68] ! blessed ! is the Nectar[69]-Name which a few[71] holy men[70] obtain.

The Lord's praise[72], man obtains through His grace[76], and showing[74] mercy[73], He Himself[77] bestows[75] it.

Nanak, by remembering[81] the Name through the Guru[79], day[80] and night, the wonderful Lord[78] is obtained.

3rd Guru.

Without[82] serving[83] the True Guru, respite[84] is not attained and another's love[85] departs[86] not.

However much[87] one may wish[88] without the Lord's grace[89], the True Guru is not found[90].

ਤੇ ਸੌਂਦੇ[40] ਨਹੀਂ ਅਤੇ ਜਾਗਦਿਆਂ[41] ਹੀ ਉਨ੍ਹਾਂ ਦੀ ਜੀਵਨ-ਰਾਤ੍ਰੀ[42] ਬੀਤਦੀ[43] ਹੈ ।

ਜੋ ਗੁਰਾਂ ਦੇ ਉਪਦੇਸ਼[44] ਦੁਆਰਾ ਵਾਹਿਗੁਰੂ ਅੰਮ੍ਰਿਤ[45] ਨੂੰ ਪਾਨ ਕਰਦੇ[46] ਹਨ, ਉਹ[47] ਨੇਕੀ ਨਿਪੁੰਨ[48] ਪੁਰਸ਼[49] ਹਨ ।

ਗੁਰਾਂ ਦੇ ਬਾਝੋਂ[50] ਕਿਸੇ ਨੂੰ ਭੀ ਪ੍ਰਭੂ ਪ੍ਰਾਪਤ ਨਹੀਂ ਹੋਇਆ । ਬੇਸਮਝ ਬੰਦੇ[53] ਗਲ ਸੜ[51] ਕੇ ਮਰ[52] ਜਾਂਦੇ ਹਨ ।

ਸਲੋਕ ਤੀਜੀ ਪਾਤਸ਼ਾਹੀ ।

ਵਾਹ ! ਵਾਹ ! ਦੇ ਸ਼ਬਦ[54] ਸਰੂਪ-ਰਹਿਤ[55] ਸੁਆਮੀ ਦੇ ਬੋਧਕ ਹਨ । ਉਸ[56] ਜਿੱਡਾ ਵੱਡਾ[57] ਹੋਰ ਕੋਈ ਨਹੀਂ ।

ਮੁਬਾਰਕ[58] ! ਮੁਬਾਰਕ ! ਹੈ, ਪਹੁੰਚ ਤੋਂ ਪਰੇ[59] ਤੇ ਹਰ ਥਾਂ ਵਿਆਪਕ[60] ਸੁਆਮੀ ਨੂੰ । ਸ਼ਾਬਾਸ਼[61] ! ਸ਼ਾਬਾਸ਼ ! ਹੈ ਉਸ[63] ਸੱਚੇ ਪੁਰਖ[62] ਨੂੰ ।

ਬੇ-ਮੁਹਤਾਜ[65] ਹੈ ਪ੍ਰਭੂ ਪਰਮੇਸ਼ਰ[64] ਜਿਹੜਾ ਕੁੱਛ ਪ੍ਰਭੂ ਪਰਮੇਸ਼ਰ ਕਰਦਾ ਹੈ, ਉਹੋ[66] ਹੀ ਹੁੰਦਾ[67] ਹੈ ।

ਕਲਿਆਣ ਸਰੂਪ[68] ! ਕਲਿਆਨ ਸਰੂਪ ! ਹੈ ਸੁਧਾ-ਸਰੂਪ[69] ਨਾਮ ਜਿਸ ਨੂੰ ਬਹੁਤ ਹੀ ਥੋੜੇ[71] ਜਗਿਆਸੂ[70] ਪ੍ਰਾਪਤ ਕਰਦੇ ਹਨ ।

ਸੁਆਮੀ ਦੀ ਸਿਫ਼ਤ ਸ਼ਲਾਘਾ[72] ਇਨਸਾਨ ਨੂੰ ਉਸ ਦੀ ਮਿਹਰ[76] ਰਾਹੀਂ ਮਿਲਦੀ ਹੈ । ਰਹਿਮਤ[73] ਧਾਰਕੇ[74] ਉਹ ਆਪੇ[77] ਹੀ ਇਸ ਨੂੰ ਬਖ਼ਸ਼ਦਾ[75] ਹੈ ।

ਨਾਨਕ, ਗੁਰਾਂ ਦੇ ਰਾਹੀਂ[79], ਰਾਤ ਦਿਨ[80] ਨਾਮ ਦਾ ਆਰਾਧਨ[81] ਕਰਨ ਦੁਆਰਾ ਸੁਆਮੀ ਵਾਹਿਗੁਰੂ[78] ਪਾਇਆ ਜਾਂਦਾ ਹੈ ।

ਤੀਜੀ ਪਾਤਸ਼ਾਹੀ ।

ਸੱਚੇ ਗੁਰਾਂ ਦੀ ਘਾਲ[83] ਕਮਾਉਣ ਦੇ ਬਾਝੋਂ[82] ਠੰਢ-ਚੇਨ[84] ਪ੍ਰਾਪਤ ਨਹੀਂ ਹੁੰਦੀ ਅਤੇ ਹੋਰਸ ਦੀ ਪ੍ਰੀਤ[85] ਦੂਰ ਨਹੀਂ ਹੁੰਦੀ[86] ।

ਜਿੰਨੀ ਬਥੇਰੀ[87] ਆਦਮੀ ਚਾਹਣਾ[88] ਪਿਆ ਕਰੇ ਪ੍ਰਭੂ ਦੀ ਰਹਿਮਤ[89] ਦੇ ਬਗੈਰ, ਸੱਚੇ ਗੁਰੂ ਜੀ ਨਹੀਂ ਲੱਭਦੇ[90] ।

ਜਿਨ੍ਹਾ ਅੰਤਰਿ[91] ਲੋਭੁ[92] ਵਿਕਾਰੁ[93] ਹੈ ਦੂਜੈ ਭਾਇ[94] ਖੁਆਇ[95] ॥

They, within[91] whom are avarice[92] and sin[93], are ruined[95] by duality[94].

ਜਿਨ੍ਹਾਂ ਦੇ ਅੰਦਰ[91] ਲਾਲਚ[92] ਅਤੇ ਪਾਪ[93] ਹਨ, ਉਨ੍ਹਾਂ ਨੂੰ ਦਵੈਤ-ਭਾਵ[94] ਤਬਾਹ[95] ਕਰ ਦਿੰਦਾ ਹੈ ।

ਜੰਮਣੁ[96] ਮਰਣੁ[97] ਨ ਚੁਕਈ[98] ਹਉਮੈ[99] ਵਿਚਿ[100] ਦੁਖੁ[2] ਪਾਇ[3] ॥

Their births[96] and deaths[97] cease[98] not and abiding in[100] egotism[99], they suffer[3] misery[2].

ਉਨ੍ਹਾਂ ਦੇ ਜੰਮਣੇ[96] ਅਤੇ ਮਰਣੇ[97] ਮੁਕਦੇ[98] ਨਹੀਂ ਅਤੇ ਹੰਕਾਰ[99] ਅੰਦਰ[100] (ਕਾਰਨ) ਉਹ ਕਸ਼ਟ[2] ਉਠਾਉਂਦੇ[3] ਹਨ ।

ਜਿਨ੍ਹਾ ਸਤਿਗੁਰ ਸਿਉ ਚਿਤੁ[4] ਲਾਇਆ[5] ਸੁ[6] ਖਾਲੀ[7] ਕੋਈ ਨਾਹਿ ॥

They who have fixed[5] their mind[4] on the True Guru, of those[6] none is empty-handed[7].

ਜਿਨ੍ਹਾਂ ਨੇ ਸੱਚੇ ਗੁਰਾਂ ਨਾਲ ਆਪਣਾ ਮਨ[4] ਜੋੜਿਆ[5] ਹੈ, ਉਨ੍ਹਾਂ ਵਿਚੋਂ[6] ਕੋਈ ਭੀ ਨਿਰਾਸ ਜਾਂ ਖਾਲੀ ਹੱਥੀ[7] ਨਹੀਂ ਹੁੰਦਾ ।

ਤਿਨ[12] ਜਮ[10] ਕੀ ਤਲਬ[8] ਨ ਹੋਵਈ ਨ ਓਇ ਦੁਖ ਸਹਾਹਿ[9] ॥

Death's Courier[10] summons[8] them[12] not, nor do they suffer[9] pain.

ਮੌਤ ਦਾ ਦੂਤ[10] ਉਨ੍ਹਾਂ ਨੂੰ[12] ਨਹੀਂ ਬੁਲਾਉਂਦਾ[8] ਅਤੇ ਨਾ ਹੀ ਉਹ ਤਕਲੀਫ਼ ਉਠਾਉਂਦੇ[9] ਹਨ ।

ਨਾਨਕ ਗੁਰਮੁਖਿ[13] ਉਬਰੇ[14] ਸਚੈ ਸਬਦਿ[15] ਸਮਾਹਿ[16] ॥ ੨॥

Nanak, the Guru-wards[13] are saved[14] and they merge[16] into the True Lord[15].

ਨਾਨਕ, ਗੁਰੂ-ਸਮਰਪਨ[13] ਪਾਰ ਉੱਤਰ ਜਾਂਦੇ ਹਨ[14] ਅਤੇ ਉਹ ਸੱਚੇ ਸਾਹਿਬ[15] ਵਿੱਚ ਲੀਨ[16] ਥੀ ਵੰਞਦੇ ਹਨ ।

ਪਉੜੀ ॥

Pauri.

ਪਉੜੀ ।

ਢਾਢੀ[17] ਤਿਸ[18]ਨੋ ਆਖੀਐ[19] ਜਿ ਖਸਮੈ[20] ਧਰੇ[21]ਪਿਆਰੁ[22]॥

He alone[18] is called[19] an eulogist[17], who enshrines[21] affection[22] for his Lord[20].

ਕੇਵਲ ਓਹੀ[18] ਜੱਸ ਕਰਨ ਵਾਲਾ[17] ਕਿਹਾ ਜਾਂਦਾ[19] ਹੈ, ਜੋ ਆਪਣੇ ਸਿਰ ਦੇ ਸਾਂਈਂ[20] ਨਾਲ ਪ੍ਰੇਮ[22] ਕਰਦਾ[21] ਹੈ ।

ਦਰਿ[23] ਖੜਾ[24] ਸੇਵਾ[25] ਕਰੇ ਗੁਰ ਸਬਦੀ[26] ਵੀਚਾਰੁ[27] ॥

Standing[24] at the Lord's door[23], he serves[25] the Lord and reflects[27] on the Guru's hymns[26].

ਸਾਹਿਬ ਦੇ ਬੂਹੇ[23] ਤੇ ਖਲੋਤਾ ਹੋਇਆ[24] ਉਹ ਸਾਹਿਬ ਦੀ ਘਾਲ ਕਮਾਉਂਦਾ[25] ਹੈ ਅਤੇ ਗੁਰਬਾਣੀ[26] ਦਾ ਧਿਆਨ ਧਾਰਦਾ[27] ਹੈ ।

ਢਾਢੀ ਦਰੁ[28] ਘਰੁ[29]ਪਾਇਸੀ ਸਚੁ[30] ਰਖੈ [31]ਉਰਧਾਰਿ[32] ॥

The bard attains to the Lord's court[28] and mansion[29] and he keeps the True Lord[30] clasped[32] to his heart[31].

ਢਾਢੀ ਸੁਆਮੀ ਦੇ ਦਰਬਾਰ[28] ਤੇ ਮੰਦਰ[29] ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਸੱਚੇ ਸੁਆਮੀ[30] ਨੂੰ ਆਪਣੇ ਦਿਲ[31] ਨਾਲ ਲਾਈ ਰਖਦਾ[32] ਹੈ ।

ਢਾਢੀ ਕਾ ਮਹਲੁ[33] ਅਗਲਾ[34] ਹਰਿ ਕੈ ਨਾਇ[35]ਪਿਆਰਿ[36]॥

High[34] is the rank[33] of the minstrel and he professes love[36] for God's Name[35].

ਬੁਲੰਦ[34] ਹੈ ਮਰਤਬਾ[33] ਢਾਢੀ ਦਾ, ਕਿਉਂਕਿ ਉਸ ਦੀ ਪ੍ਰੀਤ[36] ਵਾਹਿਗੁਰੂ ਦੇ ਨਾਮ[35] ਨਾਲ ਹੈ ।

ਢਾਢੀ ਕੀ ਸੇਵਾ[37] ਚਾਕਰੀ[38] ਹਰਿ ਜਪਿ[39] ਹਰਿ ਨਿਸਤਾਰਿ[40] ॥੧੮॥

God's meditation[39] is His praiser's worship[37] and service[38], and the Lord emancipates[40] him.

ਵਾਹਿਗੁਰੂ ਦੀ ਬੰਦਗੀ[39] ਹੀ ਉਸ ਦੇ ਕੀਰਤਨੀਏ ਦੀ ਦੀ ਉਪਾਸ਼ਨਾ[37] ਅਤੇ ਟਹਿਲ ਸੇਵਾ[38] ਹੈ । ਸਾਂਈਂ ਉਸ ਦਾ ਪਾਰ ਉਤਾਰਾ[40] ਕਰ ਦਿੰਦਾ ਹੈ ।

ਸਲੋਕੁ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਸ਼ਾਹੀ ।

ਗੂਜਰੀ[41] ਜਾਤਿ[42] ਗਵਾਰਿ[43] ਜਾ[44]ਸਹੁ[45]ਪਾਏ[51] ਆਪਣਾ ॥ ਗੁਰ ਕੈ ਸਬਦਿ[46] ਵੀਚਾਰਿ[47]

Low[43] is the caste[42] of the milk-maid[41], but when[44] she ponders[47] over Guru's hymns[46] and night

ਨੀਵੀਂ[43] ਹੈ ਜਾਤੀ[42] ਗੁਆਲਣ[41] ਦੀ, ਪ੍ਰੰਤੂ ਜਦ[44] ਉਹ ਗੁਰਾਂ ਦੀ ਬਾਣੀ[46] ਦਾ ਧਿਆਨ ਧਾਰਦੀ[47] ਹੈ ਤੇ ਰੈਣ ਦਿਹੁੰ[48] ਵਾਹਿਗੁਰੂ ਦੇ[49] ਨਾਮ ਦਾ ਉਚਾਰਨ[50]

ਅਨਦਿਨੁ[48] ਹਰਿ ਜਪੁ[49] ਜਾਪਣਾ[50] ॥

and day repeats[50] God's Name[49], she attains[51] to her Spouse[45].

ਕਰਦੀ ਹੈ, ਉਹ ਆਪਣੇ ਪਤੀ[45] ਨੂੰ ਪਾ ਲੈਂਦੀ[51] ਹੈ ।

ਜਿਸੁ[52] ਸਤਿਗੁਰੁ ਮਿਲੈ[53] ਤਿਸੁ[54] ਭਉ[55] ਪਵੈ[56] ਸਾ[57] ਕੁਲਵੰਤੀ[58] ਨਾਰਿ[59] ॥

Who[52] meets[53] with the True Guru, she[54] abides[56] in Lord's fear[55] and she[57] is a woman[59] of high family[58].

ਜੋ[52] ਸੱਚੇ ਗੁਰਾਂ ਨੂੰ ਮਿਲ ਪੈਂਦੀ[53] ਹੈ, ਉਹ[54] ਪ੍ਰਭੂ ਦੇ ਡਰ[55] ਅੰਦਰ ਵੱਸਦੀ[56] ਹੈ ਅਤੇ ਉਹੀ[57] ਉੱਚੇ ਘਰਾਣੇ[58] ਦੀ ਇਸਤਰੀ[59] ਹੈ ।

ਸਾ[60] ਹੁਕਮੁ[61] ਪਛਾਣੈ[62] ਕੰਤ[63] ਕਾ ਜਿਸ[64] ਨੋ ਕ੍ਰਿਪਾ[65] ਕੀਤੀ[66] ਕਰਤਾਰਿ[67] ॥

She alone[60] realises[62] the command[61] of her Spouse[63], on whom[64] the Creator[67] showers[66] His benediction[65].

ਕੇਵਲ ਉਹੀ[60] ਆਪਣੇ ਭਰਤੇ[63] ਦੇ ਫ਼ੁਰਮਾਨ[61] ਨੂੰ ਅਨੁਭਵ[62] ਕਰਦੀ ਹੈ, ਜਿਸ[64] ਉੱਤੇ ਸਿਰਜਣਹਾਰ[67] ਆਪਣੀ ਮਿਹਰ[65] ਧਾਰਦਾ[66] ਹੈ ।

ਓਹ[68] ਕੁਚਜੀ[69] ਕੁਲਖਣੀ[70] ਪਰਹਰਿ[71] ਛੋਡੀ[72] ਭਤਾਰਿ[73] ॥

She[68], who is of little merit[69] and ill-tempered[70], is discarded[71] and forsaken[72] by her Spouse[73].

ਜੋ[68] ਬੇ-ਸ਼ਊਰੀ[69] (ਬੇਕਲ) ਅਤੇ ਮੰਦੇ-ਸੁਭਾਵ ਵਾਲੀ[70] ਹੈ, ਉਸ ਨੂੰ ਉਸ ਦਾ ਕੰਤ[73] ਛੱਡ[71] ਅਤੇ ਤਿਆਗ ਦਿੰਦਾ[72] ਹੈ ।

ਭੈ[74] ਪਇਐ[75] ਮਲੁ[76] ਕਟੀਐ[77] ਨਿਰਮਲ[78] ਹੋਵੈ[79] ਸਰੀਰੁ[80] ॥

By entertaining[75] Lord's fear[74], filth[76] is washed off[77] and pure[78] becomes[79] the body[80].

ਪ੍ਰਭੂ ਦਾ ਡਰ[74] ਧਾਰਨ[75] ਕਰਨ ਨਾਲ ਮੈਲ[76] ਧੋਤੀ ਜਾਂਦੀ[77] ਹੈ ਅਤੇ ਪਵਿੱਤ੍ਰ[78] ਥੀ ਵੰਞਦੀ[79] ਹੈ ਦੇਹ[80] ।

ਅੰਤਰਿ[81] ਪਰਗਾਸੁ[82] ਮਤਿ[83] ਊਤਮ[84] ਹੋਵੈ ਹਰਿ ਜਪਿ[85] ਗੁਣੀ[86] ਗਹੀਰੁ[87] ॥

Meditating[85] on God, the ocean[87] of excellences[86], the soul[81] becomes enlightened[82] and intellect[83] sublime[84].

ਗੁਣਾਂ[86] ਦੇ ਸਮੁੰਦਰ[87] ਵਾਹਿਗੁਰੂ ਦਾ ਸਿਮਰਨ[85] ਕਰਨ ਦੁਆਰਾ ਆਤਮਾ[81] ਨੂਰੋ ਨੂਰ[82] ਹੋ ਜਾਂਦੀ ਹੈ ਅਤੇ ਬੁੱਧੀ[83] ਸ੍ਰੇਸ਼ਟ[84] ।

ਭੈ[88] ਵਿਚਿ[89] ਬੈਸੈ[90] ਭੈ ਰਹੈ[91] ਭੈ ਵਿਚਿ ਕਮਾਵੈ[92] ਕਾਰ[93] ॥ ਐਥੈ[94] ਸੁਖੁ[95] ਵਡਿਆਈਆ[96] ਦਰਗਹ[97] ਮੋਖ[98] ਦੁਆਰ[99] ॥

He who sits[90] in[89] Lord's fear[88], abides[91] in fear and goes about[92] his business[93] in fear, He obtains peace[95] and glory[96] here[94] and the gate[99] of salvation[98] in the Lord's court[97].

ਜੋ ਸੁਆਮੀ ਦੇ ਡਰ[88] ਅੰਦਰ[89] ਬੈਠਦਾ[90] ਹੈ, ਡਰ ਅੰਦਰ ਵਸਦਾ[91] ਹੈ ਅਤੇ ਡਰ ਅੰਦਰ ਹੀ ਆਪਣਾ ਕਾਰ ਵਿਹਾਰ[93] ਕਰਦਾ[92] ਹੈ, ਉਹ ਏਥੇ[94] ਆਰਾਮ[95] ਤੇ ਕੀਰਤੀ[96] ਅਤੇ ਪ੍ਰਭੂ ਦੇ ਦਰਬਾਰ[97] ਅੰਦਰ ਮੁਕਤੀ[98] ਦਾ ਦਰਵਾਜ਼ਾ[99] ਪਾ ਲੈਂਦਾ ਹੈ ।

ਭੈ ਤੇ ਨਿਰਭਉ[100] ਪਾਈਐ ਮਿਲਿ[2] ਜੋਤੀ[3] ਜੋਤਿ[4] ਅਪਾਰ[5] ॥

From the Lord's fear, the Fearless Lord[100] is attained and mortal's light[3] merges[2] into the Infinite[5] Light[4].

ਪ੍ਰਭੂ ਦੇ ਡਰ ਤੋਂ (ਦੁਆਰਾ) ਨਿਡਰ ਪ੍ਰਭੂ[100] ਪਾਇਆ ਜਾਂਦਾ ਹੈ, ਅਤੇ ਪ੍ਰਾਣੀ ਦਾ ਨੂਰ[3], ਅਨੰਤ[5] ਨੂਰ[4] ਅੰਦਰ ਲੀਨ[2] ਹੋ ਜਾਂਦਾ ਹੈ ।

ਨਾਨਕ ਖਸਮੈ[6] ਭਾਵੈ[7] ਸਾ[8] ਭਲੀ[9] ਜਿਸ ਨੋ ਆਪੇ[10] ਬਖਸੇ[12] ਕਰਤਾਰੁ[13] ॥੧॥

Nanak, that[8] bride alone is good[9], who is pleasing[7] to her Spouse[6] and whom the Creator[13] Himself[10] grants pardon[12].

ਨਾਨਕ, ਕੇਵਲ ਓਹੀ[8] ਪਤਨੀ ਨੇਕ[9] ਹੈ, ਜੋ ਆਪਣੇ ਪਤੀ[6] ਨੂੰ ਭਾਉਂਦੀ[7] ਹੈ ਅਤੇ ਜਿਸ ਨੂੰ ਸਿਰਜਨਹਾਰ[13] ਆਪ[10] ਬਖ਼ਸ਼[12] ਲੈਂਦਾ ਹੈ ।

ਮਹਲਾ ੩ ॥

3rd Guru.

ਤੀਜੀ ਪਾਤਸ਼ਾਹੀ ।

ਸਦਾ ਸਦਾ[14] ਸਾਲਾਹੀਐ[15] ਸਚੇ[16] ਕਉ ਬਲਿ ਜਾਉ[17] ॥

For ever[14] and aye, praise[15] the Lord and be a sacrifice[17] to the True Master[16].

ਸਦੀਵ[14] ਤੇ ਹਮੇਸ਼ਾ ਹੀ ਪ੍ਰਭੂ ਦੀ ਪ੍ਰਸ਼ੰਸਾ[15] ਕਰ ਅਤੇ ਸੱਚੇ ਮਾਲਕ[16] ਉੱਤੋਂ ਘੋਲੀ ਵੰਞ[17] ।

ਨਾਨਕ ਏਕੁ[18] ਛੋਡਿ[19]

Nanak, burnt[24] be the[22] tongue[23],

ਨਾਨਕ, ਸੜ ਵੰਞੇ[24] ਉਹ[22] ਜੀਭ[23] ਜਿਹੜੀ ਇਕ

ਦੂਜੈ[20] ਲਗੈ[21]ਸਾ[22] ਜਿਹਵਾ[23] ਜਲਿ ਜਾਉ[24] ॥੨॥

which forsaking[19] the one Lord[18], is attached[21] to another[20].

ਸੁਆਮੀ[18] ਨੂੰ ਤਿਆਗ[19] ਕੇ ਹੋਰਸ[20] ਨਾਲ ਜੁੜਦੀ[21]ਹੈ।

ਪਉੜੀ ॥

Pauri.

ਪਉੜੀ ।

ਅੰਸਾ[25] ਅਉਤਾਰੁ[30] ਉਪਾਇਓਨੁ[26] ਭਾਉ[27] ਦੂਜਾ[28] ਕੀਆ[29] ॥

Giving an iota[25] of His might, the Lord created[26] His incarnations[30], but they indulged[29] in another's[28] love[27].

ਜ਼ੱਰਾ[25] ਭਰ ਆਪਣੀ ਸ਼ਕਤੀ ਦੇ ਕੇ ਪ੍ਰਭੂ ਨੇ ਆਪਣੇ ਅਵਤਾਰ[30] ਪੈਦਾ[26] ਕੀਤੇ ਪਰ ਉਹ ਹੋਰਸ[28] ਦੀ ਪ੍ਰੀਤ[27] ਅੰਦਰ ਪ੍ਰਵਿਰਤ[29] ਹੋ ਗਏ ।

ਜਿਉ[31] ਰਾਜੇ[32] ਰਾਜੁ ਕਮਾਵਦੇ[33] ਦੁਖੁ[34] ਸੁਖ[35] ਭਿੜੀਆ[36] ॥

They ruled[33] like[31] the Kings[32] and fought[36] for weal[34] and woe[35].

ਪਾਤਸ਼ਾਹਾਂ[32] ਦੀ ਤਰ੍ਹਾਂ[31] ਉਹ ਹਕੂਮਤ ਕਰਦੇ[33] ਸਨ ਅਤੇ ਖੁਸ਼ੀ[34] ਤੇ ਗ਼ਮੀ[35] ਦੀ ਖ਼ਾਤਰ ਲੜਦੇ[36] ਸਨ ।

ਈਸਰੁ[37] ਬ੍ਰਹਮਾ[38] ਸੇਵਦੇ[39] ਅੰਤੁ[40]ਤਿਨ੍ਹੀ[41]ਨ ਲਹੀਆ[42]॥

They[41], who serve[39] god of death[37] and god of creation[38], find[42] not Lord's limits[40].

ਜੋ ਮੌਤ ਦੇ ਦੇਵਤੇ[37] (ਸ਼ਿਵ) ਅਤੇ ਉਤਪਤੀ ਦੇ ਦੇਵਤੇ[38] (ਬ੍ਰਹਮਾ) ਦੀ ਟਹਿਲ ਕਮਾਉਂਦੇ[39] ਹਨ, ਉਨ੍ਹਾਂ[41] ਨੂੰ ਵਾਹਿਗੁਰੂ ਦੇ ਓੜਕ[40] ਦਾ ਪਤਾ[42] ਨਹੀਂ ਲਗਦਾ ।

ਨਿਰਭਉ[43] ਨਿਰੰਕਾਰੁ[44] ਅਲਖੁ[45] ਹੈ ਗੁਰਮੁਖਿ[46] ਪ੍ਰਗਟੀਆ[47] ॥

The Fearless[43] and Formless[44] Lord is Invisible[45] and is revealed[47], through the Guru[46].

ਡਰ-ਰਹਿਤ[43] ਅਤੇ ਸਰੂਪ-ਰਹਿਤ[44] ਸੁਆਮੀ ਅਦ੍ਰਿਸ਼ਟ[45] ਹੈ ਅਤੇ ਗੁਰਾਂ ਦੇ ਰਾਹੀਂ[46] ਜ਼ਾਹਰ[47] ਹੁੰਦਾ ਹੈ ।

ਤਿਥੈ[48] ਸੋਗੁ[49] ਵਿਜੋਗੁ[50] ਨ ਵਿਆਪਈ[51] ਅਸਥਿਰੁ[52] ਜਗਿ[53] ਥੀਆ[54] ॥੧੯॥

There[48], in Lord's mansion, man suffers[51] not sorrow[49] and separation[50]. By remembering Him he becomes[54] stable (immortal[52]) in this world[53].

ਓਥੇ[48], ਮਾਲਕ ਦੇ ਮੰਦਰ ਅੰਦਰ, ਇਨਸਾਨ ਨੂੰ ਕੋਈ ਗ਼ਮੀ[49] ਅਤੇ ਵਿਛੋੜਾ[50] ਨਹੀਂ ਵਾਪਰਦਾ[51] । ਉਸ ਦਾ ਆਰਾਧਨ ਕਰਨ ਦੁਆਰਾ ਉਹ ਇਸ ਜਹਾਨ[53] ਵਿੱਚ ਅਮਰ[52] ਹੋ ਜਾਂਦਾ[54] ਹੈ ।

ਸਲੋਕੁ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਸ਼ਾਹੀ ।

ਏਹੁ ਸਭੁ ਕਿਛੁ[55] ਆਵਣ[56] ਜਾਣੁ[57] ਹੈ ਜੇਤਾ[58] ਹੈ ਆਕਾਰੁ[59] ॥

All this[55], as much as[58] the world[59], is subject to coming[56] and going[57].

ਇਹ ਸਮੂਹ[55], ਜਿੰਨਾ ਕੁ[58] ਸੰਸਾਰ[59] ਹੈ, ਆਉਣ[56] ਤੇ ਜਾਣਾ[57] ਦੇ ਅਧੀਨ ਹੈ ।

ਜਿਨਿ ਏਹੁ ਲੇਖਾ[60] ਲਿਖਿਆ[61] ਸੋ[62] ਹੋਆ ਪਰਵਾਣੁ[63] ॥

The[62] man, who understands or writes[61] this account[60], becomes acceptable[63].

ਜੋ ਇਸ ਹਿਸਾਬ ਕਿਤਾਬ[60] ਨੂੰ ਸਮਝਦਾ ਜਾਂ ਲਿਖਦਾ[61] ਹੈ, ਉਹ[62] ਕਬੂਲ[63] ਪੈ ਜਾਂਦਾ ਹੈ ।

ਨਾਨਕ ਜੇ ਕੋ[64] ਆਪੁ[65] ਗਣਾਇਦਾ[66] ਸੋ[67] ਮੂਰਖੁ[68] ਗਾਵਾਰੁ[69] ॥੧॥

Nanak, if any[64] man prides[66] on his-self[65], he[67] is silly[68] and stupid[69].

ਨਾਨਕ ਜੇਕਰ ਕੋਈ ਜਣਾ[64] ਆਪਣੇ[65] ਆਪ ਉੱਤੇ ਮਾਣ, ਹੰਕਾਰ[66] ਕਰਦਾ ਹੈ, ਉਹ[67] ਬੇਵਕੂਫ਼[68] ਤੇ ਬੁੱਧੂ[69] ਹੈ ।

ਮਹਲਾ ੩ ॥

3rd Guru.

ਤੀਜੀ ਪਾਤਸ਼ਾਹੀ ।

ਮਨੁ[70] ਕੁੰਚਰੁ[71] ਪੀਲਕੁ[72] ਗੁਰੂ ਗਿਆਨੁ[73] ਕੁੰਡਾ[74]

The mind[70] is the elephant[71], the Guru the elephant - driver[72],

ਮਨ[70] ਹਾਥੀ[71] ਹੈ, ਗੁਰੂ ਜੀ ਮਹਾਵਤ[72] ਅਤੇ ਬ੍ਰਹਿਮ-ਬੋਧ[73] ਅੰਕਸ[74] ; ਜਿਥੇ ਕਿਤੇ[75] ਭੀ ਗੁਰੂ ਜੀ ਲੈ

ਜਹ[75] ਖਿੰਚੇ[76] ਤਹ[77] ਜਾਇ ॥

gnosis[73] the goad[74]. Whithersoever[75] the Guru drives[76], thither[77] goes the mind.

ਜਾਂਦੇ ਹਨ[76], ਉੱਥੇ ਹੀ[77] ਮਨ ਜਾਂਦਾ ਹੈ ।

ਨਾਨਕ ਹਸਤੀ[78] ਕੁੰਡੇ ਬਾਹਰਾ[79] ਫਿਰਿ ਫਿਰਿ[80] ਉਝੜਿ[81] ਪਾਇ[82] ॥੨॥

Nanak, the elephant[78] without[79] a goad, again and again[80], wanders[82] into the wilderness[81].

ਨਾਨਕ, ਅੰਕਸ ਦੇ ਬਗ਼ੈਰ[79] ਹਾਥੀ[78], ਮੁੜ ਮੁੜ ਕੇ[80], ਉਜਾੜ ਬੀਆਬਾਨ[81] ਅੰਦਰ ਭਟਕਦਾ[82] ਹੈ ।

੫੧੭

ਪਉੜੀ ॥

Pauri.

ਪਉੜੀ ।

ਤਿਸੁ[83] ਆਗੈ[84] ਅਰਦਾਸਿ[85] ਜਿਨਿ[86] ਉਪਾਇਆ[87] ॥ ਸਤਿਗੁਰੁ ਅਪਣਾ ਸੇਵਿ[88] ਸਭ[89] ਫਲ[90] ਪਾਇਆ ॥

My prayer[85] 'is before[84] Him[83], who[86] has created[87] me. By serving[88] my True Guru, I have attained all[89] the fruits[90].

ਮੇਰੀ ਪ੍ਰਾਰਥਨਾ[85] ਉਸ[83] ਮੂਹਰੇ[84] ਹੈ, ਜਿਸ[86] ਨੇ ਮੈਨੂੰ ਪੈਦਾ ਕੀਤਾ[87] ਹੈ । ਆਪਣੇ ਸੱਚੇ ਗੁਰਾਂ ਦੀ ਘਾਲ[88] ਕਮਾ ਕੇ, ਮੈਂ ਸਾਰੇ[89] ਮੇਵੇ[90] ਪ੍ਰਾਪਤ ਕਰ ਲਏ ਹਨ ।

ਅੰਮ੍ਰਿਤ[91] ਹਰਿ ਕਾ ਨਾਉ[92] ਸਦਾ[93] ਧਿਆਇਆ[94] ॥

I ever[93] meditate[94] upon the ambrosial[91] Name[92] of the Lord.

ਮੈਂ ਸਦੀਵ ਹੀ[93] ਸੁਆਮੀ ਦੇ ਸੁਧਾ ਸਰੂਪ[91] ਨਾਮ[92] ਦਾ ਸਿਮਰਨ[94] ਕਰਦਾ ਹਾਂ ।

ਸੰਤ[95] ਜਨਾ ਕੈ ਸੰਗਿ[96] ਦੂਖੁ[97] ਮਿਟਾਇਆ[98] ॥

Associating with the society[96] of the pious persons[95], I am rid of[98] my sufferings[97],

ਪਵਿੱਤ੍ਰ ਪੁਰਸ਼ਾਂ[95] ਦੀ ਸੰਗਤ[96] ਕਰਨ ਦੁਆਰਾ, ਮੈਂ ਆਪਣੀਆਂ ਤਕਲੀਫ਼ਾਂ[97] ਤੋਂ ਖ਼ਲਾਸੀ[98] ਪਾ ਗਿਆ ਹਾਂ ।

ਨਾਨਕ ਭਏ[99] ਅਚਿੰਤੁ[100] ਹਰਿ ਧਨੁ[2] ਨਿਹਚਲਾ ਇਆ[3] ॥੨੦॥

Obtaining the Imperishable[3] wealth[2] of God, Nanak has become[99] carefree[100].

ਵਾਹਿਗੁਰੂ ਦੀ ਅਬਿਨਾਸ਼ੀ[3] ਦੌਲਤ[2] ਪ੍ਰਾਪਤ ਕਰਕੇ ਨਾਨਕ ਨਿਸਚਿੰਤ[100] ਹੋ ਗਿਆ[99] ਹੈ ।

ਸਲੋਕ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਸ਼ਾਹੀ ।

ਖੇਤਿ[4] ਮਿਆਲਾ[5] ਉਚੀਆ[6] ਘਰੁ[7] ਉਚਾ[8] ਨਿਰਣਉ[9] ॥

Raising[6] the embankments[5] of my mind's field[4], I gaze[9] at the high[8] sky or mansion[7].

ਆਪਣੇ ਮਨ ਦੀ ਪੈਲੀ[4] ਦੀਆਂ ਵੱਟਾਂ[5] ਉੱਚੀਆਂ ਕਰਕੇ[6] ਮੈਂ ਬੁਲੰਦ[8] ਅਸਮਾਨ ਜਾਂ ਮੰਦਰ[7] ਵਲ ਤਕਦਾ[9] ਹਾਂ ।

ਮਹਲ[10] ਭਗਤੀ[12] ਘਰਿ[13] ਸਰੈ[14] ਸਜਣ[15] ਪਾਹੁਣਿਅਉ[16] ॥

When Divine devotion[12] enters[14] bride's[10] mind-home[13], the Friendly[15] Guest[16] pays her a visit.

ਜਦ ਈਸ਼ਵਰੀ ਅਨੁਰਾਗ[12] (ਪ੍ਰੇਮ) ਪਤਨੀ[10] ਦੇ ਹਿਰਦੇ ਗ੍ਰਿਹ[13] ਵਿਚ ਪ੍ਰਵੇਸ਼[14] ਕਰ ਜਾਂਦਾ ਹੈ, ਤਾਂ ਮਿੱਤ੍ਰ[15] ਪ੍ਰਾਹੁਣਾ[16] ਉਸ ਕੋਲ ਆ ਜਾਂਦਾ ਹੈ ।

ਬਰਸਨਾ[17] ਤ[18] ਬਰਸੁ[19] ਘਨਾ[20] ਬਹੁੜਿ[21] ਬਰਸਹਿ ਕਾਹਿ[22] ॥

O cloud[20], rain[19] if[18] ye art to rain[17], why[22] rain afterwards[21] when the season has passed ?

ਹੇ ਬੱਦਲ[20] ! ਵਰ੍ਹ[19], ਜੇਕਰ[18] ਤੂੰ ਵਰ੍ਹਨਾ[17] ਹੈ । ਮਗਰੋਂ[21] ਕੀ[22] ਵਰ੍ਹਨਾ ਹੋਇਆ, ਜਦ ਰੁੱਤ ਹੀ ਬੀਤ ਗਈ ?

ਨਾਨਕ ਤਿਨ੍[23] ਬਲਿਹਾਰਣੈ[24] ਜਿਨ੍[25] ਗੁਰਮੁਖਿ[26]ਪਾਇਆ[27] ਮਨ[28] ਮਾਹਿ[29] ॥੧॥

Nanak is sacrifice[24] unto those[23], who[25], through the Guru[26], enshrine[27] the Lord within[29] their mind[28].

ਨਾਨਕ ਉਨ੍ਹਾਂ[23] ਉੱਤੋਂ ਕੁਰਬਾਨ[24] ਜਾਂਦਾ ਹੈ, ਜੋ[25] ਗੁਰਾਂ ਦੇ ਰਾਹੀਂ[26] ਸੁਆਮੀ ਨੂੰ ਆਪਣੇ ਹਿਰਦੇ[28] ਅੰਦਰ[29] ਟਿਕਾਉਂਦੇ[27] ਹਨ ।

ਮਹਲਾ ੩ ॥

3rd Guru.

ਤੀਜੀ ਪਾਤਸ਼ਾਹੀ ।

ਮਿਠਾ ਸੋ[30] ਜੋ ਭਾਵਦਾ[31]

Sweet is that[30], which is pleasing[31]

ਮਿੱਠਾ ਉਹ[30] ਹੈ, ਜੋ ਚੰਗਾ ਲਗਦਾ[31] ਹੈ, ਅਤੇ ਮਿੱਤ੍ਰ[32]

ਸਜਣੁ[32] ਸੋ ਜਿ ਰਾਸਿ[33] ॥
ਨਾਨਕ ਗੁਰਮੁਖਿ[34] ਜਾਣੀਐ[35] ਜਾ[36] ਕਉ ਆਪਿ[37] ਕਰੇ ਪਰਗਾਸੁ[38] ॥੨॥

and a friend[32] is he who is sincere[33].
Nanak, he, whom[36] the Lord Himself[37] enlightens[38], is known[35] as the pious person[34].

ਉਹ ਹੈ, ਜੋ ਸੱਚਾ[33] ਹੈ।
ਨਾਨਕ, ਜਿਸ ਨੂੰ[36] ਪ੍ਰਭੂ ਆਪੇ[37] ਪ੍ਰਕਾਸ਼ ਕਰਦਾ[38] ਹੈ, ਉਹੀ ਪਵਿੱਤ੍ਰ ਪੁਰਸ਼[34] ਜਾਣਿਆ ਜਾਂਦਾ[35] ਹੈ।

ਪਉੜੀ ॥

Pauri.

ਪਉੜੀ।

ਪ੍ਰਭਿ ਪਾਸਿ[39] ਜਨ[40] ਕੀ ਅਰਦਾਸਿ[41] ਤੂ ਸਚਾ ਸਾਂਈ[42] ॥

To[39] Thee is Thine slave's[40] supplication[41], O Lord. Thou art my true Master[42].

ਤੇਰੇ ਕੋਲ[39] ਤੇਰੇ ਗੋਲੇ[40] ਦੀ ਪ੍ਰਾਰਥਨਾ[41] ਹੈ, ਹੇ ਸੁਆਮੀ! ਤੂੰ ਮੇਰਾ ਸੱਚਾ ਮਾਲਕ[42] ਹੈਂ।

ਤੂ ਰਖਵਾਲਾ[43] ਸਦਾ[44] ਸਦਾ ਹਉ[45] ਤੁਧੁ ਧਿਆਈ[46] ॥
ਜੀਅ ਜੰਤ[47] ਸਭਿ ਤੇਰਿਆ ਤੂ ਰਹਿਆ ਸਮਾਈ[48] ॥

Ever[44], ever Thou art my Protector[43]. I[45] meditate[46] on Thee.
Men and other beings[47] are all Thine and Thou art pervading[48] amongst them.

ਹਮੇਸ਼ਾ[44], ਹਮੇਸ਼ਾ ਹੀ ਤੂੰ ਮੇਰੀ ਰੱਖਿਆ ਕਰਨ ਵਾਲਾ[43] ਹੈਂ। ਮੈਂ[45] ਤੇਰਾ ਆਰਾਧਨ[46] ਕਰਦਾ ਹਾਂ।
ਇਨਸਾਨ ਅਤੇ ਹੋਰ ਜੀਵ[47] ਸਾਰੇ ਤੇਰੇ ਹਨ। ਤੂੰ ਉਨ੍ਹਾਂ ਅੰਦਰ ਵਿਆਪਕ[48] ਹੋ ਰਿਹਾ ਹੈਂ।

ਜੋ ਦਾਸ[49] ਤੇਰੇ ਕੀ ਨਿੰਦਾ[50] ਕਰੇ ਤਿਸੁ[51] ਮਾਰਿ[53] ਪਚਾਈ[52] ॥

He, who slanders[50] Thy attendant[49], him[51] Thou crusheth[53] and destroyest[52].

ਜਿਹੜਾ ਤੇਰੇ ਸੇਵਕ[49] ਦੀ ਬਦਖ਼ੋਈ[50] ਕਰਦਾ ਹੈ, ਉਸ[51] ਨੂੰ ਤੂੰ ਕੁਚਲ[53] ਕੇ ਨਾਸ[52] ਕਰ ਦਿੰਦਾ ਹੈਂ।

ਚਿੰਤਾ[54] ਛਡਿ[55] ਅਚਿੰਤੁ[56] ਰਹੁ ਨਾਨਕ ਲਗਿ[57] ਪਾਈ[58] ॥੨੧॥

By falling[57] at Thine feet[58], Nanak has forsaken[55] cares[54] and has become care-free[56].

ਤੇਰੇ ਪੈਰੀਂ[58] ਪੈ ਕੇ[57], ਨਾਨਕ ਨੇ ਫ਼ਿਕਰ[54] ਲਾਹ[55] ਦਿੱਤੇ ਹਨ ਅਤੇ ਬੇਫ਼ਿਕਰ[56] ਹੋ ਗਿਆ ਹੈ।

ਸਲੋਕ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਸ਼ਾਹੀ।

ਆਸਾ[59] ਕਰਤਾ[60] ਜਗੁ[61] ਮੁਆ[62] ਆਸਾ ਮਰੈ ਨ ਜਾਇ ॥

In building[60] hopes[59] the world[61] dies[62], but the hopes die not, nor depart.

ਉਮੈਦਾਂ[59] ਬੰਨ੍ਹਦਾ[60] ਹੋਇਆ ਜਹਾਨ[61] ਮਰ ਜਾਂਦਾ[62] ਹੈ। ਆਸਾਂ ਨਾ ਮਰਦੀਆਂ ਹਨ, ਨਾ ਹੀ ਜਾਂਦੀਆਂ ਹਨ।

ਨਾਨਕ ਆਸਾ ਪੂਰੀਆ[63] ਸਚੇ[64] ਸਿਉ[65] ਚਿਤੁ[66] ਲਾਇ[67] ॥੧॥

Nanak, hopes are fulfilled[63] by attaching[67] one's heart[66] to[65] the True Lord[64].

ਨਾਨਕ, ਸੱਚੇ ਸੁਆਮੀ[64] ਨਾਲ[65] ਦਿਲ[66] ਜੋੜਨ[67] ਦੁਆਰਾ ਉਮੈਦਾਂ ਪੂਰੀਆਂ ਹੋ ਜਾਂਦੀਆਂ[63] ਹਨ।

ਮਹਲਾ ੩ ॥

3rd Guru.

ਤੀਜੀ ਪਾਤਸ਼ਾਹੀ।

ਆਸਾ ਮਨਸਾ[68] ਮਰਿ ਜਾਇਸੀ[69] ਜਿਨਿ ਕੀਤੀ[70] ਸੋ[71] ਲੈ ਜਾਇ ॥

Hopes and desires[68] shall[69] die only when He[71], who produced[70] them, shall take them away.

ਉਮੈਦਾਂ ਅਤੇ ਖ਼ਾਹਿਸ਼ਾਂ[68] ਓਦੋਂ ਮਿੱਟ ਜਾਣਗੀਆਂ[69], ਜਦ, ਜਿਸ ਨੇ ਉਹ ਪੈਦਾ ਕੀਤੀਆਂ[70] ਹਨ, ਉਹ[71] ਉਨ੍ਹਾਂ ਨੂੰ ਲੈ ਜਾਊਗਾ, ਦੂਰ ਕਰੇਗਾ।

ਨਾਨਕ ਨਿਹਚਲੁ[72] ਕੋ ਨਹੀ ਬਾਝਹੁ[73] ਹਰਿ ਕੈ ਨਾਇ[74] ॥੨॥

Nanak, nothing is permanent[72], without[73] the God's Name[74].

ਨਾਨਕ, ਬਿਨਾ[73] ਵਾਹਿਗੁਰੂ ਦੇ ਨਾਮ[74] ਦੇ ਕੋਈ ਸ਼ੈ ਭੀ ਥਿਰ[72] ਨਹੀਂ।

ਪਉੜੀ ॥

Pauri.

ਪਉੜੀ।

ਆਪੇ[76] ਜਗਤੁ[77]

Through His perfect[79] workman-

ਆਪਣੀ ਪੂਰਨ[79] ਕਾਰੀਗਰੀ[80] ਰਾਹੀਂ ਸੁਆਮੀ ਨੇ

ਉਪਾਇਓਨੁ[78] ਕਰਿ ਪੂਰਾ[79] ਥਾਟੁ[80] ॥

ship[80], the Lord Himself[76] created[78] the world[77].

ਖ਼ੁਦ[76] ਹੀ ਸੰਸਾਰ[77] ਰੱਚਿਆ[78] ਹੈ ।

ਆਪੇ[81] ਸਾਹੁ[82] ਆਪੇ ਵਣਜਾਰਾ[83] ਆਪੇ ਹੀ ਹਰਿ ਹਾਟੁ[84] ॥

God Himself[81] is the Banker[82], Himself the Merchant[83] and Himself the Shop[84].

ਵਾਹਿਗੁਰੂ ਆਪ[81] ਸ਼ਾਹੂਕਾਰ[82] ਹੈ, ਆਪ ਵਾਪਾਰੀ[83] ਅਤੇ ਆਪ ਹੀ ਹੱਟੀ[84] ।

ਆਪੇ ਸਾਗਰੁ[85] ਆਪੇ ਬੋਹਿਥਾ[86] ਆਪੇ ਹੀ ਖੇਵਾਟੁ[87] ॥

He Himself is the ocean[85]. Himself the ship[86] and Himself the ferryman[87].

ਉਹ ਖ਼ੁਦ ਸਮੁੰਦਰ[85] ਹੈ, ਖ਼ੁਦ ਜਹਾਜ਼[86] ਅਤੇ ਖ਼ੁਦ ਹੀ ਮਲਾਹ[87] ।

ਆਪੇ ਗੁਰੁ ਚੇਲਾ[88] ਹੈ ਆਪੇ ਆਪੇ ਦਸੇ[89] ਘਾਟੁ[90] ॥

Himself the Lord is the Guru, Himself the disciple[88] and He Himself shows[89] the wharf[90].

ਸੁਆਮੀ ਆਪ ਗੁਰੂ ਹੈ, ਆਪ ਹੀ ਮੁਰੀਦ[88] ਅਤੇ ਆਪ ਹੀ ਪੱਤਣ[90] ਵਿਖਾਲਦਾ[89] ਹੈ ।

ਜਨ[91] ਨਾਨਕ ਨਾਮੁ ਧਿਆਇ[92] ਤੂ ਸਭਿ[93] ਕਿਲਵਿਖ[94] ਕਾਟੁ[95] ॥੨੨॥ ੧॥ਸੁਧੁ

O Slave[91] Nanak, meditate[92] thou on the Name, that all[93] thy sins[94] may be eradicated[95].

ਹੇ ਗੋਲੇ[91] ਨਾਨਕ ! ਤੂੰ ਨਾਮ ਦਾ ਸਿਮਰਨ[92] ਕਰ, ਤਾਂ ਜੋ ਤੇਰੇ ਸਮੂਹ[93] ਪਾਪ[94] ਕੱਟੇ ਜਾਣ[95] ।

ਰਾਗੁ ਗੂਜਰੀ ਵਾਰ ਮਹਲਾ ੫

Gujri Measure. A dirge.
5th Guru.

ਰਾਗ ਗੂਜਰੀ ਮਰਸੀਆ ।
ਪੰਜਵੀਂ ਪਾਤਸ਼ਾਹੀ ।

੧ ੴ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ ।

ਸਲੋਕੁ ਮਹਲਾ ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ ।

ਅੰਤਰਿ[96] ਗੁਰੁ ਆਰਾਧਣਾ[97] ਜਿਹਵਾ[98] ਜਪਿ[99] ਗੁਰ ਨਾਉ[100] ॥

Within thy mind[96], contemplate[97] thou on the Guru and with thy tongue[98], utter[99] the Guru's Name[100].

ਆਪਣੇ ਚਿੱਤ[96] ਅੰਦਰ ਤੂੰ ਗੁਰਾਂ ਦਾ ਚਿੰਤਨ[97] ਕਰ ਅਤੇ ਆਪਣੀ ਜੀਭ[98] ਨਾਲ ਗੁਰਾਂ ਦਾ ਨਾਮ[100] ਉਚਾਰਨ[99] ਕਰ ।

ਨੇਤ੍ਰੀ[2] ਸਤਿਗੁਰੁ ਪੇਖਣਾ[3] ਸ੍ਰਵਣੀ[4] ਸੁਣਨਾ[5] ਗੁਰ ਨਾਉ ॥

With thine eyes[2], behold[3] the True Guru and with thine ears[4], hear[5] the Guru's Name.

ਆਪਣੀਆਂ ਅੱਖਾਂ[2] ਨਾਲ ਸੱਚੇ ਗੁਰਾਂ ਨੂੰ ਦੇਖ[3] ਅਤੇ ਆਪਣੇ ਕੰਨਾਂ[4] ਨਾਲ ਗੁਰਾਂ ਦਾ ਨਾਉਂ ਸ੍ਰਵਨ[5] ਕਰ ।

ਸਤਿਗੁਰ ਸੇਤੀ[6] ਰਤਿਆ[7] ਦਰਗਹ[8] ਪਾਈਐ[9] ਠਾਉ[10] ॥

Being imbued[7] with[6] the True Guru, thou shalt find[9] a seat[10] in the Lord's court[8].

ਸੱਚੇ ਗੁਰਾਂ ਨਾਲ[6] ਰੰਗੀਜਣ[7] ਦੁਆਰਾ, ਤੈਨੂੰ ਸਾਹਿਬ ਦੇ ਦਰਬਾਰ[8] ਵਿਚ ਟਿਕਾਣਾ[10] ਮਿਲ ਜਾਊਗਾ[9] ।

ਕਹੁ[12] ਨਾਨਕ ਕਿਰਪਾ[13] ਕਰੇ[14] ਜਿਸ ਨੋ[15] ਏਹ ਵਥੁ[16] ਦੇਇ[17] ॥

Says[12] Nanak, the Lord gives[17] this commodity[16] to him, on whom[15] He showers[14] His benediction[13].

ਗੁਰੂ ਜੀ ਫ਼ਰਮਾਉਂਦੇ[12] ਹਨ, ਸਾਹਿਬ ਇਹ ਵਸਤੂ[16] ਉਸ ਨੂੰ ਦਿੰਦਾ[17] ਹੈ, ਜਿਸ ਉਤੇ[15] ਉਹ ਆਪਣੀ ਰਹਿਮਤ[13] ਕਰਦਾ[14] ਹੈ ।

ਜਗ[18] ਮਹਿ[19] ਉਤਮ[20]

Rare[22], very rare, indeed[23], are such

ਥੋੜੇ[22], ਸੱਚ ਮੁੱਚ ਬਹੁਤ ਹੀ ਥੋੜੇ[23], ਐਸੇ ਪੁਰਸ਼ ਹਨ ਜੋ

ਕਾਢੀਅਹਿ[21] ਵਿਰਲੇ[22] ਕੋਈ ਕੋਇ[23] ॥੧॥	persons, who are said[21] to be good men[20], in[19] the world[18].	ਜਹਾਨ[18] ਅੰਦਰ[19] ਨੇਕ-ਬੰਦੇ[20] ਆਖੇ ਜਾਂਦੇ[21] ਹਨ।
ਮਹਲਾ ੫ ॥	5th Guru.	ਪੰਜਵੀਂ ਪਾਤਸ਼ਾਹੀ।
ਰਖੇ[24] ਰਖਣਹਾਰਿ[25] ਆਪਿ[26] ਉਬਾਰਿਅਨੁ[27] ॥	The Saviour[25] has saved[24] me and He Himself[26] has redeemed[27] me.	ਬਚਾਉਣ ਵਾਲੇ[25] ਨੇ ਮੈਨੂੰ ਬਚਾ ਲਿਆ[24] ਹੈ। ਉਸ ਨੇ ਆਪੇ[26] ਹੀ ਮੇਰਾ ਪਾਰ-ਉਤਾਰਾ ਕਰ ਦਿੱਤਾ[27] ਹੈ।
ਗੁਰ ਕੀ ਪੈਰੀ[28] ਪਾਇ[29] ਕਾਜ[30] ਸਵਾਰਿਅਨੁ[31] ॥	Falling[29] at the Guru's Feet[28], mine affairs[30] have been adjusted[31].	ਗੁਰਾਂ ਦੇ ਪੈਰੀਂ[28] ਪੈ ਕੇ[29], ਮੇਰੇ ਕਾਰਜ[30] ਰਾਸ ਹੋ ਗਏ[31] ਹਨ।
ਹੋਆ ਆਪਿ ਦਇਆਲੁ[32] ਮਨਹੁ[33] ਨ ਵਿਸਾਰਿਅਨੁ[34]॥	When the Lord Himself becomes compassionate[32], within my mind[33], I forget[34] Him not.	ਜਦ ਸਾਹਿਬ ਖ਼ੁਦ ਮਿਹਰਬਾਨ[32] ਹੋ ਜਾਂਦਾ ਹੈ, ਤਦ ਮੈਂ ਆਪਣੇ ਚਿੱਤੋਂ[33], ਉਸ ਨੂੰ, ਨਹੀਂ ਭੁਲਾਉਂਦਾ[34]।
ਸਾਧ[35] ਜਨਾ ਕੈ ਸੰਗਿ[36] [37]ਭਵਜਲੁ[38] ਤਾਰਿਅਨੁ[39]॥	In the society[36] of the holymen[35], I have crossed[39] the life's dreadful[37] ocean[38].	ਨੇਕ ਬੰਦਿਆਂ[35] ਦੀ ਸੰਗਤ[36] ਅੰਦਰ ਮੈਂ ਜੀਵਨ ਦੇ ਭਿਆਨਕ[37] ਸਮੁੰਦਰ[38] ਤੋਂ ਪਾਰ ਹੋ ਗਿਆ[39] ਹਾਂ।
ਸਾਕਤ[40] ਨਿੰਦਕ[41] ਦੁਸਟ[42] ਖਿਨ[43] ਮਾਹਿ[44] ਬਿਦਾਰਿਅਨੁ[45] ॥	The apsotates[40], slanderers[41] and miscreants[42], the Lord has destroyed[45] in[44] an instant[43].	ਅਧਰਮੀਆਂ[40], ਬਦਖ਼ੋਈ ਕਰਨ ਵਾਲਿਆਂ[41] ਅਤੇ ਮੰਦ-ਕਰਮੀਆਂ[42] ਨੂੰ ਸਾਹਿਬ ਨੇ ਇਕ ਮੁਹਤ[43] ਵਿੱਚ[44] ਨਾਸ[45] ਕਰ ਦਿੱਤਾ ਹੈ।
ਤਿਸੁ[46] ਸਾਹਿਬ ਕੀ ਟੇਕ[47] ਨਾਨਕ ਮਨੈ[48] ਮਾਹਿ ॥ ਜਿਸੁ ਸਿਮਰਤ[49] ਸੁਖੁ[50] ਹੋਇ ਸਗਲੇ[51] ਦੂਖ[52] ਜਾਹਿ[53] ॥ ੨॥	In his mind[48], Nanak has the mainstay[47] of the[46] Lord, by remembering[49] whom, peace[50] is obtained and all[51] the troubles[52] vanish[53].	ਨਾਨਕ ਦੇ ਹਿਰਦੇ[48] ਅੰਦਰ ਉਸ[46] ਸੁਆਮੀ ਦਾ ਆਸਰਾ[47] ਹੈ, ਜਿਸ ਦਾ ਆਰਾਧਨ[49] ਕਰਨ ਦੁਆਰਾ ਆਰਾਮ[50] ਮਿਲਦਾ ਹੈ ਤੇ ਸਾਰੇ[51] ਦੁਖੜੇ[52] ਦੂਰ ਹੋ ਜਾਂਦੇ[53] ਹਨ।
੫੧੮		
ਪਉੜੀ ॥	Pauri.	ਪਉੜੀ।
ਅਕੁਲ[54] ਨਿਰੰਜਨ[55] ਪੁਰਖੁ[56] ਅਗਮੁ[57] ਅਪਾਰੀਐ[58] ॥	Unlineal[54], Immaculate[55], Omnipotent[56], Unapproachable[57] and Infinite[58] is the Lord.	ਵੰਸ-ਰਹਿਤ[54], ਪਵਿੱਤ੍ਰ[55], ਸਰਬ-ਸ਼ਕਤੀਵਾਨ[56], ਪਹੁੰਚ ਤੋਂ ਪਰੇ[57] ਅਤੇ ਬੇਅੰਤ[58] ਹੈ ਸੁਆਮੀ।
ਸਚੋ ਸਚਾ[59] ਸਚੁ[60] ਸਚੁ[61] ਨਿਹਾਰੀਐ[62] ॥	Verily[61], the True Lord[60] is seen[62] to be the Truest of the true[59].	ਹਕੀਕਤ[61] ਵਿੱਚ, ਸੱਚਾ ਸਾਹਿਬ[60], ਸੱਚਿਆਂ ਵਿੱਚੋਂ ਪਰਮ ਸੱਚਾ[59] ਵੇਖਿਆ ਜਾਂਦਾ[62] ਹੈ।
ਕੂੜੁ[63] ਨ ਜਾਪੈ[64] ਕਿਛੁ ਤੇਰੀ ਧਾਰੀਐ[65] ॥	Nothing, installed[65] by Thee, appears[64] to be false[63].	ਤੇਰੀ ਅਸਥਾਪਨ[65] ਕੀਤੀ ਹੋਈ ਕੋਈ ਸ਼ੈ ਭੀ ਝੂਠੀ[63] ਨਹੀਂ ਲਗਦੀ[64]।
ਸਭਸੈ[66] ਦੇ[67] ਦਾਤਾਰੁ[68] ਜੇਤ[69] ਉਪਾਰੀਐ[70] ॥	The Giver[68] gives[67] sustenance to all[66], whom[69], He has created[70].	ਦਾਤਾ[68] ਸਾਰਿਆਂ[66] ਨੂੰ ਰੋਜ਼ੀ ਦਿੰਦਾ[67] ਹੈ, ਜਿਨ੍ਹਾਂ[69] ਨੂੰ ਉਸ ਨੇ ਪੈਦਾ ਕੀਤਾ[70] ਹੈ।
ਇਕਤੁ[71] ਸੂਤਿ[72] ਪਰੋਇ[73] ਜੋਤਿ[74] ਸੰਜਾਰੀਐ[75] ॥	String[73] all only on one[71] thread[72]; He has infused[75]His light[74] amongst them.	ਸਾਰਿਆਂ ਨੂੰ ਇੱਕ[71] ਹੀ ਧਾਗੇ[72]ਅੰਦਰ ਪਰੋ ਕੇ[73],ਉਸ ਨੇ ਉਨ੍ਹਾਂ ਅੰਦਰ ਆਪਣਾ ਪ੍ਰਕਾਸ਼[74] ਵਸਾਇਆ[75] ਹੈ।
ਹੁਕਮੇ[76] [77]ਭਵਜਲ[78] ਮੰਝਿ[79]	By His will[76], some drown in[79] the	ਉਸ ਦੀ ਰਜ਼ਾ[76] ਦੁਆਰਾ ਕਈ ਭਿਆਨਕ[77] ਸਮੁੰਦਰ[78]

ਹੁਕਮੇ ਤਾਰੀਐ[80] ॥

terrible[77] ocean[78], and by His will some ferry across[80].

ਵਿੱਚ[79] ਡੁੱਬ ਜਾਂਦੇ ਹਨ ਅਤੇ ਉਸ ਦੀ ਰਜ਼ਾ ਦੁਆਰਾ ਕਈ ਪਾਰ ਉੱਤਰ ਜਾਂਦੇ[80] ਹਨ ।

ਪ੍ਰਭ ਜੀਉ[81] ਤੁਧੁ ਧਿਆਏ[82] ਸੋਇ[83] ਜਿਸੁ ਭਾਗੁ[84] ਮਥਾਰੀਐ[85] ॥

O Sire[81] Master, he[83] alone meditates[82] on Thee, on whose forehead[85] good fortune[84] is recorded.

ਹੇ ਮਹਾਰਾਜ[81] ਮਾਲਕ ! ਕੇਵਲ ਉਹੀ[83]ਤੇਰਾ ਸਿਮਰਨ[82] ਕਰਦਾ ਹੈ, ਜਿਸ ਦੇ ਮੱਥੇ[85] ਉੱਤੇ ਚੰਗੀ ਕਿਸਮਤ[84] ਲਿਖੀ ਹੋਈ ਹੈ ।

ਤੇਰੀ ਗਤਿ[86] ਮਿਤਿ[87] ਲਖੀ[88] ਨ ਜਾਇ ਹਉ[89] ਤੁਧੁ ਬਲਿਹਾਰੀਐ[90] ॥੧॥

Thine condition[86] and extent[87] cannot be known[88]. I[89] am a sacrifice[90] unto Thee.

ਤੇਰੀ ਅਵਸਥਾ[86] ਅਤੇ ਵਿਸਥਾਰ[87] ਜਾਣੇ[88] ਨਹੀਂ ਜਾ ਸਕਦੇ । ਮੈਂ[89] ਤੇਰੇ ਉਤੋਂ ਕੁਰਬਾਨ[90] ਵੰਞਦਾ ਹਾਂ ।

ਸਲੋਕੁ ਮਹਲਾ ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ ।

ਜਾ[91] ਤੂੰ ਤੁਸਹਿ[92] ਮਿਹਰਵਾਨ[93] ਅਚਿੰਤੁ[94] ਵਸਹਿ[95] ਮਨ[96] ਮਾਹਿ ॥

When[91] Thou art pleased[92], O Kind Lord[93], Thou unexpectedly[94] dwellest[95] in my mind[96].

ਜਦ[91] ਤੂੰ ਪ੍ਰਸੰਨ[92] ਹੋ ਜਾਂਦਾ ਹੈਂ, ਹੇ ਦਇਆਵਾਨ[93] ਸਾਹਿਬ ! ਤਾਂ ਤੂੰ ਬੇ-ਖ਼ਬਰ[94] ਹੀ ਮੇਰੇ ਰਿਦੇ[96] ਵਿੱਚ ਟਿਕ ਜਾਂਦਾ[95] ਹੈਂ ।

ਜਾ ਤੂੰ ਤੁਸਹਿ ਮਿਹਰਵਾਨ ਨਉਨਿਧਿ[97] ਘਰ[98] ਮਹਿ[99] ਪਾਹਿ[100] ॥

When Thou art pleased. O Kind Lord, I obtain[100] the nine treasures[97] in[99] my own home[98].

ਜਦ ਤੂੰ ਪ੍ਰਸੰਨ ਥੀ ਵੰਞਦਾ ਹੈਂ, ਹੇ ਦਇਆਵਾਨ ਸਾਹਿਬ ! ਤਾਂ ਮੈਂ ਆਪਣੇ ਨਿੱਜ ਦੇ ਗ੍ਰਿਹ[98] ਅੰਦਰ[99] ਹੀ ਨੌ ਖ਼ਜ਼ਾਨੇ[97] ਪਾ ਲੈਂਦਾ[100] ਹਾਂ ।

ਜਾ ਤੂੰ ਤੁਸਹਿ ਮਿਹਰਵਾਨ ਤਾ[2] ਗੁਰ ਕਾ ਮੰਤ੍ਰੁ[3] ਕਮਾਹਿ[4] ॥

When Thou art pleased, O Kind Lord, then[2] I act[4] according to the Guru's instruction[3].

ਜਦ ਤੂੰ ਪ੍ਰਸੰਨ ਹੋ ਵੰਞਦਾ ਹੈਂ, ਹੇ ਦਿਆਲੂ ਸੁਆਮੀ ! ਤਦ[2] ਮੈਂ ਗੁਰਾਂ ਦੇ ਉਪਦੇਸ਼[3] ਦੀ ਕਮਾਈ[4] ਕਰਦਾ ਹਾਂ ।

ਜਾ ਤੂੰ ਤੁਸਹਿ ਮਿਹਰਵਾਨ ਤਾ ਨਾਨਕ ਸਚਿ[5] ਸਮਾਹਿ[6] ॥੧॥

When Thou art pleased, O Merciful Master, then Nanak is absorbed[6] in the True One[5].

ਜਦ ਤੂੰ ਪ੍ਰਸੰਨ ਹੋ ਜਾਂਦਾ ਹੈਂ, ਹੇ ਮਇਆਵਾਨ ਮਾਲਕ ! ਤਦ ਨਾਨਕ ਸੱਚ ਸਰੂਪ ਵਾਹਿਗੁਰੂ[5] ਵਿਚ ਲੀਨ[6] ਹੋ ਜਾਂਦਾ ਹੈ ।

ਮਹਲਾ ੫ ॥

5th Guru.

ਪੰਜਵੀਂ ਪਾਤਸ਼ਾਹੀ ।

ਕਿਤੀ[7] ਬੈਹਨਿ[8] ਬੈਹਣੇ[9] ਮੁਚੁ[10] ਵਜਾਇਨਿ[12]ਵਜ[13]॥

Many[7] sit[8] on thrones[9] and have the play of good many[10] musical instruments[13].

ਬਹੁਤੇ[7] ਰਾਜ-ਸਿੰਘਾਸਣਾਂ[9] ਤੇ ਬੈਠਦੇ[8] ਹਨ ਅਤੇ ਉਨ੍ਹਾਂ ਲਈ ਘਣੇਰੇ[10] ਸੰਗੀਤਕ ਸਾਜ਼[13] ਵੱਜਦੇ[12] ਹਨ ।

ਨਾਨਕ ਸਚੇ ਨਾਮ ਵਿਣੁ[14] ਕਿਸੈ ਨ ਰਹੀਆ[15] ਲਜ[16] ॥ ੨॥

Nanak, without[14] the True Name, no body's honour[16] has been safe[15].

ਨਾਨਕ, ਸੱਚੇ ਨਾਮ ਦੇ ਬਾਝੋਂ[14] ਕਿਸੇ ਦੀ ਭੀ ਇੱਜ਼ਤ ਆਬਰੂ[16] ਨਹੀਂ ਬਚੀ[15] ।

ਪਉੜੀ ॥

Pauri.

ਪਉੜੀ ।

ਤੁਧੁ ਧਿਆਇਨਿ[17] ਬੇਦ ਕਤੇਬਾ[18] ਸਣੁ[19] ਖੜੇ[20] ॥

Standing[20] with[19] Vedas and semitic scriptures[18] at Thy door, the mortals contemplate[17] on Thee.

ਵੇਦਾਂ ਅਤੇ ਸੈਮਿਟਿਕ ਧਾਰਮਕ ਪੁਸਤਕਾਂ[18] ਸਮੇਤ[19] ਤੇਰੇ ਦਰ ਤੇ ਖਲੋਤੇ[20] ਹੋਏ ਪ੍ਰਾਣੀ ਤੇਰਾ ਆਰਾਧਨ ਕਰਦੇ[17] ਹਨ ।

ਗਣਤੀ[21] ਗਣੀ ਨ ਜਾਇ ਤੇਰੈ ਦਰਿ[22] ਪੜੇ[23] ॥

Counting[21] of those is not possible who lie prostrate[23] at Thine door[22].

ਉਨ੍ਹਾਂ ਦੀ ਗਿਣਤੀ[21] ਨਹੀਂ ਹੋ ਸਕਦੀ, ਜਿਹੜੇ ਤੇਰੇ ਬੂਹੇ[22] ਤੇ ਲੰਮੇ ਪਏ[23] ਹਨ ।

ਬ੍ਰਹਮੇ[24] ਤੁਧੁ ਧਿਆਇਨਿ[25]

The god of creation[24] deliberates[25]

ਉਤਪਤੀ ਦਾ ਦੇਵ[24] ਤੇਰਾ ਆਰਾਧਨ[25] ਕਰਦਾ ਹੈ, ਏਸੇ

ਇੰਦ੍ਰ[26] ਇੰਦ੍ਰਾਸਣਾ[27] ॥
ਸੰਕਰ[28] ਬਿਸਨ[29] ਅਵਤਾਰ[30]
ਹਰਿ ਜਸੁ[31] ਮੁਖਿ[32] ਭਣਾ[33]॥

over Thee, as does the god of rain[26] on his throne[27]. The god of death[28], god of nutrition[29] and incarnations[30] utter[33] God's praise[31], with their mouth[32].

ਤਰ੍ਹਾਂ ਹੀ ਆਰਾਧਦਾ ਹੈ, ਆਪਣੇ ਤਖ਼ਤ[27] ਉੱਤੇ ਬੈਠਾ, ਮੀਂਹ ਦਾ ਦੇਵਤਾ[26], ਮੌਤ ਦਾ ਦੇਵਤਾ[28], ਪਾਲਣ-ਪੋਸਣ ਦਾ ਦੇਵਤਾ[29] ਅਤੇ ਅਉਤਾਰ[30] ਆਪਣੇ ਮੂੰਹ[32] ਨਾਲ ਤੇਰੀ ਕੀਰਤੀ[31] ਉਚਾਰਨ ਕਰਦੇ[33] ਹਨ ।

ਪੀਰ[34] ਪਿਕਾਬਰ[35] ਸੇਖ[36]
ਮਸਾਇਕ[37] ਅਉਲੀਏ[38] ॥

The spiritual guides[34], prophets[35], religious instructors[36], seers[37] and men of miracles[38], meditate on Thee.

ਰੂਹਾਨੀ ਰਹਿਬਰ[34],ਨਬੀ ਰਸੂਲ[35],ਧਾਰਮਕ ਉਪਦੇਸ਼ਕ[36], ਸਮੂਹ ਸ਼ੇਖ[37] ਅਤੇ ਕਰਾਮਾਤੀ ਬੰਦੇ[38], ਤੇਰਾ ਸਿਮਰਨ ਕਰਦੇ ਹਨ ।

ਓਤਿ[39] ਪੋਤਿ[40] ਨਿਰੰਕਾਰ[41]
ਘਟਿ ਘਟਿ[42] ਮਉਲੀਏ[43] ॥

Like wrap[39] and woof[40], the Formless[41] Lord is woven[43] into all the hearts[42].

ਤਾਣੇ[39] ਤੇ ਪੇਟੇ[40] ਦੀ ਮਾਨੰਦ ਸਰੂਪ-ਰਹਿਤ[41] ਸੁਆਮੀ ਸਾਰਿਆਂ ਦਿਲਾਂ[42] ਅੰਦਰ ਉਣਿਆ[43] ਹੋਇਆ ਹੈ ।

ਕੂੜਹੁ[44] ਕਰੇ ਵਿਣਾਸੁ[45]
ਧਰਮੇ[45*] ਤਗੀਐ[46] ॥

Through falsehood[44], the man is destroyed[45] and through righteousness[45*], he prospers[46].

ਝੂਠ[44] ਦੇ ਰਾਹੀਂ ਬੰਦਾ ਤਬਾਹ[45] ਹੋ ਜਾਂਦਾ ਹੈ ਅਤੇ ਰਾਸਤੀ[45*] (ਸਚਾਈ) ਦੇ ਰਸਤੇ ਉਹ ਵਧਦਾ ਫੂਲਦਾ[46] ਹੈ ।

ਜਿਤੁ ਜਿਤੁ[47] ਲਾਇਹਿ[48]
ਆਪਿ[49] ਤਿਤੁ ਤਿਤੁ[50]
ਲਗੀਐ ॥੨॥

Whithersoever[47] the Lord Himself[49] yokes[48] the man, thither[50] is he yoked.

ਜਿੱਥੇ ਕਿਤੇ ਭੀ[47] ਸਾਹਿਬ ਖ਼ੁਦ[49] ਬੰਦੇ ਨੂੰ ਜੋੜਦਾ[48] ਹੈ, ਉਧਰ[50] ਹੀ ਉਹ ਜੁੜ ਜਾਂਦਾ ਹੈ ।

ਸਲੋਕੁ ਮਹਲਾ ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ ।

ਚੰਗਿਆਈਂ[51] ਆਲਕੁ[52] ਕਰੇ
ਬੁਰਿਆਈਂ[53] ਹੋਇ ਸੇਰੁ[54] ॥

The man is indolent[52] to do good[51], but he is a tiger[54] to do evil[53].

ਆਦਮੀ ਨੇਕੀ[51] ਕਰਨ ਨੂੰ ਸੁਸਤ[52] ਹੈ, ਪ੍ਰੰਤੂ ਬਦੀ[53] ਕਰਨ ਲਈ ਉਹ ਸ਼ੇਰ[54] ਹੈ ।

ਨਾਨਕ ਅਜੁ[55] ਕਲਿ[56]
ਆਵਸੀ[57] ਗਾਫਲ[58] ਫਾਹੀ[59]
ਪੇਰੁ[60] ॥੧॥

Nanak, today[55] or tomorrow[56], the feet[60] of the heedless person[58] shall fall[57] into a trap[59].

ਨਾਨਕ ਅੱਜ[55] ਜਾਂ ਭਲਕੇ[56] ਬੇਪਰਵਾਹ ਬੰਦੇ[58] ਦੇ ਪੈਰਾਂ[60] ਵਿਚ ਬੇੜੀ[59] ਪੈ ਜਾਵੇਗੀ[57] ।

ਮਹਲਾ ੫ ॥

5th Guru.

ਪੰਜਵੀਂ ਪਾਤਸ਼ਾਹੀ ।

ਕਿਤੀਆ[61] [62]ਕੁਢੰਗ[63] ਗੁਝਾ
ਥੀਐ[64] ਨ ਹਿਤੁ[65] ॥

However[61] evil[62] are my ways[63], but Thy love[65], O Lord, for me is not hidden[64].

ਕਿੰਨੇ ਹੀ[61] ਮੰਦੇ[62] ਹਨ, ਮੇਰੇ ਚਾਲੇ[63], ਪਰ ਤੇਰਾ ਪ੍ਰੇਮ[65], ਹੇ ਸੁਆਮੀ ! ਮੇਰੇ ਲਈ ਲੁੱਕਿਆ ਛਿਪਿਆ[64] ਨਹੀਂ ।

ਨਾਨਕ ਤੈ ਸਹਿ[66] ਢਕਿਆ[67]
ਮਨ[68] ਮਹਿ[69] ਸਚਾ ਮਿਤੁ[70]॥
੨॥

Thou O Lord[66], the true Friend[70], who abides in[69] my mind[68], hast screened[67] Nanak's short comings.

ਤੂੰ, ਹੇ ਸੱਚੇ ਮਿੱਤ੍ਰ[70] ਸੁਆਮੀ[66] ! ਜੋ ਮੇਰੇ ਚਿੱਤ[68] ਵਿੱਚ[69] ਵਸਦਾ ਹੈਂ, ਨਾਨਕ ਦੀਆਂ ਕਮਜ਼ੋਰੀਆਂ ਨੂੰ ਕੱਜ ਲਿਆ[67] ਹੈ ।

ਪਉੜੀ ॥

Pauri.

ਪਉੜੀ ।

ਹਉ[71] ਮਾਗਉ[72] ਤੁਝੈ
ਦਇਆਲ[73] ਕਰਿ[74] ਦਾਸਾ[75]
ਗੋਲਿਆ[76] ॥

My Merciful Master[73], I[71] beg[72] of Thee to make[74] me a slave[76] of Thine attendants[75].

ਮੇਰੇ ਮਿਹਰਬਾਨ ਮਾਲਕ[73] ! ਮੈਂ[71] ਤੇਰੇ ਕੋਲੋਂ ਇਹ ਖ਼ੈਰ ਮੰਗਦਾ[72] ਹਾਂ ਕਿ ਮੈਨੂੰ ਆਪਣੇ ਸੇਵਕਾਂ[75] ਦਾ ਗ਼ੁਲਾਮ[76] ਬਣਾ[74] ਦੇ ।

ਨਉ ਨਿਧਿ[77] ਪਾਈ[78] ਰਾਜੁ[79] ਜੀਵਾ[80] ਬੋਲਿਆ[81] ॥

By uttering[81] Thy Name I sustain life[80], obtain[78] nine treasures[77] and sovereignty[79].

ਤੇਰੇ ਨਾਮ ਦਾ ਉਚਾਰਨ[81] ਕਰਨ ਦੁਆਰਾ, ਮੈਂ ਜੀਉਂਦਾ[80] ਹਾਂ ਅਤੇ ਨੌ ਖ਼ਜ਼ਾਨੇ[77] ਤੇ ਪਾਤਸ਼ਾਹੀ[79] ਪ੍ਰਾਪਤ[78] ਕਰਦਾ ਹਾਂ।

ਅੰਮ੍ਰਿਤ[82] ਨਾਮ ਨਿਧਾਨੁ[83] ਦਾਸਾ[84] ਘਰਿ[85] ਘਣਾ[86] ॥

In the home[85] of God's serfs[84], is the big[86] treasure[83] of the ambrosial[82] Name.

ਵਾਹਿਗੁਰੂ ਦੇ ਗੋਲਿਆ[84] ਦੇ ਗ੍ਰਿਹ[85] ਵਿਚ ਸੂਧਾ ਸਰੂਪ[82] (ਅੰਮ੍ਰਿਤ) ਨਾਮ ਦਾ ਭਾਰੀ[86] ਖ਼ਜ਼ਾਨਾ[83] ਹੈ।

ਤਿਨ[87] ਕੈ ਸੰਗਿ[88] ਨਿਹਾਲੁ[89] ਸ੍ਰਵਣੀ[90] ਜਸੁ[91] ਸੁਣਾ[92] ॥

By hearing[92] Thine praise[91] with my ears[90], in their[87] association[88], I am mightily pleased[89].

ਉਨ੍ਹਾਂ[87] ਦੀ ਸੰਗਤ[88] ਅੰਦਰ, ਆਪਣੇ ਕੰਨਾਂ[90] ਨਾਲ ਤੇਰੀ ਕੀਰਤੀ[91] ਸੁਣ ਕੇ[92], ਮੈਂ ਪਰਮ ਪਰਸੰਨ[89] ਹੋ ਗਿਆ ਹਾਂ।

ਕਮਾਵਾ[93] ਤਿਨ ਕੀ ਕਾਰ[94] ਸਰੀਰੁ[95] ਪਵਿਤੁ[96] ਹੋਇ ॥

By performing[93] their service[94], my body[95] is purified[96].

ਉਨ੍ਹਾਂ ਦੀ ਘਾਲ[94] ਕਮਾਉਣ[93] ਦੁਆਰਾ ਮੇਰੀ ਦੇਹ[95] ਪਾਵਨ[96] ਹੋ ਗਈ ਹੈ।

ਪਖਾ[97] ਪਾਣੀ[98] ਪੀਸਿ[99] ਬਿਗਸਾ[100] ਪੈਰ[2] ਧੋਇ[3] ॥

I cool them with a fan[97], carry water[98] for them, grind[99] their corn and am over-joyed[100] by washing[3] their feet[2].

ਮੈਂ ਉਨ੍ਹਾਂ ਨੂੰ ਪੱਖਾ[97] ਝਲਦਾ ਹਾਂ, ਉਨ੍ਹਾਂ ਲਈ ਜਲ[98] ਢੋਂਦਾ ਹਾਂ, ਉਨ੍ਹਾਂ ਦੇ ਦਾਣੇ ਪੀਂਹਦਾ[99] ਹਾਂ ਤੇ ਉਨ੍ਹਾਂ ਦੇ ਚਰਨ[2] ਧੋ ਕੇ[3] ਪਰਮ ਪ੍ਰਸੰਨ[100] ਹੁੰਦਾ ਹਾਂ।

ਆਪਹੁ[4] ਕਛੂ ਨ ਹੋਇ ਪ੍ਰਭ ਨਦਰਿ[5] ਨਿਹਾਲੀਐ[6] ॥

By myself[4] I can do nothing. My Master look[6] Thou towards me with Thy merciful glance[5].

ਆਪਣੇ ਆਪ[4] ਮੈਂ ਕੁੱਛ ਭੀ ਨਹੀਂ ਕਰ ਸਕਦਾ। ਮੇਰੇ ਮਾਲਕ ਤੂੰ ਮੇਰੇ ਵਲ ਆਪਣੀ ਮਿਹਰ ਦੀ ਨਜ਼ਰ[5] ਨਾਲ ਵੇਖ[6]।

ਮੋਹਿ[7] ਨਿਰਗੁਣ[8] ਦਿਚੈ[9] ਥਾਉ[10] ਸੰਤ ਧਰਮ[12] ਸਾਲੀਐ[13] ॥੩॥

Bless[9] me[7], a sinner[8] with a seat[10] in the saints' place[13] of piety[12], O Lord.

ਮੈਂ[7] ਪਾਪੀ[8], ਨੂੰ ਸਾਧੂਆਂ ਦੇ ਪਵਿੱਤਰ[12] ਅਸਥਾਨ[13] (ਧਰਮਸਾਲਾ) ਵਿਚ ਟਿਕਾਣੇ[10] ਦੀ ਦਾਤ ਦੇ[9], ਹੇ ਸੁਆਮੀ!

ਸਲੋਕ ਮਹਲਾ ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ।

ਸਾਜਨ[14] ਤੇਰੇ ਚਰਨ[15] ਕੀ ਹੋਇ ਰਹਾ ਸਦ[16] ਧੂਰਿ[17] ॥

My friend[14], may I ever[16] be the dust[17] of Thine Feet[15].

ਮੇਰੇ ਮਿੱਤ੍ਰ[14], ਮੈਂ ਹਮੇਸ਼ਾ[16] ਹੀ ਤੇਰੇ ਪੈਰਾਂ[15] ਦੀ ਧੂੜ[17] ਬਣਿਆ ਰਹਾਂ।

ਨਾਨਕ ਸਰਣਿ[18] ਤੁਹਾਰੀਆ ਪੇਖਉ[19] ਸਦਾ[20] ਹਜੂਰਿ[21] ॥ ੧॥

Nanak has entered Thine sanctuary[18] and sees[19] Thee ever[20] face to face[21].

ਨਾਨਕ ਨੇ ਤੇਰੀ ਸ਼ਰਣ[18] ਸੰਭਾਲੀ ਹੈ ਅਤੇ ਉਹ ਸਦੀਵ[20] ਹੀ ਤੈਨੂੰ ਹਾਜ਼ਰ ਨਾਜ਼ਰ[21] ਵੇਖਦਾ[19] ਹੈ।

ਮਹਲਾ ੫ ॥

5th Guru.

ਪੰਜਵੀਂ ਪਾਤਸ਼ਾਹੀ।

ਪਤਿਤ[22] ਪੁਨੀਤ[23] ਅਸੰਖ[24] ਹੋਹਿ[25] ਹਰਿ ਚਰਣੀ[26] ਮਨੁ[27] ਲਾਗ[28] ॥

Countless[24] sinners[22] become[25] pure[23], by fixing[28] their mind[27] on God's Feet[26] (Name).

ਆਪਣੇ ਚਿੱਤ[27] ਨੂੰ ਵਾਹਿਗੁਰੂ ਦੇ ਪੈਰਾਂ[26] ਨਾਲ ਜੋੜਨ[28] ਦੁਆਰਾ ਅਣਗਿਣਤ[24] ਪਾਪੀ[22] ਪਵਿੱਤ੍ਰ[23] ਹੋ ਜਾਂਦੇ[25] ਹਨ।

ਅਠਸਠਿ[29] ਤੀਰਥ[30] ਨਾਮੁ ਪ੍ਰਭ ਜਿਸੁ ਨਾਨਕ ਮਸਤਕਿ[31] ਭਾਗ[32] ॥੨॥

He, on whose forehead[31] such a destiny[32] is recorded, O Nanak, obtains the Lord's Name for the sixty-eight[29] holy places[30].

ਜਿਸ ਦੇ ਮੱਥੇ[31] ਉੱਤੇ ਐਹੋ ਜੇਹੀ ਪ੍ਰਾਲਬਧ[32] ਲਿਖੀ ਹੋਈ ਹੈ, ਹੇ ਨਾਨਕ! ਉਹ ਸੁਆਮੀ ਦੇ ਨਾਮ ਨੂੰ ਹੀ ਅਠਾਹਟ[29] ਧਰਮ ਅਸਥਾਨਾਂ[30] ਵਜੋਂ ਪਾ (ਸਮਝ) ਲੈਂਦਾ ਹੈ।

ਪਉੜੀ ॥	Pauri.	ਪਉੜੀ ।
ਨਿਤ[33] ਜਪੀਐ[34] ਸਾਸਿ[35] ਗਿਰਾਸਿ[36] ਨਾਉ[37] ਪਰਵਦਿਗਾਰ[38] ਦਾ ॥	With every breath[35] and morsel[36] of thine, ever[33] remember[34] thou the Name[37] of thy Cherisher Lord[38].	ਆਪਣੇ ਹਰ ਸੁਆਸ[35] ਅਤੇ ਬੁਰਕੀ[36]ਨਾਲ, ਤੂੰ ਹਮੇਸ਼ਾ[33] ਆਪਣੇ ਪਾਲਣਹਾਰ ਪਰਮੇਸ਼ਰ[38] ਦੇ ਨਾਮ[37] ਨੂੰ ਯਾਦ[34] ਕਰ ।
ਜਿਸ ਨੋ ਕਰੇ ਰਹੰਮ[39] ਤਿਸੁ ਨ ਵਿਸਾਰਦਾ[40] ॥	The Lord forgets[40] not him, on whom He showers His benediction[39].	ਪ੍ਰਭੂ; ਉਸ ਨੂੰ ਨਹੀਂ ਭੁਲਾਉਂਦਾ[40], ਜਿਸ ਉੱਤੇ ਉਹ ਆਪਣੀ ਰਹਿਮਤ[39] ਧਾਰਦਾ ਹੈ ।
ਆਪਿ[41] ਉਪਾਵਣਹਾਰ[42] ਆਪੇ ਹੀ ਮਾਰਦਾ[43] ॥	Himself[41] He is the Creator[42], and He Himself destroys[43].	ਖ਼ੁਦ[41] ਹੀ ਉਹ ਸਿਰਜਣਹਾਰ[42] ਹੈ ਅਤੇ ਖ਼ੁਦ ਹੀ ਉਹ ਵਿਣਾਸ[43] ਕਰਤਾ ।
੫੧੯		
ਸਭੁ ਕਿਛੁ[44] ਜਾਣੈ[45] ਜਾਣੁ[46] ਬੁਝਿ[47] ਵੀਚਾਰਦਾ[48] ॥	God, the Knower[46], knows[45] everything[44], and having understood[47], gives thought[48] to His creation.	ਜਾਨਣਹਾਰ[46] ਵਾਹਿਗੁਰੂ ਸਾਰਾ ਕੁਝ[44] ਜਾਣਦਾ[45] ਹੈ ਅਤੇ ਸਮਝ ਕੇ[47] ਆਪਣੀ ਰਚਨਾ ਵਲ ਧਿਆਨ[48] ਦਿੰਦਾ ਹੈ ।
ਅਨਿਕ[49]ਰੂਪ[50]ਖਿਨ[51]ਮਾਹਿ[52] ਕੁਦਰਤਿ[53] ਧਾਰਦਾ[54] ॥	By His power[53], the Lord assumes[54] many[49] forms[50] in[52] a moment[51].	ਆਪਣੀ ਸ਼ਕਤੀ[53] ਦੁਆਰਾ, ਸੁਆਮੀ, ਇੱਕ ਮੁਹਤ[51] ਵਿੱਚ[52] ਘਣੇਰੇ[49] ਸਰੂਪ[50]ਅਖ਼ਤਿਆਰ[54] ਕਰ ਲੈਂਦਾ ਹੈ ।
ਜਿਸ ਨੋ ਲਾਇ[55] ਸਚਿ ਤਿਸਹਿ[56] ਉਧਾਰਦਾ[57] ॥	He, whom the Lord attaches[55] to truth, him[56] He redeems[57].	ਜਿਸ ਨੂੰ ਸਾਹਿਬ ਸੱਚ ਨਾਲ ਜੋੜਦਾ[55] ਹੈ; ਉਸ ਦਾ[56] ਉਹ ਪਾਰ ਉਤਾਰਾ ਕਰ ਦਿੰਦਾ[57] ਹੈ ।
ਜਿਸ ਦੈ ਹੋਵੈ ਵਲਿ[58] ਸੁ ਕਦੇ ਨ ਹਾਰਦਾ[59] ॥	He, on whose side[58] is He, the Master, never stands vanquished[59].	ਜਿਸ ਦੇ ਪਾਸੇ[58] ਉਹ ਮਾਲਕ ਹੈ; ਉਹ ਕਦਾਚਿੱਤ ਨਹੀਂ ਹਾਰਦਾ[59] ।
ਸਦਾ[60] ਅਭਗੁ[61] ਦੀਬਾਣੁ[62] ਹੈ ਹਉ[63] ਤਿਸੁ[64] ਨਮਸਕਾਰਦਾ[65] ॥੪॥	Ever[60] Imperishable[61] is His court[62] and unto Him[64] I[63] make an obeisance[65].	ਸਦੀਵ[60] ਹੀ ਅਬਿਨਾਸ਼ੀ[61] ਹੈ, ਉਸ ਦਾ ਦਰਬਾਰ[62] । ਉਸ ਨੂੰ[64] ਮੈਂ[63] ਬੰਦਨਾ[65] ਕਰਦਾ ਹਾਂ ।
ਸਲੋਕ ਮਹਲਾ ੫ ॥	Slok 5th Guru.	ਸਲੋਕ ਪੰਜਵੀਂ ਪਾਤਸ਼ਾਹੀ ।
ਕਾਮੁ[66] ਕ੍ਰੋਧੁ[67] ਲੋਭੁ[68] ਛੋਡੀਐ[69] ਦੀਜੈ ਅਗਨਿ[70] ਜਲਾਇ[71] ॥	Forsake[69] thou thy lust[66], wrath[67] and avarice[68] and burn[71] them in fire[70].	ਤੂੰ ਆਪਣੇ ਕਾਮ[66], ਕ੍ਰੋਧ[67] ਅਤੇ ਲਾਲਚ[68] ਨੂੰ ਤਿਆਗ[69] ਦੇ ਅਤੇ ਉਨ੍ਹਾਂ ਨੂੰ ਅੱਗ[70] ਵਿੱਚ ਸਾੜ ਸੁੱਟ[71] ।
ਜੀਵਦਿਆ[72] ਨਿਤ[73] ਜਾਪੀਐ[74] ਨਾਨਕ ਸਾਚਾ ਨਾਉ[75] ॥੧॥	As long as thou art alive[72], ever[73] dwell[74] upon the True Name[75], O Nanak.	ਜਦ ਤਾਈਂ ਤੂੰ ਜੀਉਂਦਾ[72] ਹੈਂ, ਸਦਾ[73] ਹੀ ਸੱਚੇ ਨਾਮ[75] ਦਾ ਸਿਮਰਨ[74] ਕਰ, ਹੇ ਨਾਨਕ !
ਮਹਲਾ ੫ ॥	5th Guru.	ਪੰਜਵੀਂ ਪਾਤਸ਼ਾਹੀ ।
ਸਿਮਰਤ ਸਿਮਰਤ[76] ਪ੍ਰਭੁ ਆਪਣਾ ਸਭ ਫਲ[77] ਪਾਏ[78] ਆਹਿ[79] ॥	Pondering and reflecting[76] over my Lord, I have[79] attained[78] all the fruits[77].	ਆਪਣੇ ਸੁਆਮੀ ਨੂੰ ਯਾਦ ਤੇ ਚੇਤੇ[76] ਕਰਨ ਦੁਆਰਾ ਮੈਂ ਸਾਰੇ ਮੇਵੇ[77] (ਪਦਾਰਥ) ਪ੍ਰਾਪਤ[78] ਕਰ ਲਏ ਹਨ[79] ।
ਨਾਨਕ ਨਾਮੁ ਅਰਾਧਿਆ[80] ਗੁਰਿ ਪੂਰੈ[81] ਦੀਆ ਮਿਲਾਇ[82] ॥੨॥	O Nanak, I have meditated[80] on the Name and the Perfect Guru[81] has united[82] me with the Lord.	ਹੇ ਨਾਨਕ ! ਮੈਂ ਨਾਮ ਦਾ ਸਿਮਰਨ[80] ਕੀਤਾ ਹੈ ਅਤੇ ਪੂਰਨ ਗੁਰਾਂ[81] ਨੇ ਮੈਨੂੰ ਸਾਹਿਬ ਨਾਲ ਮਿਲਾ ਦਿੱਤਾ[82]ਹੈ ।

ਪਉੜੀ ॥	Pauri.	ਪਉੜੀ ।
ਸੋ[83] ਮੁਕਤਾ[84] ਸੰਸਾਰਿ[85] ਜਿ ਗੁਰਿ[86] ਉਪਦੇਸਿਆ[87]॥	He[83], whom[86] the Guru has instructed[87], is emancipated[84] in this world[85].	ਜਿਸ[86] ਨੂੰ ਗੁਰਾਂ ਨੇ ਸਿਖਮਤ[87] ਦਿੱਤਾ ਹੈ, ਉਹ[83] ਇਸ ਜਹਾਨ[85] ਵਿਚ ਬੰਦ-ਖਲਾਸ[84] ਹੈ ।
ਤਿਸ ਕੀ[88] ਗਈ[90] ਬਲਾਇ[89] ਮਿਟੇ[91] ਅੰਦੇਸਿਆ[92] ॥	His[88] calamity[89] is averted[90] and his anxiety[92] is oblitrated[91].	ਉਸ ਦੀ[88] ਮੁਸੀਬਤ[89] ਟਲ ਗਈ[90] ਹੈ ਅਤੇ ਉਸ ਦਾ ਫ਼ਿਕਰ[92] ਦੂਰ[91] ਹੋ ਗਿਆ ਹੈ ।
ਤਿਸ ਕਾ ਦਰਸਨੁ[93] ਦੇਖਿ[94] ਜਗਤੁ[95] ਨਿਹਾਲੁ[96] ਹੋਇ ॥	By beholding[93] his sight[94], the world[95] is over-joyed[96].	ਉਸ ਦਾ ਦੀਦਾਰ[93] ਵੇਖ ਕੇ[94] ਸੰਸਾਰ[95] ਪਰਮ ਪ੍ਰਸੰਨ[96] ਹੋ ਜਾਂਦਾ ਹੈ ।
ਜਨ[97] ਕੈ ਸੰਗਿ[98] ਨਿਹਾਲੁ[99] ਪਾਪਾ[100] ਮੈਲੁ[2] ਧੋਇ[3] ॥	In the society[98] of Lord's slave[97], man becomes happy[99], and the filth[2] of his sins[100] is washed off[3].	ਸਾਹਿਬ ਦੇ ਗੋਲੇ[97] ਦੀ ਸੰਗਤ[98] ਅੰਦਰ ਬੰਦਾ ਖੁਸ਼ ਥੀ ਵੰਞਦਾ[99] ਹੈ ਅਤੇ ਉਸ ਦੇ ਗੁਨਾਹਾਂ[100] ਦੀ ਗੰਦਗੀ[2] ਧੋਤੀ ਜਾਂਦੀ[3] ਹੈ ।
ਅੰਮ੍ਰਿਤੁ[4] ਸਾਚਾ ਨਾਉ[5] ਓਥੈ ਜਾਪੀਐ[6] ॥	The ambrosial[4] True Name[5] is meditated[6] upon there.	ਸੁਧਾ ਸਰੂਪ[4] ਸੱਚਾ ਨਾਮ[5] ਉੱਥੇ ਸਿਮਰਿਆ ਜਾਂਦਾ[6] ਹੈ ।
ਮਨ[7] ਕਉ ਹੋਇ ਸੰਤੋਖੁ[8] ਭੁਖਾ[9] ਧ੍ਰਾਪੀਐ[10] ॥	The soul[7] acquires contentment[8] and hunger[9] is satiated[10].	ਆਤਮਾ[7] ਨੂੰ ਸੰਤੁਸ਼ਟਤਾ[8] ਪ੍ਰਾਪਤ ਹੋ ਜਾਂਦੀ ਹੈ ਅਤੇ ਭੁੱਖ[9] ਤ੍ਰਿਪਤ[10] ਥੀ ਵੰਞਦੀ ਹੈ ।
ਜਿਸੁ ਘਟਿ[12] ਵਸਿਆ[13] ਨਾਉ ਤਿਸੁ[14] ਬੰਧਨ[15] ਕਾਟੀਐ[16] ॥	He, in whose heart[12] the Name abides[13], his[14] fetters[15] are cut off[16].	ਜੀਹਦੇ ਦਿਲ[12] ਅੰਦਰ ਨਾਮ ਵੱਸਦਾ[13] ਹੈ, ਉਸ ਦੀਆਂ[14] ਬੇੜੀਆਂ[15] ਕੱਟੀਆਂ[16] ਜਾਂਦੀਆਂ ਹਨ ।
ਗੁਰ ਪਰਸਾਦਿ[17] ਕਿਨੈ ਵਿਰਲੈ[18] ਹਰਿ ਧਨੁ[19] ਖਾਟੀਐ[20] ॥੫॥	It is by Guru's grace[17] that some rare[18] person earns[20] the wealth[19] of God's Name.	ਗੁਰਾਂ ਦੀ ਦਇਆ[17] ਦੁਆਰਾ ਕੋਈ ਟਾਵਾਂ ਟੱਲਾ[18] ਪੁਰਸ਼ ਹੀ ਵਾਹਿਗੁਰੂ ਦੇ ਨਾਮ ਦੀ ਦੌਲਤ[19]ਨੂੰ ਕਮਾਉਂਦਾ[20] ਹੈ ।
ਸਲੋਕ ਮਹਲਾ ੫ ॥	Slok 5th Guru.	ਸਲੋਕ ਪੰਜਵੀਂ ਪਾਤਸ਼ਾਹੀ ।
ਮਨ[21] ਮਹਿ[22] ਚਿਤਵਉ[23] ਚਿਤਵਨੀ[24] ਉਦਮੁ[25]ਕਰਉ ਉਠਿ[26] ਨੀਤ[27] ॥	Within[22] my mind[21], I think of[23] the idea[24] of ever[27] rising[26] early and making an effort[25].	ਆਪਣੇ ਚਿੱਤ[21] ਅੰਦਰ[22] ਮੈਂ ਹਮੇਸ਼ਾ[27] ਸਾਜਰੇ (ਅੰਮ੍ਰਿਤ ਵੇਲੇ) ਉਠਣ[26] ਅਤੇ ਉਪਰਾਲਾ[25] ਕਰਨ ਦੀ ਸੋਚ[24] ਸੋਚਦਾ[23] ਹਾਂ ਕਿ—
ਹਰਿ ਕੀਰਤਨ[28]ਕਾ ਆਹਰੋ[29] ਹਰਿ[30] ਦੇਹੁ[31] ਨਾਨਕ ਕੇ ਮੀਤ[32] ॥੧॥	O God[30], the Friend[32], bless[31] Nanak with the love-effort[29] of singing Lord's praise[28].	ਹੇ ਵਾਹਿਗੁਰੂ[30] ! ਮਿੱਤ੍ਰ[32], ਨਾਨਕ ਨੂੰ ਸਾਈਂ ਦੀ ਕੀਰਤੀ[28] ਗਾਇਨ ਕਰਨ ਦੇ ਪਿਆਰੇ-ਉਦਮ[29] ਦੀ ਦਾਤ ਦੇ[31] ।
ਮਹਲਾ ੫ ॥	5th Guru.	ਪੰਜਵੀਂ ਪਾਤਸ਼ਾਹੀ ।
ਦ੍ਰਿਸਟਿ[33] ਧਾਰਿ[34] ਪ੍ਰਭਿ ਰਾਖਿਆ[35] ਮਨੁ[36] ਤਨੁ[37] ਰਤਾ[38] ਮੂਲਿ[39] ॥	Casting[34] His merciful glance[33], the Lord has saved[35] me and my mind[36] and body[37] are imbued[38] with the Primal Being[39].	ਆਪਣੀ ਮਿਹਰ[33] ਦੀ ਨਿਗ੍ਹਾ ਕਰਕੇ[34], ਸੁਆਮੀ ਨੇ ਮੈਨੂੰ ਬਚਾ[35] ਲਿਆ ਹੈ । ਮੇਰੀ ਆਤਮਾ[36] ਤੇ ਦੇਹ[37] ਆਦੀ ਨਿਰੰਕਾਰ[39] ਨਾਲ ਰੰਗੇ[38] ਗਏ ਹਨ ।
ਨਾਨਕ ਜੋ[40] ਪ੍ਰਭ ਭਾਣੀਆ[41]	Nanak, they[40] who are pleasing[41] to	ਨਾਨਕ, ਜੇਹੜੀਆਂ[40] ਆਪਣੇ ਮਾਲਕ ਨੂੰ ਚੰਗੀਆਂ[41]

ਮਰਉ[42] ਵਿਚਾਰੀ[43] ਸੂਲਿ[44]॥ ੨॥

the Master, the helpless[43] woes[44] of theirs die down[42].

ਲਗਦੀਆਂ ਹਨ, ਉਨ੍ਹਾਂ ਦੇ ਨਿਰਬਲ[43] ਸੋਗ[44] ਮਰ ਮੁਕ ਜਾਂਦੇ[42] ਹਨ ।

ਪਉੜੀ ॥

Pauri.

ਪਉੜੀ ।

ਜੀਅ[45] ਕੀ ਬਿਰਥਾ[46] ਹੋਇ ਸੁ[47] ਗੁਰ ਪਹਿ[48] ਅਰਦਾਸਿ[49] ਕਰਿ॥

Regarding thy mind's[45] woe[46], make supplication[49] before[48] thy Guru.

ਆਪਣੇ ਮਨ ਦੀ[45] ਪੀੜ[46] ਸਬੰਧੀ[47] ਆਪਣੇ ਗੁਰਾਂ ਅੱਗੇ[48] ਪ੍ਰਾਰਥਨਾ[49] ਕਰ ।

ਛੋਡਿ[50] ਸਿਆਣਪ[51] ਸਗਲ[52] ਮਨੁ[53] ਤਨੁ[54]ਅਰਪਿ ਧਰਿ[55]॥

Forsake[50] thou all[52] thy cleverness[51] and dedicate[55] unto him thy mind[53] and body[54].

ਤੂੰ ਆਪਣੀ ਸਾਰੀ[52] ਚਤੁਰਾਈ[51] ਤਿਆਗ[50] ਦੇ ਅਤੇ ਉਨ੍ਹਾਂ ਨੂੰ ਆਪਣੀ ਆਤਮਾ[53] ਤੇ ਦੇਹ[54] ਸਮਰਪਨ[55] ਕਰ ਦੇ ।

ਪੂਜਹੁ ਗੁਰ[56] ਕੇ ਪੈਰ[57] ਦੂਰਮਤਿ[58] ਜਾਇ ਜਰਿ[59] ॥

Worship[56] thou the Guru's feet[57] that thy evil-intellect[58] be burnt off[59].

ਤੂੰ ਗੁਰਾਂ ਦੇ ਚਰਨਾਂ[57] ਦੀ ਉਪਾਸ਼ਨ[56] ਕਰ, ਤਾਂ ਜੋ ਤੇਰੀ ਖੋਟੀ-ਅਕਲ[58] ਸੜ ਵੰਞੇ[59] ।

ਸਾਧ ਜਨਾ[60] ਕੈ ਸੰਗਿ[61] [62]ਭਵਜਲੁ[63] ਬਿਖਮੁ[64] ਤਰਿ[65] ॥

Joining the society[61] of holymen[60], cross[65] thou the difficult[64] and dreadful[62] world-ocean[63].

ਨੇਕ ਪੁਰਸ਼ਾਂ[60] ਦੀ ਸੰਗਤ[61] ਨਾਲ ਜੁੜ ਕੇ, ਤੂੰ ਬਿਖੜੇ[64] ਤੇ ਭਿਆਨਕ[62] ਸੰਸਾਰ ਸਮੁੰਦਰ[63] ਤੋਂ ਪਾਰ[65] ਹੋ ਜਾ ।

ਸੇਵਹੁ[66] ਸਤਿਗੁਰ ਦੇਵ[67] ਅਗੈ[68] ਨ ਮਰਹੁ ਡਰਿ[69] ॥

Serve[66] the Divine[67] True Guru, and hereafter[68], thou shalt not die of fear[69].

ਆਪਣੇ ਰੱਬ ਰੂਪ[67] ਸੱਚੇ ਗੁਰਾਂ ਦੀ ਘਾਲ ਕਮਾ[66] । ਤੂੰ ਏਦੂੰ ਮਗਰੋਂ[68], ਭੈ[69] ਨਾਲ ਨਹੀਂ ਮਰੇਂਗਾ ।

ਖਿਨ[70]ਮਹਿ[71] ਕਰੇ ਨਿਹਾਲੁ[72] ਊਣੇ[73] ਸੁਭਰ[74] ਭਰਿ[75] ॥

In[71] a moment[70], he shall make thee happy[72] and shall completely[74] fill[75] the empty[73] vessel.

ਇਕ ਮੁਹਤ[70] ਵਿੱਚ[71] ਉਹ ਤੈਨੂੰ ਪ੍ਰਸੰਨ[72] ਕਰ ਦੇਣਗੇ ਅਤੇ ਤੇਰੇ ਖ਼ਾਲੀ[73] ਭਾਂਡੇ ਨੂੰ ਪੂਰੀ ਤਰ੍ਹਾਂ ਲਬਾਲਬ[74] ਭਰ[75] ਦੇਣਗੇ ।

ਮਨ[76] ਕਉ ਹੋਇ ਸੰਤੋਖੁ[77] ਧਿਆਈਐ[78] ਸਦਾ[79] ਹਰਿ॥ ਸੋ[80] ਲਗਾ[81] ਸਤਿਗੁਰ ਸੇਵ[82] ਜਾਕਉ[83] ਕਰਮੁ[84] ਧੁਰਿ[85] ॥ ੬॥

By ever[79] meditating[78] on the Lord, the mind[76] acquires contentment[77]. He[80] alone applies[81] himself to True Guru's service[82], on whom[83] is the God's[85] grace[84].

ਹਮੇਸ਼ਾਂ[79] ਸੁਆਮੀ ਦਾ ਸਿਮਰਨ[78] ਕਰਨ ਦੁਆਰਾ, ਚਿੱਤ[76] ਨੂੰ ਸੰਤੁਸ਼ਟਤਾ[77] ਪ੍ਰਾਪਤ ਹੋ ਜਾਂਦੀ ਹੈ । ਕੇਵਲ ਓਹੀ[80]ਸੱਚੇ ਗੁਰਾਂ ਦੀ ਚਾਕਰੀ[82]ਅੰਦਰ ਜੁੜਦਾ[81] ਹੈ, ਜਿਸ ਉੱਤੇ[83] ਵਾਹਿਗੁਰੂ[85] ਦੀ ਰਹਿਮਤ[84] ਹੈ ।

ਸਲੋਕ ਮਹਲਾ ੫ ॥

Slok 5th Guru

ਸਲੋਕ ਪੰਜਵੀਂ ਪਾਤਸ਼ਾਹੀ ।

ਲਗੜੀ[86] ਸੁ[87] ਥਾਨਿ[88] ਜੋੜਣਹਾਰੈ[89] ਜੋੜੀਆ[90] ॥ ਨਾਨਕ ਲਹਰੀ[91] ਲਖ[92] ਸੈ ਆਨ[93] ਡੁਬਣ[95] ਦੇਇ ਨ ਮਾ[96] ਪਿਰੀ[97] ॥੧॥

I am attached[86] to the propicious[87] place[88] and the Uniter[89] has united[90] me. Nanak, there are hundreds[93] and lacs[92] of waves[91], but my[96] Spouse[97] lets me not get drowned[95].

ਮੈਂ ਸ੍ਰੇਸ਼ਟ[87] ਅਸਥਾਨ[88] ਨਾਲ ਜੁੜਿਆ ਹੋਇਆ[86] ਹਾਂ । ਜੋੜਨ ਵਾਲੇ[89] ਨੇ ਮੈਨੂੰ ਜੋੜਿਆ[90] ਹੈ । ਨਾਨਕ, ਸੈਂਕੜੇ[93] ਅਤੇ ਲਖੂਖਾਂ[92] ਛੱਲਾਂ[91] ਹਨ, ਪਰ ਮੇਰਾ[96] ਕੰਤ[97] ਮੈਨੂੰ ਡੁੱਬਣ[95] ਨਹੀਂ ਦਿੰਦਾ ।

ਮਹਲਾ ੫ ॥

5th Guru.

ਪੰਜਵੀਂ ਪਾਤਸ਼ਾਹੀ ।

ਬਨਿ[98] ਭੀਹਾਵਲੈ[99] ਹਿਕੁ[100] ਸਾਥੀ[2] ਲਧਮੁ[3] ਦੁਖ[4]

In the dreadful[99] wilderness[98], I have found[3] the one[100] companion[2],

ਭਿਆਨਕ[99] ਬੀਆਬਾਣ[98] ਵਿਚ ਮੈਨੂੰ ਇੱਕ[100] ਸੰਗੀ[2] ਮਿਲ ਪਿਆ[3] ਹੈ, ਵਾਹਿਗੁਰੂ ਦਾ ਨਾਮ, ਜੋ ਕਸ਼ਟ[4] ਨੂੰ ਨਸ਼ਟ

ਹਰਤਾ[5] ਹਰਿ ਨਾਮਾ ॥	God's Name is the distress[4] destroyer[5].	ਕਰਨ ਵਾਲਾ[5] ਹੈ।
ਬਲਿ ਬਲਿ[6] ਜਾਈ ਸੰਤ ਪਿਆਰੇ[7] ਨਾਨਕ ਪੂਰਨ[8] ਕਾਮਾਂ[9] ॥੨॥	A sacrifice[6], sacrifice, am I unto the dear[7] saints who have adjusted[8] mine affairs[9], O Nanak.	ਕੁਰਬਾਨ[6], ਕੁਰਬਾਨ ਹਾਂ, ਮੈਂ ਲਾਡਲੇ[7] ਸੰਤਾਂ ਉਤੋਂ, ਜਿਨ੍ਹਾਂ ਨੇ ਮੇਰੇ ਕਾਰਜ[9] ਰਾਸ ਕਰ ਦਿਤੇ[8] ਹਨ, ਹੇ ਨਾਨਕ !
ਪਉੜੀ ॥	Pauri.	ਪਉੜੀ।
ਪਾਈਅਨਿ[10] ਸਭਿ ਨਿਧਾਨ[12] ਤੇਰੈ ਰੰਗਿ[13] ਰਤਿਆ[14] ॥	Imbued[14] with Thy love[13], O Lord, all the treasures[12] are obtained[10].	ਤੇਰੇ ਪ੍ਰੇਮ[13] ਨਾਲ ਰੰਗੀਜਣ[14] ਦੁਆਰਾ, ਹੇ ਪ੍ਰਭੂ ! ਸਾਰੇ ਖ਼ਜ਼ਾਨੇ[12] ਪ੍ਰਾਪਤ ਹੋ ਜਾਂਦੇ[10] ਹਨ।
ਨ ਹੋਵੀ[15] ਪਛੋਤਾਉ[16] ਤੁਧ ਨੋ ਜਪਤਿਆ[17] ॥	By contemplating[17] on Thee, repentence[16] overtakes[15] not the mortal.	ਤੇਰਾ ਸਿਮਰਨ ਕਰਨ ਦੁਆਰਾ[17] ਪ੍ਰਾਨੀ ਨੂੰ ਪਸਚਾਤਾਪ[16] ਨਹੀਂ ਵਿਆਪਦਾ[15]।
ਪਹੁਚਿ[18] ਨ ਸਕੈ ਕੋਇ ਤੇਰੀ ਟੇਕ[19] ਜਨ[20] ॥	Thy slave[20] has Thine support[19], None can equal him[18].	ਤੇਰੇ ਗੋਲੇ[20] ਨੂੰ ਤੇਰਾ ਹੀ ਆਸਰਾ[19] ਹੈ। ਕੋਈ ਭੀ ਉਸ ਦੀ ਬਰਾਬਰੀ[18] ਨਹੀਂ ਕਰ ਸਕਦਾ।
ਗੁਰ ਪੂਰੇ[21] ਵਾਹੁ ਵਾਹੁ[22] ਸੁਖ[23] ਲਹਾ[24] ਚਿਤਾਰਿ[25] ਮਨ[26] ॥	Wonderful[22] ! wonderful ! is the Perfect[21] Guru by cherishing[25] him in my mind[26], I attain[24] peace[23].	ਸੁਬਹਾਨ[22] ! ਸੁਬਹਾਨ ! ਹਨ ਪੂਰਨ[21] ਗੁਰਦੇਵ ਜੀ। ਚਿੱਤ[26] ਵਿਚ ਉਨ੍ਹਾਂ ਨੂੰ ਚੇਤੇ[25] ਕਰਕੇ ਮੈਂ ਆਰਾਮ[23] ਪਾਉਂਦਾ[24] ਹਾਂ।
ਗੁਰ ਪਹਿ[27] ਸਿਫਤਿ[28] ਭੰਡਾਰੁ[29] ਕਰਮੀ[30] ਪਾਈਐ॥	With[27] the Guru is the treasure[29] of Lord's praise[28] and through Guru's grace[30], it is attained.	ਗੁਰਾਂ ਪਾਸ[27] ਸੁਆਮੀ ਦੀ ਕੀਰਤੀ[28] ਦਾ ਖ਼ਜ਼ਾਨਾ[29] ਹੈ। ਗੁਰਾਂ ਦੀ ਦਇਆ[30] ਦੁਆਰਾ ਇਹ ਪਾਇਆ ਜਾਂਦਾ ਹੈ।
ਸਤਿਗੁਰ ਨਦਰਿ[31] ਨਿਹਾਲ[32] ਬਹੁੜਿ[33] ਨ ਧਾਈਐ[34] ॥	When the True Guru looks[32] with favour[31], the mortal wanders[34] not again[33].	ਜਦ ਸੱਚੇ ਗੁਰੂ ਜੀ ਮਿਹਰ[31] ਨਾਲ ਤੱਕਦੇ[32] ਹਨ, ਤਾਂ ਪ੍ਰਾਨੀ, ਮੁੜ[33] ਕੇ, ਭੰਬਲ ਭੂਸੇ ਨਹੀਂ ਖਾਂਦਾ[34]।
ਰਖੈ[35] ਆਪਿ[36] ਦਇਆਲੁ[37] ਕਰਿ[38] ਦਾਸਾ[39] ਆਪਣੇ[40] ॥	Making[38] man His own[40] serf[39], the Merciful Master[37] Himself[36] protects[35] him.	ਇਨਸਾਨ ਨੂੰ ਆਪਣਾ ਨਿੱਜ[40] ਦਾ ਨਫ਼ਰ[39] ਬਣਾ[38], ਮਿਹਰਬਾਨ ਮਾਲਕ[37] ਖ਼ੁਦ[36] ਉਸ ਦੀ ਰੱਖਿਆ ਕਰਦਾ[35] ਹੈ।
ਹਰਿ[41] ਹਰਿ ਹਰਿ ਹਰਿ ਨਾਮੁ ਜੀਵਾ[42] ਸੁਣਿ ਸੁਣੇ[43] ॥੭॥	I live[42] by continuously hearing[43] the Lord[41], Lord, Lord, Lord's Name.	ਮੈਂ ਹਰੀ[41], ਹਰੀ, ਹਰੀ, ਹਰੀ ਦਾ ਨਾਮ ਇਕ ਰਸ ਸ੍ਰਵਨ ਕਰਨ ਦੁਆਰਾ[43] ਜੀਉਂਦਾ[42] ਹਾਂ।
੫੨੦		
ਸਲੋਕ ਮਹਲਾ ੫ ॥	Slok 5th Guru.	ਸਲੋਕ ਪੰਜਵੀਂ ਪਾਤਸ਼ਾਹੀ।
ਪ੍ਰੇਮ[44] ਪਟੋਲਾ[45] ਤੈ ਸਹਿ[46] ਦਿਤਾ[47] ਢਕਣ[48] ਕੂ[49] ਪਤਿ[50] ਮੇਰੀ ॥	Thou, O Spouse[46], hast given[47] me the silk raiment[45] of Thy love[44] to[49] shield[48] my honour[50].	ਤੂੰ, ਹੇ ਕੰਤ[46] ! ਮੇਰੀ ਇੱਜ਼ਤ ਆਬਰੂ[50] ਬਚਾਉਣ[48] ਲਈ[49] ਮੈਨੂੰ ਆਪਣੀ ਪ੍ਰੀਤ[44] ਦਾ ਰੇਸ਼ਮੀ ਪੁਸ਼ਾਕਾ[45] ਬਖ਼ਸ਼ਿਆ[47] ਹੈ।
ਦਾਨਾ[51] ਬੀਨਾ[52] ਸਾਈ[53] ਮੈਡਾ[54] ਨਾਨਕ ਸਾਰ[55] ਨ ਜਾਣਾ[56] ਤੇਰੀ ॥੧॥	Thou, O my[54] Master[53], art wise[51] and discerning[52] and Nanak, I realise[56] not Thine worth[55].	ਤੂੰ, ਹੇ ਮੇਰੇ[54] ਮਾਲਕ[53] ! ਸਿਆਣਾ[51] ਅਤੇ ਪ੍ਰਬੀਨ[52] ਹੈਂ। ਨਾਨਕ, ਮੈਂ ਤੇਰੀ ਕਦਰ[55] ਨੂੰ ਨਹੀਂ ਜਾਣਦਾ[56]।

ਮਹਲਾ ੫ ॥
ਤੇਰੈ[57] ਸਿਮਰਣਿ[58] ਹਭੁ ਕਿਛੁ[59] ਲਧਮੁ[60] ਬਿਖਮੁ[61] ਨ ਡਿਠਮੁ[62] ਕੋਈ ॥

5th Guru.
By Thine[57] meditation[58] I have found[60] everything[59] and have experienced[62] or seen no difficulty[61].

ਪੰਜਵੀਂ ਪਾਤਸ਼ਾਹੀ ।
ਤੇਰੀ[57] ਬੰਦਗੀ[58] ਦੁਆਰਾ ਮੈਨੂੰ ਸਾਰਾ ਕੁਝ[59] ਲੱਭ ਪਿਆ[60] ਹੈ ਅਤੇ ਮੈਨੂੰ ਕੋਈ ਔਕੜ[61] ਪੇਸ਼ ਨਹੀਂ ਆਈ ।

ਜਿਸੁ ਪਤਿ[63] ਰਖੈ[64] ਸਚਾ ਸਾਹਿਬੁ ਨਾਨਕ ਮੇਟਿ[65] ਨ ਸਕੈ ਕੋਈ ॥੨॥

Nanak, he whose honour[63] the True Lord preserves[64], him no one can dishonour[65].

ਨਾਨਕ, ਜਿਸ ਦੀ ਪੱਤ ਆਬਰੂ[63] ਸੱਚਾ ਸੁਆਮੀ ਬਚਾਉਂਦਾ[64] ਹੈ, ਉਸ ਨੂੰ ਕੋਈ ਭੀ ਬੇਇੱਜ਼ਤ[65] ਨਹੀਂ ਕਰ ਸਕਦਾ ।

ਪਉੜੀ ॥
ਹੋਵੈ ਸੁਖੁ ਘਣਾ[66] ਦਰਿ[67] ਧਿਆਇਐ[68] ॥ ਵੰਞੈ[69] ਰੋਗਾ[70] ਘਾਣਿ[71] ਹਰਿ ਗੁਣ[72] ਗਾਇਐ[73] ॥
ਅੰਦਰਿ[74] ਵਰਤੈ[75] ਠਾਢਿ[76] ਪ੍ਰਭਿ ਚਿਤਿ[77] ਆਇਐ ॥
ਪੂਰਨ[78] ਹੋਵੈ ਆਸ[79] ਨਾਇ[80] ਮੰਨਿ[81] ਵਸਾਇਐ[82] ॥
ਕੋਇ ਨ ਲਗੈ[83] ਬਿਘਨੁ[84] ਆਪੁ[85] ਗਵਾਇਐ[86] ॥
ਗਿਆਨ[87] ਪਦਾਰਥੁ[88] ਮਤਿ[89] ਗੁਰ ਤੇ[90] ਪਾਇਐ[91] ॥

Pauri.
Man gets great[66] peace by meditating[68] on the Lord[67]. The multitudes[71] of maladies[70] vanish[69] by singing[73] God's glories[72].
Peace[76] reigns[78] within[74], by contemplating[77] over the Lord.
Hope[79] is fulfilled[78] by enshrining[82] the Name[80] within the mind[81].
No obstacle[84] befalls[83] a man, if he effaces[86] his self-conceit[85].
The mind[89] obtains[91] Divine[87] knowledge, dainties[88] and understanding from[90] the Guru.

ਪਉੜੀ ।
ਸਾਹਿਬ[67] ਦਾ ਸਿਮਰਨ ਕਰਨ ਦੁਆਰਾ[68] ਇਨਸਾਨ ਨੂੰ ਭਾਰਾ[66] ਆਰਾਮ ਮਿਲਦਾ ਹੈ । ਵਾਹਿਗੁਰੂ ਦਾ ਜੱਸ[72] ਗਾਇਨ[73] ਕਰਨ ਦੁਆਰਾ ਦੁੱਖ[70] ਦੇ ਸਮਦਾਇ[71] ਅਲੋਪ ਹੋ ਜਾਂਦੇ[69] ਹਨ ।
ਸਾਹਿਬ ਦਾ ਸਿਮਰਨ[77] ਕਰਨ ਦੁਆਰਾ ਅੰਦਰਵਾਹ[74] ਠੰਢ-ਚੈਨ[76] ਵਰਤ ਜਾਂਦੀ[75] ਹੈ ।
ਨਾਮ[80] ਨੂੰ ਅੰਤਸ਼ ਕਰਨ[81] ਅੰਦਰ ਟਿਕਾਉਣ[82] ਦੁਆਰਾ ਉਮੈਦ[79] ਪੂਰੀ ਹੋ ਜਾਂਦੀ[78] ਹੈ ।
ਆਦਮੀ ਨੂੰ ਕੋਈ ਔਕੜ[84] ਨਹੀਂ ਵਿਆਪਦੀ[83], ਜੇਕਰ ਉਹ ਆਪਣੀ ਸਵੈ-ਹੰਗਤਾ[85] ਮੇਸ ਦੇਵੇ[86] ।
ਬ੍ਰਹਿਮ-ਬੋਧ[87] ਦਾ ਧਨ[88], ਪਦਾਰਥ ਤੇ ਬੁੱਧੀ ਮਨ[89] ਨੂੰ ਗੁਰਾਂ ਪਾਸੋਂ[90] ਪ੍ਰਾਪਤ ਹੁੰਦੇ[91] ਹਨ ।

ਤਿਨਿ ਪਾਏ ਸਭੇ ਥੋਕ[92] ਜਿਸੁ ਆਪਿ[93] ਦਿਵਾਇਐ[94] ॥
ਤੂੰ ਸਭਨਾ ਕਾ ਖਸਮੁ[95] ਸਭ ਤੇਰੀ ਛਾਇਐ[96] ॥੮॥

He, whom the Lord Himself[93] gives[94], receives all the things[92].
Thou art the Master[95] of all and all are under Thy protection[96].

ਜਿਸ ਨੂੰ ਪ੍ਰਭੂ ਖੁਦ[93] ਦਿੰਦਾ[94] ਹੈ, ਉਹ ਸਾਰੀਆਂ ਸ਼ੈਆਂ[92] ਪਾ ਲੈਂਦਾ ਹੈ ।
ਤੂੰ ਸਾਰਿਆਂ ਦਾ ਮਾਲਕ[95] ਹੈਂ । ਸਮੂਹ ਤੇਰੀ ਪਨਾਹ[96] ਥੱਲੇ ਹਨ ।

ਸਲੋਕ ਮਹਲਾ ੫ ॥
ਨਦੀ[97] ਤਰੰਦੜੀ[98] ਮੈਡਾ[99] ਖੋਜੁ[100] ਨ ਖੁੰਭੈ[2] ਮੰਝਿ[3] ਮੁਹਬਤਿ[4] ਤੇਰੀ ॥
ਤਉ[5] ਸਹ[6] ਚਰਣੀ[7] ਮੈਡਾ[8] ਹੀਅੜਾ[9] ਸੀਤਮੁ[10] ਹਰਿ ਨਾਨਕ ਤੂਲਹਾ[12] ਬੇੜੀ[13] ॥੧॥

Slok 5th Guru.
My[99] foot[100] sticks[2] not, while crossing[98] the rivulet[97], as I[3] cherish love[4] for Thee.
To Thine[5] feet[7], O Spouse[6], my[8] soul[9] is sewn[10] and God is Nanak's raft[12] and boat[13].

ਸਲੋਕ ਪੰਜਵੀਂ ਪਾਤਸ਼ਾਹੀ ।
ਸੰਸਾਰ ਰੂਪੀ ਨਾਲਾ[97] ਪਾਰ ਕਰਦਿਆਂ ਹੋਇਆਂ[98] ਮੇਰਾ[99] ਪੈਰ[100] ਨਹੀਂ ਖੁਭਦਾ[2], ਕਿਉਂਕਿ ਮੇਰੀ[3] ਤੇਰੇ ਨਾਲ ਪ੍ਰੀਤ[4] ਹੈ ।
ਤੇਰੇ[5] ਪੈਰਾਂ[7] ਨਾਲ, ਹੇ ਕੰਤ[6] ਮੇਰੀ[8] ਆਤਮਾ[9] ਸੀਤੀ ਹੋਈ[10] ਹੈ । ਨਾਨਕ ਤੁਲਹੜਾ[12] ਤੇ ਨਉਕਾ[13] ਵਾਹਿਗੁਰੂ ਹੀ ਹੈ ।

ਮਹਲਾ ੫ ॥

5th Guru.

ਪੰਜਵੀਂ ਪਾਤਸ਼ਾਹੀ ।

ਜਿਨ੍ਹਾ ਦਿਸੰਦੜਿਆ[14] ਦੁਰਮਤਿ[15] ਵੰਞੈ[16] ਮਿਤ੍ਰ[17] ਅਸਾਡੜੇ[18] ਸੇਈ[19] ॥

They[19], a sight[14] of whom banishes[16], evil-inclinations[15], are my[18] friends[17].

ਜਿਨ੍ਹਾਂ ਦੇ ਵੇਖਣ ਨਾਲ[14] ਮੇਰੀ ਖੋਟੀ ਮਤ[15] ਦੂਰ ਹੋ ਜਾਂਦੀ[16] ਹੈ, ਉਹੀ[19] ਮੇਰੇ[18] ਦੋਸਤ[17] ਹਨ ।

ਹਉ[20] ਢੂਢੇਦੀ[21] ਜਗੁ[22] ਸਬਾਇਆ[23] ਜਨ[24] ਨਾਨਕ ਵਿਰਲੇ ਕੇਈ[25] ॥੨॥

I[20] have searched[21] the whole[23] world[22] through, but O Serf[24] Nanak very rare[25] are such persons.

ਮੈਂ[20] ਸਾਰਾ[23] ਜਹਾਨ[22] ਲਭ ਲਿਆ[21] ਹੈ । ਹੇ ਨਫ਼ਰ[24] ਨਾਨਕ ! ਬਹੁਤ ਹੀ ਥੋੜੇ[25] ਹਨ ਐਸੇ ਪੁਰਸ਼ ।

ਪਉੜੀ ॥

Pauri.

ਪਉੜੀ ।

ਆਵੈ[26] ਸਾਹਿਬੁ ਚਿਤਿ[27] ਤੇਰਿਆ ਭਗਤਾ[28] ਡਿਠਿਆ[29] ॥

Thou, O Lord, comest[26] into my mind[27], when I behold[29] Thine saints[28].

ਤੂੰ, ਹੇ ਸੁਆਮੀ ! ਮੇਰੇ ਮਨ[27] ਅੰਦਰ ਪ੍ਰਵੇਸ਼ ਕਰ ਜਾਂਦਾ[26] ਹੈਂ, ਜਦ ਮੈਂ ਤੇਰਿਆਂ ਸਾਧੂਆਂ[28] ਨੂੰ ਵੇਖਦਾ[29] ਹਾਂ ।

ਮਨ[30] ਕੀ ਕਟੀਐ[31] ਮੈਲੁ[32] ਸਾਧ ਸੰਗਿ ਵੁਠਿਆ[33] ॥

By abiding[33] in the society of saints, the filth[32] of mind[30] is removed[31].

ਸਤਿ ਸੰਗਤ ਅੰਦਰ ਵੱਸਣ[33] ਦੁਆਰਾ ਚਿੱਤ[30] ਦੀ ਮਲੀਣਤਾ[32] ਦੂਰ ਹੋ ਜਾਂਦੀ[31] ਹੈ ।

ਜਨਮ[34] ਮਰਣ[35] ਭਉ[36] ਕਟੀਐ[37] ਜਨ[38] ਕਾ ਸਬਦੁ[39] ਜਪਿ[40] ॥

The fear[36] of birth[34] and death[35] is dispelled[37] by acting upto or remembering[40] His Serf's[38] instruction[39].

ਉਸ ਦੇ ਗੋਲੇ[38] ਦੇ ਉਪਦੇਸ਼[39] ਨੂੰ ਕਮਾਉਣ[40] ਦੁਆਰਾ ਜੰਮਣ[34] ਤੇ ਮਰਨ[35] ਦਾ ਡਰ[36] ਦੂਰ ਹੋ ਜਾਂਦਾ[37] ਹੈ ।

ਬੰਧਨ[41] ਖੋਲਨ੍ਹਿ[42] ਸੰਤ ਦੂਤ[43] ਸਭਿ ਜਾਹਿ ਛਪਿ[44] ॥

The saints untie[41] the bonds[42] and the demons[43] all vanish away[44].

ਸਾਧੂ ਜੂੜ[41] ਵੱਢ ਸੁਟਦੇ[42] ਹਨ ਅਤੇ ਭੂਤ[43] ਸਾਰੇ ਅਲੋਪ ਹੋ ਜਾਂਦੇ[44] ਹਨ ।

ਤਿਸੁ[45] ਸਿਉ ਲਾਇਨ੍ਹਿ[46] ਰੰਗੁ[47] ਜਿਸ ਦੀ ਸਭੁ[48] ਧਾਰੀਆ[49] ॥

The saints make[46] us love[47] Him[45], Who has installed[49] the entire[48] universe.

ਸੰਤ ਉਸ[45] ਨਾਲ ਸਾਡਾ ਪਿਆਰ[47] ਪਾਉਂਦੇ[46] ਹਨ, ਜਿਸ ਨੇ ਸਾਰਾ[48] ਆਲਮ ਅਸਥਾਪਨ[49] ਕੀਤਾ ਹੈ ।

ਊਚੀ[50] ਹੂੰ ਊਚਾ ਥਾਨੁ[51] ਅਗਮ[52] ਅਪਾਰੀਆ[53] ॥

The highest of the high[50] is the seat[51] of the Inaccessible[52] and Infinite[53] Lord.

ਉੱਚੇ ਤੋਂ[50] ਉੱਚਾ[50] ਹੈ ਆਸਣ[51], ਪਹੁੰਚ ਤੋਂ[52] ਪਰੇ ਬੇਅੰਤ[53] ਸਾਹਿਬ ਦਾ ।

ਰੈਣਿ[54] ਦਿਨਸੁ[55] ਕਰ[56] ਜੋੜਿ[57] ਸਾਸਿ ਸਾਸਿ[58] ਧਿਆਈਐ[59] ॥

With clasped[57] hands[56], night[54] and day[55], remember[59] Him with every breath[58] of thine.

ਹੱਥ[56] ਬੰਨ੍ਹ ਕੇ[57], ਰਾਤ੍ਰੀ[54] ਦਿਹੁੰ[55]ਆਪਣੇ ਹਰ ਸੁਆਸ[58] ਨਾਲ ਤੂੰ ਉਸ ਦਾ ਸਿਮਰਨ ਕਰ[59] ।

ਜਾ[60] ਆਪੇ[61] ਹੋਇ ਦਇਆਲੁ[62] ਤਾਂ[63] ਭਗਤ[64] ਸੰਗੁ[65] ਪਾਈਐ ॥੯॥

When[60] the Lord Himself[61] becomes merciful[62], then[63] in the society[65] of His devotees[64] attained.

ਜਦ[60] ਮਾਲਕ ਖੁਦ[61] ਮਿਹਰਬਾਨ[62] ਹੁੰਦਾ ਹੈ, ਤਦ[63] ਹੀ ਅਨੁਰਾਗੀਆਂ[64] (ਭਗਤਾਂ) ਦੀ ਸੰਗਤ[65]ਪ੍ਰਾਪਤ ਹੁੰਦੀ ਹੈ ।

ਸਲੋਕ ਮਹਲਾ ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ ।

ਬਾਰਿ[66] ਵਿਡਾਨੜੈ[67] ਹੁੰਮਸ ਧੁੰਮਸ[68] ਕੂਕਾ[69] ਪਈਆ[70] ਰਾਹੀ[71] ॥

In this wondrous[67] world forest[66], there is tumult[68] and confusion and shrieks[69] resound[70] in the high-ways[71].

ਇਸ ਅਦਭੁਤ[67] ਜਗਤ ਜੰਗਲ[66] ਅੰਦਰ ਸ਼ੋਰ-ਸ਼ਰਾਬਾ[68] ਤੇ ਰਾਮ ਰੌਲਾ ਹੈ ਅਤੇ ਚੀਕ ਚਿਹਾੜਾ[69] ਰਸਤਿਆਂ[71] ਵਿੱਚ ਗੂੰਜ ਰਿਹਾ[70] ਹੈ ।

ਤਉ[72] ਸਹ[73] ਸੇਤੀ[74] ਲਗੜੀ[75] ਡੋਰੀ[76] ਨਾਨਕ ਅਨਦ[77] ਸੇਤੀ ਬਨੁ[78] ਗਾਹੀ[79] ॥੧॥

What[74] Thee[72], O my Spouse[73], am I attached[75] in love[76], so I traverse[79] the jungle[78] with joy[77].

ਤੇਰੇ[72] ਨਾਲ[74], ਹੇ ਮੇਰੇ ਕੰਤ[73] ! ਮੈਂ ਪ੍ਰੀਤ[76] ਅੰਦਰ ਜੁੜਿਆ ਹੋਇਆ[75] ਹਾਂ, ਇਸ ਲਈ ਮੈਂ ਖੁਸ਼ੀ[77] ਨਾਲ ਜੰਗਲ[78] ਨੂੰ ਪਾਰ ਕਰ ਰਿਹਾ[79] ਹਾਂ ।

ਮਹਲਾ ੫ ॥

5th Guru.

ਪੰਜਵੀਂ ਪਾਤਸ਼ਾਹੀ ।

ਸਚੀ ਬੈਸਕ[80] ਤਿਨ੍ਹਾ[83] ਸੰਗਿ ਜਿਨ ਸੰਗਿ[81] ਜਪੀਐ[82] ਨਾਉ ॥

True is the society[80] of those[83], in whose company[81], the Name is meditated[82] upon.

ਸੱਚੀ ਹੈ ਸੰਗਤ[80] ਉਨ੍ਹਾਂ[83] ਦੀ, ਜਿਨ੍ਹਾਂ ਦੇ ਮੇਲ-ਮਿਲਾਪ[81] ਅੰਦਰ ਨਾਮ ਸਿਮਰਿਆ[82] ਜਾਂਦਾ ਹੈ ।

ਤਿਨ੍ ਸੰਗਿ[84] ਸੰਗੁ[85] ਨ ਕੀਚਈ ਨਾਨਕ ਜਿਨਾ ਆਪਣਾ[86] ਸੁਆਉ[87] ॥੨॥

Nanak, associate[85] not with[84] those, who have their own[86] self-interest[87].

ਨਾਨਕ ਉਨ੍ਹਾਂ ਨਾਲ[84] ਉਠਕ ਬੈਠਕ[85] ਨਾ ਰੱਖ, ਜਿਨ੍ਹਾਂ ਦਾ ਕੋਈ ਆਪਣਾ ਜ਼ਾਤੀ[86] ਮਤਲਬ[87] ਹੈ ।

ਪਉੜੀ ॥

Pauri.

ਪਉੜੀ ।

ਸਾ[88] ਵੇਲਾ[89] ਪਰਵਾਣੁ[90] ਜਿਤੁ ਸਤਿਗੁਰੁ ਭੇਟਿਆ[91] ॥

That[88] time[89] is approved[90], when one meets[91] the True Guru.

ਉਹ[88] ਸਮਾਂ[89] ਕਬੂਲ[90] ਪੈ ਜਾਂਦਾ ਹੈ, ਜਦ ਇਨਸਾਨ ਸੱਚੇ ਗੁਰਾਂ ਨੂੰ ਮਿਲ ਪੈਂਦਾ[91] ਹੈ ।

ਹੋਆ ਸਾਧੂ ਸੰਗੁ[92] ਫਿਰਿ[93] ਦੂਖ[94] ਨ ਤੇਟਿਆ[95] ॥

If man joins the society of saints[92], he, then[93], falls not in the clutches[95] of pain[94].

ਜੇਕਰ ਬੰਦਾ ਸਤਿ ਸੰਗਤ[92] ਨਾਲ ਜੁੜ ਜਾਵੇ, ਤਦ[93] ਉਹ ਦੁੱਖ ਦਰਦ[94] ਦੇ ਟੇਟੇ[95] ਨਹੀਂ ਚੜ੍ਹਦਾ ।

ਪਾਇਆ ਨਿਹਚਲੁ[96] ਥਾਨੁ[97] ਫਿਰਿ[98] ਗਰਭਿ[99] ਨ ਲੇਟਿਆ[100] ॥

If one attains to the eternal[96] abode[97], he enters[100] not the womb[99], again[98].

ਜੇਕਰ ਇਨਸਾਨ ਅਮਰ[96] ਅਸਥਾਨ[97] ਨੂੰ ਪਾ ਲਵੇ, ਉਹ ਮੁੜ ਕੇ[98] ਮਾਤਾ ਦੇ ਪੇਟ[99] ਵਿੱਚ ਨਹੀਂ ਪੈਂਦਾ[100] ।

ਨਦਰੀ[2] ਆਇਆ ਇਕੁ[3] ਸਗਲ[4] ਬ੍ਰਹਮੇਟਿਆ[5] ॥

He sees[2] the unique[3] Lord[5] everywhere[4].

ਉਹ ਅਦੁਤੀ[3] ਸੁਆਮੀ[5] ਨੂੰ ਹੀ ਸਾਰੀ ਥਾਈਂ[4] ਵੇਖਦਾ[2] ਹੈ ।

ਤਤੁ[6] ਗਿਆਨੁ[7] ਲਾਇ[8] ਧਿਆਨੁ[9] ਦ੍ਰਿਸਟਿ[10] ਸਮੇਟਿਆ[12] ॥

Withdrawing[12] from other sights[10] he fixed[8] his attention[9] on the real[6] gnosis[7].

ਹੋਰਨਾਂ ਨਜ਼ਾਰਿਆਂ[10] ਤੋਂ ਪਿੱਛੇ ਹੱਟ ਕੇ[12], ਉਹ ਆਪਣੀ ਬਿਰਤੀ[9] ਯਥਾਰਥ[6] ਬ੍ਰਹਿਮ-ਬੋਧ[7] ਨਾਲ ਜੋੜਦਾ[8] ਹੈ ।

ਸਭੁ[13] ਜਪੀਐ[14] ਜਾਪੁ[15] ਜਿ[16] ਮੁਖਹੁ[17] ਬੋਲੇਟਿਆ[18] ॥

All[13] the recitations[15] are recited[14] by him, who[16] with his mouth[17] utters[18] the Lord's Name.

ਸਾਰੇ[13] ਪਾਠ[15] ਉਸ ਨੇ ਪੜ੍ਹ[14] ਲਏ ਹਨ, ਜੋ[16] ਆਪਣੇ ਮੂੰਹ[17] ਨਾਲ ਸੁਆਮੀ ਦੇ ਨਾਮ ਦਾ ਉਚਾਰਨ ਕਰਦਾ[18] ਹੈ ।

ਹੁਕਮੇ[19] ਬੂਝਿ[20] ਨਿਹਾਲੁ[21] ਸੁਖਿ[22] [23]ਸੁਖੇਟਿਆ[24] ॥

Knowing[20] God's will[19], man becomes happy[21] and is filled[24] with ease[22] and peace[23].

ਵਾਹਿਗੁਰੂ ਦੀ ਰਜ਼ਾ[19] ਨੂੰ ਸਮਝ ਕੇ[20], ਆਦਮੀ ਪ੍ਰਸੰਨ[21] ਹੋ ਜਾਂਦਾ ਹੈ ਅਤੇ ਆਰਾਮ[22] ਤੇ ਠੰਢ-ਚੈਨ[23] ਨਾਲ ਪਰੀਪੂਰਨ ਥੀ ਵੰਞਦਾ[24] ਹੈ ।

ਪਰਖਿ[25] ਖਜਾਨੈ[26] ਪਾਏ[27] ਸੇ[28] ਬਹੁੜਿ[29] ਨ ਖੋਟਿਆ[30]॥ ੧੦॥

They[28] who are assayed[25] and consigned[27] to the treasury[26] are not declared counterfeit[30], again[29].

ਜੋ ਜਾਂਚ-ਪੜਤਾਲ[25] ਕਰਕੇ ਭੰਡਾਰੇ[26] ਵਿਚ ਪਾ ਦਿੱਤੇ[27] ਜਾਂਦੇ ਹਨ, ਉਹ[28] ਮੁੜ ਕੇ[29] ਖੋਟੇ ਸਿੱਕੇ[30] ਕਰਾਰ ਨਹੀਂ ਦਿੱਤੇ ਜਾਂਦੇ ।

ਸਲੋਕੁ ਮਹਲਾ ੫ ॥
ਵਿਛੋਹੇ[31] ਜੰਬੂਰ[32] ਖਵੇ[33] ਨ ਵੰਞਨਿ ਗਾਖੜੇ[34] ॥ ਜੇ[35] ਸੋ[36] ਧਣੀ[37] ਮਿਲੰਨਿ[40] ਨਾਨਕ ਸੁਖ[38] ਸੰਬੂਹ[39] ਸਚੁ ॥੧॥

Slok 5th Guru.
The pincers[32] of separation[31] are hard[34] to bear[33]. If[35] He[36], the Master[37] meets[40] me, then, O Nanak, I attain all[39] the true comforts[38].

ਸਲੋਕ ਪੰਜਵੀਂ ਪਾਤਸ਼ਾਹੀ ।
ਵਿਛੋੜੇ[31] ਦੇ ਮੋਚਣੇ[32] ਸਹਾਰਨੇ[33] ਮੁਸ਼ਕਲ[34] ਹਨ । ਜੇਕਰ[35] ਉਹ[36] ਮਾਲਕ[37] ਮੈਨੂੰ ਮਿਲ ਪਵੇ[40], ਤਦ, ਹੇ ਨਾਨਕ ! ਮੈਂ ਸਾਰੇ[39] ਸੱਚੇ ਆਰਾਮ[38] ਨੂੰ ਪ੍ਰਾਪਤ ਹੋ ਜਾਂਦਾ ਹਾਂ ।

੫੨੧

ਮਹਲਾ ੫ ॥
ਜਿਮੀ[41] ਵਸੰਦੀ[42] ਪਾਣੀਐ[43] ਈਧਣੁ[44] ਰਖੈ[45] ਭਾਹਿ[46] ॥ ਨਾਨਕ ਸੋ[47] ਸਹੁ[48] ਆਹਿ[49] ਜਾ ਕੈ ਆਢਲਿ[50] ਹਭੁ[51] ਕੋ ॥੨॥

5th Guru.
The earth[41] abides[42] in waters[43] and the fire[46] is confined[45] in the wood[44]. Nanak, long[49] for that[47] Spouse[48], who is the prop[50] of all[51].

ਪੰਜਵੀਂ ਪਾਤਸ਼ਾਹੀ ।
ਧਰਤੀ[41], ਜਲਾਂ[43] ਅੰਦਰ ਵਸਦੀ[42] ਹੈ, ਅਤੇ ਅੱਗ[46] ਲੱਕੜ[44] ਅੰਦਰ ਬੰਨ੍ਹੀ ਹੋਈ[45] ਹੈ ।
ਨਾਨਕ ਉਸ[47] ਕੰਤ[48] ਦੀ ਤਾਂਘ[49] ਕਰ ਜੋ ਸਾਰਿਆਂ[51] ਦਾ ਆਸਰਾ[50] ਹੈ ।

ਪਉੜੀ ॥
ਤੇਰੇ ਕੀਤੇ ਕੰਮ[52] ਤੁਧੈ ਹੀ ਗੋਚਰੇ[53] ॥
ਸੋਈ[54] ਵਰਤੈ[55] ਜਗਿ[56] ਜਿ[57] ਕੀਆ[59] ਤੁਧੁ[60] ਧੁਰੇ[58] ॥
ਬਿਸਮੁ[59*] ਭਏ ਬਿਸਮਾਦ[60*] ਦੇਖਿ ਕੁਦਰਤਿ[61] ਤੇਰੀਆ ॥
ਸਰਣਿ[62] ਪਰੇ[63] ਤੇਰੀ ਦਾਸ[64] ਕਰਿ[65] ਗਤਿ[66] ਹੋਇ ਮੇਰੀਆ ॥
ਤੇਰੈ ਹਥਿ[67] ਨਿਧਾਨੁ[68] ਭਾਵੈ[69] ਤਿਸੁ[70] ਦੇਹਿ[71] ॥

Pauri.
All the works[52] done by Thee, O Lord, are dependant[53] on Thee alone. That[54] alone happens[55] in the world[56], which[57] Thou[60] O Master[58] hast done[59].
I am wonder struck[59*] by beholding Thy astounding[60*] omnipotence[61].
I, Thy slave[64], have sought[63] Thy refuge[62]. If Thou showest[65] mercy, then I shall be emancipated[66].
The treasure[68] is in Thine hands[67] and Thou givest[71] it to him[70], whom Thou likest[69].

ਪਉੜੀ ।
ਤੈਂਡੇ ਕੀਤੇ ਹੋਏ ਕਾਰਜ[52] ਤੇਰੇ ਤੇ ਹੀ ਨਿਰਭਰ[53] ਹਨ, ਹੇ ਸੁਆਮੀ !
ਉਹੀ[54] ਕੁੱਛ ਸੰਸਾਰ[56] ਅੰਦਰ ਹੁੰਦਾ[55] ਹੈ, ਜੋ[57] ਤੂੰ[60], ਹੇ ਮਾਲਕ[58] ! ਕੀਤਾ[59] ਹੈ ।
ਮੈਂ ਤੇਰੀ ਅਸਚਰਜ[60*] ਅਪਾਰ-ਸ਼ਕਤੀ[61] ਨੂੰ ਵੇਖ ਕੇ ਹੈਰਾਨ[59*] ਹੋ ਗਿਆ ਹਾਂ ।
ਮੈਂ, ਤੇਰੇ ਗੋਲੇ[64] ਨੇ, ਤੇਰੀ ਪਨਾਹ[62] ਲਈ[63] ਹੈ । ਜੇ ਤੂੰ ਮਿਹਰ ਕਰੇਂ[65], ਮੈਨੂੰ ਮੋਖ਼ਸ਼[66] ਮਿਲ ਜਾਊਗੀ ।
ਤੈਂਡੇ ਹੱਥਾਂ[67] ਵਿਚ ਖ਼ਜ਼ਾਨਾ[68] ਹੈ । ਇਹ ਤੂੰ ਉਸ ਨੂੰ[70] ਦਿੰਦਾ[71] ਹੈਂ, ਜਿਸ ਨੂੰ ਤੂੰ ਚਾਹੁੰਦਾ[69] ਹੈਂ ।

ਜਿਸ ਨੋ ਹੋਇ ਦਇਆਲੁ[72] ਹਰਿਨਾਮੁ ਸੇਇ[73] ਲੇਹਿ[74] ॥
ਅਗਮ[75] ਅਗੋਚਰ[76] ਬੇਅੰਤ[77] ਅੰਤੁ[78] ਨ ਪਾਈਐ[79] ॥

He[73], on whom Thou art marciful[72], O God, is blessed[74] with Thy Name.
Unapproachable[75], Unperceivable[76] and Unlimitable[77] art Thou O Lord. Thy limit[78] cannot be known[79].

ਜਿਸ ਉੱਤੇ ਤੂੰ ਮਿਹਰਬਾਨ[72] ਹੈਂ, ਹੇ ਵਾਹਿਗੁਰੂ ! ਤੇਰੇ ਨਾਮ ਦੀ ਦਾਤ ਉਸ[73] ਨੂੰ ਪ੍ਰਾਪਤ[74] ਹੁੰਦੀ ਹੈ ।
ਪਹੁੰਚ ਤੋਂ ਪਰੇ[75], ਅਗਾਧ[76] ਅਤੇ ਅਨੰਤ[77] ਹੈਂ ਤੂੰ, ਹੇ ਸੁਆਮੀ ! ਤੇਰਾ ਓੜਕ[78] ਪਾਇਆ[79] ਨਹੀਂ ਜਾ ਸਕਦਾ ।

ਜਿਸ ਨੋ ਹੋਹਿ ਕ੍ਰਿਪਾਲੁ[80] ਸੁ[81] ਨਾਮੁ ਧਿਆਈਐ[82] ॥ ੧੧॥

He[81] alone meditates[82] on Thy Name, unto whom Thou art compassionate[80].

ਕੇਵਲ ਉਹੀ[81] ਤੇਰੇ ਨਾਮ ਦਾ ਆਰਾਧਨ ਕਰਦਾ[82] ਹੈ, ਜਿਸ ਉੱਤੇ ਤੂੰ ਦਇਆਵਾਨ[80] ਹੈਂ ।

ਸਲੋਕ ਮਹਲਾ ੫ ॥	Slok 5th Guru.	ਸਲੋਕ ਪੰਜਵੀਂ ਪਾਤਸ਼ਾਹੀ ।
ਕੜਛੀਆ[83] ਫਿਰੰਨਿ[84] ਸੁਆਉ[85] ਨ ਜਾਣਨ੍ਹਿ ਸੂਵੀਆ[86] ॥	The ladles[83] cruise[84] through the food, but know not the relish[85] and remain without[86] it.	ਡੋਈਆਂ[83] ਖਾਣੇ ਵਿਚ ਫਿਰਦੀਆਂ[84] ਹਨ, ਪਰ ਉਹ ਸੁਆਦ[85] ਨੂੰ ਨਹੀਂ ਜਾਣਦੀਆਂ ਅਤੇ ਇਸ ਤੋਂ ਖ਼ਾਲੀ[86] ਰਹਿੰਦੀਆਂ ਹਨ ।
ਸੇਈ[87] ਮੁਖ[88] ਦਿਸੰਨਿ[89] ਨਾਨਕ ਰਤੇ[90] ਪ੍ਰੇਮ[91] ਰਸਿ[92]॥ ੧॥	Nanak longs to see[89] the faces[88] of those[87], who are imbued[90] with the relish[92] of Lord's love[91].	ਨਾਨਕ ਉਨ੍ਹਾਂ[87] ਦਿਆਂ ਚਿਹਰਿਆਂ[88] ਨੂੰ ਵੇਖਣ[89] ਦੀ ਤਾਂਘ ਕਰਦਾ ਹੈ, ਜੋ ਪ੍ਰਭੂ ਦੀ ਪ੍ਰੀਤੀ[91] ਦੇ ਸੁਆਦ[92] ਨਾਲ ਰੰਗੀਜੇ[90] ਹਨ ।
ਮਹਲਾ ੫ ॥	5th Guru.	ਪੰਜਵੀਂ ਪਾਤਸ਼ਾਹੀ ।
ਖੋਜੀ[93] ਲਧਮੁ[94] ਖੋਜੁ[95] ਛਡੀਆ ਉਜਾੜਿ[96] ॥	Through the Guru, tracker[93], I have found[94] the tracks[95] of those, who had destroyed[96] my crop.	ਗੁਰੂ ਪੈੜੂ[93], ਦੀ ਰਾਹੀਂ ਮੈਂ ਉਨ੍ਹਾਂ ਦੀ ਪੈੜ[95] ਲੱਭ ਲਈ[94] ਹੈ, ਜਿਨ੍ਹਾਂ ਨੇ ਮੇਰੀ ਫ਼ਸਲ ਬਰਬਾਦ ਕਰ ਛੱਡੀ[96] ਸੀ ।
ਤੈ[97] ਸਹਿ[98] ਦਿਤੀ[99] ਵਾੜਿ[100] ਨਾਨਕ ਖੇਤੁ[2] ਨ ਛਿਜਈ[3] ॥੨॥	Thou[97], O Spouse[98], hast put[99] a fence[100] and the field[2] shall no longer be laid waste[3], O Nanak.	ਤੂੰ[97] ਹੇ ਕੰਤ[98] ! ਵਾੜ[100] ਕਰ ਦਿੱਤੀ[99] ਹੈ ਅਤੇ ਪੈਲੀ[2] ਅਗਾਹਾਂ[1] ਨੂੰ ਤਬਾਹ[3] ਨਹੀਂ ਹੋਵੇਗੀ, ਹੇ ਨਾਨਕ !
ਪਉੜੀ ॥	Pauri.	ਪਉੜੀ ।
ਆਰਾਧਿਹੁ[4] ਸਚਾ[5] ਸੋਇ[6] ਸਭੁ[7] ਕਿਛੁ ਜਿਸੁ ਪਾਸਿ[8] ॥	Contemplate[4] thou on that[6] True Lord[5], who has everything[7] with[8] Him.	ਤੂੰ ਉਸ[6] ਸੱਚੇ ਸੁਆਮੀ[5] ਦਾ ਸਿਮਰਨ[4] ਕਰ, ਜੀਹਦੇ ਕੋਲ[8] ਸਭ ਕੁਝ[7] ਹੈ ।
ਦੁਹਾ[9] ਸਿਰਿਆ[10] ਖਸਮੁ[12] ਆਪਿ[13] ਖਿਨ[14] ਮਹਿ[15] ਕਰੇ ਰਾਸਿ[16] ॥	Of both[9] the ends[10]. He Himself[13] is the Master[12] and in[15] an instant[14], He adjusts[16] the affairs.	ਦੋਨਾਂ[9] ਹੀ ਕਿਨਾਰਿਆਂ[10] ਦਾ ਉਹ ਖ਼ੁਦ[13] ਮਾਲਕ[12] ਹੈ । ਇਕ ਮੁਹਤ[14] ਵਿੱਚ[15] ਉਹ ਕਾਰਜ ਠੀਕ[16] ਕਰ ਦਿੰਦਾ ਹੈ ।
ਤਿਆਗਹੁ[17] ਸਗਲ[18] ਉਪਾਵ[19] ਤਿਸ[20] ਕੀ ਓਟ[21] ਗਹੁ[22] ॥	Abandon[17] thou all[18] the efforts[19] and holdfast[22] to His[20] protection[21].	ਤੂੰ ਸਾਰੇ[18] ਉਪਰਾਲੇ[19] ਛੱਡ[17] ਦੇ ਅਤੇ ਉਸ ਦੀ[20] ਪਨਾਹ[21] ਨੂੰ ਘੁਟ ਕੇ ਫੜੀ ਰੱਖ[22] ।
ਪਉ ਸਰਣਾਈ[23] ਭਜਿ[24] ਸੁਖੀ ਹੂੰ ਸੁਖ[25] ਲਹੁ[26] ॥	Hasten[24] thou to His sanctuary[23] and obtain[26] the comfort of all the comforts[25].	ਤੂੰ ਉਸ ਦੀ ਸ਼ਰਣਾਗਤ[23] ਅੰਦਰ ਨੱਸ ਕੇ[24] ਚਲਾ ਜਾ ਅਤੇ ਸਾਰਿਆਂ ਆਰਾਮਾਂ ਦੇ ਆਰਾਮ[25] ਨੂੰ ਪ੍ਰਾਪਤ[26] ਹੋ ।
ਕਰਮ[27] ਧਰਮ[28] ਤਤੁ[29] ਗਿਆਨੁ[30] ਸੰਤਾ[31] ਸੰਗੁ ਹੋਇ[32] ॥	The meritorious deeds[27], faith[28] and real[29] gnosis[30], are obtained[32] in the saints' society[31].	ਸ਼ੁਭ ਅਮਲ[27], ਈਮਾਨ[28] ਅਤੇ ਯਥਾਰਥ[29] ਬ੍ਰਹਿਮ-ਬੋਧ[30] ਸਤਿ ਸੰਗਤ[31] ਅੰਦਰ ਪ੍ਰਾਪਤ ਹੁੰਦੇ[32] ਹਨ ।
ਜਪੀਐ[33] ਅੰਮ੍ਰਿਤ[34] ਨਾਮੁ ਬਿਘਨੁ[35] ਨ ਲਗੈ[36] ਕੋਇ ॥	Dwelling[33] on the ambrosial[34] Name, no obstacle[35] befalls[36] the mortal.	ਸੁਧਾ ਸਰੂਪ[34] ਨਾਮ ਦਾ ਆਰਾਧਨ[33] ਕਰਨ ਦੁਆਰਾ ਪ੍ਰਾਨੀ ਨੂੰ ਕੋਈ ਔਕੜ[35] ਪੇਸ਼[36] ਨਹੀਂ ਆਉਂਦੀ ।
ਜਿਸ ਨੋ ਆਪਿ[37] ਦਇਆਲੁ[38] ਤਿਸੁ[39] ਮਨਿ[40] ਵੂਠਿਆ[41] ॥	He, unto whom the Lord Himself[37] is kind[38], in his[39] mind[40] He abides[41].	ਜਿਸ ਉਤੇ ਮਾਲਕ ਖ਼ੁਦ[37] ਮਿਹਰਬਾਨ[38] ਹੈ; ਉਸ ਦੇ[39] ਚਿੱਤ[40] ਅੰਦਰ ਉਹ ਵਸਦਾ[41] ਹੈ ।

ਪਾਈਅਨ੍ਹਿ[42] ਸਭਿ ਨਿਧਾਨ[44] ਸਾਹਿਬਿ ਤੁਠਿਆ[45] ॥੧੨॥	Through the Lord's pleasure[45], all the treasures[44] are obtained[42].	ਪ੍ਰਭੂ ਦੀ ਪ੍ਰਸੰਨਤਾ[45] ਰਾਹੀਂ ਸਾਰੇ ਖ਼ਜ਼ਾਨੇ[44] ਪ੍ਰਾਪਤ[42] ਹੋ ਜਾਂਦੇ ਹਨ ।
ਸਲੋਕ ਮਹਲਾ ੫ ॥	Slok 5th Guru.	ਸਲੋਕ ਪੰਜਵੀਂ ਪਾਤਸ਼ਾਹੀ ।
ਲਧਮੁ[46] ਲਭਣਹਾਰੁ[47] ਕਰਮੁ[48] ਕਰੰਦੋ[49] ਮਾ[50] ਪਿਰੀ[51] ॥	My[50] Beloved[51] took[49] pity[48] on me and I have found[46] my Find[47].	ਮੇਰੇ[50] ਪ੍ਰੀਤਮ[51] ਨੇ ਮੇਰੇ ਤੇ ਤਰਸ[48] ਕੀਤਾ[49] ਹੈ ਅਤੇ ਮੈਂ ਲੱਭਣ-ਯੋਗ[47] (ਵਾਹਿਗੁਰੂ) ਨੂੰ ਲੱਭ ਲਿਆ[46] ਹੈ ।
ਇਕੋ[52] ਸਿਰਜਣਹਾਰੁ[53] ਨਾਨਕ ਬਿਆ[54] ਨ ਪਸੀਐ[55] ॥੧॥	God alone[52] is the Creator[53]. I see[55] not another[54], O Nanak:	ਕੇਵਲ[52] ਵਾਹਿਗੁਰੂ ਹੀ ਰਚਨਹਾਰ[53] ਹੈ । ਮੈਨੂੰ ਹੋਰ ਕੋਈ[54] ਨਿਗ੍ਹਾ[55] ਨਹੀਂ ਪੈਂਦਾ, ਹੇ ਨਾਨਕ !
ਮਹਲਾ ੫ ॥	5th Guru.	ਪੰਜਵੀਂ ਪਾਤਸ਼ਾਹੀ ।
ਪਾਪੜਿਆ[56] ਪਛਾੜਿ[57] ਬਾਣੁ[58] ਸਚਾਵਾ[59] ਸੰਨ੍ਹਿ[60] ਕੈ ॥	Taking aim[60] with the arrow[58] of truth[59], bring down[57] the sin[56].	ਸੱਚ[59] ਦਾ ਤੀਰ[58] ਸਿੰਨ੍ਹ ਕੇ[60] ਪਾਪ[56] ਨੂੰ ਢਾਹ ਸੁੱਟ[57] ।
ਗੁਰ ਮੰਤ੍ਰੁੜਾ[61] ਚਿਤਾਰਿ[62] ਨਾਨਕ ਦੁਖੁ[63] ਨ ਥੀਵਈ[64]॥ ੨॥	Remember[62] thou the Guru's utterances[61], O Nanak and no sorrow[63] shall befall[64] thee.	ਤੂੰ ਗੁਰਾਂ ਦੇ ਉਪਦੇਸ਼[61] ਨੂੰ ਯਾਦ ਰੱਖ[62], ਹੇ ਨਾਨਕ ! ਅਤੇ ਤੈਨੂੰ ਕੋਈ ਖੇਦ[63] ਨਹੀਂ ਵਿਆਪੇਗਾ[64] ।
ਪਉੜੀ ॥	Pauri	ਪਉੜੀ ।
